
# ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ

## ਰਚਨਾਵਲੀ-ਭਾਗ ਸੌਲ੍ਹਵਾਂ




ਸੰਪਾਦਕ ਅਤੇ ਪ੍ਰਕਾਸ਼ਕ

**ਪ੍ਰੀਤਮ ਸਿੰਘ ਐਮ. ਏ.**

# ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ – ਭਾਗ ਸੋਲ੍ਹਵਾਂ

# Panth Rattan Bhai Ditt Singh Gyani Rachnavali - Bhag Solvan

© ਸੰਪਾਦਕ ਅਤੇ ਪ੍ਰਕਾਸ਼ਕ :

**ਪ੍ਰੀਤਮ ਸਿੰਘ ਐਮ.ਏ.**
(ਅਰਥ ਸ਼ਾਸਤਰ ਅਤੇ ਲੋਕ ਪ੍ਰਸ਼ਾਸਨ)
ਜੌਇੰਟ ਡਾਇਰੈਕਟਰ (ਰਿਟਾ:)

ਪਤਾ:-

ਮਕਾਨ ਨੰ: ੪੧੯, ਸੈਕਟਰ ੬੪,

ਐਸ.ਏ.ਐਸ. ਨਗਰ (ਮੋਹਾਲੀ)
ਜ਼ਿਲ੍ਹਾ : ਐਸ.ਏ.ਐਸ. ਨਗਰ (ਮੋਹਾਲੀ) (ਪੰਜਾਬ) -੧੬੦੦੬੨
ਫੋਨ : ੦੧੭੨-੨੨੧੨੦੨੦
ਮੋਬਾਈਲ : ੦੯੪੧੭੪੬੧੬੨੫

ਪਹਿਲੀ ਵਾਰ : ੫੦੦ ਕਾਪੀ

ਸੰਨ : ਦਸੰਬਰ, ੨੦੧੧ ਈ:

ਕੀਮਤ : ਮੁਫ਼ਤ ਫੰਡ

ਛਾਪਕ : ਮੈਜਿਸਟਿਕ ਪ੍ਰਿੰਟਿੰਗ ਪ੍ਰੈਸ
ਫੇਜ 7 ਮੋਹਾਲੀ

# ਲੇਖਕ ਪ੍ਰੀਤਮ ਸਿੰਘ ਐਮ. ਏ. ਦੀਆਂ ਰਚਨਾਵਾਂ

| | | | |
|---|---|---|---|
| ੧. | ਸੱਚੋ ਸੱਚ ਸੁਣੋ ਦੇਖੋ ਬੋਲੋ | (ਲੇਖਕ ਅਤੇ ਪ੍ਰਕਾਸ਼ਕ) | (ਨਵੰਬਰ, ੨੦੦੦ ਈ:) |
| ੨. | ਦਲਿਤ ਰਤਨਾਂ ਦੀ ਮਾਲਾ | (ਲੇਖਕ ਅਤੇ ਪ੍ਰਕਾਸ਼ਕ) | (ਫ਼ਰਵਰੀ, ੨੦੦੨ ਈ:) |
| ੩. | ਦਲਿਤ ਸਿੱਖ ਪੰਥ ਦੇ ਰਾਖੇ | (ਲੇਖਕ ਅਤੇ ਪ੍ਰਕਾਸ਼ਕ) | (ਜਨਵਰੀ, ੨੦੦੩ ਈ:) |
| ੪. | ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੀ ਰਚਨਾ- ਪੈਂਤੀ ਅੱਖਰ | (ਸੰਪਾਦਕ ਤੇ ਪ੍ਰਕਾਸ਼ਕ) | (ਸਤੰਬਰ, ੨੦੦੩ ਈ:) |
| ੫. | ਅਣਖੀ ਦਲਿਤ ਰਤਨ | (ਲੇਖਕ ਅਤੇ ਪ੍ਰਕਾਸ਼ਕ) | (ਜਨਵਰੀ, ੨੦੦੪ ਈ:) |
| ੬. | ਸੌ ਸਵਾਲ-ਜਵਾਬ | (ਲੇਖਕ ਅਤੇ ਪ੍ਰਕਾਸ਼ਕ) | (ਜੁਲਾਈ, ੨੦੦੪ ਈ:) |
| ੭. | ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ-ਭਾਗ ਪਹਿਲਾ | (ਸੰਪਾਦਕ ਅਤੇ ਪ੍ਰਕਾਸ਼ਕ) | (ਜਨਵਰੀ, ੨੦੦੫ ਈ:) |
| ੮. | ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ-ਭਾਗ ਦੂਜਾ | (ਸੰਪਾਦਕ ਅਤੇ ਪ੍ਰਕਾਸ਼ਕ) | (ਜੁਲਾਈ, ੨੦੦੫ ਈ:) |
| ੯. | ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ ਭਾਗ ਤੀਜਾ | (ਸੰਪਾਦਕ ਅਤੇ ਪ੍ਰਕਾਸ਼ਕ) | (ਜਨਵਰੀ, ੨੦੦੬ ਈ:) |
| ੧੦. | ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ ਭਾਗ ਚੋਥਾ | (ਸੰਪਾਦਕ ਅਤੇ ਪ੍ਰਕਾਸ਼ਕ) | (ਅਪ੍ਰੈਲ, ੨੦੦੬ ਈ:) |
| ੧੧. | ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ ਭਾਗ ਪੰਜਵਾਂ | (ਸੰਪਾਦਕ ਅਤੇ ਪ੍ਰਕਾਸ਼ਕ) | (ਸਤੰਬਰ, ੨੦੦੬ ਈ:) |
| ੧੨. | ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ ਭਾਗ ਛੇਵਾਂ | (ਸੰਪਾਦਕ ਅਤੇ ਪ੍ਰਕਾਸ਼ਕ) | (ਜਨਵਰੀ, ੨੦੦੭ ਈ:) |
| ੧੩. | ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ ਭਾਗ ਸੱਤਵਾਂ | (ਸੰਪਾਦਕ ਅਤੇ ਪ੍ਰਕਾਸ਼ਕ) | (ਅਪ੍ਰੈਲ, ੨੦੦੭ ਈ:) |
| ੧੪. | ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ ਭਾਗ ਅਠੱਵਾਂ | (ਸੰਪਾਦਕ ਅਤੇ ਪ੍ਰਕਾਸ਼ਕ) | (ਸਤੰਬਰ, ੨੦੦੭ ਈ:) |

# ਲੇਖਕ ਪ੍ਰੀਤਮ ਸਿੰਘ ਐਮ. ਏ. ਦੀਆਂ ਰਚਨਾਵਾਂ

੧੫. ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ (ਸੰਪਾਦਕ ਅਤੇ ਪ੍ਰਕਾਸ਼ਕ) (ਮਾਰਚ, ੨੦੦੮ ਈ:)
ਰਚਨਾਵਲੀ ਭਾਗ ਨੌਂਵਾਂ

੧੬. ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ (ਸੰਪਾਦਕ ਅਤੇ ਪ੍ਰਕਾਸ਼ਕ) (ਜੁਲਾਈ, ੨੦੦੮ ਈ:)
ਰਚਨਾਵਲੀ ਭਾਗ ਦਸਵਾਂ

੧੭. ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ (ਲੇਖਕ ਅਤੇ ਪ੍ਰਕਾਸ਼ਕ) (ਅਕਤੂਬਰ, ੨੦੦੮ ਈ:)
ਰਚਨਾਵਲੀ ਭਾਗ ਗਿਆਰ੍ਹਵਾਂ

੧੮. ਪੰਜ ਨਾਦ (ਲੇਖਕ ਅਤੇ ਪ੍ਰਕਾਸ਼ਕ) (ਅਪ੍ਰੈਲ, ੨੦੦੯ ਈ:)

੧੯. ਅਨਮੋਲ ਸ਼ਬਦ (ਲੇਖਕ ਅਤੇ ਪ੍ਰਕਾਸ਼ਕ) (ਅਕਤੂਬਰ, ੨੦੦੯ ਈ:)

੨੦. ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ (ਸੰਪਾਦਕ ਅਤੇ ਪ੍ਰਕਾਸ਼ਕ) (ਮਈ, ੨੦੧੦ ਈ:)
ਰਚਨਾਵਲੀ ਭਾਗ ਬਾਰ੍ਹਵਾਂ

੨੧. ਖੱਟੇ ਮਿੱਠੇ ਅਨੁਭਵ (ਲੇਖਕ ਅਤੇ ਪ੍ਰਕਾਸ਼ਕ) (ਅਕਤੂਬਰ, ੨੦੧੦ ਈ:)

੨੨. ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ (ਸੰਪਾਦਕ ਅਤੇ ਪ੍ਰਕਾਸ਼ਕ) (ਦਸੰਬਰ, ੨੦੧੦ ਈ:)
ਰਚਨਾਵਲੀ ਭਾਗ ਤੇਰ੍ਹਵਾਂ

੨੩ ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ (ਸੰਪਾਦਕ ਅਤੇ ਪ੍ਰਕਾਸ਼ਕ) (ਅਪ੍ਰੈਲ, ੨੦੧੧ ਈ)
ਰਚਨਾਵਲੀ ਭਾਗ ਚੌਧ੍ਹਵਾਂ

੨੪ ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ (ਸੰਪਾਦਕ ਅਤੇ ਪ੍ਰਕਾਸ਼ਕ) (ਸਤੰਬਰ, ੨੦੧੧ ਈ)
ਰਚਨਾਵਲੀ ਭਾਗ ਪੰਦਰ੍ਹਵਾਂ

੨੫ ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ (ਸੰਪਾਦਕ ਅਤੇ ਪ੍ਰਕਾਸ਼ਕ) (ਦਸੰਬਰ, ੨੦੧੧ ਈ)
ਰਚਨਾਵਲੀ ਭਾਗ ਸੋਲ੍ਹਵਾਂ

੨੬. ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਲੇਖਕ ਅਤੇ ਪ੍ਰਕਾਸ਼ਕ (ਜਨਵਰੀ ੨੦੧੨ ਈ:)
ਜੀਵਨ ਅਤੇ ਪੰਥ ਨੂੰ ਸਾਹਿਤਕ ਦੇਣ

੨੭. ਗਿਆਨ ਸਾਗਰ ਲੇਖਕ ਅਤੇ ਪ੍ਰਕਾਸ਼ਕ (ਅਪ੍ਰੈਲ ੨੦੧੨ ਈ:)

੨੮. ਗਿਆਨੀ ਪ੍ਰਕਾਸ਼ ਲੇਖਕ ਅਤੇ ਪ੍ਰਕਾਸ਼ਕ (ਛਪਾਈ ਅਧੀਨ)

੨੯. ਸਿਕਰੇਟਸ ਆਫ ਸਕਸੈਸ ਲੇਖਕ ਅਤੇ ਪ੍ਰਕਾਸ਼ਕ (ਛਪਾਈ ਅਧੀਨ)

੩੦. ਚਾਣਕਯ ਨੀਤੀ ਸਾਰ ਲੇਖਕ ਅਤੇ ਪ੍ਰਕਾਸ਼ਕ (ਤਿਆਰੀ ਅਧੀਨ)

*(ਉਕਤ ਸਮੂਹ ਪੁਸਤਕਾਂ ਦੀ ਵੰਡ ਮੁਫ਼ਤ)*

# ਸਮਰਪਨ

ਪੱਚੀਵੀਂ ਪੁਸਤਕ

'ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ ਭਾਗ ਸੋਲ੍ਹਵਾਂ' ਸਮੁੱਚੇ ਦਲਿਤ ਸਮਾਜ, ਜੋ ਅਜ਼ਾਦੀ ਤੋਂ ਬਾਅਦ ਸਮਾਜਕ ਅਤੇ ਆਰਥਕ ਅਜ਼ਾਦੀ ਲਈ ਜੂਝ ਰਿਹਾ ਹੈ,

ਨੂੰ ਸਮਰਪਨ।

# ਵਿਸ਼ੈ -ਸੂਚੀ

# ਮੁੱਢਲੇ ਸ਼ਬਦ

ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਜੀ ਵਲੋਂ ਉਨੀਵੀਂ ਸਦੀ ਵਿੱਚ ਰਚੇ ਆਧੁਨਿਕ ਪੰਜਾਬੀ ਸਾਹਿਤ ਦੇ ਪੁਨਰ-ਛਾਪ ਯੱਗ ਨੂੰ ੨੦੦੩ ਈ: ਵਿੱਚ ਅਰੰਭ ਕਰਨ ਦੇ ਸੰਕਲਪ ਨੂੰ ੨੦੧੧ ਈ: ਭਾਵ ਨੌਂ ਸਾਲਾਂ ਦੇ ਲੰਮੇ ਸਮੇਂ ਵਿੱਚ ਸੰਪੰਨ ਕਰਨ ਦੇ ਉੱਦਮ ਵਿੱਚ ਕਈ ਔਕੜਾਂ ਆਉਂਣ ਦੇ ਬਾਵਜੂਦ ਨਿਰੰਤਰ ਜਾਰੀ ਰੱਖਣਾ ਇੱਕ ਮਹਾਨ ਕਾਰਜ ਹੈ। ਪ੍ਰਮਾਤਮਾ ਦੀ ਅਪਾਰ ਕ੍ਰਿਪਾ ਸੱਦਕਾ 'ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ ਭਾਗ ਪਹਿਲਾ ਤੋਂ - ਸੋਲ੍ਹਵਾਂ' ਪ੍ਰਕਾਸ਼ਤ ਹੋਣ ਦਾ ਸਮਾਂ ਨਿਕਟ ਹੀ ਨਜ਼ਰ ਆ ਰਿਹਾ ਹੈ। ਜਦੋਂ ਇਸ ਰਚਨਾਵਲੀ ਲੜੀ ਦਾ ਭਾਗ ਪੰਦਰ੍ਹਵਾਂ ਸਤੰਬਰ, ੨੦੧੧ ਈ: ਵਿੱਚ ਛੱਪ ਰਿਹਾ ਹੈ ਤਾਂ ਮੈਨੂੰ ਉਮੀਦ ਹੋਈ ਕਿ ਨੌਂ ਸਾਲ ਪਹਿਲਾਂ ਉਲੀਕਿਆ ਪ੍ਰਾਜੈਕਟ ਸੰਪੂਰਣਤਾ ਦੇ ਨੇੜੇ ਪਹੁੰਚ ਗਿਆ ਹੈ ਅਤੇ ਆਸ ਬੱਝਦੀ ਹੈ ਕਿ ਇਸ ਰਚਨਾਵਲੀ ਦੀ ਲੜੀ ਦਾ ਅੰਤਮ ਭਾਗ ਸੋਲ੍ਹਵਾਂ ਦਸੰਬਰ, ੨੦੧੧ ਈ: ਵਿੱਚ ਆਮ ਲੋਕਾਂ ਦੇ ਹੱਥਾਂ ਵਿੱਚ ਜਰੂਰ ਹੀ ਪਹੁੰਚ ਜਾਵੇਗਾ। ਇਸ ਨਾਲ ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਜੀ ਵਲੋਂ ੧੮੭੦ ਤੋਂ ੧੯੦੧ ਈ: ਦੌਰਾਨ ਰਚਿਤ ੭੨ ਪੁਸਤਕਾਂ ਵਿਚੋਂ ੪੨ ਪੁਸਤਕਾਂ ਦੀਆਂ ਪੁਨਰ-ਛਾਪਾਂ ਪੂਰੇ ੧੧੦ ਸਾਲਾਂ ਬਾਅਦ ਇੱਕੀਵੀਂ ਸਦੀ ਵਿੱਚ ਮੁਫਤ ਆਮ ਲੋਕਾਂ ਦੀ ਸੇਵਾ ਵਿੱਚ ਉਪਲਬਧ ਹੋ ਜਾਣਗੀਆਂ। ਇਹ ਜੋਖਮ ਭਰਿਆ ਕੰਮ ਕਿਸੇ ਯੂਨੀਵਰਸ਼ਿਟੀ ਵਲੋਂ ਕੀਤਾ ਜਾਣਾ ਬਣਦਾ ਸੀ। ਪਰੰਤੂ ਜਦੋਂ ਕਿਸੇ ਵੀ ਯੂਨੀਵਰਸਿਟੀ ਨੇ ਪੂਰੀ ਇੱਕ ਸਦੀ ਵਿੱਚ ਇਸ ਮਹੱਤਵਪੂਰਣ ਪ੍ਰਾਜੈਕਟ ਨੂੰ ਹੱਥ ਵਿੱਚ ਨਹੀਂ ਲਿਆ ਤਾਂ ਦਲਿਤ ਲੇਖਕ ਪ੍ਰੀਤਮ ਸਿੰਘ ਐਮ.ਏ. ਨੇ ਇਸ ਮਹਾਨ ਪ੍ਰਾਜੈਕਟ ਨੂੰ ਆਪਣੀ ਪੈਨਸ਼ਨ ਵਿਚੋਂ ਬਿਨਾਂ ਕਿਸੇ ਦੀ ਮਾਇਕ ਸਹਾਇਤਾ ਤੋਂ ਹੱਥ ਵਿੱਚ ਲਿਆ ਅਤੇ ਦ੍ਰਿੜਤਾ ਨਾਲ ਇਸ ਰਚਨਾਵਲੀ ਦੇ ਸੋਲ੍ਹਾਂ ਭਾਗਾਂ ਨੂੰ ਛਾਪਣ ਉਪਰੰਤ ਮੁਫਤ ਵੰਡਣ ਦਾ ਕੰਮ ਅਰੰਭ ਕਰਕੇ ਦਸੰਬਰ ੨੦੧੧ ਈ: ਵਿੱਚ ਸੰਪੂਰਣ ਕਰਨ ਵਿੱਚ ਸਫ਼ਲ ਹੋਇਆ ਜਿਸ ਉਤੇ ਚਾਰ ਲੱਖ ਰੁ: ਖਰਚ ਆਏ ਹਨ। ਹੁਣ ਜਦੋਂ ਇਹ ਸਮਾਜ ਸੇਵਾ ਦਾ ਕੰਮ ਸੰਪੰਨ ਹੋਇਆ ਤਾਂ ਮੈਨੂੰ ਬੇਅੰਤ ਖੁਸ਼ੀ ਹੋਈ ਹੈ ਕਿ ਪ੍ਰਮਾਤਮਾ ਨੇ ਮੇਰੀ ਕੀਤੀ ਪ੍ਰਤਗਯਾ/ਬਚਨ ਨਿਭਾਉਣ ਵਿੱਚ ਅਥਾਹ ਮਦੱਦ ਕੀਤੀ ਹੈ। ਇਸ ਨਿਮਾਣੇ ਜਿਹੇ ਉਦੱਮ ਦਾ ਸਿੱਟਾ ਇਹ ਹੈ ਕਿ ਗਿਆਨੀ ਜੀ ਦੀਆਂ ਇੱਕ ਸਦੀ ਤੋਂ ਵੀ ਵੱਧ ਪੁਰਾਣੀਆਂ ਅਨਮੋਲ ਰਚਨਾਵਾਂ, ਜਿਨ੍ਹਾਂ ਨੂੰ ਅੱਜ ਤੱਕ ਅਣਗੌਲਿਆ ਕਰ ਛੱਡਿਆ ਸੀ, ਨੂੰ ਪੁਰਨ-ਛਾਪ ਰੂਪ ਵਿੱਚ ਮੁੜ ਇੱਕੀਵੀਂ ਸਦੀ ਦੌਰਾਨ ਆਮ ਲੋਕਾਂ ਤੱਕ

ਪੁਜੱਦਾ ਹੋ ਜਾਵੇਗਾ।

ਇਸ ਰਚਨਾਵਲੀ ਦੀ ਲੜੀ ਦੇ ਅੰਤਮ ਭਾਗ ਸੋਲ੍ਹਵਾਂ ਵਿੱਚ ਗਿਆਨੀ ਜੀ ਦੀਆਂ ਦੋ ਕ੍ਰਿਤਾਂ 'ਦੁਰਗਾ ਪ੍ਰਬੋਧ' ਅਤੇ 'ਛੂਤ-ਛਾਤ ਵਿਰੁਧ ਜਥੇਬੰਦ ਯਤਨ' ਸ਼ਾਮਲ ਕੀਤੀਆਂ ਹਨ। ਗਿਆਨੀ ਜੀ ਦੇ ਅੰਤਲੇ ਸਮੇਂ ਦੀ ਮਹਾਨ ਕ੍ਰਿਤ ਪੀ.ਐਚ.ਡੀ. ਪੱਧਰ ਦੀ ਹੈ। ਇਸ ਵਿੱਚ ਦੁਰਗਾ ਪੂਜਾ ਦਾ ਖੰਡਨ ਕੀਤਾ ਗਿਆ ਹੈ। ਇਸ ਵਿੱਚ ਵਿਸਥਾਰ ਨਾਲ ਸਪਸ਼ਟ ਕੀਤਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇਵੀ ਪੂਜਕ ਨਹੀਂ ਸਨ ਬਲਕਿ ਉਨ੍ਹਾਂ ਨੇ ਤਾਂ ਕੇਵਲ ਅਕਾਲ ਪੁਰਖ ਦੀ ਹੀ ਅਰਾਧਨਾ ਕੀਤੀ ਸੀ। ਪੰਡਤਾਂ ਦਾ ਵਿਸ਼ਵਾਸ ਸੀ ਕਿ ਜੇਕਰ ਦੇਵੀ ਪੂਜੀ ਜਾਵੇ ਤਾਂ ਦੇਵੀ ਪ੍ਰਗਟ ਹੋਕੇ ਵਰ ਦਿੰਦੀ ਹੈ ਜਿਸ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਡੇਢ ਸਾਲ ਪਹਿਲਾਂ ਅਨੰਦਪੁਰ ਸਾਹਿਬ ਵਿਖੇ ਫਿਰ ਇੱਕ ਸਾਲ ਨੈਣਾ ਦੇਵੀ ਦੇ ਮੰਦਰ ਵਾਲੇ ਸਥਾਨ ਉਤੇ ਦੇਵੀ ਪ੍ਰਗਟ ਹੋਣ ਦੇ ਭਰਮ ਤੋੜਨ ਲਈ ਪੰਡਤਾਂ ਪਾਸੋਂ ਵੱਡਾ ਯੱਗ ਕਰਵਾਇਆ ਸੀ। ਜਦੋਂ ਢਾਈ ਸਾਲਾਂ ਪਿਛੋਂ ਵੀ ਲੱਖਾਂ ਰੁਪਿਆਂ ਦੀ ਸਮੱਗਰੀ ਸਾੜਕੇ ਅਤੇ ਬਲੀਆਂ ਦੇਕੇ ਵੀ ਦੇਵੀ ਪ੍ਰਗਟ ਨਾ ਹੋਈ ਤਾਂ ਪੁਜਾਰੀ ਪੰਡਤ ਦੱਤਾਨੰਦ ਉਜੈਨ ਰਾਤ ਨੂੰ ਦੋੜ ਗਏ ਅਤੇ ਸਵੇਰੇ ਪਤਾ ਲੱਗਣ ਉਤੇ ਬੱਚਦੀ ਸਾਰੀ ਸਮੱਗਰੀ ਇਕੱਠੀ ਹੀ ਅਗਨੀ ਵਿੱਚ ਸੁਟਾ ਦਿੱਤੀ ਜਿਸ ਨਾਲ ਅਗਨੀ ਦੀਆਂ ਉਚੀਆਂ ੨ ਲਾਟਾਂ ਉਠੀਆਂ ਅਤੇ ਪੰਡਤਾਂ ਨੇ ਕਿਹਾ ਕਿ ਦੇਵੀ ਪ੍ਰਗਟ ਹੋ ਗਈ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਤੇਗ ਅਥਵਾ ਤਾਕਤ ਨੂੰ ਹੀ ਚੰਡੀ ਰੂਪ ਕਿਹਾ ਹੈ ਜੋ ਜ਼ੁਲਮ ਨੂੰ ਲੀਰੇ ਲੀਰ ਕਰ ਦਿੰਦੀ ਹੈ। ਮੌਜੂਦਾ ਨੈਣਾ ਦੇਵੀ ਦਾ ਮੰਦਰ ਤਾਂ ਇਸ ਘਟਨਾ (੧੬੯੮ ਈ:) ਤੋਂ ਵੀ ਪਹਿਲਾ ਛੇਵੇਂ ਪਾਤਸ਼ਾਹ ਸ੍ਰੀ ਹਰਿਗੋਬਿੰਦ ਜੀ ਦੇ ਸਮੇਂ ਵੀ ਸਥਿੱਤ ਸੀ। ਇਸ ਤੋਂ ਇਲਾਵਾ ਗਿਆਨੀ ਜੀ ਨੇ ਤਾਂ ਇਸ ਪੁਸਤਕ ਵਿੱਚ ਇਹ ਸਾਬਤ ਕੀਤਾ ਹੈ ਕਿ ਇਹ ਦੇਵੀਆਂ ਰਾਜਪੂਤਾਂ ਦੀਆਂ ਰਾਜਕੁਮਾਰੀਆਂ ਸਨ ਜੋ ਮਰੱਹਟਿਆਂ ਤੋਂ ਤੰਗ ਆਕੇ ਪਹਾੜਾਂ ਵਿੱਚ ਆ ਗਈਆਂ ਸਨ। ਇਥੇ ਵੀ ਉਹ ਰਾਜਕੁਮਾਰੀਆਂ ਬਹਾਦਰੀ ਨਾਲ ਲੜੀਆਂ ਸਨ ਜਿਸ ਕਰਕੇ ਸਮਾਂ ਪਾਕੇ ਲੋਕ ਉਹਨਾਂ ਨੂੰ ਬਤੌਰ ਦੇਵੀਆਂ ਪੂਜਣ ਲੱਗ ਪਏ ਅਤੇ ਦੇਵੀਆਂ ਦੇ ਮੰਦਰ ਬਣ ਗਏ।

ਗਿਆਨੀ ਜੀ ਦੇ ਜੀਵਨ ਅਤੇ ਸ਼ਖਸੀਅਤ ਬਾਰੇ 'ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ-ਭਾਗ ਪਹਿਲਾ' ਦੇ ਪੰਨਾ ੧੧-੩੬ ਉੱਤੇ ਭਰਪੂਰ ਜਾਣਕਾਰੀ ਦਿੱਤੀ ਗਈ ਹੈ। ਗਿਆਨੀ ਜੀ ਪਿਤਾ ਸੰਤ ਦੀਵਾਨ ਸਿੰਘ ਅਤੇ ਮਾਤਾ ਰਾਮ ਕੌਰ ਦੇ ਘਰ ਪਿੰਡ ਕਲੌੜ ਰਿਆਸਤ ਪਟਿਆਲਾ ਹੁਣ ਫਤਿਹਗੜ੍ਹ ਸਾਹਿਬ ੨੧ ਅਪ੍ਰੈਲ

੧੮੫੦ ਈ: ਨੂੰ ਰਵਿਦਾਸੀਆ ਬਰਾਦਰੀ ਵਿੱਚ ਜਨਮੇਂ ਸਨ ਅਤੇ ਇਸ ਸੰਸਾਰ ਤੋਂ ੬ ਸਤੰਬਰ, ੧੯੦੧ ਈ: ਨੂੰ ਸਦਾ ਲਈ ਕੂਚ ਕਰ ਗਏ ਸਨ। ਗਿਆਨੀ ਜੀ ਨੇ ਦਲਿਤ ਵਰਗ ਦੀ ਗਰੀਬੀ ਵਿੱਚੋਂ ਉੱਠਕੇ ਪੰਜਾਬੀ ਸਾਹਿਤ ਦੀ ਝੋਲੀ ਵਿੱਚ ੭੨ ਪੁਸਤਕਾਂ ਰੱਚ ਕੇ ਅਨਮੋਲ ਮਣਕੇ ਸ਼ਾਮਲ ਕਰ ਕੇ ਮਾਂ ਬੋਲੀ ਪੰਜਾਬੀ ਦੀ ਮਹਾਨ ਸੇਵਾ ਕੀਤੀ ਅਤੇ ਆਪ ਜੀ ਦੀਆਂ ਰਚਨਾਵਾਂ ਦੀ ਸੂਚੀ ਹੇਠ ਦਿੱਤੀ ਜਾਂਦੀ ਹੈ :-

੧. ਸ਼ੀਰੀ ਫ਼ਰਹਾਦ (੧੮੭੦)
੨. ਅਬਲਾ ਨਿੰਦ (੧੮੭੨)
੩. ਮਨ ਸੰਬੋਧਨ ਗ੍ਰੰਥ (੧੮੭੩)
੪. ਪੰਮਾ ਪ੍ਰਬੋਧ (੧੮੭੪)
੫. ਗੁੱਗਾ ਗਪੋੜਾ (੧੮੯੬)
੬. ਮੀਰਾਂ ਮਨੌਤ (੧੮੯੬)
੭. ਡਰਪੋਕ ਸਿੰਘ ਅਤੇ ਦਲੇਰ ਸਿੰਘ (੧੮੮੭)
੮. ਮੇਰਾ ਅਤੇ ਸਾਧੂ ਦਯਾ ਨੰਦ ਦਾ ਸੰਬਾਦ (੧੮੮੭)
੯. ਸ੍ਰੀ ਗੁਰੂ ਅਰਜਨ ਚਰਿੱਤ (ਸ਼ਹੀਦੀ)(੧੮੭੮)
੧੦. ਭਾਈ ਬੋਤਾ ਸਿੰਘ ਦੀ ਸ਼ਹੀਦੀ (੧੮੭੮)
੧੧. ਭਾਈ ਤਾਰਾ ਸਿੰਘ ਵਾਈਏਂ ਦੀ ਸ਼ਹੀਦੀ (੧੮੭੯)
੧੨. ਮੀਰਾਂ ਕੋਟੀਏ ਭਾਈ ਮਤਾਬ ਸਿੰਘ ਦੀ ਬਹਾਦਰੀ (੧੮੮੦)
੧੩. ਭਾਈ ਤਾਰੂ ਸਿੰਘ ਦੀ ਸ਼ਹੀਦੀ (੧੮੮੦)
੧੪. ਭਾਈ ਸੁਬੇਗ ਸਿੰਘ ਦੀ ਸ਼ਹੀਦੀ (੧੮੮੦)
੧੫. ਸਿੱਖ ਬੱਚੇ ਦੀ ਸ਼ਹੀਦੀ (੧੮੭੮)
੧੬. ਸਿੰਘਣੀਆਂ ਦੇ ਸਿੱਦਕ (੧੮੮੧)
੧੭. ਸਰਹੱਦ ਤੇ ਪਲਟਨ ਨੰ: ੧੫ ਦੀ ਬਹਾਦਰੀ (੧੮੮੧)
੧੮. ਸੁਪਨ ਨਾਟਕ (੧੮੮੭)
੧੯. ਗੁਰਮਤ ਆਰਤੀ ਪ੍ਰਬੋਧ (੧੮੮੭)
੨੦. ਧਰਮ ਦਰਪਣ (੧੮੮੭)
੨੧. ਸੁਲਤਾਨ ਪੁਆੜਾ (੧੮੯੯)
੨੨. ਜਨਮ ਸਾਖੀ ਗੁਰੂ ਨਾਨਕ ਦੇਵ ਜੀ(੧੮੯੧)
੨੩. ਸ੍ਰੀ ਗੁਰੂ ਨਾਨਕ ਪ੍ਰਬੋਧ (੧੮੮੯)
੨੪. ਸ੍ਰੀ ਗੁਰੂ ਨਾਨਕ ਦਰਸ਼ਨ (੧੮੯੦)
੨੫. ਜੀਵਨ ਕਥਾ ਗੁਰੂ ਅੰਗਦ ਦੇਵ ਜੀ (੧੮੮੮)
੨੬. ਗੁਰੂ ਅਮਰ ਪ੍ਰਬੋਧ (ਭਾਗ-੧) (੧੮੯੦)
੨੭. ਜੀਵਨ ਕਥਾ ਗੁਰੂ ਅਮਰਦਾਸ ਜੀ(੧੮੯੦)
੨੮. ਸ੍ਰੀ ਗੁਰੂ ਰਾਮਦਾਸ ਪ੍ਰਬੋਧ (ਭਾਗ-੧)(੧੮੯੦)
੨੯. ਜੀਵਨ ਕਥਾ ਗੁਰੂ ਅਰਜਨ ਦੇਵ ਜੀ (੧੮੮੯)
੩੦. ਸ੍ਰੀ ਗੁਰੂ ਅਰਜਨ ਪ੍ਰਬੋਧ (ਭਾਗ-੧)(੧੮੯੩)
੩੧. ਜੀਵਨ ਕਥਾ ਗੁਰੂ ਹਰਿ ਰਾਇ ਜੀ(੧੮੯੦)
੩੨. ਜੀਵਨ ਕਥਾ ਗੁਰੂ ਹਰਿ ਕ੍ਰਿਸ਼ਨ ਜੀ (੧੮੯੦)
੩੩. ਜੀਵਨ ਕਥਾ ਗੁਰੂ ਤੇਗ ਬਹਾਦਰ ਜੀ (੧੮੮੯)
੩੪. ਕਲਗੀਧਰ ਉਪਕਾਰ (੧੮੮੯)
੩੫. ਦਸਮ ਗੁਰੂ ਜੀ ਦੇ ਚਰਿੱਤ (੧੮੮੯)
੩੬. ਭਾਰਤ ਮੰਗਲ (੧੮੮੯)
੩੭. ਸ੍ਰੀ ਗੁਰਬਾਣੀ ਪ੍ਰਬੋਧ (੧੮੯੧)
੩੮. ਪ੍ਰਤੱਗਯਾ ਪਾਲਨ (੧੮੯੬)
੩੯. ਅੰਮ੍ਰਿਤ ਵਧਾਈ (੧੮੭੫)
੪੦. ਨੀਤੀ ਗੁਲਦਸਤਾ (੧੮੯੩)
੪੧. ਨੀਤੀ ਪ੍ਰਕਾਸ਼ (੧੮੯੨)
੪੨. ਰਾਜ ਪ੍ਰਬੋਧ ਨਾਟਕ (੧੮੮੯)
੪੩. ਅਵਤਾਰ ਪ੍ਰਬੋਧ (੧੮੭੫)
੪੪. ਪੰਥ ਸੁਧਾਰ ਬਿਨਯ ਪੱਤਰ (੧੮੭੫)
੪੫. ਖਾਲਸਾ ਪੱਤਰ (੧੮੭੫)
੪੬. ਸਮਸਿਆ ਪੂਰਤੀ (੧੮੭੬)

੪੭. ਨਕਲੀ ਸਿੱਖ ਪ੍ਰਬੋਧ (੧੯੯੩)
੪੮.● ਨੀਤੀ ਬਚਨ (੧੯੯੩)
੪੯. ਦੰਭ ਵਿਦਾਰਨ (੧੯੯੨)
੫੦. ਦੁਰਗਾ ਪ੍ਰਬੋਧ (੧੯੯੯)
੫੧. ਦਿੱਤ ਹਰੀ ਉਪਦੇਸ਼ ਮਾਲਾ (੧੯੯੧)
੫੨. ਵੇਦਕ ਰਿਸ਼ੀਆਂ ਦੇ ਇਲਮ ਤੇ ਹੁਨਰ (੧੯੦੦)
੫੩*. ਸ਼ਹੀਦੀ ਪ੍ਰਬੋਧ (ਸ਼ਹੀਦੀ ਸਾਕੇ) (੧੯੮੦)
੫੪*. ਪੁਜਾਰੀ ਪ੍ਰਬੋਧ (੧੯੭੬)
੫੫*. ਪਤਿਤ ਪਾਵਨ (੧੯੭੭)
੫੬*. ਧਰਮ ਸੰਸਕਾਰ (੧੯੭੭)
੫੭*. ਗੁਰੂ ਹਰਿ ਰਾਇ ਪ੍ਰਬੋਧ (੧੯੯੦)
੫੮*. ਪੰਥ ਪ੍ਰਬੋਧ (੧੯੭੭)
੫੯.●●● ਛੂੰਤ-ਛਾਤ ਵਿਰੁਧ ਜਥੇਬੰਦ ਯਤਨ (੧੯੯੭)
੬੦.● ਨੀਤੀ ਵਿਚਾਰ (੧੯੯੩)
੬੧.+ ਬਿਨੰਤੀ (੧੯੭੭)
੬੨**. ਗੁਰ ਗਯਾਨ ਪ੍ਰਬੋਧ (੧੯੮੧)
੬੩**. ਖਾਲਸਾ ਪ੍ਰਬੋਧ (੧੯੮੧)
੬੪**. ਗੁਰਮਤ ਉਪਦੇਸ਼ ਪ੍ਰਬੋਧ (੧੯੮੨)
੬੫.++ ਕਿਆ ਵੇਦ ਇਲਰਾਮੀ ਹੈਂ? (੧੯੦੦)
੬੬.++ ਵੇਦਾਂ ਦੀ ਜਾਦੂਗਰੀ (੧੯੦੦)
੬੭.++ ਵੇਦਕ ਯੁਗ ਤੇ ਕੁਰਬਾਨੀਆਂ (੧੯੦੦)
੬੮.++ ਵੇਦਕ ਰਿਸ਼ੀਆਂ ਦੀ ਤਹਿਜੀਬ (੧੯੦੦)
੬੯.++ ਵੇਦਕ ਮਤ (੧੯੦੦)
੭੦.++ ਵੇਦਕ ਗੀਤਾਂ ਰਸਮਾਂ (੧੯੦੦)
੭੧●●● ਦਸਮ ਗੁਰੂ ਜੀ ਦੇ ਧਰਮ ਯੁੱਧ (੧੯੯੫)
੭੨. ਚੋਣਵੇਂ ਲੇਖ (੧੯੦੧)

ਸਮਾਜਕ ਸਾਜਿਸ਼ ਦੀ ਸ਼ਿਕਾਰ ਹੋਈ ਔਰਤ ਵਿਆਹ ਪ੍ਰਣਾਲੀ ਰਾਹੀਂ ਪਤਨੀ ਬਣਦੀ, ਆਪਣੇ ਪਤੀ ਦੀ ਹੋਂਦ ਨੂੰ ਸਵੀਕਾਰਦੀ, ਪੁੱਤਰ ਰਾਹੀਂ ਅਗੇ ਤੋਰਦੀ ਜਾਂ ਵਾਰਸ ਪੈਦਾ ਕਰਦੀ ਹੈ। ਔਰਤ ਦਾ ਪੁੱਤਰ ਪੈਦਾ ਕਰਨਾ, ਪ੍ਰੀਵਾਰ ਦੀ ਵੰਸ ਪਰੰਪਰਾ ਦਾ ਸਰੋਤ ਅਤੇ ਸੰਸਥਾ ਨੂੰ ਪੈਦਾ ਕਰਨਾ ਹੈ। ਸੰਸਾਰ ਦੀ ਅੱਧੀ ਵਸੋਂ ਔਰਤਾਂ ਦੀ ਹੈ ਪਰੰਤੂ ਉਹਨਾਂ ਦੀ ਪਹਿਚਾਣ ਮਾਂ, ਭੈਣ, ਪਤਨੀ, ਬੇਟੀ, ਪ੍ਰੇਮਕਾ, ਵੇਸਵਾ ਕਰਕੇ ਤਾਂ ਹੈ ਪਰ ਇਨਸਾਨ ਕਰਕੇ ਨਹੀਂ। ਫ਼ਲਸਰੂਪ ਔਰਤ ਆਪਣੀ ਪਹਿਚਾਣ ਆਪ ਹੀ ਭੁੱਲ ਗਈ ਹੈ। ਦੂਜੇ ਉਸ ਨੂੰ ਕੀ

---

* ਕ੍ਰੰਮ ਨੰ: ੫੩-੫੮ ਤੱਕ ਛੇਂ ਪੁਸਤਕਾਂ ਜੋ ਗਿਆਨੀ ਜੀ ਦੀਆਂ ਰਚਨਾਵਾਂ ਹਨ, 'ਪੰਜਾਬੀ ਲੇਖਕ ਕੋਸ਼' (ਸੰਨ 2003 ਈ:) ਸੰਪਾਦਕ ਪ੍ਰੋ: ਪ੍ਰੀਤਮ ਸਿੰਘ ਦੇ ਕੋਸ਼ ਦੇ ਪੰਨਾ ੩੯੨ ਉਤੇ ਦਰਜ਼ ਹਨ।•• ਖ.ਅ.ਲ. ਦੇ ਅੰਕ ਚੌਦਾ ਅਗਸਤ, ੧੯੯੬ ਵਿਚ ਇਹ ਪੁਸਤਕ ਦੀ ਪ੍ਰਕਾਸਨਾ ਬਾਰੇ ਸੂਚਨਾ ਦਰਜ ਹੈ। 29

++ ਕ੍ਰੰਮ ਨੰ. ੬੫-੭੦ ਪੁਸਤਕਾਂ ਗਿਆਨੀ ਜੀ ਦੀਆਂ ਕ੍ਰਿਤਾਂ ਹਨ ਜੋ ਉਹਨਾਂ ਦੀ ਪੁਸਤਕ ਵੇਦਕ ਰਿਸ਼ੀਆਂ ਦੇ ਇਲਮ ਤੇ ਹੁਨਰ ਦੀ ਭੂਮਿਕਾ ਦੇ ਪੰਨਾ ੨ ਉੱਤੇ ਦਰਜ਼ ਹਨ। +ਡਾ: ਕਰਨੈਲ ਸਿੰਘ ਸੋਮਲ ਦੀ ਪੁਸਤਕ 'ਭਾਈ ਦਿੱਤ ਸਿੰਘ ਗਿਆਨੀ ਜੀਵਨੀ (ਰਚਨਾ ਤੇ ਸ਼ਖਸੀਅਤ ਸੰਨ ੨੦੦੫ ਈ: ਵਿੱਚ ਛਪੀ ਪੁਸਤਕ ਵਿਚ ਦਰਜ ਹੈ।

** ਸੰਨ ੧੯੩੨ ਈ: ਵਿੱਚ ਭਾਈ ਤਾਰਾ ਸਿੰਘ ਕ੍ਰਿਸ਼ਨ ਸਿੰਘ ਮਾਲਿਕ ਦਿੱਤ ਹਰੀ ਬੁਕ ਡਿਪੋ, ਬਜ਼ਾਰ ਮਾਈ ਸੇਵਾ, ਅੰਮ੍ਰਿਤਸਰ ਵਲੋਂ ਇਹ ਪੁਸਤਕਾਂ ਛਾਪਕੇ ਵੇਚੀਆਂ ਸਨ।
●ਨਵੀਆਂ ਖੋਜੀਆਂ ਪਸਤਕਾਂ।
●●●
ਇਹ ਪੁਸਤਕਾਂ ਪੰਜਾਬ ਡਿਜ਼ਟਲ ਲਾਇਬ੍ਰੇਰੀ ਚੰਡੀਗੜ੍ਹ ਤੋਂ ੬-੯-੨੦੧੧ ਈ. ਨੂੰ ਇੰਟਰਨੈੱਟ ਰਾਹੀਂ ਮਿਲੀ ਹੈ।

ਸਮਝਦੇ ਹਨ ਅਤੇ ਉਸ ਬਾਰੇ ਦੀ ਸੋਚਦੇ ਹਨ, ਇਹ ਗੱਲ ਉਸ ਦੀ ਸੋਚ ਦਾ ਆਦਿ ਅਤੇ ਅੰਤ ਬਣ ਗਈ ਹੈ। ਪ੍ਰਚਲਤ ਰਾਹ ਤੋਂ ਜੇ ਉਸ ਨੇ ਕਦੇ ਵਿਦਰੋਹ ਵੀ ਕੀਤਾ ਤਾਂ ਉਹ ਵੀ ਆਪਣੇ ਲਈ ਨਹੀਂ ਸਗੋਂ ਕਿਸੇ ਮਰਦ ਲਈ। ਹੀਰ ਜੇ ਧਰਮ, ਸਮਾਜ, ਲੋਕਾਚਾਰ ਨੂੰ ਉਲੰਘਦੀ ਹੈ ਤਾਂ ਰਾਂਝੇ ਲਈ। ਔਰਤ ਨੂੰ ਬਿਨਾਂ ਮਜ਼ਦੂਰੀ, ਬਿਨ੍ਹਾਂ ਪੈਨਸ਼ਨ ਦੇ ਘਰ ਦੀ ਰਾਣੀ ਆਖਕੇ ਘਰ ਦੀ ਨੌਕਰਾਣੀ ਬਣਾ ਦਿੱਤਾ ਹੈ। ਜਦੋਂ ਬਹੁਤੇ ਬੰਦੇ ਔਰਤਾਂ ਵਰਗੇ ਬਣ ਜਾਣ ਤਾਂ ਫਿਰ ਕਿਸੇ ਔਰਤ ਨੂੰ ਮਰਦਾਂ ਵਰਗੇ ਬਣਨਾ ਪੈਂਦਾ ਹੈ।

ਹੁਸੀਨ ਅੱਲ੍ਹੜ ਮੁਟਿਆਰ ਅਸਮਾਨੀ ਰੰਗ ਦੀ ਪੁਸ਼ਾਕ ਪਹਿਨੀ ਰਿਸ਼ੀ ਦੀ ਤਰ੍ਹਾਂ ਸਮਾਧੀ ਵਿੱਚ ਬੈਠੀ ਸੋਭਦੀ ਹੈ, ਕੁਦਰਤੀ ਸੁਹੱਪਣ, ਬੁਲੰਦ ਹੌਸਲਾ, ਅਤਿ ਸੁੰਦਰ ਬਾਹਵਾਂ, ਕਲਾਤਮਕ ਉਂਗਲਾਂ, ਸੁਰਾਹੀ ਜਿਹੀ ਗਰਦਨ, ਤਿੱਖੇ ਨੈਣ-ਨਕ਼ਸ਼, ਪਤਲੀਆਂ ਲਾਲ ਬੁੱਲੀਆਂ, ਸ਼ਾਂਤ- ਚਿੱਤ ਚਿਹਰਾ, ਚਾਲ ਮੋਰਨੀ ਵਰਗੀ ਅਤੇ ਦਿਲ-ਖਿਚਵੀਂ ਅਵਾਜ਼ ਮਨ ਨੂੰ ਮੋਹ ਲੈਂਦੀ ਹੈ।

ਪ੍ਰੋ: ਦਲੀਪ ਕੌਰ ਟਿਵਾਣਾ ਦੀ ਪੁਸਤਕ 'ਤੂੰ ਭਰੀਂ ਹੁੰਗਾਰਾ' ਦੀ ਭੂਮਿਕਾ ਦੇ ਪੰਨਾ ੧੦ ਉਤੇ ਇਸਤਰੀ ਬਾਰੇ ਲਿਖਿਆ ਹੈ:-

"ਇਸਤਰੀ ਦਾ ਮਨ ਕੋਮਲ ਹੁੰਦਾ ਹੈ ਕਿਉਂਕਿ ਇਸਤਰੀ ਰੱਬ ਤੋਂ ਵੀ ਉੱਤਮ ਕਲਾਕਾਰ ਹੈ। ਇਸਤਰੀ ਰੱਬ ਦੀ ਕਲਾਕਾਰੀ ਦਾ ਵੀ ਉੱਤਮ ਮਾਧਯਮ ਹੈ। ਇਸਤਰੀ ਆਪਣੇ ਲਹੂ-ਮਾਸ ਨਾਲ ਸਿਰਜਨਾ ਕਰਦੀ ਹੈ, ਰੰਗਾਂ ਤੇ ਭਾਵਾਂ ਨਾਲ ਨਹੀਂ ਕਰਦੀ ਹੈ। ਇਸਤਰੀ ਦੀ ਰਗ-ਰਗ ਕਲਾਕਾਰੀ-ਪ੍ਰਤਿਭਾ ਨਾਲ ਪ੍ਰਜੱਵਲਤ ਹੁੰਦੀ ਹੈ। ਇਸ ਲਈ ਇਸਤਰੀ ਵਿੱਚ ਕੋਮਲਤਾ ਹੁੰਦੀ ਹੈ। ਉਸ ਦੀ ਸੂਝ ਤੀਖਣ ਹੁੰਦੀ ਹੈ। ਉਸ ਦੀ ਪੀੜ ਸਹਿਣਸ਼ਕਤੀ ਪਰਬਲ ਹੁੰਦੀ ਹੈ। ਉਸ ਦੇ ਭਾਵਾਂ ਵਿੱਚ ਸੁਚਮ ਹੁੰਦੀ ਹੈ। ਔਰਤ ਸ਼ਕਤੀ ਬਾਰੇ ਅਖਦੀ ਹੈ ਕਿ ਉਹ ਮਨੁੱਖ ਅਤੇ ਔਰਤ ਵਿਚਕਾਰਲਾ ਫ਼ਰਕ ਮਿਟਾ ਦੇਵੇਗੀ, ਵਿਗਿਆਨ ਦਾ ਚੰਦ ਬਣੇਗੀ। ਇੰਨੀ ਦੇਰ ਤੋਂ 'ਮੈਂ' ਜਿਸ ਨੂੰ ਸ਼ਰਮ, ਹਯਾ, ਲੱਜਿਆ ਆਖਦੀ ਆ ਰਹੀ ਹੈ, ਅੱਜ ਉਸੇ ਲਈ 'ਮੈਂ' ਔਰਤ ਹਾਂ। ਉਸ ਸਾਰੀ ਰੁਕਾਵਟ ਨੂੰ ਦੂਰ ਕਰ ਦੇਵਾਂਗੀ। ਆਦਮੀ ਦੇ ਕੱਦਮ ਨਾਲ ਕੱਦਮ ਮਿਲਾਕੇ ਉਸ ਦੇ ਰਾਹ ਉਤੇ ਨਾਲ ੨ ਚਲਾਂਗੀ। ਅਜਿਹੀ ਗੱਲ ਔਰਤ ਦੇ ਮੂੰਹ ਵਿਚੋਂ ਨਿਕਲੀ। ਇਸ ਤੋਂ ਸਮਝ ਆਉਂਦੀ ਹੈ ਕਿ ਆਦਮੀ ਦੇ ਸੁਭਾਅ ਵਿੱਚ ਤਬਦੀਲੀ ਆਈ ਹੈ। ਪਰ ਅਜੇ ਵੀ ਉਹ ਔਰਤ ਨੂੰ ਬਰਾਬਰ ਨਹੀਂ ਸਮਝਦਾ।"

ਇਸਤਰੀ ਦੀ ਦਸ਼ਾ ਸਮਝਣ ਲਈ ਸੰਤ ਰੂਪ ਵਿੱਚ ਗਿਆਨੀ ਜੀ ਨੇ ੧੯੦੨ ਈ: ਵਿੱਚ 'ਅਬਲਾ ਨਿੰਦ' ਗ੍ਰੰਥ ਦੀ ਰਚਨਾ ਕੀਤੀ ਸੀ। ਇਸਤਰੀ ਪੁਰਸ਼ ਦੇ ਪਿਛੇ ਚਲਣ ਵਾਲੀ ਹੁੰਦੀ ਸੀ। ਇਸਤਰੀਆਂ ਵਿੱਚ ਪ੍ਰਦਾ-ਪ੍ਰਥਾ ਪ੍ਰਚਲਤ ਸੀ ਪਰੰਤੂ ਗੁਰੂਆਂ ਨੇ ਪ੍ਰਦੇ

ਦਾ ਵਿਰੋਧ ਕੀਤਾ। ਗੁਰਦੁਆਰਿਆਂ ਵਿੱਚ ਪਰਦਾ ਪ੍ਰਥਾ ਵਿਰੁਧ ਬਹੁਤ ਪ੍ਰਚਾਰ ਕੀਤਾ ਜਾਂਦਾ ਸੀ। ਆਮ ਤੌਰ ਉਤੇ ਲੜਕੀਆਂ ਦਾ ਵਿਆਹ ਆਪਣੀ ਜਾਤ ਵਿੱਚ ਹੀ ਕੀਤਾ ਜਾਂਦਾ ਸੀ। ਲੜਕੀ ਵਾਲੇ ਦਾ ਸਥਾਨ ਵਰ ਪੱਖ ਵਾਲੇ ਤੋਂ ਨੀਵਾਂ ਸਮਝਿਆ ਜਾਂਦਾ ਸੀ। ਰਾਜਪੂਤ ਆਪਣੀ ਲੜਕੀ ਦਾ ਵਿਆਹ ਕਿਸੇ ਮੁਗਲ ਨਾਲ ਕਰਨ ਦੀ ਬਜਾਏ ਰਾਜੇ ਨਾਲ ਯੁੱਧ ਕਰਨਾ ਜ਼ਿਆਦਾ ਗੌਰਵਪੂਰਨ ਸਮਝਦੇ ਸਨ। ਰਾਜਪੂਤਾਂ ਵਿੱਚ ਸਤੀ ਪ੍ਰਥਾ ਕਾਫ਼ੀ ਜ਼ਿਆਦਾ ਸੀ ਅਤੇ ਇਸਤਰੀ ਨੂੰ ਗਹਿਣੇ ਰੱਖਣ ਦਾ ਸੰਕੇਤ ਵੀ ਸਹਿਤ ਵਿੱਚ ਮਿਲਦਾ ਹੈ। ਕੰਨਿਆਦਾਨ ਇੱਕ ਪੁੰਨ ਕਰਮ ਸਮਝਿਆ ਜਾਂਦਾ ਸੀ। ਕੁਆਰੀ ਅਤੇ ਮੁਟਿਆਰ ਲੜਕੀ ਦਾ ਪਿਤਾ ਘਰ ਬੈਠਾ ਰਹਿਣਾ ਬੜਾ ਕਸ਼ਟਪੂਰਨ ਸਮਝਿਆ ਜਾਂਦਾ ਸੀ। ਰੁਪਏ ਦਾ ਇਤਨਾ ਮੁੱਲ ਸੀ ਕਿ ਇੱਕ ਸਾਧਾਰਨ ਪ੍ਰੀਵਾਰ ਪੰਝੀ ਰੁਪਏ ਵਿੱਚ ਆਪਣੀ ਲੜਕੀ ਦਾ ਵਿਆਹ ਸੰਪੰਨ ਕਰ ਸਕਦਾ ਸੀ।

ਗਿਆਨੀ ਜੀ ਨੇ ਸਾਹਿਤ ਰਚਨਾ ਵਿੱਚ ਛੂਤ-ਛਾਤ, ਜਾਤ-ਪਾਤ, ਊਚ-ਨੀਚ ਵਿਰੁੱਧ ਲਿਖਿਆ ਹੈ। ਨਕਲੀ ਸਿੱਖ ਪ੍ਰਬੋਧ ਰਚਨਾ ਵਿਚ ਤਾਂ ਜਾਤ-ਪਾਤ ਨੂੰ ਜੜ੍ਹੋਂ ਪੁੱਟਣ ਦੇ ਉਦੱਮ ਕੀਤੇ ਹਨ। ਉਸ ਸਮੇਂ ਸਿੱਖ ਧਰਮ ਵਿੱਚ ਆਈਆਂ ਗਿਰਾਵਟਾਂ ਪਖੰਡ, ਭਰਮ, ਵਹਿਮ, ਧਾਗੇ, ਤਬੀਤ, ਟੂਣੇ, ਬੁੱਤ ਪ੍ਰਸਤੀ, ਸੀਤਲਾ ਨੂੰ ਪੂਜਣਾ, ਸੱਪਾਂ ਨੂੰ ਪੂਜਣਾ, ਦਰਖਤਾਂ ਨੂੰ ਪੂਜਣਾ, ਗੁਰੂ-ਡੰਮ੍ਹ ਆਦਿ ਨੂੰ ਸਿੱਖੀ ਤੋਂ ਦੂਰ ਭਜਾਉਣ ਲਈ ਮਹੱਤਵਪੂਰਨ ਰਚਨਾਵਾਂ-ਮੀਰਾ ਮਨੌਤ, ਸੁਲਤਾਨ ਪੁਆੜਾ, ਦੁਰਗਾ ਪ੍ਰਬੋਧ, ਪੰਮਾ ਪ੍ਰਬੋਧ, ਪੁਜਾਰੀ ਪ੍ਰਬੋਧ ਆਦਿ ਦੀ ਰਚਨਾ ਕਰਕੇ ਸਿੱਖੀ ਦੀ ਮਹਾਨ ਸੇਵਾ ਕੀਤੀ। ਸਿੰਘ ਸਭਾ ਲਹਿਰ ਚਲਾਕੇ ਸਿੱਖਾਂ ਵਿੱਚ ਅੰਧ-ਵਿਸ਼ਵਾਸਾਂ ਨੂੰ ਖਤਮ ਕਰਨ ਦਾ ਮਹਾਨ ਕਾਰਜ ਕੀਤਾ ਸੀ ਜਿਸ ਕਰਕੇ ਸਿੱਖ ਸੁਧਾਰ ਲਹਿਰ ਨੇ ਜੋਰ ਪਕੜ ਲਿਆ ਸੀ।

ਕਵੀ ਨੇ ਸਾਹਿਤਕ ਰਚਨਾਵਾਂ ਵਿੱਚ ਛੋਟੇ ਕਾਰੀਗਰ ਜਿਵੇਂਕਿ ਤਰਖਾਣ, ਘੁਮਿਆਰ, ਜੁਲਾਹੇ, ਲੋਹਾਰ, ਝੀਵਰ, ਧੋਬੀ, ਦਰਜੀ, ਮਾਲੀ ਆਦਿ ਅਤੇ ਛੋਟੇ ਕਲਾਕਾਰ ਜਿਵੇਂਕਿ ਨਟ, ਭੱਟ, ਰਬਾਬੀ, ਡੂੰਮ, ਕਿਸਾਨ, ਕਲਾਲ, ਸਰਾਫ, ਮਸੰਦ, ਪਾਂਧੇ, ਪ੍ਰੋਹਤ, ਚੰਡਾਲ, ਵੇਸਵਾ ਆਦਿ ਅਨੇਕਾਂ ਕਾਰੋਬਾਰਾਂ ਦਾ ਉਲੇਖ ਕੀਤਾ ਹੈ। ਕਵੀ ਨੇ ਬਟਨਾ, ਦਹੀਂ, ਸੁਰਮਾ, ਮਹਿੰਦੀ ਆਦਿ ਸ਼ਿੰਗਾਰ ਸਾਧਨਾਂ ਅਤੇ ਸੰਗੀਤ ਸਾਧਨਾ ਜਿਵੇਂਕਿ ਢੋਲਕੀ, ਰਣਸਿੰਘਾ, ਛੈਣੇ, ਮ੍ਰਿਦੰਗ, ਰਬਾਬ, ਬੰਸਰੀ, ਡਫਲੀ, ਧੌਂਸਾ, ਨਗਾਰਾ, ਸਿਤਾਰ, ਸ਼ਹਿਨਾਈ, ਤੂਤੀ, ਅਲਗੋਜੇ, ਚਿਮਟਾ, ਚੌਰ, ਗੜਬੀ, ਥਾਲੀ, ਘੜਾ, ਤੂੰਬਾ ਆਦਿ ਦੀ ਵਰਤੋਂ ਦਾ ਉਲੇਖ ਕੀਤਾ ਹੈ। ਵਿਆਹਾਂ ਵਿੱਚ ਸਿੱਠਣੀਆਂ, ਗੀਤ, ਨਾਚ, ਕਵਿਸ਼ਰੀ, ਜਾਗੋ ਕੱਢਣੀ ਆਦਿ ਦਾ ਵਰਣਨ ਵੀ ਕੀਤਾ ਹੈ।

ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਆਪਣੀ ਉਮਰ ਦਾ ਵਧੇਰਾ ਸਮਾਂ ਲਹੌਰ ਹੀ ਰਹੇ ਅਤੇ ਉਪਦੇਸ ਦੇਣ ਲਈ ਦੇਸ ਦੇ ਦੂਰ ਦਰਾਡੇ ਇਲਾਕਿਆਂ ਵਿੱਚ ਸਿੱਖੀ ਦੇ ਪ੍ਰਚਾਰ ਲਈ ਜਾਂਦੇ ਹੀ ਰਹੇ ਸਨ। ਆਪਣੀ ਸਾਹਿਤ ਸਚਨਾਵਾਂ ਵਿੱਚ ਬੋਲੀ ਸਰਲ ਪੰਜਾਬੀ ਹੀ ਵਰਤੀ ਹੈ ਪਰੰਤੂ ਹਿੰਦੀ, ਸੰਸਕ੍ਰਿਤ, ਅਰਬੀ, ਫਾਰਸੀ, ਉਰਦੂ, ਮੁਲਤਾਨੀ, ਅਵਧੀ, ਬ੍ਰਿਜ ਭਾਸ਼ਾ ਆਦਿ ਦਾ ਪ੍ਰਭਾਵ ਦਿਖਾਈ ਦਿੰਦਾ ਹੈ ਜਿਸ ਨਾਲ ਕਵੀ ਦੇ ਭਾਸ਼ਾ ਗਿਆਨ ਅਤੇ ਉਸ ਦੇ ਕਾਵਿ ਪ੍ਰਯੋਗ ਦੀ ਸ਼ਕਤੀ ਦੀ ਜਾਣਕਾਰੀ ਮਿਲਦੀ ਹੈ। ਅਖਾਣ ਅਤੇ ਮੁਹਾਵਰਿਆਂ ਦੀ ਵੀ ਵਰਤੋਂ ਕੀਤੀ ਗਈ ਹੈ। ਕਈ ਥਾਵਾਂ ਉਤੇ ਉਹਨਾਂ ਨੇ ਕਾਵਿ ਵਿੱਚ ਅਲੰਕਾਰਾਂ

ਨਗੀਨਿਆਂ ਅਤੇ ਮਣੀਆਂ ਦੀ ਤਰ੍ਹਾਂ ਠੀਕ ਸਥਾਨ ਉਤੇ ਪੂਰਨ ਢੰਗ ਨਾਲ ਜੜੇ ਹੋਏ ਜਗਮਗਾ ਰਹੇ ਹਨ। ਇਸੇ ਤਰ੍ਹਾਂ ਈਰਖਾ, ਦਵੈਤ, ਲੱਜਾ, ਸੰਕੋਚ, ਕ੍ਰੋਧ, ਲੋਭ, ਸੋਗ, ਵਿਆਕੁਲਤਾ, ਖੁਸ਼ੀ, ਪ੍ਰਸੰਨਤਾ, ਉਤਸ਼ਾਹ, ਅਨੰਦ, ਪ੍ਰੇਮ ਆਦਿ ਮਨੋਵੇਗਾਂ ਦੀ ਅਭਿਵਿਅਕਤੀ ਦੇ ਲਈ ਅਲੰਕਾਰ ਸਹਾਇਕ ਬਣਕੇ ਵੀ ਆਏ ਹਨ। ਅੱਠ ਸਹੀਦੀਆਂ ਵਿੱਚ ਬੀਰ ਰਸ ਦੀ ਕਵਿਤਾ ਨਜ਼ਾਰਾ ਬੰਨ੍ਹਦੀ ਹੈ। ਕਵਿਤਾ ਵਿੱਚ ਅਨੇਕਾਂ ਪ੍ਰਕਾਰ ਦੇ ਛੰਦ, ਦੋਹਰਾ, ਚੌਪਈ, ਕੁੰਡਲੀਆ, ਦਵੈਯਾ, ਸਵੈਯਾ ਆਦਿ ਦੀ ਵਰਤੋਂ ਭਰਪੂਰ ਕੀਤੀ ਗਈ ਹੈ।

ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਜੀ ਨੇ ਆਪਣੀਆਂ ਕ੍ਰਿਤਾਂ ਵਿੱਚ ਨਾਜ਼ਕ ਤੋਂ ਨਾਜ਼ਕ, ਕੋਮਲ ਤੋਂ ਕੋਮਲ, ਸੂਖਮ ਤੋਂ ਸੂਖਮ, ਉੱਚੇ ਤੋਂ ਉੱਚੇ ਅਤੇ ਨਵੇਂ ਤੋਂ ਨਵੇਂ ਅਨਮੋਲ ਵਿਚਾਰਾਂ ਰਾਹੀਂ ਸਮੇਂ ਸਮੇਂ ਦੀ ਦਾਸਤਾਨ ਪੇਸ਼ ਕੀਤੀ ਸੀ। ਕਲਮ-ਉਹਨਾ ਦੀ ਬੁਰਸ ਸੀ, ਸ਼ਬਦ ਅਤੇ ਮੁਹਾਵਰੇ ਉਹਨਾਂ ਦੇ ਰੰਗ। ਜਿਉਂ-ਜਿਉਂ ਉਹਨਾਂ ਦੇ ਅਨੁਭਵ ਵਿੱਚ ਕੋਈ ਵਿਚਾਰ ਉਗਮਿਆ ਉਹਨਾਂ ਦੀ ਦੂਰ-ਦਰਸ਼ਤਾ ਨੇ ਉਸ ਨੂੰ ਝੱਟ ਪੱਟ ਕਿਸੇ ਕੈਮਰੇ ਵਾਂਗ ਕਾਬੂ ਕਰ ਲਿਆ ਅਤੇ ਫਿਰ ਕਾਗਜ਼ ਦੀ ਛਾਤੀ ਉਤੇ ਉਲੀਕ ਦਿੱਤਾ ਜੋ ਉਹਨਾਂ ਦੀਆਂ ਵੰਨ-ਸੁਵੰਨੀਆਂ ਕ੍ਰਿਤਾਂ ਦੇ ਸ਼ਿੰਗਾਰ ਬਣ ਗਏ। ਉਹਨਾਂ ਦੇ ਦਿਲ ਵਿੱਚ ਸਿੱਖੀ ਦੀ ਤੜਫ਼ ਸੀ, ਜ਼ਬਾਨ ਵਿੱਚ ਤਾਕਤ ਅਤੇ ਬਿਆਨ ਵਿੱਚ ਮਨੋਹਰਤਾ ਭਰੀ ਹੋਈ ਸੀ। ਉਹਨਾਂ ਦੀ ਕਵਿਤਾ ਵਿੱਚ ਭਾਵਨਾ ਨੂੰ ਟੁੰਬਣ ਲਈ ਬਿੰਬ ਅਤੇ ਅਲੰਕਾਰ, ਸਿਖਿਆ ਦੇਣ ਲਈ ਅਤੇ ਕਥਨ ਕਰਨ ਲਈ ਉਪਦੇਸ਼ ਦਾ ਢੰਗ ਆਪਣਾਇਆ ਸੀ। ਉਹਨਾਂ ਪੰਜਾਬੀ ਕਵਿਤਾ ਨੂੰ ਨਵਾਂ ਰਸ, ਨਵੀਂ ਲੋਚ ਅਤੇ ਨਵਾਂ ਰੰਗ-ਰੂਪ ਪ੍ਰਦਾਨ ਕੀਤਾ ਅਤੇ ਪੰਜਾਬੀ ਬੋਲੀ ਨੂੰ ਦਾਸੀ ਤੋਂ ਰਾਣੀ-ਬਣਾ ਦਿੱਤਾ ਸੀ। ਇਸ ਤੋਂ ਇਲਾਵਾ ਉਹਨਾਂ ਨੇ ਪੰਜਾਬੀ ਬੋਲੀ ਅਤੇ ਕਾਵਿ-ਧਾਰਾ ਵਾਸਤੇ ਨਵੀਆਂ ਸਾਹਿਤਕ ਲੀਹਾਂ ਪਾਈਆਂ ਅਤੇ ਪੰਜਾਬੀ ਕਵਿਤਾ ਨੂੰ ਪੁਰਾਣੀਆਂ ਤੰਗ ਵਲਗਣਾਂ ਵਿਚੋਂ ਕੱਢਕੇ ਚੌਰੇੜੇ ਮੈਦਾਨ ਵਿੱਚ ਲਿਆ ਖੜਾ ਕੀਤਾ।

ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਜੀ ਦੇ ਅੰਤਲੇ ਦਿਨ ਨਿਰਾਸ਼ਾ ਭਰਪੂਰ ਰਹੇ ਸਨ। ਆਪ ਜੀ ਦੇ ਸਾਥੀ ਅਤੇ ਪਰਮ ਮਿੱਤਰ ਸਰ ਅਤਰ ਸਿੰਘ ਜੀ ਭਦੇੜ ੧੮੯੬ ਈ: ਵਿੱਚ ਅਕਾਲ ਚਲਾਣਾ ਕਰ ਗਏ ਸਨ। ਡਾ: ਜੈ ਸਿੰਘ ੧੮੯੮ ਈ: ਅਤੇ ਪ੍ਰੋ: ਗੁਰਮੁੱਖ ਸਿੰਘ ਜੀ ੧੮੯੮ ਈ: ਵਿੱਚ ਗੁਰਪੁਰੀ ਨੂੰ ਚਲੇ ਗਏ ਸਨ। ਭਾਈ ਮੇਹਰ ਸਿੰਘ ਚਾਵਲਾ, ਅਤੇ ਭਾਈ ਨਿੱਕਾ ਸਿੰਘ ਆਦਿ ਗਿਆਨੀ ਜੀ ਦੇ ਸਨੇਹੀ ਇਸ ਸੰਸਾਰ ਤੋਂ ੧੯੦੦ ਈ: ਤੱਕ ਕੂਚ ਕਰ ਚੁੱਕੇ ਸਨ। ਹੁਣ ਕੇਵਲ ਭਾਈ ਜਵਾਹਰ ਸਿੰਘ ਕਪੂਰ, ਭਾਈ ਮਈਆ ਸਿੰਘ ਹੀ ਪਰਮ ਮਿੱਤਰ ਰਹਿ ਗਏ ਸਨ। ਭਾਈ ਬਸੰਤ ਸਿੰਘ ਤਾਂ ਪਹਿਲਾਂ ਹੀ ਗਿਆਨੀ ਜੀ ਦਾ ਸਾਥ ਛੱਡ ਚੁੱਕੇ ਸਨ। ੧੨ ਜੂਨ, ੧੯੦੧ ਈ: ਨੂੰ ਗਿਆਨੀ ਜੀ ਦੀ ਸਪੁੱਤਰੀ ਵਿਦਿਆਵੰਤ ਕੌਰ ਦੀ ਮੌਤ ਨੇ ਤਾਂ ਗਿਆਨੀ ਜੀ ਦਾ ਲੱਕ ਹੀ ਤੋੜ ਦਿੱਤਾ ਸੀ ਅਤੇ ਉਨ੍ਹਾਂ ਨੂੰ ਭਾਰੀ ਸੱਦਮਾ ਲੱਗਾ ਜਿਸ ਕਰਕੇ ਗਿਆਨੀ ਜੀ ਦਾ ਸੁਖਦਾਈ ਜੀਵਨ ਡਾਢਾ ਦੁਖਦਾਈ ਬਣ ਗਿਆ ਅਤੇ ਉਹਨਾਂ ਨੂੰ ਅਜਿਹਾ ਰੋਗ ਲੱਗਾ ਜਿਸ ਨੇ ਗਿਆਨੀ ਜੀ ਨੂੰ ਮੌਤ ਦੇ ਵੱਸ ਵਿਚ ਪਾ ਦਿੱਤਾ।

ਜਦੋਂ ਬਿਮਾਰੀ ਭਿਆਨਕ ਰੂਪ ਧਾਰ ਗਈ ਤਾਂ ਕਿਸੇ ਨੇ ਵੀ ਮਾਲੀ ਸਹਾਹਿਤਾ ਨਾ ਦਿੱਤੀ। ਪੰਥ ਹਿਤੈਸੀਆਂ ਨੇ ਗਿਆਨੀ ਜੀ ਦੀ ਕੋਈ ਸਾਰ ਨਹੀਂ ਲਈ, ਫਿਰ ਭੀ ਉਨ੍ਹਾਂ ਨੇ ਸਤਿਗੁਰ ਉਤੇ ਭਰੋਸਾ ਰੱਖਿਆ। ਅੰਤਮ ਸਮੇ. ਭਾਈ ਜਵਾਹਰ ਸਿੰਘ ਜੀ ਕਈ ਵਾਰ

ਗਿਆਨੀ ਜੀ ਦੀ ਖਬਰ ਲੈਣ ਲਈ ਪਹੁੰਚਦੇ ਹੁੰਦੇ ਸਨ ਪਰੰਤੂ ਉਹਨਾਂ ਨੇ ਬਿਮਾਰੀ ਦੇ ਇਲਾਜ ਦਾ ਕੋਈ ਵੀ ਪ੍ਰਬੰਧ ਨਾ ਕੀਤਾ।

੬ ਸਤੰਬਰ, ੧੯੦੧ ਈ: ਨੂੰ ਗਿਆਨੀ ਜੀ ਦੇ ਅੰਤ ਸਮੇਂ ਕੇਵਲ ਤਿੰਨ ਆਦਮੀ (੧) ਗਿਆਨੀ ਪ੍ਰਤਾਪ ਸਿੰਘ ਰਾਜਪੁਰਾ (੨) ਭਾਈ ਗੁੱਜਰ ਸਿੰਘ ਪਿੰਡ ਘੁਮਾਣ ਜਿਲ੍ਹਾ ਲਹੌਰ ਅਤੇ (੩) ਇੱਕ ਮੁਸਲਮਾਨ ਡਾਕਟਰ ਰਹੀਮ ਖਾਂ ਉਹਨਾਂ ਦੇ ਮੰਜੇ ਪਾਸ ਖੜੇ ਸਨ। ਇਨ੍ਹਾਂ ਤੋਂ ਇਲਾਵਾ ਬੀਬੀ ਬਿਸ਼ਨ ਕੌਰ ਅਤੇ ਪੁੱਤਰ ਕਾਕਾ ਬਲਦੇਵ ਸਿੰਘ ਉਨ੍ਹਾਂ ਪਾਸ ਹਾਜ਼ਰ ਸਨ। ਗਿਆਨੀ ਜੀ ਹੋਸ਼ ਅਤੇ ਸੁਰਤ ਵਿੱਚ ਸਨ ਅਤੇ ਸਵੇਰੇ ਅੱਠ ਵਜੇ ਆਪਣੇ ਸਾਥੀਆਂ ਅਤੇ ਡਾਕਟਰ ਨੂੰ ਕਹਿਣ ਲੱਗੇ-"ਵੀਰਨੋ ! ਹੁਣ ਹੋਰ ਕੋਈ ਪ੍ਰੀਸ਼ਰਮ ਕਰਨ ਦੀ ਲੋੜ ਨਹੀਂ, ਸਾਨੂੰ ਹੁਣ ਮੁਕੰਮਲ ਅਰਾਮ ਕਰਨ ਦਿਓ ਤੇ ਅਸੀਂ ਹੁਣ ਉਸ ਥਾਂ ਜਾਣ ਲਈ ਤਿਆਰ ਹਾਂ, ਜਿਥੋਂ ਕਦੇ ਕੋਈ ਮੁੜਿਆ ਨਹੀਂ। (ਡਾਕਟਰ ਵੱਲ ਮੁਖਾਤਬ ਹੋਕੇ) ਤੁਹਾਡੀ ਸੇਵਾ ਲਈ ਵੀ ਧੰਨਵਾਦ ਹੈ, ਤੇ ਹੁਣ ਹੋਰ ਦਵਾਈਆਂ ਦੇਣ ਦੀ ਲੋੜ ਨਹੀਂ। ਤੁਸੀਂ ਆਪਣੀ ਵਾਹ ਲਾਉਣ ਵਿੱਚ ਘੱਟ ਨਹੀਂ ਕੀਤੀ, ਪਰ ਧੁਰ ਦੇ ਇਲਾਹੀ ਹੁਕਮ ਅਗੇ ਸਭ ਨੂੰ ਸਿਰ ਨਿਵਾਉਣਾ ਹੀ ਪੈਂਦਾ ਹੈ। ਸੋ ਇਸ ਧੁਰ ਦੇ ਆਏ ਸੱਦੇ (ਹੁਕਮ) ਨੂੰ ਮੋੜਨ ਲਈ ਅਸੀਂ ਹੋਰ ਕੋਈ ਉਪਰਾਲਾ ਨਹੀਂ ਕਰਾਂਗੇ"। ਢਾਈ ਘੰਟੇ ਗਿਆਨੀ ਜੀ ਸ਼ਾਂਤ ਹਾਲਤ ਵਿੱਚ ਪਏ ਰਹੇ ਅਤੇ ਸਵੇਰੇ ਪੌਣੇ ਗਿਆਰ੍ਹਾਂ ਵਜੇ ਗਿਆਨੀ ਜੀ ਆਪਦੇ ਪੰਜ ਭੂਤਕ ਸਰੀਰ ਨੂੰ ਛੱਡਕੇ ਗੁਰਪੁਰੀ ਸੁਧਾਰ ਗਏ ਸਨ।

ਡਾ. ਬਲਦੇਵ ਸਿੰਘ ਸ਼ੇਰ ਦੇ ਪੁੱਤਰ ਦਿਲਾਵਰ ਸਿੰਘ ਨਿਪੋਲੀਅਨ ਦਾ ਜਨਮ ੧੯੧੨ ਈ: ਨੂੰ ਹੋਇਆ ਅਤੇ ਮੌਤ ਨਿਊਜ਼ੀਲੈਂਡ ਵਿਖੇ ਅਗਸਤ ੧੯੩੦ ਈ: ਨੂੰ ਹੋਈ ਅਤੇ ਉਹਨਾਂ ਦੀ ਮਾਤਾ ਬਿਸ਼ਨ ਕੌਰ ਦੀ ਮੌਤ ਫਿਰੋਜ਼ਪੁਰ ਵਿਖੇ ੧੯੩੦ ਈ: ਵਿਚ ਹੋਈ, ਉਹਨਾਂ ਦੀ ਪਹਿਲੀ ਪਤਨੀ ਬੀਬੀ ਇੰਦਰ ਕੌਰ ਦੀ ਮੌਤ ੧੯੨੦ ਈ: ਵਿਚ ਅਤੇ ਉਹਨਾਂ ਦੀ ਦੂਜੀ ਪਤਨੀ ਸਤਵੰਤ ਕੌਰ ਦੀ ਮੌਤ ੧੯੫੦ ਵਿਚ ਹੋਈ ਸੀ। ਇਸ ਤੋਂ ਇਲਾਵਾ ਇੰਜ: ਸੁਰਜਨ ਸਿੰਘ ਜੱਸਲ ਚੰਡੀਗੜ੍ਹ ਦੀ ਖੋਜ (੨੦੧੦ ਈ:) ਅਨੁਸਾਰ ੭੦ ਸਾਲ ਬਾਅਦ ਪਤਾ ਲੱਗਾ ਕਿ ਗਿਆਨੀ ਜੀ ਦਾ ਬੰਸ ਅੱਗੇ ਚਲਦਾ ਹੈ ਅਤੇ ਡਾ. ਬਲਦੇਵ ਸਿੰਘ ਸ਼ੇਰ ਨੇ ੧੯ ਸਾਲ ਦੀ ਸਖਤ ਮਿਹਨਤ ਨਾਲ 'ਸ਼ੁੱਧ ਸੰਗੀਤ ਸ਼ਾਸਤਰ (ਹਿੰਦੀ)' ੧੯੩੫ ਈ: ਵਿਚ ਸੰਪੰਨ ਕੀਤਾ ਅਤੇ ਉਹਨਾਂ ਦੀ ਮੌਤ ੧੬ ਜੂਨ, ੧੯੪੦ ਈ: ਨੂੰ ਹੋਈ ਅਤੇ ਉਹਨਾਂ ਦੀ ਪੁੱਤਰੀ ਭਾਵ ਭਾਈ ਦਿੱਤ ਸਿੰਘ ਗਿਆਨੀ ਦੀ ਪੋਤਰੀ ਊਸ਼ਾ ਰਾਣੀ ਸ਼ੇਰ ਸ੍ਰੀ ਐਸ. ਕੇ. ਲੱਖਨਪਾਲ ਨਾਲ ਵਿਆਹੀ ਹੋਈ ਹੈ ਜਿਸ ਦਾ ਜਨਮ ੩੧-੧੦-੧੯੩੫ ਈ: ਨੂੰ ਲਾਹੌਰ

ਵਿਖੇ ਹੋਇਆ ਸੀ, ਉਹ ਐਮ. ਏ. ਬੀ. ਟੀ. ਅਤੇ ਸੰਗੀਤ ਸ਼ਾਸਤਰੀ ਹੈ ਜਿਸ ਨੇ ਦੋ ਸਾਲ ਏਅਰ ਫੋਰਸ ਸਕੂਲ, ਅੰਬਾਲਾ ਵਿਖੇ ਸੰਗੀਤ ਅਧਿਆਪਕਾ ਦੀ ਨੌਕਰੀ ਕੀਤੀ ਸੀ। ਅੱਜ ਕੱਲ੍ਹ ਉਸ ਦਾ ਪਰਿਵਾਰ (ਲੜਕੀ, ਲੜਕਾ, ਦੋ ਪੋਤਰੇ ਅਤੇ ਨੂੰਹ ਸਸਕਾਟੂਨ ਸ਼ਹਿਰ, ਕੈਨੇਡਾ ਵਿਖੇ ਰਹਿ ਰਹੇ ਹਨ।

ਗਿਆਨੀ ਜੀ ਪ੍ਰਬੁੱਧ ਨੀਤੀਵਾਨ, ਸਮਾਜ ਸੁਧਾਰਕ, ਨਿਸ਼ਕਾਮ ਸੇਵਾ ਦੇ ਪੁੰਜ ਜਿੰਨਾ ਨੇ ਮਿਸ਼ਨਰੀ ਉਤਸ਼ਾਹ ਨਾਲ ਸਿੱਖਾਂ ਦੇ ਮਨ ਨੂੰ ਮੱਧਕਾਲੀ ਹਨੇਰ ਬਿਰਤੀ ਦੇ ਸਾਹਿਤ ਵਿੱਚੋਂ ਕੱਢਕੇ ਆਧੁਨਿਕ ਸਾਹਿਤ ਦੇ ਨਵੇਂ ਚਾਨਣ ਵਿੱਚ ਲਿਆਂਦਾ ਸੀ। ਉਹਨਾਂ ਨੇ ਉਰਦੂ, ਫਾਰਸੀ, ਬ੍ਰਿਜ ਭਾਸ਼ਾ ਅਤੇ ਹਿੰਦੀ ਦੇ ਅਸਰ ਨੂੰ ਘਟਾਉਣ ਲਈ ਪੰਜਾਬੀ ਸਾਹਿਤ ਰੱਚਕੇ ਮਹਾਨ ਅਤੇ ਅਗਾਂਹਵਧੂ ਕੰਮ ਕੀਤਾ। ਉਹ ਵਿੱਦਿਆ ਦੇ ਸੂਰਜ ਸਨ ਜਿਸ ਦੇ ਪ੍ਰਕਾਸ਼ ਨੂੰ ਇੱਕ ਕਾਲੀ ਬਦਲੀ ਨੇ ੬ ਸਤੰਬਰ, ੧੯੦੧ ਈਃ ਨੂੰ ਸਦੀਵੀ ਤੌਰ ਉਤੇ ਘੇਰ ਲਿਆ ਸੀ। ਇਹ ਵਿਡੰਬਨਾਂ ਸੀ ਕਿ ਜੋ ਮਨੁੱਖ ਆਪਣੇ ਆਪ ਵਿੱਚ ਇੱਕ ਯਾਦਗਾਰੀ ਸੰਸਥਾ ਸਨ, ਅਕਾਲ ਚਲਾਣੇ ਤੋਂ ਬਾਅਦ ਉਹ ਕੇਵਲ ਯਾਦ ਬਣਕੇ ਹੀ ਰਹਿ ਗਏ ਹਨ।

ਨੌਂ ਸਾਲਾਂ ਦੀ ਘਾਲਣਾ ਨਾਲ ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਜੀ ਦਾ ਅਨਮੋਲ ਅਤੇ ਦੁਰਲੱਭ ੪੨ ਕ੍ਰਿਤਾਂ ਦਾ ਖਜ਼ਾਨਾ ਲੱਭਣ ਲਈ ਅਨੇਕਾਂ ਮੁਸੀਬਤਾਂ ਝੱਲਣੀਆਂ ਪਈਆਂ। ਭਾਰਤ ਦੇ ਕਈ ਦੂਰ-ਦੁਰਾਡੇ, ਰੋਹੀ ਅਤੇ ਬੀਆਬਾਨ ਇਲਾਕਿਆਂ ਵਿੱਚ ਘੁੰਮਿਆ, ਕਈ ਵਾਰੀ ਰੋਟੀ ਅਤੇ ਪਾਣੀ ਦੀ ਤੋਟ ਆਈ, ਕਈ ਵਾਰੀ ਰਾਤਾਂ ਕੱਟਣ ਦੀਆਂ ਪ੍ਰੇਸ਼ਾਨੀਆਂ ਆਈਆਂ ਪ੍ਰੰਤੂ ਕਿਸੇ ਕਿਸਮ ਦੀ ਪਰਵਾਹ ਕੀਤੇ ਬਿਨ੍ਹਾਂ ਸੰਕਲਪੇ ਮਨੋਰਥ ਦੀ ਪ੍ਰਾਪਤੀ ਲਈ ਕੱਦਮ ਅੱਗੇ-2 ਹੀ ਪੁੱਟਦਾ ਗਿਆ ਅਤੇ ਲਕਸ਼ ਪਾਉਂਣ ਦੀ ਦਿਸ਼ਾ ਵਿੱਚ ਦਿਨ-ਰਾਤ ਕੋਸ਼ਸ ਕਰਦਾ ਰਿਹਾ। ਇਹ ਵੀ ਸਮਝ ਗਿਆ ਕਿ ਸੱਚ ਦੇ ਪ੍ਰਭਾਵ ਨੂੰ ਕੋਈ ਨਹੀਂ ਰੋਕ ਸਕਦਾ ਚਾਹੇ ਕਿੰਨਾ ਵੀ ਵੱਡਾ ਹੋਵੇ, ਉਹ ਪਾਰ ਕਰ ਹੀ ਜਾਂਦਾ ਹੈ। ਮਾਨਸਕ ਸ਼ਕਤੀ ਜੋ ਕੰਮ ਚਾਹੇ ਪੂਰਾ ਕਰਨ ਤੋਂ ਪਿਛੇ ਨਹੀਂ ਹੱਟਦੀ। ਅਜਿਹਾ ਕਰਨਾ ਲੋੜੀਂਦੇ ਨੂੰ ਭੁੱਲਣ ਅਤੇ ਭੁੱਲੇ ਨੂੰ ਯਾਦ ਕਰਨ ਨਾਲ ਹੁੰਦਾ ਹੈ।

ਮੈਂ, ਸ੍ਰਃ ਨਸੀਬ ਸਿੰਘ ਸੇਵਕ, ਪ੍ਰਧਾਨ ਗਿਆਨੀ ਦਿੱਤ ਸਿੰਘ ਮੈਮੋਰੀਅਲ ਇੰਟਰਨੈਸ਼ਨਲ ਸੁਸਾਇਟੀ (ਰਜਿਃ) ਕਜੇਹੜੀ (ਚੰਡੀਗੜ੍ਹ) ਦਾ ਅਤਿ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਰਚਨਾਵਲੀ ਦੀ ਲੜੀ ਦੇ ਸੋਲ੍ਹਵੇਂ ਭਾਗ ਵਿੱਚ ਸ਼ਾਮਲ ਕੀਤੀ ਗਈ ਪੁਸਤਕ 'ਦੁਰਗਾ

ਪ੍ਰਬੋਧ' ਦੀ ਦੂਜੀ ਛਾਪ ਸੰਨ ੨੦੦੨ ਈ: ਪ੍ਰਸੰਨਤਾ ਨਾਲ ਦਿੱਤੀ ਸੀ।

ਮੈਂ, ਸਰਦਾਰ ਸੂਰਜਨ ਸਿੰਘ ਜੱਸਲ, ਚੰਡੀਗੜ੍ਹ ਦਾ ਅਤਿ ਆਭਾਰੀ ਹਾਂ ਜਿਨਾਂ ਨੇ 'ਛੂਤ-ਛਾਤ ਜਥੇਬੰਦ ਯਤਨ' ਪੁਸਤਕਾਂ ਦੀ ਕਾਪੀ ਪੰਜਾਬ ਡਿਜ਼ਟਲ ਲਾਇਬ੍ਰੇਰੀ ਤੋਂ ਇੰਟਰਨੈੱਟ ਰਾਹੀਂ ਲੱਭ ਕੇ ਦਿੱਤੀ ਹੈ।

ਮੈ, ਭਾਈ ਦਿੱਤ ਸਿੰਘ ਗਿਆਨੀ ਮੈਮੋਰੀਅਲ ਚੈਰੀਟੇਬਲ ਟਰੱਸਟ (ਰਜਿ:) ਦੇ ਸਮੂਹ ਮੈਂਬਰਾਂ ਦਾ ਵੀ ਆਭਾਰੀ ਹਾਂ ਜਿਨ੍ਹਾਂ ਦੇ ਸਹਿਯੋਗ ਨਾਲ ਇਸ ਰਚਨਾਵਲੀ ਦੇ ਅੰਤਮ ਭਾਗ ਸੋਲ੍ਹਵਾਂ ਸੰਪਾਦਤ ਅਤੇ ਪ੍ਰਕਾਸ਼ਕ ਕਰਨ ਵਿੱਚ ਕਾਮਯਾਬ ਹੋਇਆ ਹਾਂ।


ਮੈਂ, ਆਪਣੇ ਸਮੂਹ ਪ੍ਰੀਵਾਰ ਦੇ ਮੈਂਬਰ ਮੇਰੀ ਪਤਨੀ ਸ੍ਰੀਮਤੀ ਜਾਗੀਰ ਕੌਰ, ਪੁੱਤਰ ਡਾ. ਜਸਬੀਰ ਸਿੰਘ, ਸਹਾਇਕ ਪ੍ਰੋ: ਮੈਡੀਕਲ ਕਾਲਜ, ਪਟਿਆਲਾ, ਪੁੱਤਰ ਇੰਜ: ਸੁਖਬੀਰ ਸਿੰਘ, ਡਾਇਰੈਕਟਰ ਟੈਲੀਕੋਮ, ਨਵੀਂ ਦਿੱਲੀ ਅਤੇ ਪੁੱਤਰੀ ਡਾ: ਬਲਜੀਤ ਕੌਰ ਸੀਨੀਅਰ ਮੈਡੀਕਲ ਅਫ਼ਸਰ, ਮਾਨਸਾ, ਦੋ ਨੂਹਾਂ ਸ੍ਰੀਮਤੀ ਸੁਖਬੀਰ ਕੌਰ, ਲੈਕਚਰਾਰ ਅਤੇ ਇੰਜ: ਇੰਦਰਜੀਤ ਕੌਰ ਸੁਪਰਡੰਟ ਇੰਜ: ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਜਿਨ੍ਹਾਂ ਦੇ ਉਤਸ਼ਾਹ ਅਤੇ ਪ੍ਰੇਰਣਾ ਨਾਲ 'ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ ਭਾਗ ਪਹਿਲਾਂ ਤੋਂ ਸੋਲ੍ਹਵਾਂ' ਸੰਪਾਦਤ ਅਤੇ ਪ੍ਰਕਾਸ਼ਤ ਕਰਨ ਉਪਰੰਤ ਮੁਫ਼ਤ ਵੰਡਣ ਵਿੱਚ ਸਫ਼ਲਤਾ ਪ੍ਰਾਪਤ ਕੀਤੀ ਹੈ।

ਅੰਤ ਵਿੱਚ ਮੈਂ ਤਾਂ ਇਹ ਸਮਝਦਾ ਹਾਂ ਕਿ ਪ੍ਰਮਾਤਮਾ ਨੇ ਮੇਰੇ ਜਿਹੇ ਗਰੀਬ ਲੇਖਕ ਪਾਸੋਂ ਇਹ ਸੇਵਾ ਆਪ ਹੀ ਸਮਰੱਥਾ ਦੇਕੇ ਕਰਵਾਈ ਹੈ। ਨਹੀਂ ਤਾਂ ਪਿੰਡ ਦੇ ਗਰੀਬ ਮਜਦੂਰ ਦੇ ਘਰ ਜੰਮਿਆ, ਜੋ ਤੰਗੀਆਂ-ਤੁਰਸੀਆਂ ਵਿੱਚ ਪਲ੍ਹਿਆ ਅਤੇ ਪੜ੍ਹਿਆ ਇੰਨੀ ਵੱਡੀ ਘਾਲਣਾ ਕਿਵੇਂ ਕਰ ਸਕਦਾ ਹੈ? ਪ੍ਰਮਾਤਮਾ ਦੀ ਮਿਹਰ ਸੱਦਕਾ 'ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ ਭਾਗ ਪਹਿਲਾ ਤੋਂ ਸੋਲ੍ਹਵਾਂ' ਦਾ ਯੱਗ ਨਿਰਵਿਘਨ ਸੰਪੰਨ ਹੋਇਆ ਹੈ। ਇਸ ਨਿਮਾਣੇ ਜਿਹੇ ਉੱਦਮ ਨਾਲ ਸਿੱਖ ਧਰਮ ਦੇ ਮਹਾਨ ਵਿਦਵਾਨ ਦੀਆਂ ਪੁਰਾਤਨ ੭੨ ਵਿੱਚੋਂ ੪੨ ਕ੍ਰਿਤਾਂ ਆਮ ਲੋਕਾਂ ਤੱਕ ਪੁਨਰ ਰੂਪ ਵਿੱਚ ਉਪਲੱਬਧ ਹੋ ਜਾਣਗੀਆਂ ਜਿਨ੍ਹਾਂ ਤੋਂ ਲਾਭ ਉਠਾਇਆ ਜਾ ਸਕਦਾ ਹੈ। ਰਚਨਾਵਲੀ ਦੇ ਸੋਲ੍ਹਾਂ ਭਾਗਾਂ ਵਿੱਚ ਉਹਨਾਂ ਦੇ ਕਾਵਿ, ਵਾਰਤਕ ਅਤੇ ਚਿੰਤਨ ਦੀ ਮੁੱਖ ਪਛਾਣ ਨੂੰ ਰੇਖਾਂਕਿਤ ਕੀਤਾ ਗਿਆ ਹੈ।

ਮਿਤੀ: ੫ ਅਕਤੂਬਰ, ੨੦੧੧ ਈ: (ਪ੍ਰੀਤਮ ਸਿੰਘ ਐਮ.ਏ.)
ਸਥਾਨ : ਐਸ.ਏ.ਐਸ. ਨਗਰ (ਮੋਹਾਲੀ) ਸੰਪਾਦਕ ਅਤੇ ਪ੍ਰਕਾਸ਼ਕ

ੴ ਵਾਹਿਗੁਰੂ ਜੀ ਕੀ ਫ਼ਤਹਿ॥

# ੪੧ ਦੁਰਗਾ ਪ੍ਰਬੋਧ



## ਕ੍ਰਿਤ
## ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ

ਪੁਨਰ ਛਾਪ

**ਸੰਨ : ਦਸੰਬਰ, ੨੦੧੧ ਈ:**

ਸੰਪਾਦਕ ਅਤੇ ਪ੍ਰਕਾਸ਼ਕ

**ਪ੍ਰੀਤਮ ਸਿੰਘ ਐਮ.ਏ.**

# 'ਦੁਰਗਾ ਪ੍ਰਬੋਧ' ਬਾਰੇ

ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਜੀ ਦੀ ਇਹ ਮਹਾਨ ਰਚਨਾ 'ਦੁਰਗਾ ਪ੍ਰਬੋਧ' ਅੰਤਮ ਸਮੇਂ ਦੀ ਕ੍ਰਿਤ ਹੈ।

ਇਸ ਪੁਸਤਕ ਦਾ ਰਚਨਾ ਕਾਲ ਦਿਨ ਸ਼ਨੀਵਾਰ ਮਿਤੀ ੧੨ ਅਗਸਤ, ੧੮੯੯ ਈ: ਹੈ। ਇਸ ਪੁਸਤਕ ਦੀ ਪਹਿਲੀ ਛਾਪ ਤਾਂ ਉਪਲਬੱਧ ਨਹੀਂ ਹੈ ਪਰੰਤੂ ਦੂਜੀ ਛਾਪ ਸੰਨ ੨੦੦੨ ਈ: ਵਿੱਚ 'ਸਿੱਖ ਲਹਿਰ (ਅਮਰੀਕਾ)' ਦੀ ਵਿਤੀ ਸਹਾਇਤਾ (੭੫੦੦੦/- ਰੁ:) ਨਾਲ ਗਿਆਨੀ ਦਿੱਤ ਸਿੰਘ ਮੈਮੋਰੀਅਲ ਇੰਟਰਨੈਸ਼ਨਲ ਸੁਸਾਇਟੀ, ਕਜੇਹੜੀ) ਚੰਡੀਗੜ੍ਹ ਅਤੇ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਪੰਜਾਬੀ ਬਾਗ ਜੱਵਦੀ (ਲੁਧਿਆਣਾ) ਵਲੋਂ ਛਪਵਾਈ ਗਈ ਸੀ। ਕੀਮਤ ੧੨੫ ਰੁ: ਸੀ। ਇਸ ਪੁਸਤਕ ਦੇ ਪੰਨੇ ੨੬੧ ਹਨ। ਇਸ ਪੁਸਤਕ ਵਿੱਚ ੧੩੭੯ ਦੋਹਿਰੇ/ਕਬਿੱਤ, ਚੌਪਈ, ਦਵੈਯਾ, ਸਵੈਯਾ, ਗੀਆ ਛੰਦ, ਰਸਾਵਲ ਅਤੇ ਤ੍ਰਿਭੰਗੀ ਛੰਦ ਆਦਿ ਹਨ। ਪੁਸੰਤਕ ਦੇ ਛੇ ਹਿਸੇ ਹਨ, ਪਹਿਲੇ ਵਿੱਚ ੧-੨੪੧, ਦੂਜੇ ਵਿੱਚ ੧-੧੭੬, ਤੀਜੇ ਵਿੱਚ ੧-੩੨੨, ਚੌਥੇ ਵਿੱਚ ੧-੧੦੨, ਪੰਜਵੇਂ ਵਿੱਚ ੧-੯੪ ਅਤੇ ਛੇਵੇਂ ਹਿੱਸੇ ਦਸਮ ਗ੍ਰੰਥ ਵਿੱਚ ਦੇਵੀ ਪੂਜਨ ਵਿੱਚ ੧-੪੪੪ ਦੋਹਿਰੇ ਆਦਿ ਹਨ। ਹੁਣ ਇਹ ਪੁਸਤਕ ੨੯੦ ਪੰਨਿਆਂ ਵਿੱਚ ਸਮੋਈ ਹੋਈ ਹੈ।

ਗਿਆਨੀ ਜੀ ਨੇ ਇਸ ਪੁਸਤਕ ਵਿੱਚ ਪੁਰਾਣਿਕ ਕਥਾ ਸਤੀ (ਪਾਰਬਤੀ) ਦਕਸ਼ ਰਿਸ਼ੀ ਦੀ ਪੁੱਤਰੀ ਜੋ ਸ਼ਿਵਜੀ ਨਾਲ ਵਿਆਹੀ ਸੀ। ਯੱਗ ਸਮੇਂ ਪਿਤਾ ਨੇ ਕੇਵਲ ਸਤੀ ਨੂੰ ਹੀ ਸੱਦਿਆ। ਸ਼ਿਵਜੀ ਨੂੰ ਨਾ ਬੁਲਾਇਆ ਤਾਂ ਅਪਮਾਨ ਸਮਝਕੇ ਸਤੀ ਨੇ ਯੱਗ ਕੁੰਡ ਵਿੱਚ ਛਾਲ ਮਾਰ ਦਿੱਤੀ। ਸ਼ਿਵਜੀ ਨੇ ਯੱਗ ਨਸ਼ਟ ਕਰ ਦਿੱਤਾ। ਸਤੀ ਦੀ ਲੋਥ ਨੂੰ ਮੋਢਿਆਂ ਉਤੇ ਚੁੱਕਕੇ ਸ਼ਿਵਜੀ ਤਾਂਡਵ ਨਾਚ ਨੱਚਣ ਲਗਾ ਤਾਂ ਵਿਸ਼ਨੂੰ ਨੇ ਸੁਦਰਸ਼ਨ ਚੱਕਰ ਨਾਲ ਲੋਥ ਦੇ ੫੧ ਟੋਟੇ ਕਰ ਦਿਤੇ ਜਿਥੇ ੨ ਡਿੱਗੇ ਉਥੇ ੨ ਦੇਵੀਆਂ ਦੇ ਮੰਦਰ ਬਣ ਗਏ ਜਿਵੇਂ ਜਵਾਲਾ ਮੁਖੀ, ਨੈਣਾਂ ਦੇਵੀ, ਆਦਿਕ। ਤੈਤ੍ਰ ਚੂੜਾਮਣੀ ਗ੍ਰੰਥ ਅਨੁਸਾਰ ਸਤੀ ਦੇ ੫੧ ਅੰਗਾਂ ਦੀ ਥਾਂ ੫੧ ਦੇਵੀ ਪੀਠ ਬਣ ਗਏ। ਗਿਆਨੀ ਜੀ ਨੇ ਇਸ ਦਾ ਖੰਡਨ ਕੀਤਾ ਹੈ।

ਇਸ ਪੁਸਤਕ ਵਿੱਚ ਇਹ ਵੀ ਸਿੱਧ ਕੀਤਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇਵੀ ਪੂਜਕ ਨਹੀਂ ਸਨ। ਉਹਨਾਂ ਨੇ ਦੇਵੀ ਪੂਜਾ ਨਹੀਂ ਕੀਤੀ। ਆਪ ਜੀ ਨੇ ਇਹ ਵੀ ਸਾਬਤ ਕੀਤਾ ਹੈ ਕਿ ਇਹ ਦੇਵੀਆਂ ਰਾਜਪੂਤਾਂ ਦੀਆਂ ਰਾਜਕੁਮਾਰੀਆਂ ਸਨ ਜੋ ਮਰ-ਹੱਟਿਆਂ ਤੋਂ ਤੰਗ ਆਕੇ ਪਹਾੜਾਂ ਵਿੱਚ ਛੁੱਪ ਗਈਆਂ। ਇਥੇ ਵੀ ਰਾਜਕੁਮਾਰੀਆਂ ਬਹਾਦਰੀ ਨਾਲ ਲੜੀਆਂ ਸਨ ਜਿਸ ਕਰਕੇ ਸਮਾਂ ਪਾਕੇ ਲੋਕ ਉਹਨਾਂ ਨੂੰ ਬਤੌਰ ਦੇਵੀਆਂ ਪੂਜਣ ਲਗ ਪਏ ਸਨ।

ਸਿੱਖਾਂ ਨੂੰ 'ਬ੍ਰਾਹਮਣਵਾਦ' ਦੀ ਦਲ ਦਲ ਵਿਚੋਂ ਕੱਢਣ ਲਈ ਸਭ ਤੋਂ ਵੱਧ ਯੋਗਦਾਨ ਨੀਂਵੀਂ ਜਾਤ ਵਿੱਚੋਂ ਪੈਦਾ ਹੋਏ ਗਰੀਬ ਪ੍ਰੀਵਾਰ ਨਾਲ ਸਬੰਧਤ, ਗੁਰੂ ਚਰਨਾਂ ਦੇ ਭੌਰੇ, ਸਿੱਖੀ ਦੀ ਚੜ੍ਹਦੀ ਕਲਾ ਲਈ ਤਨ, ਮਨ, ਧਨ ਵਾਰਨ ਵਾਲੇ ਕਲਮ ਦੇ ਧਨੀ, ਧਰਮ ਚਰਚਾ ਦੇ ਮਾਹਰ, ਗੁਰਮਤਿ ਗਿਆਨ ਨਾਲ ਓਤ-ਪੋਤ ਗੁਰੂ ਸਵਾਂਰੇ ਭਾਈ ਦਿੱਤ ਸਿੰਘ ਗਿਆਨੀ ਜੀ ਨੇ ਪਾਇਆ ਹੈ। ਆਪ ਜੀ ਨੇ ਗੁਰੂ-ਡੰਮ੍ਹ, ਸੰਤ ਡੰਮ੍ਹ, ਜਾਤ-ਪਾਤ ਦੇ ਹਾਮੀਆਂ, ਬ੍ਰਾਹਮਣੀ ਰਸਮਾਂ-ਰੀਤਾਂ ਕਰਨ ਵਾਲਿਆਂ ਵਿਰੁੱਧ ਧਰਮ-ਯੁੱਧ ਛੇੜਿਆ ਸੀ। ਆਪ ਨੇ ਧਰਮ-ਪ੍ਰਚਾਰ ਦਾ ਢੰਗ ਗੁਰਬਾਣੀ ਵਿਚਾਰ, ਧਾਰਮਕ ਗੋਸ਼ਟੀਆਂ ਅਤੇ ਧਾਰਮਕ ਸਾਹਿਤ ਦੀ ਰਚਨਾ ਰਾਹੀਂ ਵਰਤਿਆ ਸੀ। ਇਸ ਪੁਸਤਕ ਰਾਹੀਂ ਦੁਰਗਾ-ਪੂਜਕਾਂ ਦੇ ਬਖੀਏ ਉਧੇੜੇ ਸਨ।

ਭਾਈ ਦਿੱਤ ਸਿੰਘ ਗਿਆਨੀ ਜੀ ਨੇ ਬੋਲਕੇ ਅਤੇ ਲਿਖਕੇ ਦੋਹਾਂ ਰੂਪਾਂ ਵਿੱਚ ਦੇਵੀ ਪੂਜਾ ਦਾ ਡੱਟ ਕੇ ਵਿਰੋਧ ਕੀਤਾ ਸੀ। ਅਨੇਕਾਂ ਦੇਵੀ ਪੂਜਕਾਂ ਨਾਲ ਵਿਚਾਰ ਚਰਚਾ ਕਰਕੇ ਉਹਨਾਂ ਨੂੰ ਨਿਰ-ਉੱਤਰ ਕੀਤਾ ਸੀ। ਇਸ ਮਹਾਨ ਰਚਨਾ ਨੇ ਭਰਮ ਅਤੇ ਅਗਿਆਨ ਨੂੰ ਦੂਰ ਕੀਤਾ ਸੀ ਅਤੇ ਦੇਵੀ ਪੂਜਾ ਦੇ ਪਖੰਡ ਖੰਡਨ ਲਈ ਇਹ ਪੁਸਤਕ ਦੀ ਰਚਨਾ ਕੀਤੀ ਸੀ। ਇਸ ਦੁਆਰਾ ਕਥਿਤ ਸਿਖ-ਸਾਖੀਕਾਰਾਂ ਦੇ ਪਾਏ ਹੋਏ ਭੁਲੇਖਿਆਂ ਨੂੰ ਤਾਰ-ਤਾਰ ਕਰਕੇ ਰੱਖ ਦਿੱਤਾ।

ਗਿਆਨੀ ਜੀ ਨੇ ਇਸ ਪੁਸਤਕ ਵਿੱਚ ਦੁਰਗਾ ਭਗਤ ਅਤੇ ਤੱਤ ਖਾਲਸਾ ਦੇ ਪਾਤਰਾਂ ਦੇ ਰੂਪ ਵਿੱਚ ਉਹਨਾਂ ਦੇ ਸੁਆਲ ਜੁਆਬ ਕਰਾਉਂਦੇ ਹਨ। ਦੁਰਗਾ ਭਗਤ ਦੇ ਸੁਆਲ ਦਾ ਤੱਸਲੀਬਖਸ਼ ਜੁਆਬ ਦੇਣ, ਲਈ ਅਨੇਕ ਥਾਵਾ ਉੱਤੇ 'ਸ੍ਰੀ ਗੁਰੂ ਗ੍ਰੰਥ ਦੀ

ਬਾਣੀ ਅਤੇ ਦਸਵੇਂ ਪਾਤਸ਼ਾਹ ਜੀ ਦੀ ਬਾਣੀ' ਵਿਚੋਂ ਪ੍ਰਮਾਣ ਦਿੱਤੇ ਹਨ। ਪੁਸਤਕ ਦੇ ਅਖੀਰ ਵਿੱਚ ਜਦੋਂ ਦੁਰਗਾ ਭਗਤ ਦੇ ਸਾਰੇ ਸ਼ੰਕੇ ਦੂਰ ਹੋ ਜਾਂਦੇ ਹਨ ਤਾਂ ਫਿਰ ਗਿਆਨੀ ਜੀ ਇਹ ਕਹਿੰਦੇ ਹਨ:-

**ਦੋਹਿਰਾ**

"ਮੇਰਾ ਸਿਰ ਭੀ ਖਪ ਗਿਆ ਮੱਤੀ ਦੇਂਦੇ ਤੁੱਧ।
ਪਰ ਤੈਂ ਮੰਨੀ ਇੱਕ ਨਹਿੰ ਨਮਦਾ ਤੇਰੀ ਬੁੱਧ।੩੭੬।
ਤਾਂ ਤੇ ਹੁਣ ਭੀ ਦੱਸ ਦੇ ਰਹੀ ਕਸਰ ਜੇ ਹੋਰ।
ਮੈਂ ਤਾਂ ਥੱਕਾ ਲਾਇ ਹਾਂ ਤੇਰੇ ਪਰ ਸਭ ਜੋਰ।੩੭੭।
ਤੱਤ ਖਾਲਸਾ ਦੀ ਇਹ ਗੱਲ ਸੁਣਕੇ ਦੁਰਗਾ ਭਗਤ ਬੋਲਦਾ ਹੈ:-
ਹੁਣ ਦੁਰਗਾ ਦਾ ਭਗਤ ਮੈਂ ਰਿਹਾ ਨਹੀਂ ਹਾਂ ਮੂਲ।
ਗੁਰਮਤ ਮੇਰੇ ਵਾਸਤੇ ਲਗਦਾ ਹੈ ਅਨਕੂਲ।੩੭੯।
ਤਾਂ ਤੇ ਦੁਰਗਾ ਭਗਤ ਨਾ ਮੈਨੂੰ ਅਗੋਂ ਭਾਖ।
ਦਸਮ ਗੁਰੂ ਦਾ ਸਿੰਘ ਹੁਣ ਅਪਨੇ ਮੁੱਖ ਤੇ ਆਖ।੩੮੦।

ਗਿਆਨੀ ਜੀ ਤੱਤ ਖਾਲਸਾ ਦੇ ਰੂਪ ਵਿੱਚ ਸਿੰਘਾਂ ਨੂੰ ਉਪਦੇਸ਼ ਦਿੰਦੇ ਹਨ ਅਤੇ ਸਿੱਖੀ ਸਿਧਾਂਤਾਂ ਉਤੇ ਚਲਣ ਲਈ ਆਖਦੇ ਹਨ:-

**ਦਵੈਯਾ**

"ਜੇ ਪ੍ਰਮੇਸ਼ਰ ਨੇ ਹੈ ਦਿਤੀ ਤੈਨੂੰ ਧਨ ਤੋਂ ਤੰਗੀ।
ਨਾਲ ਸਿਦਕ ਸੰਤੋਖ ਰੱਖਨਾ ਖੋਕਰ ਧਰਮ ਨ ਮੰਗੀ।
ਨੰਗ ਭੁੱਖ ਅਰ ਦੁੱਖ ਸੁੱਖ ਮਹਿ ਨਿਸਚਾ ਨਾਹਿ ਡੁਲਾਂਈ।
ਜੋ ਕਰਤਾ ਵਲੋਂ ਹੈ ਮਿਲਯਾ ਸੋਈ ਪਹਿਨੀ ਖਾਈ।੩੮੭।
ਭਲਾ ਕਰੀਂ ਜੇ ਹੋਵੇ ਤੈਥੋਂ ਬੁਰਾ ਨ ਕਰਨਾ ਰੱਤੀ।
ਭੁੱਲ ਕਦੇ ਭੀ ਸਾਥ ਨ ਕਰਨਾ ਜਾਣੇ ਜਿਸੇ ਕੁਮੱਤੀ।
ਮੁੱਖ ਤੇ ਕਹੇਂ ਬਚਨ ਪਰ ਪਾਲਨ ਚੰਗਾ ਕਰਕੇ ਦੱਸੀ।
ਵਾਂਗ ਊਠ ਦੇ ਲੇਡੇ ਮੂੰਹੋਂ ਬਚਨ ਸੁੱਟ ਨਹਿ ਨੱਸੀ।੩੮੮।
ਨਿੰਦਾ ਚੁਗਲੀ ਅਤੇ ਬਖੀਲੀ ਵਿੱਚ ਇਮਾਨਤ ਖਯਾਨਤ।

ਕਰਨੇ ਮਹਾਂ ਪਾਪ ਮਨ ਸਮਝੀ ਚੰਗੀ ਰੱਖ ਦਿਆਨਤ।
ਸਦਾ ਪੰਥ ਦੀ ਕਰੀਂ ਉਨਤੀ ਜਿਥੋਂ ਤੱਕ ਬਨ ਆਏ।
ਬੁਰੇ ਕਰਮ ਤੇ ਹੱਟਕੇ ਰਹਨਾ ਜਿਤਨਾ ਪਾਰ ਵਸਾਏ।੩੯੯।

ਗਿਆਨੀ ਜੀ ਨੇ ਕਲਗੀਧਰ ਦਸਮੇਂ ਗੁਰੂ ਗੋਬਿੰਦ ਸਿੰਘ ਜੀ ਦੀ ਓਟ ਅਤੇ ਸਹਾਰਾ ਲੈਕੇ 'ਦੁਰਗਾ ਪ੍ਰਬੋਧ' ਪੁਸਤਕ ਦੀ ਰਚਨਾ ਅਰੰਭ ਕੀਤੀ ਸੀ। ਇਸ ਗੱਲ ਦੀ ਪੁਸ਼ਟੀ ਇਸ ਪੁਸਤਕ ਦੇ ਅਰੰਭ ਵਿੱਚ ਦਿੱਤੇ ਦੋਹਿਰਾ ਤੋਂ ਪ੍ਰਗਟ ਹੁੰਦੀ ਹੈ:-

ਦੋਹਿਰਾ

"ਕਲਗੀਧਰ ਦਸਮੇਂ ਗੁਰੂ ਕੀਜੈ ਮੋਹਿ ਸਹਾਯ॥
ਰਚੋ ਗ੍ਰੰਥ ਦੁਰਗਾ ਦਮਨ ਸਗਲ ਪੰਥ ਸੁਖ ਪਾਯ॥੧॥

ਪੁਸਤਕ ਦੇ ਅੰਤਲੇ ਪੰਨੇ ੨੯੧ ਉਤੇ ਦਿੱਤੇ ਕਬਿੱਤ ੪੪੩ ਵਿੱਚ ਗਿਆਨੀ ਜੀ ਨੇ ਪੁਸਤਕ ਦੇ ਸੰਪੰਨ ਹੋਣ ਦੀ ਮਿਤੀ, ਦਿਨ, ਮਹੀਨਾ ਅਤੇ ਸੰਨ ਸਪਸ਼ਟ ਲਿਖ ਦਿੱਤਾ ਹੈ ਜਿਵੇਂਕਿ

ਕਬਿੱਤ

"ਉਨੀ ਸੌ ਛਿਪੰਜਾ ਸਾਲ ਬਿਕ੍ਰਮੀ ਪਛਾਨ
ਮਨ ਸਾਵਨ ਉਨੱਤੀ ਦਿਨ ਸ਼ਨੀ ਕੋ ਉਚਾਰੀਏ।
ਛਨੀ ਥਿਤ ਚਾਂਦਨੀ ਮੈਂ ਪਾਂਚ ਬਜੇ ਸੰਧਿਆ
ਕੋ ਪੂਰਨ ਗ੍ਰੰਥ ਇਹ ਭਇਆ ਸੁਖ ਸਾਰੀਏ।
ਅਠਾਰਾਂ ਸੈ ਨੜਿਨਵੇਂ ਥਾ ਸਾਲ ਈਸਵੀ ਦਾ
ਬਾਰਾਂ ਹੀ ਤਾਰੀਖ ਲੈ ਅਗਸਤ ਦੀ ਵਿਚਾਰੀਏ।
ਗੁਰ ਕੀ ਕ੍ਰਿਪਾ ਤੇ ਇਹ ਕਾਰਜ ਹੈ ਸਿੱਧ ਭਇਆ
ਦਿੱਤ ਸਿੰਘ ਜਾਵਾ ਸਦਾ ਤਿਨੋ ਬਲਿਹਾਰੀਏ।੪੪੩॥

ਪ੍ਰੀਤਮ ਸਿੰਘ ਐਮ.ਏ.
ਸੰਪਾਦਕ ਅਤੇ ਪ੍ਰਕਾਸ਼ਕ

## ੧ਓ ਵਾਹਿਗੁਰੂ ਜੀ ਕੀ ਫ਼ਤਹਿ॥

# ਦੁਰਗਾ ਪ੍ਰਬੋਧ

### ਦੋਹਿਰਾ

ਕਲਗੀਧਰ ਦਸਮੇਂ ਗੁਰੂ ਕੀਜੈ ਮੋਹਿ ਸਹਾਯ॥
ਰਚੇ ਗ੍ਰੰਥ ਦੁਰਗਾ ਦਮਨ ਸਗਲ ਪੰਥ ਸੁਖ ਪਾਯ॥੧॥

### ਸਵੈਯਾ

ਦਸਮੇਂ ਗੁਰੁ ਗੋਬਿੰਦ ਸਿੰਘ ਬਲੀ ਜਿਨ ਭਾਰਤ ਮੇਂ ਜਨ ਆਰਤ ਤਾਰੇ॥ ਧਰ ਬਾਨ ਕਮਾਨ ਭਲੇ ਕਰਮੈਂ ਧਰਮੈਂ ਦੁਰਜਾਨ ਕੇ ਮੂਲ ਉਖਾਰੇ॥ ਪੁਨ ਤੇਗ ਗਿਰਾ ਗਾਹਿ ਗਯਾਨ ਭਰੀ ਸਭ ਭੇਖ ਪਖੰਡਨ ਝੂੰਡ ਬਿਦਾਰੇ। ਅਸ ਦੀਨ ਦਿਆਲੁ ਗੁਰੂ ਪਰ ਕੇਤਕ ਲਾਵਤ ਹੈਂ ਜਨ ਦੋਖ ਕਰਾਰੇ।੨॥ ਬਹੁ ਗ੍ਰੰਥਨ ਕੇ ਕਰਤਾ ਮਨ ਭਾਵਤ ਲੈ ਬਤੀਆਂ ਤਿਨ ਭੀਤਰ ਰਾਖੀ। ਗੁਰੂ ਕੇ ਮਤ ਸੇ ਵਿਪਰੀਤ ਮਹਾਂ ਜਿਨ ਹੈਂ ਉਪਮਾਂ ਕਰਕੇ ਵਡ ਭਾਖੀ॥ ਵਹੁ ਊਪ ਬਿਆਜ ਸੁ ਨਿੰਦਾ ਭਈ ਵਿਦਵਾਨ ਨ ਸੱਤ ਕਹੈਂ ਅਸ ਸਾਖੀ। ਗੁਰੁ ਕੇ ਯਸ਼ ਦੂਧ ਵਿਖੇ ਜਿਨਨੇ ਜਨ ਡਾਲ ਦਈ ਫੜਕੇ ਯਹਿ ਮਾਖੀ॥੩॥

### ਦਵੈਯਾ

ਦੇਖੋ ਇਨ ਅਗਯਾਨੀ ਲੋਗਾਂ ਕੈਸਾ ਧੋਖਾ ਖਾਯਾ। ਅਕਾਲ ਪੁਰਖ ਦੇ ਪਿਆਰੇ ਗੁਰੂ ਨੂੰ ਦੁਰਗਾ ਪੂਜ ਬਨਾਯਾ। ਕਰਾਮਾਤ ਹਨ ਸਾਬਤ ਕਰਦੇ ਇਸ ਕਲਜੁਗ ਦੇ ਮਾਂਹੀਂ। ਸੁਨ ਸੁਨ ਮੂਰਖ ਰਾਜ਼ੀ ਹੁੰਦੇ ਗੁਰਮਤ ਦੇਖਨ ਨਾਹੀਂ॥੪॥ ਨਾਲ ਗੁਰੂ ਦੇ ਹੀ ਇਨ ਲੋਗਾਂ ਨਹੀਂ ਅਨਰਥ ਕਮਾਯਾ। ਦੇਖੋ ਈਸ਼੍ਵਰ ਨੂੰ ਭੀ ਫੜਕੇ ਕੱਛੂ ਮੱਛ ਬਨਾਯਾ॥ ਇਸ ਤੇ ਭੀ ਫਿਰ ਵਧਕੇ ਉਸ ਨੂੰ ਸੂਰ ਬਨਾਕੇ ਦਸਯਾ। ਪੱਥਰ ਜੂਨ ਪਾਇ ਫਿਰ ਆਖਨ ਘਰ ਤੁਲਸੀ ਲੈ ਵਸਯਾ॥੫॥ ਏਹੋ ਜੇਹੀ ਬੁੱਧੀ ਵਾਲੇ ਜੋ ਮੂਰਖ ਅਗਯਾਨੀ। ਕਯਾ ਸੀ ਦੂਰ ਉਨ੍ਹਾਂ ਤੇ ਪਿਆਰੇ, ਲਿਖਦੇ ਏਹੁ ਕਹਾਨੀ॥ ਪਰ ਦਸਮੇਂ ਗੁਰੁ ਧਰਮ ਧੁਜਾ ਦੇ ਜੀਵਨ ਚੰਦ ਮਝਾਰਾ। ਲਾਇਆ ਦਾਗ ਇਹੋ ਇੱਕ ਭਾਰਾ ਚਹੀਏ ਜਿਸੇ ਉਤਾਰਾ॥੬॥ ਤਾਂਤੇ ਮੈਂ ਹੁਣ ਸਾਰਾ ਕਿੱਸਾ ਐਥੇ ਪਰਗਟ ਕਰਸਾਂ। ਮੂਰਖ ਲੋਕਾਂ ਦੀ ਬਦਨਾਮੀ ਕੋਲੋਂ ਮੂਲ ਨ ਡਰਸਾਂ॥ ਗੁੱਦੜ ਵਿੱਚੋਂ ਲਾਲ ਨਿਕਾਲਨ ਬਾਤ ਬੁਰੀ ਨਹਿ ਕੋਈ। ਸੱਚ ਆਖਦਿਆਂ ਮੂਲ ਨ ਡਰੀਏ ਹੋਵੇ ਹੋਣੀ ਜੋਈ॥੭॥ ਬਹੁਤੇ ਸੱਚੇ ਪੁਰਖਾਂ ਨੂੰ ਫੜ ਲੋਗਾਂ ਮਾਰ ਮੁਕਾਯਾ। ਕਿਤਨੇ ਬੈਲਾਂ ਮਗਰ ਧੁਆਏ ਸੂਲੀ ਕਿਸੇ ਚੜ੍ਹਾਯਾ। ਕਈਆਂ ਨੂੰ ਚਾ ਗੋਤੇ ਦਿੱਤੇ ਨਦੀਆਂ ਦੇ ਵਿੱਚ ਫੜਕੇ। ਬਹੁਤੇ ਗੱਡੇ ਧਰਤੀ ਦੇ ਵਿੱਚ ਜੀਵੰਦੜੇ ਸਨ ਖੜਕੇ॥੮॥ ਫਿਰ ਕਯਾ ਦੋਸ਼ ਭਲਾ ਜੇ ਮੈਨੂੰ ਕਹਿਨ ਬੁਰਾ ਉਹ ਭਾਈ। ਜਿਨ ਈਸ਼੍ਵਰ, ਗੁਰੂ, ਭਗਤਾਂ ਨੂੰ ਭੀ ਲਾਈ ਹੈ ਬੁਰਿਆਈ॥ ਤਾਂਤੇ ਜੋ ਕੁਛ ਗੁਰ ਦੀ ਬਾਬਤ ਪਰਗਟ ਮਨ ਵਿਚ ਹੋਇਆ। ਲੋਕ ਲਾਜ ਦੇ ਪਿੱਛੇ ਮੈਂ ਨਾ ਚਾਹਾਂ ਉਸੈ ਲਕੋਇਆ॥੯॥

### ਦੋਹਿਰਾ

ਮੌਤੋਂ ਮੂਲ ਨ ਸੋ ਡਰੇ ਕਹਿ ਗਏ ਸਾਚ ਪੁਕਾਰ।
ਕਦਰ ਉਨ੍ਹਾਂ ਦੀ ਜਾਣਦਾ ਮਰਿਆਂ ਤੇ ਸੰਸਾਰ।।੧੦।।
ਸੋ ਭਾਰਤ ਹੈ ਜਾਨਦਾ ਡੁਬਦਾ ਲਿਆ ਉਬਾਰ।।੧੧।।
ਤਾਂਤੇ ਦੁਰਗਾ ਪੂਜਨਾਂ ਪੰਥ ਸਾਜਨੇ ਕਾਜ।
ਇਸ ਦਾ ਸਾਰਾ ਖੋਲ੍ਹਕੇ ਦਿਖਲਾਊਂ ਮੈਂ ਪਾਜ।।੧੨।।
ਆਦਿ ਗ੍ਰੰਥ ਅਰ ਦਸਮ ਗੁਰੁ ਸ੍ਰੀਮੁਖ ਵਾਕਨ ਦ੍ਵਾਰ।
ਖੰਡਨ ਕਰਾਂ ਬਨਾਇਕੇ ਉਕਤਿ ਯੁਕਤਿ ਅਨੁਸਾਰ।।੧੩।।

## ਦੁਰਗਾ ਭਗਤ

### ਦੋਹਿਰਾ

ਇਹ ਕਯਾ ਤੁਮ ਲਿਖਨੇ ਲਗੇ, ਸੁਨੋ ਖਾਲਸਾ ਮੀਤ।
ਕਲਗੀਧਰ ਤੋ ਭਜੀ ਥੀ ਦੁਰਗਾ ਸਾਥ ਪਰੀਤ।।੧੪।।
ਫਿਰ ਤੁਮ ਤਾਂਕੇ ਦਮਨ ਕੋ ਕਰਤ ਯਤਨ ਕਿਸ ਹੇਤ।
ਜਿਸ ਕੋ ਪੂਜਨ ਕਰ ਭਲੇ ਗੁਰੁ ਜੀ ਭੀ ਵਰ ਲੇਤ।।੧੫।।
ਤੁਮਰੇ ਹੀ ਕਹਿਨੇ ਨਹੀਂ ਸਿਧ ਹੋਤ ਯਹ ਬਾਤ।
ਜਬ ਬਹੁ ਕਵੀਅਨ ਨੇ ਲਿਖਾ ਗੁਰੁ ਪੂਜੀ ਜਗ ਮਾਤ।।੧੬।।

### ਸਵੈਯਾ

ਤੁਮਰੀ ਇਨ ਬਾਤਨ ਕੋ ਸੁਨਕੇ ਮਨ ਮੋਹ ਅਚੰਭ ਭਯੋ, ਸੁਨ ਭਾਈ। ਯਹ ਝੂਠਕ ਹੈ, ਕਲਗੀਧਰ ਨੇ ਨਹਿੰ ਪੂਜ ਕਰੀ ਭਵ ਮੈਂ ਜਗ ਮਾਈ।। ਕਲੂ ਕਾਲ ਵਿਖੇ ਵਡ ਕੌਤਕ ਕੋ ਤੁਮ ਭਾਖਤ ਹੋ ਅਗ ਕੀ ਚਤੁਰਾਈ। ਅਸ ਬੁੱਧਿ ਕੋ ਮਾਲਿਕ ਤੂ ਅਪਨੇ ਸਿਰ ਲੇ ਵਹਿਗੋ ਬਹੁ ਭਾਂਤ ਬੁਰਾਈ।।੧੭।।

### ਚੌਪਈ

ਜੋ ਤੈਂ ਬਚਨ ਉਚਾਰੇ, ਭਾਈ। ਨਹਿ ਦਸ਼ਮੇਂ ਗੁਰੁ ਚੰਡਿ ਮਨਾਈ।।
ਨਹੀਂ ਸਮਝ ਮਹਿ ਆਵਤ ਮੇਰੀ। ਕਹਾਂ ਗਹੀ ਬੁੱਧੀ ਹੈ ਤੇਰੀ।।
ਸਾਰਾ ਜਗਤ ਏਸ ਕੋ ਜਾਨੈ। ਅਰ ਮੁਖ ਤੇ ਸਭ ਪ੍ਰਗਟ ਬਖਾਨੈ।।
ਤੇਗ ਦਈ ਜਿਨ ਅਪਨੇ ਕਰ ਕੀ। ਦੇਖ ਰੂਪ ਜਿਸ ਧਰਤੀ ਧਰਕੀ।।
ਪੰਥ ਉਪਾਵਨ ਆਗਯਾ ਪਾਈ। ਦੀਨਾ ਵਰ ਜਿਸ ਤੇ ਫਿਰ ਮਾਈ।।
ਅਰ ਫੁਨ ਗੁਰੁ ਬਿਲਾਸ ਜੋ ਸਾਰੇ। ਊਚੇ ਬੋਲਤ ਏਹ ਪੁਕਾਰੇ।।
ਪ੍ਰਗਟ ਕਰੀ ਗੁਰੁ ਆਦਿ ਭਵਾਨੀ। ਜੋ ਕਲਜੁਗ ਮਹਿ ਕਠਨ ਕਹਾਨੀ।।
ਤਿਸ ਪੂਜਨ ਕਾ ਜੋਇ ਪ੍ਰਕਾਰ। ਤਿਨ ਕਵੀਅਨ ਨੇ ਕਹਾ ਉਚਾਰ।।
ਸੋ ਮਿਥਯਾ ਤੁਮ ਕੈਸੇ ਗਾਵੋ। ਇਸ ਕਾ ਸਭ ਬਯੋਰਾ ਸਮਝਾਵੋ।।
ਫਿਰ ਦੁਰਗਾ ਕਾ ਸਕਲ ਸਰੂਪ। ਲਿਖਿਆ ਸਭਨ ਅਚੰਭਕ ਊਪ।।

ਸੋ ਜੇਸੀ ਪ੍ਰਗਟੀ ਤਿਸ ਕਾਲ। ਚੜ੍ਹੀ ਸਿੰਘ ਪਰ ਹੋ ਬਿਕਰਾਲ॥
ਤੈਸੀ ਤਿਨ ਕਵੀਅਨ ਨੇ ਗਾਈ। ਗੁਰੁ ਬਿਲਾਸ ਮਹਿ ਦੇਖੋ ਜਾਈ॥
ਸੋ ਮਿਥਯਾ ਕੈਸੇ ਹੋ ਜਾਵੈ। ਜਾਂ ਕੋ ਸਕਲ ਢੰਡੋਰਾ ਗਾਵੈ॥੧੮॥
ਦੋਹਿਰਾ-ਤਾਂਤੇ ਇਸ ਕੇ ਦਮਨ ਹਿਤ ਕਰੋ ਨ ਉਦੱਮ ਰੰਚ।
ਜਿਸ ਕੇ ਕਰਨੇ ਪਰ ਲਖੇ ਲੋਗ ਤੁਝੇ ਪਰਪੰਚਿ॥੧੯॥

## ਤਤ ਖਾਲਸਾ

### ਦੋਹਿਰਾ

ਅਹੋ ਮੀਤ ! ਮਨ ਦੈ ਸੁਨੋ ਇਸ ਦਾ ਉੱਤ੍ਰ ਜੋਇ।
ਅਗਯਾਨੀ ਜਨ ਪ੍ਰੇਮ ਮਹਿ ਕਹਾਂ ਅਸੰਭਵ ਹੋਇ॥੨੦॥
ਪੁਨ ਕਵੀਅਨ ਕੇ ਬਚਨ ਨਹਿ ਹੋਤ ਸਰਬ ਦਾ ਸੱਤ।
ਪਰ ਹਮ ਦੇਖਨ ਜੋਗ ਹੈ ਜੋ ਗੁਰੂਅਨ ਕੋ ਮੱਤ॥੨੧॥
ਨਹਿ ਸੰਸੈ ਜੋ ਤੁਮ ਕਹੀ ਅਹੋ ਸੱਤ ਸੁਭ ਬਾਤ।
ਅਬ ਉੱਤਰ ਯਾਕੋ ਸੁਨੋ ਕਰ ਨਿਜ ਮਨ ਏਕਾਂਤ॥੨੨॥

**ਵਾਰਤਕ**- ਬਾਹਰਮੁਖੀ ਵਿਰਤੀ ਨਾਲ ਵਿਚਾਰਨ ਤੇ ਇਸ ਭਰਮ ਵਿੱਚ ਪੁਰਖ ਜ਼ਰੂਰ ਪੈ ਜਾਂਦਾ ਹੈ ਕਿ ਕਿਆ ਅੱਜ ਤੱਕ ਜੋ ਸਾਰੇ ਲੋਗ ਇਸ ਬਾਤ ਨੂੰ ਮੰਨਦੇ ਆਏ ਹਨ ਕਿ ਗੁਰੂ ਜੀ ਨੇ ਦੇਵੀ ਨੂੰ ਪੂਜਿਆ ਸਾ ਸੋ ਕਿਆ ਭੁੱਲੇ ਹੋਏ ਹਨ?

ਦੂਸਰੇ ਜੋ ਸਭ ਸਿੱਖਾਂ ਦੀ ਤਾਰੀਖਾਂ ਅਤੇ ਗੁਰੁ ਬਿਲਾਸ ਇਸ ਬਾਤ ਨੂੰ ਵੱਡੇ ਜ਼ੋਰ ਨਾਲ ਹਿੱਕ ਕਰਾਮਾਤ ਦੇ ਢੰਗ ਪਰ ਲਿਖਦੇ ਹਨ ਸੋ ਕਿਆ ਕਦੇ ਸਾਰੇ ਝੂਠੇ ਹੋ ਸਕਦੇ ਹਨ?

ਇਸ ਦਾ ਉੱਤਰ ਕੇਵਲ ਇਤਨਾ ਹੀ ਹੈ ਕਿ ਗੁਰੁ ਬਲਾਸਾਂ ਦੇ ਬਨਾਉਨ ਵਾਲੇ ਕਵੀਆਂ ਨੇ ਅਪਨੇ ਅਗਯਾਨ ਨਾਲ ਮਿਲੇ ਹੋਏ ਪ੍ਰੇਮ ਦੇ ਅਧੀਨ ਹੋਕੇ ਗੁਰੂ ਮਹਾਰਾਜ ਦੇ ਚਰਿਤਾਂ ਦੀ ਮੂਰਤੀ ਅਪਨੇ ਹੀ ਖਆਲ ਦੇ ਅਨੁਸਾਰ ਉਤਾਰੀ ਹੈ, ਕਿੰਤੂ ਉਹ ਗੁਰੂ ਪ੍ਰਾਕ੍ਰਿਤਕ ਸੁਭਾਵ ਹੈ ਕਿ ਜਦ ਉਹ ਕਿਸੇ ਵਸਤੂ ਦਾ ਵਰਨਨ ਕਰਦਾ ਹੈ ਤਦ ਆਪਨੇ ਮਨ ਦੇ ਭਾਵ ਅਨੁਸਾਰ ਹੀ ਰਚਨਾ ਕਰਦਾ ਹੈ, ਜਿਸ ਪਰ ਬੁੱਧੀਮਾਨਾਂ ਨੂੰ ਵਿਚਾਰਨਾ ਚਾਹੀਦਾ ਹੈ ਕਿ ਉਹ ਮੂਰਤੀ ਉਸ ਦੇ ਉਪਾਸ਼ਯ ਦੀ ਨਹੀਂ ਹੁੰਦੀ ਕਿੰਤੂ ਕੇਵਲ ਉਪਾਸਕ ਦੇ ਅਪਨੇ ਸੰਕਲਪ ਦੀ ਹੁੰਦੀ ਹੈ।

ਇਸ ਪਰ ਇੱਕ ਮੋਟਾ ਜੇਹਾ ਦ੍ਰਿਸ਼ਟਾਂਤ ਇਹ ਹੈ ਕਿ ਜਦ ਅਸੀਂ ਪੰਜ ਯਾ ਸੱਤ ਆਦਮੀਆਂ ਨੂੰ ਬੁਲਾਕੇ ਇਹ ਆਖੀਏ ਕਿ ਤੁਸੀਂ ਇਕ-੨ ਮੂਰਤੀ ਭੂਤਨੇ ਅਰ ਇਕ-੨ ਦੇਵਤੇ ਦੀ ਬਣਾਕੇ ਲਿਆਵੋ, ਤਾਂ ਉਹ ਸਾਰੇ ਆਦਮੀ ਅਪਨੇ-੨ ਦਿਲ ਵਿੱਚ ਅਪਨੇ ਸੰਕਲਪ ਦੀ ਹੀ ਮੂਰਤੀਆਂ ਰਚਕੇ ਕਾਗਤ ਪਰ ਉਤਾਰ ਲਿਆਉਨਗੇ, ਪਰੰਤੂ ਉਨ੍ਹਾਂ ਦੀ ਹਰ ਇਕ ਮੂਰਤੀ ਇਕ ਦੂਜੇ ਨਾਲੋਂ ਵਿਲੱਖਨ ਹੋਵੇਗੀ। ਇਸ ਦਾ ਕਾਰਨ ਇਹੋ ਹੈ ਜੋ ਉਨ੍ਹਾਂ ਭੂਤਾਂ ਅਰ ਦੇਵਤਿਆਂ ਦੀਆਂ ਨਹੀਂ ਬਨਾਈਆਂ ਕਿੰਤੂ ਅਪਨੇ-੨ ਸੰਕਲਪ ਦੀਆਂ ਹੀ ਰਚੀਆਂ ਹਨ। ਇਸੇ ਵਾਸਤੇ ਇੱਕ ਵੱਡੇ ਵਿਦ੍ਵਾਨ ਅੰਗ੍ਰੇਜ ਨੇ ਭੀ ਲਿਖਿਆ ਹੈ ਕਿ ਹਰ ਇਕ

ਆਦਮੀ ਨੇ ਪਰਮੇਸ਼੍ਵਰ ਦੀ ਮੂਰਤੀ ਨੂੰ ਭੀ ਅਪਨੇ ਸੰਕਲਪ ਦੇ ਅਨੁਸਾਰ ਹੀ ਮੰਨਿਆਂ ਹੋਇਆ ਹੈ, ਜਿਸ ਪਰ ਉਹ ਲਿਖਦਾ ਹੈ "ਕਿ ਕਲਪਨਾ ਕਰ ਲੇਵੋ ਕਿ ਜੇ ਇੱਕ ਭੈਂਸ ਨੂੰ ਵੀ ਪਰਮੇਸ਼੍ਵਰ ਦੀ ਮੂਰਤੀ ਕਲਪਨ ਦਾ ਖਆਲ ਆ ਜਾਵੇ ਤਦ ਉਹ ਭੀ ਏਸ ਤਰ੍ਹਾਂ ਕਲਪ ਲੇਵੇ, ਕਿ ਈਸ਼ਵਰ ਇੱਕ ਭਾਰੀ ਬੂਰੇ ਰੰਗ ਦਾ ਝੋਟਾ ਹੈ ਅਰ ਉਹ ਇੱਕ ਵੱਡੇ ਲੰਬੇ ਚੌੜੇ ਹਰੇ ਭਰੇ ਘਾਸ ਦੇ ਖੇਤ ਵਿੱਚ ਚੁਗਦਾ ਹੈ ਫਿਰ ਜਦ ਰੱਜ ਜਾਂਦਾ ਹੈ ਤਦ ਇੱਕ ਸੋਹਣੇ ਪਾਨੀ ਦੇ ਭਰੇ ਹੋਏ ਤਾਲਾਬ ਵਿੱਚ ਜਾਕੇ ਤਾਰੀਆਂ ਲੈਂਦਾ ਹੈ, ਉਥੋਂ ਨਿਕਲਕੇ ਹਿੱਕ ਸੰਘਨੇ ਸਾਏ ਵਾਲੇ ਰੁੱਖ ਹੇਠ ਜਾਕੇ ਲੇਟ ਜਾਂਦਾ ਹੈ।" ਇਸ ਕਥਨ ਤੇ ਇਹੋ ਸਿੱਧ ਹੁੰਦਾ ਹੈ ਕਿ ਹਰ ਇੱਕ ਪੁਰਖ ਅਪਨੇ ਕਲਪੇ ਹੋਏ ਇਸ਼ਟ ਦੀ, ਉਸ ਦੀ ਅਸਲੀ ਸੂਰਤ ਦੇਖੇ ਬਿਨਾਂ ਹੀ ਅਪਨੀ ਮਨ ਘੜਤ ਮੂਰਤੀ ਬਨਾ ਲੈਂਦਾ ਹੈ। ਏਸੇ ਤਰ੍ਹਾਂ ਸਾਡੇ ਕਵੀ ਭਾਈਆਂ ਨੇ ਭੀ ਗੁਰਮਤ ਦੇਖੇ ਬਿਨਾਂ ਗੁਰੂ ਜੀ ਦੇ ਚਰਿਤਾਂ ਨੂੰ ਅਪਨੇ ਖਆਲ ਦੇ ਮੁਤਾਬਕ ਬਨਾਕੇ ਲੋਗਾਂ ਵਿੱਚ ਪਰਗਟ ਕਰ ਦਿੱਤਾ ਹੈ।

## ਦੋਹਿਰਾ

ਇਸੀ ਭਾਂਤ ਬਿਨ ਲਖੇ ਹੀ ਅਰਥ ਅਨਰਥ ਬਤਾਤ।
ਕੀਟਭ ਤੇ ਕੀੜੇ ਕਰੇ ਪੜ੍ਹ ਦੇਖੋ ਵੱਖਯਾਤ।।੨੩।।
ਗੁਰੁ ਨਾਨਕ ਜੀ ਚਰਿਤ ਮੇ ਦੇਖੋ ਭਲੇ ਵਿਚਾਰ।
ਕਿਆ ਕਵੀਅਨ ਨੇ ਕਰ ਦੀਆ ਨਿਜ ਭਾਵਨ ਅਨੁਸਾਰ।।੨੪।।

ਇਸ ਦਾ ਭਾਵ ਭੀ ਏਹੋ ਹੈ ਕਿ ਕਈ ਜਗ੍ਹਾ ਪਰ ਅਸਲੀ ਤੱਤ ਦੇ ਗਿਆਨ ਨਾ ਹੋਣ ਤੇ ਭੀ ਕਵੀ ਲੋਗ ਅਰਥੋਂ ਅਨਰਥ ਕਰ ਜਾਂਦੇ ਹਨ, ਜੈਸਾ ਕਿ ਗੁਰੂ ਨਾਨਕ ਦੇਵ ਜੀ ਦੇ ਕੀਟਭ ਦੇਸ਼ ਵਿਚ, ਜੋ ਦੱਖਨ ਵਿੱਚ ਹੈ, ਜਾਨ ਦੀ ਸਾਖੀ ਨੂੰ ਜਨਮਸਾਖੀ ਬਨਾਉਣ ਵਾਲੇ ਕਵੀ ਨੇ ਕੀੜਿਆਂ ਦੇ ਦੇਸ ਵਿੱਚ ਜਾਕੇ ਗੁਰੂ ਜੀ ਦਾ ਉਨ੍ਹਾਂ ਦੇ ਰਾਜੇ ਨੂੰ ਮਿਲਨਾ ਕਥਨ ਕੀਤਾ ਹੈ। ਅਰ ਕਈ ਜਗ੍ਹਾ ਜਨਮ ਸਾਖੀ ਦੀ ਕਥਾ ਵਿਚ ਲੋਗ ਇਸ ਬਾਤ ਨੂੰ ਸੱਚੀ ਕਰਨ ਲਈ "ਕੀੜਾ ਥਾਪ ਦੇਇ ਪਾਤਸ਼ਾਹੀ" ਸ਼ਬਦ ਦਾ ਪ੍ਰਮਾਣ ਦਿੰਦੇ ਹਨ, ਪਰੰਤੂ ਅਸਲ ਵਿੱਚ ਗੁਰੂ ਜੀ ਨੇ ਉਸ ਕੀਟਭ ਦੇਸ ਦੇ ਰਾਜੇ ਨੂੰ ਉਪਦੇਸ਼ ਕੀਤਾ ਸੀ। ਇਸ ਦੇ ਅਰਥ ਨੂੰ ਨਾ ਸਮਝ ਕੇ ਕੀੜੇ ਬਨਾ ਦਿੱਤੇ। ਇਸ ਤੇ ਸਿੱਧ ਹੁੰਦਾ ਹੈ ਕਿ ਅਸਲੀ ਭਾਵ ਦੇ ਨਾ ਜਾਨਨ ਤੇ ਭੀ ਪੁਰਖ ਕੁਝ ਦਾ ਕੁਝ ਲਿਖ ਸਕਦਾ ਹੈ, ਅਰ ਉਸੇ ਨੂੰ ਅੱਗੇ ਲੋਗ ਮੰਨਦੇ ਚਲੇ ਜਾਂਦੇ ਹਨ। ਜੈਸਾ ਕਿ ਇੱਕ ਮਹਾਤਮਾਂ ਦਾ ਕਥਨ ਹੈ ਕਿ "ਜਗ ਕੀ ਭੇਡਾ ਚਾਲ ਚਲਤੇ ਕੇ ਪਾਛੇ ਚਲੇ। ਪਰਮਾਰਥ ਨਹਿ ਸਮ੍ਹਾਲ ਦੇਖੋ ਜਗ ਕੀ ਮੂਰਖਤਾ।" ਇਸਦਾ ਭਾਵ ਇਹ ਹੈ ਕਿ ਸੰਸਾਰ ਦੇ ਅਗਿਆਨੀ ਜੀਵਾਂ ਦਾ ਸੁਭਾਵ ਭੇਡਾਂ ਦੇ ਗੱਲੇ ਜੇਹਾ ਹੁੰਦਾ ਹੈ ਜਿਸ ਤਰ੍ਹਾਂ ਉਹ ਬਿਨਾਂ ਬਿਚਾਰੇ ਇੱਕ ਦੂਜੀ ਦੇ ਮਗਰ ਚਲੀਆਂ ਜਾਂਦੀਆਂ ਹਨ ਏਸੇ ਤਰ੍ਹਾਂ ਇਹ ਭੀ ਅਪਨੇ ਵਿਚਾਰ ਨੂੰ ਤਿਆਗ ਕੇ 'ਗੱਡੀ ਰਾਹ ਗਡੀਰੇ ਰਾਹ' ਵਾਲੀ ਗੱਲ ਜਾਨਕੇ ਲਗੇ ਜਾਂਦੇ ਹਨ, ਇਸੇ ਲਈ ਸਾਡੇ ਭਾਈਆਂ ਨੇ ਭੀ ਦਸਮੇਂ ਪਾਤਸ਼ਾਹ ਜੀ ਦੇ ਸਿਧਾਂਤ ਤੋਂ ਉਲਟ ਇਸ ਦੁਰਗਾ ਪੂਜਨ ਵਾਲੀ ਕਹਾਣੀ ਨੂੰ ਕਵੀਆਂ ਦੇ ਲਿਖਣੇ ਅਤੇ ਅੱਗਿਆਨੀ

ਲੋਗਾਂ ਦੇ ਕਥਨ ਪਰ ਵਿਸ਼੍ਵਾਸ਼ ਕਰਕੇ ਪੱਕਾ ਨਿਸਚਾ ਕਰ ਲੀਤਾ ਹੈ, ਜਿਸ ਤੇ ਇਸ ਅੰਧਕਾਰ ਥੋਂ ਕੱਢਕੇ ਗੁਰਮਤ ਦੇ ਪ੍ਰਕਾਸ਼ ਵਿੱਚ ਅਪਨੇ ਭਾਈਆਂ ਨੂੰ ਲਿਆਉਨਾ ਅਸੀਂ ਅਪਨਾਂ ਧਰਮ ਜਾਨਕੇ ਏਥੇ ਕਥਨ ਕਰਦੇ ਹਾਂ॥

### ਦੋਹਿਰਾ

ਤਾਂਤੇ ਗੁਰ ਪਰ ਜੋ ਧਰਾ ਜਿਨ ਪਰਖਨ ਯਹਿ ਦੋਸ਼।
ਨਹੀਂ ਅਸੰਭਵ ਹੈ ਕਛੂ ਜਾਂ ਪਰ ਕਰੀਹੇ ਰੋਸ਼।੨੫॥
ਕੁਛਕ ਕਵੀ ਜੋ ਲਿਖ ਗਏ ਐਸਾ ਜਗਤ ਮਝਾਰ।
ਬਿਨ ਬੂਝੇ ਵਿਸ਼੍ਵਾਸ਼ ਕਰ ਮਾਨਤ ਸਿੱਖ ਹਜ਼ਾਰ।੨੬॥
ਪਰ ਨਰ ਕਰਤ ਵਿਚਾਰ ਜੋ ਸੋ ਜਾਨੇ ਯਹਿ ਭੇਵ।
ਕਹਾ ਗੁਰੂ ਦੁਰਗਾ ਭਜੇ ਜੋ ਦੇਵਨ ਕੇ ਦੇਵ।੨੬॥
ਲੋਗ ਕਰਤ ਕੁਛ ਔਰ ਕੀ ਔਰੇ ਬਾਤ ਬਨਾਇ।
ਇਸ ਮੇ ਕੁਛ ਸੰਸਾਂ ਨਹੀਂ ਜਾਨਹੁ ਤੁਮ ਸਤ ਭਾਇ।੨੭॥

## ਦੁਰਗਾ ਭਗਤ

### ਚੌਪਈ

ਭਾਵੇਂ ਸੱਤ ਬਾਤਿ ਤੁਮ ਗਈ। ਪਰ ਮੇਰੇ ਮਨ ਮਹਿੰ ਨਹਿ ਆਈ॥
ਜਾਂਤੇ ਸੰਕਾ ਫਿਰ ਉਪਜਾਵੈ। ਦੁਰਗਾ ਪੂਜਨ ਸੱਤ ਬਤਾਵੈ॥
ਮੂਲ ਬਿਨਾਂ ਕਲਪਨ ਨਹਿੰ ਹੋਵੈ। ਜਾਂਤੇ ਮੂਲ ਕਛੂ, ਜਨ ਜੋਵੈ॥
ਜਾਂਤੇ ਪ੍ਰਥਮ ਸੱਤ ਮਨ ਧਰਤੇ। ਤਾਂ ਪਾਛੇ ਕਲਪਨ ਕੁਛ ਕਰਤੇ॥
ਤਾਂਤੇ ਮੂਲ ਪ੍ਰਥਮ ਜਨ ਚਹੈਂ। ਤਾਂ ਪਰ ਬਹੁਰ ਅਨਕ ਬਿਧ ਕਹੈਂ॥
ਦਸਮ ਗੁਰੂ ਜੀ ਦੁਰਗਾ ਮਾਨੀ। ਕਿਹ ਬਿਧ ਮਿਥਯਾ ਏਹੁ ਕਹਾਨੀ?
ਇਸ ਕੇ ਮੂਲ ਆਜ ਤਕ ਦੀਖੈਂ। ਕਈ ਸਿੱਖ ਤਹਿੰ ਜਾ ਗੁਣ ਸੀਖੈ॥
ਨੈਨਾਂ ਦੇਵੀ ਮਾਤ ਭਵਾਨੀ। ਪੂਜਤ ਜਗਤ ਕਰਤ ਸਨਮਾਨੀ॥
ਤਾਂ ਤੇ ਇਸ ਕਾ ਉੱਤਰ ਦੀਜੈ। ਨਾਂ ਬਾਤਨ ਘਰ ਪੂਰਾ ਕੀਜੈ।੨੮॥

### ਦੋਹਿਰਾ

ਹਵਨ ਕੁੰਡ ਕੀ ਜਗ੍ਹਾ ਹੈ ਤਹਾਂ ਬਨੀ ਅਬ ਤੀਕ।
ਜੋ ਸਾਖੀ ਇਹ ਦੇਤ ਹੈ ਦੁਰਗਾ ਪੂਜੀ ਠੀਕ।੨੯॥

## ਤੱਤ ਖਾਲਸਾ

### ਦੋਹਿਰਾ

ਔਰ ਮੂਲ ਇਸ ਕਾ ਨਹੀਂ ਕੇਵਲ ਹੈ ਅੱਗਯਾਨ॥
ਮੂਰਖ ਮੂਰਤ ਪੂਜਕਾਂ ਕੀਨਾਂ ਏਹੁ ਤੁਫ਼ਾਨ।੩੦॥
ਜਿਸ ਤੇ ਏਸ ਅਨਰਥ ਦਾ ਘਰ ਬਣ ਗਿਆ ਪਹਾੜ॥
ਵਰ ਮੰਗਨ ਜਾ ਪੱਥਰੋਂ ਪੂਜਾ ਅੱਗੇ ਚਾੜ੍ਹ।੩੧॥

## ਚੌਪਈ

ਉੱਤ੍ਰੀ ਲੋਗ ਪਹਾੜੀ ਜੇਤੇ। ਵਿੱਦਯਾ ਹੀਨ ਮੂੜ੍ਹ ਹਨ ਤੇਤੇ॥
ਜਿਨ ਪਾਹੁਨ ਪਰਮੇਸ਼ਰ ਠਾਨਾ। ਪੁਨ ਦੇਵੀ ਕਰ ਊਰ ਮਹਿ ਮਾਨਾ॥
ਜਾਨਤ ਔਰ ਸਾਰ ਕੁਛ ਨਹੀਂ। ਪਾਹਨ ਕੋ ਮੁਖ ਦੇਵ ਬਤਾਹੀਂ॥
ਜਿਸ ਪਰ ਅਹੇ ਗੁਵਾਹੀ ਏਕ। ਮੋਹ ਸਾਥ ਜਬ ਲਰਾ ਬਿਬੇਕ॥
'ਪ੍ਰਬੋਧਚੰਦ੍ਰ' ਮਹਿ ਏਹ ਦਿਖਾਯਾ। ਉੱਤਰ ਮਹਿ ਕਲਿਯੁਗ ਵਰਤਾਯਾ॥
ਉੱਤਰ ਕੇ ਸਭ ਲੋਗ ਪਹਾਰੀ। ਤਿਨ ਕੀ ਹੈ ਹਮਨੇ ਮਤਿ ਮਾਰੀ॥
ਜੈਸੀ ਕਲਯੁਗ ਬਾਤ ਸੁਨਾਵੈਂ। ਸੋ ਹਮ ਨੀਚੇ ਤੋਹ ਦਿਖਾਵੈਂ॥
ਲਾਗੋ ਕਹਿਨ ਮੋਹ ਕੇ ਆਗੇ। ਕਰੇ ਕਾਮ ਮੈਂ ਹੇ ਵਡਭਾਗੇ॥੩੧॥
ਯਥਾ 'ਪ੍ਰਬੋਧਚੰਦ੍ਰ' :- (ਉੱਤਰ ਕੇ ਸਭ ਲੋਗ ਕਰੇ ਮੈਂ ਸਿਲਾ ਪਰਾਯਣ।
ਸਮਝੈਂ ਈਸ ਨ ਤਤ ਬਕੋਂ ਮੁਖ ਸੈਲ ਨਰਾਯਣ)॥

## ਦੋਹਿਰਾ

ਤਾਂ ਤੇ ਨਿਸਚਾ ਆਪਨਾ ਗੁਰੁ ਜੀ ਮਾਹਿ ਅਰੋਪ।
ਕਥਨ ਕਰਾ ਅੱਗਯਾਨੀਆਂ ਗੁਰਮਤ ਕਰਕੇ ਲੋਪ॥੩੨॥

## ਚੌਪਈ

ਸ੍ਰੀ ਸਤਿਗੁਰੁ ਜੋ ਜਗ ਮਹਿ ਆਏ। ਦੋ ਕਾਰਜ ਹਿਤ ਦੇਵ ਪਠਾਏ॥
ਪ੍ਰਥਮ ਪਖੰਡ ਜਗਤ ਕੇ ਜੇਤੇ। ਦੂਰ ਕਰੋ ਜਾਕਰ ਸਭ ਤੇਤੇ॥
ਸੱਤ ਧਰਮ ਪਰਿਚਾਰ ਕਰਾਵੋ। ਕੁਕਰਮ ਕਰਨ ਤੇ ਲੋਗ ਹਟਾਵੋ॥
ਬਿਨ ਕਰਤਾਰ ਔਰ ਨਹਿ ਪੂਜੈਂ। ਪਾਹਨ ਕੋ ਪਾਹਨ ਕਰ ਬੂਝੈਂ॥
ਸੀ ਆਗਿਆ ਪਹਲੀ ਗੁਰ ਤਾਈਂ। ਜੋ ਦੀਨੀ ਸਭ ਜਗ ਕੇ ਸਾਂਈ॥
ਪੁਨ ਦੂਜੀ ਧਰ ਜ਼ੁਲਮ ਉਠਾਨਾ। ਜੋ ਕੀਨੋ ਸੀ ਤਬ ਸੁਲਤਾਨਾ॥
ਦੂਰ ਕਰਨ ਹਿਤ ਆ ਇਸ ਕਰੀ। ਜਾਂਤੇ ਤੇਗ ਹਾਥ ਗੁਰ ਧਰੀ॥
ਜਾਂ ਤੇ ਪ੍ਰਥਮ ਪ੍ਰਤੱਗਯਾ ਜੋਈ। ਪੂਰਨ ਕਰੀ ਗੁਰੂ ਜੀ ਸੋਈ॥
ਨੈਨਾ ਦੇਵੀ ਨਾਮ ਸਦਾਵੈ। ਜਾ ਕੇ ਲੋਗ ਚੰਡਕਾ ਗਾਵੈ॥
ਪਰਮੇਸ਼੍ਵਰ ਤਜ ਪੂਜਤ ਤਾਂ ਕੋ। ਮਾਂਗਤ ਵਰ ਸੇਵਨ ਕਰ ਜਾਂਕੋ॥
ਤਾਂ ਕੋ ਗੁਰੁ ਖੰਡਨ ਤਬੁ ਕਰਤੇ। ਨਹਿ ਪਾਹਨ ਵਰ ਦਾਇਕ ਰਚਤੇ॥
ਕਰਤ ਅਕਾਲ ਪੁਰਖ ਕੇ ਮੰਡਨ। ਦੇਵੀ ਦੇਵ ਕਰਤ ਸਭ ਖੰਡਨ॥
ਜਾਂ ਤੇ ਬ੍ਰਾਹਮਨ ਲੋਗ ਪੁਜਾਰੀ। ਸੁਨਤ ਬਚਨ ਨਹਿ ਸਕਤ ਸਹਾਰੀ॥
ਗੁਰੁ ਢਿਗ ਦੁਰਗਾ ਸ਼ਕਤ ਬਤਾਵੈਂ। ਕਈ ਪ੍ਰਕਾਰ ਪਖੰਡ ਚਲਾਵੈ॥
ਤਿਨ ਕੇ ਮਦ ਤੋੜਨ ਕੇ ਕਾਜਾ। ਕੀਨੋ ਚਰਿਤ ਗਰੀਬ ਨਿਵਾਜਾ॥
ਖੋਲ੍ਹ ਪਾਜ ਤਿਨਕਾ ਸਭ ਦੀਆ। ਪੁਨ ਨਿਸ ਭਰਮ ਖਾਲਸਾ ਕੀਆ॥
ਯਹ ਹੈ ਮੂਲ ਬਾਤ ਸੁਨ, ਭਾਈ। ਜੋ ਲੋਗਨ ਕੁਛ ਉਲਟ ਬਨਾਈ॥

ਕਰੇ ਵਿਚਾਰ ਪੁਰਖ ਮਤਿ ਮਾਨ। ਤਿਸ ਕੋ ਸਗਰੀ ਹੋਵਤ ਭਾਨ॥
ਤਾਂ ਤੇ ਸੰਕਾ ਮੂਲ ਨ ਕੀਜੋ। ਗੁਰੁ ਬਾਨੀ ਮਹਿ ਮਨ ਕੋ ਦੀਜੋ॥
ਅਰ ਜੋ ਸਿੱਖ ਸਾਰ ਯਾਹ ਜਾਨੈ। ਸੋ ਗੁਰੁਮਤ ਨਹਿ ਮੂਲ ਪਛਾਨੈ॥
ਅੰਨਯ ਮਤਿਨ ਕੇ ਹੈਂ ਸੋ ਦਾਸਾ। ਨਹਿ ਗੁਰੁਮਤੋ ਤਾਂਹਿ ਕੇ ਪਾਸਾ॥
ਬਾਤ ਯਥਾਰਥ ਅਹੈ ਹਮਾਰੀ। ਸਾਚੀ ਸੰਕਾ ਨਾਹਿ ਤੁਮਾਰੀ॥੩੩॥

## ਦੁਰਗਾ ਭਗਤ

### ਦੋਹਿਰਾ

ਅੰਨਯਮਤੀ ਕੀ ਬਾਤ ਕੋ ਤਜ ਦੇਵੋ ਤੁਮ ਮੀਤ। ਪਰ ਸਿੱਖਨ ਕੇ ਬਚਨ ਪਰ ਚਹੀਯੋ ਸਤਯ ਪ੍ਰਤੀਤ॥੩੪॥ ਏਕ ਝੂਠ ਦੁਇ ਝੂਠ ਕਹਿ ਕਿਆ ਸਾਰੇ ਕਵਿ ਰਾਜ। ਕਹੈਂ ਝੂਠ ਦੁਰਗਾ ਭਜਨ ਤੁਮ ਸਾਚੇ ਕਿਹ ਕਾਜ?॥੩੫॥ ਸੁੱਖਾ ਸਿੰਘ ਸੁਜਾਨ ਕਵਿ ਲਿਖਿਓ ਗੁਰੁ ਬਿਲਾਸ। ਤਿਸ ਨੇ ਤੋਰੇ ਕਥਨ ਕੀ ਤੋੜੀ ਸਗਲੀ ਆਸ॥੩੬॥

### ਚੌਪਈ

ਬਹੁਤ ਪੁਰਾਣਾ ਹੈ ਉਹ ਗ੍ਰੰਥ। ਮੰਨੈ ਜਿਸ ਨੂੰ ਸਾਰਾ ਪੰਥ॥
ਗੁਰੂ ਕੇ ਚਰਿਤ ਸਕਲ ਤਿਸ ਮਾਹੀਂ। ਕਹੇ ਕਵੀ ਨੇ ਮਿਥਿਆ ਨਾਹੀਂ॥
ਸੋ ਸਭ ਕਥਾ ਖੋਲ੍ਹ ਕਰ ਗਾਵੋਂ। ਤੁਮਰੇ ਮਨ ਕੀ ਸੰਕ ਮਿਟਾਵੋਂ॥
ਦੁਰਗਾ ਪੂਜਨ ਕੀ ਜੋ ਕਥਾ। ਸੁਨੋ ਤਹਾਂ ਲਿਖ ਦੀਨੀ ਯਥਾ॥
ਤਿਸ ਕੋ ਪੜ੍ਹ ਕਰ ਕਰੋ ਵਿਚਾਰਾ। ਮਿਥਿਆ ਹੋਵੇ ਬਚਨ ਤਿਹਾਰਾ॥
ਸੋ ਮੈਂ ਕਹੋਂ ਸੁਨੇ ਮਨ ਲਾਈ। ਫਿਰ ਭਾਖੋ ਜੋ ਮਨ ਮਹਿਂ ਆਈ॥
ਕਰ ਸੰਖੇਪ ਸੁਨਾਵੋ ਸਾਰਾ। ਜੋ ਦੁਰਗਾ ਕੇ ਹੇਤ ਉਚਾਰਾ॥੩੭॥

## ਭਾਈ ਸੁੱਖਾ ਸਿੰਘ ਦੇ ਗੁਰ ਬਿਲਾਸ ਦੇ ਸੰਖੇਪ ਦਾ ਸਿੱਧਾਂਤ

"ਸਵੈਯਾ ॥ ਦਿਨ ਏਕ ਕ੍ਰਿਪਾ ਨਿਧ ਆਛ ਭਲੇ ਇਹ ਭਾਂਤ ਕਿਧੋ ਸੁ ਸ਼ਿਕਾਰ ਬਿਹਾਰਾ। ਖਾਲਸਾ ਪੰਥ ਪ੍ਰਗਾਸ ਕਰੋਂ ਜਿਹ ਕਾਜ ਪਠਿਓ ਮੁਹਿ ਦੀਨ ਦਿਆਰਾ॥ ਆਦਿ ਸੁਦੇਵਿ ਪ੍ਰਤੱਖ ਕਰੋਂ ਬਰ ਪੂਰ ਲਹੋਂ ਤਿਹ ਤੇ ਨਿਜ ਭਾਰਾ। ਹੋਇ ਬਿਜੈ ਅਰਿ ਪੁੰਜ ਸਭੈ ਜਗ ਜੀਤ ਬਜੈ ਰਣਜੀਤ ਨਗਾਰਾ॥੧॥

### ਤੋਟਕ ਛੰਦ

ਇਹ ਭਾਂਤ ਵਿਚਾਰ ਦਿਆਰ ਤਬੈ। ਕਰ ਜੱਗ ਅਰੰਭਨ ਲੀਨ ਅਬੈ॥ ਪ੍ਰਥਮੇਂ ਦ੍ਵਿਜ ਦੇਸ਼ਨ ਦੇਸ ਬੁਲੈ। ਸਭ ਆਵਤ ਭੇ ਸੁਭ ਤੋਨ ਥਲੈ॥੫॥ ਇਕ ਕੌਤਕ ਦੇਖਨ ਕਾਜ ਕਿਧੋ। ਕਰੁਨਾ ਨਿਧ ਕਾਰਜ ਕੀਨ ਸਿਧੋ॥ ਮਥਰਾ ਪੁਨ ਕਾਂਸਿ ਪਰਾਗ ਭਨੋ। ਦ੍ਵਿਜ ਐਧਪੁਰੀ ਸੁ ਬੁਲਾਇ ਲਿਨੋ॥ ਦ੍ਵਿਜ ਹੋਰ ਤਹਾਂ ਲਖ ਆਵ ਘਨੇ। ਕਰ ਪਾਂਤਹਿ ਪਾਂਤ ਬਠਾਇ ਦਿਨੇ॥ ਮੁਖ ਭਾਖ ਕਹਿਓ ਇਨ ਭਾਂਤਨ ਸੋ। ਸੁਨ ਲੇਹੁ ਸਭੈ ਦ੍ਵਿਜ ਬਾਤਨ ਸੋਂ॥੧੧॥ ਭੁਜੰਗ ਪ੍ਰਯਾਤ ਛੰਦ॥ ਦਹੀ ਖੀਰ ਪੂਰੀ ਜਿਤੇ ਬਿੱਪ ਖੈਹੈਂ। ਕੜਾਹੰ ਪੁਲਾਵੰ ਜਿਤੇ ਯੌਂ ਜਿਵੈ ਹੈਂ॥ ਤਿਨੈ ਜਾਨ ਦੈਹੈ ਟਕਾ ਏਕ ਦੱਛਾ॥ ਕਹਯੋ ਜਾਇ ਸਾਰੇ ਲਵੈ ਜੈਸ

ਇੱਛਾ।੧੨।। ਤੋਟਕ ਛੰਦ।। ਨਿਜ ਮਾਸ ਸ਼ਰਾਬ ਜੁ ਖਾਵਹਿੰਗੇ।। ਸਰਫੀ ਵਹੁ ਪਾਂਚ ਸੁ ਪਾਵਹਿੰਗੇ।। ਇਹ ਭਾਂਤ ਢੰਡੋਰ ਫਿਰਾਇ ਦਯੋ। ਸੁਨ ਬਿਪਨ ਮੱਧ ਸੁ ਕਾਨ ਕਯੋ।੧੩।। ਖਿਥਬਾਰ ਹੁਤੇ ਬਡ ਘੇਰ ਬਨੇ। ਦ੍ਵਿਜ ਦੌਰ ਚਲੇ ਯਹ ਬਾਤ ਸੁਨੇ।। ਜਹਿ ਮਾਸ ਸ਼ਰਾਬ ਕੇ ਬਾਰ ਬਨੇ। ਤਹਿ ਆਵਤ ਦੌਰਤ ਬਿਪ ਘਨੇ।੧੪।। ਕਈ ਆਨ ਤਹਾਂ ਜੁ ਹਾਜ਼ਰ ਜੁਰੈ। ਨਹਿੰ ਸਵਾੱਰਹਿ ਪਾਰ ਸੁ ਜਾਤ ਰਹੈ।। ਕਛੁ ਥੋਰ ਰਹੇ ਜਬ ਬਾਕ ਪਿਛੇ। ਪ੍ਰਭੁ ਮਾਨਸ ਭੇਜ ਕੇ ਫੇਰ ਪੁਛੇ।੧੫।। ਪਾਧਰੀ ਛੰਦ।। ਪੁਨ ਕਹੀ ਐਸ ਕਰੁਨਾ ਨਿਧਾਨ। ਫਿਰ ਪੂਛੋ ਜਾਇ ਇਨ ਕੋ ਸੁਜਾਨ।। ਪ੍ਰਸਾਦਿ ਮਹਾਂ ਜੋ ਛਕੈ ਕੋਇ। ਸੋ ਮੁਹਰ ਪਾਂਚ ਲੇਵੈ ਸੁ ਸੋਇ।੧੬।। ਅਵਰ ਅੰਨ ਜੋ ਕਰ ਸਰੀਰ। ਦੋ ਟਕੇ ਦੱਛਨਾਂ ਲੇਗੁ ਬੀਰ।। ਇਮ ਹੁਕਮ ਮਾਲ ਪੂਛੇ ਸੁਜਾਇ। ਰਹਿ ਸਹਸ ਪਾਂਚ ਬਾਕੀ ਬਨਾਇ।੧੭।। ਫਿਰ ਕਹੀ ਐਸ ਤਿਨ ਆ ਹਜ਼ੂਰ। ਸੋ ਪੰਜ ਬਾਕਿ ਰਹਿੰਗੇ ਜ਼ਰੂਰ।। ਬਹੁ ਬਾਰ ਬੇਰ ਪੂਛੇ ਸੁਧਾਇ। ਸਭ ਡੂਬੇ ਲੋਭ ਕੇ ਮੱਧ ਜਾਇ।੧੮।। ਜਬ ਰਹੇ ਪੰਦਰਾਂ ਘਾਟ ਏਕ। ਦੀਨੇ ਬਠਾਇ ਆਛੇ ਸੁਨੇਕ।। ਯੌ ਭਏ ਗਰਕ ਲੋਭਾਇ ਮੱਧ। ਇਕ ਨਾਮ ਮਾਤ੍ਰ ਰਹਿੰਗੇ ਜੁ ਸ਼ੁੱਧ।੧੯।। ਜੋ ਔਰ ਹੁਤੇ ਕੇਤਕ ਹਜ਼ਾਰ। ਤਿਨ ਟਕਾ ਦੱਛਨਾ ਭੋਜ ਨਾਰ।। ਤੌ ਖਵਾਇ ਭੋਜਨ ਦੀਨੇ ਉਠਾਇ। ਨਹਿ ਆਦਰ ਕੀਨ ਆਛੋ ਬਨਾਇ।੨੦।। ਮੁਖਾਰਬਿੰਦ ਸ਼੍ਰੀ ਯੌ ਉਚਾਰ। ਯਹ ਹੈਨ ਬਿੱਪ ਲੂਚੇ ਗਵਾਰ। ਇਨ ਕਰਨ ਹੁਤੀ ਆਛੀ ਸਜਾਇ। ਪਰ ਦੂਰ ਦੇਹੁ ਇਨਕੋ ਉਠਾਇ।੨੧।। ਜਿਨ ਅਚਯੋ ਖੀਰ ਭੋਜਨ ਕੜਾਹੁ। ਤਿਨ ਮੁਹਰ ਮੁਹਰ ਪਾਂਚੋ ਦਿਆਹੁ।। ਬਹੁ ਭਾਂਤ ਮਾਨ ਤਿਨਕੋ ਸੁਕੀਨ। ਇਹ ਸਹੀ ਬਿੱਪ ਕਹਹੈਂ ਸੁਦੀਨ।੨੨।। ਵਹੁ ਨਹੀਂ ਬਿੱਪ ਹੈਂ ਲੂਚ ਮੂੜ। ਇਹ ਮਹਾਂ ਸ਼ੁੱਧ ਹੈ ਮੱਤ ਗੂੜ।। ਇਹ ਕਲੀ ਕਾਲਕੇ ਮੱਧ ਘੋਰ। ਬਹੁ ਚਲਾ ਡਿੰਬ ਛਲ ਬਲ ਨ ਜ਼ੋਰ।੨੩।। ਸਾਧੂ ਸੁ ਸ਼ੁੱਧ ਜਗ ਰਿਹਾ ਲੋਪ। ਬਹੁ ਧਾਰ ਦੰਭ ਅਨਸਾਧ ਧੋਪ।। ਨਿਜ ਕਹਨ ਆਪ ਹਮ ਸੋ ਨ ਕੋਇ।। ਹਮ ਕਰੇਂ ਆਪ ਸੋ ਸਹੀ ਹੋਇ।੨੪।। ਸ੍ਰੀ ਕ੍ਰਿਸ਼ਨ ਰਾਮ ਜੋਧਾ ਅਨੇਕ। ਸਭ ਕਦੇ ਜਾਨ ਹਮਰੇ ਸੁ ਏਕ।। ਇਸ ਮਨੈ ਆਪਕੋ ਅਧਿਕ ਜਾਨ। ਨਹਿ ਸ਼ਬਦ ਨਾਮ ਕੋ ਕਛੂ ਗਯਾਨ।੨੫।।"

## ਦੋਹਿਰਾ

ਦੇਖਿਆ ਇਸ ਪਰਸੰਗ ਮੈਂ ਕਰਾ ਗੁਰੂ ਜੀ ਜੈਸ।
ਦੁਰਗਾ ਪੂਜਨ ਕਾਹਨੇ ਬਿੱਪ ਬੁਲਾਏ ਕੈਸ।੩੮।।

## ਚੌਪਈ

ਸੁਨੀ ਮੀਤ ਤੈਂ ਕਥਾ ਪੁਰਾਨੀ। ਜੋ ਹੈ ਸੁੱਖਾ ਸਿੰਘ ਬਖਾਨੀ?
ਦੁਰਗਾ ਮਾਤ ਪੂਜਨੇ ਕਾਜਾ। ਕੈਸਾ ਯਤਨ ਕੀਨ ਮਹਾਰਾਜਾ।।
ਕਈ ਹਜ਼ਾਰ ਬਿੱਪ ਦਵਾਇਆ। ਫਿਰ ਤਿਨਕੋ ਆਛੇ ਅਜ਼ਮਾਇਆ।।
ਜੇ ਪੂਜਨ ਦੁਰਗਾ ਨਾ ਕਰਤੇ। ਤੋ ਇਤਨਾਂ ਧਨ ਕਿਓਂ ਪਰਹਰਤੇ।।
ਖੀਰ ਮਾਸ ਧਰ ਕਿਓ ਅਜ਼ਮਾਤੇ। ਜੇ ਕਰ ਸੱਤ ਨ ਇਸ ਮਹਿ ਪਾਤੇ?
ਜੋ ਇਸ ਕਵੀ ਗਵਾਹੀ ਦਈ। ਫੇਰ ਤੋਰ ਸ਼ੰਕਾ ਕਯਾ ਰਹੀ?੩੯।।

# ਤੱਤ ਖਾਲਸਾ

## ਦੋਹਿਰਾ

ਇਸ ਮਹਿ ਜੋ ਕੁਛ ਹੋ ਰਹੀ ਟਪਕ ਰਹੀ ਹੈ ਬਾਤ।
ਸੋ ਤੁਮਨੇ ਸਮਝੀ ਨਹੀਂ ਦੇ ਕਰ ਮਨ ਕੋ ਭ੍ਰਾਤ।।੪੦।।

## ਚੌਪਈ

ਅਹੋ ਦੁਰਗਾ ਪੂਜਕ ਅਗਯਾਨੀ। ਜੋ ਸੁੱਖਾ ਮ੍ਰਿਗਰਾਜ ਬਖਾਨੀ।।
ਇਸ ਮੋ ਤੋ ਕਛੁ ਔਰ ਪਿਆਰੇ। ਸਿੱਧ ਹੋਤ ਹੈ ਦੇਖ ਵਿਚਾਰੇ।।
ਭਾਵੇਂ ਸੁੱਖਾ ਸਿੰਘ ਵਿਚਾਰਾ। ਸੀ ਦੁਰਗਾ ਜੀ ਕਾ ਅਤਿ ਪਿਆਰਾ।।
ਪਰ ਤਿਨ ਪ੍ਰਥਮ ਕਾਲ ਹੀ ਕਹਿਓ। ਕੌਤਕ ਕਾਜ ਗੁਰੂ ਕਯਹਯੋ।।
ਕੌਤਕ ਪਾਦ ਕੋ ਅਰਥ ਤਮਾਸ਼ਾ। ਲੀਲ੍ਹਾ ਹੇਤ ਨ ਮਨ ਕਛੁ ਆਸਾ।।
ਭਾਂਤੇ ਸਿੱਧ ਬਾਤ ਇਹ ਹੋਈ। ਨਹਿ ਸਤਿਗੁਰੁ ਕੋ ਇੱਛਾ ਕੋਈ।।
ਥੋ ਕੇਵਲ ਬਿੱਪਨ ਦੁਰਕਾਨਾ। ਜੋ ਚਾਹਤ ਥੇ ਟਕਾ ਕਮਾਨੇ।।
ਅਰ ਗੁਰੁ ਜੀ ਕਾ ਦੇਖ ਪ੍ਰਤਾਪੂ। ਸਹਿ ਨਹਿ ਸਕੇ ਦੰਭ ਕੇ ਬਾਪੂ।।
ਜਿਨ ਨੇ ਮਨ ਕੇ ਮਾਹਿ ਵਿਚਾਰਾ। ਚਲੇ ਦਾਓ ਕਿਹ ਭਾਂਤ ਹਮਾਰਾ।।
ਜਾਂਤੇ ਗੁਰੁ ਸੇ ਟਕੇ ਉਡਾਕੇ। ਖੀਸੇ ਭਰੇ ਪਖੰਡ ਚਲਾਕੇ।।
ਸੌ ਜਗ ਪੂਰਨ ਕਰਨੋ ਚਾਹਾ। ਰਚ ਦੀਨਾ ਤਬ ਏਹੁ ਉਮਾਹਾ।।
ਨਹੀਂ ਬਾਤ ਕਛੁ ਜਗ ਮਹਿ ਛਾਨੀ। ਜਾਨਤ ਹੈਂ ਜਿਸ ਕੋ ਸਭ ਪ੍ਰਾਨੀ।।
ਦੰਭ ਪਖੰਡ ਮੂਲ ਜਗ ਮਾਹੀਂ। ਬਿੱਪਨ ਸਮ ਦੂਸਰ ਕੋ ਨਾਹੀਂ।।
ਜਿਸ ਤੇ ਇਹ ਭੂਸੁਰ ਕਹਿਲਾਵੈਂ। ਲੋਗਨ ਤੇ ਨਿਜ ਪੈਰ ਪੁਜਾਵੈਂ।।
ਕਹਤ ਵੇਦ ਨੇ ਪ੍ਰਗਟ ਸੁਨਾਯਾ। ਬ੍ਰਾਹਮਨ ਮੁਖ ਈਸ਼ੂਰ ਕਾ ਗਾਯਾ।।
ਮਨੂ ਪਰਾਸਰ ਆਦਿਕ ਮੁਨੀ। ਸਿੰਮ੍ਰਿਤ ਰਚਨੇਹਾਰ ਸੁ ਗੁਨੀ।।
ਤਿਨ ਭੀ ਹਮਰੀ ਕਰੀ ਵਡਾਈ। ਤੀਨ ਵਰਨ ਕੀ ਦੇ ਗੁਰਿਆਈ।।
ਜਿਤਕ ਜਗਤ ਕੇ ਜੀਵ ਵਿਚਾਰੇ। ਸੇਵਕ ਸਮ ਹਮ ਪਾਦ ਪਖਾਰੇ।।
ਰਾਮ ਕ੍ਰਿਸ਼ਨ ਆਦਿਕ ਅਵਤਾਰੇ। ਸਭ ਹੀ ਨੇ ਹਮਰੇ ਪਗ ਝਾਰੇ।।
ਹਮ ਹਾਕਮ ਜਗ ਪਰਜ਼ਾ ਜੇਤੀ। ਹਮ ਕ੍ਰਿਸਾਨ, ਲੋਗ ਹਮ ਖੇਤੀ।।
ਸਾਰੇ ਹਮਰੇ ਹੇਤ ਕਮਾਤੇ। ਗ੍ਰਹਿ ਚਮੜਾਇ ਤਿਨ੍ਹੇਂ ਹਮ ਖਾਤੇ।।
ਦਿਸਾਸੂਲ ਅਰ ਭੂਤ ਪਿਸਾਚਾ। ਲਗਨ ਸਗਨ ਮਹਿ ਸਭ ਕੋ ਰਾਚਾ।।
ਸਾਢਸਤੀ ਜਿਸ ਪਰ ਹਮ ਪਾਵੈਂ। ਮੁਖ ਮਾਂਗਾ ਧਨ ਤਿਸਤੇ ਲਯਾਵੈਂ।।
ਫਿਰ ਢ਼ਈਆ ਜਿਸ ਊਪਰ ਚਾੜ੍ਹੈਂ। ਜੜ੍ਹਾਂ ਮੂਲ ਤੇ ਤਾਹਿੰ ਉਖਾੜ੍ਹੈਂ।।
ਦੇਵੀ ਦੇਵ ਪਖਾਨ ਪੁਜਾਏ। ਜਿਸ ਤੇ ਸਭ ਜਨ ਦਾਸ ਬਨਾਏ।।
ਐਸਾ ਧਰ ਮਨ ਮਾਹਿੰ ਘਮੰਡਾ। ਚਹਾ ਕਰਨ ਗੁਰੁ ਸਾਥ ਪਖੰਡਾ।।
ਯਹੀ ਬਾਤ ਸਤਿਗੁਰੁ ਜੁ ਤਾਈਂ। ਕਹਤ ਸਮਯ ਪਿਖ ਚਾਈਂ ਚਾਈਂ।।

ਹਮ ਹੈਂ ਰਿੱਧਿ ਸਿੱਧਿ ਕੇ ਦਾਤੇ। ਸਭ ਹੀ ਸੇ ਹਮ ਪੈਰ ਪੁਜਾਤੇ॥
ਛੱਤ੍ਰੀ ਲੋਗ ਹਮਾਰੇ ਦਾਸਾ। ਤਿਨ ਕੀ ਹਮ ਪੂਰਤ ਹੈਂ ਆਸਾ॥
ਕਰੇ ਦੇਵਤਾ ਹਮ ਪ੍ਰਤੱਛਾ। ਜਿਸ ਤੇ ਹੋਇ ਤਿਨੋਂ ਕੀ ਰੱਛਾ॥
ਜੇ ਹਮ ਹੁਕਮ ਦੇਹੁ ਮਹਾਰਾਜਾ। ਕਰੇ ਚੰਡ ਪੂਜਨ ਕੋ ਕਾਜਾ॥੪੧॥

## ਦੋਹਿਰਾ

ਲਖ ਕਰ ਤਿਨਕੇ ਰਿਦੇ ਕੀ ਗੁਰੂ ਗਰੀਬ ਨਿਵਾਜ਼।
ਚਾਹਾ ਸਕਲ ਉਘਾਰਨਾ ਤਿਨ ਕਾ ਤਬਹੀ ਪਾਜ॥੪੨॥
ਪੁਨ ਮਨ ਮਹਿੰ ਇਹ ਦੇਖਿਆ ਇਨ ਕੇ ਜਗਤ ਅਧੀਨ।
ਮਾਰ ਬੁੱਧ ਸਭ ਕੀ ਦਈ ਕੀਨੇ ਜੈਸ ਕਮੀਨ॥੪੩॥

## ਚੌਪਈ

ਤਬ ਸਤਿਗੁਰੁ ਜੂ ਰਚਾ ਅਖਾੜਾ। ਚਹਤ ਦੰਭ ਕੋ ਮੂਲ ਉਖਾੜਾ॥
ਯਹ ਪਰਤੱਗਯਾ ਮਨ ਮਹਿੰ ਕੀਨੀ। ਜੋ ਪਾਛੇ ਪਰਗਟ ਕਰ ਦੀਨੀ॥
ਇਨ ਕੀ ਬੰਦ ਫਾਂਸਿ ਤੇ ਸਾਰੇ। ਕਰੋਂ ਪਕਰ ਕਰ ਸਰਬ ਸੁਖਾਰੇ॥
ਜਿਸ ਪਰ ਤਿਨ ਮਦ ਹਰਨੇਹੇਤਾ। ਲਖਾ ਉਪਾਇ ਦਸਮ ਗੁਰੁ ਏਤਾ॥
ਰਚੋਂ ਜੱਗ ਜਿਸ ਮਹਿ ਸਭੁ ਆਵੈ। ਅਪਨੋ ਛਲਬਲ ਸਗਲ ਦਿਖਾਵੈਂ॥
ਜਾਸ ਬਹਾਨੇ ਸਭੀ ਬੁਲਾਏ। ਸੁਨ ਸੁਨ ਪੇਟਾ ਅਥਰੂ ਆਏ॥
ਧਾਮਾਂ ਸੁਨ ਯਹ ਐਸੇ ਧਾਵਤ। ਜੈਸੇ ਕਾਗ ਸਰਾਧੀਂ ਆਵਤ॥
ਕਾਂਸੀ ਵਾਸੀਂ ਖੀਰਾਂ ਖਾਣੇ। ਆਏ ਬਣਕੇ ਖ਼ੂਬ ਸਿਆਣੇ॥
ਫੇਰ ਅਯੁਧਯਾ ਦੇ ਜੋ ਵਾਸੀ। ਆਏ ਜਾਣ ਬਾਤ ਇਕ ਹਾਸੀ॥
ਫਿਰ ਮਥਰਾ ਦੇ ਚੋਬੇ ਭਾਰੇ। ਅੰਨ ਸਵਾ ਮਣ ਜਾਨ ਨਿਘਾਰੇ॥
ਵਡੇ ਵਡੇ ਜਿਨ ਤਿਲਕ ਲਗਾਏ। ਜੰਞੂ ਕੰਨੀ ਚਾਇ ਚੜ੍ਹਾਏ॥
ਚਾਰੇ ਓਰ ਸ਼ਹਿਰ ਕੋ ਘੇਰਾ। ਬੈਠ ਗਏ ਲਾਕਰ ਸਭ ਡੇਰਾ॥
ਕਈ ਹਜ਼ਾਰ ਧਰਤ ਪਰ ਲੇਟ। ਪਏ ਹਲੂਣਨ ਅਪਨਾ ਪੇਟ॥
ਮਨ ਮਹਿ ਕਹਨ ਹੱਥ ਗੁਰੁ ਆਏ। ਦੇਨ ਦੱਖਨਾ ਖੀਰ ਖਵਾਏ॥
ਪਰ ਸਤਿਗੁਰੁ ਜੋ ਮਨ ਕੀ ਜਾਨੇ। ਕਯੋਂ ਐਸੇ ਲੋਗਨ ਕੋ ਮਾਨੇ॥
ਜਿਨ ਕੋ ਅਪਨਾ ਪੇਟ ਪਿਆਰਾ। ਖਾ ਕਰ ਕਰਤ ਨ ਪਰਉਪਕਾਰਾ॥੪੪॥

## ਦੋਹਿਰਾ

ਤਬ ਕਲਗੀਧਰ ਦੇਖਿਆ ਮੰਗਤ ਵਾਧਾ ਜਾਇ।
ਜਿਸ ਤੇ ਲੋਭੀ ਜਨਨ ਕੋ ਦੇਨੀ ਚਹੀ ਸਜ਼ਾਇ॥੪੫॥
ਲੇਨ ਪਰੀਖਯਾ ਚਹੀ ਜਬ ਕੀਨਾ ਚਰਿਤ ਅਨੂਪ।
ਜਿਸ ਤੇ ਪਾਮਰ ਗਿਰ ਗਏ ਤੁਰਤ ਲੋਭ ਕੇ ਕੂਪ॥੪੬॥

## ਚੌਪਈ

ਮਾਸ ਖੀਰ ਦੀ ਚਟਕ ਦਿਖਾਈ। ਅਰ ਸਭ ਕੋ ਯਹ ਭਾਖ ਸੁਨਾਈ॥
ਜਾਇ ਬਿੱਪ ਜੋ ਮਾਂਸਹਿ ਖਾਵੇ। ਮੁਹਰ ਦੱਖਨਾ ਹਮ ਸੇ ਪਾਵੇ॥
ਅਰ ਜੋ ਛਕੇ ਖੀਰ ਯਾ ਪੂਰੀ। ਟਕਾ ਦੱਖਨਾ ਕੀ ਮਨਜ਼ੂਰੀ॥
ਜਿਸ ਪਰ ਲੋਭੀ ਮਨ ਨ ਠਰਾਏ। ਪੈਸੇ ਉੱਪਰ ਧਰਮ ਗੁਵਾਏ॥
ਲਗੇ ਮਾਸ ਕੋ ਜਾਕਰ ਖਾਨੇ। ਮੁਹਰ ਦੱਖਨਾ ਪਰ ਲਪਟਾਨੇ॥
ਬਾਕੀ ਰਿਹਾ ਪਾਂਚ ਸੈ ਜੋਈ। ਤਿਸ ਤੇ ਭੀ ਫਿਰ ਸ਼ਾਂਤ ਨ ਹੋਈ॥
ਆਖਰ ਜਾਇ ਮਾਸ ਤਿਨ ਖਾਧਾ। ਕਿਨੇ ਪੁੱਛਿਆ ਮੂਲ ਨ ਪਾਧਾ॥
ਬਾਕੀ ਚੌਦਾ ਰਹਿਗੇ ਸਾਰੇ। ਜਿਨ੍ਹਾਂ ਖੀਰ ਪਰ ਸੀ ਮਨ ਵਾਰੇ॥
ਜਿਸ ਪਰ ਚੌਦਾਂ ਕਰੇ ਕਿਨਾਰੇ। ਬਾਕੀ ਕੋ ਦੂਰ ਬੈਨ ਉਚਾਰੇ॥
ਦੇਕਰ ਧੱਕੇ ਦੇਹੁ ਨਿਕਾਰ। ਹਨ ਲੂਚੇ ਇਹ ਮੂੜ ਗਵਾਰ॥
ਅਰ ਸੰਗਤ ਕੋ ਯਹ ਸਮਝਾਯੋ। ਭੂਲ ਨ ਇਨ ਕੇ ਨੇੜੇ ਜਾਯੋ॥
ਯਹੁ ਪਾਂਮਰ ਹੈਂ ਜਗਤ ਲੁਟੇਰੇ। ਊਪਰ ਤੇ ਸੁੰਦਰ ਤੁਮ ਹੇਰੇ॥
ਤਾਂਤੇ ਇਨਕਾ ਸੰਗ ਤਜਈਓ। ਅਪਨੇ ਧਨ ਕੋ ਨਾਹਿ ਲੁਟਈਓ॥
ਹੁਣ ਤੂੰ ਦੱਸ ਪਿਆਰੇ ਮੇਰੇ। ਕਿੱਥੇ ਦੁਰਗਾ ਪੂਜਕ ਤੇਰੇ॥
ਅਪਨਾ ਸਾ ਮੂੰਹ ਲੈਕੇ ਗਏ। ਮੁੜਕੇ ਫੇਰ ਨ ਗੁਰੁ ਢਿਗ ਅਏ॥
ਚੰਗੀ ਭੰਗ ਝੜਾਕੇ ਨੱਸੇ। ਮੁੜਕੇ ਫੇਰ ਨ ਮੰਤਰ ਦੱਸੇ॥
ਏਸਕ ਬਾਤੇ ਇਹ ਹਮ ਪਾਇਆ। ਬਿੱਪਨ ਕਾ ਅਭਿਮਾਨ ਗੁਵਾਇਆ॥
ਜੇ ਦੇਵੀ ਕੋ ਪੂਜਨ ਚਹਤੇ। ਤੌ ਦੁਰਬਚਨ ਨ ਤਿਨ ਕੋ ਕਹਤੇ॥
ਯਹ ਦ੍ਰਿਸ਼ਟਾਂਤ ਗੁਰੁ ਦਿਖਲਾਯਾ। ਬਿੱਪਨ ਤੇ ਨਿਜ ਪੰਥ ਬਚਾਯਾ॥੪੭॥
ਦੋਹਿਰਾ-ਹੁਣ ਤੂੰ ਦੱਸ ਪਿਆਰਿਆ ਕਿੱਥੇ ਦੁਰਗਾ ਪੂਜ॥
ਪੁਰਨਮਾਸ਼ੀ ਹੋ ਗਈ ਇਹ ਤਾਂ ਤੇਰੀ ਦੂਜ॥੪੮॥
ਹੁਣ ਕੁਛ ਅੱਗੇ ਦੱਸ ਲੈ ਰੱਖੀਂ ਨਾਂਹਿ ਲੁਕਾਇ।
ਭਲਾ ਉਸੇ ਦੇ ਸੁਣਨ ਤੇ ਕੁਛ ਪੱਲੇ ਪੈ ਜਾਇ॥੪੯॥

## ਦੁਰਗਾ ਭਗਤ

### ਦੋਹਿਰਾ

ਸਾਰੀ ਗੱਲ ਨ ਤੈਂ ਸੁਣੀ ਅੱਗੋ ਵਲਿਆ ਚਾਇ।
ਚੌਦਾਂ ਜੋ ਬਾਕੀ ਰਹੇ ਸੋ ਕਿਸ ਮਰਜ਼ ਦਵਾਇ॥੫੦॥

### ਚੌਪਈ

ਲਈ ਪਰੀਖਯਾ ਸੀ ਇਸ ਕਾਰਨ। ਚੁਨੇ ਬਿੱਪ ਜੋ ਕਾਜ ਸਵਾਰਨ॥
ਸੋ ਸਾਰੇ ਸਮ ਦੂਧ ਬਲੋਏ। ਚੌਦਾਂ ਮੱਖਨ ਨਿਕਲ ਖਲੋਏ॥
ਜਿਨ ਕਾ ਆਦਰ ਗੁਰੁ ਜੀ ਕੀਨਾ। ਦਾਨ ਪੰਜ ਮੁਹਰਾਂ ਦਾ ਦੀਨਾ॥

ਆਦਰ ਸਾਥ ਪਾਸ ਤਿਨ ਰਾਖਾ। ਕੋਮਲ ਬਚਨ ਪ੍ਰੇਮ ਸੇ ਆਖਾ॥
ਜਿਸ ਕਾਰਨ ਸਾ ਕੀਤਾ ਮੱਖ। ਕਰਨੀ ਹੈ ਦੁਰਗਾ ਪਰਤੱਖ॥
ਪਹਲੇ ਓਹ ਸੁਨ ਲੈ ਤੂੰ ਬਾਤ। ਉਲਟੇ ਰਸਤੇ ਨੂੰ ਕਿਓ ਜਾਤ।੫੧॥

### ਦੋਹਿਰਾ

ਫੇਰ ਕਥਾ ਉਸ ਗ੍ਰੰਥ ਵਿਚ ਦੱਸੀ ਹੈ ਜਿਸ ਭਾਂਤ।
ਸੁਨ ਕਰ ਜਿਸ ਨੂੰ ਹੋਵਸੀ ਤੇਰਾ ਹਿਰਦਾ ਸ਼ਾਂਤਿ।੫੨॥

ਯਥਾ "ਦੇਵੀ ਸੁ ਪੂਜਕੀ ਕਥਾ ਨੀਕ। ਸਭ ਕਹੋ ਕਥਾ ਹਮ ਕੋ ਸੁ ਠੀਕ॥ ਜਿਮ ਹੋਇ ਜੌਨ ਕਾਲੀ ਪ੍ਰਤੱਛ। ਸਭ ਕਹੋ ਕਥਾ ਤਾਂ ਕੀ ਸੁਵੱਛ।੨੭॥ ਪੂਜਾ ਪ੍ਰਯੋਗ ਬਲਿਦਾਨ ਮੰਤ੍ਰ। ਲਿਖਨੇ ਪੜ੍ਹਾਨ ਬੇਦਾਨ ਮੰਤ੍ਰ॥ ਇਹ ਕਹੋ ਖੋਲ ਹਮ ਕੋ ਸੁ ਭੇਦ। ਜਿਮ ਸਰਬ ਸ਼ਾਸਤ੍ਰ ਉਚਰੰਤ ਬੇਦ।੨੮॥ ਇਮ ਸੁਨਤ ਬੈਨ ਬੋਲਯੋ ਸੁ ਬਿੱਪ। ਮੈਂ ਕਹੋ ਬੈਨ ਕਰੁਣਾ ਅਧਿੱਪ॥ ਇਹ ਜਿਤਕ ਥਿੱਪ ਇਹ ਦੇਸ ਆਹਿ। ਨਹੀਂ ਹੋਤ ਕਾਜ ਇਨ ਤੇ ਨ੍ਰਿਬਾਹਿ।੨੯॥ ਜਿਮ ਆਪ ਨਾਥ ਦੇਵਾਨ ਦੇਵ। ਤਿਮ ਵਹੈ ਬਿੱਪ ਆਛੋ ਅਭੇਵ॥ ਹੈ ਦਤਾ ਨੰਦ ਤਾਂ ਕੋ ਸੁ ਨਾਮ। ਉੱਜੈਨ ਮੱਧ ਤਾਕੋ ਸੁਧਾਮ।੩੦॥ ਇਹ ਜਿਤਕ ਬਿੱਪ ਤਾਰੇ ਸੁ ਜਾਨ। ਵਹੁ ਉਡਗ ਨਾਥ ਲੀਜੈ ਪਛਾਨ॥ ਚਕਵੀਸ ਕੰਜ ਇਨ ਕੋ ਨਿਹਾਰ। ਵਹੁ ਦਿਵਸ ਨਾਥ ਆਛੇ ਦਿਆਰ।੩੧॥ ਕਾਲੀ ਸੁ ਦੇਵਿ ਤਾਂ ਕੋ ਪ੍ਰਤੱਛ। ਜਾਨੰਤ ਔਰ ਦੇਵਾਨ ਸਿੱਛ॥ ਜੋ ਇਤੇ ਦੇਵ ਵਹੁ ਆਇ ਜਾਇ। ਤੌ ਕਾਜ ਪੂਰ ਹੋਵੇ ਬਨਾਇ"॥

### ਦਵੈਯਾ

ਦੇਖੋ, ਅੱਗੇ ਫੇਰ ਗੁਰੂ ਜੀ ਓਹ ਚੌਦਾਂ ਬੁਲਵਾਏ। ਕਰ ਸਨਮਾਨ ਜਿਨ੍ਹਾਂ ਦਾ ਭਾਰੀ ਅਪਨੇ ਪਾਸ ਬਠਾਏ॥ ਸਮਾਚਾਰ ਸਭ ਪੁੱਛ ਤਿਨ੍ਹਾਂ ਦਾ ਫਿਰ ਇਹ ਬਚਨ ਅਲਾਇਆ॥ ਦੁਰਗਾ ਦੇ ਪੂਜਨ ਦਾ ਰਸਤਾ ਹੈ ਤੁਮ ਕੋ ਕੁਛ ਆਇਆ? ੫੩॥ ਕਯਾ ਹੈ ਬਲੀ ਕੌਨ ਹਨ ਮੰਤਰ ਅਰ ਕਿਆ ਵਸਤੂ ਹੋਵੇ। ਕਿਸ ਮਰਯਾਦਾ ਨਾਲ ਕੀਤਿਆਂ ਦੇਵੀ ਪਰਗਟ ਹੋਵੇ॥ ਜਿਸ ਤੇ ਸਿੱਧ ਕਾਜ ਇਹ ਹੋਵੇ ਕਹੇ ਸਕਲ ਸਮਝਾਈ। ਮੈਂ ਤੁਮਰੇ ਤੇ ਸੁਨਨਾਂ ਚਾਹੋ ਅਰ ਚਾਹੋ ਪ੍ਰਗਟਾਈ।੫੪॥ ਜਿਸ ਪਰ ਸਭਨੇ ਗੁਰੁ ਜੀ ਅੱਗੇ ਹਾਥ ਜੋੜ ਇਮ ਗਾਇਆ। ਮਹਾਰਾਜ ਜੀ ਜੋ ਇਹ ਸੇਵਾ ਕਰਨੇ ਨੂੰ ਫਰਮਾਇਆ। ਸੋ ਸਾਥੋਂ ਤਾਂ ਹੁੰਦੀ ਨਾਹੀਂ ਅਰ ਇਸ ਦੇਸ ਮਝਾਰੀ। ਕੋਈ ਨਹੀਂ ਹੈ ਜੋਗ ਏਸ ਦੇ ਦ੍ਰਿਸ਼ਟੀ ਤਲੇ ਹਮਾਰੀ।੫੫॥ ਪਰ ਇਕ ਦੱਤਾ ਨੰਦ ਉਜੈਨੀ ਹੈ ਪੰਡਤ ਵਡ ਪੂਰਾ। ਸ਼ਾਯਦ ਉਸ ਦੇ ਹੱਥੋਂ ਕਾਰਜ ਰਹਸੀ ਨਾਂਹਿ ਅਧੂਰਾ। ਜੇ ਕਾਰਜ ਦੀ ਸਿੱਧੀ ਚਾਹੋ ਤਾਂ ਉਸ ਗੁਰੁ ਜੀ ਲਿਆਵੋਂ। ਜੋ ਉਹ ਕਹੇ ਵਹੀ ਮਰਯਾਦਾ ਅਪਨੇ ਹਾਥ ਕਰਾਵੇ।੫੬॥

### ਦੋਹਿਰਾ

ਸ੍ਰੀ ਗੁਰੁ ਜੀ ਇਹ ਪੁੱਛਿਆ ਤਿਨ ਤੇ ਸਾਰਾ ਹਾਲ।
ਦੁਰਗਾ ਪੁਜਨ ਵਾਸਤੇ, ਕਰਕੇ ਦੇਖ ਖਿਆਲ।੫੭॥

## ਚੌਪਈ

ਜੇਕਰ ਕੁਛ ਇੱਛਾ ਨਹਿ ਹੋਤੀ। ਤੌ ਵਹੁ ਜਗਤ ਤਿਲਕ ਰਵਿ ਜੋਤੀ।।
ਕਿਓਂ ਤਿਨ ਬਿੱਪਨ ਕੋ ਅਟਕਾਤੇ। ਅਰ ਸਭ ਕਥਾ ਪੂਛ ਸੁਖ ਪਾਤੇ।।
ਯਾਂ ਤੇ ਥੀ ਪੂਜਨ ਕੀ ਆਸਾ। ਤਾਂਤੇ ਕੀਨਹੁ ਐਸ ਬਿਲਾਸਾ।।
ਇਹ ਤੋਂ ਸੱਤ ਬਾਤ ਹੈ, ਭਾਈ। ਤੁਮ ਝੂਠੀ ਕਿਆ ਰਾਸ ਸਚਾਈ।।੫੮।।

## ਤੱਤ ਖਾਲਸਾ

## ਦੋਹਿਰਾ

ਕਿਆ ਰੇਤੇ ਤੇ ਤੇਲ ਤੂੰ ਚਹੈ ਨਿਕਾਲਨ, ਬੀਰ।
ਇਸ ਤੇ ਭੀ ਕੁਛ ਸਿੱਧ ਨਹਿੰ ਦੇਖੋ ਦ੍ਰਿਸਟਿ ਗੰਭੀਰ।।੫੯।।

## ਚੌਪਈ

ਦੁਰਗਾ ਪੂਜਨ ਵਾਲਾ ਖ਼ਆਲ। ਇਸ ਦੇ ਵਿੱਚ ਨ ਰੰਚਕ ਭਾਲ।।
ਇਹ ਤਾਂ ਮੱਲ ਨਯਾਯ ਸੁਖ ਦਾਯ। ਦਿੱਤਾ ਏਥੇ ਗੁਰੂ ਦਿਖਾਯ।।
ਜਿਸ ਦਾ ਤਾਤਪਰਯ ਇਹ ਅਹੇ। ਨੀਤੀ ਵੇਤਾ ਜਗ ਮਹਿ ਕਹੇ।।
ਦੋਇ ਮੱਲ ਸੋਂ ਕਰਨ ਲਰਾਈ। ਚਹੀਏ ਨਹਿ ਲਖ ਕੇ ਦੁਖਦਾਈ।।
ਤਾਂਤੇ ਪਹਲੇ ਇੱਕ ਪਛਾਰੋ। ਤਾਂ ਪਾਛੇ ਦੂਸਰਾ ਕੋ ਮਾਰੋ।।
ਯਹੀ ਕਾਮ ਸਤਿਗੁਰੁ ਜੀ ਕੀਨਾ। ਪਹਲੇ ਮੂਰਖ ਜਨ ਕੋ ਲੀਨਾ।।
ਕਰ ਅਪਮਾਨ ਦਵਾਏ ਧੱਕੇ। ਕਹੀ ਬਿੱਪ ਨਹਿ ਅਹੇਂ ਉਚੱਕੇ।।
ਜਬ ਵੁਹ ਗਏ ਭੰਗ ਝੜਵਾਕੇ। ਚੌਦਾਂ ਪਕੜੇ ਮਗਰੋਂ ਆਕੇ।।
ਫਿਰ ਤਿਨਕੇ ਭੀ ਪਰਖਨ ਹੇਤਾ। ਉਦੱਮ ਕਰਾ ਨਾਥ ਜੂ ਏਤਾ।
ਜਿਸ ਤੇ ਦੇਖਨ ਉਨ ਕੋ ਚਾਹਾ। ਕਿਆ ਇਨ ਮਹਿ ਕੁਛ ਅਹੇ ਉਮਾਹਾ।।
ਹਨ ਕੁਛ ਵਿੱਦਿਆਵਾਨ ਸਿਆਣੇ। ਖਾ ਕਰ ਮਾਸ ਉਡਾਰੀ ਲਾਈ।।
ਨੱਸੇ ਜਿਉਂ ਹਰਯਾਵਲ ਵੱਛੇ। ਲੈਕੇ ਟਕੇ ਅਸਾਂ ਥੋਂ ਅੱਛੇ।।
ਹੁਣ ਇਹ ਖੀਰ ਖਾਣ ਹੀ ਜਾਨਣ। ਯਾ ਕੁਛ ਗ੍ਰੰਥਨ ਅਰਥ ਪਛਾਨਣ।।
ਜਿਸ ਤੇ ਤਿਨ ਕੋ ਪਾਸ ਬੁਲਾਕੇ। ਪੁੱਛਿਆ ਨੀਕਾ ਪ੍ਰੇਮ ਦਿਖਾਕੇ।।
ਸੁਨੋ ਬਿੱਪ, ਹਮਰੀ ਇਹ ਬਾਨੀ। ਸਭ ਹੀ ਦੇ ਕਰਕੇ ਨਿਜ ਕਾਨੀ।।
ਕੁਛ ਵਿਦਿਆ ਆਵਤ ਹੈ ਤੋਰੀ। ਪ੍ਰਗਟ ਕਹੋ ਸਭ ਸਨਮੁਖ ਮੋਹੀ।।
ਕਿਆ ਤੁਮਰੋ ਬ੍ਰਾਹਮਨ ਜਗ ਐਸੇ। ਪਰਗਟ ਕਰਤ ਦੇਵਤਾ ਜੈਸੇ।।
ਹੈ ਤੁਮਰੇ ਅੰਦਰ ਕੁਛ ਸ਼ਕਤੀ। ਲਖੋਂ ਰਿਦੇ ਈਸ਼ੂਰ ਕੀ ਭਗਤੀ।
ਵੇਦ ਮੰਤਰ ਅਰ ਹਵਨ ਕਰਾਵਨ। ਜਾਨਤ ਹੋ ਦੁਰਗਾ ਪ੍ਰਗਟਾਵਨ।।
ਸੋ ਸਭ ਖੋਲ ਬਾਤ ਸਮਝਾਵੋ। ਕਿਆ ਤੁਮ ਲੂਟ ਜਗਤ ਕੋ ਖਾਵੋ?।੬੦।।

## ਦੋਹਿਰਾ

ਸੁਨਤ ਗੁਰੂ ਕੇ ਬਚਨ ਕੋ ਗਈ ਚੌਕੜੀ ਭੂਲ।

ਉਤਰ ਗਰਬ ਮਨ ਕਾ ਗਯੋ ਹੋ ਬੈਠੇ ਸਮ ਤੂਲ।।੬੧।।

## ਚੌਪਈ

ਬੋਲੇ ਸੱਤ ਪ੍ਰਭੂ ਕੇ ਆਗੇ। ਹਮ ਕੋ ਵਿੱਦਿਆ ਸੇ ਕਿਆ ਲਾਗੇ।।
ਸ਼ਾਸਤ੍ਰ ਵੇਦ ਨਹੀਂ ਹਮ ਜਾਨੈ। ਦੇਵੀ ਪੂਜਨ ਨਾਂਹਿ ਪਛਾਨੈ।।
ਹਮ ਤੇ ਪੂਰੀ ਛਕੇ ਕੜਾਹੀ। ਦੋ ਦਿਨ ਕੇ ਬੈਠੇ ਹੈਂ ਰਾਹੀ।।
ਹਮ ਹੀ ਕਿਆ ਪ੍ਰਭ ਜੂ ਜੱਗ ਨਾਥਾ। ਔਰ ਬਿੱਪ ਜੋ ਹਮਰੈ ਸਾਥਾ।।
ਜਿਤਨੇ ਦੇਸ ਪੰਜਾਬ ਮਝਾਰੇ। ਸੋ ਭੀ ਹਮਰੇ ਸਮ ਹੈਂ ਸਾਰੇ।।
ਨਹੀਂ ਖਬਰ ਜਿਨਕੋ ਹੈ ਕੋਈ। ਜਾਂਤੇ ਇੱਛਾ ਪੂਰਨ ਹੋਈ।।
ਨਾਮ ਮਾਤ੍ਰ ਬਿਪ ਟੁਕੜ ਗਦਈਆ। ਖਾਵਤ ਖੀਰ ਸੁਨਾ ਕਰ ਢਈਆ।।
ਫਿਰ ਮਨ ਮਹਿ ਤਿਨ ਐਸ ਬਿਚਾਰੀ। ਹੋ ਬਦਨਾਮ ਗਈ ਕੁਲ ਸਾਰੀ।।
ਜੋ ਗੁਰੁ ਜੀ ਐਸੇ ਲਖ ਗਏ। ਸਰਬ ਬਿੱਪ ਇਨਸੇ ਹੀ ਭਏ।।
ਤੌ ਫਿਰ ਹਮਰਾ ਨਾਮ ਨ ਲੈਹੈਂ। ਰੋਗ ਸਮਾਨ ਜਾਨ ਤਜ ਦੈਹੈਂ।।
ਤਾਂਤੇ ਐਸਾ ਫੰਧ ਚਲਾਓ। ਦੂਰ ਦੇਸ ਕਾ ਨਾਮ ਬਾਤਓ।।
ਹਮਰੀ ਭੀ ਰਹਿ ਜਾਇ ਵਡਾਈ। ਪਰੈ ਬਿੱਜ ਦੂਸਰ ਪਰ ਜਾਈ।।
ਜਿਸ ਪਰ ਦੱਤਾ ਨੰਦ ਬਤਾਕੇ। ਗਏ ਧਾਮ ਕੋ ਜਾਨ ਬਚਾਕੇ।।
ਅਰ ਤਿਸ ਕੀ ਬਹੁ ਕਰੀ ਵਡਾਈ। ਤਾਰਯੋ ਮੈਂ ਸਮ ਚੰਦ ਬਤਾਈ।।੬੨।।

## ਦੋਹਿਰਾ

ਇਸ ਮਹਿ ਭੀ ਤਿਨ ਖੇਲਿਯਾ ਪੂਰਾ ਅਪਨਾ ਦਾਉ।
ਸਰਪ ਮਰੈ ਲਾਠੀ ਬਚੈ ਐਸਾ ਫੰਧ ਚਲਾਉ।।੬੩।।

## ਚੌਪਈ

ਦੋ ਰੰਗੀ ਜਿਨ ਚਾਲ ਦਿਖਾਈ। ਜਿਸ ਮਹਿ ਅਪਨੀ ਲਖੀ ਭਲਾਈ।।
ਸੋ ਮੈਂ ਤੁਮ ਕੋ ਪ੍ਰਗਟ ਬਤਾਵਾਂ। ਤਿਨ ਕਾ ਹਾਲ ਖੋਲ੍ਹ ਸਮਝਾਵਾਂ।
ਜੇ ਉਜੈਨ ਤੇ ਲਿਆ ਬੁਲਾਇ। ਕੀਤਾ ਕੰਮ ਉਸ ਨੇ ਆਇ।
ਤਾਂ ਸਾਨੂੰ ਭੀ ਹੋਸੀ ਚੰਗਾ। ਮਾਂਗਹਿਗੇ ਧਨ ਜੋ ਮੁਖ ਮੰਗਾ।।
ਅਰ ਜੇ ਚਰ ਗਈ ਉਸ ਦੀ ਦਾਰੂ। ਸਾਨੂੰ ਕਯਾ ਫਿਰ ਓਹੋ ਹਾਰੂ।।
ਭੰਗ ਝੜਾਕੇ ਘਰ ਨੂੰ ਜਾਊ। ਸਾਡੇ ਪਰ ਕੁਛ ਦੋਸ਼ ਨ ਆਊ।।
ਦੋਨੀ ਪਾਸੀਂ ਹਮ ਹੈਂ ਸੱਚੇ। ਕਿਸੀ ਤਰ੍ਹਾਂ ਨਹਿੰ ਹੋਸਾਂ ਕੱਚੇ।।
ਪਰ ਗੁਰੁ ਜਾਨੀ ਜਾਣ, ਪਿਆਰੇ।। ਕਯਾ ਤਿਨ ਕੋ ਬਿੱਪ ਛਲਹਿ ਵਿਚਾਰੇ?੬੪।।

## ਦਵੈਯਾ

ਜਿਸ ਤੇ ਗੁਰੁ ਜੀ ਸਮਝ ਗਏ ਸਭ ਇਹ ਚਾਲਾ ਤਿਨ ਕੇਰਾ। ਰਹੇ ਖਮੋਸ਼ ਨ ਉੱਤਰ ਦਿੱਤਾ ਗੱਲ ਨ ਕਰੀ ਵਧੇਰਾ।। ਫਿਰ ਸਭਨਾਂ ਨੂੰ ਵਿਦਾ ਕਰਾਇਆ ਆਪ ਅਨੰਦ ਬਿਰਾਜੇ। ਉਸੇ ਤਰ੍ਹਾਂ ਮੁੜ ਕਰਨੇ ਲੱਗੇ ਖੇਲ ਜਗਤ ਕੇ ਰਾਜੇ।।੬੫।। ਨਾ ਦੁਰਗਾ ਨਾ ਪੂਜਨ

ਉਸ ਦਾ ਨਾ ਪੰਡਤ ਨਾ ਪਾਧਾ। ਮੁੜਕੇ ਗੁਰੂ ਬੁਲਾਇਆ ਕੋਈ ਜਿਸਨੇ ਧਾਮਾਂ ਖਾਧਾ।। ਜਾਨ ਗਪੌੜੂ ਸਾਥ ਧਾਮ ਤੇ ਸਾਰੇ ਵਿਦਾ ਕਰਾਏ। ਜੋ ਗੱਲਾਂ ਦੇ ਹੋਇ ਮਸਾਲੇ ਪੇਟ ਪਲਾਨੇ ਆਏ।।੬੬।। ਸਭ ਸੰਗਤ ਨੂੰ ਕਰਨ ਲਗੇ ਗੁਰੂ ਉਸੇ ਪਾਂਤ ਉਪਦੇਸ਼ਾਂ। ਅਕਾਲ ਪੁਰਖ ਤੇ ਲਿਆਏ ਸੋ ਜੋ ਪਰਉਪਕਾਰ ਸੰਦੇਸਾ।। ਸਨੇ ਸਨੇ ਫਿਰ ਫਾਗ ਮਹੀਨੇ ਮੇਲਾ ਹੋਲੇ ਕੇਰਾ। ਆਇ ਗਿਆ ਤਿਸ ਕਰੀ ਤਿਆਰੀ ਭਇਆ ਅਨੰਦ ਘਨੇਰਾ।।੬੭।। ਦੂਰ ਦੂਰ ਤੇ ਸੰਗਤ ਆਹੀ ਦਰਸ਼ਨ ਗੁਰੂ ਕਾ ਕੀਆ। ਧਰ ਕਰ ਭੇਟ ਚਰਨ ਤਰ ਗੁਰੂ ਕੇ ਮਨ ਬਾਂਛਤ ਫਲ ਲੀਆ।। ਭਯਾ ਅਨੰਦ ਅਨੰਦ ਪੁਰੀ ਮਹਿ ਤਿਨਹੁ ਦਿਵਸ ਅਸਭਾਰਾ। ਪਾਛੇ ਵਿਦਾ ਦਈ ਸਭ ਸੰਗਤ ਖੇਲ ਮਹੱਲਾ ਪਯਾਰਾ।।੬੮।।

## ਦੋਹਿਰਾ

ਨਾ ਦੇਵੀ ਨਾ ਦੇਵਤਾ ਨਾ ਬ੍ਰਾਹਮਨ ਨਾ ਯੱਗ।
ਦੇਖ ਗੁਰੂ ਦੇ ਤੇਜ ਕੋ ਸਭ ਹੋ ਗਏ ਅਲੱਗ।।੬੯।।

ਭਾਵ- ਇਸ ਸਾਰੇ ਪ੍ਰਸੰਗ ਤੇ ਇਹ ਸਿੱਧ ਹੁੰਦਾ ਹੈ ਕਿ ਗੁਰੂ ਜੀ ਮਹਾਰਾਜ ਨੂੰ ਜੋ ਕੁਛ ਕਰਨਾ ਪਿਆ ਸੋ ਬ੍ਰਾਹਮਨਾਂ ਦੇ ਪਖੰਡ ਜਾਲ ਦੇ ਤੋੜਨੇ ਪਿੱਛੇ ਕਰਨਾ ਪਿਆ, ਅਰ ਗੁਰੂ ਜੀ ਨੇ ਇਹ ਅੱਛੀ ਤਰ੍ਹਾਂ ਵਿਚਾਰ ਲੀਤਾ ਸੀ ਕਿ ਦੁਰਜਨ ਤੋਖ ਨਯਾਯ ਦ੍ਵਾਰਾ ਇਨ੍ਹਾਂ ਨੂੰ ਝੂਠੇ ਕਰਕੇ ਤਯਾਗਨਾ ਚਾਹੀਦਾ ਹੈ ਜਿਸ ਪਰ ਇਨ੍ਹਾਂ ਦਾ ਕੋਈ ਉਜ਼ਰ ਬਾਕੀ ਨਾ ਰਹਿ ਜਾਏ।।

ਏਸੇ ਵਾਸਤੇ ਪਹਲੇ ਜੱਗ ਅਰੰਭ ਕੇ ਲੋਭ ਵਿਚ ਉਨ੍ਹਾਂ ਦੀ ਪ੍ਰੀਛਾ ਕੀਤੀ ਜਿਸ ਪਰ ਸਭ ਸੰਗਤ ਨੂੰ ਦਿਖਾ ਦਿੱਤਾ ਕਿ ਇਹ ਲੋਗ ਇਸ ਪ੍ਰਕਾਰ ਦੇ ਲਾਲਚੀ ਹੁੰਦੇ ਹਨ ਅਰ ਫਿਰ ਉਨ੍ਹਾਂ ਨੂੰ ਧੱਕੇ ਦੇਕੇ ਘਰੋ ਬਾਹਰ ਕਰ ਦਿੱਤਾ। ਦੂਸਰੇ ਜੋ ਚੌਦਾਂ ਰਹੇ ਸਨ ਉਨ੍ਹਾਂ ਦੀ ਵਿੱਦਯਾ ਵਿੱਚ ਪ੍ਰੀਛਾ ਕੀਤੀ ਕਿ ਕਿੱਥੋਂ ਤਕ ਜਾਨਦੇ ਹਨ ਪਰੰਤੂ ਭਾਵੇਂ ਉਹ ਖੀਰ ਖਾਣੇ ਵਿੱਚ ਤਾਂ ਪ੍ਰਧਾਨ ਸਨ ਪਰ ਵਿੱਦਯਾ ਤੇ ਬਿਲਕੁਲ ਖਾਲੀ ਸੇ ਜਿਸ ਪਰ ਉਨ੍ਹਾਂ ਨੂੰ ਭੀ ਚੁਪ ਚੁਪਾਤ ਵਿਦਾ ਕਰ ਦਿੱਤਾ ਅਰ ਇਹ ਭੀ ਕਹਾ ਲੀਤਾ ਕੀ ਪੰਜਾਬ ਵਿੱਚ ਕੋਈ ਭੀ ਬ੍ਰਾਹਮਨ ਨਹੀਂ ਹੈ ਜੋ ਪੂਰਨ ਵਿਦ੍ਵਾਨ ਹੋਵੇ।।

ਤੀਸਰਾ ਜਦ ਉਨ੍ਹਾਂ ਬ੍ਰਾਹਮਨਾਂ ਨੇ ਉਜੈਨ ਵਾਲੇ ਦੱਤਾ ਨੰਦ ਦਾ ਨਾਮ ਲੀਤਾ ਅਰ ਉਸ ਦੀ ਵਡਿਆਈ ਕੀਤੀ ਤਦ ਗੁਰੂ ਜੀ ਨੂੰ ਜੇ ਦੇਵੀ ਪ੍ਰਗਟ ਕਰਨ ਦਾ ਪ੍ਰੇਮ ਹੁੰਦਾ ਤਾਂ ਜਰੂਰ ਉਸ ਪਾਸ ਸਿੱਖ ਸੇਵਕ ਭੇਜਕੇ ਉਸੇ ਵੇਲੇ ਮੰਗਵਾਉਂਦੇ ਕਿੰਤੂ ਗੁਰੂ ਜੀ ਨੇ ਇਸ ਬਾਤ ਦਾ ਕੁਝ ਉੱਤਰ ਭੀ ਨਾ ਦਿੱਤਾ ਸਗੋਂ ਚੁੱਪ ਕਰ ਰਹੇ ਅਰ ਮੇਲੇ ਦੇ ਕਾਰਜ ਵਿੱਚ ਪ੍ਰਵਿਰਤ ਹੋ ਗਏ। ਇਸ ਤੇ ਸਾਫ ਸਿੱਧ ਹੁੰਦਾ ਹੈ ਕਿ ਗੁਰੂ ਜੀ ਮਹਾਰਾਜ ਅਕਾਲ ਪੁਰਖ ਤੇ ਛੁੱਟ ਕਿਸੇ ਦੇਵੀ ਦੇਵਤੇ ਦੇ ਉਪਾਸਕ ਨਹੀਂ ਸਨ।।

# ਦੁਰਗਾ ਭਗਤ

## ਦੋਹਿਰਾ

ਐਵੇਂ ਧੱਕਾ ਨਾ ਕਰੋ ਅੱਗੇ ਪੜ੍ਹ ਕਰ ਦੇਖ।
ਦੁਰਗਾ ਪੂਜਨ ਦੱਸਦਾ ਸੁੱਖਾ ਸਿੰਘ ਦਾ ਲੇਖ।।੭੦।।

## ਚੌਪਈ

ਸੁਨ ਲੀਜੈ ਸਭ ਅਗਲੀ ਕਥਾ। ਗੁਰ ਬਿਲਾਸ ਭਾਖਤ ਹੈ ਯਥਾ।।
ਦੱਤਾ ਨੰਦ ਬਰਾਹਮਣ ਆਇਆ। ਜਿਸ ਨੇ ਸਾਰਾ ਕਾਜ ਕਰਾਇਆ।।
ਤੁਮਰੀ ਸ਼ੰਕਾ ਰਹੇ ਨ, ਭਾਈ। ਜਬ ਪੜ੍ਹ ਹੈ ਆਗੇ ਕਛੁ ਜਾਈ।।
ਸੋਈ ਮੈਂ ਹੁਨ ਕਥਾ ਸੁਨਾਵਾਂ। ਜਿਸ ਮਹਿ ਗੁਰੁ ਕਾ ਚਰਿਤ ਦਿਖਾਵਾਂ।।
ਦੇਕਰ ਮਨ ਸਰਵਨ ਕਰ ਲੀਜੋ। ਫਿਰ ਦੁਰਗਾ ਕਾ ਸਿਮਰਨ ਕੀਜੋ।।੮੧।।

ਯਥਾ:- "ਇਹ ਭਾਂਤ ਚਿੱਤ ਪ੍ਰਭਜੂ। ਤਿਹ ਬਿੱਪ ਚਿੱਤਰਾਹਾ ਹਕਾਰਾ।। ਇਹ ਚਿੰਤ ਰੈਨ ਦਿਨ ਕਰਤ ਜਾਨ। ਵਹੁ ਥਾਨ ਇਤੈ ਪਹੁੰਚਿਓ ਜੁਆਨ।।੬੩।। ਤਬ ਆ ਹਜ਼ੂਰ ਕਿਨ ਸਿੱਖ ਸੁ ਜਾਨ। ਇਹ ਆਨ ਬੈਨ ਪ੍ਰਭੂ ਸੋ ਬਖਾਨ।। ਪ੍ਰਭੂ ਵਹੈ ਬਿੱਪਵਾਸੀ ਉਜੈਨ। ਨਿਜ ਬਾਗ ਮੱਧ ਹੇਰਯੋ ਸੁ ਨੈਨ।।੬੪।। ਦਰਸ਼ਨ ਕਾਜ ਜੁਆਲਾ ਨਿਧਾਨ। ਵਹੁ ਚਲਿਓ ਜਾਤ ਆਨੰਦ ਠਾਨ।। ਕਛੁ ਲੋਗ ਸਾਥ ਹੈ ਦੱਛਨੇਸ। ਬਹੁ ਭਾਂਤ ਜਾਣ ਸੁੰਦਰ ਬਣੇਸ। ਇਹ ਸੁਨਤ ਬੈਨ ਪ੍ਰਭੂ ਭੈ ਪ੍ਰਸੰਨ। ਕਰਿਓ ਖੜਗ ਕੇਤ ਸੋ ਸਦਾ ਧੰਨ।। ਨਿਜ ਕਰਤ ਕਾਜ ਦਾਸਨ ਆਪ।। ਇਹ ਕ੍ਰਿਪਾ ਸਿੰਧ ਕੋ ਲੱਖ ਪ੍ਰਤਾਪ।।੬੬।।

## ਸਵੈਯਾ

ਯੌਂ ਬਤੀਆਂ ਸੁਨਕੈ ਨਿਜ ਦਾਸਨ ਪਾਸ ਹਜ਼ੂਰ ਉਨੈ ਸੁ ਬਿਚਾਰੀ। ਤੌਂ ਨਿਜ ਰੱਛਕ ਰੈਨ ਦਿਨਾਂ ਅਸਕੇਤੁ ਕ੍ਰਿਪਾਨਿਧ ਹੈ ਬਲਕਾਰੀ।। ਕਾਜ ਕਰੈ ਤੁਮਰੇ ਸਭ ਪੂਰਨ ਚੂਰਨ ਕੈ ਸੁ ਅਰਾਨ ਬਿਦਾਰੀ। ਭਾਗ ਸੁ ਤੁੱਲ ਨਹੀਂ ਤੁਮਰੇ ਜਗ ਔਰ ਸੁਨੋ ਬਤੀਆ ਅਸਿਧਾਰੀ।।੬੭।। ਇਹ ਭਾਂਤ ਸੁ ਆਪ ਬਿਚਾਰਤ ਹੈ ਉਤ ਬਿੱਪ ਉਨੈ ਇਹ ਭਾਂਤ ਕਈ। ਲਖਕੇ ਸੁ ਪ੍ਰਤਾਪ ਦਯਾਨਿਧ ਕੋ ਤਿਨ ਚਿੱਤ ਵਿਖੈ ਬਤੀਆਂ ਸੁ ਠਈ।। ਕਿਹ ਭਾਂਤ ਹਜ਼ੂਰ ਦਿਦਾਰ ਕਰੋ ਬਹੁ ਭੀਰ ਕਿਧੌਂ ਦਰਬਾਰ ਹਈ।। ਬਿਨ ਬੋਲ ਸੁ ਜੋਗ ਧਿਆਨ ਨਹੀਂ ਇਹ ਯੌਂ ਬਤੀਆ ਚਿਤ ਧਾਰ ਲਈ।।੬੮।।

### ਰਸਾਵਲ ਛੰਦ

ਅਹੈ ਜੋ ਉਤਾਰੀ। ਕ੍ਰਿਪਾ ਸਿੰਧੁ ਭਾਰੀ।। ਚਿਦਾਨੰਦ ਬਾਸੀ। ਅਖੈ ਅਬਿਨਾਸੀ।।੬੯।। ਪਰੰਚੀਤ ਬਾਤਾ। ਕਿਧੌਂ ਹੈ ਗਿਆਤਾ।। ਇਹੈ ਮੋਰ ਬਾਨੀ। ਦਿਦਾਰੰ ਜੁ ਆਨੀ।੭੦।। ਗੁਰੂ ਜੋ ਸੁ ਪੂਰਾ। ਨਵੰ ਸਾਤ ਸੂਰਾ।। ਇਤੈ ਥਾਨ ਐਹੈ। ਨ ਮੋਕਉ ਬੁਲੈਹੈ।।੭੧।। ਤਿਸੈ ਚੀਤ ਬਾਤਾ। ਪ੍ਰਭੂ ਕੀਨ ਗਯਾਤਾ।। ਸਭੈ ਭੇਦ ਜਾਨੀ। ਮੁਖੰ ਯੌ ਬਖਾਨੀ।।੭੨।। ਦਹਾਂ ਬੋਲ ਸਵਾਰੀ। ਕਰੈਂ ਤਾਂ ਦਿਦਾਰੀ।। ਸਿਖੰ ਯ ਸੁਨਾਈ।। ਇਹਾਂਲੌਂ ਬੁਲਾਈ।।੭੩।। ਪ੍ਰਭੂ ਯੌਂ ਸੁਨਾਵੈਂ। ਹਮੈ ਆਪ ਜਾਵੈ। ਗੁਨੀ ਲੀਜੈ। ਤਿਸੈ ਮਾਨ ਦੀਜੈ।।੭੪।। ਕਲੂ ਜਯੋਂ ਗਯਾਨੀ। ਕਰੋ ਨਾ ਭਿਮਾਨੀ। ਬਿਜੈ ਫੀਮ ਖਾਈ। ਸੁਚੇਤਾ ਕਰਾਈ।।੭੫।। ਗਏ ਤੌਨ ਥਾਨੀ। ਜਿਤੈ ਥੋ ਦਿਜਾਨੀ।। ਘਨੇ ਥੀਰ ਸੰਗਾ। ਤਬੈ ਸੁੱਧ ਅੰਗਾ।।੭੬।। ਭਯੋ ਮੇਲ ਆਹੀ।। ਤਿਸੈ ਬਾਗ ਮਾਹੀ।। ਅਸੀਰੰਜੁ ਬਾਦੰ। ਦਈ ਬਿੱਪ ਆਦੰ।। ਭਲੀ ਸੋ ਬਿਚਾਰੀ ਅਭੂਤੰ ਅਪਾਰੀ।।੭੭।।

## ਦੋਹਿਰਾ

ਔ ਪੰਡਤ ਜੇਤਕ ਗੁਨੀ ਕ੍ਰਿਪਾ ਸਿੰਧੁ ਕੇ ਤੀਰ।
ਤਿਨ ਉਪਮਾਂ ਦ੍ਵਿਜ ਤਵਨ ਕੀ ਕਰੀ ਅਧਿਕ ਮਤਿ ਧੀਰ॥੭੮॥

## ਚੌਪਈ

ਇਹ ਤੁਮਰੀ ਲਾਇਕ ਪ੍ਰਭੁ ਗੁਨੀ। ਦਿੱਬ ਗਿਆਨ ਬਿੱਪਨ ਕੋ ਧਨੀ॥
ਇਹ ਸਮ ਔਰ ਗੁਨੀ ਮਤਿ ਸਾਰਾ। ਹੈ ਨਹਿ ਚੌਦਹਿ ਭਵਨ ਮਝਾਰਾ॥੭੯॥
ਯਾ ਕਹਿ ਪ੍ਰਗਟ ਕਾਲਕਾ ਮਾਈ। ਬੇਦ ਪੁਰਾਨ ਪੁੰਨ ਅਧਿਕਾਈ॥
ਯੌ ਤਾਂ ਕੀ ਸੋਭਾ ਤਬ ਘਨੀ। ਪਾਸ ਹਜ਼ੂਰ ਦ੍ਵਿਜ ਨ ਤਬ ਭਨੀ॥੯੦॥
ਤਾਂ ਸੋ ਕੁਛ ਪ੍ਰਭ ਬਾਤ ਸੁ ਪੂਛੀ। ਤਿਨ ਨਿਜ ਬਰਨ ਸੁਨਾਈ ਸੂਛੀ॥
ਔ ਪੂਜਾ ਕੀ ਸਕਲ ਸਿਧਾਨੀ॥ ਤਵਨੈ ਬਿੱਪ ਸੁ ਉਚਰ ਬਖਾਨੀ॥੯੧॥
ਫਿਰ ਤਿਨ ਐਸੇ ਕਹੀ ਬਨਾਇ। ਕਠਨ ਬਾਤ ਕਲਜੁਗ ਮਧਿ ਗਾਇ॥
ਹਮ ਹੈਂ ਕਲੀ ਕਾਲ ਕੇ ਲੋਗਾ। ਮੰਤ੍ਰ ਯੰਤ੍ਰ ਨਹਿ ਸਧੈ ਪ੍ਰਯੋਗਾ॥੯੨॥"

## ਦੋਹਿਰਾ

ਦੇਖਯਾ ਇਸ ਪ੍ਰਸੰਗ ਤੇ ਕਿਆ ਸਾਬਤ ਹੋ ਜਾਇ।
ਦੁਰਗਾ ਪਰਗਟ ਕਰਨ ਕੋ ਗਏ ਬਿਪ੍ਰ ਜੂ ਆਇ॥੭੨॥
ਫਿਰ ਗੁਰ ਜੀ ਤਿਸ ਢਿਗ ਗਏ ਆਪ ਪੂਛਨੇ ਕਾਜ।
ਜੋ ਇੱਛਾ ਮਨ ਕੀ ਹੁਤੀ ਪ੍ਰਗਟ ਕਰੀ ਮਹਾਰਾਜ॥੭੩॥
ਫਿਰ ਇਸ ਮਹਿ ਕਯਾ ਸ਼ੰਕ ਹੈ ਪੁਨ ਗੁਪਤਾ ਕਯਾ ਭੇਤ।
ਜਦ ਇਸ ਕਾਰਜ ਕੀ ਭਲੇ ਗ੍ਰੰਥ ਗਵਾਹੀ ਦੇਤ॥੭੪॥

# ਤੱਤ ਖਾਲਸਾ

## ਸਵੈਯਾ

ਇਸ ਮੈਂ ਨਹੀਂ ਹੋਵਤ ਸਿੱਧ ਕਛੂ ਤਿਸ ਬਿੱਪਰ ਕੋ ਤੁਮ ਆਵਨ ਗਾਇਆ। ਜਬ ਤੱਤ ਬਿਚਾਰ ਕਰੋ ਮਨ ਮੈਂ ਤਬ ਜਾਨਹੁਗੇ ਗੁਰੁ ਕਯਾ ਫ਼ਰਮਾਇਆ॥ ਪੁਨ ਪੰਡਤ ਆਨ ਅਚਾਨਕ ਹੀ ਇਸ ਮੈਂ ਕੁਛ ਬਿੱਪਨ ਕੀ ਲਖ ਮਾਇਆ। ਅਸ ਫੰਧ ਚਲਾਇ ਫਸਾਇ ਜਨਾ ਠੱਗ ਬਯੋਂਤ ਬਨਾਇ ਜਿਨੋ ਜਗ ਖਾਇਆ॥੭੫॥

## ਦੋਹਿਰਾ

ਪਹਲੇ ਸੋਚ, ਪਿਆਰਿਆ! ਬਿਨਾਂ ਬੁਲਾਏ ਜੋਇ।
ਆਯਾ ਬ੍ਰਿੱਪ ਉਜੈਨ ਤੇ ਯਹੀ ਭੇਦ ਕੁਛ ਹੋਇ॥੭੬॥

## ਚੌਪਈ

ਪਹਲੇ ਝੂਠ ਬਾਤ ਇਹ ਸਾਰੀ। ਜੋ ਸੁੱਖਾ ਮ੍ਰਿਗਿੰਦ ਉਚਾਰੀ॥
ਗੁਰੂ ਜੀ ਰਾਤ ਦਿਨੋਂ ਮਨ ਮਾਂਹੀ॥ ਚਿੰਤਤ ਥੇ ਬੈਠੇ ਉਰ ਤਾਹੀ॥
ਜਿਸ ਪਰ ਆਪੇ ਹੀ ਉਹ ਆਇਆ। ਪ੍ਰੇਰ ਰਿਦਾ ਗੁਰੂ ਤਾਂਹਿ ਬੁਲਾਇਆ॥

ਜਿਸ ਤੇ ਆਇਆ ਸੋ ਗੁਰੁ ਦ੍ਵਾਰੇ। ਉਤਰਾ ਆਕੇ ਬਾਗ ਮਝਾਰੇ॥
ਨਹਿ ਸਬੂਤ ਕੁਛ ਇਸਕਾ ਭਾਈ। ਨਿਰੀ ਕਲਪਨਾਂ ਕਵਿ ਕੀ ਪਾਈ॥
ਫਿਰ ਆਗੇ ਤਿੰਨ ਯੌ ਬਤਲਾਹਿਆ। ਜ੍ਵਾਆ ਜੀ ਕੇ ਦਰਸ਼ਨ ਆਇਆ॥
ਹੁਣ ਮਨ ਮਹਿ ਤੁਮ ਕਰੋ ਵਿਚਾਰ। ਕਿਹੜੀ ਗੱਲ ਸੱਤ ਹੈ, ਯਾਰ॥
ਜੇ ਪੰਡਤ ਸੀ ਗੁਰੂ ਬੁਲਾਇਆ। ਤਾਂ ਜ੍ਵਾਲਾ ਕਿਉਂ ਦੇਖਨ ਆਇਆ॥
ਸਿੱਧਾ ਆਇ ਗੁਰੂ ਜੀ ਪਾਸ। ਕਿਉਂ ਨਾਂ ਤਿਸ ਕੀਨੀ ਅਰਦਾਸ॥
ਕੌਨ ਕਾਜ ਪ੍ਰਭੁ ਮੋਹ ਬੁਲਾਇਆ। ਪ੍ਰੇਰ ਰਿਦਾ ਸੁਨੀਏ ਜਗ ਰਾਇਆ॥
ਕਰਸਾਂ ਕਾਜ ਹੁਕਮ ਜੋ ਹੋਵੈ। ਅਪਨੀ ਚਿੰਤ ਸਗਲ ਪ੍ਰਭੁ ਖੋਵੈ॥
ਜੇ ਗੁਰੁ ਪ੍ਰੇਰ ਬੁਲਾਤੇ ਭਾਈ। ਐਸੇ ਕਹਿਤਾ ਗੁਰੁ ਢਿਗ ਜਾਈ॥
ਜਿਸ ਪਰ ਗੁਰੁ ਜੀ ਬਹੁਰ ਅਲਾਤੇ। ਦੇਵੀ ਕਾ ਸਭ ਹਾਲ ਸੁਨਾਤੇ॥
ਪੁਨ ਕਹਿਤੇ ਹਮ ਤੋਰ ਪਰੇਰਾ। ਜਾਂਤੇ ਆਜ ਨੈਨ ਸੋ ਹੇਰਾ।
ਜਾਤੇ ਐਸੀ ਬਾਤ ਨ ਹੋਈ। ਤਾਂਤੇ ਗੁਰੁ ਨ ਪ੍ਰੇਰਿਆ ਸੋਈ॥
ਅਰ ਜੋ ਨੈਣਾਂ ਦੇਵੀ ਆਯਾ। ਤਾਂ ਗੁਰੁ ਜੀ ਨੇ ਕਹਾਂ ਬੁਲਾਯਾ॥
ਮਿੱਥਿਆ ਭਈ ਬਾਤ ਯਹਿ ਤੋਰੀ। ਗੁਰੁ ਸਿਮਰਤ ਤਾਂਕੋ ਨਿਸ ਭੋਰੀ॥
ਉਹ ਸਾ ਮੂਰਤ ਪੂਜਕ ਪੰਡਾ। ਪਾਹਨ ਦੇਵੀ ਲਖੇ ਪ੍ਰਚੰਡਾ॥
ਅਪਨੇ ਹੋ ਅਗਯਾਨ ਅਧੀਨ। ਚਾਲੇ ਆਯਾ ਦੇਵੀ ਚੀਨ॥
ਜਬ ਆਨੰਦ ਪੁਰੀ ਮਹਿ ਆਯਾ। ਰੈਨ ਪਰੀ ਡੇਰਾ ਚ ਲਾਯਾ॥
ਇਸ ਮਹਿ ਗੁਰੁ ਕੀ ਇੱਛ ਨ ਕੋਈ। ਯਹ ਇੱਛਾ ਬ੍ਰਾਹਮਨ ਕੀ ਹੋਈ॥
ਤਾਂਤੇ ਦੋਨਹੁ ਤਰਹਿ ਅਸੱਤ। ਦੁਰਗਾ ਪੂਜਨ ਧਰ ਮਨ ਮੱਤ॥
ਤੀਜੀ ਹੋਰ ਬਾਤ ਸੁਨ ਭਾਈ। ਜੇ ਇੱਛਾ ਹੁੰਦੀ ਗੁਰੁ ਰਾਈ॥
ਤਾ ਕਿਯੋਂ ਇਤਨੀ ਦੇਰ ਲਗਾਤੇ। ਕਿਸੇ ਸਿੱਖ ਕੋ ਤੁਰਤ ਪਠਾਤੇ॥
ਅਰ ਤਿਸ ਕਰ ਪਰਵਾਨਾ ਦੇਤੇ। ਕਰ ਸਨਮਾਨ ਬੁਲਾਇ ਸੁ ਲੇਤੇ॥
ਕਈ ਹਜ਼ਾਰ ਸਿੱਖ ਥਾ ਪਾਸ। ਆਗਯਾ ਮਾਨਨ ਕੋ ਭਲ ਦਾਸ॥
ਦੇ ਅਸਵਾਰੀ ਤੁਰਤ ਪਠਾਤੇ। ਬਿਨਾਂ ਬਿਲੰਬ ਹਜ਼ੂਰ ਬੁਲਾਤੇ॥
ਪਰ ਗੁਰੁ ਜੀ ਕੁਛ ਖਯਾਲ ਨ ਕੀਆ। ਜਾਨ ਪਾਖੰਡ ਵਿਸਾਰ ਸੁ ਦੀਆ॥
ਤਾਂਤੇ ਕਿਸੇ ਪ੍ਰਕਾਰ, ਪਿਆਰੇ। ਸਿੱਧ ਨ ਹੋਵਤ ਵਾਕ ਤੁਮ੍ਹਾਰੇ॥੭੭॥

## ਦੋਹਿਰਾ

ਤਾਂਤੇ ਅੰਦਰ ਏਸ ਦੇ ਹੋਰ ਚਮਕਦਾ ਨੂਰ।
ਕਾਲਾ ਕਾਲਾ ਦਾਲ ਵਿਚ ਦਿਸਦਾ ਕੁਝ ਜ਼ਰੂਰ॥੭੮॥
ਸੋ ਮੈਂ ਦੱਸਾਂ ਤੁੱਧ ਨੂੰ ਜੋ ਸੀ ਇਸ ਵਿਚ ਭੇਤ।
ਜਦ ਬਿੱਪਨ ਨੇ ਦੇਖਿਆਂ ਚਿੜੀਆਂ ਚੁਗ ਗਈ ਖੇਤ॥੭੯॥
ਅਬ ਪਛਤਾਏ ਹੋਤ ਕਯਾ ਕਰੀਏ ਕੁੱਝ ਉਪਾਉ।

ਦੱਤਾਨੰਦ ਉਜੈਨੀਏ ਦਾ ਜੇ ਲੱਗੇ ਦਾਉ।।੮੦।।

## ਦਵੈਯਾ

ਜਦ ਸਾਰੇ ਬਿਪਨ ਨੇ ਜਾਤਾ ਗੁਰੂ ਸਾਨੂੰ ਦੁਰਕਾਰੇ। ਅਪਨੇ ਸਿੱਖਾਂ ਤਾਂਈ ਲੱਗੇ ਕਰਨ ਅਸਾਂ ਥੋਂ ਨਿਆਰੇ।। ਗੁਰੂ ਨਾਨਕ ਦੇ ਬੂਟੇ ਤਾਂਈ ਫਲ ਲਾਵਨ ਹੁਨ ਚਾਹੇ। ਲੱਗੇ ਉਡਨ ਅਸਾਂ ਥੋਂ ਪੰਖੀ ਜੋ ਮਨ ਚਿਰ ਦੇ ਫਾਹੇ।।੮੧।। ਫਿਰ ਪੰਡਤ ਜੋ ਕਈ ਹਜ਼ਾਰਾਂ ਹਾਰ ਗਏ ਗੁਰੁ ਆਗੇ। ਬੁੱਧੀ ਵਿੱਦਯਾਹੀਨ ਕਹਾਕੇ ਆਏ ਲੋਗ ਅਭਾਗੇ।। ਪਰ ਚੌਂਦਾਂ ਨੇ ਅਪਨੇ ਗਲ ਤੇ ਕੱਢ ਬਲਾਇ ਵਿਚਾਰੀ। ਦੱਤਾ ਨੰਦ ਉਜੈਨੀ ਦੇ ਜੋ ਗਲ ਪਾਈ ਸੀ ਸਾਰੀ।।੮੨।। ਤਾਂਤੇ ਉਸ ਨੂੰ ਜਾਕੇ ਭਾਈ ਕਿਸੇ ਤਰ੍ਹਾਂ ਹੁਨ ਲਿਆਓ। ਆਖੋ ਕਰਕੇ ਤੇ ਚਤੁਰਾਈ ਲੈ ਦੌਲਤ ਘਰ ਜਾਓ।। ਜੇ ਗੁਰੁ ਆਹਿ ਗਏ ਵਿਚ ਛਲਦੇ ਤਾਂ ਪੌ ਬਾਰਾ ਹੋਸੀ। ਜਨਮ ਜਨਮ ਦਾ ਪਿਆ ਦਰਿਦਰ ਤੇਰਾ ਪਲ ਵਿਚ ਖੋਸੀ।।੮੩।। ਜਿਸ ਪਰ ਚਾਲਾ ਏਹੁ ਪਕਾਕੇ ਗੁਪਤ ਬੁਲਾ ਉਸ ਲਿਆਏ। ਆਖੀ ਤੇਰੀ ਬਾਬਤ ਹਮਨੇ ਹਨ ਗੁਰੂ ਜੀ ਸਮਝਾਏ।। ਬਾਗ ਵਿੱਚ ਜਾ ਡੇਰਾ ਲਾਵੋ ਪੂਰ ਆਨੰਦ ਮਝਾਰੇ। ਆਖੋ ਚੱਲੇ ਦਰਸ਼ਨ ਕਰਨੇ ਦੇਵੀ ਮਾਤ ਸੁਖਾਰੇ।।੮੪।। ਤੁਮਰੇ ਆਵਨ ਦੀ ਜਦ ਗੁਰੁ ਨੂੰ ਖਬਰ ਭਲੀ ਹੋ ਜਾਊ।। ਤੁਰਤ ਬੁਲਾਉਨ ਪਾਸ ਤੁਧ ਨੂੰ ਯਾ ਢਿਗ ਤੁਮਰੇ ਆਊ।। ਮਾਰ ਗਪੌੜੇ ਲੰਬੇ ਚੌੜੇ ਦੱਸ ਦਈ ਮਨ ਭਾਏ। ਲਿਆਵੀਂ ਧਨ ਜੋ ਸਦੀਆਂ ਤੀਕਰ ਬੈਠਾ ਟੱਬਰ ਖਾਏ।।੮੫।। ਜਿਸ ਪਰ ਲੋਭ ਗਰਸਿਆ ਬ੍ਰਾਹਮਨ ਆਇ ਗਿਆ ਸੀ ਆਪੇ। ਐਸਾ ਢੰਗ ਦਖਾਯਾ ਜਿਸ ਨੇ ਮਾਨੋ ਜਾਤ੍ਰੀ ਜਾਪੇ।। ਜਦ ਸਿੱਖਾਂ ਨੇ ਵਿੱਚ ਬਾਗ ਦੇ ਦੇਖਿਆ ਦੱਖਨ ਵਾਸੀ। ਦੱਤਾ ਨੰਦ ਨਾਮ ਨੂੰ ਸੁਨਕੇ ਖੋਈ ਮਨੋ ਉਦਾਸੀ।।੮੬।। ਫਿਰ ਉਸ ਬਾਬਤ ਅਰਜ਼ ਕਰੀ ਤਿਨ ਗੁਰੁ ਜੀ ਅੱਗੇ ਜਾਕੇ। ਓਹੋ ਪੰਡਤ ਆਇਆ ਪ੍ਰਭ ਜੀ ਜੋ ਬਿਪ ਗਏ ਸੁਨਾਕੇ। ਸੁਨਦੇ ਸਾਰ ਗੁਰੂ ਜੀ ਮੁਖ ਸੇ ਧੰਨ ਅਕਾਲ ਉਚਾਰਾ। ਆਖੀ ਆਪੇ ਆਇ ਗਿਆ ਜੋ ਅਹੇ ਸ਼ਕਾਰ ਹਮਾਰਾ।।੮੭।। ਓਧਰ ਪੰਡਤ ਜੀ ਨੇ ਦੇਖੇਂ ਗੁਰੁ ਜੀ ਅਧਕ ਪ੍ਰਤਾਪੀ। ਜਿਸ ਤੇ ਮਨ ਦੇ ਅੰਦਰ ਤਿਸ ਨੇ ਐਸੀ ਬਾਤ ਅਲਾਪੀ।। ਜੇ ਮੈਂ ਆਪ ਗਿਆ ਗੁਰੁ ਸਨਮੁਖ ਤਾਂ ਹੌਲਾ ਹੋ ਜਾਊ। ਬਿਨਾਂ ਬੁਲਾਏ ਨੱਸੇ ਜਾਣਾਂ ਅਤਿ ਮੂਰਖ ਸਦਵਾਊ।।੮੮।। ਏਧਰ ਗੁਰੁ ਜੀ ਚਿੱਤ ਵਿਚਾਰੀ ਜੇ ਕਰ ਅਸਾਂ ਬੁਲਾਯਾ। ਆਇ ਪਖੰਡ ਓਸ ਨੇ ਅਪਨਾ ਏਥੇ ਚਾਇ ਚਲਾਯਾ।। ਫਿਰ ਬੁਲਾਇਕੇ ਮਾਨ ਭੰਗ ਹੈ ਕਰਨਾ ਨੀਤ ਵਿਰੁੱਧਾ। ਦੇ ਸਨਮਾਨ ਨ ਚਹੀਏ ਕਰਨਾ ਤਿਸਪ ਬਹੁਰ ਕਰੁੱਧਾ।।੮੯।। ਤਾਂਤੇ ਆਪ ਜਾਇ ਕਰ ਤਿਸ ਕੋ ਮਿਲਨਾ ਚਹੀਏ ਪਯਾਰੇ। ਜਿਸ ਤੇ ਤਿਸ਼ਕੇ ਗੁਣ ਅਰ ਔਗੁਣ ਪਰਗਟ ਹੋ ਸਨ ਸਾਰੇ।। ਜਾਨ ਚਿੱਤ ਮਹਿ ਐਸੀ ਬਾਤਾਂ ਨੀਤ ਵਿੱਗਯ ਗੁਰੁ ਦੇਵਾ। ਗਏ ਬਾਗ ਮਹਿ ਪਾਸ ਓਸ ਦੇ ਕਾਇ ਨ ਜਾਨੇ ਭੇਵਾ ਟੋਪਾ ਬੈਠ ਗਏ ਭਲ।।੯੦।। ਜਾ ਸਤਿਗੁਰੁ ਜੀ ਪਾਸ ਓਸ ਦੇ ਬੈਨ ਦੇ ਬੈਠੇ ਗਏ ਭਲ ਭਾਏ।। ਦੁਰਗਾ ਦੇ ਪ੍ਰਤੱਖ ਕਰਨ ਹਿਤ ਜਦ ਕੁਛ ਬਚਨ ਅਲਾਏ।। ਸੁਨ ਅਕਾਲ ਦਾ ਧੰਨਵਾਦ ਕਰ ਕਹੀ ਅਹੋ ਕਿਆ ਕਹੀਏ। ਬਿਨਾਂ ਬੁਲਾਏ ਭੇਜ ਦੀਆਂ ਇਹ ਮਗਰਮੱਛ ਜੋ ਚਹੀਏ।।੯੧।।

## ਦੋਹਿਰਾ

ਬਿਨ ਹੀ ਪੂਛੇ ਪ੍ਰਭੂ ਦੇ ਜੋ ਬ੍ਰਾਹਮਨ ਗੁਰੁ ਪਾਸ।
ਜਾਨ ਆਪਨਾ ਭ੍ਰਾਤ ਤਿਸ਼ ਲਗੇ ਕਰਨ ਬਕਵਾਸ਼॥੯੨॥

## ਚੌਪਈ

ਵਾਹ ਵਾਹ ਕਿਆ ਕਹੀਏ ਦੇਵਾ। ਯਹ ਪੰਡਤ ਹੈ ਲਾਇਕ ਸੇਵਾ॥
ਤੀਨ ਲੋਕ ਮਹਿ ਹੋਰ ਨ ਐਸਾ। ਏਹ ਗੁਣੀ ਆਯਾ ਹੈ ਜੈਸਾ॥
ਇਹ ਤਾਂ ਵਡਾ ਪਠਤ ਹੈ ਭਾਰਾ। ਚਾਰ ਵੇਦ ਜਿਨ ਪਾਯਾ ਪਾਰਾ॥
ਇਹ ਦੇਵੀ ਨੂੰ ਕਰੂ ਪ੍ਰਤੱਖ। ਝਮਕਨੇ ਮੂਲ ਨ ਦੇਊ ਅੱਖ॥
ਐਸਾ ਊਚਾ ਉਸੇ ਚੜ੍ਹਾਯਾ। ਪੱਦੂ ਤੇ ਪਦਮੇਸ਼ ਬਨਾਯਾ॥
ਜਾਨ ਆਪਨਾ ਬਿੱਪਰ ਭਾਈ। ਲਗੇ ਕਰਨ ਐਸੀ ਵਡਿਆਈ॥
ਅੱਜ ਕੱਲ ਜਿਓ ਲੋਗ ਸੁਨਾਉਨ। ਪੀਰਾਂ ਚਾਇ ਮੁਰੀਦ ਉਡਾਉਨ॥
ਸੋਈ ਬਾਤ ਤਿਨੋ੍ਹ ਤਬ ਕਈ। ਧੰਨ ਧੰਨ ਸਭ ਪਾਸੇ ਭਈ॥
ਪਰ ਗੁਰੁ ਜੂ ਕੁਛ ਖਆਲ ਨ ਕੀਨਾ। ਤਿਸ ਹੀ ਤੇ ਪੂਛਨ ਭਲ ਚੀਨਾ॥
ਕਹੀ ਸੁਨੋ ਪੰਡਤ ਜੂ ਪਿਅਰੇ, ਹੈ ਮੰਤਰ ਮਹਿ ਤੁਮ ਅਧਿਕਾਰੇ॥
ਤੁਮ ਪਰਤੱਖ ਦੇਵਤਾ ਕਰ ਹੋ। ਇਤਨੀ ਸ਼ਕਤ ਆਪ ਮਾਹਿ ਧਰ ਹੋ॥
ਕਹੋ ਸਗਲ ਤੁਮ ਅਪਨੀ ਗਾਥਾ। ਸਿੱਧ ਕਾਜ ਹੋਵੈ ਜਿਸ ਸਾਥਾ॥੯੩॥

## ਦੋਹਿਰਾ

ਜਦ ਪੰਡਤ ਨੇ ਸਮਝਿਆ ਲਈ ਪਰੀਛਾ ਮੋਰ।
ਤਦ ਉੱਤਰ ਐਸਾ ਦੀਆ ਜਿਸੇ ਨ ਜਾਨੇ ਹੋਰ॥੯੪॥

## ਚੌਪਈ

ਕਹੀ ਗੁਰੂ ਜੀ ਕਲਿਜੁਗ ਮਾਂਹੀ। ਪਰਗਟ ਕਰਨ ਸੁਖਾਲਾ ਨਾਹੀਂ॥
ਜੰਤ੍ਰ ਮੰਤ੍ਰ ਸਾਧਨ ਹੈ ਔਖਾ। ਹਮ ਕਲੁ ਜੀਵਨ ਕੋ ਨਹਿ ਸੋਖਾ॥
ਅਰ ਨਹਿ ਯੋਗ ਸਾਧਿਆ ਜਾਵੇ। ਤਨ ਸੰਜਮ ਧਨ ਅਧਕ ਨ ਪਾਵੇ॥
ਯਹ ਉੱਤਰ ਐਸਾ ਹੈ ਤਾਂਕਾ। ਹਿਕਮਤ ਨਾਲ ਭਰਾ ਹੈ ਬਾਂਕਾ॥
ਪੁਨ ਇਸ ਤੇ ਇਹ ਹੋਤ ਪ੍ਰਤੀਤ। ਦ੍ਰਿੜ ਵਿਸ੍ਵਾਸ ਨ ਤਿਸਕੇ ਚੀਤ॥
ਜਿਸ ਤੇ ਐਸੀ ਗੱਲ ਸੁਨਾਈ। ਘੱਟੇ ਕੌਡੀ ਚਾਇ ਰਲਾਈਂ॥
ਤਾਂਤੇ ਕਹੁ ਉਸ ਪੰਡਤ ਭਾਈ। ਕਿਆ ਦਿਖਲਾਈ ਸੀ ਚਤੁਰਾਈ॥
ਯਹ ਤੋ ਬਾਤ ਕਹਤ ਸਭ ਕੋਈ। ਜਿਸ ਕਾਰਜ ਮਹਿ ਸੰਸਾ ਹੋਈ॥
ਜੇ ਤਿਸ ਹੋਤਾ ਭਰਵਾਸਾ। ਪਰਗਟ ਕਰਸਾਂ ਨਾਹੀ ਹਾਸਾ॥
ਤੌ ਸਤਿਗੁਰ ਕੋ ਕਹਤਾ ਐਸੇ। ਪਰਗਟ ਦੇਵੀ ਹੋਇ ਨ ਕੈਸੇ॥
ਦੇਖੋ ਮੈਂ ਪਰਗਟ ਕਰ ਦੈਹੋ। ਭਲੀ ਭਾਂਤ ਯਸ ਗੁਰੁ ਤੇ ਲੈਹੋਂ।
ਤਿਸ ਨੇ ਤੋ ਅਸ ਗਿਰਾ ਅਲਾਈ। ਉਲਟੀ ਢੀਮ ਖੂਹ ਮੈਂ ਪਾਈ॥੯੫॥

## ਦੋਹਿਰਾ

ਉਸ ਨੇ ਤੋ ਕੁਛ ਨਾ ਕਹੀ ਹੋਕੇ ਬਾਤ ਦਲੇਰ।
ਪਰਗਟ ਕਰਸਾਂ ਚੰਡਕਾ ਹਾਥ ਮੂਛ ਪਰ ਫੇਰ।।੯੬।।

## ਚੌਂਪਈ

ਤਿਸ ਪੰਡਤ ਤੇ ਖਰੇ ਮਦਾਰੀ। ਕਹਤੇ ਊਚ ਪੁਕਾਰ ਪੁਕਾਰੀ।।
ਛਾਤੀ ਹਾਥ ਮਾਰ ਕਹ ਦੇਤੇ। ਸੁਨੋ ਲੋਗ ਦੇਖਤ ਹੋ ਜੇਤੇ।।
ਇਸ ਮਿੱਟੀ ਕੋ ਅਬੀ ਉਠਾਊ। ਜਿਸ ਪਰ ਮੰਤ੍ਰ ਐਸ ਚਲਾਊਂ।।
ਤੁਰਤ ਰੁਪਈਆ ਇਸੇ ਬਨਾਕੇ। ਪੈਸੇ ਲੇਵਹੁੰ ਤੁਮੇ ਦਿਖਾਕੇ।।
ਉਹ ਪ੍ਰਤੱਗਯਾ ਪੂਰੀ ਕਰਕੇ। ਤੁਰ ਪੈਂਦਾ ਹੈ ਖੀਸਾ ਭਰਕੈ।।
ਪਰ ਇਸ ਦੱਤਾ ਨੰਦ ਵਿਚਾਰੇ। ਕਹੇ ਬਚਨ ਕੁਛ ਬਹੁਤ ਨਿਹਾਰੇ।।
ਜਿਨ ਪਰ ਪੂਰਾ ਨਹਿ ਵਿਸ੍ਵਾਸ। ਅਰ ਨਹਿ ਸੁਨਨੇ ਹਾਰੇ ਆਸ।।
ਵਿੱਚ ਅੰਧੇਰੇ ਚਹੇ ਨਸ਼ਾਨਾ। ਲੱਗੇ ਯਾ ਨਹਿ ਲਗੇ ਮਹਾਨਾ।।੯੭।।

## ਦੋਹਿਰਾ

ਤਾਂ ਤੇ ਸੀ ਇਹ ਮਿੱਤਰਾ ਧਨ ਲੁੱਟਨ ਦੀ ਖੇਡ।
ਜਾਂ ਤੇ ਦੰਭ ਪਸਾਰਕੇ ਕਰਨੀ ਚਹੇ ਚਹੇਡ।।੯੮।।

ਭਾਵ- ਇਸ ਸਾਰੇ ਕਥਨ ਤੇ ਇਹ ਪਾਹਿਆ ਜਾਂਦਾ ਹੈ ਕਿ ਉਸ ਦੱਤਾ ਨੰਦ ਪੰਡਤ ਨੂੰ ਉਜੈਨ ਤੇ ਉਨ੍ਹਾਂ ਬ੍ਰਾਹਮਣਾਂ ਨੇ ਬੁਲਾਯਾ ਸਾ, ਅਰ ਉਸ ਨੂੰ ਇਹ ਜ਼ਰੂਰ ਸਮਝਾਯਾ ਹੋਵੇਗਾ ਕੇ ਦੇਵੀ ਦੇ ਦਰਸ਼ਨ ਨੂੰ ਜਾਣਾ ਆਖੀ ਜਿਸ ਪਰ ਤੇਰਾ ਨਾਉਂ ਸੁਣਕੇ ਅਰ ਦੇਵੀ ਦੇ ਜਾਨਦਾ ਕਾਰਨ ਸੁਣਕੇ ਗੁਰੂ ਨੂੰ ਭੁੱਲੀ ਗੱਲ ਫੇਰ ਚੇਤੇ ਜ਼ਰੂਰ ਆਜਾਊਗੀ।।

ਦੂਸਰਾ-ਫਿਰ ਉਸ ਦੇ ਚਿੱਤ ਵਿੱਚ ਇਹ ਖਯਾਲ ਪੈਦਾ ਹੋ ਗਿਆ ਕਿ ਮੈਂ ਆਪ ਜਾਕੇ ਨਾ ਮਿਲਾਂ ਜਿਸ ਤੇ ਹੌਲਾ ਸਮਝਿਆ ਜਾਵਾਂਗਾ ਅਰ ਗੁਰੂ ਜੀ ਜਦ ਉਸ ਪਾਸ ਆਏ ਤਦ ਦੂਸਰੇ ਬ੍ਰਾਹਮਣਾਂ ਨੇ ਜੋ ਗੁਰੂ ਜੀ ਦੇ ਘਰ ਦੇ ਹੀ ਸਨ ਅਰ ਪਾਸ ਰਹਿੰਦੇ ਸਨ ਉਸ ਦੀ ਆਪੇ ਹੀ ਵਡਿਆਈ ਕਰਨੀ ਅਰੰਭ ਦਿੱਤੀ। ਇਸ ਵਿੱਚ ਪਾਯਾ ਜਾਂਦਾ ਹੈ ਕਿ ਗੁਰੂ ਜੀ ਦੇ ਪਾਸਲੇ ਬ੍ਰਾਹਮਣਾਂ ਨੇ ਜੋ ਬਿਨਾਂ ਮਿਲੇ ਅਰ ਦੇਖੇ ਆਪੇ ਹੀ ਗੁਰੂ ਜੀ ਅੱਗੇ ਉਸ ਦੀ ਉਪਮਾਂ ਕਰਨੀ ਆਰੰਭ ਦਿੱਤੀ ਇਸ ਵਿੱਚ ਕੁਝ ਭੇਦ ਸਾ ਜੋ ਸਿੱਧ ਕਰਦਾ ਹੈ ਕਿ ਇਹ ਸਭ ਆਪਸ ਵਿੱਚ ਮਿਲੇ ਹੋਏ ਸਨ, ਫਿਰ ਉਸ ਦੱਤਾ ਨੰਦ ਨੇ ਭੀ ਪੁੱਛਨੇ ਪਰ ਕੁਛ ਰਲੀ ਮਿਲੀ ਜੇਹੀ ਗੱਲ ਆਖੀ ਜਿਸ ਦਾ ਕੁਛ ਭੀ ਅਰਥ ਨਹੀਂ ਹੈ ਕਯੋਂਕਿ ਐਸਾ ਤਾਂ ਹਰ ਇੱਕ ਆਦਮੀ ਕਹ ਸਕਦਾ ਹੈ ਕਿ ਇਹ ਕੰਮ ਬਹੁਤ ਕਠਿਨ ਹੈ ਇਸ ਸਮਯ ਵਿੱਚ ਹੋਣਾ ਬਹੁਤ ਔਖਾ ਹੈ, ਜਿਸ ਦੇ ਨਾ ਸਿੱਧ ਹੋਨੇ ਪਰ ਉਸ ਨੂੰ ਆਪਣੇ ਸੱਚਾ ਰਖਨ ਲਈ ਇੱਕ ਦਾਉ ਹੁੰਦਾ ਹੈ ਕਿਉਂਕਿ ਨਾ ਹੋਨੇ ਪਰ ਕਹ ਸਕਦਾ ਹੈ ਕਿ ਮੈਂ ਤਾਂ ਇਹ ਪਹਲੇ ਹੀ ਆਖ ਦਿੱਤਾ ਸੀ ਜੋ ਕਠਿਨ ਬਾਤ ਹੈ।।

## ਦੋਹਿਰਾ

ਫਿਰ ਇੱਕ ਸੋਚਨ ਜੋਗ ਹੈ ਹੋਰ ਪਿਆਰੇ ਬਾਤ।
ਜੋ ਪੰਡਤ ਦਾ ਆਉਨਾ ਕਿਸੀ ਦਾਉ ਪਰ ਗਾਤ।।੯੯।।
ਅੱਗੇ ਸਾਰੀ ਉਮਰ ਮਹਿ ਕਰੀ ਨ ਦੁਰਗਾ ਯਾਦ।।
ਉਨ ਹੀ ਦਿਨ ਕਯੋ ਆਇਆ ਕਰਕੇ ਧਨ ਬਰਬਾਦ।।੧੦੦।।

ਭਾਵ- ਇਸ ਜਗ੍ਹਾ ਇਹ ਬਾਤ ਭੀ ਵਿਚਾਰਨੇ ਜੋਗ ਹੈ ਕਿ ਉਸ ਦੱਤਾ ਨੰਦ ਨੂੰ ਅੱਗੇ ਸਾਰੀ ਉਮਰਾ ਵਿੱਚ ਕਦੇ ਭੀ ਇਹ ਖਆਲ ਆਇਆ ਸੀ ਕਿ ਮੈਂ ਨੈਣਾ ਦੇਵੀ ਦੇ ਜਾਕੇ ਦਰਸ਼ਨ ਕਰਾਂ, ਫਿਰ ਹੁਣ ਉਨ੍ਹਾਂ ਦਿਨਾਂ ਵਿੱਚ ਹੀ ਜਦ ਗੁਰੂ ਜੀ ਨੇ ਬ੍ਰਾਮ੍ਹਣਾਂ ਨੂੰ ਵੱਡਾ ਭਾਰੀ ਯੱਗ ਕੀਤਾ ਅਰ ਦੁਰਗਾ ਪਰਗਟ ਕਰਨ ਦਾ ਸਾਰੇ ਚਰਚਾ ਫੈਲ ਗਿਆ ਤਦੋਂ ਐਸੇ ਮੌਕੇ ਪਰ ਉਸ ਦਾ ਆਉਣਾ ਅਰ ਆਨੰਦਪੁਰ ਵਿੱਚ ਖਾਸ ਗੁਰੂ ਜੀ ਦੇ ਬਾਗ ਵਿੱਚ ਡੇਰਾ ਕਰਨਾ ਸਾਬਤ ਕਰਦਾ ਹੈ ਕਿ ਇਹ ਸਾਰਾ ਮਸੌਦਾ ਪਹਲੇ ਹੀ ਗੁੰਦਿਆ ਹੋਯਾ ਸੀ।।

## ਦੋਹਿਰਾ

ਇਕ ਕਾਰਨ ਇਹ ਹੋਰ ਹੈ ਜਦ ਗੁਰੁ ਕਰਾ ਬਿਲਾਸ।
ਓਸੇ ਕਾਰਜ ਉਰਝਿਆ ਤਜ ਦੁਰਗਾ ਦੀ ਆਸ।।੧੦੧।।

ਭਾਵ:- ਇਸ ਦਾ ਸਬੂਤ ਇਕ ਇਹ ਭੀ ਹੈ ਕਿ ਜੇ ਉਹ ਦੱਤਾਨੰਦ ਦੁਰਗਾ ਦੇ ਦਰਸ਼ਨ ਲਈ ਹੀ ਆਯਾ ਸੀ ਤਦ ਉਸ ਨੂੰ ਇਹ ਆਖਨਾ ਚਾਹੀਦਾ ਸਾ ਕਿ ਮਹਾਰਾਜ ਪਹਲੇ ਮੈਂ ਜਿਸ ਕੰਮ ਲਈ ਆਯਾ ਹਾਂ ਸੋ ਪੂਰਾ ਕਰ ਲਵਾਂ ਅਰਥਾਤ ਦੇਵੀ ਮਾਤਾ ਜੀ ਦੇ ਅਸਥਾਨ ਜਾਕੇ ਦਰਸ਼ਨ ਕਰਕੇ ਅਪਨੇ ਮਨ ਦੀ ਸ਼ਰਧਾ ਪੂਰੀ ਕਰ ਆਵਾਂ ਫਿਰ ਓਥੋਂ ਮੁੜਕੇ ਹਜ਼ੂਰ ਦੇ ਚਰਨਾਂ ਵਿੱਚ ਉਸ ਦੇ ਪ੍ਰਗਟ ਕਰਨ ਦੀ ਵਿਧੀ ਦੱਸਾਂਗਾ ਅਰ ਉਹ ਕਾਰਜ ਆਰੰਭ ਕਰ ਦਿਆਂਗਾ।।

ਪਰੰਤੂ ਉਸ ਨੇ ਤਾਂ ਦੇਵੀ ਦੇ ਦਰਸ਼ਨ ਕਰਨ ਅਰ ਇਤਨੀ ਦੂਰ ਤੇ ਆਉਨ ਦੇ ਮਨੋਰਥ ਨੂੰ ਏਸ ਤਰ੍ਹਾਂ ਭੁਲਾ ਦਿੱਤਾ ਜਿਸ ਤਰ੍ਹਾਂ ਕਦੇ ਹੋਯਾ ਹੀ ਨਹੀਂ ਸੀ ਜਿਸਤੇ ਓਸੇ ਵੇਲੇ ਸਾਰੀ ਕਹਾਣੀ ਕਰਨੀ ਆਰੰਭ ਦਿੱਤੀ। ਇਸ ਤੇ ਸਾਫ ਪਾਯਾ ਜਾਂਦਾ ਹੈ ਕਿ ਉਸ ਪੰਡਤ ਦਾ ਮਨੋਰਥ ਕੇਵਲ ਏਹੋ ਸੀ ਕਿ ਮੈਂ ਇਸ ਤਾਂਣੇ ਤੰਦਨ ਵਿਚ ਗੁਰੂ ਜੀ ਨੂੰ ਪਾਕੇ ਮਨ ਭਾਉਂਦਾ ਰੁਪਯਾ ਉਡਾ ਲੈ ਜਾਵਾਂ।।

## ਦੋਹਿਰਾ

ਲੋਭੀ ਕਾ ਪੈਸਾ ਗੁਰੂ ਕਹਤ ਸਿਆਨੇ ਲੋਗ।
ਸੋ ਦੱਤਾਨੰਦ ਸੋਚਿਆ ਭਰ ਖੀਸਾ ਸੁਖ ਭੋਗ।।੧੦੨।।
ਤਾਂਤੇ ਪਰਗਟ ਦੱਸ ਸੀ ਜੋ ਆਗੇ ਦਾ ਹਾਲ।
ਜਿਸ ਤੇ ਧਨ ਦੀ ਆਸ ਪਰ ਹੋਯਾ ਬਿੱਪ ਨਿਹਾਲ।।੧੦੩।।

# ਦੁਰਗਾ ਭਗਤ

## ਦੋਹਿਰਾ

ਯਹ ਤੁਮਰੇ ਮਨ ਕੀ ਅਹੇ ਕਲਪਨ ਸਗਰੀ ਮੀਤ।
ਉਸ ਪੰਡਤ ਤੋ ਕਹੀ ਥੀ ਸਭ ਪੂਜਨ ਕੀ ਰੀਤ॥੧੦੪॥
ਨਹਿ ਤਿਸ ਨੇ ਧਨ ਮਾਂਗਿਓ ਅਪਨੇ ਸ੍ਵਾਰਥ ਹੇਤ।
ਪਰਾਸ੍ਵਾਰਥ ਹਿਤ ਥਾ ਕਹਾ ਉਪਾਲੰਭ ਕਿਉਂ ਦੇਤ॥੧੦੫॥
ਜੋ ਪ੍ਰਭ ਜੂ ਸੋ ਤਿਸ ਕਹੀ ਸੁਨੋ ਸਗਲ ਮਨ ਲਾਇ।
ਜਾਂ ਕੇ ਸਰਵਨ ਕਰਨ ਤੇ ਤੇਰੀ ਸੰਕ ਮਟਾਇ॥੧੦੬॥

"ਭੁਜੰਗ ਪ੍ਰਯਾਤ ਛੰਦ ਸਰੀਰੰ ਜੁ ਸਾਧੰ ਅਨੇਕੰ ਬਖਾਨੋ। ਕਿਧੋ ਨੇਮ ਵਰਤੰ ਨਹੀਂ ਅੰਤ ਜਾਨੋ॥ ਧਨੰ ਜਾਨ ਮਾਯਾ ਘਨੀ ਕਾਜ ਹੋਈ। ਕਰੇ ਜੋ ਸੁ ਛੱਤ੍ਰੀ ਮਹਾਂ ਸ਼ੁੱਧ ਕੋਈ॥੯੩॥ ਤੁਮੈਂ ਰਾਜ ਏਸੰ ਨਹੀਂ ਪਾਤਸ਼ਾਹੀ। ਇਹੈ ਪੂਜ ਆਸੰ ਜੁ ਨਿ ਬਾਹੀ॥ ਧਨੰ ਕਾਜ ਜਾਨੋ ਸਭੇ ਪੂਰ ਹੋਏ॥ ਬਿਨਾਂ ਬਿੱਤ ਬਿੱਤੋ ਨਹੀਂ ਕਾਜ ਕੋਏ॥੯੪॥ ਜਬੈ ਬਿੱਪ ਤੌਨੇ ਅਸੰਬੈਨ ਠਾਨੀ॥ ਤਬੈ ਕਾਸਿ ਬਿਪੰ ਤਟੰ ਯੌ ਬਖਾਨੀ॥ ਧਨੰ ਕੀ ਸੁਚਿੰਤਾ ਧਰੋ ਚੀਤ ਨਾਹੀਂ॥ ਜਿਤੀ ਮੌਜ ਚਾਹੋ ਤਿਤੀ ਲੇਹੁ ਆਹੀ॥੯੫॥

## ਚੌਪਈ

ਇਨ ਕੀ ਦ੍ਰਿਸ਼ਟਿ ਸੁ ਪਾਰਸ ਜਾਨੋ। ਯਾ ਮੈਂ ਰਤੀ ਨ ਭੇਦ ਪਛਾਨੋਂ॥
ਔਰ ਬਾਤ ਜੋਤਕ ਤੁਮ ਭਾਖੋ। ਇਨ ਤੇ ਸਹੀ ਸੱਤ ਕਰ ਲਾਖੋ॥੯੬॥
ਤੁਮ ਇਨ ਕੇ ਮਾਨਸ ਜਿਨ ਜਾਨਹੁ। ਪਰਸ੍ਵਾਰਥ ਧਰਤਨ ਅਨਮਾਨਹੁ॥
ਸੰਤਨ ਕੀ ਰੱਛਾਹਿਤ ਸਹੀ। ਕੌਤਕ ਕਰਤ ਨਾਥ ਇਹ ਅਹੀ॥
ਤੱਦਪਿ ਤਿਨ ਯੌ ਬਚਨ ਉਚਾਰੋ। ਧਨ ਬਿਨ ਕਾਜ ਨ ਹੋਤ ਨਿਹਾਰੋ॥
ਤਿਨ ਯੌ ਕਹੀ ਭੋਰ ਹਯਾਂ ਰਹੋ। ਇਨ ਕੀ ਜਮਾਂ ਸਕਲ ਧਨ ਲਹੋ॥੯੮॥
ਇਹ ਬਿਧ ਤਾਂ ਕੀ ਜਮਾਂ ਕਰਾਈ। ਦਾਨ ਸੁਮਾਨ ਦੀਨ ਵਡਿਆਈ॥
ਪੁਨ ਸਤਗੁਰੁ ਗ੍ਰਹਿ ਕਿ ਅਸ ਪਿਆਨਾ। ਤਾਲ ਮ੍ਰਿਦੰਗ ਬਚਤ ਬਿਧ ਨਾਨਾ॥੯੯॥"

## ਦੋਹਿਰਾ

ਦੇਖ ਪਿਆਰੇ ਖਾਲਸਾ ਕਰਕੇ ਖੂਬ ਖ਼ਿਆਲ।
ਜੋ ਪੰਡਤ ਨੇ ਦੱਸਯਾ ਪੂਜਨ ਦੁਰਗਾ ਹਾਲ॥੧੦੭॥
ਤਨ ਸੁੱਧੀ ਧਨ ਖਰਚਨਾ ਨੇਸ ਵਰਤ ਤੇ ਆਦਿ।
ਸਕਲ ਸੁਨਾਏ ਖੋਲ੍ਹਕੇ ਧਰ ਮਨ ਮਹਿ ਅਹਿਲਾਦ॥੧੦੮॥
ਇਸ ਮਹਿ ਪੰਡਤ ਕਾ ਨਹੀ ਕੁਛ ਛਲ ਥਲ ਤੁਮ ਦੇਖ।
ਸਭ ਯੁਕਤੀ ਉਸ ਨੈ ਕਹੀ ਆਗੇ ਫਲ ਸੀ ਲੇਖ॥੧੦੯॥

ਭਾਵ:- ਇਸ ਕਥਨ ਤੇ ਪਾਯਾ ਜਾਂਦਾ ਹੈ ਜੋ ਪੰਡਤ ਦੱਤਾ ਨੰਦ ਨੇ ਤਾਂ ਦੇਵੀ ਦੇ ਪੂਜਨ ਦੇ ਉਪਯੋਗੀ ਸਾਧਨ ਗੁਰੂ ਜੀ ਅੱਗੇ ਪਰਗਟ ਕਰ ਦਿੱਤੇ ਸਨ ਜੈਸਾ ਕਿ ਸਰੀਰ ਦੀ ਸ਼ੁੱਧੀ

ਬਰਤ ਨੇਮ ਦਾ ਰੱਖਨਾ ਜ਼ਰੂਰੀ ਕਥਨ ਕੀਤਾ ਸਾ। ਇਸ ਤੋਂ ਅੱਗੇ ਇਹ ਭੀ ਬੇਨਤੀ ਕੀਤੀ ਸੀ ਕਿ ਇਹ ਕੰਮ ਧਨ ਦਾ ਹੈ ਜਿਸ ਨੂੰ ਕੋਈ ਛੱਤ੍ਰੀ ਰਾਜਾ ਕਰ ਸਕਦਾ ਹੈ, ਪਰੰਤੂ ਆਪ ਦੇ ਪਾਸ ਕੋਈ ਸੰਸਾਰਕ ਰਾਜ ਨਹੀਂ ਹੈ ਅਰ ਨਾ ਇਤਨਾ ਧਨ ਜਮਾਂ ਹੈ ਜੋ ਇਸ ਕਾਰਜ ਦੇ ਵਾਸਤੇ ਪੂਰਨ ਕਰ ਸਕੇ॥

ਫਿਰ ਇਨ੍ਹਾਂ ਬਾਤਾਂ ਦਾ ਉੱਤਰ ਗੁਰੂ ਜੀ ਦੇ ਪਾਸ ਰਹਿਨੇ ਵਾਲੇ ਬ੍ਰਾਹਮਣਾਂ ਨੇ ਦੇ ਕੇ ਉਸ ਨੂੰ ਨਿਰਸੰਦੇਹ ਕੀਤਾ ਅਰ ਆਖਿਆ ਕਿ ਧਨ ਦੀ ਇਨ੍ਹਾਂ ਪਾਸ ਕੋਈ ਕਮੀ ਨਹੀਂ ਹੈ, ਜਿਤਨਾ ਚਾਹੋ ਮਿਲ ਜਾਏਗਾ ਅਤੇ ਧਨ ਦੇ ਦਿਖਾਉਨੇ ਲਈ ਉਸ ਨੂੰ ਓਥੇ ਰੱਖ ਲੀਤਾ ਅਰ ਆਖਿਆ ਕਿ ਕੱਲ ਤੂੰ ਸਾਰਾ ਖ਼ਜ਼ਾਨਾ ਖੁਦ ਦੇਖ ਲਈ ਜੇ ਤੇਰੀ ਇੱਛਾ ਅਨੁਸਾਰ ਹੋਯਾ ਤਾਂ ਇਸ ਕਾਰਜ ਨੂੰ ਆਰੰਭ ਕਰੀਂ। ਇਸੇ ਪ੍ਰਕਾਰ ਗੁਰੂ ਜੀ ਦੀ ਭੀ ਉਸ ਪਾਸ ਬਹੁਤ ਵਡਾਈ ਕੀਤੀ॥

### ਦੋਹਿਰਾ

ਫਿਰ ਕਹੁ ਪੰਡਤ ਨੇ ਕਰਯਾ ਇਸ ਵਿਚ ਕੌਨ ਲੁਕਾਇ।
ਜਿਸ ਪਰ ਤੈ ਤਿਸ ਕੋ ਕਹਾ ਤੁੱਲ ਮਦਾਰੀ ਗਾਇ।੧੧੦।

### ਤੱਤ ਖਾਲਸਾ
### ਚੌਪਈ

ਸੁਨੋ ਮਿਤ੍ਰ ਇਸ ਵਿੱਚ ਮੈਂ ਦੱਸਾਂ। ਕਹੇ ਆਪਨੇ ਥੋਂ ਨਹਿ ਨੱਸਾਂ॥
ਚਾਲ ਬਾਜ਼ ਪੰਡਤ ਥਾ ਭਾਰੀ। ਜਿਸ ਨੈ ਐਸੀ ਬਾਤ ਉਚਾਰੀ॥
ਜਿਸ ਦਾ ਉੱਤਰ ਹੋਰ ਨ ਕੋਇ। ਆਖਰ ਪੁਰਖ ਚੁੱਪ ਹੀ ਹੋਇ॥
ਤਿੰਨ ਵਡੀ ਭਾਰੀ ਕਠਨਾਈ। ਤਿਨ ਸਤਿਗੁਰੁ ਕੇ ਆਗੇ ਪਾਈ॥
ਜਿਨ ਕਾ ਹੋਨਾ ਕਠਿਨ ਪਿਆਰੇ। ਤੁਮ ਦੇਖੋ ਮਨ ਮਾਂਹਿ ਵਿਚਾਰੇ॥
ਪ੍ਰਥਮੈਂ ਕਲੂ ਕਾਲ ਬਤਲਾਯਾ। ਜਿਸ ਮਹਿ ਮੰਤਰ ਫੁਰਹਿ ਨ ਗਾਯਾ॥
ਦੂਸਰ ਸੁੱਧੀ ਤਨ ਕੀ ਗਾਈ। ਜੋ ਸੀ ਕਠਿਨ ਬਾਤ ਤਿਨ ਪਾਈ॥
ਤੀਜੀ ਧਨ ਕੀ ਬਾਤ ਉਚਾਰੀ। ਜੋ ਗੁਰ ਪੈ ਤਿਨ ਕਠਿਨ ਨਿਹਾਰੀ॥
ਤਿਸ ਪਰ ਐਸੇ ਸਾ ਤਿਨ ਗਾਯਾ। ਛੱਤ੍ਰੀ ਭੂਪ ਕਰੈ ਯਹ ਰਾਯਾ॥
ਜਿਸ ਤੇ ਆਪ ਨਹੀਂ ਹੋ ਰਾਜੇ। ਫਿਰ ਕਿਯੋਂ ਸਿੱਧ ਕਰੋ ਇਸ ਕਾਜੇ।
ਇਨ ਤੀਨੋਂ ਮਹਿ ਜੇ ਇਕ ਬਾਤ। ਹੋਇ ਨ ਪੂਰਨ ਸੁਨ ਤੂੰ ਭ੍ਰਾਤ॥
ਤੌਂ ਪੰਡਤ ਪਰ ਦੋਸ਼ ਨ ਆਊ। ਉਲਟਾ ਦੋਸ਼ ਗੁਰੂ ਨੂੰ ਲਾਊ॥
ਦੇਖਜਾ, ਤੈਂ ਤਿਸ ਮਹਿ ਇਹ ਚਾਲਾ। ਨਾਲ ਅਕਲ ਦੇ ਬਿੱਪ ਨਿਕਾਲਾ।੧੧੧॥

ਭਾਵ- ਪੰਡਤ ਦੱਤਾਨੰਦ ਨੇ ਜੋ ਕਲੂ ਕਾਲ ਦਾ ਹੋਣਾ, ਵਰਤ ਨੇਮ ਦਾ ਧਾਰਨਾ, ਸਰੀਰ ਦੀ ਸੁੱਧੀ ਅਤੇ ਚੌਥਾ ਧਨ ਦਾ ਖਰਚ ਦੱਸਯਾ ਸਾ ਸੋ ਇਹ ਚਾਰੇ ਰੁਕਾਵਟਾਂ ਵਡੀਆਂ ਭਾਰੀਆਂ ਸਨ ਅਤੇ ਇਨ੍ਹਾਂ ਦੇ ਆਖਨੇ ਵਿੱਚ ਭੀ ਇਕ ਉਸ ਦਾ ਗੂੜ੍ਹ ਮੰਤਰ ਸਾ। ਜਿਸ ਵਿੱਚੋਂ ਪਹਲੀ ਤਾਂ ਵੱਡੀ ਭਾਰੀ ਬਾਤ ਕਲਯੁਗ ਦੀ ਸੀ ਕਿਉਂਕਿ ਸੌ ਲੀਹ ਪਰ ਇੱਕ

ਸੁਹਾਗੇ ਦੀ ਤਰ੍ਹਾਂ ਗੁਰੂ ਜੀ ਦੇ ਸਾਰੇ ਯਤਨ ਕਰਕੇ ਮਗਰੋਂ ਕੁਝ ਨਾਂ ਸਿੱਧ ਹੋਨ ਤੇ ਕਹਿ ਸਕਦਾ ਸਾ ਕਿ ਮਹਾਰਾਜ ਮੇਰਾ ਅਤੇ ਆਪ ਦਾ ਇਸ ਵਿੱਚ ਕਿਆ ਕਸੂਰ ਹੈ ਕਿੰਤੂ ਕਲੂ ਕਾਲ ਦਾ ਸਮਯ ਹੈ ਇਸ ਵਿੱਚ ਦੇਵਤਾ ਪ੍ਰਤੱਖ ਹੋਨਾ ਬਹੁਤ ਕਠਨ ਹੈ। ਇਹ ਤਾਂ ਸਤਿਯੁਗ ਵਿਚ ਰਾਜਾ ਲੋਗ ਆਵਾਹਨ ਕਰਦੇ ਹੁੰਦੇ ਸਨ ਸੋ ਅੱਜ ਕੱਲ ਉਹ ਸਮਾਂ ਹੀ ਨਹੀਂ ਹੈ, ਇਸ ਦਾ ਉੱਤਰ ਗੁਰੂ ਜੀ ਪਾਸ ਕੋਈ ਭੀ ਨਹੀਂ ਸਾ। ਦੂਸਰੀ ਕਠਨਾਈ ਸਰੀਰ ਦੀ ਸੁੱਧੀ ਦੱਸੀ ਸੀ ਸੋ ਇਹ ਭੀ ਉਸ ਨੇ ਇਸ ਖਯਾਲ ਪਰ ਆਖੀ ਸੀ ਕਿ ਇਹ ਭੀ ਜੁਵਾ ਅਵਸਥਾ ਵਾਲੇ ਰਜੋ ਗੁਣੀ ਪੁਰਖਾਂ ਪਾਸੋਂ ਹੋਨੀ ਕਠਨ ਹੈ, ਜਿਸ ਤੇ ਇਤਨੇ ਅਰਸੇ ਵਿੱਚ ਗੁਰੂ ਜੀ ਪਾਸੋਂ ਕੁਝ ਨ ਕੁਝ ਮ੍ਰਯਾਦਾ ਭੰਗ ਹੋ ਜਾਏਗੀ ਉਸ ਪਰ ਮੈਂ ਆਖ ਦਿਆਂਗਾ ਕਿ ਮਹਾਰਾਜ ਮੇਰਾ ਇਸ ਵਿੱਚ ਕਿਆ ਦੋਸ਼ ਹੈ ਪ੍ਰੰਤੂ ਆਪ ਹੀ ਆਪਨੇ ਤਨ ਮਨ ਦੀ ਸ਼ੁੱਧੀ ਤੇ ਇੰਦ੍ਰੀਆਂ ਦਾ ਸੰਯਮ ਨਾ ਕਰ ਸੱਕੇ ਜਿਸ ਤੇ ਕਾਰਯ ਵਿੱਚ ਵਿਘਨ ਪੈ ਗਿਆ॥

ਤੀਸਰਾ ਮੰਤ੍ਰ ਯੰਤ੍ਰ ਅਤੇ ਵਰਤ ਨੇਮ ਦੀ ਕਠਨਤਾਈ ਇਸ ਵਾਸਤੇ ਦੱਸੀ ਕਿ ਜਦ ਇਨ੍ਹਾਂ ਨੂੰ ਕਿਸੇ ਮੰਤ੍ਰ ਦਾ ਇੱਕੋ ਜਾਪ ਸਵਾ-੨ ਲੱਖ ਕਰਨਾ ਦੱਸ ਦਿੱਤਾ ਅਰ ਉਪਰੋਂ ਭਾਰੀ-ਭਾਰੀ ਵਰਤ ਰਖਨੇ ਦੱਸੇ ਤਦ ਅਜੇਹੇ ਦੁਖੀ ਹੋ ਜਾਨਗੇ ਕਿ ਆਪੇ ਹੀ ਕਹ ਦੇਨਗੇ ਕਿ ਪਾਂਧਾ ਜੀ ਸਾਥੋਂ ਇਹ ਕੰਮ ਨਹੀਂ ਹੁੰਦਾ ਤੁਸੀਂ ਜਾਣੋ, ਜਿਸ ਦਾ ਉਤੱਰ ਮੈਂ ਏਹੋ ਦਿਆਂਗਾ ਕਿ ਸ੍ਰੀ ਮਹਾਰਾਜ ਜੀ ਮੈਂ ਤਾਂ ਪਹਲੇ ਹੀ ਇਸ ਮ੍ਰਯਾਦਾ ਦਾ ਰੱਖਨਾ ਕਠਨ ਕਿਹਾ ਸੀ।

ਚੌਥੀ ਧਨ ਦੀ ਕਮੀ ਇੱਕ ਅਜੇਹੀ ਵੱਡੀ ਭਾਰੀ ਬਾਤ ਹੈ ਜੋ ਅਪਨੇ ਅਧੀਨ ਭੀ ਨਹੀਂ ਇਸ ਵਾਸਤੇ ਜਦ ਲੱਖਾਂ ਰੁਪੱਯੇ ਦਾ ਖਰਚ ਦਸ ਦਿਆਂਗਾ ਤਦ ਇਹ ਕਿਸੇ ਦੇਸ ਦੇ ਰਾਜੇ ਮਹਾਰਾਜੇ ਤਾਂ ਹੈ ਹੀ ਨਹੀਂ ਜੋ ਇਤਨਾ ਧਨ ਰਖਦੇ ਹੋਨ। ਇਸ ਵਾਸਤੇ ਆਪੇ ਕਹ ਦੇਨਗੇ ਕਿ ਮਿਸ਼ਰ ਜੀ ਹਾਲ ਤਾਂ ਸਾਡੇ ਪਾਸ ਰੁਪੱਯਾ ਨਹੀਂ ਹੈ ਜਦ ਹੋਵੇਗਾ ਤਦ ਦੇਖਯਾ ਜਾਇਗਾ ਜਿਸ ਤੇ ਮੈਂ ਸੱਚਾ ਹੋ ਜਾਵਾਂਗਾ ਅਤੇ ਗੁਰੂ ਜੀ ਪਰ ਸਾਰਾ ਭਾਰ ਪੈ ਜਾਏਗਾ॥

## ਦੋਹਿਰਾ

ਦੇਖੀ ਭਾਈ ਬਾਤ ਤੈਂ ਉਸ ਪੰਡਤ ਦੀ ਏਹ।
ਚਤੁਰਾਈ ਜਲ ਨਾਲ ਜਿਨ ਖੂਬ ਦਬਾਈ ਖੇਹ॥੧੧੨॥

## ਦਵੈਯਾ

ਜਿਸ ਪਰ ਸਤਿਗੁਰ ਜੀ ਸੁਨ ਤਿਸ ਤੇ ਮੂਲ ਨ ਉੱਤਰ ਦੀਆ। ਸਮਝ ਲਿਆ ਇਹ ਚਹੇ ਗਪੌੜੂ ਹਮਰੇ ਸੌ ਛਲ ਕੀਆ॥ ਹੇਰ ਫੇਰ ਕਰ ਧਨ ਦਾ ਲੁੱਟਨ ਸਾਥੋਂ ਹੈ ਇਹ ਚਾਹੇ। ਕਈ ਤਰ੍ਹਾਂ ਦੇ ਕਰ ਮਨਸੂਬੇ ਵਾਂਗ ਅਹੇੜੀ ਫਾਹੇ॥੧੧੩॥ ਅਰ ਇੱਕੋ ਸਾ ਇਹ ਮਨਸੂਬਾ ਬਿੱਪਨ ਨੇ ਮਿਲ ਗੁੰਦਾ। ਆਪਸ ਅੰਦ੍ਰ ਠੱਗਾਂ ਦਾ ਜਿਉ ਭੇਤ ਇੱਕਠਾ ਹੁੰਦਾ॥ ਧਨ ਦਾ ਹੋਨਾ ਉਸ ਤੇ ਸੁਨਕੇ ਆਪੇ ਉੱਤਰ ਦੀਨਾ। ਗੁਰ ਦੇ ਪਾਸ ਕਹੀ ਹੇ ਪੰਡਤ ਧਨ ਦੀ ਕੋਇ ਕਮੀ ਨਾ॥੧੧੪॥ ਇਨ ਕੀ ਦ੍ਰਿਸ਼ਟੀ ਪਾਰਸ ਜੈਸੀ ਇਸ ਮੇ ਸ਼ੰਕ ਨ ਕੀਜੇ। ਤਾਂਤੇ ਜਿਤਨਾ ਤੂੰ ਧਨ ਚਾਹੇ ਸੋ ਗਿਨ ਕੇ ਲੈ ਲੀਜੇ॥ ਪਰਉਪਕਾਰੀ ਹਨ ਇਹ ਭਾਰੇ ਦੇਨ ਖਜ਼ਾਨੇ

ਖੋਲੇ। ਤੋਰੇ ਵਰਤਨ ਹੇਤ ਦੇਨਗੇ ਅਨਮਿੱਤੇ ਅਨ ਤੋਲੇ।।੧੧੫।। ਐਸੀ ਐਸੀ ਬਾਤਾਂ ਕਰਕੇ ਆਪੇ ਪੱਕ ਪਕਾਇਆ। ਏਧਰ ਗੁਰ ਜੀ ਚਾਇ ਰਿਝਾਏ ਓਧਰ ਉਹ ਸਮਝਾਇਆ।। ਆਪੇ ਆਖੀ ਅੱਜ ਰਹੋ ਤੁਮ ਮੂਲ ਨ ਅੱਗੇ ਜਾਣਾ। ਦਿਨ ਚੜ੍ਹਦੇ ਹੀ ਧਨ ਦਾ ਗੱਫਾ ਗਿਣ ਗਿਣ ਕੇ ਤੈ ਲਾਣਾ।।੧੧੬।। ਆਪੇ ਹੋਇ ਗਵਾਹ ਗਏ ਇਹ ਖੂਹੇ ਦੇ ਸਨ ਡੱਡੂ।। ਆਖਨ ਤੇਰੇ ਜੇ ਹਾ ਪੰਡਤ ਕਦ ਦੁਰਗਾ ਨੂੰ ਛੱਡੂ।। ਖਰਚ ਰੁਪਈਆ ਹਮਰੇ ਭਈਆ ਚਾਲਾ ਏਹ ਚਲਾਂਦੇ। ਇੱਕ ਵਾਰ ਇਸ ਫਲੇ ਤੂਤ ਨੂੰ ਹਿੰਮਤ ਨਾਲ ਹਲਾਂਦੇ।।੧੧੭।।

ਭਾਵ- ਜਦ ਪੰਡਤ ਨੇ ਇਹ ਵੱਡੀਆਂ ਭਾਰੀ ਦਿੱਕਤਾਂ ਗੁਰੂ ਜੀ ਅੱਗੇ ਪ੍ਰਗਟ ਕੀਤੀਆਂ ਸਨ ਤਦ ਇਹ ਜ਼ਰੂਰੀ ਸਾ ਕਿ ਇਨ੍ਹਾਂ ਦਾ ਉੱਤਰ ਗੁਰੂ ਜੀ ਦੇਂਦੇ, ਅਰ ਅਪਨੇ ਮੁਖਾਰਬਿੰਦ ਤੇ ਉਸ ਦੀ ਤਸੱਲੀ ਕਰਦੇ, ਪਰੰਤੂ ਉਨ੍ਹਾਂ ਨੇ ਤਾਂ ਕੁਝ ਭੀ ਨਾ ਆਖਿਆ ਸਗੋਂ ਸੁਨਕੇ ਖਮੋਸ਼ ਰਹੇ ਜਿਸਤੇ (ਅਲ ਖ਼ਾਮੋਸ਼ੀ, ਨੀਮ ਰਜ਼ਾ) ਦੀ ਤਰ੍ਹਾਂ ਸਿੱਧ ਹੁੰਦਾ ਹੈ ਕਿ ਗੁਰੂ ਜੀ ਦਾ ਇਤਨਾ ਕੋਈ ਸੰਕਲਪ ਨਹੀਂ ਸਾ ਕਿ ਇਹ ਰਸਤੇ ਜਾਂਦੀ ਬਲਾ ਗਲ ਪਾ ਲਈਏ ਪ੍ਰੰਤੂ ਉਸ ਪੰਡਤ ਦਾ ਭਾਈਚਾਰਾ ਹੀ ਜੋ ਉਸ ਵੇਲੇ ਪਾਸ ਬੈਠਾ ਸਾ ਸੁਨਦੇ ਸਾਰ ਆਪੇ ਹੀ ਝਟ ਬੋਲ ਉਠਿਆ ਕਿ ਭਾਈ ਜੀ ਧਨ ਦੀ ਕੋਈ ਕਮੀ ਨਹੀਂ ਹੈ, ਅਰ ਉਨ੍ਹਾਂ ਦੀ ਦ੍ਰਿਸ਼ਟੀ ਹੀ ਪਾਰਸ ਹੈ ਅਤੇ ਇਹ ਪਰਉਪਕਾਰੀ ਹਨ।।

ਕਿਉਂਕਿ ਇਨ੍ਹਾਂ ਬ੍ਰਾਹਮਨਾਂ ਵਿੱਚ ਇੱਕ ਵੱਡਾ ਭਾਰੀ ਗੁਣ ਇਹ ਹੈ ਕਿ ਜਦ ਕਿਸੇ ਤੇ ਧਨ ਠੱਗਨਾ ਚਾਹੁੰਦੇ ਹਨ ਤਦ ਉਸ ਨੂੰ ਰਾਜਾ ਕਰਣ ਅਤੇ ਇੰਦ੍ਰ ਆਦਿਕ ਦਾ ਅਵਤਾਰ ਆਖਕੇ ਅਜੇਹਾ ਜਾਦੂ ਪਾਉਂਦੇ ਹਨ ਜੋ ਪੁਰਖ ਸੁਭਾਵਕ ਹੀ ਇਨ੍ਹਾਂ ਦੇ ਵਾਕ ਜਾਲ ਵਿੱਚ ਫਸ ਜਾਂਦਾ ਹੈ ਅਰ ਇਹ ਅਪਨੇ ਮਤਲਬ ਨੂੰ ਐਉਂ ਕੱਢ ਲੈਂਦੇ ਹਨ ਜਿਸ ਤਰ੍ਹਾਂ ਮੱਖਨ ਵਿੱਚੋਂ ਵਾਲ ਕੱਢ ਦੇਈਦਾ ਹੈ।।

ਦੂਜਾ ਉਨ੍ਹਾਂ ਨੇ ਇਹ ਭੀ ਵਿਚਾਰਿਆ ਕਿ ਦੱਤਾ ਨੰਦ ਗੁਰੂ ਜੀ ਦੇ ਚੁੱਪ ਰਹਨੇ ਤੇ ਕਿਤੇ ਨਰਾਸ ਹੋਕੇ ਉਦਾਸ ਨਾ ਹੋ ਜਾਏ, ਮਤ ਤੜਕੇ ਹੀ ਕੂਚ ਕਰ ਜਾਂਦਾ ਹੋਵੇ, ਇਸ ਵਾਸਤੇ ਉਸ ਨੂੰ ਇਹ ਭੀ ਆਪੇ ਆਖ ਦਿੱਤਾ ਕਿ ਅੱਜ ਰਹੋ ਕਲ ਨੂੰ ਧਨ ਦੇਖ ਲੈਨਾਂ ਅਰ ਅਪਨੀ ਖਾਤ੍ਰ ਜਮਾਂ ਕਰ ਲੈਨੀ ਜਿਸ ਚਾਟ ਪਰ ਉਹ ਓਥੇ ਹੀ ਰਹ ਪਿਆ ਅਤੇ ਮਨ ਵਿੱਚ ਦਿਨ ਚੜ੍ਹਦੇ ਖਜ਼ਾਨੇ ਦੇਖਨ ਦਾ ਚਾਉ ਚੜ੍ਹ ਗਿਆ।।

ਇਸ ਤੇ ਬਿਨਾਂ ਜੋ ਉਨ੍ਹਾਂ ਬ੍ਰਾਹਮਨਾਂ ਨੇ ਗੁਰੂ ਜੀ ਦੀ ਆਗਿਆ ਬਿਨਾਂ ਹੀ ਇਤਨੀ ਦਲੇਗੀ ਕਰ ਦਿੱਤੀ ਜੀ ਆਪੇ ਧਨ ਦੇਨ ਦਾ ਇਕਰਾਰ ਕਰ ਲੀਤਾ ਇਸ ਵਿੱਚ ਭੀ ਉਨ੍ਹਾਂ ਦਾ ਇਹ ਦਾਉ ਸੀ ਕਿ ਜੇ ਗੁਰੂ ਜੀ ਨੇ ਧਨ ਥੋਂ ਇਨਕਾਰ ਕੀਤਾ ਤਦ ਆਖਾਂਗੇ ਕਿ ਮਹਾਰਾਜ ਪੰਡਤ ਜੀ ਤਾਂ ਦੇਵੀ ਪ੍ਰਤੱਖ ਕਰਨ ਲਈ ਤਿਆਰ ਸੇ ਪਰ ਹਜ਼ੂਰ ਨੇ ਹੀ ਧਨ ਵੱਲੋਂ ਸੰਕੋਚ ਕੀਤਾ ਪਰੰਤੂ ਆਖਨ ਪਰ ਜਦ ਦੇ ਦੇਨਗੇ ਤਦ ਉਸ ਨਾਲ ਕੁਛਕ ਦਿਨ ਤਾਂ ਰੰਡੀ ਦੇ ਘਰ ਮੰਡੀ ਵਾਂਗ ਗੁਲ ਛੱਰਹੇ ਉਡਾਇਗੇ ਮਗਰੋਂ ਜੋ ਹੋਵੇਗਾ ਸੋ ਦੇਖਿਆ ਜਾਏਗਾ ਕਿੰਤੂ ਗੁਰੂ ਜੀ ਦਾ ਪੰਡਤ ਨੂੰ ਆਪ ਕੋਈ ਉੱਤ੍ਰ ਨਾ ਦੇਨਾ ਸਾਬਤ ਕਰਦਾ ਹੈ ਕਿ ਉਨ੍ਹਾਂ ਦਾ ਕੋਈ ਅਪਨਾ ਨਿਸਚਾ ਨਹੀਂ ਸੀ ਕਿ ਦੇਵੀ ਕੋਈ ਅਜੇਹੀ ਵਸਤੂ ਹੈ ਜੋ ਇਹ ਪ੍ਰਗਟ ਕਰਨਗੇ

ਜਿਸਤੇ ਇਹ ਸਾਰਾ ਚਾਲਾ ਧਨ ਲੁੱਟਨ ਦਾ ਮਸਾਲਾ ਨਿਰਾ ਬ੍ਰਾਹਮਨਾਂ ਦੇ ਵੱਲੋਂ ਸੀ॥

**ਦੋਹਿਰਾ**

ਠੱਗ ਜਿਵੇਂ ਠੱਗੀ ਸਮਯ ਜੁਦੇ ਜੁਦੇ ਹੁਇ ਜਾਤ।
ਪਰ ਅੰਦਰ ਮਹਿ ਹੋਤ ਹੈ ਸਭਨਾਂ ਦੀ ਇੱਕ ਬਾਤ॥੧੧੮॥

ਅਰਥਾਤ ਜਿਸ ਪ੍ਰਕਾਰ ਜਦ ਠੱਗਾਂ ਦਾ ਟੋਲਾ ਕਿਸੇ ਧਨੀ ਨੂੰ ਠੱਗਨਾ ਚਾਹੁੰਦਾ ਹੈ ਤਦ ਉਹ ਇਹ ਕਰਦਾ ਹੈ ਕਿ ਪਹਲੇ ਸਭ ਆਪਸ ਵਿੱਚ ਜੁਦੇ ਹੋ ਜਾਂਦੇ ਹਨ ਅਰ ਅੱਧੇ ਇੱਕ ਪਾਸੇ ਹੋਕੇ ਧਨੀ ਦੇ ਮਿੱਤ੍ਰ ਬਣ ਜਾਂਦੇ ਹਨ ਇੱਕ ਪ੍ਰਕਾਰ ਦੇ ਖਿਲਾਰੀ ਹੋਕੇ ਖੇਲ ਰਚਾ ਦੇਂਦੇ ਹਨ ਜਿਸ ਪਰ ਧਨੀ ਦੇ ਸਾਥੀ ਉਸ ਦੀ ਵਡਾਈ ਕਰਕੇ ਆਖਦੇ ਹਨ ਕਿ ਸੇਠ ਜੀ ਇੱਕ ਵੱਡਾ ਭਾਰਾ ਖਿਡਾਰੀ ਆਇਆ ਹੈ ਜੇ ਉਸ ਨਾਲ ਚਲਕੇ ਦਾਓ ਲਾਓਗੇ ਤਾਂ ਖੂਬ ਗੱਫਾ ਕਮਾ ਲਵਾਂਗੇ ਅਰ ਆਪ ਨੂੰ ਉਨ੍ਹਾਂ ਕੋਲੋਂ ਬਹੁਤ ਹੀ ਲਾਭ ਪਹੁੰਚੇਗਾ ਜਿਸ ਪਰ ਉਹ ਇਸੇ ਤਰ੍ਹਾਂ ਭੋਲੇ ਸੁਭਾਇ ਵਾਲੇ ਪੁਰਖ ਨੂੰ ਆਪਸ ਵਿੱਚ ਮਿਲਕੇ ਲੁੱਟ ਲੈਂਦੇ ਹਨ॥

ਏਸੇ ਤਰ੍ਹਾਂ ਪਹਲੇ ਤਾਂ ਗੁਰੂ ਜੀ ਦੇ ਪਾਸ ਕਹਨੇ ਵਾਲੇ ਪੰਡਤਾਂ ਨੇ ਦੁਰਗਾ ਪਰਗਟ ਕਰਨ ਦਾ ਬਖੇੜਾ ਛੇੜ ਦਿੱਤਾ ਜਿਸ ਤੇ ਯੱਗ ਆਦਿਕ ਕਰਾਕੇ ਹਜ਼ਾਰਾਂ ਅਪਨੇ ਭੁੱਖੇ ਭਾਈਚਾਰੇ ਦੇ ਪੇਟ ਭਰੇ, ਉਸ ਤੇ ਮਗਰੋਂ ਉਜੈਨ ਥੋਂ ਦੱਤਾ ਨੰਦ ਬੁਲਾ ਲਿਆਂਦਾ, ਅਰ ਆਖਿਆ ਕਿ ਮਹਾਰਾਜ ਇਹ ਗੁਣਾਂ ਦੀ ਗੁਥਲੀ ਰੱਬ ਦੀ ਕੁਦਰਤ ਨਾਲ ਆ ਗਿਆ ਹੈ ਇਸ ਵਾਸਤੇ ਦੇਵੀ ਪ੍ਰਤੱਖ ਕਰ ਲੇਵੋ, ਇਸ ਤੇ ਸਿੱਧ ਹੁੰਦਾ ਹੈ ਕਿ ਇਹ ਸਾਰਾ ਹੀਲਾ ਗੁਰੂ ਜੀ ਦੇ ਪਾਸੋ ਧਨ ਝਾੜਨ ਲਈ ਪੰਡਤਾਂ ਨੇ ਪਹਲੇ ਹੀ ਗਿਣ ਮਿਣ ਕੇ ਕੀਤਾ ਸਾ ਜਿਸ ਨੂੰ ਉਹ ਆਪੇ ਵਧਾਉਂਦੇ ਜਾਂਦੇ ਸਨ॥

**ਦੋਹਿਰਾ**

ਸਤਿਗੁਰ ਸਭ ਕੁਛ ਜਾਨ ਕੇ ਕਰਤ ਰਹੇ ਇਹ ਕਾਜ।
ਇਨ ਕੋ ਗਲ ਤੇ ਲਾਹੁਨਾ ਸੀ ਪ੍ਰਭ ਜੂ ਕੋ ਸਾਜ॥੧੧੯॥
ਜਾਂਤੇ ਝੂਠ ਕਰੇ ਬਿਨ ਨ ਸੀ ਤਰਾਹੇ ਜਾਤ।
ਤਾਂ ਤੇ ਦੁਰਜਨ ਤੋਖ ਸਮ ਕਰੀ ਗੁਰੂ ਇਹ ਬਾਤ॥੧੨੦॥

ਇਸ ਦਾ ਤਾਤਪਰਜ ਇਹ ਹੈ ਕਿ ਇਸ ਤੇ ਭੀ ਇਹ ਭਾਵ ਨਹੀਂ ਨਿਕਲਦਾ ਜੋ ਗੁਰੂ ਜੀ ਮਹਾਰਾਜ ਉਨ੍ਹਾਂ ਦੇ ਛਲ ਨੂੰ ਨਹੀਂ ਜਾਨਦੇ ਸੇ ਜਿਸ ਤੇ ਉਨ੍ਹਾਂ ਦੇ ਫੰਧੇ ਵਿੱਚ ਆਕੇ ਇਸ ਤਰ੍ਹਾਂ ਤਨ ਪਰ ਕਸ਼ਟ ਸਹਾਰੇ ਅਰ ਧਨ ਦਾ ਭੀ ਖਰਚ ਕੀਤਾ, ਕਿੰਤੂ ਕਲਗੀਧਰ ਜੀ ਉਨ੍ਹਾਂ ਦੇ ਸਭ ਚਾਲੇ ਜਾਨਦੇ ਸਨ ਅਰ ਜੋ ਕੁਛ ਕਰਦੇ ਸਨ ਸੋ ਉਨ੍ਹਾਂ ਦੇ ਆਖਨੇ ਪਰ ਹੀ ਨਹੀਂ ਸਗੋਂ ਅਪਨੇ ਵਿਚਾਰ ਨਾਲ ਕਰਦੇ ਸਨ, ਜਿਸ ਤੇ ਇਸ ਪੁਰਖਾਰਥ ਦਾ ਫਲ ਇਸ ਲੁਟੇਰੀ ਕੌਮ ਨੂੰ ਅਪਨੇ ਗਲੋਂ ਲਾਹਿਕੇ ਅਪਨੇ ਪੰਥ ਵਿੱਚੋਂ ਦੂਰ ਕਰਨਾ ਸਾ, ਪਰੰਤੂ ਜਿਤਨਾ ਚਿਰ ਉਨ੍ਹਾਂ ਨੂੰ ਝੂਠੇ ਨਾ ਕਰ ਲੈਂਦੇ ਉਤਨਾ ਚਿਰ ਘਰੋਂ ਤ੍ਰਾਹ ਦੇਨਾ ਉਚਿਤ ਨਹੀਂ ਜਾਨਦੇ ਸਨ, ਜੈਸਾ ਕਿ ਜੇ ਪਹਲੇ ਖੀਰ ਅਤੇ ਮਾਸ ਦੀ ਪ੍ਰੀਛਆ ਬਿਨਾ ਹੀ ਉਨ੍ਹਾਂ ਬ੍ਰਾਹਮਨਾਂ ਨੂੰ ਧੱਕੇ ਦਵਾਕੇ ਕੱਢ ਦੇਂਦੇ ਤਦ ਜ਼ਰੂਰ ਸੀ ਕਿ ਉਹ ਨਿੰਦਯਾ ਕਰਦੇ, ਕਿੰਤੂ ਜਦ ਉਨ੍ਹਾਂ ਨੂੰ

ਪ੍ਰੀਛਾ ਲੈਕੇ ਸਾਬਤ ਕਰ ਦਿੱਤਾ ਕਿ ਤੁਸੀਂ ਲੋਭੀ ਸ੍ਵਾਨ ਬ੍ਰਿਤੀ ਹੋ ਤਦ ਧੱਕੇ ਦੁਵਾਉਨ ਵਿੱਚ ਕੋਈ ਬੁਰਾ ਨਾ ਜਾਤਾ, ਏਸੇ ਤਰ੍ਹਾਂ ਜੇ ਉਸ ਦੱਤਾ ਨੰਦ ਦੀ ਬਾਤ ਨੂੰ ਨਾ ਮੰਨਦੇ ਅਰ ਉਸ ਨੂੰ ਵਿਦਾ ਕਰ ਦੇਂਦੇ ਤਦ ਅੱਜ ਤੱਕ ਲੋਗ ਇਹ ਆਖਦੇ ਕਿ ਗੁਰੂ ਤੇ ਓਹ ਮ੍ਰਯਾਦਾ ਬਣ ਨਾ ਆਈ ਜੋ ਪੰਡਤ ਨੇ ਆਖੀ ਸੀ ਜੇ ਕਰ ਮੰਨ ਲੈਂਦੇ ਤਾਂ ਜ਼ਰੂਰ ਦੇਵੀ ਪਰਗਟ ਹੋ ਜਾਂਦੀ ਸੋ ਇਸ ਦੋਖ ਨੂੰ ਦੂਰ ਕਰਨ ਲਈ ਗੁਰੂ ਜੀ ਨੇ ਸਭ ਉਦੱਮ ਕੀਤਾ ਨਹੀਂ ਕਿਸੇ ਦੇਵੀ ਦੇਵਤੇ ਦੇ ਪ੍ਰਤੱਖ ਕਰਨੇ ਲਈ ਨਹੀਂ ਸੀ, ਕਿੰਤੂ ਇਹ ਸਾਰਾ ਤੰਦਨ ਤਾਨਾ ਉਨ੍ਹਾਂ ਦੇ ਪੋਲ ਖੋਲਨ ਲਈ ਹੀ ਸੀ॥

## ਦੁਰਗਾ ਭਗਤ

### ਦੋਹਿਰਾ

ਇਹ ਮਨ ਕਲਪਨ ਤੋਹ ਕੀ ਪੰਡਤ ਚਾਰੇ ਦਾਮ।
ਉਸ ਨੇ ਤੋ ਰੰਚਕ ਨਹੀਂ ਲਿਆ ਦਰਬ ਕਾ ਨਾਮ।੧੨੧॥

### ਚੌਪਈ

ਅਹੋ ਖਾਲਸਾ ਕਿਆ ਤੂੰ ਗਾਵੈ। ਸੁਤਾ ਪਿਆ ਕਿਧੋ ਬਰੜਾਵੈ॥
ਉਸ ਪੰਡਤ ਕੋ ਲੋਭੀ ਗਾਇ। ਬ੍ਰਿਥਾ ਦੋਸ਼ ਲਗਾਵਤ ਚਾਇ॥
ਉਸ ਨੇ ਜੋ ਕੁਛ ਧਨ ਸੀ ਮਾਂਗਾ। ਨਹਿ ਨਿਜ ਹੇਤ ਬ੍ਰਿਖ ਕੋ ਛਾਂਗਾ॥
ਸੋ ਸਭ ਪੂਜ ਸਮੱਗ੍ਰੀ ਕਾਰਨ। ਚਹੀਯਤ ਦਰਬ ਅਧਕ ਜੋ ਦਾਰਨ॥
ਜਾਂਕਰ ਹਵਨ ਸਮੱਗ੍ਰੀ ਸਾਰੀ। ਲਿਆਵਹ ਮੋਲ ਜਿਤਕ ਸੁਖਕਾਰੀ॥
ਤਿਸ ਕਾਰਨ ਸੀ ਤਿਨ ਧਨ ਕਹਾ। ਫਿਰ ਉਸ ਨੇ ਕਿਯਾ ਨਿਜ ਹਿਤ ਚਹਾ॥
ਤਾਂਤੇ ਅਗਲੀ ਸੁਨੀ ਯਹੁ ਕਥਾ। ਕੀਤਾ ਹਵਨ ਤਾਂਹ ਲੇ ਜਥਾ॥
ਪ੍ਰਥਮੇਂ ਧਨ ਸਭ ਜਮਾਂ ਕਰਾਈ। ਬਹੁਰ ਸਮੱਗ੍ਰੀ ਹਵਨ ਮੰਗਾਈ॥
ਤੌ ਪ੍ਰਸੰਨ ਹੋ ਸਤਿਗੁਰ ਰਾਇ। ਸਭ ਧਨ ਦੀਨਾਂ ਤਾਂਹਿ ਦਿਖਾਇ॥
ਸੋ ਮਨ ਦੇ ਕਰ ਸੁਨੋ ਪਿਆਰੇ। ਗੰਥਕਾਰ ਜੋ ਪ੍ਰਗਟ ਉਚਾਰੇ।੧੨੨॥ ਯਥਾ:-

### ਦੋਹਿਰਾ

"ਨੇਵ ਖਵਾਸ ਮਸੰਦ ਗੁਣ ਮੰਤ੍ਰੀ ਅਵਰ ਦਿਵਾਨ।
ਕਰ ਸੁਮਾਰ ਸਭ ਦਰਬ ਕੋ ਐਸ ਬਖਾਨਯੋ ਆਨ।੯੫॥

### ਚੌਪਈ

ਕੇਤਕ ਦਿਨਾਂ ਸੁਮਾਰ ਕਰਾਈ। ਸਿੱਖਨ ਆਨ ਹਜ਼ੂਰ ਸੁਨਾਈ॥
ਆਗ ਪਾਛਕੀ ਚੜਤ ਸੁਮਾਰਾ। ਛਿਆਤਿੰਨ ਚੜੀ ਲੱਖ ਦਰਬਾਰਾ।੯੬॥
ਸੁਨ ਸ੍ਰੀਮੁਖ ਇਹ ਬਿਧ ਫੁਰਮਾਈ। ਜਮਾਂ ਕਰੋ ਇੱਕ ਠੌਰ ਬਨਾਈ॥
ਯੌ ਸਤਿ ਗੁਰ ਕੀ ਆਇਸ ਪਾਇ। ਸਰਬ ਬਿੱਤ ਲੈ ਜਮਾਂ ਕਰਾਈ।੯੭॥"ਪੁਨਾ:-

## ਸਵੈਯਾ

"ਸੇਵਕ ਭੇਜ ਦਿਆ ਨਿਧ ਸਾਹਿਬ ਲੀਨ ਤਬੈ ਦ੍ਵਿਜ ਤੀਰ ਬਲਾਈ। ਯੌ ਸੁਨ ਕੈ ਬਤੀਆਂ ਦ੍ਵਿਜ ਪੁੰਗਵ ਆਵਤ ਭੇ ਮਨ ਮੋਦ ਬਢਾਈ॥ ਆ ਸਿੱਖ ਦੇ ਤ੍ਰਿਨ ਕੋਟ ਬਿਧਾਨ ਸੋ ਸ੍ਰੀ ਗੁਰਕ ਤਿਨ ਕੀਰਤ ਗਾਈ। ਦਾਨ ਸੁ ਦੇਸਨ ਮਾਨ ਕਿਧੋ ਨਿਜ ਆਦਰ ਸੋ ਸਭ ਲੀਨ ਬਠਾਈ॥੧੦੩॥

## ਦੋਹਿਰਾ

ਅਚੁਤ ਅਲਖ ਅਨੰਤ ਗੁਰ ਤਿਨ ਸੋ ਕਹੀ ਸੁਨਾਇ।
ਸਭ ਪੂਜਾ ਬਿਧ ਦੇਵ ਕੀ ਹਮ ਸੋ ਕਹੋ ਸੁਨਾਇ।੧੦੪॥

## ਪਾਧੜੀ ਛੰਦ

ਕਾਲੀ ਸੁ ਪੂਜ ਕੀ ਸਰਬ ਸੌਂਜ। ਤੁਮ ਕਹੋ ਬਿੱਪ ਸੰਯੁਕਤ ਮੌਜ॥ ਕੁੰਕਮ ਗੁਲਾਬ ਘਨ ਸਾਰ ਧੂਪ। ਅੱਛਤ ਘ੍ਰਿਤਾਦਿ ਕਹ ਦਿਜਨ ਭੂਪ॥੧੦੫॥ ਬਹੁ ਗਿਰੀ ਔਰ ਖੋਪਾ ਸੁਪਾਰ। ਜੌਂ ਤਿਲਾ ਆਇ ਚੰਦਨ ਸੁਢਾਰ॥ ਮਹੁਖੇ ਅਜਾਦਿ ਪਸੁਐਂ ਅਨੇਕ। ਤੇ ਭਿੰਨ ਭਿੰਨ ਸਿਯੋਕਹੁ ਬਿਬੇਕ॥੧੦੬॥

ਤੋਟਕ ਛੰਦ-ਅਤਿਭੋਜ ਛੁਹਾਰ ਬਦਾਮ ਘਨੇ। ਬਹੁ ਬਿੰਜਨ ਨੇਕ ਸੁ ਕੌਨ ਗਨੇ॥ ਪੁਨ ਕੋਟ ਬਿਧਾਨ ਸਮੱਗ੍ਰ ਬਲੀ। ਪ੍ਰਭ ਬਿੱਪਨ ਭਾਖ ਦਿਨੀ ਅਖਲੀ॥੧੦੭॥ ਲਿਖ ਕਾਗਤ ਪੈ ਦ੍ਵਿਜ ਰਾਜ ਸਬੈ। ਇਹ ਆਨ ਦਈ ਸੁ ਹਜ਼ੂਰ ਤਬੈ॥੧੦੯॥

## ਸਵੈਯਾ

ਪੂਰਨ ਦੇਵ ਅਭੇਵ ਕ੍ਰਿਪਾ ਨਿਧ ਆਪ ਸੁਤੈ ਸਿਧ ਯੌ ਫੁਰਮਾਈ॥ ਅਚੁਤ ਨਾਥ ਅਨੰਤ ਅਸੰਧਰ ਗਾਫਲ ਗੰਜ ਪਿਤਾ ਜਨਮਾਈ॥ ਆਨਨ ਚੰਦ ਮੁਕੰਦ ਕਹਿਯੋ ਦ੍ਵਿਜ ਪੂਜਨ ਕਥਾ ਕਰੈ ਕਹਿ ਜਾਈ॥ ਯੌ ਬਤੀਆਂ ਸੁਨਕੇ ਦਿਜ ਰਾਜਨ ਪਾਵਨਕੈ ਪਦ ਤੀਰ ਸੁਨਾਈ॥੧੧੦॥

## ਚੌਪਈ

ਸੁਨਹੁ ਗੁਰੂ ਜੀ ਬਾਤ ਹਮਾਰੀ। ਇਹ ਜੋ ਨਦੀ ਬਿਰਾਜੈ ਭਾਰੀ ਸਹਸਨਾਰ ਯਾਕੋ ਭਨ ਨਾਮਾ। ਗੰਗਾਸਮ ਯਹਿ ਦੁਤੇਭਿਰਾਮਾ॥੧੧੧॥ ਇਹ ਤ ਕਰਹੁ ਬਿਮਲ ਅਸਥਾਨੰ। ਅਹਿ ਨਿਸਧਰੋ ਕਾਲਕਾ ਧਯਾਨੋ ਪੂਜਹੁ ਚੰਡੀ ਆਦਭਵਾਨੀ। ਜਲ ਥਲ ਜਾਂਕੀ ਜੋਤ ਸਮਾਨੀ॥੧੧੨॥ ਰਸਾਵਲ ਛੰਦ॥ ਸੁਨੀ ਬਿਪ ਬਾਨੀ। ਕ੍ਰਿਪਾ ਸਿੰਧ ਗਯਾਨੀ। ਦਾਸ ਦੀਨੇ। ਭਲੀ ਭੂਮ ਚੀਨੇ॥੧੧੩॥ ਸੁ ਧਾਮੰ ਬਨਾਏ। ਮਹਾ ਸੁੱਧ ਛਾਏ॥ ਮਨੋ ਗੀਰ ਵਾਨੇ। ਲਖੈ ਕੇਲ ਜਾਨੇ॥੧੧੪॥ ਤੰ ਲੈ ਕਨਾਤੀ। ਦਿਪੈ ਜੋਤਿ ਰਾਤੀ॥ ਤ੍ਰਿਨਾ ਲੈ ਬਨਾਏ। ਚੁਨੀ ਈਨ ਲਾਏ॥੧੧੫॥ ਸਭੈਯੌ ਬਨਾਈ। ਬਿਨੈ ਆਨ ਪਾਈ ਭਲੇ ਧਾਮ ਤਿਆਰਾ। ਕਰੇ ਔਰ ਕਾਰਾ॥੧੧੬॥ ਜਪੌਂ ਲੈ ਭਵਾਨੀ ਕ੍ਰਿਪਾ ਸਿੰਧ ਜਾਨੀ॥ ਸੁਨੈ ਆਪ ਬੈਯ॥੧੧੭॥ ਚਲੇ ਆਪ ਦੇਖੇ। ਅਛੇ ਸੁੱਧ ਲੇਖੇ॥ ਦਿਜੇ ਮੰਨ ਮਾਨੈ ਪ੍ਰਭੂ ਮੋਦ ਠਾਨੈ॥੧੧੯॥ ਰਚਿਯੋ ਕੁੰਡ ਐਸਾ। ਦਿਵਾ ਲੈਨ ਤੈਸਾ॥ ਕਰੇ ਧੂਪ ਬੀਰਾ। ਮਹਾਂ ਮੱਤ ਧੀਰਾ॥੧੧੯॥ ਭਰੈ ਧੂਪ ਥਾਰਾ।

ਪੜ੍ਹੈਮੰਤ੍ਰ ਸਾਰਾ॥ ਬਿਧਾ ਜਾਨ ਕੇਰੇ। ਰਿਚਾ ਫੇਰ ਫੇਰੇ।੧੨੦॥"

ਭਾਵ:- ਗੁਰੂ ਮਹਾਰਾਜ ਦੀ ਦੇ ਇਸ ਬਿਵਹਾਰ ਥੋਂ ਨਿਰਸੰਦੇਹ ਜਾਣਿਆ ਜਾਂਦਾ ਹੈ ਕਿ ਦੁਰਗਾ ਪੂਜਨ ਦਾ ਜਰੂਰ ਪ੍ਰੇਮ ਸੀ ਕਿਉਂਕਿ ਜਦ ਉਸ ਬ੍ਰਾਹਮਨ ਨੇ ਧਨ ਦਾ ਪ੍ਰਸ਼ਨ ਕੀਤਾ ਸਾ ਤਦ ਉਸ ਦੀ ਸੰਕਾ ਦੂਰ ਕਰਨ ਲਈ ਮਸੰਦਾ ਅਤੇ ਦੀਵਾਨਾਂ ਨੂੰ ਆਖਕੇ ਖਜ਼ਾਨਿਆਂ ਦੀ ਗਿਣਤੀ ਕਰਾਈ ਅਰ ਜਦ ਨੌ ਲੱਖ ਰੁਪਈਆ ਨੱਕਦ ਦੇਖਿਆ ਤਦ ਉਸ ਬ੍ਰਾਹਮਨ ਨੂੰ ਪਾਸ ਬੁਲਾ ਕੇ ਦਿਖਾ ਦਿੱਤਾ ਜਿਸ ਪਰ ਉਸ ਨੇ ਘੇਉ, ਗਰੀ, ਛੁਹਾਰੇ, ਬਦਾਮ ਅਰ ਝੋਟੇ ਬਕਰੇ ਆਦਿਕ ਪਸ਼ੂ ਹਵਨ ਵਿੱਚ ਅਹੂਤੀ ਅਤੇ ਬਲੀਦਾਨ ਲਈ ਸਭ ਫਰਿਸਤ ਬਨਾਕੇ ਗੁਰੂ ਜੀ ਅੱਗੇ ਪੇਸ਼ ਕੀਤੀ। ਗੁਰੂ ਨੇ ਫਿਰ ਪੂਜਨ ਦੀ ਜਗ੍ਹਾ ਪੁਛੀ ਅਰ ਉਸ ਨੇ ਸਤਲੁਜ ਕਨਾਰਾ ਦੱਸਿਆ ਜਿੱਥੇ ਕਲਗੀਧਰ ਜੀ ਦੀ ਆਗਿਆ ਅਨੁਸਾਰ ਮਕਾਨ ਬਨ ਗਏ ਅਰ ਹਵਨ ਕੁੰਡ ਤਿਆਰ ਹੋਇਆ ਜਿਸ ਨੂੰ ਪੰਡਤ ਸਮੇਤ ਆਪ ਜਾਕੇ ਦੇਖਯਾ, ਅਤੇ ਪ੍ਰਸੰਨ ਹੋਏ, ਫਿਰ ਪੰਡਤ ਜੀ ਧੂਪ ਦੇਕੇ ਮੰਤ੍ਰ ਪੜ੍ਹਨੇ ਲੱਗੇ, ਸੋ ਜੇ ਗੁਰੂ ਜੀ ਨੂੰ ਪ੍ਰਗਟ ਕਰਨ ਦਾ ਕੁਝ ਖਿਆਲ ਨਾ ਹੁੰਦਾ ਤਾਂ ਇਤਨਾਂ ਯਤਨ ਕਿਉਂ ਕਰਦੇ॥

## ਤੱਤ ਖਾਲਸਾ

### ਦੋਹਿਰਾ

ਭਾਵੇ ਗੁਰ ਦਿਖਰਾਇਆ ਪੰਡਤ ਨੂੰ ਨੌ ਲੱਖ।
ਪਰ ਪੱਲੇ ਵਿੱਚ ਓਸ ਦੇ ਪਾਈ ਨਾ ਇੱਕ ਧੱਖ।੧੨੩॥

ਇਸ ਦਾ ਤਾਤਪ੍ਰਜ ਇਹ ਹੈ ਕਿ ਪਹਲੇ ਉਸ ਪੰਡਤ ਨੇ ਜੋ ਇਹ ਦੇਖਨਾ ਚਾਹਿਆ ਸੀ ਕਿ ਇਨ੍ਹਾਂ ਦੇ ਪਾਸ ਕੁਝ ਨਕਦੀ ਭੀ ਹੈ ਕਿ ਐਵੇਂ ਕੇਵੇ ਬਾਤਾਂ ਹੀ ਹਨ ਜਿਸ ਪਰ ਉਸ ਦੀ ਤਸੱਲੀ ਕਰਨ ਲਈ ਗੁਰੂ ਜੀ ਨੇ ਭਾਵੇ ਨੌ ਲੱਖ ਰੁਪੱਯਾ ਤਾਂ ਸਾਮ੍ਹਨੇ ਰੱਖਕੇ ਦਿਖਾ ਦਿੱਤਾ ਪਰੰਤੂ ਉਸ ਵਿੱਚੋਂ ਉਸਦੇ ਪੱਲੇ ਇੱਕ ਜੂੰ ਭੀ ਨਾ ਪਾਈ, ਸਗੋਂ ਇਹ ਆਖਿਆ ਕਿ ਜੋ ਸਮੱਗ੍ਰੀ ਤੈਨੂੰ ਲੋੜੀਂਦੀ ਹੈ ਸੋ ਸਾਨੂੰ ਦੱਸ ਜੋ ਮੰਗਾ ਦੇਈਏ ਜਿਸ ਪਰ ਪ੍ਰਸੰਨ ਹੋ ਗਿਆ ਅਰ ਜਾਨ ਲਿਆ ਕਿ ਇਸ ਵਿੱਚੋਂ ਕੁਝ ਮੇਰਾ ਹਿੱਸਾ ਭੀ ਜਰੂਰ ਕਦੇ ਨ ਕਦੇ ਨਿਕਲੇਗਾ, ਜਿਸ ਪਰ ਸਾਮੱਗ੍ਰੀ ਲਿਖ ਦਿੱਤੀ ਅਰ ਮਕਾਨ ਨਦੀ ਕਨਾਰੇ ਬਨਾਕੇ ਦਿਖਾ ਦਿੱਤੇ ਜਿਸ ਪਰ ਉਸ ਨੂੰ ਆਗਿਆ ਦਿੱਤੀ ਜੋ ਹੁਣ ਅਪਣਾ ਕੰਮ ਆਰੰਭ ਕਰਦੇ, ਇਸ ਵਾਸਤੇ ਇਹ ਇੱਕ ਮਾਮੂਲੀ ਕੰਮ ਹੈ ਜਿਸ ਵਿੱਚ ਗੁਰੂ ਜੀ ਦਾ ਨਿਹਚਾ ਸਾਬਤ ਨਹੀਂ ਹੁੰਦਾ॥

## ਦੁਰਗਾ ਭਗਤ

### ਦੋਹਿਰਾ

ਤੇਰੇ ਆਖੇ ਨਹੀਂ ਥਾ ਗੁਰ ਜੀ ਦਾ ਵਿਸ਼੍ਵਾਸ।
ਅੱਗੇ ਪੜ੍ਹਕੇ ਦੇਖ ਕਿਆ ਦੱਸੇ ਗੁਰੂ ਬਿਲਾਸ।੧੨੪॥

### ਚੌਪਈ

ਚੰਗਾ ਲਗਨ ਦੇਖ ਸ਼ੁਭ ਬਾਰਾ। ਲੱਗਾ ਹਵਨ ਹੋਨ ਤਹਿ ਭਾਰਾ॥

ਮੰਤ੍ਰ ਵੇਦਾਂ ਦੇ ਪੜ੍ਹ ਭਾਰੇ। ਸ੍ਵਾਹਾ ਸ੍ਵਾਹਾ ਊਚ ਪੁਕਾਰੇ।।
ਜੈ ਚੰਡੀ ਜੈ ਆਦਿ ਭਵਾਨੀ। ਜੈ ਹੋ ਅਸ਼ਟ ਭੁਜੀ ਜਗ ਰਾਨੀ।।
ਬੋਕ ਵਾਂਗ ਪੰਡਤ ਸੀ ਬੁੱਕੇ। ਮੰਤ੍ਰ ਪੜ੍ਹੇ ਨ ਪੀਤੇ ਹੁੱਕੇ।।
ਕਰਨ ਵਡਾਈ ਦੁਰਗਾ ਕੇਰੀ। ਆਖਨ ਸਰਨ ਮਾਤ ਹਮ ਤੇਰੀ।।
ਕੁੱਟ ਕੁੱਟ ਕੇ ਗਰੀ ਛੁਹਾਰੇ। ਜੌ ਤਿਲ ਘ੍ਰਿਤ ਚੰਦਨ ਸੰਗ ਸਾਰੇ।।
ਪਾਇ ਹਵਨ ਵਿਚ ਲਾਟ ਜਗਾਈ। ਮਗਰੋ ਊਚੇ ਊਪ ਸੁਨਾਈ।।
ਫਿਰ ਛੋਟੇ ਵੱਡੇ ਕਰ ਟੋਟੇ। ਹਾਥੀ ਜੇਹੇ ਜੋ ਸੇ ਮੋਟੇ।।
ਪਾਕੇ ਹਵਨ ਵਿੱਚ ਉਹ ਸਾਰੇ। ਦਿੱਤੀ ਬਲੀ ਬੋਲ ਜੈਕਾਰੇ।।
ਫਿਰ ਲੈ ਬੋਕ ਬੱਕਰੇ ਚੰਗੇ। ਦਿੱਤੇ ਵੱਢ ਹਵਨ ਬਿਨ ਮੰਗੇ।।
ਉੱਠੀ ਚਰਬੀ ਗੰਧ ਅਜੇਹੀ। ਮੁਰਦੇ ਜਲਨੇ ਪਰ ਹੋ ਜੇਹੀ।।
ਚਮਕੀ ਅਗਨ ਕੁੰਡ ਮਹਿ ਜ੍ਵਾਲਾ। ਦੇਖ ਦੇਖ ਮਨ ਹੋਇ ਸੁਖਾਲਾ।।
ਚਾਰੇ ਪਾਸੇ ਬਿੱਪ ਬਠਾਏ। ਜੋ ਮੰਤ੍ਰ ਪੜ੍ਹ ਮਾਤ ਰਖਾਏ।।
ਅਰ ਗੁਰ ਜੀ ਭੀ ਤਾਂਕੇ ਸੰਗਾ। ਕਰਤੇ ਜਾਪ ਬੈਠ ਅਤਿ ਚੰਗਾ।।
ਦੋਇ ਸਾਲ ਇਸ ਭਾਂਤ ਬਿਤਾਏ। ਹੁੰਦੇ ਹਵਨ ਚੰਡਕਾ ਧਯਾਏ।।
ਫਿਰ ਗੁਰ ਜੀ ਇਕ ਚਰਤ ਦਿਖਾਯਾ। ਜਿਸ ਪਰ ਪੰਡਤ ਭੀ ਵਿਸਮਾਯਾ।।
ਸੋ ਤੈਨੂੰ ਮੈਂ ਦਿਆਂ ਸੁਨਾਇ। ਕੈਸਾ ਖੇਲ ਕਰਾ ਜਗਰਾਇ।।
ਇਕ ਦਿਨ ਲੈਕੇ ਸਿੱਖ ਹਜ਼ਾਰ। ਧੂਤੀ ਬਾਜਰ ਸ੍ਵਾਨ ਅਪਾਰ।।
ਗਏ ਸ਼ਕਾਰ ਗੁਰੂ ਕਲਧਾਰੀ। ਜਹਿ ਬਨ ਮਹਿ ਸਨ ਮ੍ਰਿਗ ਅਪਾਰੀ।।
ਲਗੇ ਹਨਨ ਮ੍ਰਿਗ ਪੰਛੀ ਏਤੇ। ਗਨੇ ਨ ਜਾਂਹ ਮੋਹ ਤੇ ਜੇਤੇ।।
ਰੋਝ ਮ੍ਰਿਗ ਅਰ ਗੀਛ ਬਰਾਹ। ਗੈਂਡਾ ਅਰ ਨਾ ਮਾਰਨ ਢਾਹ।।
ਇਸੀ ਤਰ੍ਹਾਂ ਬਾਜਨ ਕੇ ਸਾਥ। ਤੀਤਰ ਹਰਨ ਗੁਰੂ ਜਗਨਾਥ।।
ਸਾਰਾ ਦਿਵਸ ਖੇਲ ਕਰ ਧਾਏ। ਬਹੁਤ ਮ੍ਰਿਗ ਗਜ ਪਰ ਲਟਕਾਏ।।
ਆਏ ਹਵਨ ਕੁੰਡ ਕੀ ਓਰਾ। ਖੜੇ ਆਨ ਪੰਡਤ ਕੇ ਧੋਰਾ।।
ਦੇਖਤ ਲੀਲਾ ਪੰਡਤ ਸਾਰੀ। ਮਨ ਮੁਰਝਾਇ ਗਿਆ ਅਤਿ ਭਾਰੀ।।
ਜਿਸ ਪਰ ਪ੍ਰਭ ਜੂ ਹਸ ਕਰ ਭਾਖੀ। ਕਿਉਂ ਬਿੱਪ੍ਰ ਮਨ ਕੁਸਲ ਨ ਰਾਖੀ।।
ਜਿਸ ਪਰ ਤਿਨ ਯਹ ਕਹੀ ਦਿਆਲਾ। ਕਰਾ ਜੋਰ ਤੁਮ ਅਧਕ ਵਿਸਾਲਾ।।
ਇਨ ਜੀਵਨ ਪਰ ਤੇਗ ਚਲਾਈ। ਦਿਆ ਨ ਰੰਚਕ ਮਨ ਮਹਿ ਆਈ।।
ਅਹਿੰਸਾ ਪਰਮ ਧਰਮ ਜਗਰਾਈ। ਸੋ ਨਹਿ ਚਹੀਏ ਮਨੋਂ ਭੁਲਾਈ।।
ਇਨ ਕੋ ਬਧ ਕਰ ਪਾਪ ਕਮਾਯਾ। ਜਿਸ ਕੋ ਪਿਖ ਮਨ ਮੋਂ ਮੁਰਝਾਯਾ।।੧੨੫।।
ਦੋਹਿਰਾ-ਸੁਨ ਪੰਡਤ ਕੀ ਬਾਤ ਕੋ ਕ੍ਰਿਪਾ ਸਿੰਧ ਜੂ ਦਿਆਲ।।
ਕੀਤਾ ਚਰਤ ਅਚੰਭ ਦਾ ਪਿਖ ਬਿਪ ਭਿਆ ਨਿਹਾਲ।।੧੨੬।।

## ਚੌਪਈ

ਕਰਾ ਹੁਕਮ ਦਾਸਨ ਕੋ ਐਸਾ। ਦਿਆਲੂ ਲੋਗ ਕਰਤ ਹੈਂ ਜੈਸਾ।
ਦੇਹੁ ਛੋਡ ਇਨ ਪੰਖਨ ਤਾਈਂ। ਖਗ ਮ੍ਰਿਗ ਪਕਰੋ ਨਾਂਹਿ ਅਜਾਈਂ॥
ਜਬ ਆਗਿਆ ਸਤਿਗੁਰ ਕੀ ਪਾਈ। ਸਭਹੀ ਬੰਦ ਖਲਾਸ ਕਰਾਈ॥
ਪੰਖੀ ਉਡੇ ਅਕਾਸ ਮਝਾਰੀ। ਲਾਕਰ ਮਨ ਭਾਵਤ ਓਡਾਰੀ॥
ਔਰ ਮ੍ਰਿਗ ਦਿਸ ਦਿਸ ਕੋ ਗਏ। ਹਵਨ ਓਰ ਮੁਖ ਤਾਂਕੇ ਭਏ॥
ਜਬ ਪੰਡਤ ਇਹ ਚਰਤ ਨਿਹਾਰਾ। ਬਿਸਮਯ ਹੋਕਰ ਮੁਖੋਂ ਉਚਾਰਾ॥
ਧੰਨਯ ਧੰਨਯ ਹੇ ਜਗ ਪਤ ਰਾਈ। ਕੋ ਕਰ ਸਾਕੈ ਤੋਹ ਵਡਾਈ॥
ਕਰੀ ਬੰਦਨਾ ਗੁਰ ਪਗ ਤੀਰਾ। ਜਾਨ ਲਯੋ ਯਹ ਅਗਮ ਗੰਭੀਰਾ॥
ਕਹਨ ਲਗਾ ਵਡ ਭਾਗ ਹਮਾਰੇ। ਜਾਂਤੇ ਦਰਸ਼ਨ ਆਪ ਨਿਹਾਰੇ॥
ਤਜ ਚਿੰਤਾ ਗੁਰ ਕੇ ਪ੍ਰਸੰਗ। ਵਧੀ ਉਮੰਗ ਬਿਪ ਭਯੋ ਨਸੰਗ॥੧੨੭।

## ਦੋਹਿਰਾ

ਦੇਖੋ ਐ ਚਰਤ ਗੁਰ ਕੀਨੇ ਥੇ ਤਿਸ ਕਾਲ।
ਜਿਨ ਕੋ ਨੈਨੀ ਦੇਖਕੇ ਪੰਡਤ ਭਏ ਨਿਹਾਲ॥੧੨੮॥
ਫਿਰ ਕਿਆ ਸੰਕਾ ਏਸ ਮਹਿ ਰਹੀ ਬਤਾਵੋ ਮੋਹ।
ਦੁਰਗਾ ਪਰਗਟ ਕਰਨ ਮਹਿ ਅਹੋ ਖਾਲਸਾ ਤੋਹ॥੧੨੯॥

# ਤੱਤ ਖਾਲਸਾ

## ਦੋਹਿਰਾ

ਇਸ ਹੀ ਤੂੰ ਪ੍ਰਸੰਗ ਨੂੰ ਮਨ ਦੇ ਵਿੱਚ ਵਿਚਾਰ।
ਜਿਸਤੇ ਅਪਨੇ ਰਿਦੇ ਦੀ ਸੰਕਾ ਦੇਹੁ ਨਿਵਾਰ॥੧੩੦॥
ਹਵਨ ਕਰੰਦਿਆਂ ਬਿੱਪ ਨੂੰ ਬੀਤ ਗਏ ਦੋ ਸਾਲ।
ਜਿਸ ਦੇ ਅੰਦਰ ਓਸ ਥੋ ਇੱਕ ਨ ਖੁੱਬਾ ਬਾਲ॥੧੩੧॥

## ਦਵੈਯਾ

ਜਿਸ ਪਰ ਅੱਕ ਗਏ ਗੁਰ ਬੈਠੇ ਦੇਖਿਆ ਲੰਬਾ ਝੇੜਾ। ਮਨ ਵਿੱਚ ਸੋਚ ਲਿਆ ਗਲ ਪਾਕੇ ਸਾਰਾ ਜਦੋ ਬਖੇੜਾ॥ ਚਲੋ ਸ਼ਕਾਰ ਬਹਾਰ ਕਰੋ ਪੁਨ ਅਪਨਾ ਮਨ ਪਰਚਾਵੋ। ਏਸ ਸੋਗ ਕੀੜਿਆਂ ਦੇ ਅੰਦ੍ਰ ਬੈਠਨ ਸਮਾਂ ਬਿਤਾਵੋ॥੧੩੨॥ ਜਦ ਜਾ ਕਰਕੇ ਜੰਗਲ ਅੰਦਰ ਮਾਰ ਮਿਰਗ ਮੁੜ ਆਏ। ਅਰ ਹਾਥੀ ਪਰ ਲਟਕ ਰੁਧਰ ਭਰ ਤਿਸ ਕੋ ਚਾ ਦਰਸਾਏ॥ ਦੇਖਦਿਆਂ ਉਹ ਖੀਗਾ ਖਾਣਾਂ ਮਨ ਅੰਦਰ ਘਬਰਾਇਆ। ਨ ਸੀ ਸਹਾਰ ਸਕਿਆ ਉਹ ਵੇਲਾ ਜਿਸ ਪਰ ਮੁਖ ਮੁਰਝਾਇਆ॥੧੩੩॥ ਜਦ ਗੁਰ ਜੀ ਨੇ ਕਾਰਨ ਪੁੱਛਿਆ ਤਾਂ ਤਿਨ ਪਾਪ ਬਤਾਇਆ। ਅਹਿੰਸਾ ਨੂੰ ਪਰਮ ਧਰਮ ਕਹਿ ਅਪਨੇ ਮੁਖੋਂ ਅਲਾਇਆ॥ ਜਿਸ ਪਰ ਮੰਨ ਓਸ ਦਾ ਆਖਾ ਗੁਰ ਜੂ ਪੰਖੀ ਛੋਡੇ। ਦੇਖੀ ਰਚਨਾ ਤਦ ਤਿਨ ਸਾਰੀ ਰਗੜਨ ਲੱਗਾ ਗੋਡੇ ॥੧੩੪॥ ਹੁਣ ਤੂੰ ਦੁਰਗਾ ਭਗਤ ਪਿਆਰੇ ਮਨ ਦੇ ਵਿੱਚ ਵਿਚਾਰੀ। ਮੇਰੀ ਆਖੀ ਬਾਤ

ਆਪਨੇ ਦਿਲ ਥੋਂ ਨਾਹਿੰ ਵਿਸਾਰੀ।। ਆਪ ਵਢਾਕੇ ਝੋਟੇ ਸੁਟਦਾ ਵਿੱਚ ਕੁੰਡ ਦੇ ਐਸੇ। ਕਰਨ ਕਬਾਬ ਸ਼ਕਾਰੀ ਮਿਲਕੇ ਜੰਗਲ ਅੰਦ੍ਰ ਜੈਸੇ।।੧੩੫।। ਫਿਰ ਉਹ ਮਾਰ ਬੱਕਰੇ ਕਰਦਾ ਹਿੰਸਾ ਇਤਨੀ ਬੈਠਾ। ਪਰ ਗੁਰ ਜੀ ਦੇ ਮਿਰਗ ਹਨਨ ਪਰ ਹੋ ਬੈਠਾ ਸੀ ਐਠਾ।। ਜੇ ਹਿੰਸਾ ਸੀ ਪਰਮ ਧਰਮ ਤਾਂ ਕਿਉਂ ਝੋਟੇ ਮਰਵਾਏ। ਅਰ ਛੇਲੇ ਜੋ ਐਵੇਂ ਭੁੰਨੇ ਕਾਹੂੰ ਕੰਮ ਨ ਆਏ ।।੧੩੬।। ਫਿਰ ਉਹ ਦੇਵੀ ਆਪ ਭਲਾ ਜੋ ਝੋਟਿਆਂ ਤਕ ਹੈ ਖਾਂਦੀ। ਫਿਰ ਦੂਜਿਆਂ ਦੇ ਤਿੱਤਰ ਖਾਣੇ ਪਿੱਛੇ ਕਿਉਂ ਕੁਨਸਾਂਦੀ।। ਜੇ ਦੁਰਗਾ ਮਨ ਦਿਆ ਨਹੀਂ ਹੈ ਹੋਕਰ ਜਾਮਾਂ ਨਾਰੀ। ਤਾਂ ਗੁਰ ਨੂੰ ਕੀ ਲੋੜ ਪਈ ਸੀ ਹੋਕਰ ਨਰ ਅਵਤਾਰੀ।।੧੩੭।। ਆਪ ਬਦਾਮ ਛੁਹਾਰੇ ਚੱਬੇਂ ਜੌਂ ਤਿਲ ਤੀਕਰ ਖਾਏ। ਗੁਰ ਜੀ ਦੇ ਜੋ ਫੜੇ ਬਟੇਰੇ ਸੋ ਭੀ ਨਾ ਤਿਸ ਭਾਏ।। ਕਈ ਹਜ਼ਾਰਾਂ ਜੀਵ ਕੁੰਡ ਵਿੱਚ ਭੁੱਜ ਭੁੱਜ ਸੀ ਮਰਦਾ । ਫਿਰ ਉਹ ਪੰਡਤ ਹਿੰਸਾ ਇਤਨੀ ਕਿਉਂ ਸੀ ਬੈਠਾ ਕਰਦਾ।

**ਦੋਹਿਰਾ**

ਤਾਂਤੇ ਹੋਰ ਨ ਬਾਤ ਸੀ ਕੇਵਲ ਸੀ ਇੱਕ ਟੇਕ।
ਜਿਸ ਤੇ ਚੰਡੀ ਵਿੱਚ ਤਿੰਨ ਹਿੰਸਾ ਦੱਸੀ ਰੋਕ।।੧੩੮।।

**ਚੌਪਈ**

ਇਸ ਵਿੱਚ ਪੰਡਤ ਏਹ ਵਿਚਾਰੀ। ਅਪਨੀ ਤੀਖਨ ਮਤ ਅਨੁਸਾਰੀ।।
ਜੇ ਦੇਵੀ ਨਾ ਪ੍ਰਗਟੀ ਆਇ। ਤਾਂ ਦੇਸਾਂ ਇਹ ਦੋਸ ਲਗਾਇ।।
ਕਹੂੰ ਚੰਡਕਾ ਕਬ ਪ੍ਰਗਟਾਵੇ। ਜਬ ਗੁਰ ਜੂ ਹਿੰਸਾ ਕੋ ਧਾਵੇ।।
ਹਿੰਸਾ ਪਾਪ ਅਧਕ ਹੈ ਗਾਇਆ। ਪਿਖ ਕਿਯੋਂ ਪ੍ਰਗਟ ਹੋਤ ਜਗ ਮਾਇਆ।।੧੩੯।।
ਮੇਰਾ ਦੋਸ਼ ਏਸ ਮਹਿ ਨਾਹੀਂ। ਯਹ ਹੈ ਸਕਲ ਕਮੀ ਪ੍ਰਭ ਮਾਹੀਂ।।
ਇਸ ਕਾਰਨ ਸੀ ਫੰਧ ਚਲਾਇਆ। ਸੋ ਭੀ ਗੁਰ ਜੀ ਦੂਰ ਹਟਾਇਆ।।
ਉਸੇ ਸਮੇਂ ਪੰਖੀ ਤਜ ਦੀਨੇ। ਮਾਨ ਵਾਕ ਸਭ ਤਾਂਕੇ ਲੀਨੇ।।
ਜਿਸ ਪਰ ਉਜਰ ਨ ਤਾਂਕਾ ਰਹਾ। ਦੇਨਾ ਦੋਸ ਤਾਹਿ ਜੋ ਚਹਾ।।੧੪੦।।

**ਦੋਹਿਰਾ**

ਫਿਰ ਤੂੰ ਦੇਖ ਪਿਆਰਿਆ ਇੱਕ ਬਾਤ ਜੋ ਹੋਰ।
ਜਿਸ ਤੇ ਉਲਟੇ ਪੈ ਗਏ ਚੋਰਾਂ ਉਪੱਰ ਮੋਰ।।੧੪੧।।

**ਚੌਪਈ**

ਜੇ ਤੂੰ ਬਾਤ ਰਿਦੇ ਇਹ ਮੰਨੈਂ। ਗੁਰ ਬਿਲਾਸ ਦਾ ਕਹਾ ਨ ਭੰਨੈ।।
ਗੁਰ ਜੀ ਮੁਰਦੇ ਜੀਵ ਜਿਵਾਏ। ਪੰਡਤ ਸਨਮੁਖ ਗਗਨ ਉਡਾਏ।।
ਜਿਸ ਪਰ ਦੱਤਾ ਨੰਦ ਹਰਾਨ। ਗੁਰ ਕੇ ਪਗ ਮਹਿ ਪਰ ਗਿਆ ਆਨ।।
ਥੀ ਗੁਰ ਮਹਿ ਜੋ ਐਸੀ ਸ਼ਕਤੀ। ਫਿਰ ਕਿਉਂ ਕਰੀ ਬਿੱਪ ਕੀ ਭਗਤੀ ।।
ਮਾਰਨ ਔਰ ਜਿਵਾਲਨ ਹਾਰੇ। ਤੈਂ ਗੁਰ ਅਪਨੇ ਮੁਖੋਂ ਉਚਾਰੇ।।
ਜੋ ਐਸੇ ਜਗ ਮਹਿਂ ਸਮਰੱਥ। ਫਿਰ ਕਿਉਂ ਚੜ੍ਹੇ ਬਿੱਪ ਕੇ ਹੱਥ।।

ਜੋ ਨਿਰਬਲ ਅਰ ਜਗ ਕਾ ਜੀਵ। ਜਾਨੇ ਸਿਰਫ ਜਲਾਨਾ ਘੀਵ॥
ਉਸ ਕੋ ਅਪਨਾ ਆਗੂ ਕੀਆ। ਜੋ ਤਿਸ ਕਹਾ ਮਾਨ ਸੋ ਲੀਆ॥
ਇਤਨਾ ਚਾਇ ਸਹਾਰਿਆ ਖੇਦ। ਦੱਸ ਭਲਾ ਇਸ ਮਹਿ ਕਿਆ ਭੇਦ?
ਕਹੋ ਭਲਾ ਉਸ ਬਿੱਪਰ ਜੈਸੀ। ਸ਼ਕਤਨ ਸੀ ਗੁਰ ਭੀਤਰ ਤੈਸੀ॥੧੪੨॥

## ਦੋਹਿਰਾ

ਵਿੱਦਯਾ ਬੁੱਧ ਸ਼ਕਤ ਗੁਣ ਤਿਸ ਪੰਡਤ ਕੇ ਤੁੱਲ।
ਕਿਆ ਗੁਰ ਜੀ ਮਹਿੰ ਸੇ ਨਹੀਂ ਆਖ ਨ ਪਿਆਰੇ ਭੁੱਲ॥੧੪੩॥
ਅਪਨੀ ਸ਼ਕਤੀ ਨਾਲ ਹੀ ਲੈਂਦੇ ਕੰਮ ਸਵਾਰ।
ਜੋ ਦੇਵੀ ਦੇ ਆਸਰੇ ਕਰਨਾ ਕਹੇਂ ਪੁਕਾਰ॥੧੪੪॥
ਤਾਂਤੇ ਸਾਰਾ ਏਹੁ ਸੀ ਸ੍ਰੀ ਸਤਿਗੁਰੁ ਕਾ ਚੋਜ।
ਜੋ ਠੱਗਰ ਕਾ ਕੱਢਿਆ ਏਸ ਬਹਾਨੇ ਖੋਜ॥੧੪੫॥

## ਚੌਪਈ

ਦੋਇ ਸਾਲ ਇਸ ਭਾਂਤ ਬਤਾਇ। ਕਈ ਮਣਾਂ ਦੇ ਘੀਉ ਜਲਾਏ॥
ਕਈ ਜਾਨ ਤੇ ਝੋਟੇ ਮਾਰੇ। ਹੋਰ ਬੱਕਰੇ ਗਿਰੀ ਛੁਹਾਰੇ॥
ਇਤਨ ਧਨ ਬਰਬਾਦ ਕਰਾਇਆ। ਅਜੇ ਨ ਦੁਰਗਾ ਮੁੱਖ ਦਿਖਾਇਆ॥
ਤਾਂਤੇ ਸਮਝ ਰਿਦੇ ਮਹਿ ਭਾਈ। ਇਹ ਬਿੱਪਨ ਕੀ ਥੀ ਚਤੁਰਾਈ॥
ਹੁਨ ਤੂੰ ਦੱਸ ਖੋਲ ਕਰ ਬਾਤ। ਕਿਉਂ ਨਾ ਪਰਗਟੀ ਤੁਮਰੀ ਮਾਤ॥
ਕਿਆ ਉਹ ਅੱਗ ਦੇਖ ਡਰ ਗਈ। ਯਾ ਲੱਜਤ ਨਾ ਸਨਮੁਖ ਭਈ?
ਫਿਰ ਉਹ ਮਾਸਾ ਹਾਰਨ ਮਾਈ। ਦੇਖ ਬਟੇਰੇ ਕਿਉਂ ਘਬਰਾਈ?
ਇਸ ਦਾ ਸਾਰਾ ਭੇਦ ਬਤਾਈਂ। ਮੇਰੇ ਮਨ ਦੀ ਸੰਕ ਮਿਟਾਈ॥੧੪੬॥

# ਦੁਰਗਾ ਭਗਤ

## ਦੋਹਿਰਾ

ਇਸ ਦਾ ਉਤੱਰ ਦੱਸਦਾ ਸੁੱਖਾ ਸਿੰਘ ਉਦਾਰ।
ਜਦ ਸਤਿਗੁਰ ਨੇ ਬੋਲਯਾ ਪੰਡਤ ਨਿਕਟ ਪੁਕਾਰ॥੧੪੭॥

## ਚੌਪਈ

ਇਸੇ ਤਰ੍ਹਾਂ ਜਦ ਛੇਯ ਮਹੀਨੇ। ਬੀਤ ਗਏ ਦੁਰਗਾ ਰੰਗ ਭੀਨੇ।
ਨਾ ਪਰਗਟੀ ਜਗ ਆਦਿ ਭਵਾਨੀ। ਤਦ ਸਤਿਗੁਰ ਜੂ ਏਹੁ ਬਖਾਨੀ
ਲਿਆ ਵਹੁ ਤੁਰਤ ਬਿੱਪ ਕੋ ਯਹਾਂ। ਲਗਾ ਦੀਵਾਨ ਪ੍ਰਭੂ ਕੋ ਜਹਾਂ॥
ਗਏ ਸੁਨਤ ਬਚ ਸੇਵਕ ਕੇਤੇ। ਕਹਯੋ ਚਲੋ ਪੰਡਤ ਜੂ ਏਤੇ॥
ਤੁਮ ਕੋ ਪ੍ਰਭ ਜੂ ਯਾਦ ਕਰੰਤੇ। ਕਿਆ ਜਾਨੇ ਕੁਛ ਹੁਕਮ ਰਟੰਤੇ॥
ਸੁਨਤ ਆਇ ਗੁਰੁ ਢਿਗ ਵਹਿ ਬੋਲਾ। ਕਰੋ ਹੁਕਮ ਹਾਜ਼ਰ ਹੈ ਗੋਲਾ।
ਜਿਸ ਪਰ ਬਾਤ ਕਹੀ ਗੁਰੁ ਜੈਸੀ। ਸੁਖਾ ਸਿੰਘ ਬਤਾਵਤ ਤੈਸੀ॥੧੪੮॥

## ਰਸਾਵਲ ਛੰਦ

"ਸੁਨੋ ਬਿੱਪ ਰਾਈ। ਲਗੇ ਸਾਲ ਢਾਈ॥ ਸੁ ਪੂਜੰਤ ਕਾਲੀ ਸੁਧੰ ਜੋਤ ਜ੍ਵਾਲੀ। ਭਈ ਨਾਂ ਪ੍ਰਤੱਛਾ। ਕਹੋ ਕੌਨ ਇੱਛਾ।੫੦॥ ਕਰੀ ਸੁੱਧ ਪੂਜਾ। ਤਜਯੋ ਭਾਵ ਦੂਜਾ॥
ਕਹੋ ਖੋਲ ਸਾਰੀ । ਪ੍ਰਭੂ ਯੋ ਉਚਾਰੀ।੫੧॥ ਸੁਨੈ ਵਾਕ ਭਾਖੀ । ਜਿਤੀ ਗੂੜ੍ਹ ਸਾਖੀ॥
ਕਿਧੈ ਭੇਵ ਹੋਈ। ਲਖੈ ਨਾਹਿ ਕੋਈ।੫੨॥ ਭਵਾਨੀ ਬਿਅੰਤਾ। ਲਖੈ ਕੌਨ ਗੰਤਾ ॥
ਅਲੇਖੰ ਅਪਾਰੀ। ਨ ਦੇਵਾ ਨਿਹਾਰੀ।੫੩॥ ਦਰਜੂਨ ਚਿੰਤਾ। ਅਹੈ ਸੋ ਅਨੰਤਾ॥
ਕਿਸ ਸਾਥ ਨਾਹੀ। ਅਨੰਤੀ ਅਥਾਹੀ।੫੪॥ ਸਭੈ ਆਪ ਜਾਨੋ। ਤੁਝੈ ਤੇਨ ਛਾਨੋ॥
ਗੁਰੂ ਅੰਤ੍ਰਯਾਮੀ। ਤਿਹੂੰ ਕਾਲ ਗਾਮੀ।੫੫॥ ਛਪੀ ਨਾਹਿ ਤੋਤੇ। ਸੁਨੋ ਏਕ ਮੋ ਤੇ॥
ਅਹੈ ਤੇਵ ਭਾਂਤੀ। ਜਿਨੈ ਜਾਨ ਰਾਤੀ।੫੬॥ ਜਪੈ ਹੋਇ ਕੱਲਾ। ਦੁਤੈ ਭੀ ਸਭੱਲਾ॥
ਜਹਾਂ ਤੀਨ ਚਾਰੰ। ਬਢੀ ਝੰਝ ਰਾਰੰ।੫੭॥ ਨਹੀਂ ਸੂਖ ਕੋਈ। ਬਡੋ ਦੂੰਦ ਹੋਈ।
ਅਸੀ ਬਾਤ ਕੀਜੈ। ਇਕਾਂਤੰ ਜਪੀਜੈ।੫੮॥ ਇਤੰ ਨੀਤ ਮੇਲਾ। ਨਰੰ ਨਾਰ ਭੇਲਾ॥
ਅਵੈ ਏਕ ਜਾਂਹੀ॥ ਇਕਾਂਤੰ ਸੁ ਨਾਹੀਂ।੫੯॥ ਸਭੀ ਆਪ ਜਾਨੋ। ਪ੍ਰਭੂ ਤੇ ਨ ਛਾਨੋ॥
ਇਕੈ ਔਰ ਬਾਰੰ। ਕਰੇ ਜੋਸ਼ ਗਯਾਤੰ।੬੦॥ ਸਤੰ ਜੁੱਗ ਮਾਹੀਂ। ਕਹੈ ਬੇਦ ਆਹੀ॥
ਸਵਾ ਲਾਖ ਪੂਜਾ। ਹਿਮਾਲੈ ਤਨੁਜਾ।੬੧॥ ਕਰੈ ਸੁਧ ਕੋਈ। ਸਰਧਾ ਪੂਰ ਹੋਈ॥
ਅਬੈ ਜੁੱਗ ਚਾਰੀ। ਪ੍ਰਭੂ ਆਵਤਾਰੀ।੬੨॥

## ਭੁਜੰਗ ਪ੍ਰਯਾਤ ਛੰਦ

ਦਹੀਏ ਸੁਨੋ ਨਾਥ ਸਾਲੰ ਸੁਚਾਰੋ। ਤਬੈ ਕਾਜ ਪੂਰਾ ਹੁਵੈਗਾ ਤਿਹਾਰੋ॥ ਨਹੀ ਔਰ ਚਿੰਤਾ ਧਰੋ ਚੀਤ ਮਾਹੀ। ਕ੍ਰਿਪਾ ਸਿੰਧ ਦੇਵਾ ਸੁਨੋ ਬਾਤ ਆਹੀ।੬੩॥ ਕਰੋ ਜਾਇ ਕੰਤੰ ਕਰੋ ਪੂਜ ਬਾਨੰ। ਜਹਾਂ ਆਪ ਬੈਠੋ ਦੁਤੈ ਬਿੱਪ੍ਰ ਧਿਆਨੰ॥ ਯਹੈ ਬਾਤ ਆਛੰ ਅਗੇ ਜੋ ਰਜਾਯੰ। ਜੋਊ ਜੀਤ ਆਪੰ ਫੁਰੇ ਜੂ ਉਪਾਯੰ।੬੪॥"

## ਦੋਹਿਰਾ

ਏਕ ਪੰਡਤ ਨੇ ਕਹੇ ਸੇ ਗੁਰੁ ਜੀ ਆਗੇ ਬੈਨ।
ਜਿਨ ਕੇ ਸੁਨ ਕਰ ਰਿਦੇ ਮਹਿ ਆਵਤ ਹੈ ਮਮ ਚੈਨ।੧੪੯॥

## ਚੌਪਈ

ਜਿਸ ਕੀ ਬਾਤ ਮਾਨ ਗੁਰ ਲੀਨੀ। ਓਸੇ ਸਮਯ ਤਿਆਰੀ ਕੀਨੀ॥
ਡੇਰਾ ਹੋਰ ਰਿਹਾ ਤਿਸ ਥਾਇ। ਬੈਠੇ ਬਿੱਪ ਅਹੂਤੀ ਪਾਇ॥
ਪਰ ਗੁਰ ਜੂ ਉਸ ਪੰਡਤ ਸਾਥ। ਗਏ ਭਵਨ ਦੁਰਗਾ ਜਗਨਾਥ॥
ਨੈਨਾ ਦੇਵੀ ਭਵਨ ਸਮੀਪਾ। ਆਸਨ ਕਰਾ ਤ੍ਰਿਭਵਨ ਮਹੀਪਾ॥
ਲਗੇ ਕਰਨ ਪੂਜਾ ਤਿਸ ਜਾਇ। ਕਰਤੇ ਸ੍ਰੀ ਮੁਖ ਸੇ ਗੁਰ ਆਪ॥
ਕਹਾ ਬਿੱਪ ਸੋਈ ਗੁਰ ਕੀਨਾ। ਜਾਂਤੇ ਕਰ ਪ੍ਰਗਟ ਵਰ ਲੀਨਾ॥
ਤਾਂਕੋ ਸੰਕ ਤੁਮ੍ਹਾਰੀ ਜੋਈ। ਤਿਸੀ ਬਿੱਪ ਪ੍ਰਹਾਰੀ ਸੋਈ।੧੫੦॥

# ਤੱਤ ਖਾਲਸਾ

## ਦੋਹਿਰਾ

ਹੇ ਦੁਰਗਾ ਦੇ ਚਾਟੜੇ ਕੀਤੀ ਚੌੜ ਚਪੱਟ।
ਇਹ ਤਾਂ ਬਿੱਪਰ ਆਪਨੀ ਆਪ ਲਈ ਜੜ੍ਹ ਪੱਟ।।੧੫੧।।
ਸਾਰੀ ਲੀਲ੍ਹਾ ਓਸ ਦੀ ਪ੍ਰਗਟ ਹੋਈ ਦੇਖ।
ਉੱਠ੍ਹ ਦੇਨੇ ਲੱਗਿਆ ਫੁੱਟੇ ਉਸ ਦੇ ਲੇਖ।।੧੫੨।।

## ਦਵੈਯਾ

ਜਦ ਗੁਰ ਜੀ ਨੇ ਸੱਦ ਬੁਲਾਇਆ ਅਰ ਅੱਗੋਂ ਫੁਰਮਾਈ। ਕਹੋ ਬਿੱਪ ਕਿਉਂ ਅਜੇ ਤੀਕ ਨਾ ਤੈਂ ਦੁਰਗਾ ਪਰਗਟਾਈ। ਢਾਈ ਸਾਲ ਹਵਨ ਨੂੰ ਕਰਦਿਆਂ ਬੀਤ ਗਏ ਹਨ ਐਸੇ। ਗਾਹੇ ਤੂੜੀ ਅਰ ਤੁਹਿ ਕੁੱਟੇ ਅੰਨ ਨਾ ਮਿਲਦਾ ਜੈਸੇ।। ਜੋ ਤੈਂ ਕਹੀ ਕਰੀ ਹਮ ਸੋਈ ਰੰਚਕ ਉਜਰ ਨ ਕੀਨਾ। ਜੋ ਮੁਖ ਮੰਗਾਯਾ ਤਿਸੀ ਸਮੇਂ ਪਰ ਹਮ ਨੇ ਤੁਮ ਕੋ ਦੀਨਾ।। ਕਹੁ ਬਾਕੀ ਹੁਣ ਬਾਤ ਰਹੀ ਕਿਆ ਜਿਸ ਤੇ ਨਾ ਪ੍ਰਗਟਾਈ। ਇਤਨੀ ਮਿਹਨਤ ਕੀਤੀ ਤੇਰੀ ਅਜੇ ਨਹੀਂ ਵਰ ਆਈ।।੧੫੩।। ਸੁਨਦੇ ਸਾਰ ਚੌਕੜੀ ਭੁੱਲੀ ਉਡ ਗਈ ਅਕਲ ਦਮਾਗੋਂ। ਸੁਨਕੇ ਜਿਵੇਂ ਬੰਦੂਕ ਤੜਾਕਾ ਬੁਲਬੁਲ ਉਡਦੀ ਬਾਗੋਂ।। ਓੜਕ ਨੂੰ ਜਦ ਕੁਝ ਨ ਆਇਆ ਏਹ ਜੁਵਾਬ ਸੁਨਾਏ। ਜਿਸ ਤੇ ਅਪਨੀ ਬੁੱਧੀ ਪਰ ਤਿਨ ਮੁੜਕੇ ਪੱਥਰ ਪਾਏ।।੧੫੪।। ਪਹਲੇ ਆਖੀ ਮੈਨੂੰ ਇਸ ਦੀ ਖਬਰ ਨਹੀਂ ਹੈ ਕੋਈ।। ਕਿਸ ਕਾਰਨ ਤੇ ਆਦ ਭਵਾਨੀ ਪ੍ਰਗਟ ਨਾਹੀ ਹੋਈ।। ਮੈਨੂੰ ਕਿਆ ਹੈ ਖਬਰ ਓਸ ਦੀ ਜੋ ਬੇਅੰਤ ਅਪਾਰੀ। ਕੌਨ ਗਤੀ ਉਸ ਦੀ ਨੂੰ ਜਾਨੇ ਸਾਥ ਨ ਕਿਸੈ ਨਿਹਾਰੀ।।੧੫੫।। ਕੰਨਾਂ ਉਪੱਰ ਹੱਥ ਰੱਖਕੇ ਹੋਇ ਗਿਆ ਬੇਖਬਰਾ। ਜੇ ਓੜਕ ਏਹੋ ਸੀ ਕਰਨੀ ਫਿਰ ਕਿਉਂ ਕੀਤਾ ਝਗਰਾ।। ਇਤਨਾ ਧਨ ਬਰਬਾਦ ਕਰਾਇਆ ਅਰ ਤਨ ਖੇਦ ਦਿਵਾਏ। ਨਾਹਿ ਬਨਿਆਂ ਜਦ ਕੁੱਝ ਓਸ ਤੇ ਓੜਕ ਏਹੁ ਸੁਨਾਏ।।੧੫੬।। ਮੈਨੂੰ ਤਾਂ ਕੁੱਝ ਖਬਰ ਨਹੀਂ ਹੈ ਕਿਉਂ ਨਾ ਪ੍ਰਗਟ ਹੋਈ। ਜਾਨਨਹਾਰ ਗੁਰੂ ਜੂ ਆਪੇ ਮੈਨੂੰ ਖਬਰ ਨਕੋਈ।। ਦੇਖੋ ਦੁਰਗਾ ਭਗਤ ਪਿਆਰੇ ਦੱਤਾਨੰਦ ਭੁਮਾਰਾ। ਓੜਕ ਨੂੰ ਇਹ ਉੱਤਰ ਦੇਂਦਾ ਜਦ ਗੁਰੂ ਪੁੱਛ ਵੰਗਾਰਾ।।੧੫੭।। ਫਿਰ ਇਕ ਦੂਜੀ ਬਾਤ ਓਸ ਨੇ ਹੋਰ ਕਹੀ ਉਸ ਵੇਲੇ। ਜਿਸਤੇ ਉਹ ਭੀ ਦਾਉ ਨਕੰਮਾਂ ਚਾਇ ਬਿੱਪ ਜੀ ਖੇਲੇ।। ਲੱਗੇ ਕਹਿਨ ਹਵਨ ਦੀ ਜਾਗਾ ਨਹੀਂ ਠੀਕ ਹੈ ਦੇਵਾ। ਜਿੱਥੇ ਕੀਤੀ ਜਾਵੇ ਚੰਗੀ ਦੁਰਗਾ ਜੀ ਦੀ ਸੇਵਾ।।੧੫੮।। ਇਹ ਤਾਂ ਕੰਮ ਇਕਾਂਤਪਣੇ ਦਾ ਜਿਥੇ ਹੋਰ ਨ ਹੋਵੇ। ਐਥੇ ਮਚਦਾ ਸ਼ੋਰ ਘਨੇਰਾ ਬਿਰਤ ਇਕਾਗਰ ਖੋਵੇ।। ਇਕ ਆਵੇ ਇਕ ਜਾਵੇ ਏਥੇ ਦੇਖੋ ਨਰ ਅਰ ਨਾਰੀ। ਰਾਤ ਦਿਨੇ ਹੈ ਲੱਗਯਾ ਰਹਿੰਦਾ ਗੁਰ ਢਿਗ ਮੇਲਾ ਭਾਰੀ।।੧੫੯।। ਤਾਂਤੇ ਇਸ ਜਾਗਾ ਨੂੰ ਤਜਕੇ ਹੋਰ ਕਿਤੇ ਵੱਲ ਚੱਲੋ। ਜਿੱਥੇ ਨੇੜੇ ਹੋਇ ਨ ਕੋਈ ਜੰਗਲ ਐਸਾ ਮੱਲੋ।। ਜਿਸ ਪਰ ਓਥੋਂ ਕੂਚ ਕਰਾਕੇ ਨੈਨਾਂ ਦੇਵੀ ਲਿਆਇਆ। ਨਵੇਂ ਸਿਰੇ ਫਿਰ ਮੁੜਕੇ ਉਸ ਨੇ ਤੰਦਣ ਤਾਣਾ ਪਾਇਆ।।੧੬੦।।

## ਚੌਪਈ

ਕਰ ਲੈ ਸੋਚ ਭਲੇ ਤੂੰ ਭਾਈ। ਕਿਆ ਹੈ ਬਾਤ ਏਸ ਵਿਚ ਆਈ।।
ਢਾਈ ਸਾਲ ਕਰੇ ਬਰਬਾਦ। ਫੇਰ ਇਕਾਂਤੀ ਆਈ ਯਾਦ।।

ਸੋ ਪਹਲੇ ਹੀ ਕਿਉਂ ਨਾ ਕੀਤੀ। ਅੱਜ ਇਕਾਗਰਤਾ ਚਾ ਲੀਤੀ।
ਕਿਆ ਦੁਰਗਾ ਸੀ ਪੰਖੀ ਕੋਈ। ਲੋਗਾਂ ਤੇ ਡਰ ਦੂਰ ਖਲੋਈ॥
ਸਗੋਂ ਮੇਲੇ ਅੰਦਰ ਆਂਦੀ। ਸਭ ਲੋਗਾਂ ਨੂੰ ਦਰਸ਼ ਦਿਖਾਂਦੀ॥
ਦੇਖ ਸਿੰਘ ਪਰ ਚੜ੍ਹੀ ਭਵਾਨੀ। ਸਭ ਖਲਕਤ ਜਾਂਦੀ ਕੁਰਬਾਨੀ॥
ਸੱਗੋਂ ਲੋਗ ਦੇਖ ਤਰ ਜਾਂਦੇ। ਪਏ ਕੜਾਈ ਕਰ ਕਰ ਖਾਂਦੇ॥
ਪਰ ਇਹ ਬਾਮ੍ਹਨ ਦੀ ਸੀ ਗੱਪ। ਚਹੈ ਦੱਛਨਾ ਕਰੀ ਗੜੱਪ॥
ਜਿਸ ਪਰ ਹੀਲੇ ਪਿਆ ਬਨਾਵੈ। ਏਧਰ ਓਧਰ ਚਾਇ ਭਵਾਵੈ।।੧੬੧॥

## ਦੋਹਿਰਾ

ਗੱਲ ਤੀਸਰੀ ਅੰਤ ਦੀ ਪ੍ਰਗਟ ਕੀਤੀ ਚਾਇ।
ਸਵਾ ਲੱਖ ਬਿਨ ਦੱਛਨਾ ਦੇਵੀ ਨਾ ਪ੍ਰਗਟਾਇ।।੧੬੨॥

## ਚੌਪਈ

ਦੇਖਯਾ ਤੈਂ ਦੁਰਗਾ ਦੇ ਚੇਲੇ। ਕਿਉਂ ਪਾਏ ਸਨ ਏਹ ਝਬੇਲੇ॥
ਕੇਵਲ ਏਸ ਟਕੇ ਦੇ ਕਾਰਨ। ਲੱਗੇ ਸੇ ਘਰ ਬਾਰ ਉਜਾਰਨ॥
ਕੇਵਲ ਯਾਦ ਅਸਾਡੀ ਬਾਤ। ਜੋ ਪਿੱਛੇ ਆਖੀ ਸੀ ਭ੍ਰਾਤ॥
ਸਾ ਲੋਭੀ ਉਹ ਪੰਡਤ ਭਾਰਾ। ਗੁਰ ਜੀ ਨੂੰ ਛਲ ਚਹੇ ਗੁਜਾਰਾ
ਉਸ ਪਰ ਤੈਂ ਗੁੱਸਾ ਸੀ ਖਾਇਆ। ਸਾਨੂੰ ਝੂਠੇ ਸਾ ਠਹਰਾਇਆ॥
ਅਰ ਸੰਤੋਖੀ ਬਿੱਪ ਬਤਾਕੇ। ਕਿਹਾ ਨ ਮੰਗਯਾ ਤਿਨ ਕੁਛ ਆਕੇ॥
ਜੋ ਧਨ ਵਿੱਚ ਖ਼ਜ਼ਾਨੇ ਦੇਖਾ। ਉਸ ਵਿੱਚੋਂ ਨਾ ਮੰਗਯਾ ਲੇਖਾ।
ਜੇ ਕੁਛ ਲੋਭ ਹੋਵੰਦਾ ਤਾਹੀਂ। ਲੈਂਦਾ ਮੰਗ ਸੰਕ ਕੁਛ ਨਾਹੀਂ॥
ਇਹ ਤੇਰਾ ਕਹਨਾ ਸਭ ਗਿਆ। ਸਵਾ ਲੱਖ ਜਦ ਮੰਗ ਸੁ ਲਿਆ।।੧੬੩॥

ਭਾਵ:- ਗੁਰੂ ਜੀ ਦੇ ਪੁੱਛਨੇ ਪਰ ਜੋ ਪੰਡਤ ਨੇ ਉੱਤ੍ਰ ਦਿੱਤੇ ਸਨ ਜੋ ਸਾਰੇ ਦੇ ਸਾਰੇ ਇੱਕ ਪ੍ਰਕਾਰ ਦੇ ਬਹਾਨੇ ਸਨ ਜਿਨ੍ਹਾਂ ਵਿੱਚੋਂ ਪਹਲੇ ਇਹ ਆਖਨਾ ਕਿ ਮੈਨੂੰ ਕੁਝ ਖਬਰ ਨਹੀਂ ਜੋ ਦੇਵੀ ਕਿਉਂ ਨਾ ਪ੍ਰਗਟੀ ਕਿਉਂਕਿ ਉਹ ਦੇਵਤਿਆਂ ਨੇ ਭੀ ਨਹੀਂ ਦੇਖੀ ਅਰ ਉਹ ਕਿਸੇ ਦੇ ਅਧੀਨ ਨਹੀਂ ਹੈ। ਇਹ ਆਖਨਾ ਅਜੇਹਾ ਹੈ ਜੋ ਹਜ਼ਾਰ ਸਾਲ ਤਕ ਭੀ ਜੇ ਕੋਈ ਜੱਗ ਕਰਕੇ ਖਪਦਾ ਰਹੇ ਫਿਰ ਇਹੋ ਉੱਤ੍ਰ ਉਸ ਦੇ ਵਾਸਤੇ ਕਾਫੀ ਹੈ। ਇਸ ਵਾਸਤੇ ਜੇ ਏਹੋ ਉੱਤਰ ਦੇਨਾ ਸੀ ਤਾਂ ਉਸ ਨੇ ਹਵਨ ਦਾ ਆਰੰਭ ਕਿਉਂ ਕੀਤਾ ਸੀ ਜਿਸ ਤੇ ਇਹ ਉੱਤ੍ਰ ਇੱਕ ਪੱਲਾ ਛੁਡਾਉਨ ਲਈ ਬਹਾਨਾ ਹੈ ਜੋ ਹਰ ਇੱਕ ਝੂਠਾ ਪੁਰਖ ਦੇ ਸਕਦਾ ਹੈ ਜਿਸ ਨੂੰ ਅਪਨੇ ਕੰਮ ਪਰ ਭਰੋਸਾ ਨਹੀਂ ਹੁੰਦਾ॥

ਦੂਸਰਾ ਜੋ ਉਸ ਨੇ ਪਹਲੇ ਓਹੋ ਜਗ੍ਹਾ ਪਸਿੰਦ ਕੀਤੀ ਅਰ ਢਾਈ ਸਾਲ ਤਕ ਹਵਨ ਕਰਾਉਂਦਾ ਰਿਹਾ ਫਿਰ ਕਦੇ ਇੱਕ ਦਿਨ ਵਿੱਚ ਭੀ ਨਾ ਆਖਿਆ ਕਿ ਗੁਰੂ ਜੀ ਇਹ ਜਗ੍ਹਾ ਚੰਗੀ ਨਹੀਂ ਹੈ ਕਿਉਂਕਿ ਇਸ ਜਗ੍ਹਾ ਪਰ ਮੇਲਾ ਰਹਿੰਦਾ ਹੈ, ਇਸ ਵਾਸਤੇ ਜੇ ਉਹ ਜਾਨਦਾ ਸੀ ਕਿ ਕੋਈ ਏਕਾਂਤ ਜਗ੍ਹਾਂ ਚਾਹੀਦੀ ਹੈ ਤਾਂ ਪਹਲੇ ਕਿਉਂ ਆਖਿਆ ਸੀ ਕਿ ਇਹ

ਨਦੀ ਗੰਗਾ ਜੈਸੇ ਮਹਾਤਮ ਵਾਲੀ ਹੈ ਅਰ ਇਹੋ ਜਗ੍ਹਾ ਸ਼ੁਧ ਹੈ, ਇਸ ਤੇ ਬਿਨਾਂ ਫਿਰ ਦੂਸਰੇ ਏਕਾਂਤ ਸਥਾਨ ਪਰ ਜਾਨ ਦੀ ਕਿਆ ਲੋੜ ਸੀ ਕਿਉਂ ਜੋ ਉਹ ਓਥੇ ਹੀ ਗੁਰੂ ਜੀ ਨੂੰ ਆਖ ਸਕਦਾ ਸੀ ਕਿ ਮਹਾਰਾਜ ਆਪ ਹੁਣ ਲੋਗਾਂ ਨੂੰ ਰੋਕ ਦੇਵੇਂ ਜੋ ਆਉਨ ਜਾਨ ਬੰਦ ਕਰ ਦੇਨ ਕਿਉਂਕਿ ਦੁਰਗਾ ਇਨ੍ਹਾਂ ਨੂੰ ਦੇਖਕੇ ਡਰ ਜਾਂਦੀ ਹੈ ਕਿੰਤੂ ਢਾਈ ਸਾਲ ਤਾਂ ਕੁਛ ਨਾ ਕਿਹਾ ਅਰ ਗੁਰੂ ਜੀ ਦੇ ਧਮਕਾਉਨ ਪਰ ਇਹ ਉਜ਼ਰ ਪੇਸ਼ ਕਰ ਦਿੱਤਾ, ਜਿਸ ਤੇ ਸਾਫ ਪਾਇਆ ਜਾਂਦਾ ਹੈ ਕਿ ਇਹ ਉਸ ਦੀ ਇੱਕ ਨਕੰਮੀ ਢੁੱਚਰ ਸੀ॥

ਤੀਸਰਾ ਉਜ਼ਰ ਉਸ ਦਾ ਉਹ ਸਾ ਜਿਸ ਦੇ ਵਾਸਤੇ ਇਹ ਸਾਰਾ ਅਡੰਬਰ ਕੀਤਾ ਗਿਆ ਸਾ, ਜਿਸ ਦਾ ਓੜਕ ਨੂੰ ਪ੍ਰਗਟ ਹੋਣਾ ਜ਼ਰੂਰੀ ਸਾ, ਇਸੇ ਵਾਸਤੇ ਉਸ ਨੇ ਸਾਫ ਲਫਜ਼ਾਂ ਵਿੱਚ ਮੰਗ ਲੀਤਾ ਕਿ ਮਹਾਰਾਜ ਸਤਯੁਗ ਵਿੱਚ ਮਹਾਰਾਜੇ ਸਵਾ ਲੱਖ ਰੁਪਯਾ ਦੱਖਨਾ ਦੇਂਦੇ ਸਨ ਪ੍ਰੰਤੂ ਇਸ ਸਮਯ ਵਿੱਚ ਆਪ ਪਰ ਭਰੋਸਾ ਹੈ ਜੋ ਦੇਵੋਗੇ, ਜਿਸ ਪਰ ਦੇਵੀ ਪ੍ਰਗਟੇਗੀ॥

ਦੱਤਾ ਨੰਦ ਨੇ ਇਹ ਸਵਾਲ ਉਸ ਮੌਕੇ ਪਰ ਆਨ ਕੇ ਕੀਤਾ ਸਾ ਜਿਸ ਪਰ ਗੁਰੂ ਜੀ ਨੂੰ ਨਾ ਦੇਣ ਦਾ ਫਲ ਇਹ ਹੋਨਾ ਸਾ ਕਿ ਉਹ ਆਖਦਾ ਕਿ ਜੇ ਆਪ ਨਹੀਂ ਦੇਂਦੇ ਤਾਂ ਮੈਂ ਇਹ ਕਾਰਜ ਏਥੇ ਹੀ ਛਡ ਜਾਂਦਾ ਹਾਂ, ਜਿਸ ਪਰ ਲੋਗ ਆਖਦੇ ਕਿ ਗੁਰੂ ਜੀ ਨੇ ਦੱਖਣਾ ਦੇਣ ਪਰ ਸੂਮਪਣਾ ਕੀਤਾ ਜਿਸ ਤੇ ਉਹ ਪੰਡਤ ਚਲਯਾ ਗਿਆ ਅਰ ਦੇਵੀ ਪ੍ਰਤੱਖ ਨਾ ਹੋਈ, ਜੇ ਦੱਖਨਾ ਦੇਂਦੇ ਤਾਂ ਜ਼ਰੂਰ ਪ੍ਰਗਟ ਕਰ ਦੇਂਦਾ ਜਿਸ ਦਾ ਇਲਜ਼ਾਮ ਗੁਰੂ ਜੀ ਪਰ ਹੀ ਲਾਉਂਦੇ॥

ਪੰਡਤ ਦਾ ਅਜੇਹੇ ਔਕੜ ਦੇ ਵੇਲੇ ਇਹ ਸਵਾਲ ਅਜੇਹਾ ਸਾ ਜੇਹਾ ਅੱਖੀਆਂ ਵਿੱਚ ਸੂਏ ਲਗਾਉਨ ਵਾਲੇ ਵੈਦ ਕਰਦੇ ਹੁੰਦੇ ਹਨ ਜੋ ਪਹਲੇ ਤਾਂ ਹੋਕਾਂ ਦੇਂਦੇ ਹਨ ਕੇ ਮੁਫਤ ਵਿੱਚ ਅੱਖੀਆਂ ਦਾ ਇਲਾਜ ਕਰਾ ਲਵੋ, ਮੋਤੀਆ, ਧੁੰਦ, ਜਾਲਾ ਜਾਂਦਾ ਰਹੇਗਾ, ਇਸ ਗਲ ਨੂੰ ਸੁਨਕੇ ਜਦ ਕੋਈ ਇਲਾਜ ਕਰਾ ਬੈਠਦਾ ਹੈ ਤਦ ਪਹਲੇ ਕੁਝ ਨਹੀਂ ਆਖਦੇ, ਪਰ ਜਦ ਅਖੀਆਂ ਵਿੱਚ ਸੂਏ ਦੇ ਦਿੱਤੇ ਆਖ ਦੇਂਦੇ ਹਨ ਕਿ ਪੰਜ ਰੁਪੱਯੇ ਧਰ ਦੇਹ ਤਾਂ ਸੂਏ ਕੱਢਾਂਗੇ, ਏਸੇ ਤਰ੍ਹਾਂ ਉਸ ਪੰਡਤ ਦਾ ਹਾਲ ਸਾ, ਕਿਉਂਕਿ ਦੋ ਸਾਲ ਦਾ ਭੇਉਨਾ ਪਾਕੇ ਤੀਜੇ ਸਾਲ ਸਵਾਲ ਕਰ ਦਿੱਤਾ ਅਰ ਆਖਯਾ ਕਿ ਜਦ ਸਵਾ ਲੱਖ ਦੱਖਨਾਂ ਦੇਵੋਗੇ ਤਦ ਪ੍ਰਗਟ ਹੋਵੇਗੀ, ਇਸ ਤੇ ਸਿੱਧ ਹੁੰਦਾ ਹੈ ਕਿ ਜੇ ਉਹ ਬ੍ਰਾਹਮਨ ਈਮਾਨਦਾਰ ਧਰਮਾਤਮਾਂ ਹੁੰਦਾ ਤਾਂ ਕਦੇ ਭੀ ਸਵਾਲ ਨਾ ਕਰਦਾ ਯਾ ਸਭ ਬਾਤਾਂ ਜੈਸਾ ਕਿ ਹੋਰ ਪਹਲੇ ਹੀ ਪ੍ਰਗਟ ਕਰ ਦਿੱਤੀਆਂ ਸਨ ਏਸੇ ਤਰ੍ਹਾਂ ਏਹ ਭੀ ਆਖ ਦੇਂਦਾ ਕਿ ਮਹਾਰਾਜ ਸਵਾ ਲੱਖ ਮੇਰੀ ਦੱਖਣਾਂ ਹੋਵੇਗੀ॥

### ਦੋਹਿਰਾ

ਇਨ ਬਾਤਨ ਤੇ ਸਿੱਧ ਹੈ ਬਿੱਪਨ ਅਧਕ ਫਰੇਬ।
ਗੰਢ ਕਤਰ ਸਮ ਚਹੀ ਥੀ ਜਿਨੋ ਕਾਟਨੀ ਜੇਬ।।੧੬੪।।
ਪਰ ਉਹ ਪਰਮ ਸੁਜਾਨ ਗੁਰ ਮਨ ਕੀ ਜਾਨਨ ਹਾਰ।

ਸੁਨ ਕਰ ਤਿਸ ਕੀ ਬਾਤ ਕੋ ਕਛੁ ਨਹਿ ਕੀਨ ਉਚਾਰ।।੧੬੫।।
ਨੈਨਾਂ ਦੇਵੀ ਤਾਂਹ ਕੋ ਲੈ ਗਏ ਅਪਨੇ ਸਾਥ।
ਕੋਡੀ ਨਕਦ ਨ ਇੱਕ ਭੀ ਦਿੱਤੀ ਤਿਸ ਕੇ ਹਾਥ।।੧੬੬।।

## ਚੌਪਈ

ਚੌਥੀ ਬਾਤ ਇਕ ਤਿਨ ਹੋਰ। ਕਹੀ ਗੁਰੂ ਜੀ ਕੋ ਕਰ ਜੋਰ।।
ਚਾਰ ਸਾਲ ਲਾਗੇਗੇ ਪੂਰੇ। ਸੋ ਚਾਹੀਏ ਨਹਿੰ ਕਰਨ ਅਧੂਰੇ।।
ਜਿਸ ਪਰ ਸਾ ਤਿਸ ਦਾ ਇਹ ਖਯਾਲ। ਥੱਕ ਜਾਨਗੇ ਦੀਨ ਦਯਾਲ।।
ਇਤਨਾਂ ਸਮਾਂ ਕਠਨ ਜਬ ਜਾਨੈ। ਤਬ ਹੀ ਮੇਰੋ ਕਹਾ ਨ ਮਾਨੈ।।
ਜਿਸ ਪਰ ਮੈਂ ਤਤਕਾਲ ਸੁਨਾਊਂ। ਗੁਰ ਕਾ ਦੋਸ ਭਲੇ ਠਹਿਰਾਉ।।
ਹੋਕਰ ਸਾਚਾ ਘਰ ਕੋ ਜੈਹੋ। ਮੁਫਤ ਮਾਹਿ ਦੱਛਨ ਭੀ ਲੈਹੋ।।
ਇਸ ਪਰ ਭੀ ਗੁਰ ਰੰਚ ਨ ਡੋਲੇ। "ਕਰੀ ਚਲੋ ਮਿਸਰ ਜੀ" ਬੋਲੇ।।
ਜਾ ਪਹਾੜ ਦੇ ਵਿੱਚ ਬਠਾਯਾ। ਨਵਾਂ ਅੰਗੀਠਾ ਚਾਇ ਲਗਾਯਾ।।
ਦੋਨੋ ਜਗ੍ਹਾਂ ਹਵਨ ਸੀ ਹੁੰਦਾ। ਚਲਯਾ ਨਾ ਮਨਸੂਬਾ ਗੁੰਦਾ।।
ਜੋ ਜੋ ਦੱਤਾ ਨੰਦ ਬਤਾਵੈ। ਸੋਈ ਸਤਿਗੁਰ ਕਰ ਦਿਖਰਾਵੈ।।
ਤਿਸਤੇ ਭੀ ਚੌਗਨ ਹੈ, ਕਰਕੇ। ਸੰਯਮ ਨੇਮ ਮੰਤ੍ਰਨ ਕੋ ਰਰਤੇ।।
ਜਿਸ ਪਰ ਫਿਰ ਭੀ ਕੁਛ ਨਹਿ ਹੋਯਾ। ਸਾਰਾ ਸਮਾਂ ਬਿਰਥ ਹੀ ਖੋਇ।।
ਫਿਰ ਜੋ ਚਾਰ ਸਾਲ ਤਿਨ ਗਾਏ। ਸੋ ਪਹਲੇ ਕਿਉਂ ਨਾਹਿੰ ਬਤਾਉ।।
ਜਿਸ ਤੇ ਇਹ ਭੀ ਥਾ ਤਿਸ ਚਾਲਾ। ਜੋ ਜਾਨਤ ਥਾ ਨਹੀਂ ਸੁਖਾਲਾ।।੧੬੭।।

## ਦੋਹਿਰਾ

ਤਾਂਤੇ ਦੁਰਗਾ ਭਗਤ ਜੀ ਸਾ ਇਹ ਸਭ ਮਖੌਲ।
ਦੇਖਾ ਦੇਖੀ ਬਨ ਗਈ ਧਨ ਬੰਚਨ ਕੀ ਡੌਲ।।੧੬੮।।
ਇਸ ਤੇ ਤਾਂ ਕੁਛ ਸਿੱਧ ਨਹਿ ਮਤਲਬ ਤੇਰਾ ਹੋਇ।
ਅੱਗੇ ਜੋ ਕੁਛ ਆਖਨਾ ਕਹਦੇ ਝਬਦੇ ਸੋਇ।।੧੬੯।।

# ਦੁਰਗਾ ਭਗਤ

## ਦੋਹਿਰਾ

ਜਿਸ ਕਾਰਜ ਦੇ ਵਾਸਤੇ ਸਮਾਂ ਲਗਤ ਹੈ ਜੇਤ।
ਬਿਧਵਤ ਪੂਰਾ ਹੋਨ ਤੇ ਆਪੇ ਹੀ ਫਲ ਦੇਤ।।੧੭੦।।

## ਚੌਪਈ

ਤੂੰ ਦੁਰਗਾ ਨੂੰ ਨਾਹੀ ਮਾਨੇ। ਪ੍ਰਗਟ ਹੋਨਾ ਹਾਸੀ ਜਾਨੈਂ।।
ਪਰ ਆਖਰ ਨੂੰ ਸੀ ਪ੍ਰਗਟਾਈ। ਵਿੱਚ ਗ੍ਰੰਥਾਂ ਕਵੀਆਂ ਗਾਈ।।
ਅਰ ਤਿਸ ਸਮਯ ਚਰਤ ਗੁਰ ਜੇਤੇ। ਪਠ ਕਰ ਦੇਖ ਗਯਾਨ ਕਯਾ ਦੇਤੇ।।
ਇਸ ਦੇ ਵਿੱਚ ਹੀ ਥੋੜਾ ਹਾਲ। ਓਥੇ ਭਵਨ ਕਰਤ ਤਬ ਭਏ।।

ਪਰ ਸੰਗਤ ਕੇ ਸਿੱਖ ਪਿਆਰੇ। ਕਰਨਾ ਚਾਹਤ ਗੁਰੂ ਦਿਦਾਰੇ॥
ਜਿਮ ਕੋ ਹੁਕਮ ਗੁਰੂ ਜੀ ਦੀਨਾ। ਆਇਓ ਖਾਲੀ ਹੱਥ ਕਬੀ ਨਾ॥
ਜਿਸ ਤੇ ਯਥਾ ਸ਼ਕਤ ਨਰ ਸਾਰੇ। ਰਾਖਤ ਭੇਟਾ ਗੁਰੂ ਅਗਾਰੇ॥
ਪਰ ਇੱਕ ਸਿੱਖ ਹੱਥ ਤੇ ਖਾਲੀ। ਗਿਆ ਜਹਾਂ ਬੈਠੇ ਜਗ ਪਾਲੀ॥
ਜਿਸ ਨੂੰ ਗੁਰੂ ਜੀ ਨੇ ਫੁਰਮਾਇਆ। ਖਾਲੀ ਹੱਥ ਕਹੋ ਕਿਉਂ ਆਇਆ।
ਤਿਸ ਪਰ ਹੱਥ ਜੋੜ ਤਿਨ ਗਾਈ। ਮੇਰੀ ਭੇਟ ਨ ਗਈ ਉਠਾਈ॥
ਸੀ ਬੱਬਰ ਇੱਕ ਮਾਰਿਆ ਸ਼ੇਰ। ਜੋ ਮੈਂ ਗੁਰੂ ਜੀ ਹੋਇ ਦਲੇਰ॥
ਜਦ ਉਹ ਚੁੱਕ ਨ ਸੱਕਯਾ ਨਾਥ। ਆਇਆ ਲੈਨ ਸਿੱਖ ਕੁਛ ਸਾਥ॥
ਤਬ ਸਤਿਗੁਰ ਜੂ ਹੋ ਪ੍ਰਸੰਨ। ਕਹੀ ਵਾਹ ਸਿੱਖਾਂ ਤੂੰ ਧੰਨ॥
ਕਹਾ ਹੁਕਮ ਸਿੰਘਨ ਕੋ ਤਬ ਹੀ। ਲਿਆਉ ਉਠਾ ਸ਼ੇਰ ਤੁਮ ਅਬ ਹੀ॥
ਸੁਨਤ ਵਾਕ ਗੁਰ ਸਭੀ ਪਧਾਂਰੇ। ਲਿਆ ਰਾਖਯਾ ਤਬ ਗੁਰੂ ਅਗਾਰੇ॥
ਜਿਸ ਕੀ ਡੀਲ ਦੇਖ ਵਡ ਭਾਰੀ। ਸ਼੍ਰੀ ਮੁਖ ਤੇ ਯੌਂ ਬਾਤ ਉਚਾਰੀ॥
ਇਸ ਮ੍ਰਿਗਾਨ ਉਤਾਰੋ ਐਸਾ। ਬਨਾਂ ਤਨਾਂ ਮ੍ਰਿਗ ਪਤ ਹੈ ਜੈਸਾ॥
ਤਬ ਸਿੰਘਨ ਨੇ ਐਸਾ ਕੀਤਾ। ਲਾਹ ਮ੍ਰਿਗਾਨ ਗੁਰੂ ਕੋ ਦੀਆ॥
ਤਬ ਸਤਿਗੁਰ ਇੱਕ ਗਧਾ ਮੰਗਾਇਆ। ਤਿਸ ਊਪਰ ਮ੍ਰਿਗਾਨ ਪਵਾਇਆ॥
ਐਸੀ ਯੁਕਤ ਸਾਥ ਥੋਂ ਸੀਆ। ਗਧਾ ਸਿੰਘ ਪਲ ਮਹਿ ਕਰ ਦੀਆ॥੧੭੧॥

## ਦੋਹਿਰਾ

ਫਿਰ ਤਿਸ ਕੇ ਜਾ ਕਾਨ ਮਹਿ ਮੰਤ੍ਰ ਦਿਆ ਸੁਨਾਇ।
ਸੁਨੋ ਗਧੇ ਗਧਪਨੇ ਤੇ ਦੀਨਾ ਸਿੰਘ ਬਨਾਇ॥੧੭੨॥

## ਚੌਪਈ

ਦੇਖ ਏਹੁ ਬੁਰਕਾ ਜੋ ਦੀਨਾ। ਜਿਸ ਕੇ ਸੰਗ ਸਿੰਘ ਹੈਂ ਕੀਨਾ॥
ਤਾਂਤੇ ਇਸ ਕੋ ਤਿਆਗ ਨ ਕੀਜੋ। ਖਰ ਕੀ ਸੂਰਤ ਬਹੁਰ ਨ ਲੀਜੋ॥
ਅਰ ਘੁਮਿਆਰ ਧਾਮ ਨਹਿ ਜਾਨਾ। ਹੀਂਗ ਹੀ ਗਧਾ ਜਗਤ ਸੁਨਾਨਾ॥
ਜਬ ਲਗ ਏਹ ਬਾਤੇ ਤੂੰ ਕਰਹੈ। ਤਬ ਲੌਂ ਸਭ ਜਗ ਤੁਮ ਤੇ ਡਰ ਹੈ॥
ਅਰ ਜੇ ਮੇਰੀ ਸੀਖ ਭੁਲਾਈ। ਵਹੀ ਗਧਾਪਨ ਆਦਤ ਆਈ॥
ਤਿਸੀ ਘੁਮਾਰ ਹਾਥ ਤੂੰ ਆਇਆ। ਬਹੁਰ ਬਨੇਗਾ ਵਹੀ ਚੁਪਾਇਆ॥
ਇਤਨਾ ਕਹ ਕਰ ਛੋਡ ਸੁ ਦੀਆ। ਜਿਸ ਨੇ ਅਪਨਾ ਰਸਤਾ ਲੀਆ॥
ਜਬ ਲੋਗਨ ਨੇ ਦੇਖਾ ਸ਼ੇਰ। ਭਾਗੇ ਮੁੜ ਨਹਿ ਦੇਖਨ ਫੇਰ॥
ਜੰਗਲ ਕੇ ਸਭ ਮ੍ਰਿਗ ਅਪਾਰੇ। ਭਾਗੇ ਦੇਖਤ ਤਾਂਹਿ ਵਿਚਾਰੇ॥
ਭਈ ਹਲ ਚਲੀ ਦੇਸ ਮਝਾਰੀ। ਤ੍ਰਾਸ ਭਏ ਮਨ ਸਭ ਨਰ ਨਾਰੀ॥
ਜਿਸ ਪਰ ਸਭ ਮਿਲ ਗੁਰ ਢਿੱਗ ਗਏ। ਹਾਥ ਜੋਰ ਇਹ ਕਹਤੇ ਭਏ॥
ਹੇ ਪ੍ਰਭੂ ਜੂ ਇੱਕ ਨਾਹਰ ਆਇਆ। ਜਿਸ ਨੇ ਸਭਹਨ ਕੋ ਡਰ ਪਾਇਆ॥

ਜਾਨ ਗਏ ਸਤਿਗੁਰ ਸਭ ਗਾਥਾ। ਲਏ ਸਿੱਖ ਕੁਛ ਅਪਨੇ ਸਾਥਾ॥
ਗਏ ਤਾਂਹਕੋ ਦੇਖਨ ਜਬ ਹੀ। ਭਾਗ ਚਲਾ ਗਧਹਾ ਫਿਰ ਤਬਹੀ॥
ਹੀਂਗਾ ਜਾ ਘੁਮਾਰ ਘਰ ਐਸਾ। ਪਹਲੇ ਕਰਤ ਸ਼ਬਦ ਥਾ ਜੈਸਾ॥
ਜਿਸ ਪਰ ਉਸ ਘੁਮਯਾਰ ਨਿਹਾਰਾ। ਯਹ ਤੋ ਗਧਾ ਅਹੇ ਹਮਾਰਾ॥
ਮਾਰ ਮਾਰ ਕਰ ਦੁੰਬਾ ਕੀਆ। ਤੁਰਤ ਮ੍ਰਿਗਾਨ ਲਾਹ ਤਿਸ ਲੀਆ॥
ਦੇਖ ਚਰਤ ਸੰਗਤ ਬਿਸਮਾਈ। ਹਾਥ ਜੋਰ ਕਰ ਅਰਜ਼ ਕਰਾਈ॥
ਹੇ ਗੁਰ ਜੀ ਇਹ ਕੈਸਾ ਖੇਲ। ਕੀਆ ਆਪ ਨਿਰਾਲਾ ਮੇਲ॥
ਇਸ ਕਾ ਸਭ ਬਿਯੋਰਾ ਸਮਝਾਓ। ਹਮਰੇ ਮਨ ਕਾ ਭਰਮ ਮਿਟਾਓ॥੧੭੩॥

## ਦੋਹਿਰਾ

ਜਿਸ ਪਰ ਹਸ ਕਰ ਕਹੀ ਗੁਰ ਸੁਨੋ ਸਿੱਖ ਦੇ ਕਾਨ।
ਯਹ ਤੁਮ ਕੋ ਦਖਰਾਇਆ ਮੈਂ ਦ੍ਰਿਸ਼ਟਾਂਤ ਮਹਾਨ॥੧੭੪॥

## ਚੌਪਈ

ਮੈਂ ਯਹ ਪੰਥ ਖਾਲਸੇ ਕੇਰਾ। ਬੁਰਕਾ ਸਿੰਘ ਅਹੇ ਜੋ ਮੇਰਾ॥
ਸੋ ਤੁਮਕੋ ਮੈਂ ਹੈ ਪਹਰਾਯੋ। ਅਕਾਲ ਪੁਰਖ ਕੀ ਸ਼ਰਨੀ ਲਾਯੋ॥
ਪਿਛਲੀ ਕੁਲਾ ਕਰਮ ਮ੍ਰਿਯਾਦਾ। ਦਈ ਛੁਡਾਇ ਜਾਨ ਬਕਬਾਦਾ॥
ਅੰਨਮਨਤ ਸੇ ਨਿਆਰੋ ਕੀਆ। ਸਭ ਕੇ ਸੀਸ ਤੋਹ ਧਰ ਦੀਆ॥
ਸੰਸਾਰਕ ਅੰਨਮਤੀ ਜੋ ਸਾਰੇ। ਤਿਨਤੇ ਕਰ ਦੀਨੇ ਤੁਮ ਨਿਆਰੇ॥
ਤਾਂ ਤੇ ਖਬਰਦਾਰ ਤੁਮ ਰਹੀਯੋ। ਤਿਨ ਗਧਯਨ ਮਹਿ ਫਿਰ ਨਹਿ ਜਈਯੋ॥
ਜੋ ਮੇਰੀ ਤੁਮ ਸੀਖ ਭੁਲਾਈ। ਤੌ ਤੁਮ ਵਹੀ ਬਨੋਗੇ ਜਾਈ॥
ਅੰਨਮਤਨ ਕੇ ਹੋਕਰ ਲਾਦੀ। ਕਰ ਲੈਵੋਗੇ ਨਿਜ ਬਰਬਾਦੀ॥
ਤਾਂਤੇ ਯਹ ਦਿਰਸ਼ਟਾਂਤ ਹਮਾਰਾ। ਤੁਮ ਕੋ ਚਹੀਏ ਨਾਹਿੰ ਵਿਸਾਰਾ॥
ਐਸਾ ਚਰਤ ਗੁਰੂ ਜੀ ਕੀਆ। ਯਹ ਉਪਦੇਸ਼ ਖਾਲਸੇ ਦੀਆ॥
ਹੈ ਇਹ ਤਾਸ ਸਮੇਂ ਕੀ ਬਾਤਾ। ਜਬ ਪੂਜਤ ਥੇ ਗੁਰ ਜਗ ਮਾਤਾ॥
ਏ ਗੁਰ ਕੇ ਜੋ ਚਰਤ ਅਪਾਰੇ। ਸਾਖੀ ਦੇਤ ਆਜ ਲੌ ਸਾਰੇ॥
ਜਬ ਗੁਰ ਦੁਰਗਾ ਪੂਜਨ ਕਰਤੇ। ਤਬ ਐਸੇ ਕੌਤਕ ਮਨ ਧਰਤੇ॥੧੭੫॥

# ਤੱਤ ਖਾਲਸਾ

## ਦੋਹਿਰਾ

ਆਪੇ ਸਿਰ ਚੜ੍ਹ ਬੋਲਿਆ ਏਹੁ ਤੁਮ੍ਹਾਰੇ ਭੂਤ।
ਜਿਸ ਤੇ ਗੁਰ ਜੀ ਕਹਾ ਥਾ ਬਨੋ ਨ ਸਿੱਖੋ ਊਤ॥੧੭੬॥

## ਚੌਪਈ

ਇਸ ਦ੍ਰਿਸ਼ਟਾਂਤ ਮਾਂਹਿ ਸੁਨ ਭਾਈ। ਕਿਆ ਰਚਨਾ ਸੀ ਗੁਰੂ ਦਿਖਾਈ॥
ਜਿਸ ਮਹਿ ਸਿੱਖਨ ਕੋ ਸਮਝਾਇਆ। ਮੈਂ ਗਧਯਨ ਤੇ ਸਿੰਘ ਬਨਾਯਾ॥

ਅਬ ਲਗ ਤੁਮ ਪੋਪਨ ਕੇ ਖੋਤੇ। ਕ੍ਰਿਆ ਕਰਮ ਇਨ ਕੇ ਮਹਿ ਜੋਤੇ॥
ਏ ਘੁਮਿਆਰ ਸਮਾਨ ਤੁਮਾਰੇ। ਮਾਲਕ ਬਨ ਕਰ ਕਰਤ ਖੁਆਰੇ॥
ਤਾਂਤੇ ਮੈਂ ਅਬ ਸਿੰਘ ਸਜਾਊਂ। ਇਨ ਕੀ ਬੰਦੋ ਤੁਰਤ ਛੁਡਾਊਂ॥
ਏਹੀ ਤੁਮ ਸੇ ਅਤ ਡਰ ਖਾਵੇਂ। ਜਾਨ ਖਾਲਸਾ ਨਿਕਟ ਨ ਆਵੇਂ॥
ਪਰ ਜੇ ਤੁਮ ਨਿਜ ਕੁਲ ਕੀ ਰੀਤ। ਨਾਂਹਿ ਤਜੀ ਲਖ ਕੇ ਬਿਪਰੀਤ॥
ਤੌਂ ਤੁਮ ਵਹੀ ਗਧੇ ਸਮ ਹੋਕੇ। ਬੈਠਹੁਗੇ ਅਪਨੇ ਸੁਖ ਖੋਕੇ॥
ਤਾਂ ਤੇ ਇਸ ਸਿੱਖਯਾ ਤੇ ਭਾਈ। ਪੋਪਨ ਕੀ ਲੀਲ੍ਹਾ ਦਿਖਰਾਈ॥
ਇਸੀ ਵਾਸਤੇ ਹਵਨ ਕਰਾਇਆ। ਸਿੱਖਨ ਹੇਤ ਪਖੰਡ ਦਿਖਾਇਆ॥
ਤਾਂ ਤੇ ਤੂੰ ਮਨ ਮਾਂਹਿ ਵਿਚਾਰ। ਇਹ ਦ੍ਰਿਸ਼ਟਾਂਤ ਜੁ ਕਰੇ ਉਚਾਰ॥
ਫਿਰ ਦੁਰਗਾ ਕਾ ਮਾਨਨ ਨਾਹੀਂ। ਉਲਟਾ ਖੰਡਨ ਕੀਨਹੁ ਤਾਹੀਂ॥
ਜੇ ਗੁਰ ਐਸਾ ਚਰਤ ਨ ਕਰਤੇ। ਤੌਂ ਕਦ ਸਿੱਖ ਕਨਾਰਾ ਧਰਤੇ॥
ਤਾਂ ਤੇ ਸਮਝ ਪਯਾਰੇ ਮੇਰੇ। ਸਿੱਧ ਮਨੋਰਥ ਹੋਤ ਨ ਤੇਰੇ॥੧੭੭॥

### ਦੋਹਿਰਾ

ਜਾਂ ਤੇ ਅੱਗੇ ਹੋਰ ਕੁਛ ਲੀਲ੍ਹਾ ਨਵੀ ਦਖਾਉ।
ਜਿਸ ਦੇ ਸਮਝਨ ਤੇ ਸਖੇ ਉਤਰੇ ਤੇਰਾ ਚਾਉ॥੧੭੮॥

## ਦੁਰਗਾ ਭਗਤ

### ਦੋਹਿਰਾ

ਹਰ ਇੱਕ ਮੇਰੀ ਗੱਲ ਵਿੱਚ ਤੁਸੀ ਨਕਾਲੋ ਦੋਸ਼।
ਪਰ ਸੁੱਖਾ ਸਿੰਘ ਆਖਨੋਂ ਰਿਹਾ ਨਾ ਮੂਲ ਖਮੋਸ਼॥੧੭੯॥
ਜਿਸ ਪਰ ਅੱਗੇ ਦੱਸਿਆ ਸ਼ਰਧਾ ਸੇਤੀ ਏਹੁ।
ਪ੍ਰਗਟ ਹੋਈ ਚੰਡਕਾ ਗੁਰ ਆਖਯਾ ਵਰ ਦੇਹੁ॥੧੮੦॥

### ਚੌਪਈ

ਇਸੀ ਤਰ੍ਹਾਂ ਜਬ ਹਵਨ ਕਰੰਤੇ ਅਨਕ ਕਸ਼ਟ ਸਿਰ ਮਾਂਹਿ ਧਰੰਤੇ॥
ਕਾਲੀ ਪ੍ਰਗਟ ਵਾਲਾ ਕਾਲ। ਆਇ ਗਿਆ ਸੁਣ ਲੈ ਤਿਸ ਚਾਲ॥
ਜੋ ਕਵਿ ਅਪਨੇ ਗ੍ਰੰਥ ਮਝਾਰੀ। ਕਹਿ ਕਰ ਖੋਵੈ ਸੰਕ ਤੁਮਾਰੀ॥
ਕਰਕੇ ਖਯਾਲ ਦੇਖ ਇਸ ਭਾਈ। ਕਿਆ ਸੁਖਾ ਮ੍ਰਿਗਿੰਦ ਬਤਾਈ॥੧੮੧॥

ਯਥਾ:- "ਵਹੈ ਜਾਨ ਦਯੋਸੰ ਜਬੈ ਤੀਰ ਆਯੋ। ਤਬੈ ਬਿੱਪ ਰਾਟੰ ਪ੍ਰਭੂ ਕੋ ਸੁਨਾਯੋ॥ ਕਛੂ ਭੇਟ ਕਾਲੀ ਰਖੇਗੇ ਤਿਆਰੀ। ਬਿਨਾਂ ਅੰਸ ਲੀਨੇ ਰਹੇਗੀ ਨ ਸਾਰੀ।੨੪੮॥ ਕਿਤੰ ਲੈ ਮੁਰੀਦੰ ਪ੍ਰਭੂ ਸੀਸ ਗਾਏ। ਤਬੈ ਬਿੱਪ ਤੌਂਨੇ ਬਚੰਯ ਸੁਨਾਏ। ਸਿਖੰ ਸੀਸ ਦੀਨੇ ਇਨੈ ਰਾਜ ਹੋਈ। ਸੁਯੰ ਅੰਸ ਬਿੰਦੰ ਬਲੰ ਬੋਰ ਜੋਈ॥੨੪੯॥ ਜਿਸੈ ਰਾਜ ਤੇਜੰ ਦੀਓ ਆਪ ਜਾਨੋ। ਤਿਸੰ ਸੀਸ ਪੂਜੰ ਮਯਾ ਦੇਵ ਠਾਨੋ॥ ਸੁਨੈ ਬਨ ਵਾਂਕੇ ਕ੍ਰਿਪਾ ਸਿੰਧ ਗਾਈ। ਹਮੂ ਕਾਜ ਬਿੰਦੰ ਨਹੀਂ ਯੋ ਕਰਾਈ।੨੫੦॥ ਸੁਨਾਦੀ ਸਹੀ ਪੰਥ ਕਾਜੰ ਪਛਾਨੋ। ਇਤੇਏ ਉਪਾਵੰ ਮੁਝੈ ਯੋਂ ਕਰਾਨੋ॥

ਇਹੈ ਮੋਰ ਇੱਛਾ ਨਹੀਂ ਅੰਨ ਕਾਈ। ਸੁਨੋ ਬਿੱਪ ਰਾਜੰ ਲਿਜੈ ਚਿੱਤ ਲਾਈ।।੨੫੧।। ਗਊ ਸੰਤ ਕਾਜੰ ਬਡੋ ਪੁੰਨ ਧਾਰੀ। ਇਹੈ ਜਾਨ ਲੀਜੈ ਦਿਜੰ ਅਵਤਾਰੀ।। ਪੁਨੰ ਖੱਗ ਕੇਤੰ ਮੁਝੈ ਯੌ ਸੁਨਾਯਾ। ਵਹੈ ਕਾਜ ਕੀਨਾ ਇਤੈ ਦੇਸ ਆਯਾ।।੨੫੨।। ਬਿਨਾਂ ਨਾਥ ਆਗਯਾ ਨਹੀਂ ਕਾਮ ਕੀਨਾ। ਜੋਊ ਤਾਸ ਭਾਖਯੋ ਵਹੈ ਸੀਸ ਲੀਨਾ।। ਪੁਨੰ ਬਿੱਪ ਬਾਤੰ ਪ੍ਰਭੂ ਕੋ ਸੁਨਾਈ। ਸਮਾ ਸੋਇ ਤੌਨੇ ਪੁਜਯੋ ਹੈ ਸੁਆਈ।।੨੫੩।।"

## ਦੋਹਿਰਾ

ਦੇਖੋ ਇਸ ਪ੍ਰਸੰਗ ਵਿੱਚ ਕਿਆ ਭਾਖੀ ਦ੍ਵਿਜ ਰਾਇ।
ਗੁਰ ਦੇ ਸਾਹਿਬਜ਼ਾਦਿਆਂ ਮੰਗੀ ਭੇਟ ਬਨਾਇ।।੧੯੨।।

# ਤੱਤ ਖਾਲਸਾ

## ਦੋਹਿਰਾ

ਬੱਸ ਕਰੋ ਹੁਨ ਬੋਲਨੋ ਦੇਖੋ ਇਹ ਬਕਵਾਸ।
ਕਿਆ ਉਸ ਬਿੱਪ੍ਰ ਨੇ ਕਰਾ ਮਨ ਮਹਿ ਧਾਰ ਹੁਲਾਸ।।੧੯੩।।

## ਚੌਪਈ

ਉਹ ਬਿੱਪਰ ਸਾ ਰਾਕਸ਼ ਭਾਰਾ। ਜਿਸ ਨੇ ਐਸਾ ਬਚਨ ਉਚਾਰਾ।।
ਅਰ ਦਿਲ ਦਾ ਸੀ ਵਡਾ ਕਸਾਈ। ਜੀਭਨ ਕਹਿੰਦੇ ਦੀ ਥਥਲਾਈ।।
ਅੱਗ ਪਵੇ ਉਸ ਦੇ ਮੁਖ ਮਾਹੀਂ। ਕਹ ਦੁਰ ਬਚਨ ਡਰਾ ਜੋ ਨਾਹੀਂ।।
ਪਹਲੇ ਫੂਕੇ ਗਿਰੀ ਛੁਹਾਰੇ। ਮਗਰੋਂ ਚਾਇ ਬੱਕਰੇ ਮਾਰੇ।।
ਫਿਰ ਝੋਟਿਆਂ ਪਰ ਤੇਗ਼ ਚਲਾਈ। ਅਜੇ ਸ਼ਾਂਤ ਨਹਿ ਮਨ ਵਿੱਚ ਆਈ।।
ਅੰਤ ਗੁਰੂ ਦੇ ਪੁੱਤ੍ਰ ਪਯਾਰੇ। ਚਹੇ ਵੱਢਕੇ ਅਗਨ ਮਝਾਰੇ।।
ਕਰਨ ਸੁਆਹ ਸਜਾਦੇ ਚਹਾ। ਕਹੁ ਬਾਕੀ ਇਸ ਤੇ ਕਿਆ ਰਹਾ।।
ਤਾਂ ਤੇ ਉਸ ਦਾ ਇਹ ਜੋ ਵਾਰ। ਸੀ ਓੜਕ ਦਾ ਦੁੱਖਾਂ ਭਾਰ।।੧੯੪।।

## ਦਵੈਯਾ

ਜੇ ਦੇਵੀ ਨੇ ਗੁਰ ਦੇ ਪੁੱਤ੍ਰ ਖਾਕੇ ਸੀ ਪ੍ਰਗਟਾਨਾ। ਤਾਂ ਪਹਲੇ ਹੀ ਕਿਉਂ ਨਾ ਦਸਯਾ ਜਦ ਸੀ ਹਵਨ ਕਰਾਨਾ।। ਜਦੋਂ ਫਰਿਸਤ ਹਵਨ ਦੀ ਦਿੱਤੀ ਗਿਣ ਬਕਰੇ ਅਰ ਝੋਟੇ। ਤਦ ਕਿਉਂ ਸਾਹਿਬਜ਼ਾਦੇ ਲੈਨੇ ਦੱਸੇ ਨਾ ਉਸ ਖੋਟੇ।।੧੯੫।। ਜਿਸਤੇ ਸਾਫ ਪਾਪ ਹੈ ਉਸ ਦਾ ਏਥੇ ਪਰਗਟ ਗੋਇਆ। ਕਿਸੇ ਬਾਤ ਪਰ ਚਹੁੰਦਾ ਸੀ ਉਹ ਗੁਰ ਤੇ ਸੱਚਾ ਹੋਇਆ। ਫਿਰ ਜਦ ਗੁਰ ਨੇ ਸਿੱਖ ਬਤਾਏ ਲੈ ਲੈ ਜਿਤਨੇ ਚਾਹੇ। ਉਸ ਪਰ ਢੁੱਚਰ ਏਹ ਉਠਾਈ ਰਾਜ ਰਹੇ ਘਰ ਮਾਹੇਂ।।੧੯੬।। ਤਾਂ ਤੇ ਅਪਨੇ ਹੀ ਸੁਤ ਲੈਕੇ ਬਲੀਦਾਨ ਕਰ ਦੇਵੋ। ਅਪਨੇ ਹੱਥੀਂ ਨਾਲ ਤੇਗ਼ ਦੇ ਆਪ ਸੀਸ ਕਟ ਲੇਵੋ।। ਜਿਸਤੇ ਏਹੁ ਪਛਾਤਾ ਉਸ ਨੇ ਕਠਨ ਬਾਤ ਵਡ ਭਾਰੀ। ਅਪਨੇ ਹੱਥੀ ਕਦ ਗੁਰ ਜੀ ਨੇ ਤੇਗ਼ ਪੂਤ ਪਰ ਮਾਰੀ।।੧੯੭।। ਜਿਸ ਨੂੰ ਸੁਨਕੇ ਗੁਰ ਜੀ ਦੇ ਮਨ ਜਗਾ ਕ੍ਰੋਧ ਜਬ ਆਈ।। ਆਖੀ ਸੁਤ ਅਰ ਸੰਗਤ ਅੰਦ੍ਰ ਭੇਦ ਨਹੀਂ ਹੈ ਰਾਈ।। ਮੈਂ ਜਗ ਅੰਦਰ ਸਕਲ ਕਾਜ ਹਨ ਸਿੱਖਨ ਕੇ ਹਿਤ ਕੀਨੇ। ਅਪਨੇ ਪੂਤ ਸਮਝ ਕਰ ਇਨਕੋ

ਰਾਜ ਭਾਗ ਸਭ ਦੀਨੇ।।੧੮੮।। ਅਰ ਅਕਾਲ ਨੇ ਏਸ ਜਗਤ ਮਹਿ ਹਾਂ ਇਸ ਕਾਜ ਪਠਾਇਆ। ਗਊ ਸਮਾਨ ਅਨਾਥਾਂ ਨੂੰ ਮੈਂ ਚਾਹਾਂ ਆਪ ਬਚਾਇਆ।। ਮੈਂ ਸਭ ਕਾਰਜ ਆਇ ਧਰਤ ਪਰ ਕਰਤੇ ਵੱਲੋਂ ਕਰਦਾ। ਜਿਸ ਦੇ ਉਸ ਦੀ ਆਗਯਾ ਪਾਲਨ ਤੋਂ ਮੈਂ ਮੂਲ ਨ ਟਰਦਾ।।੧੮੯।। ਇਤਨੀ ਸੁਨਕੇ ਚੁੱਪ ਗਿਆ ਹੋ ਫੇਰ ਨ ਉੱਤ੍ਰ ਦੀਆ। ਹੋਰ ਤਰਫ ਗੁਰ ਜੀ ਦੇ ਮਨ ਨੂੰ ਚਾਹੇ ਪ੍ਰੇਰਨ ਕੀਆ। ਲੱਗਾ ਕਹਨ ਸਮਾਂ ਹੈ ਨੇੜੇ ਪ੍ਰਗਟ ਦੇਵੀ ਹੋਸੀ। ਸਵਾਧਾਨ ਹੋਕਰ ਇਸ ਵੇਲੇ ਸਨਮੁਖ ਗੁਰੂ ਖਲੋਸੀ।।੧੯੦।।

ਭਾਵ:- ਦੱਤਾਨੰਦ ਦੇ ਇਸ ਕਥਨ ਤੇ ਸਿੱਧ ਹੋ ਗਿਆ ਜੋ ਉਹ ਮਹਾਂ ਨ੍ਿਦੈ ਅਤੇ ਪਾਪੀ ਪੁਰਖ ਸਾ ਅਰ ਉਸ ਦੇ ਸਾਰੇ ਪਾਪਾਂ ਭਰੇ ਬਹਾਨੇ ਗੁਰੂ ਜੀ ਦੀ ਰਸਨਾਂ ਤੇ ਇਨਕਾਰ ਲੈਂਨਦੇ ਸੇ, ਪਹਲੇ ਜਦ ਉਸ ਤੇ ਗੁਰੂ ਜੀ ਨੇ ਹਵਨ ਦੀ ਸਾਮੱਗ੍ਰੀ ਅਰ ਜਗ੍ਹਾ ਪੁੱਛੀ ਸੀ ਤਦ ਉਸ ਨੇ ਸਤਲੁਜ ਦਾ ਕਿਨਾਰਾ ਅਤੇ ਮੇਵੇ ਅਰ ਪਸ਼ੂ ਦੱਸੇ ਸਨ ਪ੍ਰੰਤੂ ਉਹ ਇਹ ਜਾਨਦਾ ਸਾ ਕਿ ਪੁੱਤ੍ਰ ਬਲੀਦਾਨ ਦਿੱਤੇ ਬਿਨਾਂ ਪ੍ਰਗਟ ਨਹੀਂ ਹੋਨੀ ਤਦ ਉਸ ਨੂੰ ਚਾਹੀਦਾ ਸੀ ਕਿ ਜਿਸ ਤਰ੍ਹਾਂ ਸੁਚ ਸੰਜਮ ਅਤੇ ਧਨ ਦਾ ਹੋਨਾ ਜਰੂਰੀ ਦਸਯਾ ਸੀ ਓਸੇ ਤਰ੍ਹਾਂ ਇਹ ਭੀ ਆਖ ਦੇਂਦਾ ਕਿ ਮਹਾਰਾਜ ਆਪ ਨੂੰ ਪੁੱਤ੍ਰ ਬਲੀਦਾਨ ਦੇਨੇ ਪੈਨਗੇ, ਬਲਕਿ ਜਦ ਸਵਾ ਲੱਖ ਰੁਪੱਯਾ ਮੰਗਯਾ ਸੀ ਤਦ ਭੀ ਨਾ ਦੱਸਯਾ ਹੁਣ ਓੜਕ ਦੀ ਵਾਰੀ ਅਜੇਹੀ ਔਕੜ ਡਾਹ ਦਿੱਤੀ ਜੋ ਨਰਮ ਦਿਲ ਵਾਲੇ ਨੂੰ ਹੀ ਨਹੀਂ ਕਿੰਤੂ ਪੱਥਰ ਦਿਲ ਨੂੰ ਭੀ ਕਰਨੀ ਅਸੰਭਵ ਹੈ, ਇਸ ਬਾਤ ਤੇ ਸਾਫ ਪਾਇਆ ਜਾਂਦਾ ਹੈ ਜੋ ਉਹ ਕਿਸੇ ਪਾਪ ਅਰ ਬਹਾਨੇ ਨਾਲ ਸੱਚਾ ਹੋਨਾ ਚਾਹੁੰਦਾ ਸੀ, ਪਰੰਤੂ ਗੁਰੂ ਜੀ ਨੇ ਉਸ ਨੂੰ ਸਾਫ ਆਖ ਦਿੱਤਾ ਕਿ ਮੈਂ ਉਹ ਕੰਮ ਕਰਨ ਲਈ ਆਇਆ ਹਾਂ ਜੋ ਅਕਾਲ ਪੁਰਖ ਦੀ ਆਗਿਆ ਹੈ ਕਿੰਤੂ ਅਨਾਥਾਂ ਦੀ ਰੱਖਯਾ ਵਾਸਤੇ ਮੇਰਾ ਆਉਨਾ ਹੈ ਜਿਸ ਤੇ ਇਹ ਭਾਵ ਨਿਕਲਦਾ ਹੈ ਕਿ ਮੈਨੂੰ ਪੁੱਤ੍ਰ ਮਾਰਕੇ ਦੇਵੀ ਪੂਜਨ ਦੀ ਉਸ ਅਕਾਲ ਪੁਰਖ ਨੇ ਕਿਤੇ ਭੀ ਆਗਯਾ ਨਹੀਂ ਦਿੱਤੀ।।

### ਦੋਹਿਰਾ

ਕਹੁ ਖਾਂ ਦੁਰਗਾ ਦਾਸ ਜੀ ਉਸ ਪੰਡਤ ਦਾ ਹਾਲ।
ਬੁਰਾ ਚਿਤਵ ਗੁਰ ਅੰਸ ਦਾ ਲਗਾ ਉਡਾਵਨ ਮਾਲ।।੧੯੧।।

### ਚੌਪਈ

ਚੰਗੀ ਦੁਰਗਾ ਪੂਜ ਕਰਾਈ। ਘਰ ਵਿੱਚ ਹੀ ਤਿਨ ਤੇਗ ਚਲਾਈ।।
ਨਿਰ ਅਪਰਾਧੇ ਗੁਰੂ ਸੁ ਪੂਤ। ਲੱਗਾ ਕਤਲ ਕਰਾਵਨ ਊਤ।।
ਅਰ ਜੋ ਬੱਚੇ ਖਾ ਪ੍ਰਗਟਾਈ। ਨਹਿ ਦੇਵੀ ਉਹ ਡਾਇਨ ਕਾਈ।।
ਯਾ ਕੋਈ ਸੀ ਉਹ ਬਘਯਾੜੀ। ਜੋ ਸਿਰ ਮੂਰਖ ਲੋਗਾਂ ਚਾੜ੍ਹੀ।।
ਬੱਚੇ ਖਾਣੀ ਜੋ ਸੀ ਭਾਈ। ਅਹੇ ਰਾਕਸੀ ਕਹੋ ਨ ਮਾਈ।।
ਉਸ ਦੇ ਬੰਮ੍ਹਨ ਬਨੇ ਦਲਾਲ। ਧਨ ਹੈਨ ਦੁਰਗਾ ਦੇ ਲਾਲ।।
ਜੋ ਗੁਰ ਤੇ ਭੀ ਨਾਹੀਂ ਸੰਗੇ। ਨਮਕ ਹਲਾਲ ਕਰੇ ਖਾ ਚੰਗੇ।।
ਐਸੇ ਲੋਗਾਂ ਨੇ ਹੀ ਪਿਆਰੇ। ਪਿੱਛੇ ਭੀ ਬਹੁ ਕਰੇ ਪੁਵਾਰੇ।।

ਜੈਸਾ ਗਿਰਧਰ ਸਾਧ ਸੁਨਾਵੈ। ਇਨ ਲੋਗਨ ਕਾ ਹਾਲ ਬਤਾਵੈ॥
ਕੁੰਡਲੀਆ-ਸੁਨ ਇਨ ਪਰ ਜੋਇ। ਗਿਰਧਰ ਜੀ ਦਾ ਨਹੀਂ ਲੁਕੋਇ।।੧੯੨।।

ਯਥਾ:- "ਬੰਮ੍ਹਨ ਸੋ ਵਿਵਹਾਰ ਕਰ ਸੁਖੀ ਨ ਸੋਵਤ ਕੋਈ॥ ਵਿਸ਼੍ਵਾਮਿੱਤ੍ਰ ਹਰੀਚੰਦ ਕਾ ਦੀਆ ਰਾਜ ਸਭ ਖੋਇ॥ ਦੀਆ ਰਾਜ ਸਭ ਖੋਇ ਦੁਰਜਨ ਤੇ ਇਹ ਬਨ ਆਈ। ਹਰੀ ਜਗਤ ਕੀ ਮਾਇ ਲਾਜ ਕੀਨੀ ਨਹਿ ਭਾਈ। ਕਰਿ ਗਿਰਧਰ ਕਵਿ ਰਾਇ ਜਗਤ ਕੇ ਏ ਹੈ ਬੰਮ੍ਹਨ। ਕੋਟ ਖੁਸ਼ਾਮਦ ਕਰੋ ਬੁਰੀ ਛੋਡੇ ਨਹੀਂ ਬੰਮ੍ਹਨ"

ਭਈ ਬਾਤ ਸੱਤ ਇਹ ਸੋਈ। ਜੋ ਕੁਛ ਨੇਕੀ ਗੁਰ ਸੋ ਹੋਈ। ਫਿਰ ਭਾਰਥ ਨੂੰ ਪੜ੍ਹਕੇ ਦੇਖ। ਗਲੇ ਪਾਂਡਵਾਂ ਦੇ ਸਨ ਲੇਖ॥ ਜਦ ਦੁਰਜੋਧਨ ਘਾਇਲ ਭਇਆ। ਤਦ ਦ੍ਰੋਣੀ ਸਾ ਤਿਸ ਢਿਗ ਗਿਆ॥ ਜਾਕੇ ਪੁੱਛਿਆ ਉਸ ਤੇ ਹਾਲ। ਆਖੀ ਕਹੁ ਕਦ ਤੇਰਾ ਕਾਲ ਜਿਸ ਪਰ ਦੁਰਜੋਧਨ ਇਹ ਗਾਈ। ਜੋ ਪੰਜੇ ਪਾਂਡਵ ਹਨ ਭਾਈ॥ ਉਨਕੇ ਸਿਰ ਜੋ ਕਾਟ ਲਿਆਵੈ। ਅਰ ਆ ਕਰਕੇ ਮੁਝੇ ਦਿਖਾਵੈ॥ ਤਦ ਮੈਂ ਸ਼ਾਂਤ ਰਿਦਾ ਕਰ ਲੈਵਾਂ। ਉਸੇ ਸਮਯ ਪ੍ਰਾਨਨ ਕੋ ਦੇਵਾਂ॥ ਤਿਸ ਨੂੰ ਸੁਨ ਕਰ ਅਸ ਅਸਤਾਮੋ ਲੱਗਾ ਕਹਨ ਯਹ ਕਯਾ ਹੈ ਕਾਮਾਂ॥ ਮੈਂ ਜਾਕਰ ਤਿਨਕੇ ਸਿਰ ਲਿਆਊਂ। ਅਰ ਤੁਝਕੋ ਆਕਰ ਦਿਖਰਾਊ ਐਸੇ ਭਾਖ ਗਿਆ ਉਹ ਪਾਪੀ। ਧਰਮ ਹੀਨ ਅਰ ਮ੍ਰਿਖਾ ਅਲਾਪੀ॥ ਪਾਂਚੋ ਪੂਤ ਦ੍ਰੋਪਤੀ ਸੋਤੇ। ਕਾਟ ਸੀਸ ਕਰ ਮਾਹਿੰ ਪਰੋਤੇ॥ ਜਾ ਦੁਰਜੋਧਨ ਆਗੇ ਧਰੇ। ਕਹੀ ਦੇਖ ਬਚ ਪੂਰੇ ਕਰੇ ॥ ਜਦ ਦੁਰਜੋਧਨ ਸੀਸ ਨਿਹਾਰੇ। ਪਿਖੇ ਭਤੀਜੇ ਪੰਜੇ ਪਯਾਰੇ॥ ਤਬ ਵਹੁ ਮਾਰ ਧਾਹ ਅਸ ਰੋਇਆ। ਕਹੀ ਬੰਸ ਹਮਰਾ ਤੈ ਖੋਇਆ॥ ਭਾਈਯੋ ਸੇ ਥਾ ਵੈਰ ਹਮਾਰਾ। ਇਨ ਬਾਲਕ ਨੇ ਕਹਾਂ ਬਿਗਾਰਾ॥ ਕਰਤ ਰੁਦਨ ਤਿਨ ਪ੍ਰਾਨ ਗੁਵਾਏ। ਐਸੇ ਹਾਥ ਬਿੱਪ ਦਿਖਲਾਏ॥ ਜਿਸ ਪਾਛੇ ਤਿਨਕੀ ਮਹਤਾਰੀ। ਅਹੋ ਦ੍ਰੋਪਤਾ ਭਈ ਦੁਖਾਰੀ॥ ਪ੍ਰਾਨ ਤਿਆਗ ਪਰ ਤਤਪਰ ਹੋਈ। ਅਰ ਮੁਖ ਤੇ ਇਮ ਕਹ ਕਰ ਰੋਈ ਜਿਨ ਪਾਪੀ ਮੇਰੇ ਸੁਤ ਮਾਰੇ। ਜੇ ਕੋ ਉਸ ਦਾ ਸੀਸ ਉਤਾਰੇ॥ ਤਾ ਮੈਂ ਬਚਾਂ ਦੇਖ ਕਰ ਮੁਰਦਾ। ਸੀਤਲ ਹਿਰਦਾ ਹੋਇ ਆਜੁਰਦਾ॥ ਜਿਸ ਪਰ ਭੀਮਸੈਨ ਰਿਸ ਖਾਕੇ। ਜਾਇ ਪਿਆ ਦ੍ਰੋਣੀ ਪਰ ਧਾਕੇ॥ ਕਈ ਕੋਸ ਪਰ ਪਕੜ ਸੁ ਲੀਨਾ। ਲਿਆ ਦ੍ਰੋਪਤ ਦੇ ਸਨਮੁਖ ਕੀਨਾ॥ ਫਿਰ ਭੀ ਛੱਤ੍ਰੀ ਸੁਤਾ ਵਿਚਾਰੀ। ਖਾ ਕਰ ਤਰਸ ਕਹੇ ਦੁਖਯਾਰੀ॥ ਇਸ ਕੋ ਜਾਨੋਂ ਮਾਰੋ ਨਾਹ। ਲੇਹੁ ਸੀਸ ਤੇ ਜੂੜਾ ਲਾਹ॥ ਜਿਸ ਪਰ ਯਹੀ ਭੀਮ ਨੇ ਕੀਨਾ। ਜੂਰਾ ਕਾਟ ਬਹੁਰ ਤਜ ਦੀਨਾ॥ ਯਹ ਬੰਮ੍ਹਨ ਤੇ ਭਈ ਭਲਾਈ। ਪਾਂਡਵ ਕੀ ਜਿਨ ਅੰਸ ਚੁਕਾਈ॥ ਸੋਈ ਕਾਮ ਕਰਾ ਗੁਰ ਕੇਰਾ। ਮਾਂਗੇ ਸੁਤ ਤਿਨ ਹੋਇ ਦਲੇਰਾ॥ ਕਹੋ ਆਪਨੇ ਪਾਲਨ ਕਾਜਾ। ਕਰਤ ਕੁਕਾਜ ਨਾ ਜਿਨ ਮਨ ਲਾਜ॥ ਸੋ ਕਰਤੇ ਦੇਵੀ ਪ੍ਰਤੱਖਾ। ਜਿਨ ਲੋਹੂ ਪਰ ਕੋ ਸਦ ਚੱਖਾ॥"

## ਦੋਹਿਰਾ

ਐਸੇ ਲੱਖਨ ਦੇਖਕੇ ਕਹਤ ਲੋਗ ਸਭ ਕੋਇ।
"ਕਾਲ ਬਾਗੜ ਤੇ ਊਪਜੇ ਬੁਰਾ ਬੰਮ੍ਹਨ ਤੇ ਹੋਇ"।।੧੯੩।।
ਹੁਨ ਤੂੰ ਅੱਗੇ ਦੱਸ ਲੈ ਕੀ ਕੁਛ ਕੀਤੀ ਖੇਲ।

ਬਲਦੇ ਉਤੇ ਪਾਇਆ ਸੀ ਤਿਨ ਕੌੜਾ ਤੇਲ।।੧੯੪।।
ਜਿਸ ਦੇ ਕਾਰਨ ਏਤਨੇ ਕਰੇ ਪੁਆੜੇ ਨਿੱਤ।
ਕਿਆ ਉਹ ਪ੍ਰਗਟ ਹੋ ਗਈ ਇਹ ਭੀ ਦੱਸੀ ਮਿੱਤ।।੧੯੫।।
ਕੈ ਇਹ ਲੱਡੂ ਬੂਰ ਦੇ ਲੀਲ੍ਹਾ ਗਏ ਦਿਖਾਇ।
ਜੋ ਖਾਵੇ ਪਛਤਾਂਇਦਾ ਨਾ ਖਾਵੇ ਪਛਤਾਇ।।੧੯੬।।

## ਦੁਰਗਾ ਭਗਤ

### ਦੋਹਿਰਾ

ਕਿਆ ਇਹ ਹਾਸੀ ਖੇਲ ਸੀ ਐਵੇਂ ਜਾਂਦੀ ਜੋਇ।
ਇਤਨੇ ਯਤਨ ਕੁਮਾਇਆਂ ਕਿਉਂ ਕਰ ਸਿੱਧ ਨ ਹੋਇ।।੧੯੭।।

### ਚੌਪਈ

"ਦੇਖੋ ਅੱਗੇ ਪ੍ਰਗਟ ਹੋਈ। ਤੁਮਰੀ ਸੰਕਾ ਸਭ ਜਿਨ ਖੋਈ।।
ਕੈਸਾ ਸਮਾਂ ਭਯਾਨਕ ਭਿਆ। ਜੋ ਨਾ ਕਿਸੇ ਸਹਾਰਿਆ ਗਿਆ।।
ਨੱਸ ਗਏ ਸਭ ਦੇਖਨ ਹਾਰੇ। ਸਹ ਨ ਸਕੇ ਤਿਸ ਜੋਤ ਅਪਾਰੇ।।
ਪੰਡਤ ਭੀ ਗੁਰ ਕੋ ਸਮਝਾਕੇ। ਚਲਾ ਗਿਯਾਂ ਨਿਜ ਪ੍ਰਾਣ ਬਚਾਕੇ।।
ਮਗਰੋਂ ਗੁਰ ਹੀ ਰਹੇ ਅਕੇਲੇ। ਭਏ ਅੰਤ ਦੁਰਗਾ ਦੇ ਮੇਲੇ।।
ਦੇਖੋ ਅੱਗੇ ਖੜ੍ਹਕੇ ਆਪ। ਜਦ ਗੁਰ ਓਥੇ ਕੀਤਾ ਜਾਪ।।
ਹੋਇ ਪ੍ਰਚੰਡ ਅਖੰਡ ਭਵਾਨੀ। ਸਨਮੁਖ ਹੋਈ ਸੀ ਵਰਦਾਨੀ।।
ਉਸ ਵੇਲੇ ਉਸ ਬੰਮ੍ਹਨ ਪਿਆਰੇ। ਗੁਰ ਜੀ ਨੂੰ ਇਹ ਬੈਨ ਉਚਾਰੇ। ਯਥਾ:-

### ਰਸਾਵਲ ਛੰਦ

ਚਹੋ ਐਸ ਬਾਨਾ। ਅਡੋਲੰ ਨਿਧਾਨਾ।। ਜਪੋ ਮੰਤ੍ਰ ਸਾਈ। ਜਯੰ ਜੈਸੁ ਮਾਈ।।੨੫੪।।
ਹਮੂ ਔਰ ਸਾਰੇ। ਸੁ ਹ੍ਵੈ ਹੈਂ ਕਨਾਰੇ।। ਸਭੈ ਆਪ ਜਾਨੋ। ਤੁ ਮੂਤੇ ਨਛਾਨੋ।।੨੫੫।।

### ਚੌਪਈ

ਕਾਲੀ ਕੋ ਆਗਮਨ ਭਾਰੀ। ਮੁਨ ਨਰ ਸਕੈ ਨ ਤਾਹਿ ਨਿਹਾਰੀ।।
ਤੁਮ ਦ੍ਰਿੜ ਰਹੋ ਆਪ ਇਹ ਥਾਹੀ। ਜਿਨ ਕਛੁ ਕਰੋ ਚਿੰਤਮਨ ਮਾਹੀ।।੨੫੬।।
ਤੁਮ ਕਹ ਕੌਨ ਸਿਖਾਵਨ ਜੋਗਾ। ਸਭ ਜਾਨਤ ਤੁਮ ਜਿਤਕ ਪ੍ਰਯੋਗਾ।।
ਤੁਮਤੇ ਕੌਨ ਬਾਤ ਹੈ ਛਾਨੀ। ਤਦਪ ਬਰਨੋ ਅਲਪ ਕਹਾਨੀ।।੨੫੭।।
ਘੋਰ ਸ਼ਬਦ ਧਰ ਚਾਲ ਜਨੈ ਹੈ। ਮਾਯਾ ਕੋਟ ਤੁਮੈ ਡਹ ਕੈਹੈ।।
ਨਿਰਭੈ ਅਚਲ ਪਾਵ ਦ੍ਰਿੜ੍ਹ ਠਾਨੀ। ਪੜੋ ਮੰਤ੍ਰ ਸੀ ਮੁਖ ਸੁਖਦਾਨੀ।।੨੫੮।।
ਸਿੰਘ ਬਾਹਨੀ ਬਿਨਾਂ ਪਛਾਨੈ। ਔਰ ਬਚਨ ਜਿਨ ਬਦਨ ਬਖਾਨੈ।।
ਅਲਪ ਭੇਦ ਦਿਜ ਬਰਕ ਹਦਯੋ। ਨਖਸਿਖ ਚੀਨਦ ਯਾਨਿ ਧਲਯੋ।।੨੫੯।।
ਇਹ ਬਿਧ ਸੋ ਮੁਖ ਬਚਨ ਉਚਾਰੇ। ਸਿੱਖ ਸਖਾ ਦਿਜ ਤਲੈ ਸਿਧਾਰੇ।।
ਰਾਜਤ ਸਿਰੀ ਸਤਗੁਰ ਤਿਹਾਥਲੈ। ਸੰਤ ਸਿਰੋਮਣਿ ਅਤਬਰ ਬਲੈ।।੨੬੦।।"

ਭਾਵ:- ਦੇਖੋ ਉਸ ਪੰਡਤ ਨੇ ਗੁਰੂ ਜੀ ਨੂੰ ਸਾਰਾ ਭੇਦ ਸਮਝਾ ਦਿੱਤਾ ਅਰ ਆਖਯਾ ਕਿ ਉਹ ਵੱਡਾ ਭਯਾਨਕ ਸਮਾਂ ਹੋਵੇਗਾ ਜਿਸ ਨੂੰ ਕੋਈ ਮਨੁੱਖ ਯਾ ਦੇਵਤਾ ਭੀ ਸਹਾਰ ਨਹੀਂ ਸਕੇਗਾ, ਪਰ ਆਪਨੇ ਕੋਈ ਚਿੰਤਾ ਨਾ ਕਰਨੀ, ਸਵਾਧਾਨ ਹੋਕੇ ਬੈਠੇ ਰਹਨਾ, ਅਤੇ ਉਸੀ ਦਾ ਨਾਮ ਜਪਦੇ ਰਹਨਾ, ਇਤਨਾ ਆਖਕੇ ਸਾਰੇ ਨਾਲ ਦੇ ਪੰਡਤਾਂ ਅਰ ਗੁਰੂ ਦੇ ਸਿੱਖਾਂ ਸਮੇਤ ਆਪ ਹੇਠਾਂ ਨੂੰ ਚਲਯਾ ਗਿਆ, ਜਿਸ ਪਰ ਉਸ ਜਗ੍ਹਾਂ ਗੁਰੂ ਜੀ ਇਕੱਲੇ ਹੀ ਰਹਿ ਗਏ।।

## ਤੱਤ ਖਾਲਸਾ

### ਦੋਹਿਰਾ

ਜ਼ਰਾ ਠਹਰ ਅਰ ਬੱਸ ਕਰ ਅੱਗੇ ਮੂਲ ਨ ਜਾਹੁ।
ਪਹਲੇ ਮੈਨੂੰ ਏਸ ਦਾ ਠੀਕ ਬਤਾ ਦੇ ਰਾਹੁ।।੧੯੮।।

### ਚੌਪਈ

ਭਲਯਾ ਲੋਕਾ ਦੇਖ ਵਿਚਾਰ। ਐਵੇਂ ਕਿਉਂ ਬਣ ਗਿਆ ਗਵਾਰ।।
ਜੋ ਪੰਡਤ ਸਭ ਹਾਲ ਪਛਾਨੇ। ਆਉਨ ਦੇਵੀ ਦਾ ਪਹਚਾਨੇ।।
ਅਰ ਉਸ ਵੇਲੇ ਦਾ ਡਰ ਸਾਰਾ। ਉਸ ਤੇ ਛਪਯਾ ਨਹੀਂ ਗੁਵਾਰਾ।।
ਫਿਰ ਉਸ ਤੇ ਉਹ ਕਿ ਸੀ ਡਰਿਆ। ਜੋ ਉਸ ਵੇਲੇ ਵਰਨਨ ਕਰਿਆ।।
ਦੇਖ ਨਦੀ ਦੇ ਤਰਨੇ ਹਾਰੇ। ਨਹੀ ਨਦੀ ਤੇ ਡਰਦੇ ਪਯਾਰੇ।।
ਅਰ ਸੱਪਾਂ ਦੇ ਜੋਇ ਖਲਾਰੀ। ਕਦ ਡਰਦੇ ਹਨ ਦੇਖ ਵਿਚਾਰੀ।।
ਉਸ ਤੇ ਤਾਂ ਅਨਤਾਰੂ ਡਰਦੇ। ਡੁੱਬ ਜਾਨ ਤੇ ਭੈ ਮਨ ਕਰਦੇ।।
ਜੇ ਇਹ ਪੰਡਤ ਸਭ ਕੁਛ ਜਾਨੈ। ਫਿਰ ਕਿਉਂ ਨੱਸਨ ਹੇਤ ਬਖਾਨੈ।।
ਇਤਨਾ ਡਰ ਗੁਰ ਨੂੰ ਦਿਖਲਾਕੇ। ਮਹਾਂ ਭਯਾਨਕ ਸਮਾਂ ਬਤਾਕੈ।।
ਗਿਆ ਆਪ ਉਹ ਨੱਸ ਸ਼ਤਾਬੀ। ਦੇਖੀ ਜਿਸ ਵਿੱਚ ਮਹਾਂ ਖਰਾਬੀ।।
ਆਪ ਨੱਸਦਾ ਓਥੋਂ ਜਾਵੈ। ਗੁਰ ਜੀ ਨੂੰ ਧੀਰਜ ਸਿਖਲਾਵੈ।।
ਉਹ ਧੀਰਜ ਉਸ ਨੇ ਕਿਉਂ ਛੱਡੀ। ਨੱਸਾ ਜੀਭ ਹੱਥ ਦੀ ਕੱਢੀ।।੧੯੯।।

### ਦਵੈਯਾ

ਕਿਆ ਗੁਰ ਜੀ ਤੇ ਉਸ ਦਾ ਰਹਨਾ ਇਸ ਧਰਤੀ ਪਰ ਭਾਈ। ਇਸ ਡਰ ਕੋਲੋਂ ਜਾਨ ਬਚਾ ਕੇ ਸਾ ਜ਼ਿਆਦਾ ਸੁਖਦਾਈ।। ਆਪ ਕਨਾਰਾ ਕਰਨਾ ਚਾਹੇ ਉਸ ਡਰ ਵਾਲੇ ਵੇਲੇ। ਐਵੇਂ ਲੈਣੇ ਚਾਹੇ ਸੇ ਤਿਨ ਗੁਰ ਤੇ ਪੈਸੇ ਧੇਲੇ।।੨੦੦।। ਇਸ ਸਾ ਧਰਮ ਓਸਦਾ ਪਹਲਾ ਨਾਲ ਗੁਰੂ ਦੇ ਰਹਿੰਦਾ। ਸੁਖ ਦੁਖ ਭਲਾ ਬੁਰਾ ਜੋ ਵੇਲਾ ਬੈਠ ਸੀਸ ਪਰ ਸਹਿੰਦਾ।। ਸਗੋਂ ਗੁਰ ਨੂੰ ਧੀਰਜ ਦੇਂਦਾ ਸਾਰਾ ਹਾਲ ਬਤਾਕੇ। ਜੇਕਰ ਉਸਨੇ ਦੇਖੀ ਸੀ ਇਹ ਬਾਤ ਆਪ ਅਜ਼ਮਾਕੇ।।੨੦੧।। ਅਰ ਗੁਰ ਜੀ ਨੂੰ ਸਮਾਂ ਅਜੇਹਾ ਅੱਗੇ ਕਦੇ ਨਾ ਆਇਆ। ਏਹੋ ਵੇਲਾ ਮਹਾਂ ਭਯਾਨਕ ਬਾਲ ਉਮਰ ਮਹਿ ਪਾਇਆ।। ਉਸ ਵੇਲੇ ਪਰ ਛੱਡ ਨੱਸਨਾ ਸੀ ਉਸਦੀ ਨਾਮਰਦੀ। ਅੱਛੇ ਪੁਰਖਾਂ ਦੀ ਭਲਿਆਈ ਐਸਾ ਕੰਮ ਨਾਂ ਕਰਦੀ।।੨੦੨।। ਐਸਾ ਬੁਰਾ ਚੋਰ ਭੀ ਨਾਹੀਂ ਸਾਥੀ ਨਾਲ ਕੁਮਾਂਦੇ। ਔਖੀ ਬਣੀ ਨਾਲ ਦੇ ਤਾਈਂ ਛੱਡ ਮੂਲ ਨਹਿ ਜਾਂਦੇ।।

ਤਾਂਤੇ ਉਹ ਤਾਂ ਚੋਰਾਂ ਤੇ ਭੀ ਸਾ ਨਾਲਾਇਕ ਭਾਰਾ। ਜਿਸਨੇ ਐਸੇ ਕਠਨ ਸਮਯ ਪਰ ਕੀਤਾ ਚਾਇ ਕਨਾਰਾ।।੨੦੩।। ਪਰ ਇਸ ਦਾ ਜੋ ਤਾਤਪਰਜ ਹੈ ਤੂੰ ਨਹਿ ਸਮਝਿਆ ਪਯਾਰੇ। ਇਹ ਤਾਂ ਅਪਨੀ ਇੱਜ਼ਤ ਕਾਰਨ ਹੱਥ ਪੈਰ ਤਿਨ ਮਾਰੇ।। ਜਿਸਤੇ ਇਹ ਮਨ ਵਿੱਚ ਵਿਚਾਰੀ ਜਦ ਮੈਂ ਡਰਕੇ ਨੱਸਾਂ। ਏਹੋ ਜੇਹਾ ਰੂਪ ਭਯਾਨਕ ਸਤਿਗੁਰ ਅੱਗੇ ਦੱਸਾਂ।।੨੦੪।। ਤਦ ਇਹ ਕੰਬ ਜਾਨਗੇ ਸੁਨਕੇ ਨਹਿ ਕੱਲੇ ਠਹਿਰਾਉਨ। ਮੈਥੋਂ ਭੀ ਨੱਸਨਗੇ ਅੱਗੇ ਇਕ ਪਲ ਨਾਹਿ ਟਿਕਾਉਨ। ਵਿੱਚ ਪਹਾੜਾਂ ਸਮਯ ਅਜੇਹੇ ਰਹਨਾ ਸੌਖਾ ਨਾਹੀਂ।। ਆਖਨਗੇ ਪੰਡਤ ਜੀ ਲਗਦਾ ਡਰ ਮੇਰੇ ਮਨ ਮਾਹੀਂ।।੨੦੫।। ਫਿਰ ਮੈਂ ਕਹੂੰ ਸੱਤ ਹੈ ਸਾਰੀ ਦੁਰਗਾ ਝਾਲ ਨ ਝੱਲੇ। ਜਿਸ ਨੂੰ ਦੇਖ ਦੇਵਤੇ ਰਾਕਸ਼ ਮੁਖ ਪਰ ਲੈਂਦੇ ਪੱਲੇ।। ਸੋ ਜੇ ਕਠਨ ਆਪ ਨੂੰ ਦਿੱਸੇ ਤਾਂ ਮੇਰਾ ਕਯਾ ਦੋਸ਼ਾ। ਏਹੋ ਹੋਣੀ ਓੜਕ ਨੂੰ ਸੀ ਜੋ ਮੁਝੇ ਭਰੋਸਾ।।੨੦੬।। ਮੈਂ ਤਾਂ ਅਪਨੀ ਵਿੱਦਯਾ ਬਲ ਤੇ ਸੀ ਕਾਰਜ ਕਰ ਦੀਆ।। ਪਰ ਓੜਕ ਨੂੰ ਨਹੀਂ ਆਪਨੈ ਸਾਂਭ ਭਲੀ ਵਿਧ ਲੀਆ। ਵਾਹ ਵਾਹ ਜਗ ਮੇਰੀ ਹੋਸੀ ਅਰ ਗੁਰ ਜੀ ਨੂੰ ਰਾਸਾ। ਦੇਖ ਮਦਾਰੀ ਵਾਲਾ ਕਰਕੇ ਜਾਊਂ ਖ਼ੂਬ ਤੁਮਾਸ਼ਾ।।੨੦੭।। ਸੱਗੋਂ ਉਸ ਨੂੰ ਚਾਹੀਦਾ ਸੀ ਪਾਸ ਗੁਰੂ ਦੇ ਰਹਿੰਦਾ। ਜੋ ਦੇਵੀ ਨੂੰ ਆਖਨ ਸੁਨਣਾ ਪਾਸ ਬੈਠਕੇ ਕਹਿੰਦਾ।। ਅਰ ਗੁਰ ਦੇ ਪਰਸੰਗ ਆਪ ਭੀ ਪਿਖ ਲੈਂਦਾ ਜਗ ਰਾਣੀ। ਇਹ ਭੀ ਧਾਨਾਂ ਬਦਲੇ ਮਿਲਦਾ ਡੀਲੇ ਤਾਈ ਪਾਨੀ।੨੦੮।। ਕਿੱਥੇ ਉਸ ਨੂੰ ਧਰਾ ਪਿਆ ਸਾ ਦੁਰਗਾ ਜੀ ਦਾ ਦਰਸਨ। ਜਿਸ ਨੂੰ ਸਿੱਧ ਸਾਧ ਮੁਨੁ ਜੋਗੀ ਦੇਵ ਅਸੁਰ ਭੀ ਤਰਸਨ।। ਪੱਲਯੋਂ ਹਿੰਗ ਨ ਲਗੀ ਫਟਕਰੀ ਮੁਫਤ ਪਾਰ ਹੋ ਜਾਂਦਾ। ਬਚਿਆਂ ਖੁਚਿਆ ਹੋਰ ਓਸਤੇ ਉਹ ਭੀ ਕੋ ਵਰ ਪਾਂਦਾ।।੨੦੯।। ਅਰ ਕਹਿੰਦਾ ਮੈਂ ਉਹ ਹਾਂ ਬ੍ਰਾਹਮਨ ਜਿਸ ਨੇ ਤੂੰ ਪ੍ਰਗਟਾਈ। ਤਾਂ ਤੇ ਮੈਨੂੰ ਹੋਰ ਵਖਰਾ ਤੂੰ ਵਰ ਦੇ ਜਾ ਮਾਈ। ਜਿਸ ਪਰ ਹੋਇ ਪ੍ਰਸੰਨ ਆਖਦੀ ਮੰਗ ਰਿਦੇ ਜੋ ਆਇਆ। ਤਦ ਕਹਿੰਦਾ ਜੋ ਭੱਦਨ ਮੁੰਡਨ ਮੇਰੀ ਝੋਲੀ ਪਾਇਆ।।੨੧੦।। ਜਿੱਥੇ ਤੀਕਰ ਸਿਰ ਮੰਡਵਾਂਦੇ ਸਭ ਹਿੰਦੂ ਹੇ ਮਾਈ। ਓਥੇ ਸਾਰੇ ਮੇਰੀ ਵੱਲੋਂ ਹੋਵਨ ਚੰਗੇ ਨਾਈ।। ਸਾਰੀ ਪੂਜਾ ਮੈਨੂੰ ਆਵੇ ਕਈ ਹਜ਼ਾਰ ਰੁਪਈਆਂ। ਖਾਕੇ ਤੇਰੀ ਭੇਟਾ ਗਾਵੇ ਟੱਬਰ ਮੇਰਾ ਮਈਆ।।੨੧੧।। ਫਿਰ ਉਹ ਜਿਸ ਦੇਵੀ ਦੇ ਦਰਸ਼ਨ ਆਪ ਉਜੈਨੋਂ ਆਇਆ। ਇਤਨੇ ਕੋਹਾਂ ਪੰਧ ਮਾਰ ਕਰ ਘਰ ਅਰ ਬਾਰ ਤਜਾਇਆ। ਪਲਯੋਂ ਨਕਦਾ ਖਰਚ ਕਰਾ ਅਰ ਦਰਸ਼ਨ ਉਸਦਾ ਚਾਹੇ। ਫਿਰ ਅਭਾਗ ਨੇ ਦਰਸ਼ਨ ਵੇਲੇ ਕਿਉਂ ਸੇ ਲੇਖ ਤਰਾਹੇ।।੨੧੨।। ਤਾਂ ਤੇ ਪੰਡਤ ਕਰਮਹੀਣ ਸੀ ਜਿਨੇ ਨ ਦਰਸ਼ਨ ਕੀਤਾ। ਵਗਦੇ ਸਰ ਥੋਂ ਪਿਆਸਾ ਨੱਸਾ ਕੁਛ ਭੀ ਲਾਭ ਨ ਲੀਤਾ। ਜਿਸਤੇ ਸਾਬਤ ਹੁੰਦਾ ਹੈ ਉਹ ਦਰਸ਼ਨ ਨੂੰ ਨਹਿ ਆਇਆ। ਕੇਵਲ ਲੈਣੇ ਆਇਆ ਸੀ ਉਹ ਗੁਰ ਜੀ ਕੋਲੋਂ ਮਾਇਆ।।੨੧੩।।

## ਦੋਹਿਰਾ

ਤਾਂ ਤੇ ਤਿਸ ਨੇ ਏਹੁ ਸੀ ਫੰਧ ਚਲਾਇਆ ਹੋਰ।
ਛਡ ਗੁਰੂ ਨੂੰ ਓਸ ਜਾ ਨੱਸ ਗਿਆ ਜਿਉਂ ਚੋਰ।।੨੧੪।।
ਬਾਤਾਂ ਆਖ ਡਰਾਉਨੀ ਚਹੇ ਡੁਲਾਹਿਆ ਚਿੱਤ।
ਸੱਚਾ ਹੋਕੇ ਚਾਹੁੰਦਾ ਲੁੱਟਨ ਗੁਰ ਦਾ ਬਿੱਤ।।੨੧੫।।

## ਚੌਪਈ

ਪਰ ਕਲਗੀਧਰ ਪਰਉਪਕਾਰੀ। ਜਾਨਨਹਾਰ ਰਿਦੇ ਸੀ ਸਾਰੀ॥
ਭਲਾ ਏਸ ਭਿਛਕ ਛਲ ਕਰਕੇ। ਕਦ ਜਾਵੇ ਘਰ ਖੀਸਾ ਭਰਕੇ॥
ਪੁਨ ਗੁਰ ਜੀ ਨੂੰ ਕਿਆ ਡਰ ਦੇਵੇ। ਜੋ ਇੱਕ ਟਕਾ ਦੱਖਨਾ ਲੇਵੇ॥
ਜਿਸ ਤੇ ਕਹੀ ਗੁਰੂ ਸੁਨ ਪੰਡਤ। ਕਿਉਂ ਹਮਰੇ ਮਨ ਕੋ ਤੂੰ ਖੰਡਤ?
ਚਲੇ ਜਾਹੁ ਮੈਂ ਰਹੂੰ ਇੱਕਲਾ। ਦੇਖ ਲਿਆਂਗਾ ਸਾਰਾ ਹੱਲਾ॥
ਜਿਸ ਪਰ ਉਸ ਨੂੰ ਵਿਦਾ ਕਰਾਇਆ। ਅਪਨਾ ਆਸਨ ਓਥੇ ਲਾਇਆ॥
ਜਾਨ ਲਈ ਉਸ ਦੀ ਸਭ ਚਾਲ। ਸਾਨੂੰ ਟਾਲੇ ਹਿਕਮਤ ਨਾਲ॥
ਤਾਂ ਤੇ ਨਹੀਂ ਅਸੀਂ ਕੁਛ ਇਆਨੇ। ਡਰ ਕਰ ਨੱਸੇ ਚਾਇ ਧੰਗਾਣੇ॥
ਇਹ ਭੀ ਪੂਰਾ ਕਰ ਦਿਖਲਾਊਂ। ਇਸ ਨੂੰ ਅੱਛੀ ਤਰ੍ਹਾਂ ਝੁਠਾਊਂ॥
ਇਹ ਸੀ ਗੱਲ ਏਸ ਵਿੱਚ ਸਾਰੀ। ਜੋ ਤੈਨੂੰ ਮੈਂ ਮੀਤ ਉਚਾਰੀ॥
ਪੜ੍ਹਕੇ ਅੱਛੀ ਤਰ੍ਹਾਂ ਵਿਚਾਰ। ਆ ਜਾਊ ਤੈਨੂੰ ਅਤਿਬਾਰ॥
ਹੁਨ ਅੱਗੇ ਤੂੰ ਹੋਰ ਸੁਨਾਉ। ਝਬਦੇ ਦੇਵੀ ਨੂੰ ਪ੍ਰਗਟਾਉ॥੨੧੬॥

## ਦੁਰਗਾ ਭਗਤ

## ਦੋਹਿਰਾ

ਭਾਵੇਂ ਆਖੀਂ ਕੁੱਝ ਤੂੰ ਪਰ ਫਿਰ ਭੀ ਜਗ ਮਾਤ।
ਓੜਕ ਪ੍ਰਗਟ ਹੋ ਗਈ ਕੀਤੀ ਦਿਨ ਤੇ ਰਾਤ।੨੧੭॥

## ਚੌਪਈ

ਜਦ ਸਭ ਛੱਡ ਗੁਰੂ ਨੂੰ ਕੱਲੇ। ਆਇ ਗਏ ਪਰਬਤ ਤੋਂ ਥੱਲੇ॥
ਨਾ ਪੰਖੀ ਨਾ ਰਿਹਾ ਮਨੁੱਖ। ਖਾਲੀ ਪਰਬਤ ਅਰ ਸੇ ਰੁੱਖ॥
ਸੁੰਨ ਸਾਨ ਉਸ ਵੇਲੇ ਹੋਈ। ਚਾਰ ਕੋਸ ਤਕ ਰਿਹਾ ਨਾ ਕੋਈ॥
ਤਦ ਕਾਲੀ ਨੇ ਕਲਾ ਦਿਖਾਈ। ਕੜ ਕੜ ਕਰਦੀ ਉੱਤ੍ਰ ਆਈ॥
ਜਿਸ ਦੀ ਰਚਨਾਂ ਵਾਲੀ ਮਾਇਆ। ਅਰ ਜੋ ਮੁੱਖ ਤੇ ਭਾਖ ਸੁਨਾਇਆ॥
ਸੋ ਸੁੱਖਾ ਸਿੰਘ ਪ੍ਰਗਟ ਉਚਾਰੀ ਦੇਖੋਤਿ ਸਕੇ ਗ੍ਰੰਥ ਮਝਾਰੀ।੨੧੮॥ ਯਥਾ:-

## ਸਵੈਯਾ

"ਪੌਨ ਪ੍ਰਚੰਡ ਚਲਿਯੋ ਪ੍ਰਬ ਮੈਂ ਧਰਿ ਘੋਰ ਘਟਾ ਚਹੂੰ ਓਰ ਘੁਰਾਈ। ਨੀਰਦ ਸਿੰਧ ਸੁਬਿੰਦ ਗਿਰੋਵਰ ਭੂਮ ਅਕਾਲ ਮਹਾ ਬਹ ਰਾਈ। ਸੇਸ ਸੁਰੇਸ ਮਹੇਸ ਪ੍ਰਿਥੀ ਪਤਿ ਕਾਂਪਤ ਹੈ ਮਨ ਸ਼ੋਕ ਬਢਾਈ। ਯਾ ਬਿਧ ਆਗਮ ਕਾਲ ਨਿਹਾਰ ਕੈ ਚੌਦਹ ਲੋਗਨ ਚਾਲ ਜਨਾਈ।੨੬੩॥ ਊਰਧ ਕੋ ਜੁਤ ਮੰਡਪ ਕੇ ਧੁਨ ਕੈ ਜਨ ਪੱਥ ਸੁਖੱਬ ਉਡਾਨਿਯੋ। ਕਾਂਪ ਦਿਸਾ ਸੁਦਹਲ ਭਯੋ ਜਗ ਜੀਵਨ ਸੱਤ ਪ੍ਰਲੈ ਘਨ ਮਾਨਿਯੋ॥ ਧੀਰਜ ਧਾਮ ਅਰਾਮ ਕ੍ਰਿਪਾ ਨਿਧ ਸੋਭਤ ਜਿਯੋ ਮਨ ਸੰਤ ਪਛਾਨਿਯੋ। ਨੀਰਦ ਜਿਯੋਂ ਧੁਨ ਸ੍ਰੀ ਮੁਖ ਕੈ ਨਿਜ ਜੈ ਜਗ ਮਾਤ ਅਭੇਵ ਬਖਾਨਿਯੋ।੨੬੪॥

ਮੁੰਡ ਕੀ ਮਾਲ ਬਮੈਂ ਮੁਖ ਜ੍ਵਾਲ ਬਿਸਾਲ ਕਰਾਲ ਮਹਾਂ ਛਬਿ ਛਾਈ। ਛੂਟੇ ਹੈ ਬਾਲ ਬਿਯਾਲ ਲਏ ਕਰ ਸਿਯਾਮ ਸਰੂਪ ਲਖਯੋ ਨਹਿ ਜਾਈ। ਬਾਮ ਕ੍ਰਿਪਾਨ ਮਹਾਨ ਦਿਪੈਬਰ ਜਾਤ ਨ ਸੁੰਭ ਕੀ ਸੈਨ ਖਪਾਈ। ਜੈ ਜਗ ਮਾਤ ਪ੍ਰਤੱਛ ਭਈ ਇਮ ਸ੍ਰੀ ਮੁਖ ਤੇ ਬਰਦਾਨ ਸੁਨਾਈ।।੨੬੫।।

## ਚੌਪਈ

ਬਰੰ ਬ੍ਰਮ ਮਾਤਾ ਤਬ ਕਹਾ। ਜੋ ਤੁਮ ਬਿਆਪ ਚੀਤ ਮਹ ਰਹਾ।।
ਮਨ ਮਾਨਿਕ ਮੁਕਤਾਧਰ ਰਾਜਾ। ਹੀਰਾਕੰਟਨ ਬ੍ਰਿੰਦ ਸਮਾਜਾ।।੨੬੬।।
ਯੌ ਸੁਨ ਗਦ ਗਦ ਭਯੋ ਕ੍ਰਿਪਾਲਾ। ਸ੍ਰੀ ਮੁਖ ਯੌ ਕਰ ਬਚਨ ਬਿਸਾਲਾ।।
ਮੱਯਾ ਯਹ ਕ੍ਰਿਪਾ ਅਬ ਕੀਜੈ। ਖੜਗ ਪਾਨ ਦਾਹੁਨ ਮੁਹਿ ਦੀਜੈ।।੨੬੭।।
ਨਿਸ ਦਿਨ ਬਿਜੈ ਹੋਇ ਜਗ ਮੇਰੀ। ਅਸੁਰ ਮਲੇਛ ਮਾਹਿਕਰ ਢੇਰੀ।।
ਖੜਗ ਪਾਨ ਕਹਿ ਨਿਸ ਦਿਨ ਧਯਾਊਂ ਤੇਰੇ ਚਰਿ ਤ੍ਰੈਨ ਦਿਨ ਗਾਊਂ।।੨੬੮।।
ਸੰਤ ਅਨੰਤ ਸੁ ਅਨਿਕ ਪ੍ਰਕਾਰਾਂ। ਸੁਖੀ ਬਸੈ ਆਲਮ ਇਹ ਸਾਰਾ।।
ਚਰਨ ਨਰ ਹੋਤਿਹਾ ਰੇਚਿੱਤਾ। ਗ੍ਰਿਹਿ ਮਹਿਹੁ ਇਅਨ ਗਨਤੈ ਬਿਤਾ।।੨੬੯।।
ਸੱਤ੍ਰ ਨੇ ਜੀਤ ਹਮੇ ਕੋਈ ਜਾਈ। ਦੇਗ ਤੇਗ਼ ਹੈ ਬਿਜੈ ਬਨਾਈ।।
ਪੰਖ ਮਲੇਛ ਅਨਕ ਪ੍ਰਕਾਰਾ। ਪਲ ਮਹਿ ਹੋਇ ਸਰਬ ਹੀ ਛਾਰਾ।।੨੭੦।।
ਏਵ ਸਤ ਕਹਿ ਮਾਤ ਭਵਾਨੀ। ਬਰ ਦੇ ਭਈ ਲੋਪ ਜਗ ਰਾਨੀ।।
ਜਹ ਤਹ ਸਰਬੇ ਭਵਨ ਮਝਾਰਾ। ਸੁਨ ਕਰ ਭਯੋ ਸ਼ਬਦ ਜੈਕਾਰਾ।।੨੭੧।।
ਯੌ ਬਰ ਪਾਇ ਦੇਵ ਅਵਤਾਰੀ। ਅਰਨ ਬਰਨ ਭਯੋ ਬਦਨ ਸੁਧਾਰੀ।।
ਲੈ ਕ੍ਰਿਪਾਨ ਸੁ ਕੰਠ ਲਗਾਈ। ਸੀਸ ਧਾਰ ਉਰ ਸਾਥ ਮਿਲਾਈ।।੨੭੨।।"

## ਦੋਹਿਰਾ

ਦੇਖਯਾ ਪ੍ਰਗਟ ਹੋ ਗਈ ਮਹਾਂ ਕਾਲਕਾ ਮਾਤ।
ਦੇ ਵਰ ਗੁਰ ਕੋ ਤੇਗ਼ ਨਿਜ ਭਈ ਲੋਪ ਕਹਿ ਬਾਤ।।੨੧੯।।

## ਚੌਪਈ

ਦੇਖ ਗ੍ਰੰਥ ਕਯਾ ਦਸਦਾ ਤੈਨੂੰ। ਤੂੰ ਕਰਦਾ ਸੈਂ ਝੂਠਾ ਮੈਨੂੰ।।
ਅਰ ਪੰਡਤ ਨੂੰ ਦੋਸ਼ ਲਗਾਂਦਾ। ਆਖੇਂ ਐਵੇਂ ਧਾਮੇਂ ਖਾਂਦਾ।।
ਓੜਕ ਨੂੰ ਪ੍ਰਗਟ ਕਰ ਲਈ। ਜਿਸ ਨੇ ਤੇਗ਼ ਗੁਰੂ ਕੋ ਦਈ।।
ਇਹ ਕੁਛ ਬਾਤ ਨਹੀਂ ਹੈ ਛਾਨੀ। ਜਦ ਪ੍ਰਗਟ ਸੀ ਭਈ ਭਵਾਨੀ।।
ਤਦ ਪ੍ਰਬਤ ਕੰਬਨ ਥਰ ਥੱਲੇ। ਵਡੀ ਅੰਧੇਰੀ ਭਾਰੀ ਚੱਲੇ।।
ਉਡ ਗਏ ਜਿਸ ਦੇ ਨਾਲ ਪਹਾੜ। ਗੱਜੇ ਬੱਦਲ ਬੋਲੇ ਹਾੜ।।
ਚਮਕੇ ਬਿਜਲੀ ਅਧਕ ਡਰਾਵੇ। ਮਚਾ ਭੂਚਾਲ ਜਗਤ ਕੰਪਾਵੇ।।
ਉਛੱਲ ਪਏ ਸਮੁੰਦ੍ਰ ਸਾਰੇ। ਛਡ ਆਪਨੀ ਬੇਲ ਕਨਾਰੇ।।
ਸਾਰੀ ਧਰਤੀ ਪਰ ਜਲ ਛਾਇਆ। ਮਾਨੋਂ ਪ੍ਰਲੋਂ ਦਾ ਦਿਨ ਆਇਆ।।

ਐਸੇ ਵੇਲੇ ਪ੍ਰਗਟ ਹੋਈ। ਕਾਲਾ ਰੂਪ ਭਿਆਨਕ ਜੋਈ॥
ਮੂੰਹ ਤੇ ਲਾਟਾਂ ਨਿਕਲਨ ਐਸੇ। ਤਪੈ ਤੰਦੂਰ ਭਠਾਰੀ ਜੈਸੇ॥
ਗਲ ਵਿੱਚ ਸੱਪ ਪਏ ਲਟਕਦੇ। ਦੇਖਨ ਹਾਰੇ ਨੂੰ ਡਰ ਦੇਦੇ॥
ਫਿਰ ਮੁੰਡਾਂ ਦੀ ਮਾਲਾ ਪਾਈ। ਦੰਦਾਂ ਵਿੱਚੋਂ ਜੀਭ ਹਲਾਈ॥
ਦੋ ਹੱਥਾਂ ਵਿੱਚ ਖੱਪਰ ਧਰਿਆ। ਜੋ ਦੁਸ਼ਮਨ ਦੇ ਲੋਹੂ ਭਰਿਆ॥
ਐਸੀ ਸੂਰਤ ਮਾਤ ਦਿਖਾਈ। ਦੇਨ ਲਈ ਵਰ ਗੁਰ ਨੂੰ ਆਈ॥
ਜਿਸ ਨੂੰ ਗੁਰ ਜੀ ਲਿਆ ਰਿਝਾਇ। ਗਈ ਆਪਨੀ ਸ਼ਕਤ ਦਿਖਾਇ॥
ਪਰ ਉਸ ਵੇਲੇ ਕੋਈ ਹੋਰ। ਨ ਸੀ ਮਨੁਖ ਨ ਪੰਛੀ ਢੋਰ॥
ਜਦ ਇਹ ਸਾਰਾ ਕਾਰਨ ਭਿਆ। ਚੌਦਹ ਲੋਗ ਜੈਕਾਰਾ ਗਿਆ॥
ਹੁਣ ਤੂੰ ਦਸ ਰਿਹਾ ਕੀ ਬਾਕੀ। ਅਜੇ ਤਕ ਭੀ ਹੈਂ ਤੂੰ ਆਕੀ॥
ਤਾਂਤੇ ਛੱਡ ਦੇਹੁ ਹਠ ਯਾਰ। ਕਰ ਦੇਵੀ ਦੇ ਨਾਲ ਪਯਾਰ॥
ਜੋ ਗੁਰ ਜੀ ਨੇ ਆਪ ਮਨਾਈ। ਤਾਂ ਤੂੰ ਚੀਜ਼ ਭਲਾ ਕਿਆ ਭਾਈ॥
ਤਾਂਤੇ ਪੂਜਨ ਉਸ ਦਾ ਕਰ ਲੈ। ਧਨ ਸੋ ਧਾਮ ਆਪਨਾ ਭਰ ਲੈ॥
ਸਾਰਾ ਜਗ ਅਹਮਕ ਹੈ ਕੋਈ? ਜਿਸ ਨੂੰ ਪੂਜੈ ਸਗਰੀ ਲੋਈ॥
ਸਾਰਾ ਕਿੱਸਾ ਐਥੇ ਮੁੱਕਾ। ਜਿਸ ਤੇ ਝਗਰਾ ਤੇਰਾ ਚੁੱਕਾ॥
ਹੁਣ ਸੰਕਾ ਤੇਰੀ ਸਭ ਗਈ। ਜਦ ਜ੍ਵਾਲਾ ਪ੍ਰਗਟ ਹੈ ਭਈ॥
ਹੋਇ ਗਿਆ ਤੂੰ ਹੈਂ ਸ਼ਰਮਿੰਦਾ। ਕਰਦਾ ਸੈ ਜੋ ਉਸ ਦੀ ਨਿੰਦਾ॥
ਤਾਂਤੇ ਤੂੰ ਭੀ ਉਸੇ ਮਨਾਉ। ਮਨ ਚਿੰਦੇ ਫਲ ਤਿਸ ਤੇ ਪਾਉ॥
ਧੰਨ ਧੰਨ ਸੁਖਾ ਸਿੰਘ ਭਾਈ। ਜਿਸ ਨੇ ਐਸੀ ਕਥਾ ਬਨਾਈ॥
ਬੇਸਿਦਕਿਆਂ ਦੇ ਸਿਦਕ ਰਖਾਏ। ਰਚਕੇ ਗ੍ਰੰਥ ਲੋਗ ਸਮਝਾਏ॥
ਤਾਂ ਤੇ ਮੈਂ ਪੂਰੀ ਕਰ ਦੀਨੀ। ਜੋ ਪ੍ਰਤੱਗਯਾ ਤੁਮ ਸੇ ਕੀਨੀ॥੨੨੦॥

## ਤੱਤ ਖਾਲਸਾ

### ਦੋਹਿਰਾ

ਧੰਨ ਤੁਮਾਰੀ ਬੁੱਧ ਹੈ ਧੰਨ ਸਮਝ ਇਸ ਭਾਇ।
ਮਾਲਕ ਜੋ ਇਸ ਅਕਲ ਦਾ ਕਿਉਂ ਨਾ ਧੱਕੇ ਖਾਇ॥੨੨੧॥

### ਚੌਪਈ

ਕਿਆ ਤੈਂ ਇਸ ਤੇ ਸਮਝੀ ਗੱਲ। ਜਿਸ ਪਰ ਮਾਰ ਲਈ ਹੈ ਮੱਲ?
ਪਿਆ ਫੁੱਲਦਾ ਕਰ ਕਰ ਬਾਤਾਂ। ਦੱਸ ਦੱਸ ਕਰਕੇ ਕਰਮਾਤਾਂ॥
ਵੱਡੇ ਵੱਡੇ ਭੂਚਾਲ ਲਿਆਏ। ਪਰਬਤੁ ਭੀ ਤੁਮ ਚੁੱਕ ਉਡਾਏ॥
ਫੇਰ ਸਮੁੰਦਰ ਚਾਇ ਉਛਾਲੇ। ਭਰ ਗਈ ਧਰਤੀ ਨਦੀਆਂ ਨਾਲੇ॥
ਸਭ ਕੁਛ ਹੈ ਗੱਲੀ ਕਰ ਦਿੱਤਾ। ਪਰ ਕੁਛ ਪਤਾ ਏਸ ਦਾ ਲਿੱਤਾ॥
ਉਸ ਵੇਲੇ ਦਾ ਕੋਈ ਪਹਾੜ। ਜੋ ਦੇਵੀ ਨੇ ਧਰਾ ਉਖਾੜ?

ਦੇਖਯਾ ਹੈ ਤੈਂ ਅੱਖੀਂ ਜਾਕੇ। ਅਰ ਸੋਚਿਆ ਹੈ ਮਨ ਅਜਮਾਕੇ?
ਫੇਰ ਸਮੁੰਦਰ ਜੋ ਉਛਲਾਏ। ਜੋ ਸਨ ਤਿਨਾਂ ਗਰਾਉਂ ਡੁਬਾਏ॥
ਹਨ ਉਹ ਕਿਤੇ ਦਿਖਾਈ ਦੇਦੇ। ਜਿੱਥੇ ਨਹੀਂ ਮਨੁੱਖ ਬਸੇਦੇ॥
ਫਿਰ ਭੂਚਾਲ ਤਦੋਂ ਜੋ ਆਏ। ਜਿਸ ਤੇ ਚੌਦਾਂ ਲੋਗ ਕੰਬਾਏ॥
ਕੋਈ ਦੱਸ ਨਸ਼ਾਨੀ ਤਿਸ ਦੀ। ਕਰੀ ਭੂਚਾਲਾਂ ਦੁਰਗਤ ਜਿਸਦੀ॥
ਜੇ ਨਸ਼ਾਨ ਇਹ ਢੂੰਡੇ ਭਾਈ। ਇੱਕ ਨ ਤੈਨੂੰ ਮਿਲਸੀ ਕਾਈ॥
ਦੋ ਸੈ ਸਾਲਾਂ ਦੀ ਇਹ ਬਾਤ। ਨਹੀਂ ਜੁੱਗ ਬੀਤੇ ਬਹੁ ਭ੍ਰਾਤ॥
ਫਿਰ ਕਯੋਂ ਨਹੀਂ ਨਸ਼ਾਨੀ ਕੋਈ। ਓਸ ਸਮਯ ਦੀ ਦਿੱਸੇ ਜੋਈ॥
ਜਦ ਦੇਵੀ ਨੇ ਬੱਲ ਦਿਖਲਾਏ। ਜੜ੍ਹ ਥੋਂ ਪੁੱਟ ਪਹਾੜ ਵਗਾਏ॥
ਕਿਆ ਕੋਈ ਓਹ ਹੈ ਉਸ ਜਾਗਾ। ਪਿਆ ਚਿੱਤ ਜਿਉਂ ਖੇਤ ਸੁਹਾਗਾ॥
ਫੇਰ ਸਮੁੰਦਰ ਜਦ ਉਛਲਾਏ। ਕੇਹੜੇ ਨੱਗਰ ਉਨ੍ਹਾਂ ਡੁਬਾਏ॥
ਜੇ ਹੈਂ ਤਾਂ ਤੂੰ ਚੱਲ ਦਿਖਾਓ। ਏਸੇ ਵੇਲੇ ਦੇਰ ਨ ਲਾਓ॥
ਇੱਕ ਨਦੀ ਉਛਲੀ ਨਹਿੰ ਮਾਨ। ਲਿਆ ਦਿੰਦੀ ਹੈ ਚੁੱਕ ਤੁਫ਼ਾਨ॥
ਜਿੱਥੇ ਅਪਨਾਂ ਵਹਿਨ ਵਗਾਏ। ਸਦੀਆਂ ਤੀਕਰ ਨਾਹਿੰ ਮਿਟਾਏ॥
ਫਿਰ ਜਦ ਸੱਤ ਸਮੁੰਦਰ ਹੱਲੇ। ਉਛੱਲ ਕੇ ਕੰਢਿਆਂ ਤੇ ਚੱਲੇ॥
ਦੱਸ ਉਨ੍ਹਾਂ ਨੇ ਕੇਹੜਾ ਦੇਸ। ਡੋਬ ਦਿਖਾਇਆ ਜਗਤ ਕਲੇਸ਼॥
ਇੱਕ ਨਸ਼ਾਨੀ ਜੇ ਤੂੰ ਦੱਸੇਂ। ਅਪਨੀ ਆਖੀ ਥੋਂ ਨਹਿੰ ਨੱਸੇਂ॥
ਤਾਂ ਮੈਂ ਕਰ ਜਾਵਾਂ ਇਤਬਾਰ। ਦੁਰਗਾ ਪਰ ਜਾਵਾਂ ਬਲਿਹਾਰ॥
ਪਰ ਜੋ ਸੁਖਾ ਸਿੰਘ ਸੁਨਾਈ। ਸੋ ਸਭ ਮਿਥਯਾ ਧੂਮ ਮਚਾਈ॥
ਮਨ ਭਾਵਤ ਰਚ ਦਈ ਕਹਾਣੀ। ਪਿਆ ਰਿੜਕਿਆ ਬੈਠੇ ਪਾਣੀ॥
ਜੇ ਤੂੰ ਸਿਰ ਦੇ ਵਿੱਚ ਪਿਆਰੇ। ਥੋੜੀ ਜੇਹੀ ਅਕਲ ਵਿਚਾਰੇ॥
ਤਾਂ ਸਮਝੇਗਾ ਸੱਭੋ ਹਾਲ। ਸਮਝਨ ਵਾਲੀ ਬੁੱਧੀ ਨਾਲ॥
ਦੋ ਸੈ ਸਾਲ ਕੁੱਲ ਹੈ ਹੋਇਆ ਗਿਣ ਕੇ ਦੇਖ ਨ ਕੁਝ ਲਕੋਇਆ॥
ਜਿਸ ਤੇ ਅੱਜ ਤੀਕ ਗੁਰ ਕੇਰੇ। ਮਿਲਨ ਨਸ਼ਾਨ ਸਕਲ ਜਗ ਹੇਰੇ॥
ਖੜੇ ਮਕਾਨ ਨਜ਼ਰ ਜੋ ਆਉਨ। ਦੇਖ ਸਿੱਖ ਜਿਨ ਸੀਸ ਨਿਵਾਉਨ॥
ਜਾਨ ਨਸ਼ਾਨੀ ਜਿਸ ਗੁਰ ਕੇਰੀ। ਦਰਬ ਜਾਤ ਦਿਲ ਹੈ ਬਿਨ ਦੇਰੀ॥
ਭੂਖਨ ਬਸਤ੍ਰ ਚੰਗੇ। ਦੇਖ ਜਿਨਾਂ ਮਤ ਹੈਤ ਉਮੰਗੇ॥
ਅਜੇ ਤੀਕ ਉਹ ਭੰਗ ਨ ਹੋਏ। ਨਾਂ ਲੁਕਦੇ ਹਨ ਕਿਸੇ ਲੁਕੋਏ॥
ਵਿੱਚ ਲਾਹੌਰ ਅਜਾਇਬ ਘਰ ਮੈਂ। ਜਾਕੇ ਦੇਖ ਅਗੇਰੇ ਦਰ ਮੈਂ॥
ਦੋ ਤੋਪਾਂ ਦਾ ਦਰਸ਼ਨ ਹੋਇ। ਲਿਖਯਾ ਦੇਖ ਉਨ੍ਹਾਂ ਪਰ ਜੋਇ॥
ਹੈ ਯਹ ਗੁਰੂ ਦਸਮ ਦੇ ਘਰ ਦੀ। ਦਰਸ਼ਨ ਜਾਇ ਖਲਕ ਤਿਨ ਕਰਦੀ॥
ਐਸੀ ਵਸਤਾਂ ਹੋਰ ਦਿਖਾਉਨ। ਫਿਰ ਪਹਾੜ ਕਿਉਂ ਨਜ਼ਰ ਨ ਆਉਨ॥

ਦੇਖ ਸਰਹੰਦ ਜਾਇਕੇ ਖੋਲੇ। ਸਮਝ ਲਏਂਗਾ ਬਿਨ ਹੀ ਬੋਲੇ॥
ਓਸ ਸਮੇਂ ਦੀ ਏਹ ਨਸ਼ਾਨੀ। ਅੱਜ ਤੀਕ ਨਾਹੀਂ ਕੁਛ ਛਾਨੀ॥
ਗੁਰ ਅਰ ਗੁਰ ਦੇ ਸਿੰਘਾਂ ਕੇਰੇ। ਪਏ ਨਸ਼ਾਨ ਅੱਜ ਤਕ ਹੇਰੇ॥
ਪਰ ਦੁਰਗਾ ਦੀ ਏਡੀ ਭਾਰੀ। ਇੱਕ ਨਸ਼ਾਨੀ ਨਹੀਂ ਵਿਚਾਰੀ॥
ਫਿਰ ਜਦ ਚੌਦਾਂ ਭਵਨ ਹਲਾਏ। ਵਡੇ ਵਡੇ ਭੂਚਾਲ ਦੁਆਏ॥
ਉਸ ਵੇਲੇ ਦਾ ਜੋ ਥਰਥੱਲ। ਕਿਆ ਤੈਂ ਸੁਣੀ ਕਿਸੇ ਤੇ ਗੱਲ॥
ਫਿਰ ਗੁਰੂ ਦੇ ਚਰਤ ਅਪਾਰੇ। ਅਰ ਬੰਦੇ ਦੇ ਕਰੇ ਪਵਾਰੇ॥
ਮੁੱਸਲਮਾਂਨਾਂ ਲਿਖੇ ਬਨਾਈ। ਜੋ ਕੁਛ ਸਿਤਮ ਕਰੇ ਤਿਨ ਭਾਈ॥
ਪਰ ਦੁਰਗਾ ਦਾ ਭੜਥੂ ਪਾਨਾ। ਕਿਸੇ ਨ ਲਿਖਯਾ ਦੇਖ ਨਦਾਨਾ॥
ਰਾਮਚੰਦ੍ਰ ਦਾ ਪੁਲ ਬੰਧਵਾਨਾ। ਉਸ ਪਰ ਦੀ ਹੋ ਲੰਕਾ ਜਾਨਾ॥
ਵਿੱਚ ਰੁਮਾਇਣ ਲਿਖਿਆ ਜੋਈ। ਜਾਕੇ ਦੇਖ ਹੁਮੇਸ਼ਰ ਸੋਈ॥
ਪਰ ਸੁਖਾ ਸਿੰਘ ਜੋ ਲਿਖ ਦੀਨਾ। ਉਸ ਦਾ ਨਾਮ ਨਸ਼ਾਨ ਕਿਤੀ ਨਾ॥
ਫਿਰ ਇੱਕ ਊਚਾ ਕਹਨ ਗਰਾਉਂ। ਹੋਰ ਸੰਘੋਲ ਓਸ ਦਾ ਨਾਉਂ॥
ਲੁਦਿਹਾਨੇ ਦੇ ਜ਼ਿਲੇ ਮਝਾਰਾ। ਸਮਰਾਲਾ ਤਹਸੀਲ ਨਿਹਾਰਾ॥
ਕਿਸੇ ਸਮੇਂ ਉਹ ਸਾਰਾ ਪਿੰਡ। ਉਲਟ ਗਿਆ ਸਾ ਵਾਂਗੁਰ ਟਿੰਡ॥
ਨਾਲ ਭੂਚਾਲ ਗਰਕ ਹੋ ਗਿਆ। ਦੇਖ ਜਾਇ ਓਸਾ ਹੀ ਪਿਆ॥
ਅੱਜ ਤੀਕ ਸਭ ਲੋਗ ਸੁਨਾਉਨ। ਇੱਕ ਨਾਰ ਦਾ ਜ਼ੁਲਮ ਬਤਾਉਨ॥
ਜੋ ਸੌਕਨ ਦੇ ਪੁਤ੍ਰਾਂ ਨਾਲ। ਕੀਤਾ ਸਾ ਉਸ ਨਾਰ ਛਨਾਲ॥
ਆਖਨ ਦੇਖ ਕੰਬ ਧਰ ਗਈ। ਨਿੱਘਰ ਸਾਰੀ ਨਗਰੀ ਗਈ॥
ਜੇ ਕੋਈ ਦੁਰਸੀਸ ਸੁਨਾਵੇ। ਕਹੇ ਸੰਘੋਲ ਹਾਈ ਤੁਹ ਆਵੇ॥
ਦੇਖ ਅੱਜ ਤਕ ਜਾਨਨ ਸਾਰੇ। ਕਰਨ ਯਾਦ ਉਸ ਨਰ ਅਰ ਨਾਰੇ॥
ਪਰ ਉਹ ਪਰਬਤ ਨਜ਼ਰ ਨ ਆਏ। ਜੋ ਦੇਵੀ ਸੇ ਤਦੋਂ ਉਡਾਏ॥
ਹੋਰ ਸਮੁੰਦ੍ਰ ਉਛੱਲ ਜਾਨ। ਐਸਾ ਆਵੇ ਵਡਾ ਤੁਫਾਨ॥
ਫਿਰ ਉਸ ਦਾ ਕੋ ਪਤਾ ਨ ਦੱਸੇ। ਸੱਗੋਂ ਸੁਨਕੇ ਖਿੜ ਖਿੜ ਹੱਸੇ॥
ਕਿਉਂ ਤੈਂ ਸੱਚਾ ਇਸ ਨੂੰ ਮੰਨਯਾ। ਠੀਕ ਅਕਲ ਦਾ ਭਾਂਡਾ ਭੰਨਯਾ।੨੨੨॥

## ਦੋਹਿਰਾ

ਹੇਠਾਂ ਬੈਠੇ ਬਿੱਪਰ ਨੂੰ ਲੱਗੀ ਖਬਰ ਨ ਕੋਇ।
ਅਰ ਸਿੱਖਾਂ ਨੂੰ ਸੁੱਧ ਨਾਂ ਕੀ ਕੁਛ ਉਪਰ ਹੋਇ।੨੨੩॥
ਕੰਬੇ ਚੌਦਾਂ ਲੋਗ ਜਦ ਨਾਲ ਭੂਚਾਲਾਂ ਖੂਬ।
ਪਤਾ ਨ ਲੱਗਾ ਪਾਸ ਦਿਆਂ ਹੈ ਇਹ ਬਡਾ ਅਜੂਬ।੨੨੪॥

## ਦਵੈਯਾ

ਜਦ ਸਤਿਗੁਰ ਜੀ ਪਰਬਤ ਉਤੋਂ ਹੇਠਾਂ ਉੱਤ੍ਰ ਆਏ। ਤਦ ਉਸ ਬਿੱਪਰ ਗੁਰ ਜੀ ਪਾਸੋਂ ਪੁੱਛੇ

ਭੇਦ ਸਵਾਏ॥ ਜੋ ਇਹ ਗੱਲ ਹੋਵੰਦੀ ਸੱਚੀ ਤਾਂ ਸਭ ਡਰਕੇ ਕਹਿੰਦੇ। ਇਸ ਜਾਗਾ ਪਰ ਪਰਬਤ ਉਡਦੇ ਅਸੀਂ ਨ ਏਥੇ ਰਹਿੰਦੇ।੨੨੫॥ ਸਾਨੂੰ ਝਾਂਜੇ ਮਾਰ ਮੁਕਾਇਆ ਫਿਰ ਭੂਚਾਲ ਸਤਾਂਦੇ। ਜਿਸ ਤੇ ਗੁਰ ਜੀ ਅਸੀਂ ਦੁਖੀ ਹੋ ਐਥੋਂ ਘਰ ਨੂੰ ਜਾਂਦੇ। ਸੱਗੋ ਉਹ ਤਾਂ ਗੁਰ ਨੂੰ ਪੁੱਛਨ ਹੇ ਪ੍ਰਭ ਜੀ ਕੀ ਹੋਇਆ। ਜਿਸ ਨੂੰ ਸੁਨਕੇ ਮੰਨ ਲਿਆ ਜੋ ਸ੍ਰੀ ਮੁਖ ਆਪ ਬਗੋਇਆ।੨੨੬॥ ਕੋਈ ਸਿੰਘ ਅਨੰਦਪੁਰੀ ਦਾ ਮੂਲ ਨ ਪਤਾ ਬਤਾਏ। ਇਸ ਜਾਗਾਤੇ ਪਰਬਤ ਸੋ ਤਦ ਕਾਲੀ ਚੁੱਕ ਉਡਾਏ। ਫਿਰ ਭੂਚਾਲ ਨ ਦੱਸੋ ਕੋਈ ਨਾਂ ਝੱਖੜ ਨਾ ਝਾਂਜਾ॥ ਏਹੋ ਜੇਹਾ ਸਮਾਂ ਭਿਆਨਕ ਸੀ ਸਭਨਾਂ ਨੂੰ ਸਾਂਝਾ।੨੨੭॥ ਜੇ ਕੁਛ ਓਸ ਸਮਯ ਵਿੱਚ ਹੁੰਦਾ ਏਡਾ ਭਾਰੀ ਸਾਕਾ। ਵਿੱਚ ਤੁਫਾਨ ਮੁਲਕ ਦੇ ਲਿਆਕੇ ਦੁਰਗਾ ਦਿੱਤਾ ਝਾਕਾ॥ ਤਾਂ ਇਹ ਜਗ੍ਹਾ ੨ ਪਰ ਤੁਰਦੀ ਚਾਇ ਹਕੀਕਤ ਸਾਰੀ। ਜਿਸ ਤੇ ਏਹੋ ਜੇਹੀ ਨਾ ਸੀ ਹੋਰ ਬਾਤ ਤਦ ਭਾਰੀ।੨੨੮॥ ਫਿਰ ਜੋ ਕਾਲਾ ਰੰਗ ਓਸਦਾ ਗਲ ਮਹਿ ਸਿਰ ਲਟਕਾਏ। ਹਥਾਂ ਦੇ ਵਿੱਚ ਖੱਪਰ ਲੀਤਾ ਫੇਰ ਨਾਗ ਲਪਟਾਏ॥ ਮੂੰਹ ਦੇ ਵਿੱਚੋਂ ਅੱਗ ਨਿਕਾਲੇ ਅੱਖੀਂ ਕੱਢ ਡਰਾਵੇ॥ ਕਿਆ ਇਹ ਸ਼ੋਭਾ ਦੇਂਦੀ ਸੀ ਜੋ ਐਸੀ ਬਣਕੇ ਆਵੇ।੨੨੯॥ ਇਹ ਤਾਂ ਘੋਰੀ ਲੋਗ ਨੀਚ ਜੋ ਖੱਪਰ ਦੇ ਵਿੱਚ ਖਾਂਦੇ। ਜਿਨ ਕੋ ਦੇਖ ਪਵਿੱਤ੍ਰ ਮਾਨਸ ਪਰੇ ਪਰੇ ਦੁਰਕਾਂਦੇ॥ ਫਿਰ ਜੋ ਦੰਦ ਕੱਢਕੇ ਆਈ ਵਾਂਗ ਹੱੜਪੋ ਡਾਇਨ। ਸੀ ਦੇਵੀ ਉਹ ਦਿੱਵ ਰੂਪ ਕੇ ਮਾਨਸ ਭੱਖ ਕਸਾਇਨ।੨੩੦॥ ਸੱਪਾਂ ਬਿਨਾਂ ਨ ਸੀ ਉਹ ਸੁਹੰਦੀ ਕਿਆ ਸੀ ਓਹ ਸੁਪੈਲੀ। ਜਿਸਤੇ ਕਾਲ ਕਲੂਤ੍ਰ ਜੇਹੀ ਆਈ ਮੈਲ ਕੁਚੈਲੀ।੨੩੧॥ ਭੈੜੇ ਤੇ ਭੈੜਾ ਭੀ ਭਾਈ ਜਦ ਮਿਲਨੇ ਨੂੰ ਜਾਂਦਾ। ਤਦ ਉਹ ਜਿੱਥੋਂ ਤੀਕਰ ਹੁੰਦਾ ਅੱਛਾ ਵੇਸ ਬਨਾਂਦਾ। ਪਰ ਓਹ ਠੂਠੇ ਅਤੇ ਪਿਆਲੇ ਲੈਕੇ ਨੱਸੀ ਆਈ। ਕਿਆ ਉਸ ਨੂੰ ਸੀ ਓਥੇ ਗੁਰ ਨੇ ਖਿਚੜੀ ਚਾਇ ਪਕਾਈ। ਜਗ ਦੀ ਨਾਰਾਂ ਵਡੀ ਗੁਵਾਰਾਂ ਭਾਵੇਂ ਦੁੱਖ ਸਹਾਰਨ। ਪਰ ਉਹ ਜਾਇ ਕਿਸੇ ਦੇ ਸਨਮੁਖ ਐਸਾ ਰੂਪ ਨ ਧਾਰਨ।੨੩੨॥ ਇਹ ਈਸ਼ੂਰ ਦੀ ਨਾਰ ਵਿਚਾਰੀ ਜੋ ਸਭਨਾਂ ਦੀ ਅੰਸਾਂ॥ ਕਿਉਂ ਗੁਰ ਜੀ ਦੇ ਸਨਮੁਖ ਦੱਸਿਆ ਅਪਨਾ ਰੂਪ ਨਿਕੰਮਾਂ॥ ਤਾਂਤੇ ਏਹ ਬਨਾਵਟ ਭਾਈ ਮੂਰਖ ਲੋਗਾਂ ਗਾਈ। ਜਿਸ ਨੂੰ ਸੁਣਕੇ ਸੁਖਾ ਹਰਿ ਨੇ ਚੌਗੁਨ ਚੁੱਕ ਬਨਾਈ।੨੩੩॥ ਫਿਰ ਤਿਨ ਪ੍ਰਗਟ ਹੋਕੇ ਪੁੱਛਿਆ ਗੁਰ ਜੀ ਤੇ ਕੀ ਮੰਗੇ। ਕਿਆ ਉਹ ਅੰਤ੍ਰਯਾਮੀ ਨਾ ਸੀ ਕਹਿੰਦੀ ਆਪ ਨਸੰਗੇ॥ ਮੈਂ ਤੁਮਰੇ ਮਨ ਦੀ ਸਭ ਜਾਣਾਂ ਪੰਥ ਬਨਾਓ ਜਾਕੇ। ਕਿਉਂ ਨਾ ਉਸ ਨੇ ਭੇਦ ਪਛਾਣਿਆ ਸਗੋਂ ਪੁੱਛਿਆ ਆਕੇ।੨੩੪॥ ਸ੍ਰੀ ਮੁਖ ਤੇ ਸ੍ਰੀ ਸਤਿਗੁਰ ਜੀ ਨੇ ਇੱਕ ਨ ਵਾਕ ਉਚਾਰਾ। ਮਨ ਦਾ ਗੰਢ ਤੁਪੁ ਗੁਰ ਮਗਰੋ ਕੀਤਾ ਲੋਕਾਂ ਸਾਰਾ। ਇੱਕ ਸਦੀ ਦੇ ਮਗਰੋਂ ਆਕੇ ਏਹੁ ਕਹਾਣੀ ਜੋਈ। ਸੁਨਕੇ ਸੁਖਾ ਸਿੰਘ ਬਨਾਈ ਜਿਤਨੀ ਉਸ ਥੋਂ ਹੋਈ।੨੩੫॥ ਫਿਰ ਜੋ ਆਖੀ ਗੁਰ ਨੇ ਮੰਗਿਆ ਉਸ ਥੋਂ ਧਨ ਅਨਮਿੱਤਾ। ਜਿਸ ਪਰ ਵਰ ਦੇ ਓਸ ਸਮਯ ਸੀ ਸੋਈ ਤਿਸ ਨੇ ਦਿੱਤਾ॥ ਇਸ ਨੂੰ ਭੀ ਸੁਣ ਹਾਸੀ ਆਵੇ ਕਿਆ ਹੈ ਖੇਲ ਬਨਾਈ। ਨੌ ਨਿਧ ਦੇਣੇ ਵਾਲੀ ਮਾਈ ਖੱਪਰ ਲੈਕੇ ਆਈ।੨੩੬॥ ਆਪ ਮੰਗ ਕੇ ਲੋਹੂ ਪੀਂਦੀ ਝੋਟੇ ਖਾਵੇ। ਨੂਣ ਮ੍ਰਿਚ ਅਰ ਹੋਰ ਮਸਾਲਾ ਜਿਸ ਨੂੰ ਹੱਥ ਨ ਆਵੇ॥ ਕਾਂਸੀ ਅਰ ਪਿੱਤਲ ਦਾ ਛੰਨਾ ਜਿਸ ਨੂੰ ਜੁੜੇ ਨ ਕੋਈ। ਦੂਸਰਿਆਂ ਨੂੰ ਦਾਤੀ ਸੀ ਉਹ ਨੌਨਿਧ ਦੀ ਚਾ ਹੋਈ।੨੩੭॥

## ਦੋਹਿਰਾ

ਬਾਤੋਂ ਏਹੁ ਬਤੁੰਗੜਾ ਚੁੱਕ ਬਨਾਇਆ ਜੋਇ।
ਸੋ ਅਗਯਾਨੀ ਜਨਾਂ ਨੇ ਗੁਰ ਨੂੰ ਲੇਪ ਨ ਕੋਇ।੨੩੮॥
ਤਾਂ ਤੇ ਮਨ ਮਹਿ ਸਮਝ ਤੂੰ ਹੈ ਇਹ ਸੱਭ ਤੁਫਾਨ।
ਜੋ ਲੋਗਾਂ ਨੇ ਗੁੰਦਿਆ ਮੰਨ ਗਏ ਅਣਜਾਨ।੨੩੯॥
ਕਲਗੀਧਰ ਜਗ ਦੂਖ ਹਰ ਕਰਾ ਪਖੰਡਨ ਨਾਸ।
ਤਿਨ ਸੇ ਐਸੇ ਕੰਮ ਦੀ ਮੂਲ ਨ ਕੀਜੇ ਆਸ।੨੪੦॥
ਬਿਨ ਅਕਾਲ ਤੇ ਦੂਸਰਾ ਨਹਿ ਮਾਨਤ ਗੁਰ ਦੇਵ।
ਫਿਰ ਕਿਸ ਦੇਵੀ ਦੇਵ ਦੀ ਕਰਤ ਭਲਾ ਉਹ ਸੇਵ।੨੪੧॥

ਭਾਵ:- ਸਭ ਤੇ ਪਹਲਾਂ ਗੁਰ ਬਿਲਾਸ ਭਾਈ ਸੁੱਖਾ ਸਿੰਘ ਦਾ ਹੀ ਹੈ ਅਰ ਇਹ ਦੇਵੀ ਵਾਲਾ ਕਿੱਸਾ ਭੀ ਪਹਲੇ ਓਸੇ ਨੇ ਹੀ ਬਣਾ ਕੇ ਲਿਖਯਾ ਹੈ, ਜਿਸ ਦੇ ਲਿਖਨੇ ਵਿੱਚ ਉਸ ਦਾ ਇਹ ਤਾਤਪ੍ਰਜ ਸਾ ਕਿ ਜਦ ਇਹ ਸਾਬਤ ਕੀਤਾ ਜਾਏਗਾ ਕਿ ਗੁਰੂ ਜੀ ਨੇ ਕਲਯੁਗ ਦੇ ਸਮਯ ਵਿੱਚ ਜਦ ਕਿਸੇ ਦੀ ਸਮਰੱਥਾ ਨਹੀਂ ਸੀ ਤਦ ਦੇਵੀ ਪ੍ਰਗਟ ਕਰ ਲੀਤੀ। ਇਸ ਵਾਸਤੇ ਲੋਗ ਗੁਰੂ ਜੀ ਨੂੰ ਕਰਾਮਾਤੀ ਸਮਝਨਗੇ ਜਿਸ ਤੇ ਉਸ ਨੇ ਜੋ ੨ ਅਪਨੇ ਖਿਆਲ ਵਿੱਚ ਆਇਆ ਸੋਈ ਵਧਾ ਵਧਾ ਕੇ ਲਿਖ ਦਿੱਤਾ॥

ਪਰੰਤੂ ਇਹ ਗੁਰ ਬਲਾਸ ਗੁਰੂ ਜੀ ਦੇ ਜੋਤੀ ਜੋਤ ਸਮਾਉਨ ਥੋਂ ਇੱਕ ਸੌ ਸਾਲ ਮਗਰੋਂ ਬਨਿਆਂ ਹੈ, ਇਸ ਤੇ ਦੇਖ ਸਕੀਦਾ ਹੈ ਕਿ ਭਾਈ ਸੁੱਖਾ ਸਿੰਘ ਨੇ ਇਹ ਕਿੱਸਾ ਨਾ ਅਪਨੀ ਅੱਖੀਂ ਦੇਖਿਆ ਅਰ ਨਾ ਉਸ ਸਮਯ ਦੇ ਕਿਸੇ ਪੁਰਖ ਤੇ ਹੀ ਪੂਰਾ ੨ ਹਾਲ ਸੁਨਿਆਂ। ਇਸੇ ਤਰ੍ਹਾਂ ਨਾ ਕਿਸੇ ਪੁਸਤਕ ਵਿੱਚੋਂ ਹੀ ਉਸ ਨੇ ਨਕਲ ਕੀਤਾ ਕਿੰਤੂ ਇਹ ਸਾਰਾ ਅਗਿਆਨੀ ਆਦਮੀਆਂ ਦੇ ਕਥਨ ਅਤੇ ਅਪਨੇ ਮਨ ਦੇ ਖਿਆਲ ਦਾ ਹੀ ਪ੍ਰਤਾਪ ਸਾ, ਇਸ ਵਾਸਤੇ ਇਹ ਕੋਈ ਸ੍ਰਧਾ ਦੇ ਯੋਗ ਨਹੀਂ ਹੈ, ਕਿੰਤੂ ਸ੍ਰਧਾ ਦੇ ਯੋਗ ਓਹੋ ਹੋ ਸਕਦਾ ਹੈ ਜੋ ਬਾਣੀ ਵਿੱਚ ਗੁਰੂ ਜੀ ਦਾ ਸਿਧਾਂਤ ਹੈ॥

# ਸੂਰਜ ਪ੍ਰਕਾਸ਼ ਦਾ ਸੰਖੇਪ

## ਸਵੈਯਾ

ਅਘ ਓਘ ਧਰਾ ਪਰ ਫੈਲ ਗਏ ਦੁਖ ਪਾਇ ਰਹੇ ਜਗ ਜੀਵ ਅਪਾਰਾ। ਚਵਗੱਤ ਬਿਪੱਤ ਕੁਮੱਤ ਮਹਾਂ ਹਤ ਨੀਤ ਅਨੀਤ ਵਿਖੇ ਮਨ ਡਾਰਾ॥ ਤਜ ਏਕ ਅਕਾਲ ਅਰਾਧਨ ਕੋ ਮਟ ਗੋਰ ਮੜੀ ਜਗ ਪੂਜਤ ਸਾਰਾ। ਇਨ ਦੋਖਨ ਮੂਲ ਉਪਾਰਨ ਕੋ ਕਲਗੀਧਰ ਨੇ ਕਲ ਮੈਂ ਤਨ ਧਾਰਾ।੧॥ ਜਬ ਆਇਸ ਆਪ ਅਕਾਲ ਦਈ ਕਹਕੇ ਸਿੱਖ ਜੋ ਜਗ ਕੋ ਸੁਖਦਾਈ। ਕਰ ਕਾਰਜ ਜਾ ਧਰ ਪੂਤ ਅਬੈ ਹਤੁ ਦੁੰਦ ਸਬੈ ਇਮ ਆਇਸ ਗਾਈ॥ ਸਜ ਪੰਥ ਕੁਪੰਥਨ ਮਾਤ ਕਰੋ ਫਲ ਹੈ ਤਬ ਪੁੰਨਨ ਵੇਲ ਸਵਾਈ। ਵਹੁ ਬਾਤ ਕਰੋ ਮਮ ਆਇਸ ਤੇ ਜਗ ਜੋ ਨਹਿ ਔਰਨ ਤੇ ਬਨ ਆਈ।੨॥ ਵਹੁ ਆਇਸ ਮਾਨ ਪ੍ਰਭੂ ਪ੍ਰਭ ਕੀ ਧਰ ਆਇ ਕਰੇ ਬਹੁ ਭਾਂਤ ਅਖਾਰੇ। ਕਰ ਮੈਂ ਧਨ ਧਾਰ ਕਠੋਰ ਮਹਾਂ ਰਣ ਮੈਂ ਦੁਰ ਜਾਨਕੇ ਝੁੰਡ ਬਿਦਾਰੇ॥ ਪੁਨ

ਵਾਇਕ ਸਾਇਕ ਸੰਗ ਸਭੀ ਮਤ ਜੋਇ ਪਖੰਡ ਅਮੰਡ ਨਿਵਾਰੇ। ਬਿਨ ਏਕ ਅਕਾਲ ਨ ਔਰ ਲਖਾ ਪੁਨ ਪੂਰਨ ਵਾਕ ਕਰੇ ਤਬ ਸਾਰੇ॥੩॥

### ਦੋਹਿਰਾ

ਐਸੇ ਪੂਰਨ ਪੁਰਖ ਮਹਿ ਨਰ ਅਗਯਾਨੀ ਜੋਇ।
ਦੇਵੀ ਆਦਿਕ ਪੂਜਨਾ ਕੋਖ ਲਗਾਵਤ ਸੋਇ॥੪॥

### ਚੌਪਈ

ਸੁਖਾ ਸਿੰਘ ਚਰਿਤ ਗੁਰ ਕੇਰੇ। ਜੋ ਗੁਰ ਗ੍ਰੰਥ ਮਾਂਹਿ ਸੇ ਹੇਰੇ॥
ਸੋ ਸਭ ਕਹੇ ਬੁਧਿ ਅਨੁਸਾਰਾ। ਨਿਯੂਨ ਅਧਕ ਕਰਕੇ ਵਿਸਥਾਰਾ॥
ਪਰ ਦੇਵੀ ਦੀ ਗਾਥਾ ਸਾਰੀ। ਨਹੀਂ ਗ੍ਰੰਥ ਜੂ ਮਾਂਹਿ ਨਿਹਾਰੀ॥
ਯਹ ਪਾਮਰ ਜਾਨਤੇ ਸੁਨ ਲੀਨੀ। ਐਸੇ ਦੇਵੀ ਪ੍ਰਗਟ ਕੀਨੀ॥
ਉਸ ਰਾਈ ਕਾ ਕਰਾ ਪਹਾੜ। ਏਕ ਚੋਰ ਸੇ ਬਨ ਗਈ ਧਾੜ॥
ਲਿਖਯਾ ਦੇਖ ਗ੍ਰੰਥ ਤਿਸ ਮਾਹੀਂ। ਕਹਤ ਲੋਗ ਮਿੱਥਯਾ ਕੁਛ ਨਾਹੀਂ॥
ਪਰ ਗੁਰਮਤ ਨਹਿ ਮੂੜ ਕਰ ਦੇਖਾ। ਜਿਸ ਕਰ ਇਸ ਮਹਿ ਪਿਆ ਭੁਲੇਖਾ॥
ਜਿਸ ਤੇ ਲੋਗ ਸਕਲ ਮੁਖ ਗਾਵਤ। ਕਵਿ ਕੋ ਝੂਠ ਮੋਲ ਬਹੁ ਪਾਵਤ॥
ਤਾਂ ਤੇ ਸੱਤ ਕਰੋ ਪਰਤੀਤ ਗੁਰ ਕੀਨੀ ਨਹਿ ਕੋਇ ਅਨੀਤ॥
ਪੋਲ ਕਲਪਨਾ ਹੈ ਇਹ ਸਾਰੀ। ਜੋ ਸੁਖਾ ਮ੍ਰਿਗਿੰਦ ਉਚਾਰੀ॥੫॥

## ਦੁਰਗਾ ਭਗਤ

### ਦੋਹਿਰਾ

ਭਾਵੇਂ ਦੁਰਗਾ ਪੂਜਨਾ ਝੂਠਾ ਕਿਹਾ ਬਨਾਇ।
ਜਿਸ ਤੇ ਸੁਖਾ ਸਿੰਘ ਪਰ ਦਿੱਤਾ ਦੋਸ ਲਗਾਇ॥੬॥

### ਚੌਪਈ

ਕੱਲੇ ਸੁੱਖਾ ਸਿੰਘ ਵਿਚਾਰੇ। ਨਹੀਂ ਕਹੇ ਗੁਰ ਚਰਤ ਅਪਾਰੇ॥
ਹੋਰ ਕਵੀ ਜੋ ਗੁਰ ਘਰ ਦਾਸ। ਸੀ ਵਿਦਿਆ ਬੁੱਧਿ ਜਿਨ ਪਾਸ॥
ਤਿਨ ਭੀ ਇਹ ਦੁਰਗਾ ਕੀ ਕਥਾ। ਕਹੀ ਭਈ ਥੀ ਤਿਸ ਜਾ ਜਥਾ॥
ਜਿਸ ਪਰ ਸ਼ਰਧਾ ਕਰਨੀ ਬਨ ਹੈ। ਨਹੀਂ ਕਵੀ ਵਹੁ ਮਿੱਥਯਾ ਭਨ ਹੈ॥
ਦੇਖੋ ਜਾ ਸੂਰਜ ਪ੍ਰਕਾਸ਼। ਜਿਸ ਦੇ ਅੰਦਰ ਬਾਰਾਂ ਰਾਸ॥
ਦਸੋ ਗੁਰਨ ਕੀ ਕਥਾ ਰਸੀਲੀ। ਵਰਨੀ ਕਵਿ ਨੈ ਅਧਕ ਰੰਗੀਲੀ॥
ਸੰਤੋਖ ਸਿੰਘ ਗਿਆਨੀ ਵਡ ਭਾਗੀ। ਗੁਰ ਪਗ ਪ੍ਰੀਤ ਜਾਹਿ ਕੀ ਲਾਗੀ॥
ਜਿਨ ਸੂਰਜ ਪ੍ਰਕਾਸ਼ ਬਨਾਇਆ। ਮਹਾਂਭਾਰਤ ਸਿੱਖਾਂ ਦਾ ਗਾਇਆ॥
ਹੈ ਪਰਮਾਨਕ ਪੰਥ ਮਝਾਰੀ। ਸਭ ਮਾਨਤ ਤਾਂ ਕੋ ਅਧਕਾਰੀ॥
ਤਿਸ ਮਹਿ ਦੇਵੀ ਕਾ ਪ੍ਰਸੰਗ। ਕਿਹਿਆ ਕਵੀ ਨੇ ਸਾਥ ਉਮੰਗ॥
ਜਿਸ ਕੋ ਪੜ੍ਹ ਕਰ ਮਨ ਰੁਚ ਆਵੇ। ਪ੍ਰੇਮ ਪ੍ਰੇਮ ਦੁਰਗਾ ਮਹਿ ਲਾਵੇ॥

ਜੇ ਸੁਖਾ ਸਿੰਘ ਕਰਦਾ ਭੁੱਲ। ਅਰ ਨਿਸਚਾ ਜਾਂਦਾ ਉਸ ਡੁੱਲ॥
ਤਾਂ ਇਹ ਕਿਉਂ ਕਰਦਾ ਉਹ ਬਾਤ। ਜੋ ਗੁਰ ਜੀ ਹਿਤ ਨਹੀਂ ਸੁਹਾਤ॥
ਤਾਂਤੇ ਤੁਮਰੀ ਬਾਤ ਪਿਆਰੇ। ਨਹਿ ਆਵਤ ਮਨ ਮਾਂਹਿ ਹਮਾਰੇ॥
ਜਾਂ ਤੇ ਪੂਜ ਕਰੀ ਗੁਰ ਦੇਵਾ। ਲੀਨਾ ਵਰ ਕਰਕੇ ਤਿਸ ਸੇਵਾ॥੮॥

## ਦੋਹਿਰਾ

ਤਜ ਸੂਰਜ ਪ੍ਰਕਾਸ਼ ਨੂੰ ਤੇਰੀ ਮੰਨੇ ਬਾਤ।
ਪਾਨਾਂ ਬੀੜਾ ਸੁੱਟਕੇ ਪੱਤੇ ਚੱਬੇ ਆਕ॥੯॥
ਜਦ ਮੰਨੇ ਇਸ ਗ੍ਰੰਥ ਨੂੰ ਸਾਰਾ ਗੁਰ ਦਾ ਪੰਥ।
ਫਿਰ ਤੇਰੇ ਇਸ ਕਥਨ ਦੀ ਕੌਣ ਲਹੇਗਾ ਸੰਥ॥੯॥

# ਤੱਤ ਖਾਲਸਾ

## ਦੋਹਿਰਾ

ਜੈਸਾ ਸੁਖਾ ਸਿੰਘ ਦਾ ਤੈਂ ਸੁਨਿਆ ਹੈ ਹਾਲ।
ਏਹੋ ਹਰਿ ਸੰਤੋਖ ਦਾ ਮਨ ਦੇ ਅੰਦ੍ਰ ਭਾਲ॥੧੦॥

## ਦਵੈਯਾ

ਇਹ ਸੰਤੋਖ ਸਿੰਘ ਅਸਮਾਨੋਂ ਨਾ ਸੀ ਗਿਰਿਆ ਭਾਈ। ਅਰ ਨਾ ਦੇਵੀ ਪਾਸ ਏਸ ਦੇ ਦੱਸਨ ਨੂੰ ਸੀ ਆਈ। ਓਸੇ ਸੁੱਖਾ ਸਿੰਘ ਕਵਿ ਦੀ ਬਾਤ ਏ ਸੁਨ ਲੀਤੀ। ਫਿਰ ਅਪਨੇ ਉਨ ਵਿੱਚ ਗ੍ਰੰਥ ਦੇ ਜਾਕੇ ਚੌਗਨ ਕੀਤੀ॥੧੧॥ ਥੋੜਾ ਹੀ ਚਿਰ ਹੋਇਆ ਇਸ ਨੂੰ ਕੈਥਲ ਦੇ ਵਿੱਚ ਰਹਿਕੇ। ਇਹ ਸੂਰਜ ਪ੍ਰਕਾਸ਼ ਬਨਾਇਆ ਇੱਕ ਮੰਦ੍ਰ ਵਿੱਚ ਬਹਕੇ॥ ਸੀ ਉਹ ਚਤਰ ਕਵੀ ਵਡ ਚੰਗਾ ਛੰਦ ਰਚਨ ਦਾ ਢੰਗੀ। ਪਰ ਗੁਰਮਤ ਦੇ ਵੱਲ ਓਸ ਨੇ ਲਾਈ ਬਿਰਤ ਨ ਚੰਗੀ॥੧੨॥ ਥਾਨੇਸਰ ਪਤਿ ਭੂਪ ਓਸ ਦਾ ਬਹੁਤਾ ਆਦਰ ਕੀਨਾ। ਜੋ ਜੋ ਗ੍ਰੰਥ ਓਸ ਨੇ ਮੰਗਾ ਸੋਈ ਲਿਆ ਕਰ ਦੀਨਾ॥ ਕਈ ਲਿਖਾਰੀ ਪਾਸ ਓਸ ਦੇ ਰਹਨ ਹਮੇਸ਼ਾਂ ਚੰਗੇ। ਅਰ ਪਾਠਕ ਭੀ ਮਿਲ ਗਏ ਉਸ ਨੂੰ ਜਿਤਨੇ ਸੇ ਮੁਖ ਮੰਗੇ॥੧੩॥ ਪਟਿਆਲਾ ਨਾਭਾ ਜੀਂਦ ਪਤਿ ਤਿਸ ਕੋ ਧਨ ਵਡ ਦੀਆ। ਜਿਸ ਸੁਖ ਮਹਿ ਤਿਨ ਨਿਸਚਲ ਹੋਕਰ ਇਹ ਪੁਸਤਕ ਰਚ ਲੀਆ। ਛੋਟੀ ਛੋਟੀ ਬਾਤ ਓਸ ਨੇ ਕੀਤੀ ਲੰਬੀ ਚੌੜੀ। ਜਿੱਥੋ ਤੀਕਰ ਅਕਲ ਓਸ ਦੀ ਏਸ ਕੰਮ ਵਿੱਚ ਦੌੜੀ॥੧੪॥ ਜੇਹੜੀ ਗੱਲ ਗਿਣਨ ਉਹ ਲੱਗਾ ਛੱਡੀ ਨਾਂਹਿ ਅਧੂਰੀ। ਕਲਮ ਚਲਾਈ ਵਡੇ ਜ਼ੋਰ ਦੀ ਜਦ ਤਦ ਭਈ ਨ ਪੂਰੀ। ਜੇ ਭੋਜਨ ਕਰਨੇ ਪਰ ਲਿਖਿਆ ਤਾਂ ਸਭ ਨਿਮਕ ਵਿਸਾਰਾ। ਜੀਰਾ ਮਿਰਚਾਂ ਧਨੀਆਂ ਆਂਦਾ ਸਭ ਹੀ ਹੈ ਲਿਖ ਮਾਰਾ॥੧੫॥ ਗੱਲ ਕਾਸਦੀ ਛੱਡੀ ਨਾ ਉਨ ਬਾਕੀ ਬਾਤ ਕਿਸੇ ਦੀ। ਝੂਠੇ ਦੇ ਘਰ ਤਕ ਪਹੁੰਚਾਈ ਪੈਗਿਆ ਮਗਰ ਜਿਸਦੇ॥ ਇਸੇ ਤਰ੍ਹਾਂ ਇਹ ਦੇਵੀ ਵਾਲੀ ਜੋ ਹੈ ਕਥਾ ਪਿਆਰੇ। ਲੈਕੇ ਸੁਖਾ ਸਿੰਘ ਗ੍ਰੰਥ ਥੋਂ ਅਪਨੇ ਢੰਗੇ ਮਾਰੇ॥੧੬॥ ਤਾਂ ਤੇ ਉਹ ਭੀ ਦੱਸ ਅਸਾਨੂੰ ਕੀ ਇਸ ਵਿੱਚ ਹੈ ਕਹਿੰਦਾ। ਕੱਢ ਲਈ ਉਹ ਭਰਮ ਆਪਨਾ ਜੋ ਦਿਲ ਭੀਤਰ ਰਹਿੰਦਾ॥ ਸ਼ਾਇਦ ਉਸਦੇ ਵਿੱਚੋਂ ਭੀ ਤੂੰ ਕੱਢ ਸਚਾਈ ਲੇਵੇ। ਜਿਵੇਂ ਦੁੱਧ ਦੇ ਮੱਖਨ ਕੱਢਨ

ਛਾਛ ਦੂਰ ਕਰ ਦੇਵੇਂ।।੧੭।। ਤਿੱਤਰ ਮੁਰਗੇ ਬੋਲਨ ਤੇ ਭੀ ਬੁੱਝ ਸਿਆਣੇ ਲੈਂਦੇ। ਜੋ ਕੁਛ ਅਨੁਭਵ ਕਰਦੇ ਅਪਨਾਂ ਓਸੇ ਰਸਤੇ ਪੈਂਦੇ। ਫਿਰ ਕਿਆ ਉਸ ਮਾਨਸ ਦੇ ਕਥਨੋਂ ਕੱਢਨ ਨਾ ਸਚਿਆਈ। ਜੋ ਸੀ ਕਵੀ ਚਤਰ ਅਰ ਪਾਠਕ ਗ੍ਰੰਥ ਰਚੇ ਸੁਖਦਾਈ।।੧੮।।

### ਦੋਹਿਰਾ

ਤਾਂ ਤੇ ਖੋਲ੍ਹ ਸੁਨਾਇ ਦੇ ਕਿਆ ਸੂਰਜ ਪ੍ਰਕਾਸ਼।
ਇਸ ਵਿੱਚ ਚਮੁਕ ਦਿਖਾਇੰਦਾ ਕਰਕੇ ਬਚਨ ਬਿਲਾਸ।।੧੯।।
ਜਿਸ ਤੇ ਮੈਂ ਭੀ ਸਮਝਕੇ ਕਰਸਾਂ ਬਹੁਤ ਖਯਾਲ।।
ਕਿਆ ਸਬੂਤ ਉਸ ਨੇ ਦਏ ਕਿੱਥੋਂ ਆਂਦੇ ਭਾਲ।।੨੦।।

## ਦੁਰਗਾ ਭਗਤ

### ਦੋਹਿਰਾ

ਜੇ ਤੂੰ ਇਸ ਦੀ ਬਾਤ ਨੂੰ ਸੁਨ ਲੈਵੇ ਮਨ ਲਾਇ।
ਤਾਂ ਸਭ ਸੰਸ਼ਾ ਆਪ ਹੀ ਓਸੇ ਵੇਲੇ ਜਾਇ।।੨੧।।

### ਚੌਪਈ

ਸੁਨਕੇ ਸਾਰੀ ਕਥਾ ਪੁਨੀਤ। ਜੋ ਸੁਖਦਾਇਕ ਹੈ ਅਤਿ ਮੀਤ।।
ਕਰੈਂ ਬੰਦਨਾ ਦੇਵੀ ਮਾਤ। ਫੇਰ ਨ ਝੂਠੀ ਮਾਨੈ ਬਾਤ।।
ਆਪੇ ਪੂਜਨ ਕਰਨੇ ਜਾਵੈਂ। ਕਈ ਬੱਕਰੇ ਭੇਟ ਚੜ੍ਹਾਵੈਂ।।
ਅਰ ਜੋ ਤੈਂ ਇਤਨਾ ਹਠ ਕੀਆ। ਜਿਸ ਤੇ ਪਾਪ ਬੋਝ ਸਿਰ ਲੀਆ।।
ਇਸ ਦਾ ਕਰਸੈਂ ਪਸਚਾਤਾਪ। ਧੰਨਯ ੨ ਫਿਰ ਆਖੈਂ ਆਪ।।
ਸੋ ਤੈਨੂੰ ਮੈਂ ਕਰ ਸੰਖੇਪ। ਕਹਾਂ ਕਥਾ ਜੋ ਹੈ ਨਿਰਲੇਪ।।
ਹਰਿ ਸੰਤੋਖ ਬਤਾਈ ਐਸੇ। ਅਪਨੇ ਗ੍ਰੰਥ ਮਾਹਿੰ ਤਿਨ ਜੈਸੇ।।
ਜੋ ਸੁਣ ਲੈ ਅਪਨਾ ਮਨ ਲਾਕੇ। ਮੈਂ ਸੁਖ ਪਾਵਾਂ ਤੋਹ ਸੁਨਾਕੇ।।
ਜਦ ਸਤਿਗੁਰ ਜੂ ਤਖਤ ਬਿਰਾਜੇ। ਕਰਤ ਖੇਲ ਬਹੁ ਬਿਧਕੇ ਸਾਜੇ।।
ਜੋ ਉਪਦੇਸ ਸੰਗਤਾਂ ਤਾਰਨ। ਤਿਨਕੇ ਲੋਕ ਪ੍ਰਲੋਕ ਸੁਧਾਰਨ।।
ਜਿਸ ਪਰ ਸਿੱਖ ਸੰਗਤਾਂ ਆਵੈਂ। ਸਤਿਗੁਰ ਜੀ ਕਾ ਦਰਸ਼ਨ ਪਾਵੈਂ।।
ਲਗਾ ਰਹਿਤ ਸਦ ਹੀ ਤਹਿ ਮੇਲਾ। ਕਰ ਦਰਸ਼ਨ ਸਭ ਹੋਤ ਸੁਹੇਲਾ।।
ਦੇਖ ਪ੍ਰਤਾਪ ਮੂੜ ਮਤ ਲੋਗਾ। ਅਗੇ ਕਰਨ ਤਬ ਕਾਮ ਅਜੋਗਾ।।
ਹਿੰਦੂ ਔਰ ਤੁਰਕ ਦੋਇ ਦੀਨਾ। ਕਰੇ ਕਾਮ ਤਿਨ ਸਾਥ ਕਮੀਨਾ।।
ਦੇਖ ਦੇਖ ਕਰ ਖਿਝ ਹੈ ਐਸੇ। ਲੋਗ ਸੁਪਰਧੀ ਹੋਵਤ ਜੈਸੇ।।
ਜਿਸ ਪਰ ਤਿਨ ਸੋ ਰਾਰ ਮਚਾਵੇ। ਮਾਰਗ ਆਵਤ ਜਾਤ ਦੁਖਾਵੇ।।
ਜਿਨ ਕੀ ਦੇਖ ਕੁਰੀਤ ਅਨੀਤੀ। ਜੋ ਸਿੱਖਨ ਕੇ ਸਿਰ ਪਰ ਬੀਤੀ।।
ਆਇ ਗੁਰੂ ਕੇ ਚਰਨ ਮਝਾਰੀ। ਕਹਤ ਹਕੀਕਤ ਅਪਨੀ ਸਾਰੀ।।
ਹੇ ਗੁਰ ਜੂ ਹਮ ਕਿਸੇ ਨ ਛੇੜੇ। ਨਹਿ ਕਰਤੇ ਕਿਸ ਸਾਥ ਖਖੇੜੇ।।

ਪਰ ਹਿੰਦੂ ਅਰ ਤੁਰਕ ਸਵਾਏ। ਹਮ ਪਰ ਆਵਤ ਕੋਪ ਕਰਾਏ॥
ਦੇਤ ਹੁਤੇ ਦੁਖ ਤਿਨ ਕੋ ਜੈਸੇ। ਲਿਖਾ ਸੰਤੋਖ ਸਿੰਘ ਤਬ ਐਸੇ॥੨੨॥"ਯਥਾ-

**ਚੌਪਈ**

"ਹਿੰਦੂ ਤੁਰਕ ਆਵਤ ਕੋ ਹੇਰੇ। ਬਿਨ ਕਾਰਨ ਤੇ ਖਿਜਰ ਘਨੇਰੇ॥
ਕਿਸ ਕੇ ਸਾਥ ਨ ਵੈਰ ਹਮਾਰੇ। ਆਵਤ ਜਾਤ ਭੂਸਨੀ ਧਾਰੇ॥
ਆਵਤ ਜਾਨ ਖੇਦ ਕਰ ਰੋਵਤ। ਹਿੰਦੂ ਤੁਰਕ ਵਿਪਰਜੈ ਜੋਵਤ॥
ਚਲੀ ਸੰਬੂਹ ਸੰਗਤਾਂ ਆਵੇਂ। ਹਿੰਦੂ ਤੁਰਕ ਉਰ ਕਿਸ ਨਹਿ ਭਾਵੇਂ॥
ਜੋ ਸੰਗਤ ਆਵਤ ਤਿਸ ਕਾਲਾ। ਤਿਸਹੁ ਸੁਹਾਇਨ ਕੇਸ ਬਿਸਾਲਾ॥
ਬਿਨ ਕਾਰਨ ਦੇਹੀ ਮਦਮੱਤੇ। ਹਸਹਿ ਸੰਗ ਤਿਨ ਆਪ ਕੁਮੱਤੇ॥
ਵਧੀ ਸੁਪਰਧਾ ਵਡੀ ਗੁਸਾਈ। ਤੁਮ ਬਿਨ ਹਮਰੋ ਕੌਨ ਸਹਾਈ॥
ਦੇਖਤ ਹਿੰਦੂ ਨਕਲ ਬਨਾਵਤ। ਕਰ ਕਰ ਆਪਸ ਮਹਿ ਹਰਖਾਵਤ॥
ਆਵਨ ਜਾਨ ਕਸ਼ਟ ਵਡ ਭਇਓ। ਹਿੰਦੂ ਤੁਰਕ ਵੈਰ ਵਧ ਗਹਿਓ॥"

ਭਾਵ:-ਇਸ ਦਾ ਤਾਤਪ੍ਰਜ ਏਹ ਹੈ ਕਿ ਜਦ ਗੁਰੂ ਜੀ ਪਾਸ ਦੂਰ ੨ ਤੇ ਸੰਗਤਾਂ ਆਵਨ ਲੱਗੀਆਂ ਤਦ ਓਨ੍ਹਾਂ ਨੂੰ ਦੇਖਕੇ ਹਿੰਦੂ ਅਤੇ ਮੁਸਲਮਾਨ ਹਾਸੀ ਕਰਨ ਲੱਗੇ ਅਰ ਉਨ੍ਹਾਂ ਦੇ ਸਿਰਾਂ ਪਰ ਕੇਸ ਦੇਖਕੇ ਬੁਰਾ ਮਨਾਉਂਦੇ ਸਨ, ਹਿੰਦੂ ਲੋਗ ਦੇਖ ੨ ਨਕਲਾਂ ਕਰਦੇ ਸਨ ਅਰ ਰਸਤੇ ਵਿੱਚ ਬਹੁਤ ਦੁੱਖ ਦੇਦੇ ਸਨ, ਜਿਸ ਤੇ ਦੁਖੀ ਹੋਕੇ ਸਿੱਖਾਂ ਨੇ ਗੁਰੂ ਮਹਾਰਾਜ ਅੱਗੇ ਬੇਨਤੀ ਕੀਤੀ ਕਿ ਮਹਾਰਾਜ ਅਸੀਂ ਕਿਸੇ ਨੂੰ ਦੁਖ ਨਹੀਂ ਦੇਦੇ ਪਰ ਇਹ ਲੋਗ ਸਾਨੂੰ ਐਥੋਂ ਤਕ ਖੇਦ ਦੇਂਦੇ ਹਨ ਕਿ ਸਾਡਾ ਆਉਨਾ ਜਾਨਾ ਬੜਾ ਹੀ ਕਠਨ ਹੋ ਗਿਆ ਹੈ॥

**ਦੋਹਿਰਾ**

ਸੁਨ ਸਿੱਖਾਂ ਦੇ ਦੁੱਖ ਨੂੰ ਹੋ ਕਰ ਦੁਖੀ ਦਿਆਲ।
ਪੌਢ ਪਲੰਗ ਸੋਚਨ ਲਗੇ ਕਰੇ ਕੌਨ ਅਬ ਚਾਲ।੨੩॥

**ਚੌਪਈ**

ਜਿਸ ਪਰ ਚਿੰਤਾ ਲਗੀ ਘਨੇਰੀ। ਜਦ ਸਿੱਖਾਂ ਦੀ ਇਹ ਗਤ ਹੇਰੀ॥
ਬਹੁਤ ਲੋਗ ਹਿੰਦੂ ਅਰ ਤੁਰਕਾ। ਦੇਤ ਦੁਖ ਲਖਕੇ ਸਿਖ ਗੁਰਕਾ॥
ਤਾਂਤੇ ਯਤਨ ਕਰਨ ਅਬ ਚਹੀਏ। ਜਿਸ ਤੇ ਸੁਖ ਸੇਤੀ ਜਗ ਰਹੀ॥
ਕਰਤ ਵਿਚਾਰ ਰਿਦੇ ਮਹਿਂ ਆਈ। ਚਾਹੀਏ ਜੰਗ ਕਰਨ ਅਧਕਾਈ॥
ਜਿਸ ਤੇ ਫਤਹ ਹੋਇ ਜਗ ਮਾਹੀਂ। ਹਿੰਦੂ ਤੁਰਕ ਦੀਨ ਹੁਇ ਜਾਹੀਂ॥
ਮੈਂ ਕਰਾਮਾਤ ਨ ਚਹੋਂ ਦਿਖਾਨੀ। ਜੁੱਧ ਸੰਗ ਕਰ ਹੋਇ ਨ ਹਾਨੀ॥
ਜੁੱਧ ਫਤਹ ਕਰਨੇ ਕੇ ਕਾਜਾ। ਦੁਰਗਾ ਪ੍ਰਗਟ ਕਰਹੂ ਸਮਾਜਾ॥
ਜਬ ਚੰਡੀ ਪਰਗਟ ਹੁਇ ਰਾਈ। ਤਬ ਹੀ ਫਤਹ ਹਮਾਰੀ ਭਾਈ॥
ਇਤਨਾ ਮਨ ਮਹਿਂ ਕਰਾ ਵਿਚਾਰ। ਜਿਸ ਪਰ ਗੁਰ ਜੂ ਭਏ ਤਿਆਰ॥
ਇਹ ਸੂਰਜ ਪਰਕਾਸ਼ ਬਤਾਵੈ। ਮਨ ਕੇ ਸਗਲ ਸੰਦੇਹ ਮਿਟਾਵੈ॥

ਸੋਮੈਂ ਅੱਗੋਂ ਪ੍ਰਗਟ ਬਤਾਵਾਂ। ਸੰਤੋਖ ਸਿੰਘ ਦਾ ਕਥਨ ਸੁਨਾਵਾਂ।।੨੪।। ਯਥਾ-

## ਚੌਪਈ

"ਦੁਰਗਾ ਜਿਸ ਕੀ ਭਈ ਸਹਾਇ। ਰਣ ਤੇ ਬਿਜੈ ਲਈ ਤਿਨ ਪਾਇ।।
ਹਮਰੇ ਮਾਤ ਪਿਤਾ ਏ ਦੋਊ। ਪੁਰਖ ਅਕਾਲ ਚੰਡਕਾ ਜੋਊ।।੫੩।।
ਇਨ ਕੀ ਹਮਹ ਉਪਾਸ ਨ ਭਾਵੈ। ਅਵਰਨ ਤੇ ਕਿਆ ਕਰ ਮਹਿ ਆਵੈ।।
ਕਰਾਮਾਤ ਜੋ ਜਗਤ ਦਿਖਾਵੌਂ। ਅਨ ਦਿਨ ਗਨ ਪੁਰਕਨ ਬਿਨਸਾਵੌਂ।।
ਹਿੰਦੂ ਜ਼ਬਰ ਜ਼ੋਰ ਕਰ ਲੇਊ। ਸਕਲ ਰਾਜ ਸਿੱਖਨ ਕੋ ਦੇਊਂ।।
ਅਜ਼ਮਤ ਬਿਹਤ ਬਰਤ ਹੁਇ ਨਾਸ। ਯਾਂਤੇ ਨਾਹਨ ਬਨੇ ਪ੍ਰਕਾਸ਼।।"

ਭਾਵ-ਭਾਈ ਸੰਤੋਖ ਸਿੰਘ ਜੀ ਦੇ ਕਥਨ ਤੋਂ ਪਾਇਆ ਜਾਂਦਾ ਹੈ ਕਿ ਜਦ ਗੁਰੂ ਜੀ ਨੇ ਏਕਾਂਤ ਬੈਠਕੇ ਵਿਚਾਰ ਕੀਤੀ ਤਦ ਇਹ ਸੋਚਿਆ ਕਿ ਜੇ ਅਸੀਂ ਕਿਸੇ ਕਰਾਮਾਤ ਨਾਲ ਤੁਰਕਾਂ ਨੂੰ ਮਾਰਨਾ ਚਾਹੀਏ ਤਾਂ ਬੇਸ਼ਕ ਮਾਰ ਸਕਦੇ ਹਾਂ ਪ੍ਰੰਤੂ ਕਲਯੁਗ ਵਿੱਚ ਕਰਾਮਾਤ ਦਿਖਾਯਾਂ ਪਰਤੱਗਯਾ ਭੰਗ ਹੁੰਦੀ ਹੈ। ਇਸ ਵਾਸਤੇ ਇਸ ਕੰਮ ਦੇ ਪੂਰਾ ਕਰਨ ਲਈ ਦੇਵੀ ਦਾ ਅਰਾਧਨ ਕਰਕੇ ਉਸ ਨੂੰ ਪ੍ਰਗਟ ਕਰਨਾ ਠੀਕ ਹੈ, ਕਿਉਂਕਿ ਜਿਸ ਦੀ ਸਹਾਇਤਾ ਦੁਰਗਾ ਕਰਦੀ ਹੈ ਉਸ ਦੀ ਹੀ ਜਗਤ ਵਿੱਚ ਫਤਹ ਹੁੰਦੀ ਹੈ।।

## ਦੋਹਿਰਾ

ਐਸਾ ਮਨ ਮਹਿ ਸੋਚਕੇ ਇਸ ਕਾਰਜ ਕੇ ਹੇਤ।
ਪ੍ਰਗਟ ਕਰੀ ਗੁਰ ਚੰਡਕਾ ਗ੍ਰੰਥ ਗੁਵਾਹੀ ਦੇਤ।।੨੫।।
ਜਬ ਸ਼ੱਤ੍ਰਨ ਕੇ ਬਧਨ ਹਿਤ ਕਰਾ ਯਤਨ ਗੁਰ ਦੇਵ।
ਤਬ ਇਸ ਮਹਿ ਫਿਰ ਦੋਸ਼ ਕਿਆ ਕਰੇ ਭਵਾਨੀ ਸੇਵ।।੨੬।।

## ਤੱਤ ਖਾਲਸਾ

## ਦੋਹਿਰਾ

ਇਸ ਸੂਰਜ ਪ੍ਰਕਾਸ਼ ਨੇ ਪਾਇਆ ਚਾਇ ਹਨੇਰ।
ਜਿਸ ਤੇ ਦੱਸੇ ਗੁਰੂ ਜੀ ਨਾ ਸੀ ਆਪ ਦਲੇਰ।।੨੭।।

## ਦਵੈਯਾ

ਸੰਤੋਖ ਸਿੰਘ ਦੇ ਆਖਨ ਥੋਂ ਤਾਂ ਸਿੱਧ ਹੋਰ ਕੁਛ ਹੋਇਆ। ਜਿਸ ਤੇ ਗੁਰ ਜੀ ਦਾ ਬਲ ਅਪਨਾ ਸਾਰਾ ਉਸ ਨੇ ਖੋਇਆ।। ਹਿੰਦੂ ਤੁਰਕਾਂ ਨੇ ਜਦ ਦਿੱਤੀ ਸਿੱਖਾਂ ਤਾਈਂ ਤੰਗੀ। ਤਿਸ ਪਰ ਹੋਇ ਲਚਾਰ ਸਹਾਇਤਾ ਦੁਰਗਾ ਕੋਲੋਂ ਮੰਗੀ।।੨੮।। ਜਿਸ ਦੀ ਓਟ ਲਏ ਬਿਨ ਗੁਰ ਜੀ ਕਦੇ ਨ ਸਨਮੁਖ ਜਾਂਦੇ। ਅਰ ਜੇ ਲੜਦੇ ਹਾਰ ਖਾਇਕੇ ਪਿੱਛਾਂ ਨੂੰ ਹੱਟ ਆਂਦੇ।। ਜਾਂ ਤੇ ਜਾਤਾ ਬਿਨਾਂ ਚੰਡਕਾ ਅਸੀਂ ਨ ਕੁਛ ਕਰ ਸੱਕੇਂ। ਤਾਂਤੇ ਬਲ ਉਸ ਕੋਲੋ ਲੈਕੇ ਫਿਰ ਖੰਡੇ ਨੂੰ ਚੱਕੇ।।੨੯।। ਫਰਜ਼ ਕਰੋ ਜੇ ਦੇਵੀ ਤਾਈਂ ਹਿੰਦੂ ਚਾਇ ਰਿਝਾਂਦੇ। ਜਾਕੇ ਭੌਨ ਓਸ ਦੇ ਉਪੱਰ ਛੈਣੇ ਚਾਇ ਵਜਾਂਦੇ।। ਸੂਹੇ ਚੋਲਿਆਂ ਵਾਲੀ ਮਾਈ ਜਾਗ ਜਾਲਫਾਂ ਰਾਣੀ। ਅਪਨੇ ਭਗਤਾਂ ਲਾਜ ਰੱਖ ਲੈ ਹੋ ਸਿੱਖਾਂ ਨੂੰ ਖਾਣੀ।।੩੦।। ਅਸੀਂ ਆਦ ਦੇ ਸੇਵਕ ਤੇਰੇ ਸਦਾ

ਮੰਨਦੇ ਆਏ। ਵਿਚ ਪਹਾੜਾਂ ਦੇਖ ਬੁੱਧ ਦੇ ਕਿਤਨੇ ਭੌਨ ਬਨਾਏ॥ ਅਰ ਜੋ ਪਿਤਾ ਪਿਤਾਮਾਂ ਸਾਡੇ ਸੋ ਸਨ ਭਗਤ ਤਿਹਾਰੇ। ਬਲੀਆਂ ਦੇਦੇ ਆਏ ਧੁਰ ਥੋਂ ਜੋਤ ਜਗਾਂਦੇ ਸਾਰੇ॥੩੧॥ ਅਰ ਇਹ ਗੁਰੂ ਨਵਾਂ ਬਣ ਬੈਠਾ ਜੋਇ ਕਿਸੇ ਨਹਿ ਮੰਨੇ। ਦੇਵੀ ਦੇਵਤਿਆਂ ਦਾ ਪੂਜਨ ਨਾਲ ਸ਼ਬਦ ਦੇ ਭੰਨੇ॥ ਦੇਖੋ ਇਸ ਦੇ ਪਹਲੇ ਗੁਰੂਆਂ ਖੰਡਨ ਤੇਰਾ ਕੀਤਾ। ਜਿਨ ਕਾ ਗ੍ਰੰਥ ਏਸ ਨੇ ਅਪਨਾ ਠੀਕ ਇਸ਼ਟ ਕਰ ਲੀਤਾ॥੩੨॥ ਹੁਣ ਡਰਦਾ ਇਹ ਸਾਥੋਂ ਮਾਈ ਤੈਨੂੰ ਮੰਨਨ ਲੱਗਾ। ਜਿਸ ਤੇ ਨਾਲ ਬੁੱਧ ਦੇ ਸਾਡਾ ਵਲਨੇ ਲੱਗਾ ਅੱਗਾ॥ ਤਾਂ ਤੇ ਇਸ ਦੇ ਪਰ ਨਾ ਭੁੱਲੀ ਸਾਡੀ ਪੈਜ ਰਖਾਈਂ। ਜਾਨ ਪੁਰਾਣੇ ਭਗਤ ਆਪਨੇ ਇਸ ਥੋਂ ਚਾਇ ਬਚਾਈਂ॥੩੩॥ ਇਤਨੀ ਸੁਨ ਅਰਦਾਸ ਉਨ੍ਹਾਂ ਦੀ ਜੇ ਦੇਵੀ ਫਿਰ ਜਾਂਦੀ। ਲੱਖਾਂ ਯਤਨ ਕਰਨ ਤੇ ਗੁਰ ਦੇ ਨਾ ਸਨਮੁਖ ਪਰਗਟਾਂਦੀ॥ ਤਾਂ ਗੁਰ ਜੀ ਕੁਝ ਕਰ ਨਾ ਸੱਕਦੇ ਅਰ ਨਿਰਬਲ ਹੋ ਜਾਂਦੇ। ਹਿੰਦੂ ਲੁੱਟ ਮਾਰ ਕਰ ਸਿੱਖਾਂ ਚੰਗੇ ਮਜ਼ੇ ਉਡਾਂਦੇ॥੩੪॥ ਇਸੇ ਤਰ੍ਹਾਂ ਜੋ ਤੁਰਕ ਆਪਨੀ ਫੜਕੇ ਤੇਗ਼ ਕਰਾਰੀ। ਜਾਕੇ ਦੇਵੀ ਨੂੰ ਧਮਕਾਂਦੇ ਸੁਨਹੀ ਬਾਤ ਹਮਾਰੀ। ਦੇਖ ਮਹਮੂਦ ਗ਼ਜਨਵੀ ਤੇਰੇ ਕਿਤਨੇ ਮੰਦਰ ਢਾਹੇ। ਹੋਰ ਪੁਜਾਰੀ ਪੂਜਕ ਤੇਰੇ ਦਿੱਤੇ ਫੜਕੇ ਫਾਹੇ॥੩੫॥ ਲੁੱਟ ਕਾਂਗੜਾ ਪਲ ਵਿਚ ਲੀਤਾ ਅਰ ਮੰਦ੍ਰ ਜੋ ਤੇਰੇ। ਮਾਰ ਅਲੀ ਦੇ ਨਾਹਰੇ ਪਲ ਵਿਚ ਧਰਤੀ ਉਪੱਰ ਗੇਰੇ॥ ਕਰ ਲੇ ਯਾਦ ਓਹ ਦਿਨ ਅਪਨੇ ਜੋ ਸਿਰ ਪਰ ਸਨ ਬੀਤੇ। ਕੈਸੇ ਕੈਸੇ ਬੁਰੇ ਹਾਲ ਸਨ ਅਸੀਂ ਪਕੜ ਕੇ ਕੀਤੇ॥੩੬॥ ਜਿਸ ਸ਼ਿਵ ਦੀ ਤੂੰ ਸ਼ਕਤ ਕਹਾਵੇਂ ਅੱਗੇ ਤੇਗ਼ ਅਸਾਡੀ। ਛਾਲ ਮਾਰ ਕੇ ਡੁੱਬ ਗਿਆ ਉਹ ਅੰਦ੍ਰ ਖੂਹੇ ਖਾਡੀ। ਸੋਮਨਾਥ ਦੇ ਮੰਦ੍ਰ ਨੂੰ ਜਦ ਪੁੱਟ ਜੜ੍ਹਾਂ ਥੋਂ ਮਾਰਾ। ਤੀਰਾਂ ਨਾਲ ਨੱਕ ਸਨ ਤੋੜੇ ਬੁਰੀ ਮੌਤ ਸੇ ਮਾਰਾ॥੩੭॥ ਓਹੋ ਹਾਲ ਕਰੇਗੇ ਤੇਰਾ ਜੇ ਗੁਰ ਮੱਦਦ ਦੇਸੈਂ। ਫਿਰ ਮੁੜਕੇ ਤੂੰ ਏਸ ਕੰਮ ਦਾ ਭੁਲਕੇ ਨਾਉਂ ਨ ਲੇਸੈਂ॥ ਤਾਂ ਤੇ ਤੂੰ ਕਰ ਮੌਜ ਬੈਠਕੇ ਵਿੱਚ ਪਹਾੜਾਂ ਕੱਲੀ। ਐਵੇਂ ਆਖੇ ਲੱਗ ਗੁਰੂ ਦੇ ਕਿਆ ਲੇਵੇਂਗੀ ਝੱਲੀ॥੩੮॥ ਜੇ ਸੁਨ ਦਮ ਗਜੇ ਉਨ੍ਹਾਂ ਦੇ ਡਰ ਕਰਕੇ ਲੁਕ ਜਾਂਦੀ। ਨਾਰ ਸੁਭਾਵ ਡਰਾਕਲ ਹੁੰਦਾ ਮੂਲ ਨ ਬਾਹਰ ਆਂਦੀ॥ ਤਾਂ ਫਿਰ ਦੱਸ ਗੁਰੂ ਕੀ ਕਰਦੇ ਕਿਸ ਦੀ ਵੱਲੇ ਜਾਂਦੇ। ਓੜਕ ਹੋਇ ਨਤਾਣਿਆ ਵਾਂਗਰ ਸਿੱਖਾਂ ਪਏ ਲੁਟਾਂਦੇ॥੩੯॥ ਇਸ ਸੂਰਜ ਪ੍ਰਕਾਸ਼ ਪਿਆਰੇ ਗੁਰ ਨਿਰਬਲ ਠਹਰਾਏ। ਅਪਨੇ ਪਾਸੋਂ ਕੁਝ ਨ ਬਣਯਾ ਦੁਰਗਾ ਵੰਨੇ ਧਾਏ। ਤਾਂ ਤੇ ਇਹ ਸਭ ਸ਼ਕਤ ਓਸ ਦੀ ਗੁਰ ਜੀ ਦਾ ਕੁਛ ਨਾਹੀਂ। ਹੈ ਇਹ ਭਾਰੀ ਹਤਕ ਗੁਰੂ ਦੀ ਸਮਝ ਦੇਖ ਮਨ ਮਾਹੀਂ॥੪੦॥

## ਦੋਹਿਰਾ

ਉਹ ਛਨ ਧਾਰੀ ਗੁਰੂ ਜੀ ਸੇ ਸਭ ਵਿਧ ਸਮਰੱਥ।
ਸਭ ਦੁਸ਼ਟਨ ਕੇ ਦਮਨ ਕੋ ਸੀ ਬਲ ਤਿਨ ਕੇ ਹੱਥ॥੪੧॥
ਤਾਂ ਤੇ ਮਦਦ ਵਾਸਤੇ ਜਾਣਾ ਦੇਵੀ ਪਾਸ।
ਇਹ ਅਗਯਾਨੀ ਜਨੋਂ ਕਾ ਹੈ ਸਾਰਾ ਬਕਵਾਸ॥੪੨॥

## ਚੌਪਈ

ਫਿਰ ਸੰਤੋਖ ਸਿੰਘ ਜੋ ਗਾਈ। ਕਰਾਮਾਤ ਗੁਰ ਨਾਹਿੰ ਦਿਖਾਈ॥
ਇਸ ਵਿੱਚ ਭੀ ਤੂੰ ਦੇਖ ਵਿਚਾਰ। ਕਿਆ ਤਿਨ ਕੀਨੀ ਗੱਪ ਉਚਾਰ॥
ਵਿੱਦਤ ਵਿਆਘਾਤ ਹੈ ਦੋਸ਼। ਇਸ ਵਿੱਚ ਆਵੇ ਦੇਖ ਖਮੋਸ਼॥
ਕਰਾਮਾਤ ਤੇ ਕਰ ਇਨਕਾਰ। ਸੋਈ ਦਿੱਤੀ ਫੇਰ ਦਿਖਾਰ॥
ਕਲਜੁਗ ਮਹਿੰ ਦੇਵੀ ਪ੍ਰਗਟਾਈ। ਜੋ ਨਹਿ ਕਿਸਹੂੰ ਤੇ ਬਨ ਆਈ॥
ਇਹ ਕਥਾ ਕਰਾਮਾਤ ਨਹਿੰ ਪਿਆਰੇ। ਸਾਰਾ ਜਗ ਮੁਖ ਮਾਹਿੰ ਉਚਾਰੇ॥
ਫਿਰ ਖੰਡਨ ਉਹ ਹੋ ਗਈ ਬਾਤ। ਕਰਾਮਾਤ ਗੁਰ ਨਹਿੰ ਦੁਖਰਾਤ॥
ਕਰਾਮਾਤ ਕਾ ਲੱਖਨ ਏਹੀ। ਅਸੰਭਵ ਕੋ ਸੰਭਵ ਕਰ ਦੇਹੀ॥
ਤਾਂ ਤੇ ਇਹ ਅਨਹੋਨੀ ਬਾਤ। ਜੋ ਗੁਰ ਨੇ ਕਰ ਦੀਨੀ ਭਰਾਤ॥
ਤਾਂ ਇਹ ਕਰਾਮਾਤ ਕਿਉਂ ਨਾਹੀਂ। ਸਮੱਝ ਦੇਖ ਅਪਨੇ ਮਨ ਮਾਹੀਂ॥
ਫਿਰ ਉਹ ਕਹਾਂ ਪ੍ਰਤੱਗਯਾ ਗਈ। ਸੰਤੋਖ ਸਿੰਘ ਜੀ ਨੇ ਜੋ ਕਈ॥
ਤਾਂਤੇ ਯਹ ਮਨ ਘੜਤ ਮਸਾਲਾ। ਸੀ ਉਸ ਕਵਿ ਨੇ ਸੋਚ ਨਿਕਾਲਾ॥
ਪਰ ਤਿਸ ਦੀਰਘ ਦ੍ਰਿਸ਼ਟੀ ਦੁਆਰੇ। ਗੁਣ ਅਰ ਦੋਖਨ ਰਿਦੇ ਵਿਚਾਰੇ॥
ਪੁਨ ਗੁਰ ਜੀ ਕੋ ਥੋ ਮਤ ਜੋਈ। ਤਿਸ ਕੀ ਭੀ ਤਿਨ ਖਬਰ ਨ ਕੋਈ॥
ਕੇਵਲ ਕਵਤਾ ਦਾ ਬਲ ਪਾਕੇ। ਭਿਆ ਮੋਦ ਯਹ ਕਥਾ ਬਨਾਕੇ॥
ਜਿਸ ਕੋ ਸੁਨ ਮਾਨਸ ਅਗਯਾਨੀ। ਮਾਨ ਗਏ ਲਖ ਸੱਤ ਕਹਾਨੀ।੪੩॥

## ਦੋਹਿਰਾ

ਹੁਣ ਮੈਂ ਦੱਸਾਂ ਤੁੱਧ ਨੂੰ ਆਪਸ ਵਿੱਚ ਵਿਰੋਧ।
ਦੋਨਾਂ ਕਵੀਆਂ ਦਾ ਵਡਾ ਤੂੰ ਮਨ ਅੰਦਰ ਸੋਧ।੪੪॥

## ਚੌਪਈ

ਪਹਲੇ ਸੁਖਾਸਿੰਘ ਬਤਾਯਾ। ਗੁਰ ਬਿਲਾਸ ਮਹਿ ਜੋ ਤਿਨ ਗਾਯਾ॥
ਦਸਮ ਗੁਰੂ ਕਲਗੀਧਰ ਰਾਈ। ਗਏ ਸ਼ਿਕਾਰ ਏਕ ਦਿਨ ਭਾਈ॥
ਜਬ ਮੁੜ ਕਰ ਘਰ ਮਹਿ ਪਗ ਧਾਰਾ। ਤਬ ਮਨ ਮਹਿ ਇਸ ਭਾਂਤ ਵਿਚਾਰਾ॥
ਜਿਸ ਕਾਰਨ ਪ੍ਰਭ ਮੋਹਿ ਪਠਾਯਾ। ਤਿਸ ਆਗਿਆ ਕੋ ਪਾਲਨ ਆਯਾ॥
ਜੋ ਹੈ ਪੰਥ ਸਾਜਨਾ ਭਾਰਾ। ਸੋ ਚਹੀਹੇ ਅਬ ਬਨੇ ਨ ਬਾਰਾ॥
ਪਰ ਇਸ ਸਾਜਲ ਹੇਤ ਪਿਆਰੇ। ਦੁਰਗਾ ਪੂਜਨ ਕਰਹੁ ਸੁਧਾਰੇ॥
ਤਿਸ ਕੋ ਜਬ ਪ੍ਰਗਟ ਕਰਵਾਊਂ। ਲੈਕਰ ਵਰ ਤਬ ਪੰਥ ਸਜਾਊਂ॥
ਤਾਂ ਤੇ ਪੰਥ ਸਾਜਨੇ ਕਾਜਾ। ਦੁਰਗਾ ਪੂਜ ਕਰੀ ਮਹਾਰਾਜਾ॥
ਯਹ ਸੁਖਾ ਮ੍ਰਿਗਿੰਦ ਸੁਨਾਵੈ। ਅਪਨੇ ਚਮਤਕਾਰ ਦਿਖਲਾਵੈ॥
ਫਿਰ ਦੂਜਾ ਸੂਰਜ ਪ੍ਰਕਾਸ਼। ਇਸ ਤੇ ਉਲਟਾ ਕਰੇ ਬਿਲਾਸ॥
ਜਿਸ ਪਰ ਇਸ ਨੇ ਏਹੁ ਸੁਨਾਏ। ਹਿੰਦੂ ਤੁਰਕਾਂ ਗੁਰੂ ਦੁਖਾਏ॥

ਜਿਸ ਤੇ ਸੰਗਤ ਨੂੰ ਦੁਖ ਦੇਵਨ। ਮਾਰਗ ਮਾਂਹਿ ਲੂਟ ਵਹੁ ਲੇਵਨ॥
ਸੁਨ ਸਿੱਖਨ ਕੀ ਗੁਰ ਫਰਯਾਦ। ਕਰੀ ਬਾਤ ਯਹ ਓੜਕ ਯਾਦ॥
ਇਨ ਸੇ ਬਦਲਾ ਲੇਣਾ ਚਾਹੀਏ। ਚੁਪਕੇ ਬੈਠ ਨਹੀਂ ਅਬ ਰਹੀਏ॥
ਜੁੱਧ ਜੰਗ ਕੀ ਸ਼ਕਤੀ ਕਾਜ। ਦੁਰਗਾ ਭਜੀ ਗਰੀਬ ਨਿਵਾਜ॥
ਹੁਣ ਤੂੰ ਮਨ ਮਹਿ ਦੇਖ ਪਿਆਰੇ। ਕੌ ਸਾਚਾ ਹੈ ਦੁਹਨ ਮਝਾਰੇ।।੪੫॥

## ਦਵੈਯਾ

ਪਹਲਾ ਆਖੇ ਪੰਥ ਸਾਜਨੇ ਕਾਰਨ ਸੀ ਪ੍ਰਗਟਾਈ। ਦੂਜਾ ਆਖੇ ਬਦਲੇ ਖਾਤਰ ਪੂਜ ਕਰੀ ਸੀ ਮਾਈ॥ ਪਹਲਾ ਕਹੇ ਅਕਾਲ ਪੁਰਖ ਨੇ ਸੀ ਗੁਰ ਨੂੰ ਫੁਰਮਾਇਆ। ਦੂਜਾ ਆਖੇ ਹਿੰਦੂ ਤੁਰਕਾਂ ਸੀ ਮਨ ਅਧਕ ਦੁਖਾਇਆ।।੪੬॥ ਜਿਸ ਤੇ ਦੋਨਾਂ ਦੀ ਸੁਨ ਭਾਈ ਮਿਲਦੀ ਬਾਤ ਨ ਕਾਈ। ਇਕ ਕਹੇ ਕੁਛ ਹੋਰ ਬਨਾਕੇ ਦੂਜੇ ਹੋਰ ਸੁਨਾਈ॥ ਫਿਰ ਤੂੰ ਜਾਨ ਰਿਦੇ ਮਹਿ ਪੱਕੀ ਇਹ ਸਭ ਤਿਨ ਕੀ ਗਾਥਾ। ਅਪਨੇ ਮਨ ਦੀ ਕਲਪਨ ਕਰੀ ਪ੍ਰੇਮ ਕੇ ਸਾਥਾ।।੪੭॥ ਵਿੱਚ ਅੰਧੇਰੇ ਖੜਕੇ ਦੋਨਾ ਚਾਇ ਨਸ਼ਾਨੇ ਲਾਏ। ਜਿਤ ਜਿਤ ਵਲ ਨੂੰ ਸ਼ਿਸਤ ਲਗਾਈ ਓਸੇ ਵੱਲ ਚਲਾਏ॥ ਪਰ ਅਸਲੀ ਜੋ ਮੱਤ ਗੁਰੂ ਦਾ ਸੋ ਨਾ ਕਿਨੇਂ ਵਿਚਾਰਾ ਹੈ ਅਗਿਆਨ ਆਪਨੇ ਮਨ ਦਾ ਗੁਰ ਜੀ ਉਪੱਰ ਡਾਰਾ।।੪੮॥

## ਦੋਹਿਰਾ

ਤਾਂ ਤੇ ਇਨ ਕੀ ਬਾਤ ਪਰ ਕਰਦਾ ਜੋ ਵਿਸ਼੍ਵਾਸ।
ਠੀਕ ਖਾਲਸਾ ਧਰਮ ਦਾ ਕਰ ਦੇਨਾ ਹੈ ਨਾਸ।।੪੯॥
ਸੁਨੀਏ ਦੁਰਗਾ ਭਗਤ ਜੀ ਗੁਰੂਅਨ ਕਾ ਮਤ ਜੋਇ।
ਇਨ ਪੁਰਖਨ ਕੇ ਕਹਨ ਤੇ ਦੁਰਗਾ ਪੂਜ ਨ ਹੋਇ।।੫੦॥

# ਦੁਰਗਾ ਭਗਤ

## ਦੋਹਿਰਾ

ਤੇਰੇ ਇਸ ਇਤਬਾਰ ਨੂੰ ਕਿੱਥੇ ਰੱਖਾਂ ਚਾਇ।
ਜਦ ਗੁਰ ਦੀ ਲੀਲ੍ਹਾ ਕਵੀ ਦੱਸੀ ਅਧਕ ਬਨਾਇ।।੫੧॥
ਅੱਗੇ ਪੜ੍ਹਕੇ ਦੇਖ ਲੈ ਗੁਰ ਜੀ ਕੀਤਾ ਜੋਇ।
ਮਨ ਦੇ ਵਿੱਚ ਵਚਾਰਿਆਂ ਸੰਸਾ ਰਹੇ ਨ ਕੋਇ।।੫੨॥
ਥੋੜਾ ਜੇਹਾ ਤੁੱਧ ਨੂੰ ਏਥੇ ਦਿਆਂ ਸੁਨਾਇ।
ਜਿਸ ਦੇ ਸੁਨਨੇ ਤੇ ਸਕਲ ਤੇਰਾ ਭ੍ਰਮ ਮਿਟਾਇ।।੫੩॥
ਜਿਕਰ ਪੰਡਤ ਆਇਆ ਅਰ ਮਿਲਕੇ ਗੁਰ ਸਾਥ।
ਪੂਜਨ ਦੁਰਗਾ ਦਾ ਕਿਹਾ ਅਰ ਕੀਨਾ ਜਗ ਨਾਥ।।੫੪॥
ਸੋ ਅੱਗੇ ਮੈਂ ਤੁੱਧ ਨੂੰ ਖੋਲ ਸੁਨਾਵਾਂ ਸਾਰ।
ਜੋ ਸੂਰਜ ਪ੍ਰਕਾਸ਼ ਨੇ ਕੀਤਾ ਆਪ ਉਚਾਰ।।੫੫॥ ਯਥਾ:-

## ਦੋਹਿਰਾ

"ਚਿਤਵਤ ਬਿਦਤ ਪ੍ਰਚੰਡਕਾ ਸ੍ਰੀ ਸਤਿਗੁਰ ਮਹਾਰਾਜ।
ਸੁਪਤ ਜਬਾ ਸੁਖ ਨਿਸ ਵਿਖੈ ਵਡੇ ਗਰੀਬ ਨਿਵਾਜ।।੧।।

## ਛੰਦ

ਮੰਗਲ ਮਹਾਨ ਸੁੰਦਰ ਸੁਧੌਰ। ਤਿਆਰੀ ਕਰੀ ਚਹਿ ਦੀਵਾਨ ਮੋਰ।। ਤਿਸਕਾਲ ਅਲੰਕ੍ਰਿਤ ਆਹਿ ਦਾਸ। ਲੇ ਸਾਤ ਕੁੰਭ ਕੋ ਕੁੰਭ ਪਾਸ।।੬।। ਅਧਕੈ ਸੁਗੰਧ ਮਹਿ ਕਾਰ ਸੰਗ। ਬਹੁ ਰਗੜ ਬਦਾਮਨ ਸਹਤ ਭੰਗ।। ਏਲਾ ਲਵੰਗ ਮ੍ਰਿਚਾ ਨਿਕਾਰ। ਮੇਲਿਯੋ ਗੁਲਾਬ ਬਿਚ ਸਰਦ ਧਾਰ।।੭। ਯੁਤ ਛਤ੍ਰ ਧਾਰ ਸਤਿਗੁਰ ਛਕਾਇ।। ਪੁਨ ਸੌਚ ਸਨਾਨਨ ਕਰਤੇ ਬਨਾਇ।। ਬਹੁ ਦੂਰ ਦੇਸ ਕੇ ਬਸਤ੍ਰਆਇ। ਸੂਖਮ ਬਿਸਾਲ ਮੁਲਕੋ ਸੰਗਾਹਿ।।੮।। ਪੋਸ਼ਸ਼ ਨਵੀਨ ਪਹਰੇ ਪ੍ਰਭਾਤ। ਪੁਨ ਅਲੰਕਾਰ ਸੋਭੰਤ ਗਾਤ।। ਦਿਨ ਚਜਯੋ ਸੰਹਾਸਨ ਪਰ ਬਿਰੰਤ।। ਯੁਤ ਬਸਤ੍ਰ ਸ਼ਸਤ੍ਰ ਅਤਿ ਸੈ ਸੁਭੰਤ ਅਤਿ ਸੈ ਸੁਭੰਤ।।੯।। ਤਬ ਇਕ ਸਿਖ ਗੁਰ ਨਿਕਟ ਆਇ। ਕਰ ਜੋਰ ਅਰਜ ਐਸੇ ਸੁਨਾਇ।। ਗੁਰ ਪਾਤਸਾਹ ਦ੍ਵਿਜ ਜਹਿ ਸਰਾਹਿ। ਰਾਵਰ ਸਮੀਪ ਕਰ ਗਾਥ ਜਾਹਿ।।੧੦।। ਪੁਰ ਮਹਾਂਦੇਵ ਕੇ ਬਸਤ ਜੋਇ। ਚਲ ਆਇ ਬਾਗ ਮਹਿ ਉਤੱਰ ਸੋਇ। ਕਹਿ ਜਾਹਿੰ ਸੁ ਕੇਸਵਦਾਸ ਨਾਮ। ਬਿਧ ਚੰਡ ਪੂਜਬੇ ਗੁਨਿ ਨ ਧਾਮ।।੧੧।। ਜਹਿ ਸੰਗ ਬਿੰਦ੍ਰ ਨਰ ਜੁਤ ਪ੍ਰਤਾਪ। ਜਗ ਮਾਤ ਸੁਜਾਤਰ ਜਾਤ ਆਪ। ਮੁਝ ਕੋ ਬੁਲਾਇ ਪੂਛਯੋ ਬ੍ਰਿਤੰਤ। ਮੈਂ ਕਹਯੋ ਆਪ ਕੋ ਸਭ ਨਿਤੰਤ।।੧੨।। ਸੁਨ ਆਨੰਦ ਧਾਰ ਪੁਨ ਪੁਨ ਬੁਝੇਇ। ਚਿੱਤ ਚਹਤ ਗੁਰੂ ਬਲਾਇ ਲੇਇ।। ਕਰ ਦਰਸ ਪ੍ਰਭ ਕੋ ਜਾਊ ਫੇਰ। ਯਹਿ ਆਸੇ ਪਰਖਯੋ ਤਾਹਿ ਹੇਰ।।੧੩।। ਚਲ ਆਇ ਆਪ ਤੇ ਲਖਯੇ ਨਾਹਿ। ਚਿਤ ਚੇਤ ਅਧਕ ਹੁਇ ਮੇਲ ਪਾਹਿ।। ਪ੍ਰਭ ਤੁਮ ਸਮਰੱਥ ਮਨ ਫੇਰ ਲੀਨ। ਬਾਂਛਤ ਰਿਦੈ ਆਗਵਨ ਕੀਨ।।੧੪।। ਸੁਨ ਸੌਨ ਬੈਨ ਗੁਰ ਹਰਖ ਧਾਰ। ਧੰਨ ਧੰਨ ਖਡਗ ਕੇਤਹਿ ਉਚਾਰ।। ਨਿਜ ਸੇਵਾਕਾਨ ਕੇ ਕਰਤ ਕਾਜ। ਘਟ ਘਟ ਬਯਾਪ ਗਯਾਨ ਰਾਜ।।੧੫।।"

## ਦੋਹਿਰਾ

ਦੇਖੋ ਇਸ ਪ੍ਰਸੰਗ ਵਿੱਚ ਪ੍ਰਗਟ ਹੁੰਦਾ ਏਹੁ।
ਗੁਰ ਜੀ ਨੈ ਉਸ ਬਿੱਪ ਸੋ ਕਿਹਾ ਜਤਾਹਿਆ ਨੇਹੁ।।੫੬।।

ਭਾਵ-ਭਾਈ ਸੰਤੋਖ ਸਿੰਘ ਜੀ ਦੇ ਕਥਨ ਤੋਂ ਭੀ ਸਾਬਤ ਹੁੰਦਾ ਹੈ ਕਿ ਗੁਰੂ ਮਹਾਰਾਜ ਜ਼ਰੂਰ ਦੁਰਗਾ ਦੇ ਪ੍ਰਗਟ ਕਰਨ ਲਈ ਚਿੱਤ ਵਿੱਚ ਕਿਸੇ ਐਸੇ ਪੰਡਤ ਦਾ ਚਿੰਤਨ ਕਰਦੇ ਸੇ ਜੋ ਇਸ ਕਾਰਜ ਨੂੰ ਸਿੱਧ ਕਰ ਸਕਦਾ, ਇਸੀ ਵਾਸਤੇ ਜਦ ਕਾਂਸ਼ੀ ਤੇ ਕੇਸ਼ੋਦਾਸ ਦਾ ਆਉਨਾ ਸੁਨਿਆ ਤਦ ਐਸੇ ਪ੍ਰਸੰਨ ਹੋਏ ਜੋ ਅਕਾਲ ਪੁਰਖ ਦਾ ਧੰਨਵਾਦ ਕੀਤਾ ਕਿੰਤੂ ਜੇ ਗੁਰੂ ਜੀ ਇਸ ਬਾਤ ਪਰ ਵਿਸ਼੍ਵਾਸ਼ ਨਾ ਰੱਖਦੇ ਤਾਂ ਉਹ ਇਸ ਤਰ੍ਹਾਂ ਉਸ ਦੇ ਆਉਨ ਦੀ ਖਬਰ ਸੁਨਕੇ ਕਿਉਂ ਆਨੰਦ ਪ੍ਰਗਟ ਕਰਦੇ, ਜਿਸ ਤੇ ਭਾਈ ਸੁਖਾ ਸਿੰਘ ਜੀ ਅਤੇ ਭਾਈ ਸੰਤੋਖ ਸਿੰਘ ਜੀ ਦੀ ਇਸ ਵਿੱਚ ਇੱਕ ਰਾਇ ਹੈ। ਤਾਂ ਤੇ ਇਹ ਬਾਤ ਝੂਠ ਨਹੀਂ ਹੋ ਸਕਦੀ।।

# ਤੱਤ ਖਾਲਸਾ

## ਦੋਹਿਰਾ

ਇਹ ਤਾਂ ਓਹੋ ਬਾਤ ਹੈ ਨਹੀਂ ਨਵੀਂ ਕੁਛ ਮੀਤ।
ਪੀਸੇ ਉਪੱਰ ਪੀਸਿਆ ਸਮਝ ਪਿਆਰੇ ਚੀਤ।।੫੭।।

## ਚੌਪਈ

ਸੰਤੋਖ ਸਿੰਘ ਜੋ ਕਥਾ ਬਨਾਈ। ਸੋ ਕੁਛ ਨਵੀਂ ਬਾਤ ਨਹਿ ਗਾਈ।।
ਇਹ ਓਹੋ ਹੈ ਰਿੜਕਿਆ ਪਾਣੀ। ਜੋ ਸੁੱਖਾ ਮ੍ਰਿਗਿੰਦ ਬਖਾਣੀ।।
ਪਰ ਇਤਨਾ ਇਨ ਅਧਕ ਲਗਾਯਾ। ਜੋ ਸੁੱਖਾ ਸਿੰਘ ਨਹੀਂ ਬਤਾਯਾ।।
ਗੁਰ ਜੀ ਕਾਰਨ ਭੰਗ ਘੁਟਾਈ। ਮਿਰਚ ਬਦਾਮ ਲੌਂਗ ਬਹੁ ਪਾਈ।।
ਹੋਰ ਇਲਾਚੀ ਵਿੱਚ ਪੁਵਾਕੇ। ਸਤ ਘੜਿਆਂ ਦਾ ਪਾਣੀ ਪਾਕੇ।।
ਚੰਗੇ ਰਗੜੇ ਲਾਕੇ ਦੱਸੇ। ਅਮਲੀ ਦਾ ਮਨ ਦੇਖ ਤਰੱਸੇ।।
ਇਹ ਇਨ ਵਾਧੀ ਗੱਲ ਬਨਾਈ। ਮਾਨੋਂ ਬਹਕੇ ਆਪ ਘੁਟਾਈ।।
ਹੋਰ ਮਸਾਲੇ ਐਸੇ ਗਾਏ। ਮਾਨੋਂ ਅਪਨੀ ਹੱਥੀਂ ਪਾਏ।।
ਗੱਲੋਂ ਚੁਕ ਗਲਾਇਣ ਕੀਤਾ। ਕਵੀਪਣਾ ਸਾਬਤ ਕਰ ਲੀਤਾ।।
ਜਿੱਕਰ ਏਹ ਮਸੌਦਾ ਘੜਿਆ। ਮਨ ਭਾਵਤ ਪੋਥੀ ਵਿੱਚ ਜੜਿਆ।।
ਏਸੇ ਤਰ੍ਹਾਂ ਕਾਲਕਾ ਵਾਲੀ। ਗੱਲ ਬਨਾਈ ਅਸਲੋਂ ਖਾਲੀ।।੫੮।।

## ਦਵੈਯਾ

ਫਿਰ ਇਨ ਇੱਕ ਹੋਰ ਹੈ ਆਖੀ ਮਨ ਘੜਤੀ ਦੀ ਬਾਤਾ। ਜਿਸ ਨੂੰ ਸੁਖਾ ਸਿੰਘ ਵਿਚਾਰਾ ਪਹਲੇ ਨਹੀਂ ਬਤਾਤਾ।। ਉਸ ਨੇ ਦੱਤਾਨੰਦ ਉਜੈਨੀ ਪੰਡਤ ਆਇਆ ਗਾਇਆ। ਜਿਸ ਤੇ ਹਵਨ ਕਰਾਕੇ ਗੁਰ ਨੇ ਦੇਵੀ ਨੂੰ ਪਰਗਟਾਇਆ।।੫੯।। ਪਰ ਇਹ ਹਰਿ ਸੰਤੋਖ ਬਤਾਵੇ ਕਾਸ਼ੀ ਰਹਿਨੇ ਵਾਲਾ। ਕੇਸ਼ੋ ਦਾਸ ਬਿੱਪ ਸੀ ਆਇਆ ਜਿਨ ਕੀਤਾ ਇਹ ਚਾਲਾ।। ਫਿਰ ਹੁਨ ਦੱਸ ਇਨ੍ਹਾਂ ਦੇ ਵਿੱਚੋਂ ਸੱਚਾ ਕੌਣ ਪਿਆਰੇ।। ਜਿਸ ਪਰ ਨਿਸਚਾ ਕਰਕੇ ਮੰਨੇ ਜੋ ਕੁਛ ਕਥਨ ਤਿਹਾਰੇ।।੬੦।। ਪਹਲੇ ਉਸ ਦਾ ਕਰੋ ਫੈਸਲਾ ਸੀ ਪੰਡਤ ਉਹ ਕਿਹੜਾ। ਦੁਰਗਾ ਪਰਗਟ ਕਰਨੇ ਤਾਈ ਗੁਰਪੁਰ ਆਯਾ ਜਿਹੜਾ।। ਦੋਨਾਂ ਗ੍ਰੰਥਾਂ ਵਿੱਚੋਂ ਭਾਈ ਸੱਚਾ ਕੌਨ ਬਤਾਵੇ। ਅਰ ਹੈ ਕੌਨ ਕਵੀ ਵਡ ਗਿਆਨੀ ਹੋਇ ਨਸੰਗ ਸੁਨਾਵੇ।।੬੧।। ਫਿਰ ਇਸ ਨੇ ਇੱਕ ਹੋਰ ਬਤਾਈ ਬਾਤ ਵਿਚਾਰਨ ਜੋਗਾ। ਜਿਸ ਦੇ ਸੁਨਣੇ ਤੇ ਜੋ ਅਸਲੀ ਸਿੱਧ ਮਨੋਰਥ ਹੋਗਾ। ਕਿਸੇ ਸਿੱਖ ਨੇ ਜਾਇ ਗੁਰੂ ਪਹਿ ਐਸਾ ਬਚਨ ਸੁਨਾਇਆ। ਹੇ ਗੁਰ ਕੇਸ਼ੋ ਦਾਸ ਬ੍ਰਾਹਮਣ ਵਾਲਾ ਆਇਆ।।੬੨।। ਮੈਥੋਂ ਉਸ ਨੇ ਕਥਾ ਆਪਦੀ ਬਹਿਕੇ ਪੁੱਛੀ ਸਾਰੀ। ਜੈਸੀ ਮੇਰੇ ਥੋਂ ਬਣ ਆਈ ਖੋਲ੍ਹ ਬਖਾਨੀ ਸਾਰੀ।। ਜਿਸ ਪਰ ਸੁਨ ਪ੍ਰਤਾਪ ਆਪਦਾ ਦਰਸ਼ਨ ਨੂੰ ਉਹ ਚਾਹੇ। ਅਰ ਪ੍ਰਭ ਦੇ ਉਹ ਬਿਨਾਂ ਬੁਲਾਏ ਆਪੇ ਆਵਤ ਨਾਹੇ।।੬੩।। ਪਰ ਅੱਗੇ ਉਹ ਜਾਂਦਾ ਨਾਹੀਂ ਬਿਨ ਦਰਸ਼ਨ ਗੁਰ ਕੇਰੇ। ਐਸਾ ਉਸ ਦਾ ਨਿਸਚਾ ਪੂਰਾ ਆਵਤ ਮਨ ਮਹਿਂ ਮੇਰੇ।। ਜਿਸਤੇ ਸਿੱਧ ਬਾਤ ਇਹ ਹੋਈ ਸੀ ਉਹ ਕਿਸੇ ਬੁਲਾਇਆ। ਇਤਨੀ ਦੂਰ ਚੱਲਕੇ ਜਿਹੜਾ ਕਿਸੀ ਮਾਰ ਪਰ ਆਇਆ।।੬੪।। ਜਾਨ ਪ੍ਰਤਾਪ ਗੁਰੂ ਦਾ ਭਾਰੀ ਭਾਹ

ਲੋਭ ਮਨ ਅੰਦਰ। ਭੜਕ ਖਲੀ ਜੋ ਪਈ ਨਚਾਵੇ ਭੁੱਲਿਆ ਦੇਵੀ ਮੰਦਰ।। ਤਾਂ ਤੇ ਐਸੀ ਬਾਤਾਂ ਭਾਈ ਸ਼ਰਧਾ ਲਇਕ ਨਾਹੀਂ। ਮਨ ਭਾਵਤ ਜੋ ਕਵੀਆਂ ਰਚ ਕੇ ਧਰ ਦੀਨੀ ਜਗਮਾਹੀ।।੬੫।।

## ਦੋਹਿਰਾ

ਤਾਂਤੇ ਜੇ ਕੁਛ ਹੋਰ ਹੈ ਮੈਨੂੰ ਖੋਲ੍ਹ ਸੁਨਾਉ।
ਭੰਗ ਘੋਟਨੀ ਦੱਸ ਕੇ ਫੱਕੜਪਣਾ ਨ ਪਾਉ।।੬੬।।

# ਦੁਰਗਾ ਭਗਤ

## ਦੋਹਿਰਾ

ਜੇ ਏਹ ਬਾਤ ਪਸਿੰਦ ਨਾ ਅੱਗੇ ਸੁਨ ਲੈ ਹੋਰ।
ਆਪੇ ਪ੍ਰਗਟ ਹੋਵਸੀ ਸਾਧ ਕਿਧੈ ਹੈ ਚੋਰ।।੬੭।।
ਦੇਖੋ ਗੁਰ ਜੀ ਭੇਜਕੇ ਖਾਸ ਆਪਨਾ ਦਾਸ।
ਓਸੇ ਵਕਤ ਮੰਗਾਇਆ ਬਿੱਪਰ ਅਪਨੇ ਪਾਸ।।੬੮।।
ਮੈਂ ਨਾ ਕਹੀ ਬਨਾਇਕੇ ਅਪਨੇ ਮਨ ਥੀ ਗੱਲ।
ਇਹ ਸੂਰਜ ਪਰਕਾਸ਼ ਵਿਚ ਆਪੇ ਪੜ੍ਹ ਲੈ ਚੱਲ।।੬੯।। ਯਥਾ:-

## ਛੰਦ

"ਤਬ ਦਿਆਰਾਮ ਕੋ ਢਿਗ ਬੁਲਾਹਿ। ਦ੍ਵਿਜ ਲਿਆਉ ਜਾਉ ਨਹਿ ਬਿਲਮ ਲਾਇ। ਸੁਨ ਹੁਕਮ ਗਯੋ ਅਸ਼ਵਾਰ ਹੋਇ। ਤਿਸ ਨਿਕਟ ਜਾਇ ਕਹਿ ਬਾਤ ਸੋਇ।।੨੯।। ਗੁਰ ਕਰਤ ਯਾਦ ਚਲੀਏ ਹਜ਼ੂਰ। ਤੱਤ ਕਾਲ ਚਢਿਓ ਸੁਨ ਬਹਾਲ ਹੂਰ।। ਆਇਓ ਸਮੀਪ ਨਰ ਕਿਤਕ ਸਾਕ। ਪਠਿਆ ਸਿੱਖ ਸ਼੍ਰੀ ਫਲ ਲੀਨ ਹਾਥ।।੩੦।। ਗੁਰ ਅੱਗਰ੍ ਅਰਪ ਕਰ ਦਰਸ਼ਨ ਕੀਨ। ਤਬ ਚੌਕੀ ਦਾਸ ਡਹਾਇ ਦੀਨ।। ਬਰ ਬਿੱਪਰ ਬੈਠ ਅਵਲੋਕ ਰੂਪ। ਮਨ ਮੋਹਨ ਕ੍ਰਿਸ਼ਨ ਚਿਹਨ ਅਨੂਪ।।੩੧।। ਜਿਤ ਕਹਿਓ ਪੁਰਾਨਨ ਮਹਿ ਸੁਭਾਇ। ਤਿਮ ਸੁੰਦਰ ਤਨ ਗੁਰ ਯੁਤ ਸੁਹਾਇ।। ਆਕਰਖ ਸੁਚਿੱਤ ਧਰ ਬਸਾਹਿ ਲੇਤ। ਗੁਰ ਕੋ ਸਮਰਥ ਲਖ ਬਲ ਨਕੇਤ।।੩੨।। ਤਬ ਦਿਆਸਿੰਧ ਬੂਝਿਯੋ ਸੁਤੌਨ। ਦਿਜ ਜੂ ਕਹੋ ਤੁਮ ਇਸ਼ਟ ਕੌਨ।। ਕਿਨ ਕੋ ਅਰਾਧ ਸੇਵਤ ਮਹਾਨ। ਕਿਸ ਨਿਕਟ ਚਹਤ ਆਪਨ ਕਲਿਆਨ।। ਦ੍ਵਿਜ ਕਹੈ ਸੁ ਕੇ ਸਵਦਾਸ ਫੇਰ। ਹਮ ਇਸਟ ਚੰਡਕਾ ਸਭ ਵਡੇਰ।। ਜਹਿ ਨਿਕਟ ਜਾਚਤੇ ਦੇਵ ਸਰਬ। ਜਹਿ ਖੰਡ ਕੀਨ ਸਤ੍ਰੂਨ ਗਰਬ।।੩੪। ਤਿਸ ਜਗਤ ਮਾਤ ਕੋ ਮੁਖ ਸਥਾਨ। ਹੈ ਜ੍ਵਾਲਾ ਮੁਖੀ ਰਚਯੋ ਜਹਾਨ।। ਤਿਸ ਦਰਸ ਬਹੁਰੋ ਸੁਧਾਰ। ਅਰ ਦੇਸ ਦੂਰ ਤਜ ਕੈ ਪਧਾਰ।।੩੫।। ਸਭ ਆਦਿ ਸਕਤ ਦੇਵਾਨ ਦੇਵ। ਬਹੁ ਆਦਿ ਜਾਹਿ ਕੀ ਕਰਤ ਸੇਵ।। ਲਿਵ ਲਗਹਿ ਸਦਾ ਤਿਸ ਨਾਮ ਕੇਰ। ਮੈਂ ਕਰੋ ਧਿਆਨ ਪੂਜਾ ਘਨੇਰ।।੩੬।। ਸੁਨ ਗੁਰੂ ਬੰਦਨਾ ਕੀਨ ਤਾਂਹਿ। ਜਗ ਮਾਤ ਪੂਜਬੇ ਹਮੇਂ ਚਾਹਿ।। ਜਿਸ ਤੇ ਪ੍ਰਤੱਛ ਹੋਇ ਦਰਸ ਦੇਹੁ। ਅਹੇਰ ਰੂਪ ਬਰ ਮਾਂਗ ਲੇਹੁ।।੩੭।। ਤੁਮ ਪੈ ਬਿਧਾਨ ਇਹ ਸਗਲ ਆਇ। ਕੀਜੈ ਪ੍ਰਯੋਗ ਸਭ ਬਿਧ ਬਹਾਇ।। ਚਹੀ ਯਹਿ ਸਮੱਗ੍ਰੀ ਭਵ ਜਿਤਕ ਕੇਤ। ਜੋ ਸੁਭਗ ਹੋਇ ਕਹੀਯਹੁ ਤਿਤੇਕ।।੩੮।। ਜਿਮ ਮੰਤ੍ਰ ਪਾਠ ਅਰ ਹਵਨ

ਹੋਇ। ਰਹਿ ਕਿਤਕ ਕਾਲ ਲਗ ਕਹਹੁ ਸੋਇ॥ ਗਨ ਦ੍ਵਿਜਨ ਭਨੀ ਮਹਮਾਂ ਤੁਹਾਰ। ਬਿਧ ਚੰਡ ਪੂਜ ਥੇ ਮਹਿ ਉਦਾਰ॥੩੯॥"

**ਦੋਹਿਰਾ**

ਪਾਸ ਬੁਲਾਕੇ ਪੁੱਛਿਆ ਇਸ਼ਟ ਦੇਵ ਤਿਸ ਕੇਰ।
ਤਦ ਦੁਰਗਾ ਉਸ ਨੈ ਕਹੀ ਸਭ ਤੇ ਅਧਕ ਦਲੇਰ॥੭੦॥
ਅਰ ਇਹ ਭੀ ਤਿਨ ਆਖਿਆ ਮੈਂ ਜਾਨਤ ਬਿਧ ਸੋਇ।
ਜਿਸ ਤੇ ਦੁਰਗਾ ਜਗਤ ਮਹਿ ਪ੍ਰਗਟੇ ਸੁਖ ਦਾ ਹੋਇ॥੭੧॥
ਤਿਸ ਪਰ ਗੁਰ ਜੀ ਤਿਸੀ ਕੋ ਕਹਾ ਰਿਦੇ ਦਾ ਭੇਦ।
ਸਾਨੂੰ ਪ੍ਰਗਟ ਕਰ ਦੇਵੋ ਜੋ ਵਿਧ ਦੱਸੇ ਵੇਦ॥੭੨॥
ਕਿਆ ਇਹ ਬਾਤਾਂ ਝੂਠ ਹਨ ਜੋ ਹਨ ਪਰੰ ਪਰਾਨ।
ਪੋਥੀ ਗ੍ਰੰਥ ਬਤਾਂਇਦੇ ਸੁਨਦੇ ਸਿੱਖ ਸੁਜਾਨ॥੭੩॥

## ਤਤ ਖਾਲਸਾ

**ਦੋਹਿਰਾ**

ਸੰਤੋਖ ਸਿੰਘ ਦੇ ਕਥਨ ਤੋਂ ਭੀ ਏਹੋ ਹੈ ਸਿੱਧ।
ਟੁੱਟੀ ਥੀ ਅਸਮਾਨ ਤੇ ਆਮਖ ਕਾਰਨ ਗਿੱਧ॥੭੪॥
ਜੋ ਜੋ ਇਸ ਦੇ ਕਥਨ ਮੈਂ ਪ੍ਰਗਟ ਹੁੰਦਾ ਭਾਵ।
ਸੋ ਤੈਨੂੰ ਮੈਂ ਆਖਸਾਂ ਬਿਨ ਪਖਪਾਤ ਲਗਾਵ॥੭੫॥

**ਚੌਪਈ**

ਇਨ ਕਵੀਅਨ ਮਹਿ ਹੋਰ ਵਿਰੋਧ। ਤੂੰ ਅੰਦਰ ਅਪਨੇ ਸੋਧ॥
ਸੁੱਖਾ ਸਿੰਘ ਬਤਾਵੈ ਐਸੇ। ਬਾਗ ਮਾਂਹਿ ਪੰਡਤ ਆ ਬੈਸੇ॥
ਕਰ ਪ੍ਰਤੱਗਯਾ ਐਸੀ ਭਾਰੀ। ਮੈਂ ਨਾ ਜਾਊਂ ਗੁਰੂ ਅਗਾਰੀ॥
ਪਰ ਜੋ ਗੁਰ ਹਨਗੇ ਅਵਤਾਰ। ਮਨ ਦੀ ਗਾਥਾ ਬੁੱਝਨ ਹਾਰ॥
ਤਾਂ ਆਪੇ ਆ ਦਰਸ ਦਿਖਾਵੈਂ। ਮੇਰੇ ਪਾਸ ਬਾਗ ਮਹਿ ਆਵੈਂ॥
ਸੋਈ ਸਤਿਗੁਰ ਕੀਤਾ ਆਇ। ਆਪੇ ਗਏ ਬਾਗ ਮਹਿ ਧਾਇ॥
ਓਸ ਸਮਯ ਸਿੱਖਾਂ ਸੀ ਕਹਾ। ਜਿਨ ਨਹਿ ਭੇਦ ਬਿੱਪ ਦਾ ਲਹਾ॥
ਸਤਿਗੁਰ ਜੀ ਐਥੇ ਮੰਗਵਾਓ। ਆਪ ਓਸ ਦੇ ਪਾਸ ਨ ਜਾਓ॥
ਪਰ ਗੁਰ ਜੀ ਯਹ ਕਹੀ ਸੁਨਾਇ। ਆਦਰ ਕਰੋ ਗੁਣੀ ਕੋ ਜਾਇ॥
ਕਲ ਜੁਗ ਕੇ ਗਯਾਨੀ ਸਮਹਾਨਾ। ਕਰਨਾ ਚਹੀਏ ਨਹਿਂ ਅਭਮਾਨਾ॥
ਤਾਂਤੇ ਆਪ ਪ੍ਰਭੂ ਜੀ ਗਏ। ਤਿਸ ਤੇ ਬਿਧ ਸਭ ਪੂਛਤ ਭਏ॥੭੬॥

**ਦੋਹਿਰਾ**

ਇਸ ਤੇ ਉਲਟ ਸੰਤੋਖ ਹਰਿ ਕਹਿਤ ਬੁਲਾਇਆ ਬਿੱਪ।
ਦਿਆ ਰਾਮ ਨੂੰ ਭੇਜਕੇ ਸ਼੍ਰੀ ਕਰਣਾ ਆਧਿਪ॥੭੭॥

### ਚੌਪਈ

ਦੇਖ ਵਿਚਾਰ ਇਨ੍ਹਾਂ ਦੇ ਮਾਹੀਂ। ਝੂਠਾ ਕਥਨ ਕੌਨ ਕਾ ਨਾਹੀਂ॥
ਆਪਸ ਮੈਂ ਨਹਿ ਮਿਲਦੇ ਦੋਇ। ਫਿਰ ਕਰੁ ਸਿੱਧ ਬਾਤ ਕਿਆ ਹੋਇ॥
ਫਿਰ ਜਦ ਪੰਡਤ ਆਯਾ ਪਾਸ। ਅਪਨੇ ਮਨ ਦੇ ਨਾਲ ਹੁਲਾਸ॥
ਧਰਾ ਨਲੇਰ ਗੁਰੂ ਪਗ ਆਗੇ। ਕਹਿ ਕਰ ਮੁਖ ਤੇ ਸ੍ਰੀ ਵਡਭਾਗੇ॥
ਤਦ ਚੌਂਕੀ ਗੁਰ ਪਾਸ ਡਹਾਕੇ। ਪੁੱਛੀ ਉਸ ਥੋਂ ਪਾਸ ਬਠਾਕੇ॥
ਤੇਰਾ ਇਸ਼ਟ ਕੌਨ ਹੈ ਪੰਡਤ। ਅਰ ਕਿਸ ਕੋ ਤੁਮ ਹੋ ਜਗ ਮੰਡਤ॥
ਤਬ ਤਿਨ ਅਪਨੀ ਮੁਕਤੀ ਦਾਤਾ। ਦੇਵੀ ਦੱਸੀ ਜਗ ਵਖਿਆਤ॥
ਅਰ ਤਿਸ ਦਾ ਜੋ ਮੁੱਖ ਸਥਾਨ। ਜ੍ਵਾਲਾ ਮੁਖੀ ਬਤਾਇਆ ਆਨ॥
ਅਰ ਇਹ ਭੀ ਉਸ ਨੇ ਕਹਿ ਦੀਨਾ। ਅਪਨਾ ਭਾਵ ਸਿੱਧ ਕਰ ਲੀਨਾ॥
ਮੈਂ ਪੂਜਾ ਕੀ ਸਭ ਵਿਧ ਜਾਨੋਂ। ਅਰ ਨਿਜ ਕੋ ਤਿਸ ਸੇਵਕ ਮਾਨੋਂ॥੭੮॥

### ਦੋਹਿਰਾ

ਇਸ ਤੇ ਪ੍ਰਗਟ ਹੋਵੰਦੀ ਉਸ ਦੀ ਸਾਰੀ ਚਾਲ।
ਨਾਲ ਜੁਗਤ ਦੇ ਦੱਸਯਾ ਖੋਲ੍ਹ ਆਪਨਾ ਹਾਲ॥੭੯॥

### ਚੌਂਪਈ

ਫਿਰ ਉਸ ਨੇ ਜੋ ਮੁਖ ਸਥਾਨ। ਕੀਤੀ ਜ੍ਵਾਲਾ ਮੁਖੀ ਬਖਾਨ॥
ਤਾਂ ਓਥੇ ਉਹ ਕਿਉਂ ਨਾ ਗਿਆ। ਉਲਟੇ ਰਸਤੇ ਸੀ ਕਿਉਂ ਪਿਆ।
ਨੈਣਾਂ ਦੇਵੀ ਜੋ ਸੀ ਗੌਣ। ਪੂਜਨ ਆਯਾ ਉਸ ਦਾ ਭੌਣ॥
ਤਾਂ ਤੇ ਸਿੱਧ ਬਾਤ ਇਹ ਹੁੰਦੀ। ਸੀ ਕੁਛ ਬਾਤ ਓਸ ਨੇ ਗੁੰਦੀ॥
ਤਾਹੀਂ ਆਇ ਗੁਰੂ ਦੇ ਬਾਗ। ਅਪਨਾ ਘਰ ਦਰ ਸਗਲ ਤਿਆਗ॥
ਜਿਸ ਦੀ ਸੁਨਕੇ ਐਸੀ ਬਾਤ। ਗੁਰ ਜੀ ਨੇ ਭੀ ਕਹਾ ਵਖਿਆਤ॥
ਸੁਨ ਪੰਡਤ ਜੇ ਤੂੰ ਬਿਧ ਜਾਨੈ। ਅਰ ਨਿਸਚਾ ਦੁਰਗਾ ਪਰ ਠਾਨੈ॥
ਤਾਂ ਸਾਨੂੰ ਭੀ ਚਾ ਦਖਰਾਉ। ਜੋ ਤੇਰੇ ਮਨ ਦਾ ਹੈ ਚਾਉ॥
ਇਸ ਤੇ ਸਿੱਧ ਹੋਤ ਨਹੀਂ ਭਾਈ। ਗੁਰ ਸ਼ਰਧਾ ਕਰ ਦੇਵ ਮਨਾਈ॥੮੦॥

ਭਾਵ-ਭਾਈ ਸੁੱਖਾ ਸਿੰਘ ਜੀ ਅਤੇ ਭਾਈ ਸੰਤੋਖ ਸਿੰਘ ਦੀ ਗੁਵਾਹੀ ਵਿੱਚ ਪਰਸਪਰ ਇਤਨਾਂ ਵਿਰੋਧ ਹੈ ਜੋ ਸਾਬਤ ਨਹੀਂ ਕਰਦਾ ਕਿ ਸੱਚਾ ਕੌਣ ਹੈ ਕਿਉਂਕਿ ਸੁੱਖਾ ਸਿੰਘ ਆਖਦਾ ਹੈ ਜੋ ਦੱਤਾਨੰਦ ਪੰਡਤ ਨੇ ਪਰਤੱਗਯਾ ਕੀਤੀ ਸੀ ਕਿ ਜੇ ਗੁਰੂ ਸੱਚੇ ਮਨ ਦੀ ਜਾਨਨਹਾਰੇ ਹੋਨਗੇ ਤਾਂ ਮੇਰੇ ਪਾਸ ਆਪ ਆਉਨਗੇ ਅਤੇ ਮੈਨੂੰ ਨਹੀਂ ਬੁਲਾਉਨਗੇ, ਜਿਸ ਪਰ ਐਸਾ ਹੀ ਹੋਇਆ ਏਧਰ ਭਾਈ ਸੰਤੋਖ ਸਿੰਘ ਜੀ ਆਖਦੇ ਹਨ ਕਿ ਜਦ ਕਾਂਸ਼ੀ ਤੇ ਕੇਸ਼ੋ ਦਾਸ ਆਇਕੇ ਬਾਗ ਵਿੱਚ ਉਤਰਿਆ ਤਦ ਗੁਰੂ ਦਾ ਯਸ਼ ਸੁਨਕੇ ਦਰਸ਼ਨ ਕਰਨ ਦੀ ਕਾਮਨਾਂ ਹੋਈ ਅਰ ਕਿਸੇ ਸਿੱਖ ਨੇ ਗੁਰੂ ਜੀ ਪਾਸ ਬੇਨਤੀ ਕੀਤੀ ਜਿਸ ਪਰ ਗੁਰੂ ਜੀ ਨੇ ਉਸ ਨੂੰ ਬੁਲਾਯਾ ਅਤੇ ਚੌਂਕੀ ਪਰ ਪਾਸ ਬਠਾਯਾ, ਅਰ ਹਾਲ ਚਾਲ ਪੁੱਛਿਆ, ਇਸ ਤੇ ਸੋਚ

ਸੱਕੀਦਾ ਹੈ ਕਿ ਇਨ੍ਹਾਂ ਵਿੱਚ ਸੱਚਾ ਕਿਸ ਦਾ ਕਥਨ ਹੈ॥

### ਦੋਹਿਰਾ

ਤਾਂ ਤੇ ਇਹ ਸਭ ਬਾਤ ਹੈ ਨਿਰੀ ਬਨਾਵਟ ਮੀਤ।
ਸ੍ਰੀ ਸਤਿਗੁਰ ਦੀ ਨਹੀਂ ਸੀ ਇਸ ਕੁਰੀਤ ਮਹਿ ਪ੍ਰੀਤ॥੯੧॥
ਤਾਂ ਤੇ ਜੇ ਕੁਛ ਪਾਸ ਹੈ ਤੇਰੇ ਹੋਰ ਦਲੀਲ।
ਸੋ ਪ੍ਰਗਟ ਕਰ ਦੱਸ ਤੂੰ ਅੱਗੇ ਪੰਥ ਅਪੀਲ॥੯੨॥

## ਦੁਰਗਾ ਭਗਤ

### ਦੋਹਿਰਾ

ਅੱਗੇ ਜੋ ਕੁਛ ਕਵਿ ਜੀ ਲੀਲ੍ਹਾ ਕਹੀ ਬਨਾਇ।
ਉਸ ਤੇ ਮਨ ਵਿੱਚ ਆਵੰਦਾ ਹੋਸੀ ਕੁਛ ਭਲ ਭਾਇ॥੯੩॥

### ਚੌਪਈ

ਜਦ ਪ੍ਰਗਟ ਹੋਈ ਜਗਦੰਬਾ। ਧਰਤ ਅਕਾਸ ਸਭੀ ਤਦ ਕੰਬਾ॥
ਉਲਟ ਪੁਲਟ ਧਰਤੀ ਹੈ ਹੋ ਗਈ। ਮਾਨਹੁ ਪ੍ਰਲੈ ਹੀ ਆ ਗਈ॥
ਹੱਲੇ ਪਰਬਤ ਨਾਲ ਭੁਚਾਲਾਂ। ਵਗਨ ਸਮੁੰਦਰ ਵਿੱਚ ਉਛਾਲਾਂ॥
ਜੈਸੀ ਸੁੱਖਾ ਸਿੰਘ ਸੁਨਾਈ। ਓਸੀ ਹਰਿ ਸੰਤੋਖ ਬਤਾਈ॥
ਜਿਸ ਵਿੱਚੋਂ ਮੈਂ ਕੁਝ ਸੁਨਾਵਾਂ। ਤੇਰੇ ਮਨ ਦੀ ਸ਼ੰਕ ਮਿਟਾਵਾਂ॥੯੪॥ ਯਥਾ:-

### ਦੋਹਿਰਾ

"ਡੇਢ ਪਹਰ ਦਿਨ ਕੇ ਰਹੇ ਨੌਮੀਂ ਆਦਿਤ ਵਾਰ।
ਚੇਤ ਮਾਸ ਪਖ ਸੁਕਲ ਮਹਿ ਵਿਦਤੀ ਜਗਤ ਅਧਾਰ॥੧॥

### ਸਵੈਯਾ

ਪੌਨ ਪ੍ਰਚੰਡ ਅਖੰਡ ਦਿਸਾ ਮਹਿ ਮੰਡਲ ਮੈ ਬਡ ਧੂਲ ਉਡਾਈ। ਘੋਰ ਘਟਾਂ ਚਹੂੰ ਓਰ ਘਨਾ ਘਨ ਘੋਖਤ ਘੋਖ ਘਨੋ ਘੁਘਰਾਈ। ਦੀਰਘ ਦਾਰਨ ਨਾਦ ਦਸੋ ਦਿਨ ਔਕੜ ਕਿਓ ਤੜਤਾ ਤੜਫਾਈ। ਏ ਸਭ ਲੱਛਨ ਬੀਚ ਅਕਾਸ ਪ੍ਰਕਾਸ ਭਏ ਡਰਦੇ ਸਮਦਾਈ॥੨॥ ਭੂਮ ਬਿਖੈ ਭੁਵਚਾਲ ਬਿਸਾਲ ਕਰਾਲ ਭਯੋ ਭਯ ਦਾ ਸਮਦਾਈ। ਡੋਲ ਡਗਾ ਮਗ ਭੇੜ ਪਹਾੜ ਦੜਾ ਦੜ ਸਿੰਗ ਟੁਟੇ ਅਧਕਾਈ॥ ਸਿੰਧ ਨਦੀ ਉਛਲੈ ਛਲਕੈ ਮਛ ਕੱਛ ਪਰਾਛਸ ਯੌਂ ਡਰ ਪਾਈ। ਕਾਨਨ ਤੇ ਉਖਰੇ ਤਰ ਦੀਰਘ ਮੂਲ ਮਹਾਂਦਿਕ ਕਾਂਡ ਬਢਾਈ॥੩॥ ਯੌਂ ਨਭ ਭੂਮ ਮੈਂ ਸੋਰ ਪਰਯੋ ਚਹੁ ਚੱਕ ਤ੍ਰਾਸ ਪ੍ਰਲੈ ਕਰ ਮਾਨਿਯੋ। ਦੀਰਘ ਨਾਦ ਸੁਨਿਯੋ ਸਭ ਹੂੰ ਬਿਸ ਮੈਂ ਸਭ ਹੋਇ ਕਛੂ ਨਹਿ ਜਾਨਿਯੋ॥ ਫੂਟ ਪਰੈ ਬ੍ਰਹਮੰਡ ਹੀ ਕੈ ਬਚ ਜਾਇਕ ਨੂੰ ਅਸ ਭਾ ਬਲ ਠਾਨਿਯੋ। ਕੋ ਉਤਪਾਤਨ ਹੇਤ ਮਹਾਨ ਭਯਾਨ ਬਿਨਾਸ ਸਮਾਨ ਪਛਾਨਿਯੋ॥੪॥"

### ਦੋਹਿਰਾ

ਦੇਖਿਆ ਪਰਗਟ ਹੋਨ ਪਰ ਕਿਹਾ ਕੀਆ ਤਰਥੱਲ।
ਸਾਰਾ ਮਨ ਤਨ ਕੰਬਦਾ ਸੁਨ ਕੇ ਤੇ ਇਹ ਗੱਲ॥੯੫॥

ਫਿਰ ਇਹ ਬਾਤਾਂ ਝੂਠ ਕਦ ਹੋਸਨ ਵਿੱਚ ਜਹਾਨ।
ਜਿਸ ਨੂੰ ਰਵਿ ਪ੍ਰਕਾਸ਼ ਸੇ ਕਰਦੇ ਗ੍ਰੰਥ ਬਖਾਨ।।੮੬।।
ਅਰ ਸਰਧਾਲੂ ਪੁਰਖ ਜੋ ਸੁਨ ਕਰ ਹੋਨ ਅਨੰਦ।
ਤੇਰੇ ਆਖਨ ਤੇ ਕਦੋਂ ਹੋ ਜਾਸਨਗੇ ਬੰਦ।।੮੭।।

## ਤੱਤ ਖਾਲਸਾ

### ਦੋਹਿਰਾ

ਅਹੋ ਝੂਠ ਦੇ ਕੰਨ ਇਨ ਕੁਤਰੇ ਖੂਬ ਬਨਾਇ।
ਜਿਸ ਪਰ ਭੋਲੇ ਮਾਨਸਾਂ ਲੀਤਾ ਠੀਕ ਫਸਾਇ।।੮੮।।

### ਦਵੈਯਾ

ਬਾਤਾਂ ਨਾਲ ਉਡਾਈ ਉਸ ਨੇ ਧੂੜ ਅਕਾਸ ਮਝਾਰੀ। ਏਹੋ ਜਿਹੀ ਅੰਧੇਰੀ ਲਿਆਇਆ ਕੰਬੀ ਧਰਤੀ ਸਾਰੀ।। ਬੱਦਲ ਖੂਬ ਚੜ੍ਹਾਇ ਦਿਖਾਏ ਅਰ ਬਿਜਲੀ ਕੜਕਾਈ। ਲਿਆਇ ਭੂਚਾਲ ਪਹਾੜ ਉਡਾਕੇ ਸਾਰੀ ਖਲਕ ਡਰਾਹੀ।।੮੯।। ਬਣ ਭੀ ਚੁਕ ਉਖੇੜ ਬਨਾਏ ਪਰਬਤ ਖੂਬ ਉਡਾਏ। ਸਾਰੇ ਜਗ ਮਹਿ ਸ਼ੋਰ ਮਚਾਕੇ ਪ੍ਰਲੇ ਚੁਕ ਲਿਆਏ।। ਐਸੇ ਢੰਗ ਨਾਲ ਉਨ ਰਚਕੇ ਸਾਰੀ ਬਾਤ ਉਚਾਰੀ। ਮਾਨੋਂ ਅਪਨੇ ਅਖੀਂ ਦੇਖੀ ਬੈਠ ਹਕੀਕਤ ਸਾਰੀ।।੯੦।। ਸਾਲ ਡੇਢ ਸੈ ਮਗਰੋਂ ਉਸ ਨੇ ਜਦ ਸੀ ਗ੍ਰੰਥ ਬਨਾਇਆ। ਓਸੇ ਵੇਲੇ ਸਾਰਾ ਉਸ ਨੇ ਚੁੱਕ ਤੁਫਾਨ ਗੁੰਦਾਇਆ।। ਕੌਨ ਸਬੂਤ ਏਸ ਦੇ ਅੰਦ੍ਰ ਜੋ ਸੱਚਾ ਹਮ ਜਾਨੈ। ਕੇਵਲ ਰਚਨਾਂ ਇੱਕ ਕਵੀ ਦੀ ਹੋਰ ਨਹੀਂ ਕੁਛ ਠਾਨੈ।।੯੧।।

### ਦੋਹਿਰਾ

ਲਿਖਦੇ ਏਸ ਘਮੰਡ ਨੂੰ ਕਲਮ ਪਕੜਦਾ ਕੌਣ।
ਬੈਠੇ ਵਿੱਚ ਮਕਾਨ ਦੇ ਉਲਟਾਏ ਤ੍ਰੈਭੌਣ।।੯੨।।
ਉਸ ਵੇਲੇ ਜੇ ਪਕੜ ਕੇ ਲਿਖਦਾ ਕਲਮ ਸੁਮਾਲ।
ਜਿਸ ਦੀ ਅੱਗੇ ਅਸੀਂ ਭੀ ਦੇਈਏ ਬੁਧ ਮਸਾਲ।।੯੩।। ਯਥਾ:-

### ਸਵੈਯਾ

ਜਬ ਆਇ ਸਮਾਂ ਵਹੁ ਠੀਕ ਗਿਆ ਤਬ ਸ਼ਾਂਤਿ ਮਹਾਂ ਧਰਨੀ ਪ੍ਰਗਟਾਈ। ਨਭ ਮੰਡਲ ਸਾਫ ਨ ਪੌਨ ਚਲੀ ਧਰ ਪੈ ਸਗਲੀ ਤਬ ਧੂਲ ਦਬਾਹੀ।। ਸਭ ਕੇ ਮਨ ਮਾਹਿੰ ਆਨੰਦ ਭਯੋ ਡਰ ਖੋਇ ਗਏ ਸੁਖ ਬੇਲ ਫਲਾਈ। ਘਰ ਹੀ ਘਰ ਹੋਤ ਆਨੰਦ ਮਹਾਂ ਮਿਲ ਦੇਖਤ ਲੋਗ ਕਹੈ ਧਨ ਮਾਹੀ।।੯੪।। ਨਹਿ ਪਾਤ ਹਲੈ ਨਹਿ ਵਾਯੂ ਚਲੈ ਰਵਿ ਜੋਤਿ ਭਲੇ ਨਭ ਮੈਂ ਚਮਕਾਵੈ। ਸਭ ਸਿੰਧ ਅਚੱਲਨ ਹੱਲਤ ਹੈ ਮੱਛ ਕੱਛ ਮਹਾਂ ਜਲ ਮੈਂ ਸੁਖ ਪਾਵੈ। ਬਣਪੁੰਜ ਮਹਾ ਤਬ ਫੂਲ ਰਹੇ ਮਨੋਂ ਰੂਪ ਬਸੰਤ ਆਨੰਤ ਦਿਖਾਵੈ। ਇਸ ਭਾਂਤ ਭਲੇ ਜਗ ਸ਼ਾਂਤਿ ਭਯੋ ਜਗ ਮਾਤਕੁ ਆਵਨ ਭਾਵ ਬਤਾਵੈ।।੯੫।।

### ਦੋਹਿਰਾ

ਕਹੋ ਅਸਾਡੀ ਬਾਤ ਮਹਿ ਅਹੇ ਕੌਨਸਾ ਦੋਸ਼।
ਸਾਂਤਿ ਰਹੀ ਜੇ ਤਿਸ ਸਮਯ ਬਦਲੇ ਜੋਸ਼ ਖਰੋਸ਼।।੯੬।।
ਕੇਵਲ ਮਨ ਉਸ ਕਵਿ ਦੇ ਆਇ ਗਈ ਇਹ ਗੱਲ।
ਦੇਵੀ ਨੂੰ ਪ੍ਰਗਟਾਈਏ ਪਾ ਕਰਕੇ ਤਰਥੱਲ।।੯੭।।
ਜਿਸ ਤੇ ਹਰਿ ਸੰਤੋਖ ਜੀ ਘੜਾ ਮਸੌਦਾ ਏਹ।
ਆਖੇ ਦੇਵੀ ਪ੍ਰਗਟੀ ਜਗ ਤੇ ਉਡਾਕੇ ਖੇਹ।।੯੮।।
ਪੜ੍ਹਨੇ ਹਾਰੇ ਭੌਂਦੂਆਂ ਮੰਨ ਲਿਆ ਸਭ ਸੱਚ।
ਹੀਰਾ ਕਰਕੇ ਬੇਚਿਆ ਕਵਿ ਨੇ ਅਪਨਾ ਕੱਚ।।੯੯।।
ਤਾਂ ਤੇ ਮਨ ਮਹਿੰ ਸਮਝ ਤੂੰ ਗੱਲ ਨ ਹੋਈ ਕੁੱਝ।
ਲਾਲ ਬੁਝੱਕੜ ਜਨਾਂ ਦੀ ਧਾਮੜ ਧੂਮੜ ਬੁੱਝ।।੧੦੦।।
ਨਾਂ ਕੁਝ ਪ੍ਰਗਟ ਹੋਇਆ ਨਾਂ ਕੁਛ ਮਚਾ ਘਮੰਡ।
ਇਹ ਸਾਰਾ ਅਗਯਾਨ ਦਾ ਫੈਲਾ ਆਲ ਪਖੰਡ।।੧੦੧।।

## ਦੁਰਗਾ ਭਗਤ

### ਦੋਹਿਰਾ

ਮੇਰੇ ਮਨ ਨਹਿੰ ਲੱਗਦੀ ਏਹੁ ਤੁਸਾਡੀ ਬਾਤ।
ਜੋ ਦਿਨ ਨੂੰ ਭੀ ਆਖਦੇ ਕਾਲੀ ਬੋਲੀ ਰਾਤ।।੧੦੨।।
ਪ੍ਰਗਟ ਹੋਈ ਕਾਲਕਾ ਸਭਨਾਂ ਪਰ ਪ੍ਰਤੱਖ।
ਪਰ ਇਕ ਤੈਂ ਇਸ ਓਰ ਤੇ ਮੀਟ ਲਈ ਹੈ ਅੱਖ।।੧੦੩।।
ਉਸ ਦੇ ਪ੍ਰਗਟ ਹੋਨ ਦਾ ਸਮਾਂਚਾਰ ਹੋ ਜੋਇ।
ਸੋ ਸੂਰਜ ਪ੍ਰਕਾਸ਼ ਤੇ ਐਸੇ ਪ੍ਰਗਟ ਹੋਇ।।੧੦੪।। ਯਥਾ:-

### ਤ੍ਰਿਭੰਗੀ ਛੰਦ

"ਪ੍ਰਗਟੀ ਜਗ ਰਾਨੀ ਸਭ ਗੁਨ ਖਾਨੀ ਜਗ ਬਰ ਦਾਨੀ ਭੂਰ ਪ੍ਰਭਾ। ਕਿਆ ਸੂਰਜ ਇੰਦ੍ਰੈ ਹੈਨ ਮਨਿੰਦਰੈ ਪਿਖ ਦ੍ਰਿਗ ਮੁੰਦ੍ਰੇ ਦੇਵ ਸਭਾ।। ਕਿਆ ਪਾਵਕ ਰਾਸੈ ਤੜਤਾ ਭਾਸੈ ਕਹਾ ਪ੍ਰਕਾਸੈ ਹੁਵੈ ਸਮਤਾ। ਕਹਿ ਨਦਰਿਨ ਠਹਰੈ ਝਾਂਕਤ ਹਹਰੈ ਅੰਗਨ ਬਹਿਰੈ ਧ੍ਰਿਤ ਜਮਨਾ।।੫।। ਜੁਗ ਚਰਨ ਬਿਸਾਲਾ ਨਖਨ ਕਰਾਲਾ ਜੰਘਨ ਤਾਲਾ ਤੂਰ ਜਥਾ। ਕਟਮੈ ਅਲਬਾਲਾ ਹਾਡਨ ਮਾਲਾ ਪਿਖ ਭੈ ਹਾਲਾ ਉਦਰ ਤਥਾ।। ਪ੍ਰਿਸਟੀ ਪਰ ਬਾਲਾ ਲਟਕੇ ਜਾਲਾ ਦੀਰਘ ਕਾਲਾ ਰੰਗ ਸਜਾ। ਤਰਕੇ ਜਲ ਡਾਲਾ ਮੁੰਡਕ ਬਯਾਲਾ ਹੈ ਬਡ ਬਯਾਲਾ ਅਸ਼ਟਭੁਜਾ।।੬।। ਗਰ ਮੈਂ ਧਰਮਾਲਾ ਮੁੰਡਨ ਜਾਲਾ ਬਹੁਤ ਕਰਾਲਾ ਦਾੜ੍ਹ ਵਡੀ। ਦੰਤਨ ਕੀ ਪਾਲਾ ਖਰੀ ਕੁਢਾਲਾ ਦੀਰਘ ਜੁਵਾਲਾ ਤੁੰਡ ਛਡੀ।। ਭ੍ਰਿਕੁਟੀ ਚਢ ਭਾਲਾ ਲੋਚਨ ਲਾਲ ਸੀਸ ਬਿਸਾਲਾ ਬਾਲ ਮਹਾਂ। ਤਨ ਸਭ ਬਿਕਰਾਲਾ ਦਿਸ ਪਤ ਵਾਲਾ ਕਰ ਕਰਵਾਲਾ ਲਾਹ ਜਹਾਂ।।੭।। ਗਨ ਜੋਗਨ ਸੰਗਾ ਤਨ ਜਿਨ ਨੰਗਾ ਮਹਾਂ ਕੁਰੰਗਾ ਨਾਚਤ ਹੈਂ। ਬਹੁ ਭੂਤ ਪਰੇਤਾ ਕੇਤਕ ਕੇ

ਤਾ ਗਾਹ ਕਰ ਲੇਤਾ ਮਾਂਚਤ ਹੈਂ। ਮੁਖ ਹੜ ਹੜ ਹਾਸੈ ਬਾਕ ਪ੍ਰਕਾਸੈ ਫਿਰ ਚਹੁ ਪਾਸੈ ਕੀੜ ਕਰੇਂ। ਬਹੁ ਬੀਰ ਬਿਲਾਸੈ ਦੋਇ ਪਚਾਸੈ ਅੱਗ੍ਰ ਪ੍ਰਕਾਸੈ ਮੋਦ ਧਰੈਂ।।੮।। ਕਰਤੀ ਭੂਮ ਚਾਲਾ ਸੈਲ ਬਿਸਾਲਾ ਸਿੰਘ ਉਤਾਲਾ ਫੋਰਤ ਹੈ। ਗਰਜਤ ਰਵ ਭਾਰੀ ਭੀਖਨ ਕਾਰੀ ਗਣਨ ਅਗਾਰੀ ਤੋਰਤ ਹੈ। ਜਿਤ ਕਿਤ ਦਮ ਕੰਤੀ ਜ੍ਵਾਲਬਮੰਤੀ ਭੈ ਬਰਧੰਤੀ ਆਵਤ ਹੈ। ਕਿਲ ਕਿਤ ਕਿਲ ਕਾਰੀ ਡਾਕਨ ਡਾਰੀ ਬੇਗ ਜੁਧਾਰੀ ਪਾਵਤ ਹੈ।।੯।।

### ਦੋਹਿਰਾ

ਭੀਮ ਭੇਖਤ ਭੈ ਹਰਾ ਗਿਰ ਕੇ ਸਿਰ ਪਰ ਆਹਿ।
ਖਰੀ ਭਈ ਬਰ ਬ੍ਰਹ ਬਚ ਊਚੇ ਕਹਯੋ ਸੁਨਾਇ"।।੧੦।। ਆਦਿ

### ਦੋਹਿਰਾ

ਦੇਖੋ ਕੈਸਾ ਰੂਪ ਧਾਰ ਅਰ ਕਿਸ ਭਾਂਤ ਕਰਾਲਾ।
ਪ੍ਰਗਟ ਹੋਈ ਕਾਲਕਾ ਧਰ ਰੁੰਡਨ ਕੀ ਮਾਲ।।੧੦੫।।
ਪਰਬਤ ਉਤੇ ਖੜ ਗਈ ਚੜ੍ਹੀ ਸਿੰਘ ਬਲਧਾਰ।
ਜਿਨ ਅਪਨੀ ਸ਼ਕਤੀ ਸਹਤ ਰਾਕਸ ਹਨੇ ਹਜ਼ਾਰ।।੧੦੬।।
ਇਸ ਪਰ ਨਿਸਚਾ ਕਰਣ ਹੀ ਬਣਦਾ ਹੈ ਜਗ ਮਾਂਹਿ।
ਕਠਨ ਬਨੀ ਜੋ ਪਕੜ ਦੀਆਂ ਭਗਤਨ ਕੀ ਬਾਂਹਿ।।੧੦੭।।

ਭਾਵ-ਇਨ੍ਹਾਂ ਉਪੱਰਲੇ ਛੰਦਾਂ ਤੇ ਪ੍ਰਗਟ ਹੋ ਜਾਂਦਾ ਹੈ ਕਿ ਜੋ ਦੇਵੀ ਕਾਲੇ ਰੰਗ ਨਾਲ ਗਲ ਵਿੱਚ ਮੁਰਦੇ ਦੀ ਹੱਡੀਆਂ ਪਾਕੇ ਆਈ ਜਿਸ ਦੇ ਤੇਜ਼ ਦੀ ਸ਼ਕਤੀ ਬਿਜਲੀ ਜੈਸੀ ਸੀ ਅਰ ਪਿੱਠ ਪਰ ਵਾਲ ਖੜੇ ਸੇ ਹਸਦੀ ਹੋਈ ਨੰਗੀ ਕਲਜੋਗਨੀਆਂ ਨੂੰ ਨਚਾ ਰਹੀ ਸੀ, ਜਿਸ ਦੇ ਪਾਸ ਸੱਪ ਅਤੇ ਸਿਰਾਂ ਦੀ ਮਾਲਾ ਸੀ ਫਿਰ ਮੂੰਹ ਤੇ ਅੱਗੇ ਉੱਛਾਲਦੀ ਪਹਾੜ ਪਰ ਸ਼ੇਰ ਦੀ ਅਸਵਾਰੀ ਕਰਕੇ ਆ ਖੜੀ ਸੀ, ਜਦ ਇਹ ਬਾਤਾਂ ਭਾਈ ਸੰਤੋਖ ਸਿੰਘ ਜੀ ਕਥਨ ਕਰਦੇ ਹਨ ਤਦ ਸਾਨੂੰ ਮੰਨਨਾਂ ਪੈਂਦਾ ਹੈ ਕਿ ਇਹ ਸਭ ਸੱਚ ਹਨ ਜੋ ਉਸ ਵੇਲੇ ਜ਼ਰੂਰ ਦੇਵੀ ਆਈ ਸੀ ਅਰ ਗੁਰੂ ਜੀ ਨੂੰ ਵਰ ਦਿੱਤਾ ਸਾ।।

## ਤੱਤ ਖਾਲਸਾ

### ਦੋਹਿਰਾ

ਇਹ ਤਾਂ ਚੰਗੀ ਪ੍ਰਗਟੀ ਜਗ ਮਾਤਾ ਅਭਰਾਮ।
ਜਿਸ ਨੇ ਅਟ ਪਰ ਬਹੁਤ ਹੀ ਕੀਤੇ ਆਕੇ ਕਾਮ।।੧੦੮।।

### ਦਵੈਯਾ

ਇਤਨੀ ਪ੍ਰਭਾ ਲੈਕਰ ਆਹੀ ਸੂਰਜ ਮਾਤ ਕਰਾਇਆ। ਅਗਨ ਅਤੇ ਬਿਜਲੀ ਸਮ ਚਮਕੀ ਦੇਖਤ ਨੈਨ ਮੁਦਾਇਆ।। ਦੋ ਲੱਤਾਂ ਅਰ ਨੌਂਹ ਸੇ ਵੱਡੇ ਜੋ ਦੁਰਗਾ ਦੇ ਭਾਈ। ਕਿਆ ਉਹ ਸਰੂਪਨਾਖਾਂ ਸੀ ਦੂਜੀ ਸਨਮੁਖ ਗੁਰ ਦੇ ਆਈ।।੧੦੯।। ਤਾੜ ਰੁੱਖ ਸਮਲੰਬੀ ਲੱਤਾਂ ਸੱਪ ਲੱਕ ਲਟਕਾਏ। ਕਿਆ ਉਸ ਵੇਲੇ ਸੱਪ ਦਿਖਾਕੇ ਉਸ ਨੇ ਗੁਰੂ ਡਰਾਏ।। ਮੁਰਦਿਆਂ ਦੇ ਸਿਰ ਦੀ ਪਾ ਮਾਲਾ ਕਿਆ ਸ਼ੋਭਾ ਉਨ ਪਾਈ। ਭੈੜੀ ਰੀਝ ਸਿਰਾਂ ਦੀ ਉਸ ਨੂੰ ਕਹੁ ਖਾਂ ਕਿਉਂ ਸੀ

ਆਈ।੧੧੦।। ਕਿਆ ਮੂੰਗਾ ਅਰ ਮੋਤੀ ਉਸ ਨੂੰ ਹੱਥ ਨ ਸੀ ਜੇ ਆਏ। ਤਾਂ ਕੌਡੇ ਲੈ ਅਖੇ ਕੋਕਲੇ ਕਿਉਂ ਨਾ ਹਾਰ ਗੁੰਦਾਏ। ਵੱਡੀ ਦਾੜ੍ਹਾਂ ਦੰਦ ਕੁਢੰਗੇ ਮੁਖ ਦੀ ਸ਼ਾਨ ਵਿਗਾੜਨ।। ਚਾਟੇ ਵਰਗਾ ਢਿੱਡ ਕੱਢ ਕਿਆ ਲੱਗੀ ਚੌਧਰ ਸਾੜਨ।।੧੧੧।। ਫਿਰ ਜੋ ਰੂਪ ਕਰੂਪ ਬਨਾਕੇ ਮੁਖ ਵਿੱਚ ਅਗਨ ਜਲਾਯਾ। ਕਿਆ ਉਹ ਮੂੰਹ ਸੀ ਚੁਰ ਯਾ ਚੁੱਲ੍ਹਾ ਕੈ ਤੰਦੂਰ ਤਪਾਯਾ।। ਅੱਖਾਂ ਲਾਲ ਗੜੌਂਦੇ ਕਰੀਆਂ ਅਰ ਭੌਹਾਂ ਚੜ੍ਹਵਾਕੇ। ਕੀ ਕਰਨਾ ਸੀ ਦੱਸ ਪਿਆਰੇ ਐਸੀ ਸ਼ਾਨ ਦਿਖਾਕੇ।।੧੧੨।। ਉਪੱਰ ਪਿੱਠ ਦੇ ਬਾਲ ਜਾਲ ਸਮ ਜੋ ਸਨ ਉਸੇ ਉਗਾਏ। ਸੋ ਤੂੰ ਦੱਸ ਸੇਹ ਸਮ ਹੋਕੇ ਕੀ ਫਲ ਉਸ ਨੇ ਪਾਏ। ਏਹੋ ਜੇਹੀ ਸੂਰਤ ਤੇ ਕਿਆ ਹੱਥ ਗੁਰੂ ਜੀ ਆਇਆ। ਸੱਗੋਂ ਦੇਵੀਪਣ ਦੇ ਤਾਈਂ ਚਾਇ ਕਲੰਕ ਲਗਾਇਆ।।੧੧੩।। ਏਹੋ ਜਿਹੀ ਚੁੜੇਲ ਭੂਤਨੀ ਯਾ ਡਾਇਨ ਹੋ ਕੋਈ। ਦੱਸੋ ਭਲਾ ਭਵਾਨੀ ਸ਼ਿਵ ਦੀ ਕਦੋ ਅਜੇਹੀ ਹੋਈ।। ਏਹੋ ਜੇਹੀ ਨਾਰ ਕਦੇ ਜੇ ਕਿਸੇ ਪੁਰਖ ਦੀ ਹੋਵੇ। ਦੇਖਦਿਆਂ ਉਹ ਨੱਸ ਪਾਸ ਤੇ ਜਾ ਸੋ ਕੋਸ ਖਲੋਵੇ।।੧੧੪।। ਫਿਰ ਈਸ਼੍ਵਰ ਜੋ ਸਤ ਚਿਤ ਕਹਿੰਦੇ ਅਰ ਆਨੰਦ ਸਰੂਪਾ। ਕਿਉਂ ਅਰ ਅਪਨੀ ਨਾਰ ਬਨਾਵੇ ਏਹੋ ਜਿਹੀ ਕਰੂਪਾ।। ਮਾਨਸ ਖਾਣੇ ਪੁਰਖ ਅਜੇਹੇ ਹੁੰਦੇ ਹਨਗੇ ਘੋਰੀ। ਖੋਪਰੀਆਂ ਵਿੱਚ ਖਾਨ ਮੰਗਕੇ ਪਾਨੀ ਪੀਦੇ ਮੋਰੀ।।੧੧੫।। ਸਾਰੇ ਉਤੱਮ ਪੁਰਖ ਉਨ੍ਹਾਂ ਨੂੰ ਦੂਰ ਦੂਰ ਦੁਰਕਾਂਦੇ। ਨੇੜੇ ਜਾਣਾ ਤਾਂ ਇੱਕ ਪਾਸੇ ਪਰਛਾਵਾਂ ਨਾ ਪਾਂਦੇ।। ਫਿਰ ਪਰਮੇਸ਼੍ਵਰ ਨੂੰ ਕਿਆ ਇੱਛਾ ਐਸੀ ਕਾਲ ਕਰਾਲੀ। ਜੱਤਲ ਦਾਂਦੋ ਕਾਲੀ ਹਾਂਡੀ ਅਪਨੇ ਸੋ ਪਰਨਾਲੀ।।੧੧੬।। ਇਸ ਤੇ ਅੱਗੇ ਜੇਹੀ ਕੋਕੋ ਤੇਹੇ ਹੋਏ ਬੱਚੇ। ਨੰਗ ਧੜੰਗੇ ਆਇ ਭੂਤਨੇ ਨਾਲ ਓਸ ਦੇ ਨੱਚੇ।। ਓਹੋ ਜੇਹੀਆਂ ਨਾਲ ਕਰੂਪਾਂ ਨੱਚਨ ਜੋ ਕਲ ਜੋਗਨ। ਨਾਂ ਸੀ ਖੁਸ਼ੀ ਦਖਾਵਨ ਹਾਰੀ ਸੀ ਉਹ ਭਾਰੀ ਸੋਗਨ।।੧੧੭।। ਭੂਤ ਪਰੇਤ ਜੋਗਨਾਂ ਰਲਕੇ ਸੀ ਜੋ ਨਾਚ ਰਚਾਇਆ।। ਕਿਆ ਤੀਆਂ ਦੇ ਦਿਨ ਸੇ ਡਿੱਠੇ ਜਿਸ ਪਰ ਗਿੱਧਾ ਪਾਇਆ।। ਯਾ ਕੋਈ ਸੀ ਬਯਾਹੁ ਰਚਾਇਆ ਯਾ ਸੀ ਰਾਸ ਪਵਾਈ। ਸੀ ਵਰ ਦੇਣੇ ਕਾਰਨ ਸੱਦੀ ਕਿਉਂ ਨੱਚਨ ਨੂੰ ਆਈ।।੧੧੮।। ਕੇਹੜਾ ਸਮਾਂ ਨਾਚਦਾ ਹੈ ਸੀ ਜੋ ਸੀ ਕਰਨ ਜ਼ਰੂਰੀ। ਭਗਤਾਂ ਅੱਗੇ ਨਾਚ ਨੱਚਨਾ ਹੈ ਡਾਢੀ ਮਗਰੂਰੀ।।। ਐਵੇ ਹਿੜ ਹਿੜ ਹਾਸਾ ਕਰਨਾ ਚੰਗਾ ਨਾਹੀਂ ਨਾਰਾਂ।। ਫਿਰ ਜਦ ਚਾਰ ਚੁਫੇਰੇ ਫਿਰਦੇ ਜਿੰਨ ਭੂਤ ਬਡ ਡਾਰਾਂ।।੧੧੯।। ਇਤਨੇ ਹੀ ਵਿੱਚ ਚੜ੍ਹ ਕਰ ਨਾਹਰ ਗਣ ਅੱਗੇ ਲਾ ਲੀਤੇ। ਬੀਰ ਬਵੰਜਾ ਭੀ ਜਿਨ ਅੱਗੇ ਤੋਰ ਲਏ ਚੁੱਪ ਕੀਤੇ।। ਮੂੰਹੋਂ ਛੱਡਦੀ ਲਾਟਾਂ ਲੰਬੀ ਅਰ ਮਾਰੇ ਕਿਲਕਾਰੀ। ਐਸੇ ਚਾਲੇ ਚਲਦੀ ਹਲਦੀ ਚੜ੍ਹ ਗਈ ਜਾਇ ਪਹਾਰੀ।।੧੨੦।।

## ਚੌਪਈ

ਰੂਪ ਅਜੇਹਾ ਜੋ ਤਿਨ ਕੀਤਾ। ਕਹੁ ਖਾਂ ਕਯਾ ਫਲ ਉਸ ਤੇ ਲੀਤਾ।।
ਉਸ ਤੇ ਤਾਂ ਚੰਗਾ ਸੀ ਭਾਈ। ਜੇ ਬਣ ਜਾਂਦੀ ਬੁੱਢੀ ਮਾਈ।।
ਸੁੰਦਰ ਕਵਲ ਬਦਨ ਦ੍ਰਿਗ ਨੀਲੇ। ਸੀਲਵੰਤ ਸੋਭਤ ਪਟ ਪੀਲੇ।।
ਅਰ ਬਹੁ ਮੋਲ ਮਣੀ ਗਲ ਮਾਹੀਂ। ਮਾਲਾ ਹਾਥ ਫੜੀ ਸੁਭ ਜਾਹੀਂ।।
ਗੌਰ ਵਰਨ ਤਨ ਅਧਕ ਅਨੂਪਾ। ਮ੍ਰਿਦ ਬਚਨ ਸੁਨ ਕਰ ਸੁਖ ਰੂਪਾ।।

ਹੋਤ ਅਨੰਦ ਰਿਦਾ ਜਨ ਕੇਰਾ। ਮਹਾਂ ਨੀਤ ਮਹਿ ਜਿਸੇ ਵਸੇਰਾ॥
ਗਲ ਮਹਿ ਮੋਤਨ ਮਾਲ ਸੁਹਾਈ। ਰਤਨ ਜੜਤ ਸਿਰ ਤਾਜ ਸੁਹਾਈ॥
ਸਾਥ ਸੁਸੀਲ ਸੇਵਕਾਂ ਨਾਰੀ। ਮਾਨਹੁ ਕਰਣਾ ਮੈਤ੍ਰੀ ਸਾਰੀ॥
ਆਇ ਗੁਰੂ ਕੇ ਪਾਸ ਪੁਕਾਰੇ। ਮੈਂ ਦੇਵੀ ਹਾਂ ਖਰੀ ਅਗਾਰੇ॥
ਪ੍ਰਗਟ ਹੋਈ ਕਲਜੁਗ ਮਾਹੀਂ। ਬਿਨ ਤੁਮਰੇ ਦੂਸਰ ਕੋ ਨਾਹੀਂ॥
ਇਨ ਬ੍ਰਾਹਮਨ ਨੇ ਜੋ ਕੁਛ ਕੀਨਾ। ਸੋ ਮੈਂ ਭਲਾ ਬਹੁਤ ਹੈ ਚੀਨਾ॥
ਐਸੀ ਰੀਤੀ ਹਵਨ ਕਰਾਇਆ। ਜਿਸ ਕੇ ਬਲ ਮੁਝ ਕੋ ਪ੍ਰਗਟਾਇਆ॥
ਤਾਂਤੇ ਇਸ ਕੋ ਖੀਰ ਖਵਾਓ। ਪੂੜੇ ਘਿਉ ਦੇ ਚਾਇ ਪਕਾਓ॥
ਅੱਛੀ ਤਰ੍ਹਾਂ ਛਕਾਓ ਜਾਕੇ। ਭੇਜੋ ਧਨ ਦੇ ਨਾਲ ਰਜਾਕੇ॥
ਅਰ ਮੈਂ ਦੇਵਾਂ ਇਹ ਤਲਵਾਰ। ਜਿਸ ਕੇ ਬਲ ਤੁਰਕਨ ਕੋ ਮਾਰ॥
ਹੁਣ ਮੈਂ ਜਾਂਦੀ ਹਾਂ ਮੁੜ ਫੇਰ। ਬਹੁਤੀ ਹੋਇ ਗਈ ਹੈ ਦੇਰ॥
ਇਤਨਾ ਕਹਕੇ ਹੁੰਦੀ ਲੋਪ। ਮਤਾ ਪਕਾਕੇ ਅਪਨਾ ਗੋਪ॥
ਫਿਰ ਕਿਆ ਹਾਨ ਓਸ ਦੀ ਹੁੰਦੀ। ਖੁਲੇ ਝਾਟੇ ਥੋਂ ਸਿਰ ਗੁੰਦੀ॥
ਹੁਣ ਤੂੰ ਦਸ ਸੱਚ ਸਮਝਾਇ। ਕਿਹੜੀ ਸੂਰਤ ਹੈ ਸੁਖਦਾਇ॥
ਬਿਨਾਂ ਲਿਹਾਜ਼ ਬਤਾਈਂ ਸੱਚ। ਇਸ ਵਿੱਚ ਕਿਸ ਦਾ ਹੈਗਾ ਕੱਚ॥
ਤਾਂ ਤੇ ਹੋਰ ਬਾਤ ਨਹਿ ਕਾਈ। ਸੰਤੋਖ ਸਿੰਘ ਦੇ ਮਨ ਮਹਿਂ ਆਈ॥
ਐਸਾ ਕੋਈ ਰੂਪ ਬਤਾਓ। ਜਿਸ ਤੇ ਲੋਗਾਂ ਨੂੰ ਡਰ ਪਾਓ॥
ਜਾਂਨਨ ਲੋਗ ਵਡੀ ਭੈ ਦੰਤੀ। ਹੈ ਦੁਰਗਾ ਜਗ ਮਾਹਿ ਅਨੰਤੀ॥
ਇਸੀ ਖਯਾਲ ਪਰ ਬਨਤ ਬਨਾਕੇ। ਲਿਖ ਮਾਰਿਆ ਵਿੱਚ ਗੁਸੇ ਆਕੇ।੧੨੧॥

## ਦੋਹਿਰਾ

ਏਹੋ ਜੇਹੀ ਗਲ ਪਰ ਕਰ ਲੈਣਾ ਅਤਿਬਾਰ।
ਨਹੀਂ ਬੁੱਧ ਦੀ ਬਾਤ ਕੁਛ ਹੈ ਇਹ ਕੰਮ ਗੁਵਾਰ।੧੨੨॥
ਤਾਂ ਤੇ ਸਮਝਨ ਚਾਹੀਏ ਕਿਆ ਹੈ ਸੱਚਾ ਕਾਜ।
ਓਸ ਸਮਯ ਪਰ ਸੋਚ ਕੇ ਕੀਤਾ ਗੁਰ ਮਹਾਰਾਜ।੧੨੩॥
ਇਹ ਮਨ ਘੜਤ ਬਨਾਵਟਾਂ ਕਰ ਧਰੀਆਂ ਕਵਿ ਝੂਠ।
ਉਸ ਪਰ ਫਸ ਗਏ ਅੱਗ ਜਨ ਜਿਉਂ ਮਰਕਟ ਭਰ ਮੂਠ।੧੨੪॥

# ਦੁਰਗਾ ਭਗਤ

## ਦੋਹਿਰਾ

ਇਸ ਮਹਿ ਸ਼ੰਕਾ ਕਰਨ ਦੀ ਹੈ ਕੀ ਡਾਢੀ ਲੋੜ।
ਜੈਸੀ ਇੱਛਾ ਵਰਤ ਦੀ ਸਕੈ ਨ ਕੋਈ ਮੋੜ।੧੨੫॥
ਚੰਗੇ ਮੰਦੇ ਰੂਪ ਸਭ ਉਸ ਦੇ ਹਨ ਅਖਤਯਾਰ।
ਅਪਨੀ ਮੂਰਤ ਇੱਕ ਹੀ ਕੀਤੀ ਜਿਨੇਂ ਅਪਾਰ।੧੨੬॥

ਏਥੇ ਪ੍ਰਗਟ ਹੋਨ ਦਾ ਹੈ ਸਾਰਾ ਸੰਬਾਦ।
ਸੋ ਤੈਨੂੰ ਮੈਂ ਦੱਸਿਆ ਫਿਰ ਕਿਉਂ ਕਰੈਂ ਬਿਖਾਦ।।੧੨੭।।
ਅੱਗੇ ਦਸਵੇਂ ਪਾਤਸ਼ਾਹ ਜੋ ਭਾਖੇ ਸਿੱਧਾਂਤ।
ਅਰ ਮਾਤਾ ਉਤੱਰ ਦਏ ਸੋ ਸੁਨ ਮਨ ਏਕਾਂਤ।।੧੨੮।।
ਗ੍ਰੰਥ ਪੰਥ ਦਾ ਵਡਾ ਹੈ ਇਹ ਸੂਰਜ ਪ੍ਰਕਾਸ਼।
ਦੇਖੋ ਕਿਆ ਹੈ ਦੱਸਦਾ ਹਿਸ ਪਰ ਅਧਕ ਹੁਲਾਸ।।੧੨੯।। ਯਥਾ:-

## ਚੌਪਈ

"ਜੈ ਜਗ ਦੰਭਾ ਕੈ ਗੁਰ ਖਰੇ। ਸਕਲ ਰੂਪ ਕੇ ਦੇਖਨ ਕਰੇ।।
ਏਕ ਵਾਰ ਨਖ ਸਿੱਖ ਤੇ ਹੇਰ। ਨਮੋਂ ਕਰਤ ਚਖ ਮੀਚੇ ਫੇਰ।।੧੧।।
ਹਾਥ ਜੋਰ ਸਨਮੁਖ ਹੀ ਰਹੇ। ਰਿਦੇ ਮਨੋਰਥ ਦੇਵੀ ਲਹੇ।।
ਪਲਟਯੋ ਚਤੁਰ ਭੁਜੀ ਪੁਨ ਰੂਪ। ਕੰਚਨ ਬਰਨੀ ਭਈ ਅਨੂਪ।।੧੨।।
ਚੜੀ ਸਿੰਘ ਧਰ ਆ ਯੁੱਧ ਕਰੇ। ਚਾਰ ਚੰਦ੍ਰਾ ਭਾਲ ਛਬ ਧਰੇ।।
ਮਾਂਗ ਪੁਤ੍ਰ ਦੇਵੋਂ ਅਬ ਤੋਹੀ। ਸੇਵਾ ਕਰਤ ਰਿਝਾਯੋਂ ਮੋਹੀ।।੧੩।।
ਪ੍ਰਿਥਮ ਪ੍ਰਤੱਗਯਾ ਸਿਮਰਹੁ ਸੋਇ। ਚਹਹੁ ਸੁ ਕਹਹੁਸ ਪੂਰਨ ਹੋਇ।
ਮ੍ਰਿਦ ਬਚ ਮੋਦ ਭਰੇ ਸੁਨ ਫੇਰ। ਬੋਲ ਬਿਲੋਚਨ ਦਰਸ਼ਨ ਹੇਰ।।੧੪।।
ਦਿਹੁ ਵਰ ਮਾਤਾ ਪੰਥ ਉਪਾਵਉ। ਤੁਰਕ ਰਾਜ ਕੋ ਤੇਜ ਖਪਾਵਉ।।
ਤੁਮ ਕਰਤੇ ਅਸ ਆਯੁੱਧ ਪਾਵੇ। ਜਿਹ ਪਖਾਰ ਨਿਜ ਪੰਥ ਪਲਾਵੋਂ।।੧੫।।
ਸਦਾ ਸਹਾਇ ਪੰਥ ਕੀ ਕੀਜੈ। ਦਿਨ ਪ੍ਰਤਿ ਵਧੈ ਇਹੀ ਵਰਦੀਜੈ।।
ਤੋਹਿ ਚਰਤ ਬਸਹਿ ਮਨ ਮੇਰੇ। ਸਿਮਰਹੁ ਜਿਨ ਕੋ ਸੰਝ ਸਵੇਰੇ।।੧੬।।
ਇਮ ਸੁਨ ਹਸੀ ਵਾਕ ਸੁਭ ਕੀਨੋ। ਪੰਥ ਸਕੇਲ ਪੁੱਤ੍ਰ ਮੈਂ ਦੀਨੋ।। ਪੁਨਾ:
ਇਸ ਮਹਿ ਭੇਦ ਇਤਕ ਰਹਿ ਗਇਓ। ਪ੍ਰਥਮ ਦਰਸ ਦ੍ਰਿਗ ਮੀਚਸ ਭਇਓ।।
ਯਾਂ ਤੇ ਤੁਵ ਤਨ ਤਿਆਗਨ ਪਾਛੇ। ਚਾਲੀ ਵਰਸ ਬਿਤੇ ਜਬ ਆਛੇ।।੧੯।।
ਵਧੈ ਪੰਥ ਜਗ ਵਿਖੇ ਬਿਸਾਲਾ। ਤੇਜ ਤੁਰਕ ਤਨ ਹਤਹ ਕਰਾਲਾ।।
ਪੂਰਨ ਹੋ ਅਭਲਾਖ ਤੁਮਾਰੀ। ਸਾਚ ਹੋਇ ਸਭ ਯਥਾ ਉਚਾਰੀ।।੨੦।।
ਨਿਜ ਕਰ ਤੇ ਸਤਿਗੁਰ ਕੋ ਦਈ। ਯਾ ਤੇ ਕਰਦ ਨਾਮ ਬਿਦ ਤਈ।
ਇਹ ਲੇ ਕਰ ਜਲ ਯੁਤ ਮਿਸਟਾਨ। ਫੇਰ ਨ ਕਰਹੁ ਆਪਨੇ ਪਾਨ।।੨੧।।
ਸੂਰ ਹੋਇਗਾ ਸਿਦਕ ਤੁਮਾਰਾ। ਹੇਰ ਸਤ੍ਰ ਭਾਜਹਿ ਡਰ ਧਾਰਾ।।
ਅਬ ਦੀਜਹਿ ਕੁਛ ਭੇਟ ਹਮਾਰੀ। ਹੇ ਸੁਤ ਜਿਸ ਥੋਂ ਹੁਇ ਸੁਖ ਭਾਰੀ।।੨੨।।
ਸੁਨ ਗੁਰ ਕਰਦ ਕਰੀ ਕਰ ਧਾਰਨ। ਹਤਨ ਜਤਨ ਕੀਆ ਰਕਤ ਨਿਕਾਰਨ।।
ਸੋ ਲੇਕਰ ਜਗ ਮਾਤ ਪ੍ਰਸੰਨ। ਪੁਨ ਗੁਰ ਦੇਨ ਭੇਟ ਕਰ ਅੰਨ।।੨੩।।
ਸਤ੍ਰਨ ਸੋਂ ਹਤ ਹੁਹਿ ਬਿਚ ਬਾਦੇ। ਚਾਰੇ ਦੀਨੇ ਸਾਹਿਬਜ਼ਾਦੇ।।
ਲਾਖਹੁ ਸਿੰਘ ਧਾਰੇ ਉਰ ਕ੍ਰੋਧਾ। ਹੁਇ ਤੁਮ ਭੇਟ-ਮ੍ਰਿਤਕ ਵਿੱਚ ਜੁੱਧਾ।।੨੪।।

ਇਮ ਬਰ ਦੇਤ ਲੇਤ ਨਿਜ ਭੇਟਾਂ। ਤਤੁ ਛਿਨ ਅਪਨ ਪ੍ਰਕਾਸ ਸਮੇਟਾ॥
ਅੰਤ੍ਰ ਧਿਆਨ ਭਈ ਜਬ ਮਾਈ। ਤਬ ਲੰਕੁੜੀਏ ਗਿਰਾ ਅਲਾਈ॥੨੫॥
ਮਮ ਬਾਨਾਂ ਕਛਨੀ ਇਹ ਲੀਜੈ। ਅਪਨੇ ਸਰਬ ਪੰਥ ਮਹਿ ਦੀਜੈ॥
ਜੰਗ ਸਮਯ ਕੋ ਹੈ ਇਹ ਬਾਨਾ। ਯਾਂ ਤੇ ਹੁਇ ਹੈ ਤੇਜ ਮਹਾਨਾ॥੨੬॥
ਪੰਥ ਤੁਮਾਰੇ ਬਲ ਬਿਰ ਧਾਊ। ਜੁੱਧ ਸਹਾਇ ਹੇਤ ਮੈਂ ਆਊ॥
ਇਮ ਕਹਿ ਲੋਪ ਭਈ ਤਤਕਾਲ। ਕਰਦ ਹਾਥ ਧਰ ਥਿਰੇ ਗੁਪਾਲ॥੨੭॥" ਆਦਿ

## ਦੋਹਿਰਾ

ਧੰਨ ਧੰਨ ਦੁਰਗਾ ਅਹੇ ਧੰਨ ਤਾਹਿ ਪ੍ਰਤਾਪ।
ਕਠਨ ਬਨੀ ਪਰ ਹੋਤ ਹੈ ਪ੍ਰਗਟ ਜਗ ਮਹਿ ਆਪ॥੧੩੦॥
ਦੇਖੋ ਇਸ ਪ੍ਰਸੰਗ ਮਹਿ ਕਿਆ ਮੁਖ ਕਹ ਕਰ ਬੈਨ।
ਦੀਨਾ ਵਰ ਗੁਰ ਦੇਵ ਕੋ ਭਈ ਸਰਬ ਦਾ ਚੈਨ॥੧੩੧॥
ਲੈਕਰ ਭੇਟਾ ਆਪਨੀ ਅਰ ਦੇਕਰ ਕਰਪਾਨ।
ਭਈ ਲੋਪ ਮਤ ਗੋਪ ਕਹਿ ਸ਼ਕਤੀ ਆਦਿ ਮਹਾਨ॥੧੩੨॥
ਹੁਣ ਤੈਨੂੰ ਕੁਛ ਕਹਨ ਹਿਤ ਰਹੀ ਨ ਬਾਕੀ ਬਾਤ।
ਇਸ ਪ੍ਰਸੰਗ ਵਿਚਾਰਿਆਂ ਸਭ ਸੰਸਾ ਮਿਟ ਜਾਤ॥੧੩੩॥

# ਤੱਤ ਖਾਲਸਾ

## ਦੋਹਿਰਾ

ਤੁਮਰੀ ਬੁਧਿ ਦੀ ਕਰਾਂ ਉਪਮਾਂ ਕਿਤਕ ਬਨਾਇ।
ਏਹੋ ਜੇਹੀ ਬਾਤ ਪਰ ਜੋ ਬੈਠੀ ਭਰਮਾਇ॥੧੩੪॥
ਸੰਤੋਖ ਸਿੰਘ ਜੀ ਕਵਿ ਨੇ ਜੋ ਕੁਛ ਕਿਹਾ ਬਨਾਇ।
ਸੋ ਸਭ ਅਪਨੇ ਮਨ ਘੜੇ ਦਏ ਗਪੌੜੇ ਲਾਇ॥੧੩੫॥

## ਚੌਪਈ

ਪਹਲੈ ਤਾਂ ਤਿਨ ਏਹ ਸੁਨਾਈ। ਜੋ ਦੇਵੀ ਬਦ ਰੂਪ ਬਨਾਈ॥
ਪਰਬਤ ਉਪੱਰ ਉਸ ਦਾ ਖੜਨਾ। ਗਣ ਲੈ ਨਾਲ ਸਿੰਘ ਪਰ ਚੜ੍ਹਨਾ॥
ਫਿਰ ਨੰਗੇ ਬਹੁ ਭੂਤ ਪਰੇਤਾ। ਨਚਦੇ ਫਿਰਨ ਲਾਇ ਬਲ ਜੇਤਾ॥
ਕਈ ਨਾਲ ਕਲਜੋਗਨ ਨਾਰਾਂ। ਨੱਚਨ ਨੰਗੀ ਵਾਂਗ ਗੁਵਾਰਾਂ॥
ਅਰ ਦੁਰਗਾ ਦੇ ਵੱਡੇ ਬਾਲ। ਖੜੇ ਪਿੱਠ ਪਰ ਵਾਂਗੁਰ ਜਾਲ॥
ਏਹੋ ਜੇਹਾ ਰੂਪ ਕਰੂਪ। ਲਿਖ ਕੇ ਦੱਸੀ ਜਿਸ ਦੀ ਊਪ॥
ਐਸੀ ਮੂਰਤ ਕਰਕੇ ਦੱਸੀ। ਅੱਗ ਉਗਲਦੀ ਜਾਂਦੀ ਨੱਸੀ॥
ਜੋ ਚੁੜੇਲ ਤੇ ਭੀ ਦੁਰ ਦਰਸੀ। ਨਾਂ ਜਾਨੈ ਗੁਰ ਕਿਉਂ ਗੁਰਪਰਸੀ॥
ਫਿਰ ਪਹਾੜ ਪਰ ਜਾਕੇ ਭਾਈ। ਹੋਰ ਰੂਪ ਬਟਵਾਕੇ ਆਈ॥
ਚਤਰ ਭੁਜੀ ਅਰ ਗੋਰਾ ਰੰਗ। ਦੇਖਨ ਤੇ ਮਨ ਹੁੰਦਾ ਦੰਗ॥

ਦੱਸੋ ਇਸ ਵਿੱਚ ਕੀ ਵੱਡਿਆਈ। ਵਾਂਗ ਬਰੂਪੀ ਖੇਲ ਦਿਖਾਈ॥
ਸ੍ਵਾਂਗ ਦਖਾਉਨ ਤੇ ਕਿਆ ਸਰਦਾ। ਹੀਜ ਪਿਆਜ ਦਿਖਾਯਾ ਘਰ ਦਾ।੧੩੬॥

**ਦਵੈਯਾ**

ਸੁਖਾ ਸਿੰਘ ਵਿਚਾਰੇ ਨੇ ਸਾ ਥੋੜਾ ਜਿਹਾ ਗਾਇਆ। ਜਿਸ ਨੂੰ ਇਸ ਸੰਤੋਖ ਸਿੰਘ ਨੇ ਲੱਸੀ ਵਾਂਗ ਵਧਾਇਆ। ਕਰ ਬਤੂੰਗੜਾ ਬਾਤਾਂ ਦਾ ਇਨ ਐਸੀ ਭੰਡੀ ਪਾਈ। ਜਿਸਤੇ ਸੁਨਨੇ ਵਾਲਿਆਂ ਨੂੰ ਇੱਕ ਲੀਲ੍ਹਾ ਨਵੀਂ ਦਿਖਾਈ॥੧੩੭॥ ਪਹਲੇ ਕਾਲਯੋਂ ਗੋਰਾ ਕਰਨਾ ਰੰਗ ਕੰਦੂਰੀ ਜੇਹਾ। ਸੁੱਖਾ ਸਿੰਘ ਵਿਚਾਰੇ ਨੇ ਨਾ ਕਿਸੀ ਜਗ੍ਹਾ ਪਰ ਕੇਹਾ। ਇਹ ਸੰਤੋਖ ਹਰੀ ਨੇ ਲਾਇਆ ਵਧਕੇ ਹੋਰ ਮਸਾਲਾ। ਜਿਕਰ ਗੱਲ ਓਸਦੀ ਫੱਬੇ ਓਹੋ ਢੰਗ ਨਿਕਾਲਾ।੧੩੮॥ ਫਿਰ ਪਹਾੜ ਪਰ ਜਾਕੇ ਚੜ੍ਹਨਾ ਸਿੰਘ ਕਰਨ ਅਸਵਾਰੀ। ਇਹ ਭੀ ਪਹਲੇ ਕਵੀ ਕੋਲ ਤੇ ਦੱਸੀ ਏਸ ਨਿਆਰੀ। ਜਿਸ ਤੇ ਮਨ ਵਿਚ ਆਈ ਹੋਊ ਲਿਖਣੇ ਵੇਲੇ ਬਾਤਾ। ਸਿੰਘ ਚੜ੍ਹਾਕੇ ਪਰਬਤ੍ਰ ਉਤੇ ਚਹੀਏ ਖੜਨੀ ਮਾਤਾ॥੧੩੯॥ ਨਹੀਂ ਸਬੂਤ ਏਸ ਦਾ ਕੋਈ ਕਿਸ ਨੇ ਇਸ ਨੂੰ ਦੱਸਿਆ। ਕੌਣ ਸੁਨੇਹਾ ਲੇ ਕੇ ਉਸ ਦਾ ਕੈਥਲ ਨੂੰ ਸੀ ਨੱਸਿਆ। ਇਸ ਥੋਂ ਅੱਗੇ ਗੁਰੂ ਜੀ ਨੇ ਜੋ ਦੇਖਤ ਨੈਨ ਮਿਚਾਏ। ਸੁਖਾ ਸਿੰਘ ਵਿਚਾਰੇ ਨੈ ਨਾ ਕਿਸੀ ਜਗ੍ਹਾ ਪਰ ਗਾਏ।੧੪੦॥ ਇਹ ਢਕੌਸਲਾ ਮਨ ਤੇ ਘੜਕੇ ਲਿਖ ਦਿੱਤਾ ਅਨਹੋਇਆ। ਸਾਲ ਡੇਢ ਸੈ ਮਗਰੋਂ ਕੱਢਿਆ ਜੋ ਸੀ ਕਿਤੇ ਲਕੋਇਆ। ਜਿਸ ਦਾ ਫਲ ਇਹ ਪੰਥ ਅਧਿਕਾਏ।੧੪੧॥ ਦੱਸੋ ਭਲਾ ਬਾਤ ਇਹ ਕਿਸ ਨੇ ਇਸ ਨੂੰ ਆਕੇ ਦੱਸੀ। ਐਵੇਂ ਖਾਲੀ ਰਿੜਕੀ ਇਸ ਨੇ ਪਾਇ ਮਧਾਣੀ ਲੱਸੀ। ਇਸ ਤੇ ਪਹਲੇ ਕਿਸੇ ਕਵੀ ਨੇ ਨਾ ਇਹ ਬਾਤ ਉਚਾਰੀ। ਜੋ ਸੂਰਜ ਪ੍ਰਕਾਸ਼ ਵਿੱਚ ਇਹ ਗੱਪ ਕਵੀ ਨੇ ਮਾਰੀ।੧੪੨॥ ਇਸ ਤੇ ਅੱਗੇ ਹੋਰ ਗਪੌੜਾ ਇਸ ਨੇ ਵਧ ਕਰ ਲਾਇਆ। ਅੰਮ੍ਰਿਤ ਦਾ ਭੀ ਢੰਗ ਗੁਰੂ ਨੂੰ ਦੁਰਗਾ ਹੀ ਸਿਖਲਾਇਆ। ਪਹਲੇ ਦਿੱਤੀ ਕਰਦ ਹੱਥ ਵਿੱਚ ਫਿਰ ਇਸ ਭਾਂਤ ਉਚਾਰੀ। ਪਾਣੀ ਪਾਕੇ ਮਿੱਠਾ ਗੇਰੋ ਅਪਨੇ ਹਾਥ ਸੁਧਾਰੀ।੧੪੩॥ ਨਾਲ ਕਰਦ ਦੇ ਓਸ ਹਲਾਓ ਫਿਰ ਸਿੱਖਾਂ ਪਲਵਾਓ। ਜਿਸ ਤੇ ਉਸ ਦੇ ਬਲ ਨੂੰ ਪਾਕੇ ਜੰਗ ਭਲੇ ਕਰਵਾਓ। ਇਸ ਤੇ ਸਾਬਤ ਹੁੰਦਾ ਹੈ ਜੋ ਗੁਰ ਨੂੰ ਖਬਰ ਨ ਕਾਈ। ਇਹ ਸਾਰੀ ਮ੍ਰਯਾਦਾ ਤਿਨ ਕੋ ਦੁਰਗਾ ਤੇ ਹੱਥ ਆਈ।੧੪੪॥ ਜੇ ਪ੍ਰਗਟ ਨਾ ਹੁੰਦੀ ਦੇਵੀ ਤਾਂ ਇਹ ਅੰਮ੍ਰਿਤ ਜੋਈ। ਅਰ ਇਸ ਪੰਥ ਖਾਲਸੇ ਤਾਈਂ ਕਦੋਂ ਜਾਨਦਾ ਕੋਈ। ਗੁਰ ਜੀ ਆਇ ਜਗਤ ਦੇ ਅੰਦਰ ਐਵੇਂ ਹੀ ਚਲ ਜਾਂਦੇ। ਜੋਗੀ ਵਾਲੀ ਫੇਰੀ ਕਰਕੇ ਚੁਪਕੇ ਹੀ ਤੁਰ ਪਾਂਦੇ।੧੪੫॥ ਜੋ ਅਕਾਲ ਨੇ ਕਹਿਕੇ ਭੇਜੇ ਸੋ ਪੂਰਾ ਨਾ ਹੁੰਦਾ। ਇਹ ਦੇਵੀ ਨੇ ਸਫਲਾ ਕੀਤਾ ਜੋ ਮਨਸੂਬਾ ਗੁੰਦਾ। ਇਹ ਭੀ ਇਸ ਦੀ ਹੀ ਹੈ ਲੀਲ੍ਹਾ ਭੰਗ ਖਾਹਿ ਕਰ ਗਾਈ। ਜੋ ਸੁਖਾ ਸਿੰਘ ਪਹਲੇ ਇਸ ਤੇ ਕਿਤੇ ਨਹੀਂ ਹੈ ਗਾਈ।੧੪੬॥ ਹੋਰ ਅਨਰਥ ਏਸ ਨੇ ਗੁੰਦਯਾ ਜੋ ਨਾ ਕਿਸੇ ਸੁਹਾਵੇ। ਬਿਨਾਂ ਮੂਰਖਾਂ ਲੋਗਾਂ ਦੇ ਜੋ ਮਨ ਅੰਦਰ ਨਹਿ ਭਾਵੇ। ਅਰ ਗੁਰ ਜੀ ਦੀ ਜਿਸ ਦੇ ਅੰਦਰ ਰੰਚਕ ਨਾਂਹਿ ਵਡਾਈ। ਸੱਗੋਂ ਆਤਮ ਘਾਤੀ ਗੁਰ ਨੂੰ ਦੱਸੇ ਸਾਡਾ ਭਾਈ।੧੪੭॥

**ਚੌਪਈ**

ਆਖੇ ਦੁਰਗਾ ਮੰਗੀ ਭੇਟ। ਭਰਨੇ ਖਾਤ੍ਰ ਅਪਨਾ ਪੇਟ॥

ਓਹੋ ਕਰਦ ਗੁਰੂ ਕਰ ਪਾਈ। ਅਪਨੇ ਤਨ ਪਰ ਖੂਬ ਚਲਾਈ॥
ਰੁਧਰ ਨਕਾਲ ਆਪਨਾ ਦੀਆ। ਨਿਜ ਹਤਨੇ ਹਿਤ ਯਤਨ ਸੁ ਕੀਯਾ॥
ਜਿਸ ਪਰ ਚੱਟ ਲਹੂ ਖੁਸ਼ ਹੋਈ। ਆਖੇ ਇੱਛਾ ਰਹੀ ਨ ਕੋਈ॥
ਇਸ ਤੇ ਅੱਗੇ ਹੋਰ ਬਤਾਇਆ। ਜੋ ਅਨਰਥ ਦਾ ਅਰਥ ਦਿਖਾਇਆ॥
ਕਹੀ ਗੁਰੂ ਚਾਹੇ ਮਮ ਬੇਟੇ। ਸੋ ਭੀ ਦੁਰਗਾ ਤੈਨੂੰ ਭੇਟੇ॥
ਤੁਰਕਾਂ ਤੇ ਮਰਵਾਕੇ ਰਣ ਮੈਂ। ਤੈਨੂੰ ਦੇਹੁ ਭੇਟ ਯਹ ਗਣ ਮੈਂ॥
ਫੇਰ ਮਰਨ ਲੱਖਾਂ ਹੀ ਸਿੱਖ। ਖਾਂਈ ਕੱਢ ਉਨ੍ਹਾਂ ਦੀ ਮਿੱਝ॥
ਇਹ ਸੰਤੋਖ ਸਿੰਘ ਦੀ ਬੁੱਧ। ਜਿਸ ਨੂੰ ਆਖਨ ਮੂਰਖ ਸੁੱਧ॥
ਦਸਦੀ ਹੈ ਅਪਨੀ ਚਤੁਰਾਈ। ਮੁਰਦੇ ਖਾਣੀ ਦੱਸੀ ਮਾਈ॥
ਕਿਆ ਅਪਨੇ ਹੀ ਲੱਗੀ ਖਾਨ। ਕਿਉਂ ਨਾ ਖਾਧੇ ਮਰੇ ਪਠਾਣ॥
ਸਾਹਿਬ ਜਾਦੇ ਹੋਨ ਸ਼ਹੀਦ। ਲੜ ਕਰ ਉਪਰ ਧਰਮ ਅਕੀਦ॥
ਫੇਰ ਉਨ੍ਹਾਂ ਨੂੰ ਖਾਵੇ ਦੇਵੀ। ਐਸੀ ਪਾਪਣ ਜੋ ਦੁਖ ਦੇਵੀ॥
ਫਿਰ ਸਿੱਖਾਂ ਦਾ ਖਾਵੇ ਮਾਸ। ਲੋਹੂ ਦੇ ਡਰ ਛਕੇ ਗਲਾਸ॥
ਇਹ ਤਾਂ ਕੀਤੀ ਚੰਗੀ ਭੰਡੀ। ਰੰਡੀ ਦੇ ਘਰ ਹੋ ਗਈ ਮੰਡੀ॥
ਵਰ ਖਾਤਰ ਸੀ ਉਸ ਪ੍ਰਗਟਾਇਆ। ਸਗੋਂ ਟੱਬਰ ਚੁੱਕ ਮੁਕਾਯਾ॥
ਚੱਬ ਚੱਬ ਸਿੰਘਾਂ ਦੇ ਹੱਡ। ਲੱਗੀ ਭਰਨ ਪੇਟ ਦੀ ਖੱਡ॥
ਚੰਗੀ ਤੁਰਕੀ ਸਭਾ ਉਠਾਈ। ਪਹਲੇ ਅਪਨੀ ਕਦੋਂ ਬਿਛਾਈ॥
ਸੱਗੋਂ ਗੁਰ ਦਾ ਵੰਸ ਮੁਕਾਯਾ। ਮਗਰੋਂ ਸਿੱਖਾਂ ਪਰ ਝੜ ਲਾਯਾ॥
ਲੱਖਾਂ ਮੁਰਦੇ ਗਈ ਨਘਾਰ। ਖਾਕੇ ਦੱਸੇ ਖਬਰ ਨ ਸਾਰ॥
ਮੁੱਸਲਮਾਨਾਂ ਤੇ ਮਰਵਾਕੇ। ਖਾਂਦੀ ਬੈਠੀ ਜੀਭ ਹਲਾਕੇ॥
ਦੇਖੋ ਕੇਹੜੀ ਗੱਲੇ ਪਰਚੀ। ਮੁਸਲਮਾਨ ਬਨਾਇ ਬਬਰਚੀ॥੧੪੮॥

## ਦਵੈਯਾ

ਜੇਕਰ ਗੁਰੁ ਜੀ ਦੇ ਤਨ ਕੇਰਾ ਲਹੂ ਓਸ ਨੇ ਪੀਤਾ। ਅਰ ਚਾਰੇ ਫਿਰ ਸਾਹਿਬਜ਼ਾਦੇ ਲੁਕਮਾਂ ਅਪਨਾ ਕੀਤਾ। ਕਈ ਹਜ਼ਾਰਾਂ ਸਿੱਖ ਓਸ ਨੇ ਖਾਕੇ ਜੀਭ ਹਲਾਈ। ਏਹੋ ਜੇਹੀ ਡਾਇਣ ਨੂੰ ਕਿਉਂ ਆਖਨ ਚਹੀਏ ਮਾਈ।੧੪੯॥ ਅਪਨੇ ਪੁੱਤ੍ ਪੋਤਿਆਂ ਦੀ ਤਾਂ ਸਭਨਾਂ ਨੇ ਸੁੱਖ ਮੰਗੀ। ਕਿਉਂ ਉਹ ਖਾਣ ਉਲਾਦ ਪਈ ਹੋ ਭੁੱਖੀ ਨੰਗ ਧੜੰਗੀ॥ ਨਾਲੇ ਭੈੜੀ ਬਨ ਬਨ ਦੱਸੇ ਫਿਰ ਹੋ ਮੋਹਨ ਮੂਰਤ। ਕਹੋ ਮਾਤ ਹੋ ਕਿਉਂ ਸੀ ਕਰਦੀ ਬਹੁ ਰੂਪਨ ਦੀ ਸੂਰਤ।੧੫੦॥ ਤਾਂ ਤੇ ਏਹੁ ਗਪੌੜੇ ਸਾਰੇ ਹਨ ਮਨ ਘੜਤੀ ਲਾਏ। ਗੁਰ ਕੀ ਬਾਣੀ ਅੰਦਰ ਜਿਨਕਾ ਖੋਜ ਨਜ਼ਰੀ ਆਏ॥ ਅਰ ਨਾ ਸੁਖਾ ਸਿੰਘ ਬਤਾਵੇ ਫਿਰ ਸੂਰਜ ਪ੍ਰਕਾਸ਼ੀ। ਕਿੱਥੋਂ ਕੱਢ ਲਿਆਇਆ ਸੀ ਇਹ ਮਨੋਂ ਚੌਧਵੀਂ ਰਾਸੀ।੧੫੧॥ ਇਸ ਤੇ ਅੱਗੇ ਹੋਰ ਵਧਾਕੇ ਇਹ ਸੰਤੋਖ ਮ੍ਰਿਗਿੰਦਾ। ਅਪਨੇ ਗ੍ਰੰਥ ਵਿੱਚ ਹੈ ਕਰਦਾ ਸਤਿਗੁਰ ਜੀ ਦੀ ਨਿੰਦਾ॥ ਲੰਕੁੜੀਏ ਨੇ ਕੱਛ ਲਿਆਕੇ ਗੁਰ ਜੀ ਨੂੰ ਸੀ ਦਿੱਤੀ। ਅਰ ਮਨ ਅੰਦ੍ਰ ਖੁਸ਼ੀ ਧਾਰਕੇ ਕਲਗੀਧਰ ਨੇ ਲਿੱਤੀ।੧੫੨॥

## ਚੌਪਈ

ਇਸ ਪਰ ਮੈਂ ਇੱਕ ਪੁੱਛਾਂ ਤੈਨੂੰ। ਸੱਚਾ ਪਤਾ ਬਤਾਦੇ ਮੈਨੂੰ॥
ਕਿਹੜੀ ਕੱਛ ਓਸ ਨੇ ਦੀਨੀ। ਜੋ ਕਰ ਪ੍ਰੇਮ ਗੁਰੁ ਨੇ ਲੀਨੀ॥
ਕਿਆ ਜੋ ਤੇੜ ਓਸ ਦੇ ਪਾਈ। ਓਸੇ ਵੇਲੇ ਸੀ ਉਤਰਾਈ॥
ਆਪ ਗਿਆ ਹੋ ਨੰਗ ਮਲੰਗ। ਮੂਲ ਨ ਕੀਤੀ ਮਨ ਵਿਚ ਸੰਗ॥
ਫਿਰ ਉਸ ਦਾ ਜੋ ਹੁਤਾ ਉਤਾਰ। ਸੋ ਪਹਿਰਿਆ ਗੁਰ ਜੀ ਅਵਤਾਰ॥
ਕੈਸੀ ਸ਼ਰਮਨਾਕ ਹੈ ਬਾਤ। ਜੋ ਗੁਰ ਜੀ ਪਰ ਦੋਖ ਲਗਾਤ॥
ਬਾਂਦਰ ਦੀ ਕਛਨੀ ਉਤਰਾਈ। ਹੋਇ ਪ੍ਰਸੰਨ ਆਪ ਗੁਰ ਪਾਈ॥
ਹਾਇ ਗੁਰੂ ਪਰ ਦੋਸ਼ ਲਗਾਂਦੇ। ਨਹਿ ਸੰਤੋਖ ਹਰੀ ਸ਼ਰਮਾਂਦੇ॥
ਰਾਮ ਚੰਦ੍ਰ ਦੇ ਜਦ ਸਾ ਪਾਸ। ਰਹਿੰਦਾ ਹਨੂੰਮਾਨ ਹੋ ਦਾਸ॥
ਉਸ ਵੇਲੇ ਰਘਵਰ ਨੇ ਭਾਈ। ਲੈਕੇ ਕੱਛ ਨ ਅਪਨੇ ਪਾਈ॥
ਜਿਸ ਦੇ ਬਲ ਤੇ ਮਰਦਾ ਰਾਵਨ। ਛੇਤੀ ਸੀਤਾ ਨੂੰ ਲੈ ਜਾਵਨ॥
ਪਰ ਉਸ ਵੇਲੇ ਰਾਮ ਵਿਚਾਰੇ। ਰੱਖੀ ਧੋਤੀ ਜੰਗ ਮਝਾਰੇ॥
ਨਾਂ ਹਨੂੰਮਾਨ ਉਨ੍ਹਾਂ ਨੂੰ ਦਿੱਤੀ। ਅਰ ਨਾਂ ਲਛਮਨ ਹੀ ਨੇ ਲਿੱਤੀ॥
ਫਿਰ ਗੁਰ ਨੂੰ ਸੀ ਕਿਉਂ ਇਹ ਦੇਨੀ। ਅਰ ਧਰ ਪ੍ਰੇਮ ਓਸ ਤੇ ਲੇਨੀ॥
ਅਰ ਜੇ ਕਹੋ ਹਨੂੰ ਦੇ ਪਾਸ। ਜੋ ਸੀ ਕਛ ਵਡੋ ਬਲ ਜਾਸ॥
ਸੋ ਰਘਵਰ ਤੇ ਸੀ ਤਿਨ ਪਾਈ। ਨ ਸੀ ਹਨੂੰ ਦੀ ਅਪਨੀ ਕਾਈ॥
ਫਿਰ ਭੀ ਮਨ ਵਿਚ ਦੇਖ ਵਿਚਾਰ। ਨਹੀਂ ਗੁਰੂ ਜੀ ਦਾ ਅਧਕਾਰ॥
ਜੋ ਰਘਬਰ ਦਾ ਅਹੇ ਉਤਾਰਾ। ਲੈਕੇ ਅਪਨਾ ਕਰਨ ਗੁਜ਼ਾਰਾ॥
ਮੰਗਤਿਆਂ ਤੇ ਮੰਗਨ ਜਾਹੀਂ। ਨਹਿ ਸ਼ੋਭਾ ਪਾਵਤ ਜਗ ਮਾਹੀਂ॥
ਭਲਾ ਦੱਸ ਬਸਤ੍ਰ ਗਜ ਢਾਈ। ਨਹੀਂ ਗੁਰੂ ਜੀ ਦੇ ਢਿਗ ਭਾਈ॥
ਯਾ ਦਰਜ਼ੀ ਨਾਂ ਸੀ ਕੋ ਪਾਸ। ਫਿਰ ਕਿਉਂ ਕੀਤਾ ਏਹੁ ਬਿਲਾਸ॥
ਹੋਰ ਬਾਤ ਸੁਨ ਦੇਕੇ ਚਿੱਤ। ਏਸ ਕਵੀ ਦੀ ਮੇਰੇ ਮਿੱਤ॥
ਕਹਤ ਗੁਰੂ ਕੋ ਹੈ ਅਵਤਾਰ। ਰਾਮ ਕ੍ਰਿਸ਼ਨ ਸਮ ਮੁਖੋ ਉਚਾਰ॥
ਜਿਨ ਕਾ ਦਾਸ ਹਨੂੰ ਥਾ ਭਾਰਾ। ਜਾਨਤ ਹੈ ਜਿਸ ਕੋ ਜਗ ਸਾਰਾ॥
ਉਹੋ ਗੁਰੂ ਰਾਮਾ ਅਵਤਾਰੀ। ਮੰਗਨ ਕਛ ਆਪ ਬਲਹਾਰੀ॥
ਧੰਨਯ ਭਾਗ ਅਰ ਬੁੱਧਿ ਏਹੁ। ਹੇ ਪਰਮੇਸ਼ੂਰ ਕਿਸੇ ਨ ਦੇਹੁ॥
ਜੋ ਸੰਤੋਖ ਹਰੀ ਨੇ ਪਾਈ। ਕਥਾ ਬਨਾਈ ਜੋ ਮਨ ਆਈ॥੧੫੩॥

## ਦੋਹਿਰਾ

ਹਨੂੰਮਾਨ ਦੀ ਕੱਛ ਵਿੱਚ ਸੀ ਸ਼ਕਤੀ ਵਡ ਭਾਰ।
ਸੋ ਸ਼ਕਤੀ ਗੁਰ ਪੈਨਸੀ ਦੇਖੋ ਰਿਦੇ ਵਿਚਾਰ॥੧੫੪॥
ਜੋ ਗੁਰ ਪੂਰਨ ਪੁਰਖ ਥੇ ਧਰਮ ਧੁਜਾ ਜਗ ਮਾਂਹਿ।

ਬੰਦਰ ਕੀ ਕਛਨੀ ਬਿਨਾਂ ਤਿਨ ਕੀ ਭੁਜ ਬਲ ਨਾਂਹਿ।।੧੫੫।।

**ਚੌਪਈ**

ਜੋ ਸਮਰਥ ਗੁਰੂ ਜਗ ਰਾਈ। ਨਵ ਨਿਧ ਜਿਨ ਕੇ ਹਾਥ ਬਤਾਈ।।
ਫਿਰ ਕਿਉਂ ਮੰਗਨ ਕੱਛ ਬਿਗਾਨੀ। ਸਮਝ ਦੇਖ ਮਨ ਮਹਿ ਅੱਗਯਾਨੀ।।
ਜੇ ਤੂੰ ਕਹੇਂ ਏਸ ਪਰ ਏਹੁ। ਲੰਕੁੜੀਏ ਦਾ ਰੱਖ ਸਨੇਹੁ।।
ਸੀ ਉਹ ਕੱਛ ਦੂਸਰੀ ਲਿਆਇਆ। ਕਿਆ ਦਰਜ਼ੀ ਸੀ ਪਾਸ ਬਠਾਇਆ?
ਤਾਂ ਤੇ ਯਹ ਸਭ ਮਨ ਦੇ ਢੰਗੇ। ਮਾਰੇ ਕਵੀਅਨ ਮੰਦੇ ਚੰਗੇ।।
ਅਰ ਗੁਰਮਤ ਤੋਂ ਹਨ ਸਭ ਦੂਰ। ਸ਼ੋਭਾ ਪਾਵਨ ਨਾਹਿ ਹਜ਼ੂਰ।।
ਤਾਂ ਤੇ ਮਨ ਮਹਿ ਕਰੇ ਵੀਚਾਰ। ਜੋ ਗੁਰਬਾਨੀ ਕਰੇ ਉਚਾਰ।।
ਉਸਤੇ ਉਲਟ ਬਾਤ ਹੈ ਜੋਈ। ਸਰਧਾਂ ਲਾਇਕ ਅਹੇ ਨ ਸੋਈ।
ਯਾਂ ਤੇ ਕਹੀ ਕਥਾ ਜੋ ਸਾਰੀ। ਸਿੱਧ ਨ ਕਰਤ ਬਾਤ ਕੁਛ ਥਾਰੀ।।
ਜੋ ਕੁਛ ਆਖੇ ਰਵਿ ਪ੍ਰਕਾਸ। ਪੂਰਨ ਕਰਤ ਨ ਤੇਰੀ ਆਸ।।
ਤਾਂ ਤੇ ਇਨ ਸੇ ਮਨ ਪਲਟਾਕੇ। ਆਦਰ ਲਹੋ ਗੁਰੂ ਮਤ ਪਾਕੇ।।੧੫੬।।

**ਦੋਹਿਰਾ**

ਇਸੇ ਤਰ੍ਹਾਂ ਜੋ ਆਖਯਾ ਗੁਰ ਨੇ ਮੀਟੇ ਨੈਨ।
ਜਿਸ ਪਰ ਦੇਵੀ ਨੇ ਬਹੁਰ ਭਾਖੇ ਐਸੇ ਬੈਨ।।੧੫੭।।
ਤਵ ਤਨ ਤਿਆਗੇ ਹੋਹਿਗੇ ਜਬਕੇ ਚਾਲੀ ਸਾਲ।
ਤਬ ਤੋਰੇ ਇਸ ਪੰਥ ਕਾ ਵਧ ਹੈ ਤੇਜ ਵਿਸਾਲ।।੧੫੮।।
ਇਹ ਕਿਸ ਨੇ ਹੈ ਦਸਿਆ ਏਸ ਕਵੀ ਨੂੰ ਜਾਇ।
ਸਾਲ ਡੇਢ ਸੈ ਮਗਰ ਤੇ ਗੱਪ ਸਨੇਹਾ ਆਇ।।੧੫੯।।
ਕਿਸ ਨਜੂਮ ਦੇ ਗ੍ਰੰਥ ਵਿੱਚ ਪਿਖ ਤਿਨ ਪਾਈ ਫਾਲ।
ਅਰ ਗੱਲਾਂ ਕਦ ਕੀਤੀਆਂ ਉਸ ਨੇ ਦੇਵੀ ਨਾਲ।।੧੬੦।।
ਨਾ ਗੁਰ ਜੀ ਨੇ ਦਸਿਆ ਨਾ ਦੇਵੀ ਤਿਸ ਕੋਲ।
ਨਾ ਸੁਖਾ ਸਿੰਘ ਆਖਦਾ ਇਸ ਦਾ ਕੋਈ ਬੋਲ।।੧੬੧।।
ਫਿਰ ਸੱਚੀ ਇਸ ਬਾਤ ਨੂੰ ਕਿਕੁਰ ਮੰਨੈ ਕੋਇ।
ਬਿਨ ਮੂਰਖ ਅਗਯਾਨੀਆਂ ਸ਼ਰਧਾ ਕਿਸ ਨੂੰ ਹੋਇ।।੧੬੨।।

ਭਾਵ-ਭਾਈ ਸੰਤੋਖ ਸਿੰਘ ਜੀ ਨੇ ਜੋ ਕੁਛ ਦੇਵੀ ਦੇ ਪ੍ਰਗਟ ਹੋਨ ਪਰ ਗਪਾਸ਼ਟਕ ਮਾਰਿਆ ਹੈ ਸਭ ਇਕ ਮਨ ਘੜੇ ਮਸਲੇ ਬਨਾਏ ਹਨ, ਕਿਉਂਕਿ ਉਸ ਸਮੇਂ ਦਾ ਕੋਈ ਪੁਸਤਕ ਯਾ ਸ੍ਰੀ ਮੁਖਵਾਕ ਸਾਨੂੰ ਨਹੀਂ ਮਿਲਦਾ ਜਿਸ ਤੇ ਭਾਈ ਸਾਹਿਬ ਦਾ ਕਥਨ ਥੋੜਾ ਜੇਹਾ ਭੀ ਸੱਚਾ ਠਹਿਰੇ।।

ਭਾਈ ਸੰਤੋਖ ਸਿੰਘ ਜੀ ਨੂੰ ਇਸ ਕਵਿਤਾ ਰਚਨੇ ਵੇਲੇ ਪੂਰਬ ਅਪਰ ਵਿਰੋਧ ਦਾ ਭੀ ਖਿਆਲ ਨਹੀਂ ਰਿਹਾ ਕਿਉਂਕਿ ਉਨ੍ਹਾਂ ਨੇ ਨਾਲੇ ਤਾਂ ਗੁਰੂ ਜੀ ਨੂੰ ਰਾਮ ਕ੍ਰਿਸ਼ਨ ਸਮਾਨ

ਅਵਤਾਰ ਮੰਨਯਾ ਹੈ, ਅਰ ਕਰਨ ਕਾਰਨ ਸਮਰੱਥ ਲਿਖਯਾ ਹੈ, ਕਿੰਤੂ ਦੂਜੀ ਵਲੇ ਉਨ੍ਹਾਂ ਵਿੱਚ ਇਤਨੀ ਸਮਰੱਥਾ ਭੀ ਨਹੀਂ ਸੀ ਜੋ ਦੇਵੀ ਤੇ ਤਲਵਾਰ ਲਏ ਬਿਨਾਂ ਲੜ ਸਕਦੇ, ਏਸੇ ਤਰ੍ਹਾਂ ਉਨ੍ਹਾਂ ਨੂੰ ਤਿੰਨ ਗਜ਼ ਕਪੜਾ ਨਹੀਂ ਸੀ ਮਿਲਦਾ ਜਿਸ ਕਰਕੇ ਲੰਕੁੜੀਏ ਨੇ ਕਛ ਦਿੱਤੀ ਜਿਸ ਤੇ ਇਹ ਸਾਬਤ ਹੁੰਦਾ ਹੈ ਕਿ ਦੇਵੀ ਦੇ ਬਾਂਦਰ ਦੀ ਕਛ ਵਿੱਚ ਭੀ ਗੁਰੂ ਜੀ ਨਾਲੋਂ ਸ਼ਕਤੀ ਜ਼ਿਆਦਾ ਸੀ॥

ਇਸ ਤੇ ਅੱਗੇ ਉਸ ਨੇ ਇਹ ਕਥਨ ਕੀਤਾ ਹੈ ਕਿ ਦੇਵੀ ਨੇ ਅਪਨੇ ਹੱਥ ਦੀ ਤਲਵਾਰ ਦਿੱਤੀ ਜਿਸ ਦਾ ਨਾਉਂ ਕਰਦ ਹੈ, ਉਸ ਨਾਲ ਪਤਾਸੇ ਪਾ ਕੇ ਅਪਨੇ ਹੱਥ ਨਾਲ ਹਲਾਕੇ ਸਿੱਖਾਂ ਨੂੰ ਪਲਾਉਨ ਦੀ ਯੁਕਤੀ ਭੀ ਦੱਸੀ ਜਿਸ ਤੇ ਸਾਬਤ ਹੁੰਦਾ ਹੈ ਕਿ ਜੋ ਕੁਛ ਕੀਤਾ ਸੋ ਦੇਵੀ ਨੇ ਹੀ ਕੀਤਾ ਕਿੰਤੂ ਗੁਰੂ ਜੀ ਨੂੰ ਕੁੱਝ ਭੀ ਖਬਰ ਨਹੀ ਸੀ। ਪ੍ਰੰਤੂ ਜਦ ਗੁਰੂ ਜੀ ਨੇ ਅੰਮ੍ਰਿਤ ਛਕਾਯਾ ਸੀ ਜਿਸ ਦਾ ਅੱਜ ਤਕ ਪ੍ਰਚਾਰ ਹੈ ਸੋ ਖੰਡੇ ਦਾ ਹੈ, ਜਿਸ ਤੇ ਸਾਬਤ ਹੁੰਦਾ ਹੈ ਕਿ ਭਾਈ ਸੰਤੋਖ ਸਿੰਘ ਜੀ ਏਥੇ ਭੁੱਲ ਗਏ ਹਨ॥

ਫਿਰ ਜੋ ਉਸ ਵੇਲੇ ਦੇਵੀ ਨੂੰ ਦੇਖਕੇ ਗੁਰੂ ਜੀ ਨੇ ਨੇਤ੍ਰ ਮੀਟ ਲੈਣ ਦਸਕੇ ਚਾਲੀ ਸਾਲ ਮਗਰੋਂ ਪੰਥ ਦਾ ਤੇਜ ਵਧਨ ਦੀ ਪੇਸ਼ੀਨਗੋਈ ਕੀਤੀ ਹੈ ਸੋ ਕਿਆ ਇਹ ਉਨ੍ਹਾਂ ਨੂੰ ਕਿਸੇ ਦੇਵੀ ਦੇ ਭੂਤਨੇ ਨੇ ਆਕੇ ਖਬਰ ਦਿੱਤੀ ਸੀ? ਇਸ ਤੇ ਪਾਇਆ ਜਾਂਦਾ ਹੈ ਕਿ ਇਹ ਕਿਸ ਵਾਸਤੇ ਉਸ ਨੇ ਦੇਵੀ ਦਾ ਨਾਮ ਲੈ ਦਿੱਤਾ ਹੈ ਕਿ ਗੁਰੂ ਜੀ ਦੇ ਮਗਰੋਂ ਮੁਸਲਮਾਨੀ ਬਾਦਸ਼ਾਹਤ ਦੇ ਪੈਰ ਸਿੱਖਾਂ ਨੇ ਪੰਜਾਬ ਵਿੱਚੋਂ ਹਲਾ ਦਿੱਤੇ ਸਨ, ਪ੍ਰੰਤੂ ਅੱਛਾ ਹੁੰਦਾ ਜੋ ਉਹ ਕਵੀ ਇਸ ਕਥਾ ਨੂੰ ਇਸ ਤਰ੍ਹਾਂ ਲਿਖਦੇ ਜਿਸ ਦਾ ਨਮੂਨਾ ਅਸੀਂ ਹੇਠਾਂ ਲਿਖਕੇ ਦਸਦੇ ਹਾਂ, ਯਥਾ :

### ਦੋਹਿਰਾ

ਪ੍ਰਗਟ ਹੋਈ ਜਾਲਫਾਂ ਸੂਹੇ ਚੇਲਯਾਂ ਨਾਲ।
ਗਲ ਵਿੱਚ ਮਾਲਾ ਮੋਤੀਆਂ ਸਿਰ ਪਰ ਗੁੰਦੇ ਬਾਲ।੧੯੩॥

### ਚੌਪਈ

ਸਿਰ ਪਰ ਮੁਕਟ ਹਾਥ ਮਹਿ ਮਾਲਾ। ਕਵਲ ਨੈਨ ਮੁਖ ਚੰਦ ਵਿਸਾਲਾ॥
ਖੂਬ ਰੇਸ਼ਮੀ ਲਹਿੰਗਾ ਪਾਯਾ। ਝੱਗਾ ਗੋਟੇ ਦਾਰ ਸੁਹਾਯਾ॥
ਓਢ ਪੱਟ ਦਾ ਚਾਇ ਦੁਪੱਟਾ। ਰੰਗ ਸੁਹਾਵਾ ਜਿਸ ਦਾ ਖੱਟਾ॥
ਚਿੱਟਾ ਗੋਟਾ ਅਤੇ ਕਨਾਰੀ। ਦੇਵਤ ਥਾ ਛਬ ਤਨ ਪਰ ਭਾਰੀ॥
ਜੋੜਾ ਚਰਨ ਚਾਂਦਨੀ ਸੋਹੇ। ਪਿਖ ਦੇਵਨ ਕਾ ਭੀ ਮਨ ਮੋਹੇ॥
ਸੁੰਦਰ ਭੂਖਨ ਅਧਕ ਬਰਾਜੈ॥ ਜਿਨ ਕੋ ਦੇਖ ਕਿਰਨ ਰਵਿ ਲਾਜੇ॥
ਸੀਲ ਭਰੇ ਦ੍ਰਿਗ ਮੀਠੇ ਬੈਨਾ। ਸੁਨਤ ਦੇਖ ਮਨ ਆਵਤ ਚੈਨਾ॥
ਨਿਰਖ ਗੁਰੂ ਜੀ ਕੋ ਮੁਸਕਾਈ। ਮਾਨਹੁ ਦਾਰਮ ਗਏ ਲੁਕਾਈ॥
ਹਾਥ ਵਿਖੇ ਮਾਲਾ ਕੋ ਫੇਰਤ। ਸਰਬ ਓਰ ਕਰਣਾਂ ਕਰ ਹੇਰਤ॥
ਦੂਤੀ ਹਾਥ ਮਹਿ ਤੇਗ ਬਿਰਾਜੈ। ਦਾਮਨ ਦੇਖ ਜਾਂਹਿ ਕੋ ਲਾਜੈ॥

ਸਾਥ ਦਾਸੀਆਂ ਸੋਹਤ ਚੰਗੀ। ਕਵਲ ਬਦਨ ਪਿਖ ਲਜਤ ਅਨੰਗੀ।।੧੬੪।।

## ਦੋਹਿਰਾ

ਦੇਖ ਗੁਰੂ ਕੋ ਹਸ ਪਈ ਬੋਲੀ ਧਰ ਮਨ ਪ੍ਰੇਮ।
ਅਹੋ ਸਗਰ ਪੂਜਨ ਭਯਾ ਜੋ ਤੁਮ ਕੀਨਾ ਨੇਮ।।੧੬੫।।
ਜਿਸ ਕੋ ਸੁਨ ਗੁਰ ਨੇ ਕਹਾ ਤੁਮ ਕ੍ਰਿਪਾ ਤੇ ਦੇਵ।
ਸਫਲ ਭਈ ਜੋ ਕਰੀ ਥੀ ਹਮ ਨੇ ਤੁਮਰੀ ਸੇਵ।।੧੬੬।।
ਤਾਂਤੇ ਤੁਰਕਾਂ ਹਨਨ ਹਿਤ ਕਰੀ ਯਹੁ ਕਛੂ ਉਪਾਇ।
ਜਿਸ ਤੇ ਭਾਰਤ ਪਰਖ ਕਾ ਸਭੀ ਦੂਖ ਮਿਟ ਜਾਇ।।੧੬੭।।

## ਚੌਪਈ

ਸੁਨਤ ਬਚਨ ਮੁਖ ਸੱਤ ਬਖਾਨੀ। ਤਬ ਬੋਲ ਜਗਦੰਬਾ ਰਾਨੀ।।
ਇਹ ਮੇਰੀ ਤਲਵਾਰ ਸੰਭਾਰੋ। ਇਸ ਕੇ ਬਲ ਸਭ ਤੁਰਕਨ ਮਾਰੋ।।
ਧੰਨਾ ਭਗਤ ਬੁਲਾਇਆ ਜੱਟ। ਆਇ ਗਿਆ ਉਹ ਕਰਕੇ ਝੱਟ।।
ਦੇਵੀ ਕਿਹਾ ਭਗਤ ਜੀ ਜਾਵੋ। ਰੂਈ ਅਪਨੇ ਘਰੋਂ ਲਿਆਵੋ।।
ਮੰਨ ਹੁਕਮ ਉਹ ਘਰ ਨੂੰ ਗਿਆ। ਬੋਰਾ ਚੁੱਕ ਰੂਈ ਦਾ ਲਿਆ।।
ਧਰ ਦਿੱਤਾ ਦੁਰਗਾ ਦੇ ਅੱਗੇ। ਜੱਟ ਭਗਤ ਉਸ ਨਾਹਰ ਵੱਗੇ।।
ਝੰਡਾ ਬਾਢੀ ਫੇਰ ਬੁਲਾਇਆ। ਉਸ ਤੇ ਚਰਖਾ ਇਕ ਮੰਗਾਇਆ।।
ਦਾਦੂ ਪੀਂਜਾ ਭਗਤ ਬੁਲਾਕੇ। ਸਾਰੀ ਰੂਈ ਨੂੰ ਪਿੰਜਵਾਕੇ।।
ਲੱਗੀ ਦੁਰਗਾ ਕੱਤਨ ਫੇਰ। ਲਾ ਦਿੱਤੇ ਸੂਤ੍ਰ ਦੇ ਢੇਰ।।
ਫੇਰ ਕਬੀਰ ਜੁਲਾਹਾ ਸੱਦ। ਕਰੇ ਪਖੰਡਾਂ ਨੂੰ ਜੋ ਰੱਦ।।
ਕਿਹਾ ਭਗਤ ਜੀ ਬੁਣ ਦੇ ਤਾਣੀ। ਹੁਕਮ ਦੇਤ ਤੁਮ ਕੋ ਜਗ ਰਾਣੀ।।
ਤਦ ਕਬੀਰ ਨੇ ਖੱਡੀ ਪੁੱਟ। ਸਾਰੇ ਟੱਬਰ ਨੇ ਤਦ ਜੁੱਟ।।
ਬੁਣਕੇ ਰੇਜਾ ਅੱਗੇ ਧਰਿਆ। ਜਿਸ ਪਰ ਹੁਕਮ ਜੁਵਾਲਾ ਕਰਿਆ।।
ਨਾਮਾਂ ਛੀਂਬਾ ਭਗਤ ਬੁਲਾਓ। ਗਯਾਰਾਂ ਕੱਛਾਂ ਤੁਰਤ ਬਨਾਓ।।
ਆਇ ਭਗਤ ਨੇ ਕੈਂਚੀ ਵਾਹੀ। ਅਰ ਸੂਈ ਇਸ ਭਾਂਤ ਚਲਾਈ।।
ਲੈ ਕੱਛਾਂ ਸਭ ਅੱਗੇ ਧਰੀਆਂ। ਭੇਟਾਂ ਚੰਡੀ ਦੀ ਚਾ ਕਰੀਆਂ।।
ਇਮਨਾਬਾਦੀ ਲਾਲੋ ਫੇਰ। ਲਿਆ ਬੁਲਾਇ ਨ ਕੀਨੀ ਦੇਰ।।
ਕਹੀ ਬਣਾਓ ਕੰਘੇ ਭਾਈ। ਅਰ ਕੜਿਆਂ ਦੀ ਕਰੋ ਘੜਾਈ।।
ਲੁਹਾਰਾਂ ਅਤੇ ਤਖਾਣਾ ਕੰਮ। ਜਾਵਣ ਦਾ ਉਹ ਹੈਸੀ ਥੰਮ।।
ਓਸੇ ਵੇਲੇ ਕਰੇ ਤਿਆਰ। ਰੱਖੇ ਦੇਵੀ ਪਾਸ ਸੁਧਾਰ।।
ਜਿਸ ਪਰ ਸਭ ਸਾਮਾਨ ਬਨਾਕੇ। ਕਹੀ ਗੁਰੂ ਨੂੰ ਫਿਰ ਸਮਝਾਕੇ।।
ਹੁਣ ਆਨੰਦ ਪੁਰੀ ਨੂੰ ਜਾਓ। ਨਾਲ ਤੇਗ ਸਿੱਖਾਂ ਅਜ਼ਮਾਓ।।
ਪੰਜ ਪਿਆਰੇ ਨਿਕਸਨ ਜੋਇ। ਕਾਰਜ ਸਿੱਧ ਤਿਨਾਂ ਤੇ ਹੋਇ।।

ਇਕ ਇਕ ਕੱਛ ਤਿਨ੍ਹਾਂ ਪਹਰਾਵੋ। ਅਰ ਛੇਵੀਂ ਨਿਜਤਨ ਪਹਲਾਵੋ॥
ਬਾਕੀ ਇਕ ਇਕ ਰੱਖ ਸੰਭਾਲ। ਪਾਂਚਾ ਬਦਲੋ ਨਾਵਨ ਨਾਲ॥
ਕੰਘਾ ਕੜਾ ਕ੍ਰਿਪਾਨ ਸਜਾਕੇ। ਕਰੋ ਸਿੰਘ ਅੰਮ੍ਰਿਤ ਛਕਵਾਕੇ॥
ਜਿਨ ਕੇ ਬਲ ਕਰ ਤੁਰਕ ਨਸਾਉਨ। ਮੁੜ ਕਰ ਬਹੁਰ ਨ ਮੁਖ ਦਿਖਾਉਨ॥੧੬੮॥

## ਦੋਹਿਰਾ

ਸੁਨ ਕਰ ਸਤਿਗੁਰ ਆਖਯਾ ਕਰਾਂ ਕਾਜ ਭਲ ਜਾਇ।
ਪਰ ਕੁਛ ਭੋਜਨ ਆਪ ਨੂੰ ਦੇਸਾਂ ਅਬੀ ਛਕਾਇ॥੧੬੯॥

## ਚੌਪਈ

ਕਹੀ ਚੰਡਕਾ ਦੇਹੁ ਅਹਾਰ। ਖਾਣੇ ਪਰ ਨਹਿਂ ਹੈ ਇਨਕਾਰ॥
ਜਿਸ ਪਰ ਹੁਕਮ ਗੁਰੂ ਜੀ ਕੀਨਾ। ਭੋਜਨ ਤੁਰਤ ਤਿਆਰ ਕਰ ਲੀਨਾ॥
ਚਾਵਲ ਦਾਲ ਖੀਰ ਅਰ ਪੂਰੀ। ਜ਼ਰਦਾ ਅਤੇ ਪੁਲਾਓ ਅੰਗੂਰੀ॥
ਫਿਰਨੀ ਦੁਧ ਫੇਨੀਆਂ ਸੰਗ। ਭੱਲੇ ਪਾਪੜ ਲਾਇਆ ਰੰਗ॥
ਬੈਂਗਨ ਮੂਲੀ ਪਾਲਕ ਸੋਏ। ਆਲੂ ਤੇ ਕਚਨਾਰ ਸਮੋਏ॥
ਨਾਲ ਮੂੰਗਰੇ ਕੁਲਫੇ ਸਾਗ। ਗੁੱਛੀ ਖੰਬਾਂ ਖਾਨ ਸਭਾਗ॥
ਚਟਨੀ ਕਈ ਅਚਾਰ ਸੁਹਾਏ। ਸੁੰਦ੍ਰ ਫੁਲਕੇ ਤਹਾਂ ਪਕਾਏ॥
ਕਈ ਤਰ੍ਹਾਂ ਦੇ ਬਨੇ ਪਲਾਉ। ਖਾਹਿ ਖਾਹਿ ਮਨ ਉਪਜਯੋ ਚਾਉ।
ਛਕ ਭੋਜਨ ਬਹਕੇ ਤ੍ਰਿਪਤਾਈ। ਸਤਿ ਸ੍ਰੀ ਅਕਾਲ ਗਜਾਈ॥
ਦੇ ਅਸੀਸ ਸੀਸ ਧਰ ਹਾਥ। ਗਈ ਪਹਾੜ ਦਾਸ ਲੈ ਸਾਥ॥
ਇਤ ਗੁਰ ਜੀ ਸਭ ਵਸਤ ਸਮਾਲ। ਆਏ ਪੁਰ ਸਭ ਸਿੱਖਾਂ ਨਾਲ॥੧੭੦॥

## ਦੋਹਿਰਾ

ਜੇ ਐਸਾ ਲਿਖ ਦੇਵੰਦਾ ਸੀ ਤਦ ਕਿਆ ਉਸ ਦੋਸ਼।
ਮੰਨਨ ਵਾਲੇ ਪੁਰਖ ਜੋ ਕਰਦੇ ਸ਼ਨ ਕੁਛ ਰੋਸ਼?॥੧੭੧॥
ਪਰ ਉਸ ਕਵਿ ਦੀ ਅਕਲ ਵਿਚ ਆਈ ਨਾਂ ਇਹ ਗੱਲ।
ਜਿਸ ਤੇ ਸਾ ਤਿਸ ਸੁੱਝਿਆ ਪਾਇ ਦਿਆ ਤਰਥੱਲ॥੧੭੨॥
ਅਪਨੇ ਮਨ ਦੇ ਖਯਾਲ ਨੂੰ ਰੌਣਕ ਦਿੱਤੀ ਚਾਇ।
ਲੋਗਾਂ ਨੂੰ ਭਰਮਾਇਆ ਨੰਗੇ ਭੂਤ ਨਚਾਇ॥੧੭੩॥

## ਦੋਹਿਰਾ

ਸੰਤੋਖ ਸਿੰਘ ਕਵਿਰਾਜ ਕਾ ਕਥਨ ਨਾ ਸ਼ਰਧਾ ਜੋਗ।
ਭੂਲ ਗਏ ਜਿਸ ਦੇਖ ਕੇ ਜੋ ਅੱਗਯਾਨੀ ਲੋਗ॥੧੭੪॥

ਭਾਵ- ਭਾਈ ਸੰਤੋਖ ਸਿੰਘ ਜੀ ਨੇ ਜੋ ਕੁਛ ਕਥਨ ਕੀਤਾ ਹੈ ਸੋ ਅਸਲ ਵਿੱਚ ਪੌਰਾਣਕ ਢੰਗ ਪਰ ਕਿੱਸਾ ਜੋੜ ਦਿੱਤਾ ਹੈ, ਜਿਸ ਤਰ੍ਹਾਂ ਉਸ ਨੇ ਅਪਨੇ ਚਿੱਤ ਵਿੱਚ ਉਸ ਦੀ ਸੁੰਦ੍ਰਤਾ ਸਮਝੀ ਓਸੇ ਤਰ੍ਹਾਂ ਕਥਨ ਕਰ ਦਿੱਤਾ ਜਿਸ ਨੂੰ ਅਗਿਆਨੀ ਲੋਗ ਧੌਲੇ ਪਰ ਕਾਲਾ

ਲਿਖਿਆ ਜਾਣਕੇ ਸੱਚ ਮੰਨ ਬੈਠੇ, ਕਿੰਤੂ ਜੇ ਕਦੇ ਉਹ ਇਸ ਸਾਡੇ ਕਥਨ ਅਨੁਸਾਰ ਹੀ ਲਿਖ ਦੇਂਦਾ ਤਦ ਜ਼ਰੂਰ ਸੀ ਜੋ ਲੋਗ ਏਸ ਨੂੰ ਉਸ ਨਾਲੋਂ ਕਈ ਗੁਣਾਂ ਅੱਛਾ ਮੰਨਦੇ ਕਿਉਂਕਿ ਗੁਵਾਹੀ ਤਾਂ ਨਾ ਕੋਈ ਭਾਈ ਸਾਹਿਬ ਦੇ ਕਥਨ ਪਰ ਹੈ ਨਾ ਸਾਡੇ ਪਰ ਜਿਸ ਤੇ ਮਨ ਘੜਤ ਢਕੌਂਸਲੇ ਹੀ ਹਨ ਜਿਸ ਤਰ੍ਹਾਂ ਆਏ ਲਾ ਦਿੱਤੇ ਤਾਂਤੇ ਅਜੇਹੇ ਲੇਖ ਪ੍ਰਮਾਣ ਸੁਨ ਹੋਨੇ ਤੇ ਸ਼ਰਧਾ ਜੋਗ ਨਹੀਂ॥

ਪ੍ਰੰਤੂ ਭਾਈ ਸੁਖਾ ਸਿੰਘ ਜੀ ਦੇ ਕਥਨ ਦਾ ਇਨ੍ਹਾਂ ਨਾਲੋਂ ਬਹੁਤ ਭੇਦ ਹੈ, ਜਿਸਤੇ ਪਰਸਪਰ ਵਿਰੋਧ ਹੋਣ ਦੇ ਕਾਰਨ ਮੁਕਦਮੇ ਦੇ ਗੁਵਾਹਾਂ ਸਮਾਨ ਵਿਚਾਰ ਕਰਨ ਤੇ ਇਹ ਸਭ ਮਨ ਆਇਆ ਰੰਗ ਦਿਖਾਇਆ ਵਾਲੀ ਬਾਤ ਪਰਗਟ ਹੁੰਦੀ ਹੈ, ਹੋਰ ਦੇਵੀ ਦਾ ਪ੍ਰਗਟ ਹੋਨਾ ਕਿਤੇ ਭੀ ਸਿੱਧ ਨਹੀਂ ਹੁੰਦਾ ਅਤੇ ਪ੍ਰਗਟ ਕਰਨੇ ਵਿੱਚ ਗੁਰੂ ਜੀ ਦਾ ਨਿਸ਼ਚਾ ਹੀ ਪਾਇਆ ਜਾਂਦਾ ਹੈ॥

**ਦੋਹਿਰਾ**

ਇਹ ਸੂਰਜ ਪ੍ਰਕਾਸ਼ ਦਾ ਦੱਸਿਆ ਮੈਂ ਕੁਛ ਹਾਲ।
ਕਰ ਵਿਚਾਰ ਨਰ ਜੇ ਪੜ੍ਹੇ ਲੇ ਸੀ ਤੱਤ ਨਕਾਲ॥੧੭੫॥

# ਗੁਰ ਬਿਲਾਸ ਭਾਈ ਸੁਖਾ ਸਿੰਘ ਅਤੇ ਸੂਰਜ ਪ੍ਰਕਾਸ਼ ਦਾ ਪ੍ਰਸਪਰ ਵਿਰੋਧ

੧ ਭਾਈ ਸੁਖਾ ਸਿੰਘ ਜੀ ਅਪਨੇ ਗ੍ਰੰਥ ਵਿੱਚ ਲਿਖਦੇ ਹਨ ਕਿ ਜਦ ਗੁਰੂ ਜੀ ਸ਼ਿਕਾਰ ਖੇਡਕੇ ਆਏ ਤਦ ਖਯਾਲ ਹੋਇਆ ਕਿ ਪੰਥ ਸਾਜੀਏ ਕਿੰਤੂ ਇਸ ਕਾਰਜ ਲਈ ਦੇਵੀ ਪ੍ਰਗਟ ਕਰੀਏ। ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਜਦ ਹਿੰਦੂ ਅਤੇ ਮੁਸਲਮਾਨ ਸਿੱਖਾਂ ਨੂੰ ਦੁੱਖ ਦੇਨ ਲੱਗੇ ਤਦ ਗੁਰੂ ਜੀ ਨੇ ਉਨ੍ਹਾਂ ਤੇ ਬਦਲਾ ਲੈਣਾ ਚਾਹਿਆ ਅਰ ਸੋਚਯਾ ਕਿ ਜਿਨ੍ਹਾਂ ਦੀ ਦੁਰਗਾ ਸਹਾਇਤਾ ਕਰਦੀ ਹੈ ਉਨ੍ਹਾਂ ਦੀ ਹੀ ਰਣ ਵਿੱਚ ਫਤਹ ਹੁੰਦੀ ਹੈ ਜਾਂਤੇ ਦੇਵੀ ਦਾ ਪੂਜਨ ਕਰਨਾ ਚਾਹੀਏ॥

੨ ਭਾਈ ਸੁਖਾ ਸਿੰਘ ਜੀ ਲਿਖਦੇ ਹਨ ਕਿ ਉਜੈਨ ਦਾ ਦੱਤਾ ਨੰਦ ਨਾਮੇਂ ਪੰਡਤ ਆਇਆ, ਅਤੇ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਕਾਂਸ਼ੀ ਦਾ ਕੇਸ਼ੋ ਦਾਸ ਪੰਡਤ ਆਇਆ॥

੩ ਭਾਈ ਸੁੱਖਾ ਸਿੰਘ ਜੀ ਲਿਖਦੇ ਹਨ ਕਿ ਪੰਡਤ ਨੇ ਪ੍ਰਤੱਗਯਾ ਕੀਤੀ ਸੀ ਕਿ ਜੇ ਗੁਰੂ ਸੱਚੇ ਅੰਤਰਜਾਮੀ ਹੋਏ ਤਾ ਮੇਰੇ ਪਾਸ ਆਪ ਆਉਨਗੇ ਅਰ ਮੈਨੂੰ ਨਹੀਂ ਬੁਲਾਉਨਗੇ ਇਸ ਵਾਸਤੇ ਉਸ ਦੇ ਰਿਦੇ ਦੀ ਬੁੱਝਕੇ ਬਾਗ ਵਿਚ ਗੁਰੂ ਜੀ ਆਪ ਗਏ ਅਤੇ ਦੇਵੀ ਦੇ ਪੂਜਨ ਦਾ ਹਾਲ ਪੁਛਿਆ ਅਤੇ ਉਸ ਨੇ ਦੱਸਿਆ। ਭਾਈ ਸੰਤੋਖ ਸਿੰਘ ਜੀ ਇਸ ਤੇ ਉਲਟ ਲਿਖਦੇ ਹਨ ਕਿ ਗੁਰੂ ਜੀ ਨੇ ਪੰਡਤ ਨੂੰ

ਅਪਨੇ ਪਾਸ ਬੁਲਾਇਆ ਅਰ ਉਹ ਬਹਲੀ ਪਰ ਚੜ੍ਹਕੇ ਗੁਰੂ ਜੀ ਦੇ ਦਰਬਾਰ ਵਿੱਚ ਗਿਆ॥

੪ ਭਾਈ ਸੁਖਾ ਸਿੰਘ ਜੀ ਦੇ ਗੁਰ ਬਿਲਾਸ ਤੇ ਸਾਬਤ ਹੁੰਦਾ ਹੈ ਕਿ ਪੰਡਤ ਨੇ ਢਾਈ ਸਾਲ ਤਕ ਹਵਨ ਕੀਤਾ ਪਰ ਕੁਝ ਨਾ ਹੋਇਆ ਜਿਸ ਪਰ ਗੁਰੂ ਜੀ ਨੇ ਪੰਡਤ ਨੂੰ ਪੁੱਛਿਆ ਉਸ ਨੇ ਚਾਰ ਸਾਲ ਦਾ ਕੰਮ ਦੱਸਿਆ॥ ਭਾਈ ਸੰਤੋਖ ਸਿੰਘ ਜੀ ਆਖਦੇ ਹਨ ਕਿ ਪੰਜਮੇਂ ਮਹੀਨੇ ਵਿੱਚ ਗੁਰੂ ਜੀ ਨੂੰ ਦਰਸ਼ਨ ਦਿੱਤਾ ਅਰ ਪ੍ਰਗਟ ਹੋਨ ਦੇ ਨਿਸ਼ਾਨ ਜਤਾਏ॥

੫ ਭਾਈ ਸੁਖਾ ਸਿੰਘ ਜੀ ਆਖਦੇ ਹਨ ਕਿ ਗੁਰੂ ਜੀ ਦੇ ਪਾਸ ਆਕੇ ਪ੍ਰਗਟ ਹੋਈ ਅਤੇ ਭਾਈ ਸੰਤੋਖ ਸਿੰਘ ਲਿਖਦੇ ਹਨ ਕਿ ਸ਼ੇਰ ਪਰ ਸਵਾਰ ਹੋਕੇ ਪਹਾੜ ਪਰ ਖੜੀ ਹੋ ਗਈ ਸੀ॥

੬ ਭਾਈ ਸੁਖਾ ਸਿੰਘ ਜੀ ਆਖਦੇ ਹਨ ਕਿ ਗੁਰੂ ਜੀ ਨੇ ਵਰ ਮੰਗਿਆ ਕਿ ਮੈਂ ਪੰਥ ਚਲਾਵਾਂ ਜਿਸ ਪਰ ਤ.ਗ ਵਰ ਦੇਕੇ ਲੋਪ ਹੋ ਗਈ ਅਤੇ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਗੁਰੂ ਜੀ ਨੇ ਇੱਕ ਵਾਰ ਦੇਖਕੇ ਅੱਖੀਂ ਮੀਟ ਲਈਆਂ ਜਿਸ ਪਰ ਦੇਵੀ ਨੇ ਆਖਯਾ ਕਿ ਆਪ ਦੀ ਦੇਹ ਤਿਆਗ ਥੋਂ ੪੦ ਸਾਲ ਮਗਰੋਂ ਪੰਥ ਦਾ ਪ੍ਰਤਾਪ ਵਧੇਗਾ ਕਿਉਂਕਿ ਤੁਸੀਂ ਅੱਖੀਆਂ ਮੀਟ ਲਈਆਂ ਹਨ।

੭ ਭਾਈ ਸੁਖਾ ਸਿੰਘ ਜੀ ਆਖਦੇ ਹਨ ਕਿ ਪੰਡਤ ਨੇ ਗੁਰੂ ਤੇ ਭੇਟਾ ਲਈ ਸਾਹਿਬਜ਼ਾਦੇ ਮੰਗੇ, ਅਤੇ ਭਾਈ ਸੰਤੋਖ ਸਿੰਘ ਜੀ ਆਖਦੇ ਹਨ ਕਿ ਗੁਰੂ ਜੀ ਨੂੰ ਦੇਵੀ ਨੇ ਖੁਦ ਅਪਨੀ ਭੇਟਾ ਲੈਨ ਲਈ ਕਿਹਾ ਜਿਸ ਪਰ ਗੁਰੂ ਜੀ ਨੇ ਕਰਦ ਨਾਲ ਅਪਨਾ ਹੀ ਲੋਹੂ ਦਿੱਤਾ ਅਰ ਅਪਨੇ ਹਤਨੇ ਦਾ ਯਤਨ ਕੀਤਾ, ਇਸ ਤੇ ਅੱਗੇ ਇਹ ਭੀ ਆਖਿਆ ਕਿ ਚਾਰੇ ਸਾਹਿਬਜ਼ਾਦੇ ਜਦ ਜੰਗ ਵਿੱਚ ਸ਼ਹੀਦ ਹੋਨਗੇ ਉਹ ਭੀ ਮੈਂ ਆਪਦੀ ਭੇਟਾ ਦੇਵਾਂਗਾ ਏਸੇ ਤਰ੍ਹਾਂ ਜੋ ਹਜ਼ਾਰਾਂ ਸਿੱਖ ਯੁੱਧ ਵਿਚ ਮਰਨਗੇ ਸੋ ਭੀ ਸਭ ਤੇਰੀ ਹੀ ਭੇਟਾ ਹੋਨਗੇ, ਜਿਸ ਦਾ ਤਾਤਪਰਜ ਇਹ ਹੈ ਕਿ ਗੁਰੂ ਜੀ ਨੇ ਦੇਵੀ ਨਾਲ ਇਕਰਾਰ ਕੀਤਾ ਕਿ ਅਸੀਂ ਤੁਹਾਡੇ ਤਾਈਂ ਅਪਨੇ ਸਾਰੇ ਸਿੱਖ ਜੋ ਯੁੱਧ ਜੰਗਾਂ ਵਿੱਚ ਮਰਨਗੇ ਭੇਜਦੇ ਰਹੇਂਗੇ, ਇਸ ਤੇ ਦੇਖਿਆ ਜਾਂਦਾ ਹੈ ਕਿ ਇਨ੍ਹਾਂ ਦੋਨਾਂ ਕਵੀਆਂ ਦਾ ਆਪਸ ਦਾ ਇਸ ਮਾਮਲੇ ਵਿੱਚ ਪਰਸਪਰ ਕਿਤਨਾ ਵਿਰੋਧ ਹੈ ਜਿਸ ਤੇ ਸਾਬਤ ਹੁੰਦਾ ਹੈ ਕਿ ਇਹ ਸਾਰਾ ਕਿੱਸਾ ਇੱਕ ਬਨਾਵਟੀ ਹੈ ਜਿਸ ਤੇ ਮੰਨਨੇ ਦੇ ਯੋਗ ਨਹੀਂ ਹੈ॥

## ਦੋਹਿਰਾ

ਤਾਂਤੇ ਤਜ ਕਰ ਮੂੜਤਾ ਗਹੋ ਗਯਾਨ ਮਨ ਮਾਂਹਿ।
ਐਸੇ ਕਵੀਅਨ ਵਾਕ ਪਰ ਰੰਚਕ ਭੂਲੋ ਨਾਂਹਿ॥੧੨੬॥

# ਬਾਵਾ ਸੁਮਰੇ ਸਿੰਘ ਸਾਹਿਬ ਵਾਲੇ ਗੁਰ ਬਿਲਾਸ ਦੇ ਸਿਧਾਂਤ ਦਾ ਸੰਖੇਪ ਵਿਰਤਾਂਤ

## ਸਵੈਯਾ

ਦਸਮੇਂ ਗੁਰਦੇਵ ਦਿਆ ਨਿਧ ਜੂ ਕਰਨਾਂ ਕਰਕੇ ਨਿਜ ਹਾਥ ਪਸਾਰੋ। ਭਵ ਸਿੰਧ ਵਿਖੇ ਬਹਿ ਜਾਤਨ ਕੋ ਨਿਜ ਦੇ ਸ਼ਕਤੀ ਗਹਿ ਪਾਰ ਉਤਾਰੋ॥ ਭ੍ਰਮ ਫਾਸ ਵਿਖੇ ਪਸੁ ਬੰਧ ਭਏ ਤਿਨਕੇ ਸਭ ਬੰਧਨ ਦੂਰ ਬਿਦਾਰੋ। ਕਵਿ ਦਿੱਤ ਹਰੀ ਅਗ ਜੀਵਨ ਕੋ ਕਰ ਵਕ ਮਯੂਖਨ ਕੋ ਉਜਿਆਰੋ।।੧।। ਤਵ ਪੰਥ ਗ੍ਰੰਥ ਗੁਰੂ ਤਜ ਕੈ ਮਨ ਮੱਤ ਕਰੈ ਇਸ ਆਪ ਬਚਾਓ। ਗੋਰ ਮੜ੍ਹੀ ਮਟ ਪੂਜਤ ਹੈਂ ਇਨ ਪਾਪ ਪਿਸਾਚਨ ਤੇ ਛੁਟਕਾਓ॥ ਦੇਵਲ ਦੇਵ ਪੁਜੈ ਨ ਸੁਝੈ ਕਰਕੇ ਕਰਨਾ ਸੁਭ ਮਾਰਗ ਪਾਓ। ਪਤ ਖੋਵਤ ਬੇਮੁੱਖ ਹੋ ਗੁਰ ਤੇ ਮੁੜ ਫੇਰ ਇਸੇ ਚਰਣੀਂ ਨਿਜ ਲਾਓ।।੨।।

## ਦੋਹਿਰਾ

ਇਨ ਅਪਨੇ ਅੱਗਯਾਨ ਕੋ ਅਰਪਨ ਕਰ ਗੁਰ ਮਾਂਹਿ।
ਦੋਖ ਲਗਾਇਆ ਲਾਜ ਤਜ ਰੰਚ ਡਰੇ ਮਨ ਨਾਂਹਿ।।੩।।
ਭਟਕ ਭਟਕ ਹੀ ਨਹਿ ਮਰੈਂ ਕਰੋ ਦਿਆ ਗੁਰਦੇਵ।
ਤਜੈ ਉਪਾਸਨ ਔਰ ਕੀ ਕਰੈਂ ਤਿਹਾਰੀ ਸੇਵ।।੪।।
ਇਸ ਦੇਵੀ ਕਾ ਜੋ ਪੜਾ ਇਨ ਮਹਿ ਆਨ ਘਮੰਡ।
ਸ੍ਰੀ ਮੁਖ ਵਾਕ ਪ੍ਰਚੰਡ ਤੇ ਖੰਡਨ ਕਰੋ ਪਖੰਡ।।੫।।

## ਦੁਰਗਾ ਭਗਤ

## ਦੋਹਿਰਾ

ਤੂੰ ਦੁਰਗਾ ਦਾ ਸੇਵਨਾ ਮਾਨਤ ਨਹਿ ਕਿਸ ਹੇਤ।
ਬਾਬਾ ਸਿੰਘ ਸੁਮੇਰ ਜਿਸ ਆਪ ਗੁਵਾਹੀ ਦੇਤ।।੬।।

## ਚੌਪਈ

ਪਟਨਾ ਤਖਤ ਗੁਰੂ ਦਾ ਭਾਰਾ। ਜਿਸ ਜਾਗਾ ਗੁਰ ਧਰ ਅਵਤਾਰਾ।।
ਤਿਸਕੇ ਰਹਨਹਾਰ ਵਡ ਪੂਰਾ। ਸਿੱਖੀ ਮਤ ਮਹਿ ਨਹੀਂ ਅਧੂਰਾ।।
ਕੱਛ ਕੜੇ ਕ੍ਰਿਪਾਨ ਸੁਹਾਏ। ਨੀਲਾ ਬਾਣਾ ਅਧਿਕ ਸਜਾਹੇ।।
ਚੱਕ੍ਰ ਕਰਦਾਂ ਸਜੀ ਘਨੇਰੀ। ਸ੍ਰੀ ਸਾਹਿਬ ਗਾਤ੍ਰ ਮਹਿ ਹੇਰੀ।।
ਸੀਸੁ ਦਮਾਲਾ ਸੁੰਦ੍ਰ ਸੋਹੇ। ਦੇਖ ਰੂਪ ਜਿਨ ਕੋ ਮਨ ਮੋਹੇ।।
ਵਿੱਦਯਾ ਮਾਨ ਕਵੀਸ਼ਰ ਭਾਰੇ। ਗਯਾਨ ਬੁੱਧ ਯਸ਼ ਮਹਿ ਉਜਿਆਰੇ।।
ਅਰ ਗੁਰ ਅੰਸ ਵਡੇ ਪ੍ਰਤਾਪੀ। ਜਿਨ ਮਿਥਯਾ ਨਹਿ ਗਿਰਾ ਅਲਾਪੀ।।
ਸੁਮੇਰ ਸਿੰਘ ਸਾਹਿਬ ਜਿਨ ਨਾਮਾਂ। ਅਹੇ ਮਹੰਤ ਗੁਰੂ ਕੇ ਧਾਮਾਂ।।
ਤਿਨ ਇੱਕ ਅਪਨਾ ਗ੍ਰੰਥ ਬਨਾਯਾ। ਗੁਰ ਬਿਲਾਸ ਜਿਸ ਨਾਮ ਰਖਾਯਾ।।

ਤਿਸ ਮਹਿ ਦਸਮ ਗੁਰੂ ਕੀ ਕਥਾ। ਕਹੀ ਬੁੱਧਿ ਮਹਿ ਆਈ ਜਥਾ॥
ਉਸ ਵਿੱਚ ਦੇਵੀ ਦੀ ਵਡਆਈ। ਜੋ ਬਾਵਾ ਜੀ ਮੁਖੋਂ ਅਲਾਈ॥
ਸੋ ਆਖਨ ਤੇ ਬਾਹਰ ਸਾਰੀ। ਸੁਨਤ ਅਨੰਦ ਦੇਤ ਮਨ ਭਾਰੀ॥
ਜੇਕਰ ਤੂੰ ਉਸ ਨੂੰ ਸੁਨ ਲੇਵੇਂ। ਮੁੜਕੇ ਉੱਤ੍ਰ ਫੇਰ ਨ ਦੇਵੇਂ॥
ਜਦ ਮੈਂ ਪੜ੍ਹਿਆ ਓਹ ਗ੍ਰੰਥ। ਜਿਸ ਨੂੰ ਮੰਨੇ ਸਾਰਾ ਪੰਥ॥
ਤਦ ਨਿਸਚਾ ਮੇਰਾ ਦ੍ਰਿੜ ਭਯਾ। ਮਨ ਦਾ ਭਰਮ ਸਭੀ ਮਿਟ ਗਯਾ॥
ਸੀ ਦੁਰਗਾ ਗੁਰ ਠੀਕ ਮਨਾਈ। ਜਿਸ ਪਰ ਧਰ ਥਲ ਪ੍ਰਗਟ ਆਈ॥
ਤਿਸ ਕੀ ਆਗਿਆ ਗੁਰ ਨੇ ਪਾਇ। ਦਿੱਤਾ ਸਾਰਾ ਪੰਥ ਸਜਾਇ॥
ਤਾਂ ਤੇ ਜੇ ਤੂੰ ਮੈਨੂੰ ਆਖੇਂ। ਰੰਚਕ ਰੋਸ਼ ਨ ਮਨ ਮਹਿ ਰਾਖੇਂ॥
ਤਾਂ ਤੈਨੂੰ ਮੈਂ ਦਿਆਂ ਸੁਨਾਇ। ਤੇਰੀ ਸ਼ੰਕਾ ਸਭ ਮਿਟ ਜਾਇ॥
ਧੰਨ ਹੈਨ ਗੁਰ ਅੰਸ ਅਜੇਹੇ। ਜਿਨ ਪ੍ਰਸੰਗ ਗੁਰੂ ਦੇ ਕੇਹੈ॥੮॥

## ਤੱਤ ਖਾਲਸਾ

### ਦੋਹਿਰਾ

ਮੇਰਾ ਹਠ ਇਸ ਵਿੱਚ ਨਹਿ ਕਿਸੀ ਤਰ੍ਹਾਂ ਦਾ ਭਰਾਤ।
ਕਿਉਂ ਮੰਨਾ ਨਾ ਉਸ ਨੂੰ ਜੋ ਹੈ ਸੱਚੀ ਬਾਤ॥੯॥

### ਚੌਪਈ

ਤੈਂ ਜੋ ਤਿਨ ਕੀ ਕਰੀ ਵਡਾਈ। ਸੋ ਮੇਰੇ ਮਨ ਕੋ ਸੁਖਦਾਈ॥
ਐਸੇ ਸਿੰਘ ਪੰਥ ਦੇ ਮੁਖੀਆ। ਮੇਟ ਭਰਮ ਦੇਖ ਕਰਤੇ ਸੁਖੀਆ॥
ਤਿਨਕੇ ਬਚਨ ਸੱਤ ਜੇ ਹੋਵਤ। ਕੌਨ ਕੰਠ ਮਹਿ ਨਾਹਿ ਪਰੋਵਤ॥
ਪਰ ਇਸ ਮਹਿ ਇੱਕ ਬਾਤ ਪਿਆਰੇ। ਹੈ ਸਭ ਹੀ ਜਨ ਕੇ ਅਧਿਕਾਰੇ॥
ਉਪਰਲੀ ਤਨ ਕੀ ਛੱਬ ਦੇਖ। ਅਰ ਸੁੰਦ੍ਰ ਸਾਜਿਆ ਵਡ ਵੇਖ॥
ਬਹੁਰ ਕੁਲੀਨ ਦੀਨ ਵਡਿਆਈ। ਹੈ ਚੰਗੀ ਜੇ ਹੋ ਸਚਿਆਈ॥
ਪਰ ਇਨ ਸਭ ਸ਼ੁਭ ਗੁਣ ਕੇ ਸੰਗਾ। ਨਹੀਂ ਸਤ ਕੋ ਜਾਂ ਮਹਿ ਰੰਗਾ॥
ਸੋ ਸ਼ਰਧਾ ਕੇ ਯੋਗ ਨ ਪਿਆਰੇ। ਕਹਿਤ ਬੁੱਧਿ ਜਨ ਸਗਲ ਪੁਕਾਰੇ।
ਸ਼ਰਧਾ ਵਾਕ ਸੱਤ ਪਰ ਹੋਵਤ। ਬਾਹਰ ਭੇਖ ਨ ਕੋਈ ਜੋਵਤ॥
ਬਾਲ ਬ੍ਰਿੱਧ ਅਰ ਰੂਪ ਕਰੂਪਾ। ਸੱਤ ਬਚਨ ਕਰ ਪਾਵਤ ਊਪਾ॥
ਅਤਿ ਸੁੰਦ੍ਰ ਚਾਤ੍ਰ ਵਡ ਭਾਰੀ। ਮਿੱਥਯਾ ਬੋਲ ਦੇਤ ਪਤ ਹਾਰੀ॥
ਏਹੋ ਬਾਤ ਬਿਬੇਕ ਅਲਾਈ। ਜੋ ਪ੍ਰਬੋਧ ਚੰਦ੍ਰ ਮਹਿ ਗਾਈ॥
ਸਭਾ ਮਾਹਿੰ ਜਬ ਕਾਮ ਨਕਾਰਾ। ਅਪਨਾ ਹੀ ਯਸ਼ ਗਾਵਤ ਸਾਰਾ॥
ਅਰ ਅਪਨੇ ਮਨ ਪਿਤ ਕੀ ਸ਼ੋਭਾ। ਭਾਖਤ ਪਾਇ ਜਨ ਨਮ ਨਰੋਭਾ॥
ਕਹੇ ਅਸੀਂ ਪਿਤ ਆਗਿਆਕਾਰੀ। ਅਰ ਬਿਬੇਕ ਤਿਸ ਤੇ ਇਨਕਾਰੀ॥
ਇਸ ਹੀ ਤੇ ਮਨ ਬਾਪ ਹਮਾਰੇ। ਪਕਰ ਬਿਬੇਕ ਦੂਰ ਕਰ ਡਾਰੇ॥

ਜਿਸ ਕੀ ਯਹ ਬਾਨੀ ਤਬ ਸੁਨਕੇ। ਕਹਯੋ ਬਿਬੇਕ ਸੀ ਸਕੋ ਧੁਨਕੇ॥
ਸੋ ਆਗੇ ਮੈਂ ਤੋਹ ਸੁਨਾਵਾਂ। ਤੇਰੇ ਮਨ ਕੀ ਸ਼ੰਕ ਮਿਟਾਵਾਂ॥੯॥ ਯਥਾ :-

"ਹੇ ਮੂਰਖ ਜੇ ਯੌਂ ਕਹੈ ਮੋਹੀ। ਮਨ ਕਾ ਤਿਆਗ ਕੀਯੋ ਕਿਉਂ ਤੋਹੀ॥ ਭਲੇ ਪ੍ਰਕਾਰ ਸੁਨਾਊਂ ਬਾਤਾ। ਪੰਡਤ ਗੁਰੂ ਔਰ ਪਿਤ ਮਾਤਾ॥ ਅਯੋਗ ਚੇਸ਼ਟਾ ਬਿਚਰਿਆ ਲੋਰੇਂ। ਤਿਆਗੈਂ ਤਾਂਹਿ ਭਲੇ ਜੇ ਹੋਰੇਂ। ਅਯੋਗ ਬਚਨ ਖੰਡਹਿ ਬ੍ਰਹਮਾਂ ਕੋ। ਮਾਨਹਿ ਬਚਨ ਯੋਗ ਨੀਚਨ ਕੋ" ਤਾਂ ਤੇ ਬਾਤ ਸਿੱਧ ਇਹ ਹੋਈ। ਊਪਰ ਵੇਖ ਨ ਰੀਝਤ ਕੋਈ॥ ਜਿਸ ਬਾਨੀ ਮਹਿ ਹੋ ਸੱਚਆਈ। ਸ਼ਰਧਾ ਯੋਗ ਵਹੀ ਹੈ ਭਾਈ। ਤਾਂ ਤੇ ਮੈਨੂੰ ਆਖ ਸੁਨਾਉ। ਸਾਰਾ ਖੋਲ੍ਹ ਭੇਦ ਸਮਝਾਉ॥ ਕਿਆ ਬਾਵਾ ਜੀ ਗ੍ਰੰਥ ਬਨਾਇਆ। ਜਿਸ ਮਹਿ ਦੁਰਗਾ ਨੂੰ ਪ੍ਰਗਟਾਇਆ॥ ਜੋ ਸੱਚਾ ਹੋਇਆ ਪ੍ਰਸੰਗ॥ ਤਾਂ ਮੰਨਾਂਗਾ ਹੋਇ ਨਸੰਗ॥ ਅਰ ਜੇ ਇਹ ਭੀ ਪਹਲਿਆਂ ਵਾਂਗ। ਪਾਨੀ ਵਿੱਚ ਚਲਾਵੇ ਡਾਂਗ। ਤਾਂ ਮੰਨਨ ਮੈਨੂੰ ਹੈ ਔਖਾ॥ ਇਹ ਰਸਤਾ ਮੈਂ ਦੱਸਿਆ ਸੌਖਾ। ਤਾਂ ਤੇ ਖੋਲ ਜਰਾ ਏਹ ਭੇਤ। ਕਿਆ ਬਾਵਾ ਜੀ ਬੀਜਿਆ ਖੇਤ। ਹੈ ਕੁਮਾਦ ਕੈ ਕਾਨੇ ਫਿੱਕੇ। ਮੂੰਹ ਦੇਖੇ ਨਾਂ ਲਾਈ ਟਿੱਕੇ॥"

## ਦੁਰਗਾ ਭਗਤ

### ਦੋਹਿਰਾ

ਤੇਰੇ ਅੱਗੇ ਆਉਣਾ ਜੋ ਕੁਛ ਸਾਰਾ ਹਾਲ।
ਦੇਖ ਲਈ ਅਜ਼ਮਾਇਕੇ ਕੈਸਾ ਉਨ੍ਹਾਂ ਖਆਲ॥੧੦॥
ਉਹ ਇਸ ਤਰ੍ਹਾਂ ਸੁਨਾਉਂਦੇ ਹਨ ਸਾਰਾ ਪ੍ਰਸੰਗ।
ਜਿਸ ਦੇ ਸ੍ਰਵਨ ਕਰਨ ਤੇ ਮਨ ਵਿੱਚ ਹੋਇ ਉਮੰਗ॥੧੧॥ ਯਥਾ:-

### ਚੌਪਈ

"ਜਬ ਸਤਿਗੁਰ ਗੁਰ ਗਾਦੀ ਰਾਜੇ। ਕੀਏ ਮਨੋਰਥ ਪੂਰਨ ਕਾਜੇ॥
ਪੂਛੀ ਛਿਪ੍ਰ ਬਿਪਰ ਹੈ ਜੋਈ। ਲੇਹੁ ਦਿਵਾਨੀ ਮਮ ਘਰ ਸੋਈ॥੩॥
ਮਤੀ ਦਾਸ ਅਰ ਸਤੀ ਦਾਸ ਜਨ। ਰਹੇ ਪਿਤਾ ਢਿਗ ਪ੍ਰਾਨ ਦਾਨ ਸਨ॥
ਦੁਰਗਾ ਮਲ ਹੀਰਾ ਨੰਦ ਛਿਪਰ ਗੁਰ ਹਰਿ ਰਾਇ ਨਿਕਟ ਰਹੇ ਬਿਪਰ॥੪॥
ਅਬ ਤਿਨਕੀ ਕੁਲ ਕੋ ਜੋ ਕੋਈ। ਹਾਜ਼ਰ ਹੋਇ ਹੁਕਮ ਦਿਆ ਸੋਈ॥
ਸਾਹਿਬ ਚੰਦ ਧਰਮਚੰਦ ਦੋਊ। ਹਾਥ ਜੋਰ ਠਾਢੇ ਭੇ ਸੋਊ॥੫॥
ਕਾਰਬਾਰ ਗੁਰ ਦੁਵਾਰ ਅਪਾਰਾ। ਹੈ ਅਤਿ ਕਠਨ ਹੋਇ ਕਿਮ ਸਾਰਾ॥
ਸਤਿਗੁਰ ਕਹੀ ਕਰਤ ਜਿਮ ਆਗੇ। ਤਿਮਹੀ ਕਰੋ ਕ੍ਰਿਪਨਤਾ ਤਿਆਗੇ॥੬॥
ਧਰਮ ਚੰਦ ਲਹਿਕਾਰ ਖਜ਼ਾਨਾ। ਸਾਹਿਬਚੰਦ ਘਰਬਾਰ ਦਿਵਾਨਾ॥
ਦੇਵੀ ਦਿੱਤਾ ਦ੍ਵਿਜ ਵਰ ਗੁਨੀ। ਪੌਰਾਣੀਕ ਪ੍ਰਮਾਣਕ ਮੁਨੀ॥੭॥
ਜਿਹ ਸਭ ਸਾਹਿਬ ਗਾਦੀ ਥਿਰੇ। ਸਦਾ ਸਮੀਪੀ ਸ਼ਰਧਾ ਕਰੇ॥
ਇੱਕ ਦਿਨ ਭਾਰਤ ਕਥਾ ਪ੍ਰਕਾਸ਼। ਭੀਮਸੈਨ ਬਲ ਬਰਨ ਬਿਲਾਸੀ॥੯॥
ਜਿਹ ਕੁੰਦਕ ਇਵਗਜ ਬਿਗਰਾਏ। ਅਬ ਲੌਘੂਮਤ ਅਕਾਸਨ ਆਏ॥

ਦਸ ਹਜ਼ਾਰ ਮਤ ਗਜ ਬਲ ਤਾਂਕੇ। ਭੀਮਸੈਨ ਸਮ ਕੋ ਬੋਲ ਬਾਕੇ।।੯।।
ਪ੍ਰਭ ਪੂਛੀ ਅਸਥਲ ਕਿਮ ਪਾਯੋ। ਪੰਡਤ ਕਹਿ ਦ੍ਵਿਜ ਲਾਖ ਜਿਮਾਯੋ।।
ਜਗ ਕਰਿਏ ਪੂਜੀ ਜਿਗਦੰਬਾ। ਤਾਂਤੇ ਭਸੋ ਸੁਬਲ ਅਵਲੰਬਾ।।੧੦।।
ਜੱਗ ਕਰਨ ਤੇ ਅਸਬਲ ਹੋਈ। ਬੇਦ ਪੁਰਾਨ ਸੰਤ ਕਹਿ ਸੋਈ।।
ਹਮਹੂੰ ਜੱਗ ਕਰੈ ਕਰਵੈ ਹੋ। ਕਿਧੋ ਕਥਾ ਮਾਤ੍ਰ ਸਮਝੈ ਹੋ।।੧੧।।
ਪੰਡਤ ਕਹਾ ਨ ਜਾਗ ਕਰੈ ਹੋਂ। ਤੌ ਕਾਪੈ ਚਾਕਰੀ ਕਰੈ ਹੋਂ।।
ਸ੍ਰੀ ਮੁਖ ਕਹੀ ਜਗ ਹਮ ਕਰ ਹੈ। ਮਨ ਮਾਨੀ ਦਖਨਾ ਹੂੰ ਧਰ ਹੈਂ।।੧੨।।
ਪ੍ਰਗਟ ਭਵਾਨੀ ਦਰਸ਼ਨ ਦੈ ਹੈ। ਜਗ ਕੁੰਡ ਕੇ ਅਨੰਤਨ ਜੈ ਹੈ"।।

## ਦੋਹਿਰਾ

ਬਾਵਾ ਜੀ ਨੇ ਦੱਸਿਆ ਜੋ ਉਤੱਮ ਆਚਾਰ।
ਜੋ ਗੁਰਗਾਦੀ ਬੈਠ ਕੇ ਕੀਤਾ ਪਰਮ ਉਦਾਰ।।੧੨।।

ਭਾਵ-ਬਾਵਾ ਜੀ ਨੇ ਦੇਵੀ ਪ੍ਰਗਟ ਕਰਨ ਦਾ ਕਾਰਨ ਇਹ ਦੱਸਿਆ ਕਿ ਜਦ ਗੁਰੂ ਜੀ ਗੱਦੀ ਪਰ ਬੈਠ ਗਏ ਤਦ ਉਨ੍ਹਾਂ ਨੇ ਛਿਪ੍ਰ ਜਾਤੀ ਦੇ ਬ੍ਰਾਹਮਨ ਬੁਲਾਏ ਅਰ ਅਪਨੇ ਘਰ ਬਾਰ ਦਾ ਸਾਰਾ ਪ੍ਰਬੰਧ ਉਨ੍ਹਾਂ ਦੇ ਹੱਥ ਵਿੱਚ ਦੇਣ ਲਈ ਆਖਯਾ, ਭਾਵੇਂ ਬ੍ਰਾਹਮਨਾਂ ਨੇ ਇਨਕਾਰ ਭੀ ਕੀਤਾ ਪ੍ਰੰਤੂ ਤਾਂ ਭੀ ਗੁਰੂ ਜੀ ਨੇ ਉਨ੍ਹਾਂ ਦੇ ਹੀ ਹਵਾਲੇ ਸਭ ਕਾਰੋਬਾਰ ਕਰ ਦਿੱਤਾ, ਜੈਸਾ ਕਿ ਧਰਮ ਚੰਦ ਦੇ ਹੱਥ ਖਜ਼ਾਨੇ ਦਿੱਤੇ ਅਰ ਸਾਹਿਬ ਚੰਦ ਨੇ ਘਰਬਾਰ ਦੀ ਦੀਵਾਨੀ ਲੀਤੀ, ਇੱਸੇ ਤਰ੍ਹਾਂ ਇੱਕ ਦੇਵੀ ਦਿੱਤਾ ਨਾਮੇਂ ਪੁਰਾਣਕ ਸਾ ਉਹ ਪੁਰਾਣਾਂ ਦੀ ਕਥਾ ਸੁਨਾਉਂਦਾ ਹੁੰਦਾ ਸੀ, ਜਿਸ ਤੇ ਇੱਕ ਦਿਨ ਭੀਮ ਚੰਦ੍ਰ ਦੇ ਬਲ ਦੀ ਕਥਾ ਆਈ ਕਿ ਉਨ੍ਹਾਂ ਨੇ ਲੜਾਈ ਵਿੱਚ ਖੁੱਦੋ ਵਾਂਗ ਹਾਥੀ ਭੁਵਾ-੨ ਕੇ ਮਾਰੇ ਜਿਸ ਤੇ ਉਹ ਅੱਜ ਤਕ ਆਕਾਸ ਵਿੱਚ ਹੀ ਭੌਂਦੇ ਹਨ।।

ਇਸ ਪਰ ਗੁਰੂ ਜੀ ਨੇ ਪੁੱਛਿਆ ਕਿ ਭੀਮ ਵਿੱਚ ਇਤਨਾ ਬਲ ਕਿਸ ਤਰ੍ਹਾਂ ਹੋ ਗਿਆ ਸੀ ਜਿਸ ਦਾ ਉਤ੍ਰ ਦੇਵੀ ਦਿੱਤੇ ਨੇ ਇਹ ਦਿੱਤਾ ਕਿ ਉਸ ਨੇ ਸਵਾ ਲੱਖ ਬ੍ਰਾਹਮਨ ਨੂੰ ਭੋਜਨ ਛਕਾਯਾ ਸਾ ਅਰ ਜੱਗ ਕਰਕੇ ਹਵਨ ਕੀਤਾ ਫਿਰ ਦੇਵੀ ਨੇ ਵਰ ਦਿੱਤਾ ਸੀ, ਇਸ ਪਰ ਗੁਰੂ ਜੀ ਨੇ ਕਥਨ ਕੀਤਾ ਕਿ ਕਿਆ ਤੁਸੀਂ ਭੀ ਅਜੇਹਾ ਜੱਗ ਕਰ ਸਕਦੇ ਹੋ ਕਿ ਐਵੇਂ ਗੱਲਾਂ ਨਾਲ ਹੀ ਪ੍ਰਚਾਉਂਦੇ ਹੋ ਇਸ ਨੂੰ ਸੁਨਕੇ ਪੰਡਤ ਨੇ ਬੇਨਤੀ ਕੀਤੀ ਕਿ "ਜੇ ਅਸੀਂ ਜੱਗ ਨਹੀਂ ਕਰਾਇੰਗੇ ਤਾਂ ਕਿਆ ਕਿਸੇ ਦੀ ਨੌਕਰੀ ਕਰਕੇ ਖਾਵੇਂਗੇ" ਜਦ ਉਸ ਪੰਡਤ ਨੇ ਇਤਨਾ ਦਮ ਮਾਰਿਆ ਤਦ ਗੁਰੂ ਜੀ ਨੇ ਕਿਹਾ ਕਿ ਅੱਛਾ ਅਸੀਂ ਭੀ ਜੱਗ ਕਰਾਉਂਦੇ ਹਾਂ ਤੁਸੀਂ ਸਾਨੂੰ ਭੀ ਦੇਵੀ ਪ੍ਰਗਟ ਕਰ ਦੇਵੋ।।

## ਦੋਹਿਰਾ

ਇਹ ਇਸ ਦਾ ਸਭ ਭਾਵ ਹੈ ਕਹੀ ਕਵੀ ਜੋ ਗਾਥ।
ਇਸ ਨੂੰ ਆਪ ਵਿਚਾਰੀਏ ਨੀਕੇ ਮਨ ਕੇ ਸਾਥ।।੧੩।।
ਜੈਸੇ ਸੁੱਖਾ ਸਿੰਘ ਅਰ ਸ੍ਰੀ ਸੰਤੋਖ ਮ੍ਰਿਗੇਸ।

ਦੁਰਗਾ ਪੂਜਨ ਹੇ ਕਿਹਾ ਤ੍ਰਿਮ ਇਨ ਦਿਆ ਸੰਦੇਸ।।੧੪।।

# ਤੱਤ ਖਾਲਸਾ

## ਦੋਹਿਰਾ

ਕਹਾਂ ਕਹੋਂ ਇਸ ਅਕਲ ਕਾ ਜੋ ਤੁਮ ਮਹਿ ਪ੍ਰਤਾਪ।
ਬਿਨ ਸੋਚੇ ਹੀ ਬਾਤ ਕੇ ਦ੍ਰਿੜ ਕਰ ਲੇਵਤ ਆਪ।।੧੫।।

## ਚੌਪਈ

ਪਹਲੇ ਤਾਂ ਇਹ ਬਾਤ ਅਸ਼ੁੱਧ। ਸਮਝ ਦੇਖ ਤੂੰ ਅਪਨੀ ਬੁੱਧ।।
ਜੋ ਬਾਵਾ ਜੀ ਨਮੀਂ ਬਨਾਕੇ। ਦੱਸੀ ਹੈ ਪੁਸਤਕ ਮਹਿ ਪਾਕੇ।।
ਜੋ ਗੁਰ ਦੇਵੀ ਦਿੱਤ ਪਾਸ। ਸੁਨੇ ਪੁਰਾਨ ਧਾਰ ਮਨ ਆਸ।।
ਭੀਮਚੰਦ ਕਾ ਬਲ ਸੁਨ ਭਾਈ। ਅਧਕ ਉਮੰਗ ਮਨ ਭੀਤਰ ਆਈ।।
ਸੋ ਇਹ ਪਹਲੇ ਕਵੀਅਨ ਬਾਤ। ਨਹੀਂ ਕਹੀ ਪੜ੍ਹ ਦੇਖ ਭਰਾਤ।।
ਸੁੱਖਾ ਸਿੰਘ ਬਤਾਵੇ ਐਸੇ। ਖੇਲ ਸ਼ਕਾਰ ਗੁਰੂ ਮੁੜ ਬੈਸੇ।।
ਆਕਰ ਅਪਨੈ ਮਹਲ ਮਝਾਰੀ। ਤਬ ਯਹ ਮਨ ਕੇ ਮਾਂਹਿ ਵਿਚਾਰੀ।।
ਪੰਥ ਸਾਜਨਾ ਚਹੀਏ ਭਾਰਾ। ਜਿਸ ਤੇ ਸੁੱਖ ਪਾਵੇ ਸੰਸਾਰਾ।।
ਇਸ ਤੇ ਉਲਟ ਰਵਿ ਪ੍ਰਕਾਸ਼। ਵਰਨਨ ਕਰਦਾ ਨਾਲ ਹੁਲਾਸ।।
ਆਖੇ ਜਦ ਸਤਿਗੁਰ ਨੇ ਸਿੱਖੀ। ਹਿੰਦ ਤੁਰਕ ਥੋਂ ਦੁਖੀਆ ਪਿੱਖੀ।।
ਅਰ ਸੰਗਤ ਨੇ ਆ ਪਗ ਮਾਹੀਂ। ਅਨਕ ਭਾਂਤ ਕੇ ਦੁੱਖ ਮਹਾਂ ਹੀਂ।।
ਕਹੇ ਹਿੰਦੂ ਤੁਰਕਨ ਤੇ ਹੋਵਤ। ਆਵਤ ਜਾਤ ਤਿਨੋਂ ਪਤ ਖੋਵਤ।।
ਜਿਸ ਪਰ ਰਿਸ ਗੁਰ ਪੰਥ ਚਲਾਨਾ। ਅਰ ਦੇਵੀ ਕਾ ਜੋ ਪ੍ਰਗਟਾਨਾ।।
ਕੀਨਾ ਸਕਲ ਉਪਾਇ ਨਵੀਨ। ਹਰਿ ਸੰਤੋਖ ਏਹ ਕਹਿ ਦੀਨ।।
ਸੁਮੇਰ ਸਿੰਘ ਜੀ ਨੇ ਜੋ ਗਾਯਾ।। ਸੋ ਦੋਨਾਂ ਤੇ ਉਲਟ ਬਤਾਯਾ।।
ਦੇਵੀ ਦਿੱਤੇ ਦੀ ਸੁਨ ਕਥਾ। ਆਇ ਗਈ ਗੁਰ ਜੀ ਮਨ ਜਥਾ।।
ਤਿਸੀ ਤਰ੍ਹਾਂ ਬਲ ਪਾਵਨ ਹੇਤਾ। ਉੱਦਮ ਕਰਾ ਨਾਥ ਜੂ ਏਤਾ।।
ਹੁਨ ਹਿਨ ਤੀਨੋਂ ਮਾਂਹਿ ਪਿਆਰੇ। ਸਾਚਾ ਕੌਨ ਕਹੋ ਮਨ ਧਾਰੇ।।
ਦੋ ਪਹਲੇ ਕੇ ਬਾਵਾ ਏਹੁ। ਠੀਕ ਗੁਵਾਹੀ ਅਪਨੀ ਦੇਹੁ।।
ਯਾ ਪਹਲਿਆਂ ਨੇ ਝੂਠ ਬਤਾਯਾ। ਕੈ ਬਾਵਾ ਜੀ ਜੱਕੜ ਲਾਯਾ।।
ਇਸ ਪਰ ਪਹਲੇ ਕਰੋਂ ਵਿਚਾਰ। ਸੱਚ ਝੂਠ ਫਿਰ ਲੇਹੁ ਨਤਾਰ।।੧੬।।

## ਦਵੈਯਾ

ਦੇਖੋ ਬਾਵਾ ਜੀ ਨੇ ਸਭ ਤੇ ਨਵੇਂ ਢੰਗ ਕਰ ਦੀਨੇ। ਆਖੇ ਗੱਦੀ ਬੈਠ ਗੁਰੂ ਨੇ ਬ੍ਰਾਹਮਨ ਹੀ ਸੱਦ ਲੀਨੇ।। ਕਿਸੇ ਦੀਵਾਨ ਬਨਾਇਆ ਅਪਨਾ ਸੌਂਪਿਆਂ ਕਿਸੇ ਖਜ਼ਾਨਾ। ਕੋਈ ਪਾਸ ਰਹੇ ਹਰ ਵੇਲੇ ਕਥਾ ਸੁਨਾਇ ਪੁਰਾਨਾ।।੧੭।। ਅਰ ਬ੍ਰਾਹਮਨ ਤਾਂ ਗੁਰੂ ਨੂੰ ਆਖਨ ਸਾਥੋਂ ਕੰਮ ਨ ਹੋਵੇ। ਪਰ ਸਤਿਗੁਰ ਜੀ ਬਦੋਬਦੀ ਸਨ ਉਨ ਕੋ ਅੱਗੇ ਢੋਂਦੇ।। ਕਿਆ ਕੋ ਸਿੱਖ ਨ ਸੀ

ਅਤਬਾਰੀ ਰੱਖੇ ਸਾਂਭ ਖਜ਼ਾਨਾ। ਜਿਸ ਤੇ ਸਿੱਖ ਦਿਵਾਨੇ ਦੇਖੇ ਬ੍ਰਾਹਮਨ ਕਰਾ ਦੀਵਾਨਾ।।੧੮।। ਨੰਦ ਚੰਦ ਦੀਵਾਨ ਗੁਰੂ ਦਾ ਅੱਜ ਤੀਕ ਸਭ ਕਹਿੰਦੇ। ਜਿਸ ਦਾ ਨੱਗਰ ਡਹਰੋਲੀ ਹੈ ਹਠੀ ਸਿੰਘ ਜਹਿ ਰਹਿੰਦੇ।। ਹਨ ਸੰਤਾਨ ਦੀਵਾਨ ਸਕਲ ਹੀ ਸਿੱਖ ਸੇਵਕਾਂ ਵਾਲੇ। ਤਿਨ ਕੋ ਤਜ ਕਰ ਬਾਵਾ ਜੀ ਕਿਉਂ ਸਾਹਬ ਚੰਦ ਨਿਕਾਲੇ।।੧੯।। ਕੇਹੀ ਬਾਤ ਅਚੰਭੇ ਵਾਲੀ ਬਾਵਾ ਜੀ ਲਿਖ ਮਾਰੀ। ਗੱਦੀ ਬੈਠ ਗੁਰੂ ਜੀ ਪਹਲੇ ਏਹੋ ਕਰੀ ਤਿਆਰੀ।। ਸੱਦੇ ਬ੍ਰਾਹਮਨ ਛੇਤੀ ਤਿਨ ਕੋ ਸੌਂਪ ਖਜ਼ਾਨੇ ਸਾਰੇ। ਅਰ ਘਰਬਾਰ ਹਵਾਲੇ ਕਰਕੇ ਬੈਠੇ ਹੋਏ ਕਨਾਰੇ।।੨੦।। ਭੁੱਖੀ ਬਿੱਲੀ ਰਾਖੀ ਕੀਤੀ ਦੁੱਧ ਦਹੀਂ ਦੀ ਚੰਗੀ।। ਬਿਨ ਪੁੱਛੇ ਹੀ ਚੱਟਮ ਕਰਸੀ ਸਕਲ ਦਰਬ ਬਿਨ ਮੰਗੀ।। ਅੰਧੇ ਨੂੰ ਕੀ ਚਹੀਏ ਭਾਈ ਦੋਨੋਂ ਨੈਨ ਬਤਾਓ। ਖੁੱਲਾ ਮਿਲਿਆ ਖਜ਼ਾਨਾ ਗੁਰੂ ਦਾ ਬੈਠੇ ਮੌਜ ਉਡਾਓ।।੨੧।। ਫਿਰ ਜੋ ਅੰਦਰ ਬਾਹਰ ਗੁਰ ਦੇ ਲੈ ਬੈਠੇ ਮੁਖਤਿਆਰੀ। ਜਾਨ ਗਏ ਇਹ ਕਾਨ ਮਿਲੀ ਹੈ ਦੌਲਤ ਦੀ ਇੱਕ ਭਾਰੀ।। ਲੁੱਟਨ ਪੁੱਟਨ ਨੂੰ ਮਨ ਚਾਹਿਆ ਢੂੰਡਨ ਦਾਉ ਘਨੇਰੇ। ਅਰ ਲੋਭੀ ਨੂੰ ਹਨ ਮਿਲ ਜਾਂਦੇ ਫੰਧ ਫਰੇਬ ਬਥੇਰੇ।।੨੨।। ਧਰਮਚੰਦ ਨੇ ਸਾਂਭ ਖਜ਼ਾਨਾ ਧਰਮ ਆਪਨਾ ਜਾਨਾ। ਅਪਨੇ ਭਾਈਚਾਰੇ ਤਾਈਂ ਉਸ ਤੇ ਮਜ਼ੇ ਉਡਾਨਾ।। ਅੱਗੇ ਦੇਵੀ ਦਿੱਤ ਨੇ ਤਾਂ ਅਪਨੇ ਦੇਵਨ ਹਾਰੀ ਹੋਰ ਦੇਵਤਿਆਂ ਨਾਲੋਂ ਚੰਡੀ ਮਨ ਦੇ ਵਿੱਚ ਵਿਚਾਰੀ।।੨੩।। ਜਿਸ ਤੇ ਪੜ੍ਹ ਪੌਰਾਨ ਗੁਰੂ ਢਿਗ ਗੱਲਾਂ ਭੀਮ ਸੁਨਾਵੇ। ਕਰ ਕਰ ਕਰ ਕਰ ਕਰਕੇ ਗੁਰ ਨੂੰ ਮਤਲਬ ਉਪੱਰ ਲਿਆਵੇ। ਪਰ ਗੁਰ ਜਾਣੀ ਜਾਨ ਰਿਦੇ ਦੀ ਤਾੜ ਗਏ ਸਭ ਗਾਥਾ। ਪੁਛਨ ਲੱਗੇ ਕਹੋ ਮਿਸਰ ਜੀ ਕਿਉਂ ਬਲ ਥਾ ਤਿਸ ਹਾਥਾ।।੨੪।। ਜਿਸ ਪਰ ਬ੍ਰਹਮ ਭੋਜ ਹੀ ਦਸਿਆ ਕਰਨਾ ਜੱਗ ਜ਼ਰੂਰੀ। ਆਕੇ ਭਾਈ ਚਾਹਾ ਖਾਵੇ ਖੀਰ ਕਚੌਰੀ ਪੂਰੀ।। ਅੱਗੇ ਲੰਬਾ ਝੇੜਾ ਪਾਇਆ ਦੁਰਗਾ ਪੂਜਨ ਕੇਰਾ। ਜਿਸ ਤੇ ਖ਼ੂਬ ਲਗਾਉਨ ਗੱਫੇ ਤਹਾਂ ਲਗਾਕੇ ਡੇਰਾ।।੨੫।। ਅਪਨੇ ਹੀ ਸਭ ਮਤਲਬ ਦਾ ਜਿਨ ਦੇਖੋ ਜਾਲ ਫੈਲਾਇਆ। ਗੋਰਖ ਧੰਦਾ ਰਚਕੇ ਚਾਹੁਨ ਸਾਰਾ ਦਰਬ ਖਪਾਹਿਆ।। ਸੱਚੇ ਪਾਤਸ਼ਾਹ ਨੂੰ ਕੱਚੇ ਛਲਨਾ ਚਾਹੁਨ ਐਸੇ। ਜਗ ਦੇ ਜੀਵਾਂ ਨਾਲ ਕਰੇਂਦੇ ਹੇਰ ਫੇਰ ਹਨ ਜੈਸੇ।।੨੬।। ਜਦ ਸਤਿਗੁਰ ਜੀ ਕਿਹਾ ਬਿੱਪ ਨੂੰ ਤੁਮ ਭੀ ਜੱਗ ਕਰਾਵੋ। ਕੇ ਐਵੇਂ ਬਹ ਪਾਸ ਅਸਾਡੇ ਗੱਪਾਂ ਹੀ ਚਾ ਲਾਵੋ।। ਜਿਸ ਪਰ ਗੁੱਸਾ ਖਾਕੇ ਬੋਲਯਾ ਜੇ ਨਾ ਜੱਗ ਕਰਾਈਏ। ਤਾਂ ਕਿਯਾ ਹੋਇ ਕਿਸੇ ਦੇ ਨੌਕਰ ਟੁਕੜਾ ਪਿਆ ਕਮਾਈਏ।।੨੭।। ਸੁਣਕੇ ਉਸ ਦੀ ਸ਼ੇਖੀ ਨੂੰ ਗੁਰ ਕਿਹਾ ਕਰਾਵੋ ਪਿਆਰੇ। ਲੋ ਹਮ ਜੱਗ ਕਰਨ ਨੂੰ ਬੈਠੇ ਅਬ ਹੀ ਹੋਇ ਤਿਆਰੇ।। ਪਰ ਉਹ ਤਾਂ ਸਭ ਗੱਲਾਂ ਦੀ ਹੀ ਖੱਟੀ ਸੀ ਬਹ ਖਾਂਦਾ। ਖਾਲੀ ਸੰਖ ਬਜਾਵੇ ਦੀਪਾ ਬੋਲਿਆ ਹੋ ਸ਼ਰਮਾਂਦਾ।।੨੮।। ਸਾਨੂੰ ਤਾਂ ਇਹ ਵਿਧੀ ਨ ਆਵੇ ਜਿਸ ਤੇ ਨਹੀਂ ਕਰਈਏ। ਐਵੇਂ ਝੂਠੀ ਗੱਪ ਕਾਸ ਨੂੰ ਗੁਰ ਜੀ ਅੱਗੇ ਲਾਈਏ।। ਕਾਂਸ਼ੀ ਅਰ ਕਸ਼ਮੀਰੀ ਪੰਡਤ ਹਨ ਵਿੱਦਯਾ ਦੇ ਪੂਰੇ। ਜੱਗ ਹਵਨ ਉਹ ਜਾਨਨ ਕਰਨੇ ਹਨ ਪੰਡਤ ਵਡ ਸੂਰੇ।।੨੯।।

## ਦੋਹਿਰਾ

ਮਨ ਵਿਚ ਦੇਖ ਵਿਚਾਰਕੇ ਹੇ ਦੁਰਗਾ ਦੇ ਦਾਸ।
ਸ਼ਰਮ ਨ ਆਈ ਓਸ ਨੂੰ ਮਿੱਥਯਾ ਕਰਤ ਬਲਾਸ।।੩੦।।

# ਦੁਰਗਾ ਭਗਤ

## ਦੋਹਿਰਾ

ਸ਼ਰਮ ਭਲਾ ਕਿਸ ਗੱਲ ਦੀ ਹੈਸੀ ਇਸ ਦੇ ਵਿੱਚ।
ਜਿਸ ਪਰ ਪੰਡਤ ਹੋ ਗਿਆ ਆਗੇ ਗੁਰ ਦੇ ਜਿੱਚ।।੩੧।।
ਸਗੋਂ ਉਸ ਨੇ ਦੱਸਯਾ ਜੱਗ ਕਰਾਵਨ ਹਾਰ।
ਬਾਵਾ ਸਿੰਘ ਸੁਮੇਰ ਜੂ ਕਰਦੇ ਜਿਸੇ ਉਚਾਰ।।੩੨।। ਯਥਾ:-

## ਚੌਪਈ

"ਕਾਂਸੀ ਕਾਸ਼ਮੀਰ ਦੇ ਪੰਡਤ। ਕਰਸਾਂ ਕਹਿ ਅਸ ਕਾਰਜ ਮੰਡਤ।।
ਸਕਲ ਸ਼ਾਸਤ੍ਰ ਸੋਧਨ ਸੁਖਕਾਰੀ। ਹੈਂ ਤਹਿੰਕੇ ਦ੍ਵਿਜ ਸਭ ਅਧਕਾਰੀ"।।

## ਦੋਹਿਰਾ

ਇਸ ਵਿਚ ਪੰਡਤ ਦੱਸਯਾ ਜੋ ਸੀ ਅਸਲ ਉਪਾਇ।
ਯੱਗ ਕਰਾਵਨ ਹਾਰ ਜਿਨ ਦਿੱਤੇ ਬਿੱਪ ਬਤਾਇ।।੩੩।।
ਇਸ ਮਹਿ ਰਿਹਾ ਲੁਕਾਵ ਕਯਾ ਦਿੱਤਾ ਸੱਚ ਬਖਾਨ।
ਬਿਰਥਾ ਦੋਸ਼ ਲਗਾਇਆ ਤੈਂ ਪੰਡਤ ਪਰ ਜਾਨ।।੩੪।।
ਫਿਰ ਸੋ ਬ੍ਰਾਹਮਨ ਪਾਸ ਗੁਰ ਲੀਨੇ ਤੁਰਤ ਬੁਲਾਇ।
ਇਸ ਮਹਿ ਬੁਰੀ ਨ ਬਾਤ ਕੁਛ ਦੇਖੋ ਮਨ ਭਲ ਭਾਇ।।੩੫।।
ਉਤੱਮ ਕੁੱਲ ਸੁੱਚਮ ਘਨੀ ਅਰ ਸੰਤੋਖੀ ਲੋਗ।
ਬ੍ਰਾਹਮਨ ਸਮ ਇਸ ਜਗਤ ਮਹਿ ਦੂਸਰ ਹੂਆ ਨ ਹੋਗ।।੩੬।।
ਫਿਰ ਐਸੇ ਜਨ ਰਾਖਨੇ ਗੁਰ ਜੀ ਅਪਨੇ ਪਾਸ।
ਜਾਨਤ ਥੇ ਸੁਖਦਾਇ ਅਤਿ ਮਨ ਮਹਿ ਧਾਰ ਹੁਲਾਸ।।੩੭।।
ਤੁਮਰਾ ਦੋਖ ਅਰੋਪਨਾ ਇਸ ਕਾਰਜ ਮਹਿ ਜੋਇ।
ਨਹੀਂ ਬੁੱਧਿ ਕੀ ਬਾਤ ਹੈ ਮੂਰਖਤਾ ਅਤਿ ਸੋਇ।।੩੮।।

# ਤਤ ਖਾਲਸਾ

## ਦੋਹਿਰਾ

ਕਿਉਂ ਗੋਹੇ ਦਾ ਕਰਤ ਹੈਂ ਧਿੰਗੋ ਧਿੰਗ ਕੜਾਹੁ।
ਝੂਠੋਂ ਸੱਚ ਬਣਾਉਨਾ ਕੱਢਿਆ ਕਿੱਥੋਂ ਰਾਹੁ।।੩੯।।

## ਦਵੈਯਾ

ਪਹਲੇ ਤਾਂ ਉਸ ਕੀਤੀ ਆਕੜ ਮੈਂ ਹੀ ਜਗ ਕਰਾਊਂ। ਤੇ ਇਤਨੀ ਭੀ ਵਿਧੀ ਨ ਜਾਨਾ ਤਾਂ ਕਿਆ ਦਾਸ ਕਹਾਊਂ।। ਜਿਸ ਪਰ ਪ੍ਰੀਛਾ ਲੈਨ ਹੇਤ ਗੁਰ ਕਹੀ ਕਰਾਵੋ ਭਾਈ। ਇਸ ਹੀ ਵੇਲੇ ਸਵਾਧਾਨ ਹੋ ਦੇਵੋ ਵਿਧੀ ਬਤਾਈ।।੪੦।। ਐਥੋਂ ਪੋਲ ਪ੍ਰਗਟ ਸਭ ਹੋਇਆ ਕਰ ਬੈਠਯਾ ਇਨਕਾਰੇ। ਆਖੀ ਮੈਨੂੰ ਰੀਤ ਜੱਗ ਦੀ ਕਰਨੇ ਕੀ ਨਹਿ ਸਾਰੇ।। ਪਰ ਕਾਂਸ਼ੀ ਕਸ਼ਮੀਰ ਰਹਨ ਜੋ ਪੰਡਤ ਸਾਡੇ ਭਾਈ।। ਉਨ ਕੋ ਸਾਰੀ ਵਿਧੀ ਵੇਦ ਦੀ ਭਲੀ ਭਾਂਤ ਸੋ ਆਈ।।੪੧।।

ਓਥੋਂ ਸਦ ਬੁਲਾਓ ਉਨ ਕੋ ਕਰਵਾਉਨਗੇ ਹਵਨਾ। ਜਿਸ ਤੇ ਪ੍ਰਗਟ ਹੋ ਜਗਦੰਬਾ ਯਸ਼ ਹੋਵੇ ਤ੍ਰਿਭਵਨਾ॥ ਜਿਸ ਤੇ ਉਸ ਬ੍ਰਾਹਮਨ ਦੀ ਸ਼ੇਖੀ ਉਡ ਗਈ ਉਸ ਹੀ ਵੇਲੇ। ਝੂਠ ਬੋਲ ਕੇ ਸੀ ਜੋ ਚਹੁੰਦਾ ਲੈਣੇ ਪੈਸੇ ਧੇਲੇ।।੪੨।।

## ਦੋਹਿਰਾ

ਜੇ ਉਸ ਨੂੰ ਨਹਿ ਯਾਦ ਸੀ ਵਿਧੀ ਕਰਾਵਨ ਜੱਗ।
ਤਾਂ ਗੁਰ ਜੀ ਦੇ ਪੁਛਨੋਂ ਕਿਉਂ ਨਾ ਭਯਾ ਅਲੱਗ।।੪੩।।
ਪੰਡਤ ਬਣ ਬਣ ਬੈਠਦਾ ਜੱਗ ਕਰਾਵਨ ਹਾਰ।
ਪੁੱਛਨ ਤੇ ਠੈਂ ਠੈਂ ਕਰੀ ਦੇ ਕਰਕੇ ਇਨਕਾਰ।।੪੪।।
ਕਿਆ ਉਸ ਸੱਚ ਸੁਨਾਹਿਆ ਦੱਸਯਾ ਕੌਣ ਉਪਾਇ।
ਬਣ ਬਣ ਦੀ ਜਿਨ ਲੱਕੜੀ ਸੱਗੋਂ ਲਈ ਬੁਲਾਇ।।੪੫।।

## ਚੌਪਈ

ਫਿਰ ਜੋ ਹੈ ਤੈਂ ਕਰੀ ਵਡਾਈ। ਉਤੱਮ ਕੁਲ ਅਰ ਸੁੱਚਮਤਾਈ।।
ਫਿਰ ਸੰਤੋਖੀ ਕਹੇ ਪੁਕਾਰ। ਬਾਵਾ ਜੀ ਦੇ ਮਤ ਅਨੁਸਾਰ।।
ਸੋ ਭੀ ਸਭ ਮਿਥਯਾ ਹੈ ਭਾਈ। ਨਹੀਂ ਸੱਤ ਇਸ ਮਹਿੰ ਇੱਕ ਰਾਈ।।
ਬਾਵਾ ਜੀ ਪੂਰਬ ਦੇ ਵਿਚ। ਕਰੇ ਬ੍ਰਾਹਮਨ ਲੋਗਾਂ ਜਿੱਚ।।
ਲੋਟੇ ਧੋਇ ਧੋਇ ਦਿਖਲਾਇ। ਮੱਥੇ ਟਿੱਕੇ ਖੂਬ ਲਗਾਇ।।
ਬਾਵਾ ਜੀ ਨੂੰ ਚੁੱਕ ਰਿਝਾਇਆ। ਅਪਨਾ ਮੱਦਦਗਾਰ ਬਨਾਇਆ।।
ਪਰ ਦਸਮੇਂ ਗੁਰ ਅੰਤ੍ਰਯਾਮੀ। ਜਾਨਨਹਾਰ ਰਿਦੇ ਦੀ ਸ੍ਵਾਮੀ।।
ਸੋ ਬਾਹਰ ਪਾਖੰਡਨ ਮਾਂਹੀ। ਰੀਝਤ ਨਹਿ ਕਬ ਹੀ ਲਖ ਤਾਂਹੀ।।
ਜਿਸ ਤੇ ਦਸਮ ਗ੍ਰੰਥ ਜੂ ਮਾਹਿੰ। ਕਹਤ ਪੋਪ ਜੂ ਉਤੱਮ ਨਾਹਿੰ।।
ਕ੍ਰਿਸ਼ਨ ਚਰਤ ਮਹਿ ਸਗਲ ਬਤਾਯਾ। ਜੋ ਇਨ ਲੋਗਨ ਕੀ ਹੈ ਮਾਯਾ।।
ਸੋ ਮੈਂ ਉਹ ਕਬਿੱਤ ਸੁਨਾਊਂ। ਬਾਵਾ ਜੀ ਕਾ ਭਰਮ ਉਠਾਊਂ।।
ਅਰ ਤੂੰ ਭੀ ਦੁਰਗਾ ਕੇ ਦਾਸ। ਸੁਨ ਕਰਕੇ ਮਨ ਹੋਰ ਹੁਲਾਸ।।
ਸੱਚਾ ਕਥਨ ਗੁਰੂ ਦਾ ਮੰਨੀ। ਬਾਵਾ ਜੀ ਦਾ ਸੁਣੀ ਨ ਕੰਨੀਂ।।
ਕ੍ਰਿਸ਼ਨ ਦੇਵ ਜੋ ਕੁਛ ਹੈ ਆਖੀ। ਤਿਸ ਕੀ ਦੇਤ ਗੁਰੂ ਯੌਂ ਸਾਖੀ।।੪੬।। ਯਥਾ:-

## ਕਬਿੱਤ

"ਬਡੇ ਹੈ ਕੁਮਤੀ ਔ ਕੁਜਤੀ ਕੂਰ ਕਾਯਰ ਹੈਂ ਬਡੇ ਹੈਂ ਕੁਝ।। ਔ ਕੁਜਾਤਿ ਬਡੇ ਜਗ ਮੈਂ।
ਬਡੇ ਚੋਰ ਚੂਹਰੇ ਚਪਾਤੀ ਲੀਏ ਤਜੈ ਪ੍ਰਾਣ ਕਰੈਂ ਅਤਿ ਯਾਰੀ ਬਾਟ ਪਾਰੀ ਔਰ ਮਗ ਮੈਂ।।
ਬੈਠੇ ਹੈਂ ਅਜਾਨ ਮਾਨੋ ਕਹੀਐ ਸਿਆਨੇ, ਕਛੂ ਜਾਨੈ ਨਹਿ ਗਯਾਨ ਸੋ ਕੁਰੰਗ ਬਾਂਧੇ ਪਗ ਮੈਂ।
ਬਡੇ ਹੈਂ ਕੁਛੈਲ ਪੈ ਕਹਾਵਤ ਹੈਂ ਛੈਲ, ਐਸੇ ਫਿਰਤ ਨਗਰ ਜੈਸੇ ਫਿਰੈ ਢੋਰ ਬਗ ਮੈਂ"।।

## ਦੋਹਿਰਾ

ਦੇਖਯਾ ਗੁਰ ਨੇ ਕ੍ਰਿਸ਼ਨ ਦਾ ਦਿੱਤਾ ਕਿਆ ਪ੍ਰਮਾਨ।

ਜਿਸ ਪਰ ਇਨ ਕੋ ਦੱਸਯਾ ਹਨ ਜਗ ਵਡੇ ਤੁਫਾਨ॥੪੭॥

ਭਾਵ- ਬ੍ਰਾਹਮਨ ਦੇ ਇਸ ਕਥਨ ਤੇ ਇਹ ਭੀ ਸਿੱਧ ਹੁੰਦਾ ਹੈ ਕਿ ਉਹ ਵੱਡਾ ਫਰੇਬੀ ਅਤੇ ਝੂਠਾ ਸਾ ਕਿਉਂਕਿ ਪਹਲੇ ਤਾਂ ਭੀਮ ਦੇ ਬਲ ਦੀ ਕਥਾ ਸੁਨਾ-੨ ਕੇ ਗੁਰ ਜੀ ਨੂੰ ਜੱਗ ਕਰਨ ਦਾ ਉਪਦੇਸ਼ ਦੇਂਦਾ ਰਿਹਾ ਅਰ ਗੁਰੂ ਜੀ ਦੇ ਪੁੱਛਨੇ ਪਰ ਉਸ ਨੇ ਅਜੇਹਾ ਦਮ ਮਾਰਿਆ ਕਿ ਮੈਂ ਜੇ ਜੱਗ ਨਹੀਂ ਕਰਾਊਂਗਾ ਤਾਂ ਕਿਆ ਕਿਸੇ ਦਾ ਨੌਕਰ ਰਹਕੇ ਟੁਕੜਾ ਖਾਊਂਗਾ ਪਰੰਤੂ ਜਦ ਗੁਰੂ ਜੀ ਜਗ ਕਰਨ ਲਈ ਤਿਆਰ ਹੋ ਗਏ ਤਦ ਝੱਟ ਇਨਕਾਰੀ ਹੋ ਬੈਠਾ, ਜਿਸ ਥੋਂ ਉਹ ਫਰੇਬੀ ਅਤੇ ਝੂਠਾ ਸਾਬਤ ਹੁੰਦਾ ਹੈ॥

ਇਸ ਤੇ ਬਿਨਾਂ ਉਹ ਨਿਰ ਬੁਧਿ ਅਤੇ ਵਿੱਦਯਾਹੀਨ ਭੀ ਸਾ ਜੋ ਇਤਨਾ ਭੀ ਨਹੀ ਜਾਨਦਾ ਸੀ ਕਿ (ਸ੍ਵਾਹਾ ੨) ਕਰਕੇ ਅੱਗ ਵਿੱਚ ਘੀਉ ਅਤੇ ਹੋਰ ਸਮੱਗ੍ਰੀ ਪਾਕੇ ਸ੍ਵਾਹ ਹੀ ਕਰ ਦਿੰਦਾ॥

ਇਸ ਤੇ ਬਿਨਾਂ ਜੋ ਤੈਂ ਉਨ੍ਹਾਂ ਦੀ ਵੱਡੀ ਸੋਭਾ ਕੀਤੀ ਹੈ ਅਰ ਇਹ ਦੱਸਯਾ ਹੈ ਕਿ ਗੁਰੂ ਜੀ ਨੇ ਉਨ੍ਹਾਂ ਦਾ ਪਾਸ ਰੱਖਨਾ ਇੱਕ ਵੱਡਾ ਉੱਤਮ ਜਾਤਾ ਸੀ ਕਿਉਂਕਿ ਇਹ ਕੁਲੀਨ ਅਤੇ ਸੰਤੋਖੀ ਹੁੰਦੇ ਹਨ ਸੋ ਇਸ ਪਰ ਮੈਂ ਅਪਨੇ ਵੱਲੋਂ ਤਾਂ ਕੁਝ ਨਹੀਂ ਆਖਯਾ ਕਿੰਤੂ ਦਸਮ ਗ੍ਰੰਥ ਵਿੱਚ ਗੁਰੂ ਜੀ ਨੇ ਕ੍ਰਿਸ਼ਨ ਦੇਵ ਦਾ ਕਥਨ, ਜੋ ਗੋਪਾਂ ਨਾਲ ਹੋਇਆ ਸੀ, ਸੋਈ ਏਥੇ ਲਿਖ ਦਿੱਤਾ ਹੈ ਜਿਸ ਤੇ ਤੁਸੀਂ ਦੇਖ ਸੱਕਦੇ ਹੋ ਕਿ ਇਨ੍ਹਾਂ ਦੀ ਕੇਹੋ ਜੇਹੀ ਉਤੱਮਤਾ ਟਪਕਦੀ ਹੈ॥

## ਦੋਹਿਰਾ

ਬਾਵਾ ਜੀ ਦਾ ਕਥਨ ਇਹ ਹੈ ਕੁਛ ਗੱਪ ਸੜੱਪ।
ਜੋ ਗੁਰੂਅਨ ਸੇਧਾਂਤ ਨੂੰ ਲੰਘੇ ਟੱਪ ਸੜੱਪ॥੪੮॥
ਤਾਂਤੇ ਅੱਗੇ ਦੱਸ ਲੈ ਰੱਖੀਂ ਨਾਹਿ ਲੁਕਾਉ।
ਭਲਾ ਓਸ ਦੇ ਵਿੱਚ ਭੀ ਜੇ ਲਗ ਜਾਵੇ ਦਾਉ॥੪੯॥

## ਦੁਰਗਾ ਭਗਤ

## ਦੋਹਿਰਾ

ਜੋ ਕਾਰਜ ਜਿਸ ਹਾਥ ਤੇ ਸੁਧਰੇ ਭਲੀ ਪ੍ਰਕਾਰ।
ਸੋਈ ਉਦੱਮ ਚਾਹੀਏ ਕਰਨੋਂ ਭਲੇ ਵਿਚਾਰ॥੫੦॥
ਹਵਨ ਕਰਾਵਨ ਜੱਗ ਵਿਧ ਜਾਨਤ ਪੰਡਤ ਲੋਗ।
ਇਸ ਹੀ ਤੇ ਗੁਰ ਬੋਲਦੇ ਦੇ ਆਦਰ ਲੱਖ ਜੋਗ॥੫੧॥
ਤੀਨ ਵਰਨ ਸਿਰ ਤਾਜ ਹੈਂ ਪੁਨ ਈਸ਼੍ਵਰ ਮੁਖ ਏਹੁ।
ਭੂਸੁਰ ਕਰ ਸਭ ਮੰਨ ਦੇ ਔਰ ਦਾਨ ਸੁਭ ਦੇਹੁ॥੫੨॥
ਤਾਂਤੇ ਪੰਡਤ ਜਾਨਕੇ ਅਪਨੇ ਮੁਖੀ ਪ੍ਰਧਾਨ।
ਸ੍ਰੀ ਸਤਿਗੁਰ ਸਨਮਾਨ ਕਰ ਦੀਨੇ ਤਿਨ ਕੋ ਦਾਨ॥੫੩॥
ਦੇਸ ਵਿਦੇਸੋ ਆਇਕੇ ਜੁਰੇ ਬਿੱਪ ਵਡ ਭਾਗ।

ਕਰ ਪ੍ਰਤੋਖਨ ਭਲੋ ਵਿਧ ਗੁਰ ਕੀਨੋਂ ਅਨੁਰਾਗ।।੫੪।।
ਬਾਵਾ ਸਿੰਘ ਸੁਮੇਰ ਜੂ ਅਪਨੇ ਵਿੱਚ ਗ੍ਰੰਥ।
ਐਸਾ ਆਖਨ ਗੁਰੂ ਨੇ ਪ੍ਰਗਟ ਕੀਨਾਂ ਪੰਥ।।੫੫।। ਯਥਾ :-

**ਛੰਦ**

"ਸਤਿਨਾਮ ਸ੍ਰੀ ਵਾਹਿਗੁਰੂ ਵਰ ਨਾਮ ਦਾਨ ਦੈ ਸਭੁ ਕੋ। ਸਿੰਘ ਪੰਥ ਨਿਰਮਾਣ ਕਰਹੁ ਮੈਂ ਮਤ ਪੂਰਬ ਬਿਧ ਤਬ ਕੋ।।੪।। ਬਿੱਪ੍ਰਨ ਕੋ ਪ੍ਰਤੋਖਨ ਪੂਜਨ ਦਾਨ ਮਾਨ ਮਨ ਮਾਨਾ। ਕਰ ਕਰ ਤੁਰਕਨ ਨਾਸ ਖਾਸ ਮਤ ਕਰਹੂ ਨਿਪਟ ਨਿਰਮਾਨਾ।।੫।। ਅਸ ਵਿਚਾਰ ਸਤਿਸਾਰ ਸੁਕ੍ਰਿਤ ਪਦ ਆਨ ਜਾਨ ਨਹਿ ਜਾਸੋ। ਜੱਗ ਅਰੰਭ ਸੁਮੇਰ ਸਿੰਘ ਕਰ ਕਾਰਨ ਕਰਨ ਸਦਾਸੋ।।੬।। ਯਹ ਸੁਧ ਦੇਸ਼ ਵਿਦੇਸ ਪ੍ਰਗਟਾਨੀ। ਗੁਰੂ ਗੋਬਿੰਦ ਸਿੰਘ ਗੁਰ ਸਾਚੋ ਜੱਗ ਕਰਨ ਹਿਤ ਠਾਨੀ।। ਸੁਨ ਸੁਨ ਦ੍ਵਿਜ ਬਰ ਦੂਰ ਦੂਰ ਤੇ ਦੌਰ ਦੌਰ ਜੁਰ ਆਏ। ਕੇਤੇ ਬਲਵਾਏ ਬਿਨ ਆਏ ਕੇਤੇ ਗੁਰ ਬਲਵਾਏ।। ਕਾਂਸ਼ੀ ਮਥਰਾ ਔਰ ਅਜੁਧਯਾ ਭੂਸੁਰ ਪੰਡਤ ਜੇਤੇ। ਆਇ ਪਾਇ ਸਨਮਾਨ ਰਹੇ ਸਭ ਰੁਚਿ ਰੁਚਿ ਸੁਖਨ ਸੁਹੇਤੇ।। ਕੀਰਤ ਪੁਰ ਤੇ ਆਨੰਦ ਪੁਰ ਲੋ ਬਿੱਪਨ ਕੁਟੀ ਬਨਾਈ। ਵੇਦ ਧੁਨੀ ਸ਼ਾਸਤ੍ਰਾਥ ਸਦਾਈ ਸੁਨਤ ਰਹਤ ਗੁਰ ਰਾਈ।।੭।।

**ਪੁਨਾਂ:**

ਜਨਮ ਸਫਲ ਵਿੱਦਯਾ ਸਫਲ ਸਫਲ ਵੇਦ ਕੀ ਬਾਨੀ।
ਹੋਤ ਸੁਮੇਰ ਸਿੰਘ ਗੁਰ ਆਗੇ ਲੱਖ ਛਬ ਸੁਰਤ ਬਿਕਾਨੀ।।

**ਦੋਹਿਰਾ**

ਗਾਇਤ੍ਰੀ ਜਾਹਿ ਕੰਠ ਨਹਿ ਬਿਧਵਤ ਜਾਨ ਜਨੇਊ।
ਤੇਨ ਤਹਾਂ ਬੈਠਾਰੀਅਤਿ ਕਿਆ ਅਸ ਨਿਯਮ ਅਭੇਊ।।੧।।

**ਚੌਪਈ**

ਜੇ ਤ੍ਰਿਕਾਲ ਸੰਧਿਆ ਨਿਤ ਕਰੈ। ਬਰਨਾ ਸਰਮ ਮਿਤ ਜਾਨਤ ਖਰੈ।।
ਤੇ ਤਾਹਾਂ ਬਰ ਬੈਠ ਨ ਪਾਵਹਿ। ਉਪਰ ਤੇ ਊਪਰ ਕੇ ਆਵਹਿ।।"

**ਦੋਹਿਰਾ**

ਦੇਖਯਾ ਸੱਦ ਬ੍ਰਾਹਮਨਾਂ ਕਰਵਾਵਨ ਗੁਰ ਪਾਠ।
ਜੰਞੂ ਤਿਲਕ ਸਜਾਇਕੇ ਆਸਨ ਬੈਠੇ ਮਾਠ।।੫੬।।
ਸੁਨਤ ਵੇਦ ਅਰ ਸਿੰਮ੍ਰਤੀ ਭਲੀ ਭਾਂਤ ਮਨ ਲਾਇ।
ਗਾਇਤ੍ਰੀ ਸੰਧਯਾ ਹੀਨ ਜੋ ਦੀਨੇ ਬਿੱਪ ਉਠਾਇ।।੫੭।।

**ਚੌਪਈ**

ਫਿਰ ਸਭ ਕੀ ਗੁਰ ਪ੍ਰੀਛਾ ਲੀਨੀ। ਖੀਰ ਮਾਂਸ ਕੀ ਚੱਟਕ ਸੁਦੀਨੀ।।
ਸਭੀ ਲੋਭ ਮਹਿ ਹੋ ਗਏ ਅੰਧੇ। ਤ੍ਰਿਸ਼ਨਾ ਕੀ ਫਾਸੀ ਮਹਿ ਬੰਧੇ।।
ਜਿਨ ਕੋ ਗੁਰ ਜੀ ਦਿਆ ਨਿਕਾਰ। ਰਹੇ ਤਿੰਨ ਬਾਕੀ ਸੁਧ ਸਾਰ।।
ਲੱਛੀਰਾਮ ਏਕ ਸੀ ਸੋਊ। ਸ੍ਰੀ ਭਗਵਾਨ ਦੂਸਰਾ ਜੋਊ।।

ਸ੍ਰੀ ਹਰਦਾਸ ਤੀਸਰਾ ਜਾਨੋ। ਏ ਤੀਨੋ ਕੇ ਨਾਮ ਪਛਾਨੋ॥
ਤਿਨ ਕੋ ਕਰ ਆਦਰ ਗੁਰ ਭਾਖਾ। ਅਹੋ ਦੂਧ ਮਥ ਮਾਖਨ ਰਾਖਾ॥
ਤਾਂ ਤੇ ਦੁਰਗਾ ਪੂਜਨ ਜੋਈ। ਕਹੋ ਕੌਨ ਬਿਧ ਹੋਵਤ ਸੋਈ॥
ਅਰ ਪ੍ਰਤੱਖ ਕਰੋ ਤੁਮ ਕਾਲੀ। ਰਹੇ ਜਗਤ ਮਹਿ ਤੁਮਰੀ ਲਾਲੀ॥
ਪਰ ਤਿਨ ਕਹੀ ਕ੍ਰਿਪਾ ਕੇ ਸਾਗਰ। ਤੀਨ ਭਵਨ ਮਹਿ ਆਪ ਉਜਾਗਰ॥
ਸਾਡੇ ਵਿੱਚ ਨ ਸ਼ਕਤੀ ਏਹੁ॥ ਤਾਂ ਤੇ ਨਾਹਿ ਪ੍ਰੀਛਾ ਲੇਹੁ॥
ਪਰ ਦੋ ਪੰਡਤ ਅਸੀ ਬਤਾਵੈ। ਜਾਂ ਸਮ ਦੂਸਰ ਔਰ ਨ ਪਾਵੈ॥
ਦੱਤਾਨੰਦ ਉਜੈਨੀ ਏਕ। ਗਯਾਨਵਾਨ ਉਰ ਬਸੈ ਬਿਬੇਕ॥
ਬਿਸ਼ਨ ਦਾਸ ਕਾਂਸ਼ੀ ਕਾ ਦੂਜਾ। ਕਰਵਾਏਗਾ ਦੁਰਗਾ ਪੂਜਾ॥
ਇਨ ਕੋ ਪ੍ਰਭ ਜੀ ਲੇਹੁ ਬੁਲਾਇ। ਕਾਰਜ ਸਫਲ ਸਗਲ ਹੋਇ ਜਾਇ॥
ਜਿਨ ਕੀ ਸੁਨ ਕਰ ਸਤ ਗੁਰਬਾਨੀ। ਸ੍ਰੀ ਮੁਖ ਤੇ ਯੌ ਪ੍ਰਗਟ ਬਖਾਨੀ॥੫੮॥ਯਥਾ:-

**ਦੋਹਿਰਾ**

"ਤਾਂ ਛਿਨ ਮਨ ਕਲਗੀਧਰਨ ਗਨ ਗੁਨ ਕੀਨ ਬਿਚਾਰ।
ਬਿਨ ਜਗਦੰਬਾ ਕੇ ਨਹੀਂ ਸਧੈ ਸ਼ਸਤ੍ਰ ਸੰਘਾਰ॥੧੪॥

**ਚੌਪਈ**

ਅਸ ਬਿਚਾਰ ਗੁਰ ਬਚਨ ਬਖਾਨਾ। ਧਰਹੁ ਧੀਰ ਹਰ ਪੀਰ ਪਛਾਨਾ॥
ਕਰ ਦੇਵੀ ਮੈਂ ਪ੍ਰਗਟ ਪਯਾਰੇ। ਲੈਹੋ ਪੰਥ ਬੈਰ ਬਿਸਥਾਰੇ॥"

**ਦੋਹਿਰਾ**

ਬਿਨ ਦੁਰਗਾ ਦੇ ਸੇਵਿਆਂ ਸਕਤ ਨ ਸ਼ਤ੍ਰਨ ਜੀਤ।
ਤਾਂ ਤੇ ਸਤਿਗੁਰ ਨੇ ਕਰੀ ਪੂਰਨ ਸਗਰੀ ਰੀਤ॥੫੯॥
ਪਟਨੇ ਸਾਹਿਬ ਤਖਤ ਦਾ ਜਦ ਇਹ ਕਹੇ ਮਹੰਤ।
ਫਿਰ ਝੂਠੀ ਕਿਆ ਬਾਤ ਹੈ ਤੁਮਰੇ ਮਨਹ ਲਗੰਤ॥੬੦॥
ਤਾਂ ਤੇ ਮੰਨਨ ਚਾਹੀਏ ਗੁਰੂ ਅੰਸ ਦਾ ਵਾਕ।
ਫੇਰ ਸੁਮੇਰ ਮ੍ਰਿਗਿੰਦ ਦਾ ਨਾਂ ਜਿਸ ਦੂਜੀ ਝਾਕ॥੬੧॥

## ਤੱਤ ਖਾਲਸਾ

**ਦੋਹਿਰਾ**

ਇਸ ਬਾਵਾ ਜੀ ਨੇ ਸੁਣੇ ਗੰਢੇ ਦਿੱਤੇ ਗਾਲ।
ਜੋ ਮਨ ਆਇਆ ਗਾਇਆ ਬੈਠੇ ਆਲ ਬਤਾਲ॥੬੨॥

**ਦਵੈਯਾ**

ਪਹਲੇ ਆਖੀ ਪਾਸ ਗੁਰੂ ਜੀ ਲੱਗੀ ਬ੍ਰਾਹਮਨ ਮੰਡੀ। ਖਾਇ ਮਾਸ ਅਰ ਖੀਰਾਂ ਸਾਰੇ ਪਾਉਨ ਬੈਠੇ ਭੰਡੀ॥ ਜਦ ਇਹ ਹਾਲ ਉਨ੍ਹਾਂ ਦਾ ਡਿੱਠਾ ਤਦ ਗੁਰ ਜੀ ਨੇ ਸਾਰੇ। ਝਾੜ ਝੰਬ ਕੇ ਬਾਹਰ ਕੱਢੇ ਤੁਰ ਗਏ ਸਭ ਪਤਹਾਰੇ॥੬੩॥ ਬਾਕੀ ਦੱਸਿਆ ਤਿੰਨ ਰਹੇ ਜੋ ਸਮਝੇ ਬਹੁਤ

ਸਿਆਨੇ। ਪਰ ਉਨ ਮੈਂ ਭੀ ਦੁਰਗਾ ਪੂਜਾ ਕੋਈ ਪੁਰਖ ਨ ਜਾਨੇ।। ਜਿਸ ਤੇ ਦੱਤਾ ਨੰਦ ਉਜੈਨੀ ਬਿਸ਼ਨਦਾਸ ਸੀ ਦੂਆ। ਕਾਂਸ਼ੀ ਵਾਲਾ ਏਸ ਕੰਮ ਨੂੰ ਆਕੇ ਹਾਜ਼ਰ ਹੂਆ।।੬੪।।

**ਚੌਪਈ**

ਫਿਰ ਬਾਵਾ ਜੀ ਹੋਰ ਉਚਾਰੇ। ਕੇਡੀ ਗੱਪ ਰੱਜ ਕੇ ਮਾਰੇ।।
ਆਖੇ ਗੁਰ ਨੇ ਕਹਾ ਸੁਨਾਇ। ਮੈਂ ਦੇਵੀ ਲੈਸਾਂ ਪ੍ਰਗਟਾਇ।।
ਜਿਸ ਤੇ ਸਿੰਘ ਪੰਥ ਮੈਂ ਕਰਹੋਂ। ਜੋ ਪੂਰਬ ਸਾ ਸੋਈ ਧਰਹੋਂ।।
ਕੇਡਾ ਥੱਪਯਾ ਭਾਰੀ ਨੂੰਣ। ਜਿਸ ਵਿੱਚ ਛੱਡੀ ਜ਼ਰਾ ਨ ਊਣ।।
ਪੂਰਬਲਾ ਮਤ ਸੀ ਇਹ ਕਿਸ ਦਾ। ਦੱਸਨ ਥਾ ਬਾਵਾ ਜੀ ਜਿਸਦਾ।।
ਸ੍ਰਿਸ਼ਟੀ ਆਦ ਕਾਲ ਤੇ ਦੇਖੋ। ਵੇਦ ਪੁਰਾਨ ਖੋਲ ਕਰ ਪੇਖੋ।।
ਕਿੱਥੇ ਨਾਮ ਖਾਲਸਾ ਦੱਸੇ। ਐਵੇਂ ਗੱਪ ਮਾਰ ਨਹਿ ਨੱਸੇ।।
ਪੰਜੇ ਕੱਕੇ ਕਿਸ ਨੇ ਧਾਰੇ। ਵਾਹਿਗੁਰੂ ਕਿਨ ਨਾਮ ਉਚਾਰੇ।।
ਕੁੜੀ ਨੜੀ ਮਾਰਕ ਕਾ ਤਿਆਗ। ਪ੍ਰਥਮ ਕਿਨ ਕਹੁ ਕਿਹਾ ਸੁਭਾਗ।।
ਏਹੁ ਦੁਮਾਲੇ ਜੋ ਦਸਤਾਰੇ। ਆਦ ਕਹੋ ਕਿਸ ਸੈਨ ਸਵਾਰੇ।।
ਪਹਲੇ ਵੇਦ ਪੁਰਾਨੇ ਚਾਰ। ਸੋ ਤਾਂ ਮੁੰਡਨ ਕਰਤ ਉਚਾਰ।।
ਪੁਨਹ ਜਨੇਊ ਧਰਮ ਬਤਾਉਨ। ਜਦ ਪਾਵੇ ਤਦ ਭੀਖ ਮੰਗਾਉਨ।।
ਅੱਗ ਪੌਨ ਪਾਨੀ ਰਵਿ ਚੰਦਾ। ਤਿਨ ਕੀ ਪੂਜਾ ਕਹਨ ਸੁ ਛੰਦਾ।।
ਪੂਰਬ ਕਾ ਇਹ ਮਤ ਹੈ ਪਿਆਰੇ। ਜੋ ਗੁਰ ਜੀ ਕੀਨਾ ਤ੍ਰਿਸਕਾਰੇ।।
ਫੇਰ ਪੁਰਾਣ ਦੇਖ ਪੜ੍ਹ ਸਾਰੇ। ਸੋ ਗੱਪਾਂ ਦੇ ਭਰੇ ਵਿਚਾਰੇ।।
ਕੋਈ ਕਹੈ ਧੌਲ ਨੇ ਧਰਤੀ। ਸਿੰਗਾਂ ਪਰ ਧਰ ਧਾਰਨ ਕਰਤੀ।।
ਕਹੇ ਏਕ ਕੱਛੂ ਹੋ ਰੱਬ। ਧਰਿਆ ਸੁਮੇਰ ਮਧਾਣੀ ਫੱਬ।।
ਕਹੇ ਪੁਰਾਨ ਇੱਕ ਇਹ ਬਾਤ। ਪਰਮੇਸ਼ੂਰ ਨੂੰ ਸੂਰ ਬਤਾਤ।।
ਫਿਰ ਦੱਸੋ ਜਦ ਮੱਤ ਪੁਰਾਨਾ। ਸੀ ਗੁਰ ਜੀ ਨੇ ਅਪਨਾ ਮਾਨਾ।।
ਜਿਸ ਕਾ ਖੰਡਨ ਕਰ ਗੁਰ ਦੀਨਾ। ਸੋ ਨਿਰਮਾਣ ਕਹੋ ਕਦ ਕੀਨਾ।।
ਫਿਰ ਜੋ ਪੂਰਬ ਕੇ ਵਡ ਲੋਗਾ। ਤਿਨ ਕਾ ਭੀ ਮਤ ਯਹ ਨਹਿ ਹੋਗਾ।
ਰਾਮਚੰਦ੍ਰ ਸਿਰ ਪਟੇ ਸੁਹਾਏ। ਬਾਲਮੀਕ ਨਿਜ ਮੁਖੋਂ ਅਲਾਏ।।
ਕਾਕ ਪੰਥ ਕੋ ਧਾਰੇ ਰਾਮਾ। ਜ਼ੁਲਫੋਂ ਕਾਰੀ ਅਤੀ ਅਭਰਾਮਾ।।
ਫਿਰ ਸਿਰ ਪਰ ਦਸਤਾਰ ਨ ਧਾਰੀ। ਮੁਕਟ ਨਾਮ ਟੋਪੀ ਥੀ ਪਿਆਰੀ।।
ਇਹ ਮਤ ਕਹੁ ਗੁਰ ਕਾ ਕਦ ਭਾਈ। ਜਿਸ ਪਰ ਐਵੇਂ ਧੂਮ ਮਚਾਈ।।
ਇਹੋ ਕ੍ਰਿਸ਼ਨ ਕਾ ਹਾਲ ਪਛਾਨੋਂ। ਮੰਦ੍ਰ ਮੂਰਤ ਪਿਖ ਅਨਮਾਨੋਂ।।
ਹਾਥ ਬੰਸਰੀ ਨਾਚ ਦਖਾਵੇ। ਸੀਸ ਪਟੇ ਅਰ ਮੁਕਟ ਸੁਹਾਵੇ।।
ਏਹੋ ਮਤ ਬਾ ਪੂਰਬ ਕੇਰਾ। ਜੋ ਬਾਵਾ ਜੀ ਗੁਰ ਕਾ ਟੇਰਾ।।
ਤਾਂ ਤੇ ਸਭ ਝੂਠੀ ਹੈ ਬਾਤ। ਪੂਰਬ ਮਤ ਗੁਰ ਨਹੀਂ ਬਨਾਤ।।

ਗੁਰ ਜੀ ਅਪਨਾ ਜੋਇ ਸਿੱਧਾਂਤ। ਕਹਾ ਸੁੰ ਅਨਭਵ ਤੇ ਭ੍ਰਾਤ॥
ਜੋ ਅਕਾਲ ਨੇ ਸੀ ਫਰਮਾਇਆ। ਨਿਜ ਸ਼ਕਤੀ ਸੇ ਸੋ ਪ੍ਰਗਟਾਇਆ॥
ਤਾਂ ਤੇ ਯਹ ਮਤ ਗੁਰੂ ਚਲਾਯੋ। ਨਹਿ ਪਹਲੇ ਜੋ ਕਿਸੇ ਰਚਾਯੋ॥੬੫॥

## ਦੋਹਿਰਾ

ਫਿਰ ਬਾਵਾ ਜੀ ਜੋ ਕਹਾ ਬਿੱਪਨ ਪੂਜਨ ਤੋਖ।
ਜਿਸ ਕੇ ਬਲ ਸੱਤ੍ਰ ਹਨੋਂ ਧਰ ਕਰ ਮਨ ਮਹਿ ਰੋਖ॥੬੬॥

## ਚੌਪਈ

ਇਹ ਭੀ ਧੌਲੇ ਬੀਜੇ ਚਾਇ। ਦਿੱਤੀ ਖ਼ੂਹੇ ਢੀਮ ਗਿਰਾਇ॥
ਜੋ ਬਿੱਪਨ ਦਾ ਰਾਜ਼ੀ ਕਰਨਾ। ਸੀ ਤੁਰਕਨ ਕੇ ਬਲ ਕੋ ਹਰਨਾ॥
ਐਸੀ ਸ਼ਕਤੀ ਰੱਖਨ ਬਿੱਪ। ਮੋਤੀ ਕੱਢਨ ਵਾਲੇ ਸਿੱਪ॥
ਕਿਉਂ ਕਨੌਜ ਵਿੱਚ ਮਰੇ ਹਜ਼ਾਰਾਂ। ਵੱਢ ਵੱਢ ਸਿਰ ਵਗੀਆਂ ਧਾਰਾਂ॥
ਮੁਸਲਮਾਨ ਪਤਸ਼ਾਹ ਮੁਕਾਏ। ਵਾਂਗ ਬੱਕਰੇ ਫੜਕੇ ਘਾਏ॥
ਢਾਹ ਦਏ ਸਭ ਦੇਵੀ ਦੁਵਾਰੇ। ਰੁਲਦੇ ਸ਼ਿਵ ਅਰ ਭੈਰੋਂ ਪਿਆਰੇ॥
ਕਿੱਥੇ ਸੁੱਤੀ ਥੀ ਤਦ ਦੇਵੀ। ਅੱਗੇ ਤੁਰਕਾਂ ਹੋ ਗਈ ਲੇਵੀ॥
ਅਰ ਉਹ ਪ੍ਰਗਟ ਕਰਨੇਹਾਰੇ। ਕਿੱਥੇ ਗਏ ਬਿੱਪ ਮਨ ਸਾਰੇ॥
ਫਿਰ ਜਦ ਸੋਮਨਾਥ ਨੂੰ ਤੋੜਿਆ। ਤਦ ਕਯੋਂ ਨਾ ਪੰਡਿਆਂ ਨੇ ਮੋੜਿਆ॥
ਸਗੋਂ ਸੋਮਨਾਥ ਦੀ ਮੂਰਤ। ਲੈ ਗਏ ਪੁਟ ਜੁਵਾਹਰ ਪੂਰਤ॥
ਅੱਗੋਂ ਬਿਪਰ ਪਗੜੀ ਲਾਹਿ। ਗਿਰੇ ਮਹਮੂਦ ਪੈਰ ਪਰ ਜਾਹਿ॥
ਕਹਨ ਲਗੇ ਧਨ ਲੈ ਮਨ ਭਾਯਾ। ਅਸੀਂ ਦੇਵਤਾ ਚਹੈ ਬਚਾਯਾ॥
ਜਿਸ ਪਰ ਕਹੀ ਤੁਰਕ ਨੇ ਐਸੀ। ਦੇਤ ਦਰਬ ਹਮ ਕੋ ਤੁਮ ਕੈਸੀ॥
ਬੁੱਤ ਤੋੜਨ ਅੱਲ੍ਹਾ ਫੁਰਮਾਇਆ। ਮੈਂ ਨਾਹੀਂ ਬੁੱਤ ਬੇਚਨ ਆਇਆ॥
ਏਸ ਗਤੀ ਕੇ ਮਾਲਕ ਜੋਈ। ਗੁਰ ਕੋ ਕਿਆ ਫਲ ਦੇਵਤ ਸੋਈ॥
ਕੇਵਲ ਟੁਕੜ ਗਦਾਈ ਬੰਦੇ। ਕਰਨ ਅੰਨ ਬੈਠੇ ਸਭ ਗੰਦੇ॥੬੭॥

## ਦੋਹਿਰਾ

ਪੁਨ ਜੋ ਬਾਵਾ ਜੀ ਕਿਹਾ ਸੁਨਤ ਵੇਦ ਧੁਨ ਨਾਥ।
ਸਫਲ ਜਨਮ ਬਾਨੀ ਸਫਲ ਸਫਲ ਨਿਗਮ ਕੀ ਗਾਥ॥੬੮॥
ਇਹ ਭੀ ਜੱਕੜ ਲਾਇਆ ਅਪਨੀ ਮਤ ਅਨੁਸਾਰ।
ਗੁਰਬਾਨੀ ਮਹਿ ਹੈ ਨਹੀਂ ਕਹਾ ਵੇਦ ਸੁਖਕਾਰ॥੬੯॥
ਉਲਟਾ ਗੁਰ ਨੇ ਵੇਦ ਨੂੰ ਖੰਡਨ ਕਰਾ ਬਨਾਇ।
ਜੱਗ ਹੋਮ ਅਰ ਸ਼ਾਸਤ੍ਰ ਫੋਕਟ ਕਹੇ ਸੁਨਾਇ॥੭੦॥

ਯਥਾ ਸ੍ਰੀ ਮੁਖ ਵਾਕ ਪਾ: ੧੦

"ਜੇ ਸਿੰਮ੍ਰਿਤਨ ਕੇ ਭਏ ਅਨੁਰਾਗੀ। ਤਿਨ ਤਿਨ ਕ੍ਰਿਆ ਬ੍ਰਹਮ ਕੀ ਤਿਆਗੀ॥ ਜਿਨ ਮਨ ਹਰਿ

ਚਰਨਨ ਠਹਰਾਯੋ। ਸੋ ਸਿੰਮ੍ਰਿਤਨ ਕੇ ਰਾਹ ਨ ਆਯੋ।।੧੮।। ਬ੍ਰਹਮੇ ਚਾਰ ਹੀ ਬੇਦ ਬਨਾਏ। ਸਰਬ ਲੋਗ ਤਿਹ ਕਰਮ ਚਲਾਏ।। ਜਿਨ ਕੀ ਲਿਵ ਹਰਿ ਚਰਨਨ ਲਾਗੀ। ਤੇ ਬੇਦਨ ਤੇ ਭਏ ਤਿਆਗੀ।।੧੯।। ਜਿਨ ਮਤ ਬੇਦ ਕਤੇਬਨ ਤਿਆਗੀ। ਪਾਰਬ੍ਰਹਮ ਕੇ ਭਏ ਅਨੁਰਾਗੀ।। ਤਿਨ ਕੇ ਗੁੜ ਮਤਨ ਜੇ ਚਲ ਹੀ। ਭਾਂਤ ਅਨੇਕ ਦੂਖ ਕੋ ਦਲ ਹੀ।।੨੦।। ਪੁਨ:

## ਚੌਪਈ

ਕਈ ਕੋਟ ਮਿਲ ਪੜ੍ਹਤ ਕੁਰਾਨਾ। ਬਾਚਤ ਕਿਤੇ ਪੁਰਾਨ ਅਜਾਨਾ।।
ਅੰਤ ਕਾਲ ਕੋਈ ਕਾਮ ਨ ਆਵਾ। ਦਾਵ ਕਾਲ ਚਾਹੂੰ ਨ ਬਚਾਵਾ।।੪੯।।
ਕਿਉਂ ਨ ਜਪੋ ਤਾਂ ਕੋ ਤੁਮ ਭਾਈ। ਅੰਤ ਕਾਲ ਜੋ ਹੋਇ ਸਹਾਈ।।
ਫੋਕਟ ਧਰਮ ਲਖੋ ਕਰ ਭਰਮਾ। ਇਨ ਤੇ ਸਰਤ ਨ ਕੋਈ ਕਰਮਾ।।੫੦।।
ਇਹ ਕਾਰਨ ਪ੍ਰਭ ਹਮੈ ਬੁਲਾਯੋ। ਭੇਦ ਭਾਖਿ ਇਹ ਲੋਕ ਪਠਾਯੋ।।
ਜੋ ਤਿਨ ਕਹਾਸੈ ਸਭ ਨ ਉਚਰੋਂ। ਡਿੰਭਵਿੰਭ ਕਛੂ ਨੈਕ ਨ ਕਰੋਂ।।੫੧।"

## ਚੌਪਈ

ਸੁਨੀ ਮੀਤ ਤੈਂ ਗੁਰ ਕੀ ਬਾਨੀ। ਦੂਰ ਕਰਤ ਸਭ ਵੇਦ ਕਹਾਨੀ।।
ਅਰ ਸਿੰਮ੍ਰਿਤ ਪੌਰਾਨ ਕੁਰਾਨਾ। ਸ੍ਰੀ ਮੁਖ ਤੇ ਗੁਰ ਆਪ ਉਡਾਨਾ।।
ਕਹੀ ਵੇਦ ਕੇ ਪੜ੍ਹਨੇ ਹਾਰੇ। ਪਰਮੇਸ਼ਰ ਤੇ ਰਹਤ ਕਨਾਰੇ।।
ਤਿਨ ਕੇ ਹਾਥ ਨ ਕਰਤਾ ਆਵੇ। ਜੋ ਬੇਦਨ ਕੇ ਜਾਲ ਫਸਾਵੇ।।
ਇਸੀ ਪ੍ਰਕਾਰ ਸਿੰਮ੍ਰਿਤ ਕੇਰਾ। ਕਰ ਦੀਨਾਂ ਗੁਰ ਆਪ ਨਬੇਰਾ।।
ਕਹਤ ਜੋਇ ਈਸ਼੍ਵਰ ਕੇ ਪਯਾਰੇ। ਸੋ ਸਿੰਮ੍ਰਿਤ ਸੇ ਰਹੇਂ ਕਨਾਰੇ।।
ਬਹੁਰ ਅਗਨ ਹੋਤ੍ਰ ਜੋ ਕਰਹੈਂ। ਵੇਦ ਮੰਤ੍ਰ ਤਾਂ ਸੰਗ ਉਚਰ ਹੈਂ।।
ਤਿਨ ਕੋ ਗੁਰ ਜੀ ਫੋਕਟ ਗਾਵੈ। ਸਭ ਕੇ ਮਨ ਕੋ ਭਰਮ ਗੁਵਾਵੈ।।੭੧।। ਯਥਾ:

## ਸ੍ਰੀ ਮੁਖ ਵਾਕ ਪਾ: ੧੦

"ਕਈ ਕੋਕ ਕਾਬ ਭਣੰਤ। ਕਈ ਬੇਦ ਭੇਦ ਕਹੰਤ।। ਕਈ ਸ਼ਾਸਤ੍ਰ ਸਿੰਮ੍ਰਿਤ ਬਖਾਨ। ਕਹੂੰ ਕਥਤ ਹੀ ਸੁ ਪੁਰਾਨ।।੧੧।।੪੧।। ਕਈ ਅਗਨਹੋਤ੍ਰ ਕਰੰਤ। ਕਈ ਉਰਧ ਤਾਪ ਦੁਰੰਤ। ਕਈ ਉਰਧ ਵਾਹ ਸੰਨਿਆਸ। ਕਹੂੰ ਜੋਗ ਭੇਦ ਉਦਾਸ।।੧੨।।੪੨।। ਕਹੂੰ ਨਿਵਲੀ ਕਰਮ ਕਰੰਤ। ਕਹੂੰ ਪਉਨ ਅਹਾਰ ਦੁਰੰਤ।। ਕਹੂੰ ਤੀਰਥ ਦਾਨ ਅਪਾਰ। ਕਹੂੰ ਜਗਤ ਕਰਮ ਉਦਾਰ।।੧੩।।੪੩।। ਕਹੂੰ ਅਗਨ ਹੋਤ੍ਰ ਅਨੂਪ। ਕਹੂੰ ਨਿਆਇ ਰਾਜ ਬਿਭੂਤ। ਕਹੂੰ ਸ਼ਾਸਤਰ ਸਿੰਮ੍ਰਿਤ ਗੀਤ। ਕਹੂੰ ਬੇਦ ਸਿਉਂ ਬਿਪਰੀਤ।।੧੪।।੪੪।। ਕਈ ਦੇਸ ਦੇਸ ਫਿਰੰਤ। ਕਈ ਏਕ ਠੌਰ ਹਿਸਥੰਤ।। ਕਹੂੰ ਕਰਤ ਜਲ ਮਹਿ ਜਾਪ। ਕਹੂੰ ਸਹਤ ਤਨ ਪਰ ਤਾਪ।।੧੫।।੪੫।। ਕਹੂੰ ਬਾਸ ਬਨਹਿ ਕਰੰਤ। ਕਹੂੰ ਤਾਮ ਤਨਹਿ ਸਹੰਤ।। ਕਹੂੰ ਗ੍ਰਿਹਸਤ ਧਰਮ ਅਪਾਰ। ਕਹੂੰ ਰਾਜ ਨੀਤ ਉਦਾਰ।।੧੬।।੪੬।। ਕਹੂੰ ਰੋਗ ਰਹਿਤ ਅਭਰਮ। ਕਹੂੰ ਕਰਮ ਕਰਤ ਅਕਰਮ।। ਕਹੂੰ ਸੇਖ ਬਰਮ ਸਰੂਪ। ਕਹੂੰ ਨੀਤ ਰਾਜ ਅਨੂਪ।।੧੭।।੪੭।। ਕਹੂੰ ਰੋਗ ਸੋਗ ਬਿਹੀਨ।। ਕਹੂੰ ਏਕ ਭਗਤ ਅਧੀਨ। ਕਹੂੰ ਰੰਕ ਰਾਜ ਕੁਮਾਰ। ਕਹੂੰ ਬੇਦ ਬਿਆਸ ਅਵਤਾਰ।।੧੮।।੪੮।।

ਕਈ ਬ੍ਰਹਮ ਬੇਦ ਰਟੰਤ। ਕਈ ਸੇਖ ਨਾਮ ਉਚਰੰਤ॥ ਬੈਰਾਗ ਕਹੂੰ ਸੰਨਿਆਸ॥ ਕਹੂੰ ਫਿਰਤ ਰੂਪ ਉਦਾਸ॥੧੯॥੪੯॥ ਸਭ ਕਰਮ ਫੋਕਟ ਜਾਨ। ਸਭ ਧਰਮ ਨਿਹਫਲ ਮਾਨ। ਬਿਨ ਏਕ ਨਾਮ ਅਧਾਰ। ਸਭ ਕਰਮ ਭਰਮ ਵਿਚਾਰ"।੨੦।੫੦॥"

## ਦੋਹਿਰਾ

ਦੇਖੋ ਸ੍ਰੀ ਗੁਰ ਦੇਵ ਜੀ ਸ੍ਰੀ ਮੁਖ ਵਾਕ ਦੁਵਾਰ।
ਅਗਨ ਹੋਤਰ ਅਰ ਦੇਵ ਬਿਧ ਫੋਕਟ ਕਰਤ ਉਚਾਰ॥੭੨॥
ਫੇਰ ਜਨੇਊ ਗਾਇਤਰੀ ਦੱਸੇ ਗੁਰ ਜੀ ਤੁੱਛ।
ਸਿਰੀ ਮੁਖ ਵਾਕ ਉਚਾਰਕੇ ਕਹਾ ਨ ਇਨ ਮਹਿ ਕੁੱਛ॥੭੩॥
ਆਦਿ ਗ੍ਰੰਥ ਮਹਿੰ ਆਦ ਗੁਰ ਆਸਾ ਰਾਗ ਮਝਾਰ।
ਇਸ ਜੰਞੂ ਦੇ ਵਾਸਤੇ ਐਸੇ ਕਰਤ ਉਚਾਰ॥੭੪॥ ਯਥਾ:-

## ਆਦਿ ਗ੍ਰੰਥ ਸਾਹਿਬ

"ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ। ਸਿਖਾਂ ਕੰਨਿ ਚੜਾਇਆ ਗੁਰੂ ਬਰਾਹਮਣੂ ਥਿਆ॥ ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ।ਮ:੧॥ ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ॥ ਲਖ ਠਗੀਆ ਪਹਿਨਾਮੀਆ ਰਾਤਿ ਦਿਨਸੁ ਜੀਅ ਨਾਲਿ॥ ਤਗੁ ਕਪਾਹੁ ਕਤੀਐ ਬਾਮਣੁ ਵਟੇ ਆਇ। ਕੁਹਿ ਬਕਰਾ ਰਿੰਨ ਖਾਇਆ ਸਭ ਕੋ ਆਖੈ ਪਾਇ। ਹੋਇ ਪੁਰਾਣਾ ਸੁਟੀਐ ਭੀ ਫਿਰ ਪਾਈਐ ਹੋਰੁ॥ ਨਾਨਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰੁ"॥

## ਚੌਪਈ

ਏਹੁ ਜਨੇਊ ਹਾਲ ਪਿਆਰੇ। ਆਦਿ ਗੁਰੂ ਨਿਜ ਮੁਖੋਂ ਉਚਾਰੇ॥
ਨਹੀਂ ਧਰਮ ਕਾ ਸਾਚਾ ਚਿੰਨ। ਅਰ ਅਕਾਲ ਪਾਵਨ ਤੇ ਭਿੰਨ॥
ਮੁਲ ਲਿਆਇ ਪਵਾਇਆ ਧਾਗਾ। ਪਾਕਰ ਬਕਰਾ ਖਾਵਨ ਲਾਗਾ॥
ਪਰ ਜਦ ਹੋਇ ਪੁਰਾਨਾ ਜਾਵੈ। ਤਦੇ ਸੁੱਟ ਗਲ ਹੋਰ ਪਵਾਵੈ॥
ਜੇ ਇਸ ਮਹਿੰ ਹੈ ਸ਼ਕਤੀ ਕੋਇ। ਤੌ ਨਹਿ ਟੁੱਟੈ ਕਦਹੀ ਸੋਇ॥
ਤਾਂ ਤੇ ਹੈ ਇਹ ਨਿਰਾ ਘਮੰਡ। ਰਚਾ ਬਿੱਪ ਜਨ ਵਡੋ ਪਖੰਡ॥
ਇਸੀ ਬਚਨ ਪਰ ਕਰ ਅਤਬਾਰ। ਦਸਮ ਗੁਰੂ ਨੇ ਦਿਆ ਉਤਾਰ॥
ਅੰਮ੍ਰਿਤ ਛਕਤ ਜਨੇਊ ਤੋਰੈ। ਬਹੁਰ ਆਪਨੇ ਤਨ ਨਹਿ ਜੋਰੈ॥
ਜੇ ਗੁਰ ਲਖਤ ਜਨੇਊ ਚੰਗਾ। ਤੌ ਤਿਸ ਕੋ ਕਿਉਂ ਕਰਤੇ ਭੰਗਾ॥
ਤਾਂ ਤੇ ਮਨ ਕੇ ਮਾਹਿੰ ਵਿਚਾਰੋ। ਸਾਚਾ ਕੌਣ ਦੁਹਨ ਮਹਿ ਧਾਰੋ।
ਸ੍ਰੀ ਮੁਖ ਵਾਕ ਕਿ ਬਾਵੇ ਕਿਹਾ। ਮਾਰ ਗਪੌੜਾ ਦੀਨਾ ਜਿਹਾ॥
ਯਾਂ ਤੇ ਜੋ ਬਾਵਾ ਜੀ ਗਾਈ। ਸੋ ਗੁਰਮਤ ਸੇ ਬਿਖਮ ਦਿਖਾਈ॥
ਜਾਂਤੇ ਸ਼ਰਧਾ ਜੋਗ ਨ ਪਿਆਰੇ। ਗੁਰ ਸਿਧਾਂਤ ਤੇ ਦੂਰ ਨਿਹਾਰੇ॥
ਇਸ ਤੇ ਅੱਗੇ ਦੇਖੋ ਹੋਰ। ਲੈ ਗਏ ਅਕਲ ਕਵੀ ਦੀ ਚੋਰ॥

ਬਨ ਗਿਆ ਬੰਮਨ ਜੀ ਦਾ ਦਾਸ। ਗੁਰਮਤ ਤੇ ਹੋ ਅਧਿਕ ਉਦਾਸ॥
ਕਹੇ ਗੁਰੂ ਬਿਪ ਰੱਖੇ ਸੋਇ। ਪੜ੍ਹਨ ਗਾਇਤ੍ਰੀ ਸੰਧਯਾ ਜੋਇ॥
ਬ੍ਰਨਾ ਸ਼ਰਮ ਰੀਤ ਕੇ ਗਯਾਤਾ। ਰੱਖੇ ਬਿੱਪਰ ਗੁਰ ਵਿਖਯਾਤਾ॥
ਪਰ ਇਸ ਲਿਖਨੇ ਵਾਲੇ ਭਾਈ। ਗੁਰਬਾਣੀ ਸਭ ਮਨ ਭੁਲਾਈ॥
ਸੰਧਯਾ ਅਤੇ ਗਾਇਤ੍ਰੀ ਜੋਈ। ਗੁਰਮਤ ਮਹਿ ਪ੍ਰਮਾਣ ਨ ਸੋਈ॥
ਉਲਟਾ ਤਿਸ ਕਾ ਕਰਾ ਨਖੇਪ। ਬਚਨ ਬਾਣ ਕਰ ਦੀਨਾ ਬੇਧ।
ਸੋ ਸ੍ਰੀ ਮੁਖ ਕੇ ਬਚਨ ਪਿਆਰੇ। ਅਮਰ ਦੇਵ ਜੋ ਆਪ ਉਚਰੇ॥
ਵੇ ਸੁਨੀਏ ਨੀਕੇ ਮਨ ਲਾਇ। ਜਾਕੇ ਸੁਨੇ ਭਰਮ ਮਨ ਜਾਇ।੭੫। ਯਥਾ

ਆਦਿ ਗ੍ਰੰਥ ਵਾਰ ਬਿਹਾਗੜਾ ਪਾਤਸ਼ਾਹੀ ੩

"ਏਹ ਸੰਧਿਆ ਪਰਵਾਣ ਹੈ ਜਿਤ ਹਰਿ ਪ੍ਰਭ ਮੇਰਾ ਚਿਤ ਆਵੈ॥ ਹਰਿ ਸਿਉ ਪ੍ਰੀਤਿ ਉਪਜੈ ਮਾਇਆ ਮੋਹਿ ਜਲਾਵੈ॥ ਗੁਰਪ੍ਰਸਾਦਿ ਦੁਬਧਾ ਮਰੈ ਮਨੂਆ ਅਸਥਿਰ ਸੰਧਿਆ ਕਰੇ ਵੀਚਾਰ॥ ਨਾਨਕ ਸੰਧਯਾ ਕਰੈ ਮਨ ਮੁਖੀ ਜੀਉ ਨ ਟਿਕੈ ਮਰਿ ਜੰਮੈ ਹੋਇ ਖੁਆਰ। ਪੁਨ : ਸੰਧਿਆ ਤਰਪਨ ਕਰਹਿ ਗਾਇਤ੍ਰੀ ਬਿਨ ਬੂਝੈ ਦੂਖ ਪਾਇਆ॥ ਪਾ : ੩ ਰਾਗ ਸੋਰਠ

## ਦੋਹਿਰਾ

ਦੇਖੋ ਆਦਿ ਗ੍ਰੰਥ ਮਹਿ ਤੀਸਰ ਗੁਰੂ ਉਦਾਰ।
ਮੁਨਮੁਖ ਪੁਰਖਨ ਕੀ ਕਹੀ ਸੰਧਯਾ ਆਦਿਕ ਕਾਰ।੭੬॥
ਗੁਰੂ ਵਾਕ ਕੋ ਮਾਨ ਉਰ ਨਾਮਾਂ ਭਗਤ ਉਦਾਰ।
ਵੇਦ ਬਿੱਪ ਕੀ ਗਾਇਤ੍ਰੀ ਲੰਕੁੜੀ ਕਰੇ ਉਚਾਰ।੭੭॥
ਰਾਗ ਬਲਾਵਲ ਗੋਂਡ ਮੈਂ ਦੇਖੋ ਮੀਤ ਪ੍ਰਸੰਗ।
ਕਹੀ ਭਗਤ ਇੱਕ ਬਿੱਪ ਕੋ ਹੋਕਰ ਅਧਕ ਨਸੰਗ।੭੮॥

ਯਥਾ: ਆਜ ਨਾਮੇ ਬੀਠਲੁ ਦੇਖਿਆ ਮੂਰਖ ਕੋ ਸਮਝਾਉ ਰੇ॥ ਰਹਾਉ॥ ਪਾਂਡੇ ਤੁਮਰੀ ਗਾਇਤ੍ਰੀ ਲੋਧੇ ਕਾ ਖੇਤੁ ਖਾਤੀ ਥੀ॥ ਲੈ ਕਰਿ ਠੇਗਾ ਟਗਰੀ ਤੋਰੀ ਲਾਂਗਤ ਲਾਂਗਤ ਜਾਤੀ ਥੀ।੧॥ ਪਾਂਡੇ ਤੁਮਰਾ ਮਹਾਦੇਉ ਧਉਲੇ ਬਲਦ ਚੜਿਆ ਆਵਤ ਦੇਖਿਆ ਥਾ॥ ਮੋਦੀ ਕੇ ਘਰ ਖਾਣਾ ਪਾਕਾ ਵਾਕਾ ਲੜਕਾ ਮਾਰਿਆ ਥਾ।੨॥ ਪਾਂਡੇ ਤੁਮਰਾ ਰਾਮ ਚੰਦੁ ਸੋ ਭੀ ਆਵਤੁ ਦੇਖਿਆ ਥਾ॥ ਰਾਵਨ ਸੇਤੀ ਤੇ ਗਿਆਨੀ ਸਿਆਣਾ॥ ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤ॥ ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤ।੯-੩-੧॥

## ਦੋਹਿਰਾ

ਦੇਖੋ ਨਾਮੇਂ ਭਗਤ ਜੂ ਗਊ ਗਾਇਤ੍ਰੀ ਰੂਪ।
ਦੇਕਰ ਖੰਡਨ ਹੈ ਕਰੀ ਕਹੀ ਨ ਗਿਰ ਬਿੱਪ ਕੂਪ।੭੯॥
ਪੁਨ ਗਾਇਤ੍ਰੀ ਕੇ ਜਾਪ ਜੋ ਕਰਤੇ ਹਿੰਦੂ ਲੋਗ।
ਸੋ ਅੰਧੇ ਬਤਲਾਇ ਕੇ ਕਹੇ ਨ ਸ਼ਰਧਾ ਜੋਗ।੮੦॥
ਤਾਂਤੇ ਕੋ ਭਗਤ ਭੀ ਅੰਧੇ ਕਹੇ ਬਨਾਇ।

ਤਿਨ ਪਾਛੇ ਕਿਉਂ ਗੁਰੁ ਚਲੇ ਜੋ ਤ੍ਰਿਲੋਕੀ ਰਾਇ।।੮੧।।
ਜਦ ਗੁਰੂਆਂ ਦੇ ਕਥਨ ਤੇ ਅਰ ਭਗਤਾਂ ਦੇ ਵਾਕ।
ਖੰਡਨ ਕਰਨ ਪਖੰਡ ਦਾ ਤੂੰ ਤਜ ਦੂਜੀ ਝਾਕ।।੮੨।।
ਬਾਵਾ ਸਿੰਘ ਸੁਮੇਰ ਜੀ ਹੋ ਅਗਿਆਨ ਅਧੀਨ।
ਜੋ ਮਨ ਆਈ ਲਿਖ ਦਈ ਗੁਰਮਤ ਏਹੁ ਕਥੀਨ।।੮੩।।
ਕਯਾ ਸਤਿ ਗੁਰ ਨੂੰ ਲੋੜ ਸੀ ਦੇਵੀ ਮੰਨਨ ਹੇਤ।
ਜੋ ਬਿਨ ਕਰਤਾ ਪੁਰਖ ਕੇ ਪੂਜਨ ਕਿਸ ਨ ਦੇਤ।।੮੪।।
ਅਪਨੇ ਆਦਿ ਗੁਰਨ ਕੇ ਕਰ ਦੇਤੇ ਮਤ ਖੰਡ।
ਮਾਨ ਲੇਤ ਗੁਰ ਹੋਇ ਕੇ ਜੋ ਹੈ ਪੋਪ ਪਖੰਡ।।੮੫।।

## ਦੁਰਗਾ ਭਗਤ

### ਦੋਹਿਰਾ

ਭਾਵੇ ਆਦਿ ਗ੍ਰੰਥ ਮਹਿ ਹੈ ਇਹ ਸੱਤ ਸਿਧਾਂਤ।
ਬਿਨ ਕਰਤਾ ਕੇ ਮਾਨਨਾ ਚਹੀਏ ਨਹਿ ਏਕਾਂਤ।।੮੬।।
ਪੁਨ ਦਸਮੇ ਗੁਰ ਭੀ ਕਹਾ ਬਿਨ ਅਕਾਲ ਤੇ ਹੋਰ।
ਕ੍ਰਿਤਮ ਕੋਇ ਨ ਮਾਨੀ ਯਹੁ ਰਘਬਰ ਕੈ ਦੁਧ ਚੋਰ।।੮੭।।
ਪਰ ਬਾਵਾ ਜੀ ਏਸ ਦਾ ਉੱਤ੍ਰ ਦਿੱਤਾ ਜੋਇ।
ਸੋ ਭੀ ਸੁਨਨੇ ਜੋਗ ਹੈ ਹਾਸੀ ਲਖੋ ਨ ਸੋਈ।।੮੮।।
ਸਮਯ ਸਮਯ ਪਰ ਮਾਨੀਏ ਦੇਵੀ ਦੇਵ ਸੁਭਾਗ।
ਸੀਤਲ ਜਲ ਗ੍ਰੀਖਮ ਚਹੇ ਪੁਨ ਹਿਮ ਰੁਤ ਮਹਿ ਆਗ।।੮੯।।
ਸਮਯ ਸਮਯ ਦੇ ਖੇਲ ਸਭ ਕਰਤ ਸਿਆਨੇ ਲੋਗ।
ਬਯਾਹ ਸਮਯ ਹੋ ਸਿੱਠਣੀ ਮ੍ਰਿਤਕ ਰੋਣਾ ਸੋਗ।।੯੦।।
ਇਸ ਪਰ ਸੰਕਾ ਕਰਤ ਜੋ ਤਿਨ ਪ੍ਰਤਿ ਸਿੰਘ ਸੁਮੇਰ।
ਮੂਰਖ ਕਹਤ ਪੁਕਾਰ ਕੇ ਉੱਤ੍ਰ ਦੇਵਤ ਫੇਰ।।੯੧।।
ਸੋ ਮੈ ਏਥੇ ਆਖ ਕੇ ਤੈਨੂੰ ਕਹਾਂ ਪੁਕਾਰ।
ਦੁਰਗਾ ਮੰਨਨ ਲਗ ਜਾ ਨਹੀਂ ਮਿਲੇਗੀ ਗਾਰ।।੯੨।। ਯਥਾ:-

### ਦੋਹਿਰਾ

"ਕਰਤ ਮੂੜ੍ਹ ਸੰਦੇਹੁ ਬਹੁ ਕਿਉਂ ਗੁਰ ਦੇਵੀ ਪੂਜ।
ਨਵਹੁ ਗੁਰਨ ਕੇ ਭਾਵ ਸੋ ਕਿਉਂ ਭਾਵ ਕਿਉਂ ਦੂਜ।।੨੧।।
ਭਾਉ ਭਗਤ ਮੁਖ ਕਰ ਕਹਿਓ ਸਦਾ ਆਤਮਾ ਧਿਆਨ।
ਤਿਨ ਮੁਖ ਮਰਦਨ ਯਹੁ ਕਹੁ ਉੱਤ੍ਰ ਪ੍ਰੇਮ ਪੁਰਾਨ।।੨੨।।
ਤਬ ਤੈਸੇ ਹੀ ਕਾਜ ਹੋ ਅਬ ਐਸੋ ਹੀ ਕਾਜ।
ਸਮਯ ਸਮਯ ਸਿਰ ਹੋਤ ਸਭ ਸੁਨੀਐ ਸੁਮਤ ਦਰਾਜ।।੨੩।।

ਸਮਯ ਹੋਤ ਨਰ ਸਿੰਘ ਕੇ ਬਾਵਨ ਬਲ ਕਾ ਹੋਤ।
ਕ੍ਰਿਸ਼ਨ ਰਾਸ ਮੰਡਲ ਮਹਤ ਕਿਮ ਰਘਨਾਥ ਸਜੋਤ।।੨੪।।
ਕ੍ਰਿਸ਼ਨ ਚੰਦ ਪੂਜੀ ਪਰਮ ਚੰਡੀ ਸੁਖਨ ਨਿਧਾਨ।
ਕੰਸ ਹਤਨ ਹਿਤ ਸੋ ਲਿਖਯੋ ਹੈ ਹਰ ਬੰਸ ਪੁਰਾਨ।।੨੫।।
ਜੌਂਪ ਹੇਤ ਯਹ ਭਾਗਵਤ ਦੇਵੀ ਮਾਂਹਿ ਪ੍ਰਸੰਗ।
ਤੌਂ ਕੋਊ ਯੌਂ ਕਹਿ ਸਕਤ ਉਤ ਕ੍ਰਿਸਟਾ ਸੋ ਅੰਗ।।੨੬।।
ਇਸ਼ਟ ਸ੍ਰਿਸ਼ਟ ਯਾ ਸਮ ਨਹੀ ਆਨ ਦੇਵਿ ਅਰੁ ਦੇਵ।
ਯਾਂ ਤੇ ਮਾਤਾ ਕੀ ਦਯੋ ਗੋਦੀ ਪੰਥ ਅਭੇਵ।।੨੭।।
ਮਾਤਾ ਸਮ ਰੱਛਕ ਜਗਤ ਜਾਨਤ ਯਹ ਪ੍ਰਮਾਨ।
ਨਿਰਭੈ ਕੀਯੋ ਖਾਲਸਾ ਯਾਹੀ ਤੇ ਸੁਖ ਖਾਨ।।੨੮।।
ਗੁਰ ਗੁਰਮਤ ਜਾਨੇ ਬਿਨਾਂ ਕਰੇ ਸੰਕ ਜੋ ਕੋਇ।
ਤਾਂ ਕੇ ਭਾਗਨ ਕੀ ਕਹਾਂ ਕਹੀਐ ਹੋਇ ਸੁ ਹੋਇ।।੨੯।।"

### ਦੋਹਿਰਾ

ਇਸ ਪ੍ਰਸੰਗ ਮਹਿ ਭਲੀ ਵਿਧ ਸਿੱਧ ਕਰੀ ਯਹ ਬਾਤ।
ਪੂਜਨ ਦੁਰਗਾ ਕਾ ਕਰਾ ਸਤਿਗੁਰੁ ਜੀ ਵਿਖਯਾਤ।।੯੩।।
ਦੇ ਪ੍ਰਮਾਣ ਪੁਰਾਨ ਕੇ ਅਰ ਯੁਕਤੀ ਤਿਸ ਮਾਂਹਿ।
ਕ੍ਰਿਸ਼ਨ ਦੇਵ ਦ੍ਰਿਸ਼ਟਾਂਤ ਸੇ ਸਿੱਧ ਦਯੋ ਕਰ ਤਾਂਹਿ।।੯੪।।
ਆਦਿ ਸ਼ਕਤ ਮਾਤਾ ਅਹੇ ਜਾ ਸਮ ਦੂਸਰ ਨਾਂਹਿ।
ਇਸ਼ਟ ਅਨਿਟਸ਼ਨ ਕੇ ਸਮੇ ਪਕਰਤ ਭਗਤਨ ਬਾਂਹਿ।।੯੫।।
ਖੰਡਨ ਸੰਕਾ ਹੋ ਗਈ ਤੁਮਰੀ ਇਸ ਮਹਿ ਮੀਤ।
ਜੋ ਬਾਵਾ ਜੀ ਨੇ ਕਹਾ ਮਾਨੋ ਸੱਤ ਪ੍ਰਤੀਤ।।੯੬।।

## ਤੱਤ ਖਾਲਸਾ

### ਦੋਹਿਰਾ

ਸ੍ਰੀ ਯੁਤ ਸਿੰਘ ਸੁਮੇਰ ਜੀ ਜੋ ਕੁਛ ਕਹਾ ਬਨਾਇ।
ਸੋ ਅਪਨੇ ਅਗਯਾਨ ਕਾ ਦੀਨਾ ਰੂਪ ਦਿਖਾਇ।।੯੭।।
ਸੰਕਾ ਕਰਨੇਹਾਰ ਕੋ ਜੋ ਤਿਨ ਭਾਖਾ ਮੂੜ੍ਹ।
ਸੋ ਭੀ ਕੋਪ ਜਤਾਇੰਦਾ ਨਾ ਗੁਰ ਕੋ ਮਤ ਗੂੜ੍ਹ।।੯੮।।
ਪੁਨ ਦੇਵੀ ਦਾ ਪੂਜਨਾ ਦੱਸਿਆ ਯੁਕਤੀ ਨਾਲ।
ਸੋ ਸਭ ਥੱਪਯਾ ਨਿਮਕ ਹੈ ਗੁਰੂ ਜੀ ਦੇ ਮਤ ਨਾਲ।।੯੯।।
ਤਾਂ ਤੇ ਤਿਨ ਕੀ ਗਾਰ ਪਰ ਹਮਹ ਨ ਚਹੀਏ ਰੋਸ਼।
ਨੀਤ ਗ੍ਰੰਥ ਇਸ ਬਾਤ ਪਰ ਰੰਚਕ ਦੇਤ ਨ ਦੋਸ਼।।੧੦੦।। ਯਥਾ:-

## ਦੋਹਿਰਾ

"ਮਤ ਵਾਰੇ ਕੀ ਗਾਰ ਸੋ ਕਿਧੋ ਪ੍ਰੀਤ ਸੋ ਦੇਇ।
ਮਾਤ ਪਿਤਾ ਗੁਰ ਮੀਤ ਸੇ ਰੋਸ ਨ ਸੁਘਰ ਕਰੇਇ॥"
ਤਾਂ ਤੇ ਹਮ ਕੋ ਚਾਹੀਏ ਇਨ ਕਾ ਅਤਿ ਸਤਿਕਾਰ।
ਯਦ ਯਪ ਇਨ ਕੇ ਰਿਦੇ ਮੈ ਹੈ ਅਗਯਾਨ ਅੰਧਾਰ॥੧੦੧॥
ਅਬ ਤਿਨ ਕੀ ਯੁਕਤੀ ਸ਼ਕਲ ਖੰਡਨ ਕਰੋ ਬਨਾਇ।
ਗੁਰੂਅਨ ਕੇ ਮੁਖ ਵਾਕ ਸੇ ਸੁਨਹੁ ਮੀਤ ਮਨ ਲਾਇ॥੧੦੨॥

## ਚੌਪਈ

ਪਹਲੇ ਜੋ ਬਾਵਾ ਜੀ ਭਾਖੀ। ਨਵ ਗੁਰ ਰੀਤ ਦਸਮ ਕਿਉ ਨਾਖੀ॥
ਦੇਵੀ ਦੇਵ ਪ੍ਰਥਮ ਗੁਰ ਖੰਡਨ। ਫਿਰ ਦਸਮੇਂ ਕਿਉਂ ਤਿਨ ਕੋ ਮੰਡਨ॥
ਇਸ ਪਰ ਯੁਕਤ ਕਹੀ ਤਿਨ ਐਸੀ। ਜਨ ਅਗਯਾਨੀ ਭਾਖਤ ਜੈਸੀ॥
ਸਮਯ ਸਮਯ ਕਾ ਭੇਦ ਬਤਾਯਾ। ਹੈ ਨਰ ਸਿੰਘ ਦਿਸ਼ਟਾਂਤ ਅਲਾਯਾ॥
ਜਾਂ ਤੇ ਪਹਲੇ ਗੁਰ ਜਬ ਭਏ। ਦੇਵੀ ਦੇਵ ਖੰਡ ਜਿਨ ਦਏ॥
ਸਾ ਤਬ ਸਮਾਂ ਇਸੇ ਕਾ ਭਾਈ। ਚਹੀਏ ਨਹਿ ਕੋ ਦੇਵ ਮਨਾਈ॥
ਪਰ ਦਸਮੇਂ ਗੁਰ ਕੋ ਜੋ ਕਾਲ। ਸੋ ਦੇਵੀ ਪੂਜਨ ਕਾ ਭਾਲ॥
ਧੰਨਯ ਅਹੇ ਯੁਕਤੀ ਯਹ ਭਾਈ। ਕੈਸੀ ਹੈ ਬੁਧਿ ਕੀ ਚਤੁਰਾਈ॥੧੦੩॥

## ਦਵੈਯਾ

ਪਹਲੇ ਨੌ ਗੁਰ ਨਿਆਰੇ ਨਿਆਰੇ ਜੋ ਬਾਵਾ ਜੀ ਗਾਏ। ਅਰ ਤਿਨ ਕੇ ਮੁਖ ਵਾਕਨ ਸੇਤੀ ਖੰਡਨ ਦੇਵ ਕਰਾਏ। ਜਿਸ ਤੇ ਬਿਨਾਂ ਅਕਾਲ ਦੂਸਰਾ ਪੂਜਨ ਗੁਰਾਂ ਹਟਾਇਆ। ਮੜ੍ਹੀ ਮਸਾਣੀ ਦੇਵਲ ਦੇਵੀ ਸਿਰ ਥੋਂ ਭਰਮ ਚੁਕਾਇਆ॥੧੦੪॥ ਪਰ ਦਸਮੇਂ ਗੁਰ ਉਲਟ ਤਿਨਾਂ ਤੇ ਪੂਜਨ ਕਰੀ ਭਵਾਨੀ। ਆਪਣੇ ਪਿਤਾ ਪਿਤਾਮਾਂ ਦੀ ਸਭ ਦੂਰ ਹਟਾਕੇ ਬਾਨੀ॥ ਗੁਰੂ ਗ੍ਰੰਥ ਪਰ ਨਿਸਚਾ ਸਾਰਾ ਸੋ ਸਭ ਦੂਰ ਹਟਾਇਆ। ਬਿਪਨ ਆਖਿਆ ਮੰਨ ਹਵਨ ਕਰ ਦੁਰਗਾ ਪਾਠ ਰਖਾਇਆ॥੧੦੫॥ ਪਰ ਬਾਵਾ ਜੀ ਦਸਮ ਗੁਰੂ ਜੀ ਜੇ ਪੜ੍ਹ ਲੈਂਦੇ ਬਾਣੀ। ਤਾਂ ਇਹ ਕਦੇ ਨ ਮੂਲ ਪਾਵੰਦੇ ਟੋਬੇ ਵਿੱਚ ਮਧਾਣੀ॥ ਨਵ ਗੁਰ ਕੋ ਇਕ ਰੂਪ ਬਤਾਇਆ ਦਸਮ ਗੁਰੂ ਅਵਤਾਰੀ। ਸ੍ਰੀ ਮੁਖ ਵਾਕ ਗੁਵਾਹੀ ਇਸ ਪਰ ਦੇਖ ਲਵੋ ਜੀ ਭਾਰੀ॥੧੦੬॥

ਯਥਾ:- ਬਚਿੱਤ੍ਰ ਨਾਟਕ ॥ ਚੌਪਈ ॥

"ਤਿਨ ਇਹ ਕਲਮੋ ਧਰਮ ਚਲਾਯੋ। ਸਭ ਸਾਧਨ ਕੋ ਰਾਹੁ ਬਤਾਯੋ।
ਜੋ ਤਾਂਕੇ ਮਾਰਗ ਮਹਿ ਆਏ। ਤੇ ਕਬਹੂੰ ਨਹੀਂ ਪਾਪ ਸੰਤਾਏ॥੫॥
ਜੇ ਜੇ ਪੰਥ ਭਵਨ ਕੇ ਪਰੇ। ਪਾਪ ਤਾਪ ਤਿਨ ਕੇ ਪ੍ਰਭ ਹਰੇ॥
ਦੂਖ ਭੂਖ ਕਬਹੂੰ ਨ ਸੰਤਾਏ। ਕਾਲ ਜਾਲ ਕੇ ਬੀਚ ਨ ਆਏ॥੬॥
ਨਾਨਕ ਅੰਗਦ ਕੋ ਬਪੁ ਧਰਾ। ਧਰਮ-ਪਰਚੁਰ ਇਹ ਜਗ ਮੋ ਕਰਾ॥
ਅਮਰ ਦਾਸ ਪੁਨ ਨਾਮ ਕਹਾਯੋ। ਜਨ ਦੀਪਕ ਤੇ ਦੀਪ ਜਗਾਯੋ॥੭॥

ਜਬ ਬਰਦਾਨ ਸਮੈ ਵਹੁ ਆਵਾ। ਰਾਮ ਦਾਸ ਤਬ ਗੁਰੂ ਕਹਾਵਾ॥
ਤਿਨ ਵਰ ਦਾਨ ਪੁਰਾਤਨ ਦੀਆ। ਅਮਰਦਾਸ ਸੁਰਪੁਰ ਮਗ ਲੀਆ।।੮॥
ਸ੍ਰੀ ਨਾਨਕ ਅੰਗਦ ਕਰ ਮਾਨਾ। ਅਮਰਦਾਸ ਅੰਗਦ ਪਹਿਚਾਨਾ॥
ਅਮਰ ਦਾਸ ਰਾਮ ਦਾਸ ਕਹਾਯੋ। ਸਾਧਨ ਲਖਾ ਮੂੜ ਨਹਿੰ ਪਾਯੋ।।੯॥
ਭਿੰਨ ਭਿੰਨ ਸਭਹੂੰ ਕਰ ਜਾਨਾ। ਏਕ ਰੂਪ ਕਿਨਹੂੰ ਪਹਿਚਾਨਾ॥
ਜਿਨ ਜਾਨਾ ਤਿਨ ਹੀ ਸਿੱਧ ਪਾਈ। ਬਿਨ ਸਮਝੇ ਸਿੱਧ ਹਾਥ ਨ ਆਈ।।੧੦॥
ਰਾਮਦਾਸ ਹਰਿ ਸੋ ਮਿਲ ਗਏ। ਗੁਰਤਾ ਦੇਤ ਅਰਜਨਹਿ ਭਏ॥
ਜਬ ਅਰੰਜਨ ਪ੍ਰਭ ਲੋਕ ਸਿਧਾਏ ਹਰਿਗੋਬਿੰਦ ਤਿਹ ਨਾ ਠਹਿਰਾਏ।।੧੧॥
ਹਰਿਗੋਬਿੰਦ ਪ੍ਰਭ ਲੋਕ ਸਿਧਾਰੇ। ਹਰੀਰਾਇ ਤਿਹ ਨਾ ਬੈਠਾਰੇ॥
ਹਰੀਕ੍ਰਿਸ਼ਨ ਤਿਨ ਕੇ ਸੁਤ ਵਏ। ਤਿਨ ਤੇ ਤੇਗ ਬਹਾਦਰ ਭਏ।।੧੨॥"

## ਚੌਪਈ

ਦਸਮ ਗੁਰੂ ਕੇ ਸ੍ਰੀ ਮੁਖ ਵਾਕ। ਦੂਰ ਕਰਤ ਹੈਂ ਸਗਰੀ ਝਾਕ॥
ਨਹੀਂ ਗੁਰੂ ਨਵ ਰੰਚਕ ਭਿੰਨ। ਏਕ ਰੂਪ ਨਵ ਲਖੋ ਅਭਿੰਨ॥
ਜੋ ਤਿਨ ਭਿੰਨ ਭਿੰਨ ਨਵ ਮਾਨੈ। ਸ੍ਰੀ ਸਤਿਗੁਰੂ ਤਿਸ ਮੂੜ ਬਖਾਨੈ॥
ਅਰ ਜੋ ਏਕ ਰੂਪ ਕਰ ਧਿਆਵੈ। ਸਰਬ ਸਿੱਧ ਤਿਸ ਹਾਥ ਬਤਾਵੈ॥
ਤਾਂਤੇ ਬਾਵਾ ਜੀ ਨਵ ਗਾਏ। ਅਰ ਤਿਨ ਕੇ ਮਤ ਜੁਦੇ ਠਰਾਏ॥
ਸੋ ਹੈ ਪਾਪ ਜਾਲ ਪਰਭਾਊ। ਜੋ ਗੁਰਮਤ ਸੇ ਦੂਰ ਰਖਾਊ॥
ਜਾਂਤੇ ਨਵ ਗੁਰ ਏਕ ਸਰੂਪਾ। ਤਿਉਂ ਦਸਮੋ ਤਿਨ ਹੀ ਕੋ ਰੂਪਾ॥
ਗੁਰਨਾਨਕ ਅਰ ਕਲਗੀਧਰ ਮੈਂ। ਨਹੀਂ ਭੇਦ ਸਮਝੋ ਉਰ ਘਰ ਮੈਂ॥
ਜਾਂਤੇ ਏਕ ਰੂਪ ਹੈ ਸਾਰੇ। ਤਾਂ ਤੇ ਮਤ ਮਹਿੰ ਭੇਦ ਨ ਪਯਾਰੇ॥
ਵਹੀ ਸਿਧਾਂਤ ਦਸਮ ਕਾ ਜਾਨੋ। ਜੋ ਨਵ ਪਾਤਸ਼ਾਹ ਕਾ ਮਾਨੋ॥
ਬਹੁਰ ਆਪ ਦਸਮੇਂ ਗੁਰਦੇਵਾ। ਕਰਾ ਪੰਥ ਕੋ ਹੁਕਮ ਅਭੇਵਾ॥
ਮਾਨਹੁ ਗੁਰੂ ਗ੍ਰੰਥ ਮਮ ਜਾਗਾ। ਅਹੋ ਖਾਲਸਾ ਪੰਥ ਸੁਭਾਗਾ॥
ਸੋ ਗੁਰੂ ਗ੍ਰੰਥ ਖੰਡ ਹੈ ਦੇਵੀ। ਫਿਰ ਦਸਮੇਂ ਗੁਰ ਕਿਉਂ ਕਰ ਸੇਵੀ॥
ਸੋ ਪ੍ਰਮਾਣ ਕਹੇਗੇ ਆਗੇ। ਜਬ ਗੁਰਮੱਤ ਕਥਨੇ ਹਮ ਲਾਗੇ।।੧੦੭॥

## ਦੋਹਿਰਾ

ਸਮਯ ਸਮਯ ਕੀ ਬਾਤ ਭੀ ਸਿੱਧ ਨ ਹੋਵਤ ਮੀਤ।
ਅੰਨ ਜੀਵ ਕੇ ਸਮਨ ਥੀ ਸ੍ਰੀ ਸਤਿਗੁਰ ਕੀ ਰੀਤ।।੧੦੮॥

## ਚੌਪਈ

ਪ੍ਰਕ੍ਰਿਤ ਸੁਭਾਵ ਜੀਵ ਜਗ ਜੇਤੇ। ਛਿਣ ਭੰਗਰ ਹੋਵਤ ਹੈਂ ਤੇਤੇ॥
ਸਮਯ ਸਮਯ ਪਰ ਬਦਲ ਸੁਭਾਊ। ਨਹਿ ਇਸਥਿਰ ਜਿਲ ਮਹਿੰ ਪ੍ਰਭਾਊ॥
ਰਾਗ ਦ੍ਵੈਖ ਬਸ ਹੋਕਰ ਸਾਰੇ। ਨਿੰਦਾ ਉਸਤਤ ਕਰਤ ਵਿਚਾਰੇ॥

ਕਰਤ ਕੋਟ ਅਪਮਾਨ ਸੁ ਤਾਕੋ। ਨਹੀਂ ਕਾਜ ਹੋਵਤ ਸੰਗ ਜਾਕੋ॥
ਅਰ ਜਬ ਸ੍ਵਾਰਥ ਪਰ ਹੈ ਆਈ। ਤਿਸਹੀ ਕੀ ਚਾ ਕਰਤ-ਵਡਾਈ॥
ਭਾਵੇਂ ਹੋਇ ਪਖਾਨ ਸਮਾਨਾ। ਤਾਂ ਕੋ ਕਰਹੈ ਅਤੇ ਸਨਮਾਨਾ॥
ਯਹ ਸਭ ਲੋਗ ਭਾਖ ਮੁਖ ਗਾਵੈ। ਗਾਊ ਗਧੇ ਕੋ ਬਾਪ ਬਨਾਵੈ॥
ਤਾਂ ਤੇ ਇਹ ਮ੍ਰਯਾਦਾ ਸਾਰੀ। ਸੰਸਾਰਕ ਜੀਵਨ ਕੋ ਪਯਾਰੀ॥
ਸਤਵਾਦੀ ਨਰ ਜੋ ਅਵਤਾਰੀ। ਤਿਨ ਕੀ ਰੀਤ ਰਹਤ ਸਦ ਨਿਆਰੀ॥
ਰਾਗ ਦ੍ਵੈਖ ਤਿਨ ਮਹਿਂ ਨਹਿ ਦੋਊ। ਨਿਜ ਇਛਾ ਨਹਿ ਬਯਾਪਤ ਕੋਊ॥
ਕੇਵਲ ਪਰਉਪਕਾਰ ਕਰੰਤੇ॥ ਸਭ ਕੋ ਕਰਮਨ ਫਲ ਵਰਧੰਤੇ॥
ਜਾਤ ਜਗਤ ਮਹਿ ਨਿਸ਼ਚਲ ਐਸੇ। ਉਡਗਨ ਮਾਹਿਂ ਚੰਦ੍ਰਮਾਂ ਜੈਸੇ॥
ਤਾਂ ਤੇ ਸ੍ਰੀ ਸਤਿਗੁਰੁ ਅਵਤਾਰੀ। ਹੁਤੇ ਧਰਮ ਧ੍ਰੁਜ ਪਰਉਪਕਾਰੀ॥
ਸ਼ਕਲ ਸ਼ਕਤ ਤਿਨ ਕੀ ਕੀ ਪਰਗਦਾਸੀ। ਨਾਮ ਲੇਤ ਜਹਿ ਮਿਟਤ ਚੁਰਾਸੀ॥
ਸੋ ਕਿਤ ਕਾਰਨ ਐਸਾ ਕਰਤੇ। ਗੁਰੂ ਗ੍ਰੰਥ ਬਾਣੀ ਪਰ ਹਰਤੇ॥
ਜਿਸ ਕੋ ਖੰਡਨ ਪ੍ਰਿਥਮੇ ਕੀਆ। ਫਿਰ ਤਿਨ ਇਸ਼ਟ ਮਾਨ ਕਯੋਂ ਲੀਆ॥
ਤਾਂ ਤੇ ਨਹਿ ਗੁਰੂ ਜੀ ਥੇ ਐਸੇ। ਸਿੰਘ ਸੁਮੇਰ ਬਤਾਵਤ ਜੈਸੇ॥
ਵਹੁ ਥੇ ਤੀਨ ਕਾਲ ਸਮਦਰਸੀ। ਏਕ ਅਕਾਲ ਪੁਰਖ ਕੇ ਪਰਸੀ॥
ਤਿਸ ਤੇ ਭਿੰਨ ਆਨ ਕੀ ਪੂਜਾ। ਨਹੀਂ ਕਰਤ ਸਤਿਗੁਰ ਲਖ ਦੂਜਾ॥
ਜਾਂ ਤੇ ਗੁਰ ਕੋ ਹੈ ਮਤ ਸੋਈ। ਸੋ ਨਵ ਕੋ ਜਾਨਤ ਸਭ ਕੋਈ॥
ਜਾਂ ਤੇ ਏਕ ਰੂਪ ਗੁਰ ਸਾਰੇ। ਤਾਂ ਤੇ ਮੱਤ ਨ ਤਿਨ ਕੇ ਪਯਾਰੇ।੧੦੯॥

## ਦੋਹਿਰਾ

ਕ੍ਰਿਸ਼ਨ ਦੇਵ ਕਾ ਪੂਜਨਾ ਕੰਸ ਮਾਰਨੇ ਹੇਤ।
ਇਹ ਦਿਸ਼ਟਾਂਤ ਸੁਮੇਰ ਹਰਿ ਜੋ ਸਤਿਗੁਰੂ ਪਰ ਦੇਤ।੧੧੦॥

## ਚੌਪਈ

ਸੋ ਸੰਮਕ ਨਹਿ ਇਸ ਪਰ ਭਾਈ। ਕਥਾ ਕ੍ਰਿਸ਼ਨ ਜੀ ਦੀ ਜੋ ਗਾਈ॥
ਕ੍ਰਿਸ਼ਨ ਦੇਵ ਅਰ ਸਤਿਗੁਰ ਮਾਹੀਂ। ਅਹੇ ਭੇਦ ਬਹੁ ਭਾਖੋ ਤਾਹੀਂ॥
ਹੁਤੋ ਕ੍ਰਿਸ਼ਨ ਇੱਕ ਪੁਰਖ ਪਰਧਾਨਾ। ਜਿਨ ਨਿਜ ਇਸ਼ਟ ਵੇਦ ਥੋ ਮਾਨਾ॥
ਪੁਨ ਪੁਰਾਨ ਕੋ ਮਾਨਨ ਹਾਰਾ। ਸੀ ਇਕ ਹਿੰਦੂ ਲੋਗ ਵਿਚਾਰਾ॥
ਜਿਸ ਤੇ ਤਿਨ ਕੀ ਗੀਤਾ ਜੋਈ। ਦੇਵਨ ਕੀ ਪੁੱਤ੍ਰੀ ਹੈ ਸੋਈ॥
ਜਾਂਤੇ ਵੇਦ ਵਿਧੀ ਕਾ ਦਾਸ। ਹੁਤੋ ਕ੍ਰਿਸ਼ਨ ਯਹ ਸਮਝ ਵਿਲਾਸ॥
ਅਰ ਦੇਵਨ ਕੋ ਜੋਇ ਸਿਧਾਂਤ। ਜੇਕਰ ਪੜ੍ਹੋ ਹੋਇ ਏਕਾਂਤ॥
ਤੌ ਵਹੁ ਜੜ੍ਹ ਵਸਤਨ ਕੀ ਪੂਜਾ। ਸਿੱਧ ਕਰਤ ਈਸ਼੍ਵਰ ਤੇ ਦੂਜਾ॥
ਅਗਨ ਹੋਤ੍ਰ ਅਰ ਮੰਤ੍ਰ ਭਾਰੇ। ਯੱਗ ਕਰਮ ਜਿਨ ਅਧਕ ਉਚਾਰੇ॥
ਜਿਨ ਸੋ ਕਰਤ ਅਵਾਹਨ ਦੇਵਾ। ਵਿਧਵਤ ਕਰਤਾ ਤਿਨੋਂ ਕੀ ਸੇਵਾ॥

ਤਾਂ ਤੇ ਜੋ ਸ੍ਰੀ ਕ੍ਰਿਸ਼ਨ ਪਿਆਰੇ। ਅਪਨੀ ਰੱਛਾ ਹੇਤ ਵਿਚਾਰੇ॥
ਪੂਜਨ ਕਰੀ ਭਵਾਨੀ ਤਾਂਹਿ। ਨਹੀਂ ਦੋਸ਼ ਕੁਛ ਇਸ ਕੇ ਮਾਂਹਿ॥
ਅਪਨੇ ਮਤ ਅਨੁਸਾਰ ਕੁਮਾਯਾ। ਜੋ ਦੇਵੀ ਭਜ ਕੰਸ ਮੁਕਾਯਾ॥੧੧੧॥

**ਦੋਹਿਰਾ**

ਕਲਗੀਧਰ ਇਸ ਮੱਤ ਕੋ ਖੰਡਨ ਕਰਤ ਬਨਾਇ।
ਵੇਦ ਕਤੇਬ ਪੁਰਾਨ ਕੀ ਦਿੱਤੀ ਅਲਖ ਚੁਕਾਇ॥੧੧੨॥

**ਚੌਪਈ**

ਜਿਸ ਤੇ ਗੁਰ ਨਹਿੰ ਮਾਨਤ ਵੇਦਾ। ਨਹੀ ਪੁਰਾਨ ਲਖਤ ਦੁਖ ਛੇਦਾ॥
ਤਿਨ ਤੇ ਉਲਟ ਮਤੋ ਗੁਰ ਕੇਰਾ। ਕਹ ਕਰ ਭਰਮ ਹਤਯੋ ਮੈਂ ਤੇਰਾ॥
ਜੈਸਾ ਸ੍ਰੀ ਮੁਖ ਤੇ ਗੁਰੂ ਗਾਇਆ। ਵੇਦਨ ਤੇ ਨਿਜ ਪੰਥ ਛੁਡਾਇਆ॥
ਅਰ ਪੁਰਾਨ ਕੇ ਮਾਨਨ ਹਾਰੇ। ਕਹੇ ਅਜਾਨ ਲੋਗ ਗੁਰ ਸਾਰੇ॥
ਸੋ ਸੁਨੀਏ ਨੀਕੇ ਮਨ ਲਾਈ। ਸ਼ਕਲ ਸੰਦੇਹ ਤੋਹ ਮਿਟ ਜਾਈ॥੧੧੩॥

ਯਥਾ : ਸ੍ਰੀ ਮੁਖ ਵਾਕ ਪਾਤਸ਼ਾਹੀ ੧੦

"ਕੋਈ ਪੜ੍ਹਤਿ ਕੁਰਾਨ ਕੋ ਕੋਈ ਪੜ੍ਹਤ ਪੁਰਾਨ।
ਕਾਲ ਨ ਸਕਤ ਬਚਾਇਕੈ ਫੋਕਟ ਧਰਮ ਨਿਦਾਨ॥੪੮॥"

**ਚੌਪਈ**

ਕੋਈ ਕੋਟ ਮਿਲ ਪੜ੍ਹਤ ਕੁਰਾਨਾ। ਬਾਚਤ ਕਿਤੇ ਪੁਰਾਨ ਅਜਾਨਾ॥
ਅੰਤਿ ਕਾਲ ਜੋਇ ਕਾਮ ਨ ਆਵਾ। ਦਾਵਕ ਕਾਲ ਕਾਹੂੰ ਨ ਬਚਾਵਾ॥੪੯॥
ਕਿਉਂ ਨ ਜਪੋ ਤਾਂ ਕੋ ਤੁਮ ਭਾਈ। ਅੰਤਿ ਕਾਲ ਜੋ ਹੋਇ ਸਹਾਈ।
ਫੋਕਟ ਧਰਮ ਲਖੋ ਕਰ ਭਰਮਾ। ਇਨਤੇ ਸਰ ਤਨ ਕੋਈ ਕਰਮਾਂ॥੫੦॥
ਇਹ ਕਾਰਨ ਪ੍ਰਭ ਹਮੇਂ ਬੁਲਾਯੋ। ਭੇਦ ਭਾਖ ਇਹ ਲੋਗ ਪਠਾਯੋ॥
ਜੋ ਤਿਸ ਕਹਾ ਸੁ ਸਭਨ ਉਚਰੋਂ। ਡਿੰਭਵਿੰਭ ਕੁਛ ਨੈਕ ਨ ਕਰੋਂ॥"

**ਦੋਹਿਰਾ**

ਦੇਖੋ ਸ੍ਰੀ ਮੁਖ ਵਾਕ ਮੇ ਕੀਨਾ ਗੁਰੂ ਬਖਾਨ।
ਮੈਂ ਮਾਨਨ ਨਹਿੰ ਆਇਆ ਵੇਦ ਕਤੇਬ ਪੁਰਾਨ॥੧੧੪॥
ਪੁਨ ਇਨ ਕੋ ਬਤਲਾਇਆ ਫੋਕਟ ਧਰਮ ਨਿਦਾਨ।
ਫਿਰ ਗੁਰ ਪਰ ਯਹ ਦੋਸ਼ ਦੇ ਸੋ ਨਰ ਮਹਾਂ ਅਜਾਨਾ॥੧੧੫॥

**ਚੌਪਈ**

ਪੁਨ ਇਹ ਭੀ ਨਹਿੰ ਸੰਭਵ ਪਯਾਰੇ। ਕਰੇ ਕ੍ਰਿਸ਼ਨ ਜੋ ਕਰਮ ਅਪਾਰੇ॥
ਸੋ ਥੇ ਗੁਰ ਕੇ ਕਰਨੇ ਜੋਗ। ਜੈਸਾ ਲਖੈ ਅਗਯਾਨੀ ਲੋਗ॥
ਦੇਖੋ ਕ੍ਰਿਸ਼ਨ ਚੁਰਾਏ ਮੱਖਨ। ਡਰਦੇ ਲੋਗ ਸਾਂਭ ਕਰ ਰੱਖਨ॥
ਪਰ ਕਲਗੀਧਰ ਪਰ ਧਨ ਹਰਨਾ। ਕਹਤ ਪਾਪ ਦੀਰਘ ਹੈ ਕਰਨਾ॥

ਫੇਰ ਕ੍ਰਿਸ਼ਨ ਗੋਪਨ ਕੀ ਨਾਰੀ। ਕਰ ਲੀਨੀ ਸਭ ਅਪਨੀ ਪਯਾਰੀ॥
ਜਿਨ ਕੇ ਸੰਗ ਨਾਚ ਬਹੁ ਨਾਚੇ। ਜਾਇ ਬਨੇ ਮਹਿ ਕ੍ਰੀੜਾ ਰਾਚੇ॥
ਸ੍ਰੀ ਕਲਗੀਧਰ ਇਸ ਕੋ ਭਾਈ। ਜਾਨਤ ਥੇ ਅਤਿ ਹੀ ਬੁਰਿਆਈ॥
ਜਾਂ ਤੇ ਦੇਖ ਚਰਿੱਤ੍ਰ ਪਯਾਰੇ। ਰੂਪ ਕੌਰ ਕਿਆ ਸੀਖ ਉਚਾਰੇ॥
ਕਹੀ ਗੁਰੂ ਤਿਸ ਨਾਰੀ ਤਾਈਂ। ਮੈਂ ਹੂੰ ਗੁਰੂ ਜਗਤ ਕੋ ਸਾਈ॥
ਜਾਂ ਤੇ ਸ਼ਕਲ ਪੁਰਖ ਔ ਨਾਰੀ। ਹੋ ਸੰਤਾਨ ਹਮਾਰੀ ਸਾਰੀ॥
ਤਾਂ ਪਰ ਮੰਦ ਦ੍ਰਿਸ਼ਟ ਕੋ ਕਰਨਾ। ਅਹੇ ਪਾਪ ਸੋ ਆਤਮ ਭਰਨਾ॥
ਜਗਤ ਗੁਰੂ ਹੋਕਰ ਅਸ ਕਰ ਹੋ। ਆਪ ਕੁਪੰਥਨ ਮੈਂ ਜੇ ਪਰਹੋਂ॥
ਤੌ ਜਗ ਜੀਵ ਕਰੇਗੇ ਵੈਸੇ। ਲਖ ਹੈ ਚਰਤ ਹਮਾਰੇ ਜੈਸੇ॥
ਪੁਨ ਅਪਨੇ ਪਿਤ ਕੀ ਜੋ ਸਿੱਖਯਾ। ਦਈ ਤਾਂਹਿ ਨਾਰੀ ਕੋ ਦਿਖਯਾ॥
ਸੋ ਸੁਨ ਕੈਸੀ ਹੈ ਸੁਖਦਾਈ। ਧਰਮ ਪੂਜਾ ਜੋ ਮੁਖ ਤੇ ਗਾਈ॥੧੧੬॥

ਯਥਾ:-"ਸੁਧ ਜਬ ਤੇ ਹਮ ਧਰੀ ਬਚਨ ਗੁਰ ਦਯੋ ਹਮਾਰੇ। ਪੂਤ ਸਦਾ ਇਹ ਪ੍ਰਨ ਪ੍ਰਾਨ ਜਬ ਲਗ ਘਟ ਥਾਰੇ। ਨਿਜ ਨਾਰੀ ਕੇ ਸੰਗ ਨੇਹ ਤੁਮ ਨੀਤ ਬਢੱਯੋ। ਪਰ ਨਾਰੀ ਕੀ ਸੇਜ ਭੂਲ ਸੁਪਨੇ ਨਹਿ ਜੱਯੋ॥ ਦੇਖੋ ਇਹ ਉੱਤਮ ਮਰਯਾਦਾ। ਕਹੀ ਗੁਰੂ ਮਨ ਹਰੇ ਬਿਵਾਦਾ॥ ਪਰ ਸ੍ਰੀ ਕ੍ਰਿਸ਼ਨ ਪਰਾਈ ਨਾਰੀ। ਕਰ ਉਪਦੇਸ਼ ਪਰੀ ਬਿਭਚਾਰੀ॥ ਇਸੀ ਪ੍ਰਕਾਰ ਕ੍ਰਿਸ਼ਨ ਨੇ ਦੇਵੀ। ਹੋ ਨਿਰਬਲ ਬਲ ਕਾਰਨ ਸੇਵੀ॥ ਸੋ ਗੁਰ ਪਰ ਨਹਿਂ ਆਵਤ ਐਸੀ। ਕਰੀ ਕੁਰੀਤ ਕ੍ਰਿਸ਼ਨ ਨੇ ਜੈਸੀ॥ ਅਕਾਲ ਪੁਰਖ ਦੀ ਓਟ ਤਿਆਗੇ। ਦੇਵੀ ਮਗਰ ਫਿਰਤ ਹੈਂ ਭਾਗੇ॥"

## ਦੋਹਿਰਾ

ਔਰ ਦੂਸਰੋ ਭੇਦ ਇਕ ਇਸ ਮੈਂ ਭਾਖੋ ਤੋਹਿ।
ਜਾਂ ਤੇ ਗੁਰ ਜੀ ਹੇਤ ਪੁਨ ਐਸੋ ਕਰਮ ਨ ਸੋਹਿ॥੧੧੭॥

## ਚੌਪਈ

ਕ੍ਰਿਸ਼ਨ ਦੇਵ ਜਗ ਭੀਤਰ ਆਯਾ। ਖੇਲ ਕੁਦ ਮਹਿ ਸਮਾਂ ਬਤਾਯਾ॥
ਬਹੁਰ ਕੰਸ ਮਾਮੇਂ ਕੋ ਮਾਰਾ। ਕੈਰਵ ਪਾਂਡਵ ਕੋ ਘਰ ਗਾਰਾ॥
ਯਾਦਵ ਕੁਲ ਕੀ ਅਲਖ ਚੁਕਾਇ। ਬਹੁਰ ਆਪ ਭੀ ਗਏ ਸਮਾਇ॥
ਪਰ ਤਿਨ ਕੌਮ ਨ ਕੋਇ ਬਨਾਈ। ਅਰ ਨਹਿ ਗੀਤ ਔਰ ਦਿਖਰਾਈ॥
ਵਹੀ ਪੁਰਾਨੀ ਵੇਦ ਕਹਾਨੀ। ਅਪਨਾ ਇਸ਼ਟ ਤਿਨੋ ਨੇ ਮਾਨੀ॥
ਜਾਂ ਤੇ ਤਿਨ ਕੀ ਦੇਵੀ ਪੂਜਾ। ਕਰਨਾ ਈਸ਼੍ਵਰ ਲਖ ਕਰ ਦੂਜਾ॥
ਨਹੀਂ ਅਜੋਗ ਬਾਤ ਸੁਨ ਪਯਾਰੇ। ਕਰੇ ਕਰਮ ਜੇ ਹਿੰਦਨ ਵਾਰੇ॥
ਪਰ ਗੁਰੂ ਜੀ ਜੋ ਜਗ ਮਹਿ ਆਏ। ਪੰਥ ਸਾਜਨ ਹੇਤ ਪਠਾਏ॥
ਅਰ ਪਰ ਜ਼ੁਲਮ ਉਖਾਰਨ ਕਾਜਾ। ਲੀਨ ਜਨਮ ਗੁਰੂ ਗ੍ਰੰਥ ਨਿਵਾਜਾ॥
ਪੁਨ ਅਕਾਲ ਤੇ ਭਿੰਨ ਪਰਾਈ। ਮਾਨਤ ਥੇ ਜੇਤਕ ਅਗਯਾਨੀ॥

ਤਿਨ ਕੋ ਕਰਮ ਧਰਮ ਸਿਖਲਾਨਾ। ਸੀ ਗੁਰ ਜੀ ਕੋ ਜਗ ਮਹਿ ਆਨਾ॥
ਸੋ ਜੇ ਆਪ ਗੁਰੂ ਯਹ ਕਰਤੇ। ਅਕਾਲ ਪੁਰਖ ਕੋ ਪੂਜਨ ਹਰਤੇ॥
ਤਿਸ ਕੀ ਜਗ੍ਹਾ ਚੰਡਕਾ ਧਿਆਵੈਂ। ਅਰ ਵਰ ਦਾਨ ਤਾਹਿੰ ਤੇ ਪਾਵੈਂ॥
ਤੌਂ ਔਰਨ ਕੀ ਕਿਆ ਗਤ ਹੋਸੀ। ਅਪਨੇ ਧਰਮ ਸ਼ਕਲ ਨਰ ਖੋਸੀ॥
ਤਾਂ ਤੇ ਗੁਰ ਨਹੀ ਕ੍ਰਿਸ਼ਨ ਸਮਾਨ। ਪੂਜਤ ਦੇਵੀ ਇਸ਼ਟ ਪਛਾਨ॥੧੧੮॥

## ਦੁਰਗਾ ਭਗਤ

### ਦੋਹਿਰਾ

ਇਹ ਤਾਂ ਗੱਲਾਂ ਤੇਰੀਆਂ ਹਨ ਧੱਕੇ ਦੀ ਯਾਰ।
ਕ੍ਰਿਸ਼ਨ ਦੇਵ ਮਾਨਸ ਕਹੇਂ ਜੋ ਸੀ ਆਪ ਮੁਰਾਰ॥੧੧੯॥

### ਚੌਪਈ

ਸ੍ਰੀ ਕ੍ਰਿਸ਼ਨ ਜੋ ਜਗਤ ਅਧਾਰਾ। ਮੋਰ ਮੁਕਟ ਸਿਰ ਪਰ ਜਿ ਸੰਭਾਰਾ॥
ਧਰਤੀ ਭਾਰ ਉਤਾਰਨ ਕਾਜਾ। ਲਿਆ ਜਨਮ ਈਸੂਰ ਸਿਰਤਾਜਾ॥
ਆਪ ਅਕਾਲ ਪੁਰਖ ਚਲ ਆਯਾ। ਵਾਸ ਦੇਵ ਕੋ ਪੂਤ ਸਦਾਯਾ॥
ਜਿਸ ਪਰ ਸਕਲ ਭਗਤ ਬਲਹਾਰੇ। ਬਯਾਸ ਆਦਿ ਜਹਿ ਨਾਮ ਉਚਾਰੇ॥
ਪਾਂਡਵ ਕੀ ਰੱਖਿਆਨ ਜਿਨ ਕੀਨੀ। ਅਰਜਨ ਰਥਵਾਹੀ ਨਿਜ ਲੀਨੀ॥
ਅਰ ਜਿਨ ਆਪ ਕਹਾ ਵਿੱਚ ਗੀਤਾ। ਮੈਹੂੰ ਬ੍ਰਹਮ ਧਰੋ ਨਿਜ ਚੀਤਾ॥
ਸੋ ਤੁਮ ਕਿਉਂ ਖੰਡਨ ਹੈ ਕੀਨਾ। ਜੋ ਜਗ ਨੇ ਪਰਮੇਸ਼ੂਰ ਚੀਨਾ॥
ਦਸਮ ਗੁਰੂ ਜਿਨ ਕੋ ਅਵਤਾਰ। ਕਿਉਂ ਤਿਨ ਕੋ ਤੂੰ ਖੰਡਤ ਯਾਰ॥
ਪਹਲੇ ਇਸ ਦਾ ਭੇਦ ਬਤਾਈਂ। ਫਿਰ ਅੱਗੇ ਕੁਛ ਮੁਖੋ ਅਲਾਈਂ॥
ਹੈ ਇਹ ਨਿਰਨੇ ਜੋਗ ਪਿਆਰੇ। ਕਿਆ ਮਨ ਆਈ ਬਾਤ ਤੁਮਾਰੇ॥੧੨੦॥

## ਤੱਤ ਖਾਲਸਾ

### ਦੋਹਿਰਾ

ਇਸ ਦਾ ਨਿਰਨਾਂ ਆਪ ਹੀ ਕਰ ਦੀਨਾ ਗੁਰ ਦੇਵ।
ਪੜ੍ਹ ਕਰ ਸ੍ਰੀ ਮੁਖ ਵਾਕ ਕੋ ਭਰਮ ਕਰੋ ਤੁਮ ਛੇਵ॥੧੨੧॥
ਕਿਸੀ ਪੁਰਖ ਕੋ ਮਾਨਨਾਂ ਈਸ਼ੂਰ ਕਾ ਅਵਤਾਰ।
ਸ੍ਰੀ ਮੁਖ ਵਾਕਨ ਤੇ ਗੁਰੂ ਖੰਡਨ ਕਰਤ ਸੁਧਾਰ॥੧੨੨॥
ਦੇਤ ਢੰਡੋਰਾ ਸ਼ਕਲ ਕੋ ਊਚੇ ਢੋਲ ਬਜਾਇ।
ਅਕਾਲ ਪੁਰਖ ਨਹਿ ਕਬੀਹੀ ਪਰਤ ਗਰਭ ਮਹਿ ਆਇ॥੧੨੩॥
ਰਾਮ ਕ੍ਰਿਸ਼ਨ ਆਦਿਕ ਜਿਤੇ ਸੇ ਮਾਨਸ ਪਰਧਾਨ।
ਤਿਨ ਕੋ ਈਸ਼ੂਰ ਮਾਨਤੇ ਸੋ ਹੈਂ ਮਹਾਂ ਅਜਾਨ॥੧੨੪॥
ਸ਼ਬਦ ਹਜ਼ਾਰੇ ਮੈਂ ਲਿਖਾ ਬਹੁਰ ਸਵੈਯੇ ਦੇਖ।
ਕ੍ਰਿਸ਼ਨ ਹੇਤ ਦਿਆ ਕਹਤ ਹੈਂ ਸ੍ਰੀ ਸਤਿਗੁਰੂ ਕੇ ਲੇਖ॥੧੨੫॥

### ਯਥਾ ਸ੍ਰੀ ਮੁਖ ਵਾਕ ਪਾਤਸ਼ਾਹੀ ੧੦

"ਬਿਨ ਕਰਤਾਰ ਨ ਕਿਰਤਮ ਮਾਨੋ॥ ਆਦਿ ਅਜੋਨਿ ਅਜੇ ਅਬਨਾਸੀ ਤਿਹ ਪਰਮੇਸ਼੍ਵਰ ਜਾਨੋ॥ ਕਹਾਂ ਭਯੋ ਜੋ ਆਨ ਜਗਤ ਮਹਿ ਦਸਿਕ ਅਸੁਰ ਹਰ ਘਾਏ॥ ਅਧਕ ਪ੍ਰਪੰਚ ਦਿਖਾਇ ਸਭਨ ਕਹਿ ਆਪਹਿ ਬ੍ਰਹਮ ਕਹਾਏ॥ ਭੰਜਨ ਗੜਨ ਸਮਰਥ ਸਦਾ ਪ੍ਰਭੂ ਸੋ ਕਿਮ ਜਾਤ ਗਿਨਾਯੋ॥ ਤਾਂ ਤੇ ਸਰਬ ਕਾਲ ਕੇ ਆਸਿ ਕੋ ਘਾਇ ਬਚਾਇਨ ਆਯੋ॥ ਕੈਸੇ ਤੋਹ ਤਾਹ ਹੈ ਸੁਨ ਜੜ ਆਪ ਡੁਬਯੋ ਭਵ ਸਾਗਰ। ਛੁਟਹੋ ਕਾਲ ਫਾਸ ਤੇ ਤਬ ਹੀ ਗਹੋ ਸਰਨ ਜਗ ਤਾਗਰ ਪੁਨਃ ਕੇਵਲ ਕਾਲ ਹੀ ਕਰਤਾਰ ਆਦਿ ਅੰਤ ਅਨੰਤ ਮੂਰਤਿ ਗੜ੍ਹਨ ਭੰਜਨ ਹਾਰ॥ ਨਿੰਦ ਉਸਤਤਿ ਜਉਨ ਕੇ ਸਮ ਸਤ੍ਰ ਮਿਤ੍ਰ ਨ ਕੋਇ॥ ਕਉਨ ਬਾਟ ਪਰੀ ਤਿਸੈ ਪਥ ਸਾਰਥੀ ਰਥ ਹੋਇ॥ ਤਾਤ ਮਾਤ ਜਾਂ ਕਰ ਪੁਤ੍ਰ ਪੌਤ੍ਰ ਮੁਕੰਦ। ਕਉਨ ਕਾਜ ਕਹਾਂਹਿਗੇ ਤੇ ਆਨ ਦੇਵਕਿ ਨੰਦ॥ ਦੈਤ ਦਿਸਾ ਵਿਸਾ ਜਿਹ ਕੀਨ ਸਰਬ ਪਸਾਰ। ਕਉਨ ਉਪਮਾਂ ਤਉਨ ਕੋ ਮੁਖ ਲੇਤ ਨਾਮ ਮੁਰਾਰ॥

### ਪੁਨਃ ਸਵੈਯਾ

ਜੌ ਕਹੋ ਰਾਮ ਅਜੋਨਿ ਅਜੈ ਅਤਿ ਕਾਹੇ ਕਉ ਕੌਸਲ ਕੁਖਿ ਜਯੋ ਜੂ। ਕਾਲਹੂੰ ਕਾਨ ਕਹੈ ਜਿਹ ਕੋ ਇਹ ਕਾਰਣ ਕਾਲ ਤੇ ਦੀਨ ਭਯੋ ਜੂ॥ ਸੰਤ ਸਰੂਪ ਬਿਬੈਰ ਕਹਾਇ ਸੁ ਕਯੋਂ ਪਥ ਕੋ ਰਥ ਹਾਂਕ ਧਯੋ ਜੂ॥ ਤਾਹੀ ਕੋ ਮਾਨ ਪ੍ਰਭੂ ਕਰਕੈ ਜਿਹ ਕੋ ਕਊ ਭੇਦ ਨ ਲੇਨ ਲਯੋ ਜੂ॥ ਪੁਨਃ ਅਕਾਲ ਉਸਤਤਿ ਪਾ: ੧੦

ਕਿਤੇ ਕ੍ਰਿਸ਼ਨ ਸੇ ਕੀਟ ਕੋਟੈ ਉਪਾਏ॥ ਉਸਾਰੇ ਗੜ੍ਹੇ ਫੇਰ ਮੇਟੇ ਬਨਾਇ॥"

### ਦੋਹਿਰਾ

ਇਨ ਸ੍ਰੀ ਵਾਕਨ ਮੈ ਕਹਾਂ ਕਹਾਂ ਕ੍ਰਿਸ਼ਨ ਹੈ ਕੀਟ।
ਕੰਸ ਮਾਰ ਰਥ ਹਾਂਕ ਜੋ ਗਏ ਨੈਨ ਫਿਰ ਮੀਟ॥੧੨੬॥
ਤਾਂ ਤੇ ਉਹ ਪਰਮਾਤਮਾਂ ਕਰਤੋ ਨਹਿ ਪ੍ਰਪੰਚ।
ਜਾਂ ਤੇ ਜਨਮ ਧਰਾਇਕੇ ਕਰੇ ਜਗਤ ਕੋ ਬੰਚ॥੧੨੭॥
ਤਾਂ ਤੇ ਸਿੱਧ ਸੁ ਹੋ ਗਯੋ ਗੁਰ ਵਾਕਨ ਤੇ ਮੀਤ।
ਨਹਿੰ ਗੁਰ ਜੀ ਕੇ ਇਸ਼ਟ ਥੀ ਕਰੀ ਕ੍ਰਿਸ਼ਨ ਜੋ ਗੀਤ॥੧੨੮॥
ਸੁਤੇ ਸਿੱਧ ਗੁਰ ਜਗਤ ਮਹਿ ਆਏ ਹਿਤ ਉਪਕਾਰ।
ਨਾਂ ਦੇਵੀ ਕੇ ਪੂਜ ਹਿਤ ਸੀ ਤਿਨ ਕਾ ਅਵਤਾਰ॥੧੨੯॥

### ਚੌਪਈ

ਫਿਰ ਇੱਕ ਭਾਰਾ ਹੋਰ ਅਨਰਥ। ਲਾਇਆ ਬਾਵੇ ਬੋਲ ਬਿਅਰਥ॥
ਕਹੀ ਪੰਥ ਗੁਰ ਦੇਵੀ ਗੋਦ। ਪਾਇਆ ਮਨ ਮਹਿ ਧਰ ਵਡ ਮੋਦ॥
ਮਾਤਾ ਸਮ ਰੱਛਕ ਤਿਸ ਜਾਨਾ। ਤਾਂ ਤੇ ਪੰਥ ਪੂਤ ਤਿਹ ਠਾਨਾ॥
ਯਹ ਭੀ ਹੈ ਇੱਕ ਬਾਤ ਕਹਾਨੀ। ਜੋ ਗੁਰ ਵਾਕ ਕਰਤ ਹੈਂ ਹਾਨੀ॥
ਦਸਮ ਗੁਰੂ ਨੇ ਪੰਥ ਪਿਆਰਾ। ਸਾਹਿਬ ਦੇਵਾਂ ਗੋਦ ਬਠਾਰਾ॥

ਜਾਂ ਤੇ ਅਬ ਤਕ ਰੀਤ ਸੁਹਾਈ। ਚਲੀ ਪੰਥ ਮਹਿ ਆਵਤ ਹਾਵੀ॥
ਅੰਮ੍ਰਿਤ ਛਕਨ ਸਮਯ ਉਪਦੇਸ਼। ਦੇਤ ਸਿੰਘ ਕੋ ਹਰਨ ਕਲੇਸ਼॥
ਪਿਤਾ ਆਜ ਤੁਹਿ ਕਲਗੀਧਾਰੀ। ਮਾਤਾ ਸਾਹਿਬ ਦੇਵ ਤਿਹਾਰੀ॥
ਤਬ ਬਾਵਾ ਜੀ ਕਾ ਯਹ ਕਹਨਾ। ਕਹੋ ਸਤ ਫਿਰ ਕਿਉਂ ਕਰ ਰਹਨਾ॥
ਜੋ ਸਤਿਗੁਰ ਚੰਡੀ ਕੀ ਗੋਦੀ। ਦੇਵਤ ਪੰਥ ਸਮਝ ਕਰ ਮੋਦੀ॥
ਤਬ ਅੰਮ੍ਰਿਤ ਕੇ ਕਾਲ ਮਝਾਰੀ। ਦੇਤ ਗੁਰੂ ਯਹ ਸੀਖ ਸੁਧਾਰੀ॥
ਆਜ ਤੁਮੇ ਮੈ ਸੁਨੋ ਪਿਆਰੇ। ਦੁਰਗਾ ਜੀ ਕੀ ਗੋਦ ਬਠਾਰੇ॥
ਸੋ ਨਹਿ ਆਜ ਤਲਕ ਕੋ ਕਹੇ। ਫਿਰ ਬਾਵਾ ਕਿਉਂ ਉਲਟੇ ਰਹੇ॥
ਅਰ ਦੇਵੀ ਜੋ ਦੱਸੀ ਰੱਛਕ। ਸੋ ਤਾਂ ਦੇਖੀ ਉਲਟੀ ਭੱਛਕ॥
ਜਿਸ ਤੇ ਲੋਹੂ ਗੁਰ ਦਾ ਮੰਗੇ। ਖਾਧੇ ਸਿੱਖ ਪਕੜ ਜਿਨ ਚੰਗੇ॥
ਖਾਇ ਪੀਯ ਰੱਛਕ ਕਹਲਾਈ। ਧੰਨਯ ਭਾਗ ਕਿਆ ਚੰਗੀ ਮਾਈ॥੧੩੦॥

## ਦੋਹਿਰਾ

ਫਿਰ ਬਾਵਾ ਜੀ ਕਥਨ ਮਹਿ ਹੈ ਦੂਖਨੁ ਇੱਕ ਹੋਰ।
ਸੋ ਸੁਨੀਏ ਮਨ ਲਾਇਕੈ ਜੋ ਕੁਛ ਕਥਨ ਮੋਰ॥੧੩੧॥

## ਚੌਪਈ

ਜੋ ਦੇਵੀ ਦੀ ਝੋਲੀ ਪਾਕੇ। ਅਰ ਇਸ ਮਾਤਾ ਪੰਥ ਬਨਾਕੇ॥
ਭਏ ਪ੍ਰਸੰਨ ਗੁਰੂ ਅਵਤਾਰੀ। ਤੌ ਦੂਖਨ ਆਵਤ ਹੈ ਭਾਰੀ॥
ਪਈ ਚੰਡਕਾ ਸਿੱਖਨ ਮਾਂਇ। ਸਾਹਿਬ ਦੇਵਾਂ ਜੀ ਦੀ ਥਾਂਇ॥
ਤੌ ਫਿਰ ਪਿਤਾ ਪੰਥ ਦਾ ਪਯਾਰੇ। ਕਹੋ ਕੌਨ ਗੁਰ ਮੁਖੋਂ ਉਚਾਰੇ॥
ਤਾਂ ਗੁਰ ਜੀ ਦਾ ਕਿਆ ਸਨਬੰਧ। ਰਿਹਾ ਪੰਥ ਮੈ ਦੇਖਹੁ ਅੰਧ॥
ਬਨ ਗਏ ਮਾਤਾ ਪਿਤਾ ਜਦ ਔਰ। ਫਿਰ ਗੁਰ ਜੀ ਦਾ ਦਸੋ ਠੌਰ॥
ਤੌ ਸ੍ਰੀ ਗੁਰ ਜੀ ਦਾ ਫੁਰਮਾਨਾ। ਹੈ ਧਰ ਪਰ ਮੈਂ ਪੰਥ ਚਲਾਨਾ॥
ਮਿਥਯਾ ਭਯੋ ਸਗਲ ਸੁਨ ਭਾਈ। ਅਕਾਲ ਪੁਰਖ ਸਨਮੁਖ ਜੋ ਗਾਈ॥
ਜਾਂ ਤੇ ਪੰਥ ਪਿਤਾ ਗੁਰ ਹਈਏ। ਮਾਤਾ ਸਾਹਿਬ ਦੇਵਾਂ ਪਈਏ॥
ਜਿਨ ਕੋ ਪੂਤ ਖਾਲਸਾ ਭਯੋ। ਦੇ ਅੰਮ੍ਰਿਤ ਜੋ ਸਾਜਨ ਕਯੋ॥
ਤਾਂ ਤੇ ਯਹ ਸਭ ਕਲਪਤ ਬਾਨੀ। ਸ੍ਰੀ ਬਾਵਾ ਜੀ ਜੋਇ ਬਖਾਨੀ॥
ਸਰਬ ਪ੍ਰਕਾਰ ਜੁ ਅਹੇ ਅਸੁੱਧਾ। ਪੁਨ ਗੁਰਮਤ ਤੇ ਅਧਕ ਵਿਰੁੱਧਾ॥
ਜੋ ਜਨ ਗੁਰਮਤਿ ਇਸਹ ਬਤਾਵਤ। ਸੋ ਸਿਧਾਂਤ ਤੇ ਉਲਟਾ ਜਾਵਤ॥੧੩੨॥

## ਦੋਹਿਰਾ

ਗੁਰਮਤ ਮੈਂ ਮਾਨਨ ਨਹੀਂ ਦੇਵੀ ਦੇਵਲ ਕੋਇ।
ਜੋ ਇਸ ਕੋ ਗੁਰਮਤ ਕਹੈ ਦਏ ਭਾਗ ਤਿਨ ਖੋਇ॥੧੩੩॥

# ਦੁਰਗਾ ਭਗਤ

## ਦੋਹਿਰਾ

ਤੁਮ ਪੁਰਾਨ ਭਾਗਵਤ ਦੇਵੀ। ਕੈਸੀ ਸ਼ਕਤ ਦੇਵ ਮੁਨ ਸੇਵੀ।
ਜਾਂ ਕੇ ਸੰਕਾ ਕਰਤ ਹੈਂ ਹੋਕਰ ਅਧਕ ਅਜਾਨ।।੧੩੪।।

## ਚੌਪਈ

ਦੇਖ ਪੁਰਾਨਤ ਭਾਗਵਤ ਦੇਵੀ। ਕੈਸੀ ਸ਼ਕਤ ਦੇਵ ਸੁਨ ਸੇਵੀ।।
ਆਦਿ ਭਵਾਨੀ ਸ਼ਕਤ ਅਪਾਰ। ਜਿਸ ਕੇ ਬਿਨ ਸਭ ਜਗਤ ਅਸਾਰ।।
ਸੋ ਸ਼ਕਤੀ ਸਭ ਮਹਿ ਇੱਕ ਰੂਪ। ਰਹੀ ਬਿਆਪ ਧਰੇ ਅਤਿ ਊਪ।।
ਬਣ ਤ੍ਰਿਣ ਜਲ ਅਗਨੀ ਕੇ ਮਾਹੀਂ। ਅਹੇ ਸ਼ਕਤ ਜੋ ਬਲ ਕੀਤਾਹੀਂ।।
ਸੋਈ ਹੈ ਜਗ ਆਦਿ ਭਵਾਨੀ। ਜੋ ਦੇਵਨ ਨਿਸਚੈ ਕਰ ਮਾਨੀ।।
ਜਿਸ ਮਹਿ ਸ਼ਕਤ ਅਧਕ ਜਗ ਹੋਵਤ। ਤਿਸ ਕੋ ਜਨ ਸ੍ਵਾਮੀ ਕਰ ਜੋਵਤ।।
ਬਿਨਾਂ ਸ਼ਕਤ ਪੂਛਤ ਨਹਿ ਕੋਈ। ਮਹਾਂ ਦੀਨ ਲਖ ਕਹੂੰ ਨ ਢੋਈ।।
ਬਿਸ਼ਨ ਕ੍ਰਿਸ਼ਨ ਅਰ ਰਾਮ ਅਵਤਾਰ। ਇੰਦ੍ਰ ਔ ਬ੍ਰਹਮਾਂ ਮੁੱਖ ਚਾਰ।।
ਇਨ ਕੀ ਕਰਤ ਸਕਲ ਜਗ ਸੇਵਾ। ਜਾਨ ਸ਼ਕਤ ਤਿਨ ਮਹਿ ਅਤਿ ਦੇਵਾ।।
ਔਰ ਸਿੱਧ ਸਾਧਕ ਜਗ ਕੇਤੇ। ਸ਼ਕਤ ਮਾਨ ਹੋਵਤ ਭਵ ਜੇਤੇ।।
ਤਿਨ ਕੀ ਸੋਭਾ ਭਵ ਮਹਿ ਹੋਵਤ। ਜਿਨ ਕੋ ਦੇਖ ਪਾਪ ਜਨ ਖੋਵਤ।।
ਸ਼ਕਤ ਹੀਨ ਜਬ ਹੋਵਤ ਕੋਊ। ਨਹੀਂ ਮਾਨ ਪਾਵਤ ਧਰ ਸੋਊ।।
ਸ਼ਕਤ ਅਧਾਰ ਸ਼ਕਲ ਜਗ ਹੱਈਏ। ਬਿਨਾ ਸ਼ਕਤ ਸਭ ਨਾ ਸੀ ਪੱਈਏ।।
ਜਬਹ ਕ੍ਰਿਸ਼ਨ ਨਿਰ ਸ਼ਕਤੀ ਭਯੋ। ਤਬ ਮਨ ਹੋ ਅਤ ਆਤ੍ਰ ਗਯੋ।।
ਜਾਂ ਤੇ ਸ਼ਕਤੀ ਰਿਦੇ ਧਿਆਈ। ਜਾਨ ਦਾਸ ਤਿਸ ਪਹਿ ਜਬ ਆਈ।।
ਜਾਂ ਕੇ ਬਲ ਫੜ ਕੰਸ ਪਛਾਰਾ। ਕੇਸ਼ਨ ਤੇ ਗਹਿ ਪਲ ਮਹਿ ਮਾਰਾ।।
ਤਾਂ ਤੇ ਮਨ ਮਹਿ ਸਮਝ ਪਿਆਰੇ। ਸੂਨੇ ਦੇਵ ਸ਼ਕਤ ਬਿਨ ਸਾਰੇ।।
ਯਾਹੀ ਤੇ ਤਿਸ ਕੋ ਸਭ ਚਾਹੇਂ। ਹੋਇ ਦੀਨ ਨਿਜ ਮਨ ਕੇ ਮਾਹੇਂ।।
ਸ਼ਕਲ ਭਏ ਜਗ ਜੋ ਅਵਤਾਰੀ। ਤਿਨ ਭੀ ਸ਼ਕਤ ਰਿਦੇ ਮਹਿ ਧਾਰੀ।।
ਜਾਂ ਤੇ ਸੋਈ ਆਦਿ ਭਵਾਨੀ। ਦਸਮ ਗੁਰੂ ਜੂ ਲਖਬਰ ਦਾਨੀ।।
ਕਰੀ ਪੂਜਨਾ ਨਿਜ ਬਲ ਹੇਤਾ। ਧਾਰ ਅਡੰਬਰ ਚਹੀਏ ਜੇਤਾ।।
ਕਰ ਪ੍ਰਤੱਖ ਲਯੋ ਵਰ ਤਾਂ ਤੇ। ਹਨੇ ਤੁਰਕ ਪਾਕਰ ਬਲ ਜਾਂਤੇ।।
ਤਾਂ ਕਾ ਤੂੰ ਖੰਡਨ ਕਿਉਂ ਕਰਤਾ। ਆਦਿ ਸ਼ਕਤ ਤੇ ਹੈਂ ਮਨ ਡਰਤਾ।।
ਜਿਸ ਕੋ ਸਗਰੇ ਮਾਨਤ ਆਏ। ਜੈ ਦੰਬਾ ਮੁਖ ਮਾਹਿ ਅਲਾਏ।।
ਅਰ ਜਿਸ ਕੀ ਲੈ ਓਟ ਆਧਾਰਾ। ਦੇਵਨ ਭੀ ਨਿਜ ਕਾਜ ਸੁਧਾਰਾ।।
ਤਿਸ ਕੋ ਜੇ ਗੁਰਦੇਵ ਮਨਾਯਾ। ਕਹੋ ਦੋਸ ਕਿਆ ਇਸ ਮਹਿ ਆਯਾ।।
ਜੇ ਸੰਕਾ ਕੁਛ ਹੈ ਮਨ ਮਾਹੀਂ। ਪੜ੍ਹ ਕਰ ਦੇਖ ਭਾਗਵਤ ਤਾਹੀਂ।।

ਕੈਸੀ ਸ਼ਕਤੀ ਸ਼ਕਤ ਅਲਾਵੈ। ਸਕਲ ਤਿਸੀ ਕੇ ਦਾਸ ਬਤਾਵੈ॥
ਤਾਂ ਤੇ ਸ਼ੰਕ ਨ ਕੀਜੋ ਭਾਈ। ਹੈ ਦੁਰਗਾ ਸਭ ਕੋ ਸੁਖ ਦਾਈ॥
ਪੂਜਨ ਜੋਗ ਏਕ ਹੀ ਅਹੇ। ਬੀਚ ਪੁਰਾਨ ਜਾਂਹਿ ਜਸ ਕਹੇ॥੧੩੫॥

## ਤੱਤ ਖਾਲਸਾ

### ਦੋਹਿਰਾ

ਅਹੋ ਪੁਰਾਨਨ ਕੀ ਕਥਾ ਤੈਂ ਜੋ ਕਹੀ ਅਜਾਨ।
ਤਾਂ ਕੋ ਭੇਦ ਨ ਜਾਨਯੋ ਕੈਸੇ ਕਰਤ ਬਖਾਂਨ॥੧੩੬॥
ਪਰ ਇਸ ਮਹਿ ਇਕ ਔਰ ਹੈ ਬਾਤ ਸੁਨੋ ਦੇ ਕਾਨ।
ਹਰ ਇਕ ਬੀਚ ਪੁਰਾਨ ਕੇ ਜੁਦਾ-੨ ਭਗਵਾਨ॥੧੩੭॥
ਬਯਾਸ ਮੁਨੀ ਨੇ ਰਚ ਦਏ ਠਾਰਾਂ ਜੋਇ ਪੁਰਾਨ।
ਉਪ ਪੁਰਾਨ ਭੀ ਤਾਂਹਿ ਨੇ ਕੀਨੇ ਗ੍ਰੰਥ ਮਹਾਨ॥੧੩੮॥

### ਚੌਪਈ

ਅਰ ਪੁਰਾਨ ਜਿਸ ਕਾ ਰਚ ਦੀਨਾ। ਤਿਸ ਮਹਿ ਤਿਸ ਕੋ ਈਸ਼੍ਵਰ ਕੀਨਾ॥
ਸ਼ਕਲ ਔਰ ਤਿਸ ਦਾਸ ਬਨਾਏ। ਏਕੋ ਪੂਜ ਸੋਇ ਠਹਰਾਏ॥
ਜਿਉ ਦੇਵੀ ਭਗਵਤ ਮੇ ਗਾਈ। ਆਦਿ ਸ਼ਕਤ ਜਗਦੰਬਾ ਮਾਈ॥
ਤਿਸ ਬਿਨ ਔਰ ਬਤਾਏ ਦੀਨਾ। ਬਿਨ ਸ਼ਕਤੀ ਬਲ ਅਹੇ ਰਤੀ ਨਾ॥
ਤਿਉ ਸੌਰਵ ਪੌਰਾਣ ਮਝਾਰੀ। ਸੂਰਜ ਕੋ ਭਾਖਯੋ ਬਲਕਾਰੀ॥
ਕਹੀ ਪ੍ਰਕਾਸ਼ ਸਕਲ ਜਗ ਮੂਲਾ। ਸਕਲ ਸ੍ਰਿਸ਼ਟ ਕੋ ਜੋ ਅਨੁਕੂਲਾ॥
ਸੋ ਪ੍ਰਕਾਸ਼ ਰੂਪ ਹੈ ਭਾਨੂੰ। ਜਾਂ ਤੇ ਕਰਤ ਜਗਤ ਸਨਮਾਨੂੰ॥
ਦਿੱਬ ਰੂਪ ਦੇਵੀ ਜੋ ਗਾਈ। ਅਰ ਜੋਤਿ ਤਿਸ ਮਹਿ ਠਹਰਾਈ॥
ਮੁਖ ਮਹਿ ਜ੍ਵਾਲਾ ਚਮਕ ਦਿਖਾਵੈ। ਤੜਤਾ ਸਮ ਦਿਪ ਜਗਤ ਡਰਾਵੈ॥
ਸੋ ਹੈ ਤੇਜ ਚੰਡ ਮਹਿ ਜੇਤਾ। ਸੂਰਜ ਕਾ ਪਈ ਜੁਤ ਜਗ ਤੇਤਾ॥
ਜੇ ਪ੍ਰਕਾਸ਼ ਸੂਰ ਠਹਿ ਦੇਵੈ। ਅਪਨੀ ਜੋਤ ਸ਼ਕਲ ਹਰ ਲੇਵੈ॥
ਤੌ ਦੇਵੀ ਅਰ ਦੇਵ ਬਿਚਾਰੇ। ਫਿਰੇ ਅੰਧ ਹੋ ਬੀਚ ਅੰਧਾਰੇ॥
ਕੋਇ ਕਿਸੇ ਕੋ ਨਹਿ ਪਹਿਚਾਨੋ। ਅਰ ਨਹਿ ਕੋਇ ਕਿਸੇ ਜੋ ਮਾਨੇ॥
ਅੰਧਾ ਧੁੰਦ ਜਗ ਭੀਤਰ ਹੋਇ। ਨਿਜ ਬਿਵਹਾਰ ਬਹੇ ਸਭ ਖੋਇ॥
ਤਾਂ ਤੇ ਸੂਰਜ ਸਮ ਕੋ ਨਾਹੀ। ਜਗ ਈਸ਼੍ਵਰ ਲਖੀਏ ਮਨ ਮਾਹੀਂ॥
ਸੋ ਸੂਰਜ ਹੈ ਦੋਇ ਪ੍ਰਕਾਸ਼ੀ। ਸੁਨਹੁ ਰਿਦੇ ਮਹਿ ਬੁੱਧ ਹੁਲਾਸੀ॥
ਏਕ ਭੂਪ ਭੌਤਕ ਤਿਹ ਗਾਇਆ। ਦੂਸਰ ਸੂਖਮ ਰੂਪ ਬਤਾਇਆ॥
ਦੋਨੋਂ ਕਰ ਜਗ ਚਲਤ ਬਿਹਾਰਾ। ਜਾਂ ਤੇ ਤਾਂ ਕੋ ਕਰਹੁ ਜੁਹਾਰਾ॥
ਸੂਖਮ ਰੂਪ ਸਕਲ ਘਟ ਮਾਹੀ। ਗਯਾਨ ਕਹਤ ਜਗਤਾਹੀਂ॥
ਅਰ ਪੁਨ ਚੇਤਨ ਤਾਹਿ ਬਖਾਨੇ। ਸਤਿ ਚਿਤ ਆਨੰਦ ਕਰ ਉਰ ਮਾਨੇ॥

ਤਿਸ ਪ੍ਰਤਿਕ ਜੋਤੀ ਕੇ ਕਾਜ। ਧਰਤ ਧਿਆਨ ਮੁਨ ਗਨ ਰਿਖ ਰਾਜ॥
ਬ੍ਰਹਮ ਸਨਾਤਨ ਜੋਤ ਸਹਾਈ। ਜੋ ਘਟ ਘਟ ਮਹਿ ਪੂਰਨ ਪਾਈ॥
ਹੈ ਸੋ ਰੂਪ ਅਭੌਤਕ ਤਾਂ ਕੇ। ਸੂਰਜ ਨਾਮ ਦੂਤੀ ਹੈ ਜਾਂ ਕਾ॥
ਫਿਰ ਦੂਸਰ ਜੋ ਪ੍ਰਗਟ ਰੂਪਾ। ਕਰਤ ਸਕਲ ਜਗ ਜਾਂ ਕੀ ਊਪਾ॥
ਸੋ ਅਕਾਸ਼ ਮੰਡਲ ਮਹਿ ਭਾਸੇ। ਕ੍ਰਿਨ ਪ੍ਰਤਾਪ ਸ਼ਕਲ ਤਮ ਨਾਸੈ॥
ਪੁਨ ਉਡਗਨ ਚੰਦ੍ਰ ਟਟਿਆਨੇ। ਦੀਪ ਮਸਾਲ ਜਿਤਕ ਜਗ ਜਾਨੇ॥
ਅਰ ਚੌਂਕੇ ਮਹਿ ਅਗਨ ਅਪਾਰੀ। ਕਰਤ ਕਾਜ ਜਿਤਨੇ ਸੰਸਾਰੀ॥
ਸੋ ਸੂਰਜ ਕਾ ਦੂਸਰ ਰੂਪ। ਜਿਸ ਕੀ ਜਗਤ ਬਖਾਨਤ ਊਪ॥
ਦੋਇ ਰੂਪ ਸੂਰਜ ਕੇ ਜੋਈ। ਹੋਇ ਲੋਪ ਸਭ ਸ੍ਰਿਸ਼ਟ ਬਿਗੋਈ॥
ਇਕ ਛਿਨ ਮਹਿ ਹੋ ਜਾਵੇ ਨਾਸਾ। ਜੈਸੇ ਪਾਨੀ ਮਾਂਹਿ ਪਤਾਸਾ॥
ਤਾਂ ਤੇ ਦੇਵੀ ਦੇਵ ਅਪਾਰੇ। ਦਾਸ ਅਹੇ ਸੂਰਜ ਕੇ ਸਾਰੇ॥
ਯਹ ਸੌਰਵ ਪੌਰਾਨ ਅਲਾਵੈ। ਬਿਨ ਸੂਰਜ ਸਭ ਤੁੱਛ ਬਤਾਵੈ॥੧੩੯॥

## ਦੋਹਿਰਾ

ਫਿਰ ਸੁਨ ਬਿਸ਼ਨ ਪੁਰਾਨ ਮਹਿ ਹੈ ਬਿਸ਼ਨੂ ਪ੍ਰਧਾਨ।
ਦੇਵੀ ਸੂਰਜ ਆਦਿ ਸਭ ਤਾਂ ਕੇ ਦਾਸ ਪਛਾਨ॥੧੪੦॥

## ਚੌਪਈ

ਦੇਖੋ ਤਿਸ ਪੋਰਾਣ ਮਝਾਰੀ। ਕਹਾ ਬਿਸ਼ਨ ਕੋ ਹੀ ਕਲਾਧਾਰੀ॥
ਸੈਨ ਕਰਤ ਵਹੁ ਖੀਰ ਸਮੁੰਦ੍ਰ। ਮਿਟੇ ਦਰਸ ਜਿਸ ਕੇ ਸਭ ਦੁੰਦ੍ਰ॥
ਸਿਆਮ ਵਰਨ ਗਲ ਮੋਤਨ ਹਾਰਾ। ਮੋਰ ਮੁਕਟ ਸੋਹਤ ਛਬ ਭਾਰਾ॥
ਸੰਖ ਚੱਕ੍ਰ ਗਦ ਪਦਮ ਬਿਰਾਜੇ। ਦੇਖ ਰੂਪ ਛਬ ਰਵਿ ਲਖ ਲਾਜੇ॥
ਚਰਨ ਸਰਨ ਬਸ ਸਦਾ ਭਵਾਨੀ। ਕਰਤ ਸੇਵ ਨਿਜ ਮੁਕਤ ਪਛਾਨੀ॥
ਸਾਕਤ ਅਹੇ ਸ਼ਕਤ ਕੋ ਸੋਊ। ਜਾਂ ਬਿਨ ਸ਼ਕਤ ਕਾਜ ਕਤ ਹੋਊ॥
ਜਬ ਤਬ ਧਰ ਪਰ ਪਾਪ ਬਖਾਰੇ। ਦੇਵ ਸੰਤ ਹੋਏ ਦੁਖਯਾਰੇ॥
ਵਧਾ ਪਾਪ ਕਾ ਜਗਤ ਪਸਾਰਾ। ਅਸੁਰ ਕਰਤ ਦੇਵਨ ਕੋ ਖੁਆਰਾ॥
ਤਬ ਹੀ ਨਿਜ ਆਲਸਤਾ ਤਿਆਗੇ। ਰਤਨ ਮੰਚ ਤੇ ਬਹੁਰੋ ਜਾਗੇ॥
ਸੰਖ ਚੱਕ੍ਰ ਧਰ ਲੈ ਅਵਤਾਰਾ। ਕਰਤ ਸਕਲ ਦੁਸ਼ਟਨ ਕੋ ਛਾਰਾ॥
ਧਰਮ ਧਰਾ ਪਰ ਜਬ ਫੈਲਾਵੇਂ। ਬਹੁਰ ਖੀਰ ਸਾਗਰ ਮਹਿ ਜਾਵੇ॥
ਪੌਢੈ ਸੇਸ ਸੇਜ ਕਰ ਨੀਕੀ। ਜਾਨਨ ਹਾਰ ਭਗਤ ਜਨ ਜੀਕੀ॥
ਕਈ ਵੇਰ ਜਬ ਦੇਵ ਦੁਖਾਰੇ। ਅਸੁਰਨ ਕੇ ਦੁਖ ਤੇ ਦੁਖਯਾਰੇ॥
ਗਏ ਪਾਸ ਬਿਸ਼ਨੂ ਕੇ ਧਾਈ। ਨਿਜ ਦੁਖ ਕਹੇ ਊਪ ਤਿਸ ਗਾਈ॥
ਕਹੀ ਵਚਾਵਹੁ ਹੇ ਜਗ ਨਾਥਾ। ਹਮ ਹੈਂ ਦੀਨ ਮਲੀਨ ਅਨਾਥਾ॥
ਅਸੁਰਨ ਹਮਰੇ ਮੁਖ ਹਰ ਲੀਨੇ। ਲਾਤਨ ਕੇ ਪ੍ਰਾਹਰ ਸੁ ਕੀਨੇ॥

ਹਮਰੀ ਇਸ਼ਟ ਨਾਰ ਹਰ ਲੀਨੀ। ਅਧਕ ਪ੍ਰਕਾਰ ਸਾਮਨਾ ਦੀਨੀ॥
ਤਾਂ ਤੇ ਦੁਖੀ ਹੋਇ ਹਮ ਆਏ। ਹੇ ਪ੍ਰਭ ਜੂ ਅਬ ਲੇਹੁ ਬਚਾਏ॥
ਸੁਨ ਕਰ ਤਿਨ ਕੇ ਦੁਖ ਕੀ ਗਾਥਾ। ਚੜ੍ਹੇ ਗਰੜ ਤ੍ਰਿਭਵਨਨ ਨਾਥਾ॥
ਧਾਰ ਗਦਾ ਚੱਕਰ ਬਲਕਾਰੀ। ਅਸੁਰ ਸੰਘਾਰ ਵਡੋ ਬਲਧਾਰੀ॥
ਕਰਤ ਸੁਖੀ ਦੇਵਨ ਕੋ ਪਲ ਮੈਂ। ਜਾਇ ਬਰਾਜਤ ਬਹੁਰੋ ਜਲ ਮੈਂ॥
ਗਜ ਕੋ ਤ੍ਰਾਸ ਮਿਟਾਇਯੋ ਜਾਹੀਂ। ਦੂਸਰ ਔਰ ਨਹੀਂ ਸਮ ਤਾਹੀ॥
ਕੋਟ ਦੁਰਗਾ ਜਾਂਕੇ ਪੱਗ ਝਾਰਤ। ਕੋਟ ਇੰਦਰ ਜਾਹਿ ਬਾਰ ਬੁਹਾਰਤ॥
ਤਾਂ ਤੇ ਬਿਸ਼ਨ ਏਕ ਹੀ ਦੇਵਾ। ਪੂਜਨ ਕਰਹੁ ਤਾਂਹ ਕੀ ਸੇਵਾ॥
ਚਾਰ ਪਦਾਰਥ ਘਰ ਮਹਿ ਪਾਵੇ। ਸੱਤ੍ਰਨ ਜੀਤ ਤੁਰਤ ਫਿਰ ਆਵਹੁ॥
ਜਿਸ ਤੇ ਬਿਨਾਂ ਅਵਰ ਨਹਿ ਕੋਊ। ਰੱਖਕ ਜੀਵਨ ਕੋ ਜਗ ਜੋਊ॥
ਐਸੇ ਬਿਸ਼ਨ ਪੌਰਾਨ ਬਤਾਵੈ। ਏਕ ਵਿਸ਼ਨ ਈਸ਼ੂਰ ਠਹਰਾਵੈ॥
ਤਾਂ ਤੇ ਭਿੰਨ ਔਰ ਹੈਂ ਜੇਤੇ। ਨਿਸਚੇ ਅਹੇ ਅਨੀਸ਼ੂਰ ਤੇਤੇ॥੧੪੧॥

## ਦੋਹਿਰਾ

ਐਸੇ ਵਿਸ਼ਨ ਪੁਰਾਨ ਮਹਿ ਸਕਲ ਦੇਵ ਕੋ ਦੇਵ।
ਕਹਾ ਵਿਸ਼ਨ ਭਗਵਾਨ ਹੈ ਤਾਂ ਕੀ ਕਰੀ ਯੁਹ ਸੇਵ॥੧੪੨॥

## ਦੋਹਿਰਾ

ਆਗੇ ਸੈਵ ਪੁਰਾਨ ਕੀ ਕਥਾ ਸੁਨੋ ਦੈ ਕਾਨ।
ਬਿਨ ਸ਼ਿਵ ਦੂਸਰ ਹੈ ਨਹੀਂ ਕਰੇ ਜਗਤ ਕਲਯਾਨ॥੧੪੩॥

## ਚੌਪਈ

ਸੈਵ ਪੁਰਾਨ ਕਹੇ ਸ਼ਿਵ ਈਸ। ਤੀਨ ਭਵਨ ਕੋ ਹੈ ਜਗਦੀਸ॥
ਜਿਸ ਕੋ ਨਾਮ ਮੁਕਤ ਹੈ ਪਿਆਰੇ। ਸਦਾ ਮੁਕਤ ਸ਼ਿਵ ਸਗਲ ਉਚਾਰੇ॥
ਤੀਨ ਨੈਨ ਤ੍ਰੈ ਨੇਤ੍ਰ ਗਾਵੈਂ। ਤੀਨ ਦੇਵ ਜਹਿਂ ਮਹਿਂ ਠਹਰਾਵੈਂ॥
ਬਿਸ਼ਨ ਰਹਤ ਸੱਜੇ ਦ੍ਰਿਗ ਜਾਂਤੇ। ਪਾਲਨ ਕਰਤ ਜਗਤ ਕੀ ਤਾਂਤੇ॥
ਖੱਬੇ ਨੈਨ ਚਤਰ ਮੁਖ ਰਹ ਹੈ। ਉਤਪਤ ਕਰਤ ਜਗਤ ਕੀ ਵਹਿ ਹੈ॥
ਤੀਸਰ ਅਗਨ ਨੇਤ੍ਰ ਕੇ ਮਾਂਹਿ। ਰਹਿਤ ਆਪ ਸ਼ਿਵ ਸੰਸੈ ਨਾਂਹਿ॥
ਕਰਤ ਸੰਘਾਰ ਜਗਤ ਕੋ ਜੋਊ। ਤੀਨ ਸ਼ਕਤ ਇੱਕ ਸ਼ਿਵ ਮਹਿ ਹੋਊ॥
ਮਹਾਂਦੇਵ ਹੈ ਜਾਂ ਕੋ ਨਾਮਾਂ। ਸਭ ਸੇ ਅਧਕ ਜਾਂਹਿ ਕੇ ਕਾਮਾਂ॥
ਗੀਝਤ ਨੇਂਕ ਗਾਲ੍ਹਕੇ ਬਾਜੇ। ਨਵ ਨਿਧ ਦੇਤ ਕਰਤ ਸਭ ਕਾਜੇ॥
ਚਰਨ ਬਸਤ ਜਹਿ ਸਦਾ ਪਿਆਰੀ। ਦਾਸੀ ਹੋਇ ਸ਼ਕਤ ਸੁਖਕਾਰੀ॥
ਅਰਧੰਗੀ ਜਿਨ ਆਪ ਬਨਾਈ। ਸ਼ਿਵ ਕੀ ਸ਼ਕਤ ਪੂਜ ਕਹਿਲਾਈ॥
ਬਾਨ ਤ੍ਰਿਸ਼ੂਲ ਧਾਰ ਕਰ ਜਾਹੀਂ। ਤ੍ਰਿਪੁਰ ਬਧ ਕੀਨੋ ਖਿਨ ਮਾਹੀਂ॥
ਤਾਂ ਕੋ ਪੂਤ ਗਣੇਸ ਕਹਾਵੈ। ਸ਼ਕਲ ਦੇਵ ਸੇ ਅਧਿਕ ਸਦਾਵੈ॥

ਪ੍ਰਥਮੇ ਕਰਤ ਤਾਂਹਿ ਕੀ ਪੂਜਾ। ਬਹੁਰ ਮਨਾਵਤ ਹੈ ਨਰ ਦੂਜਾ॥
ਜਾਂ ਕੋ ਪੂਤ ਅਹੇ ਪ੍ਰਤਾਪੀ। ਭਯੋ ਪ੍ਰਸਿਧ ਪਾਇ ਸ਼ਿਵ ਥਾਪੀ॥
ਤਾਂ ਸਮ ਔਰ ਦੂਸਰੋ ਕੋ ਹੈ। ਲੋਕ ਪ੍ਰਲੋਕ ਪਤਿ ਸ਼ਿਵ ਸੋਹੈ॥
ਆਨ ਦੇਵ ਸਮ ਸਰ ਨਹਿ ਜਾਂ ਕੋ। ਮਹਾਂਦੇਵ ਸ਼ਿਵ ਗੁਰ ਭਗਤਾਂ ਕੋ॥
ਤਾਂ ਕੇ ਪੂਜਨ ਸਦ ਹੀ ਕੀਜੈ। ਮੁਕਤ ਪਦਾਰਥ ਪਲ ਮਹਿ ਲੀਜੈ॥
ਜਾਂ ਕੀ ਕਾਂਸ਼ੀ ਪੁਰੀ ਮਝਾਰੀ। ਲਹਤ ਮੁਕਤ ਮਰ ਕਰ ਨਰ ਨਾਰੀ॥
ਔਰ ਦੇਵ ਕੇ ਜੋਇ ਉਪਾਸੀ। ਪਰਤ ਜਾਇ ਯਮ ਕੀ ਸਭ ਫਾਸੀ॥
ਪਰ ਸ਼ਿਵਜੀ ਕੇ ਸੇਵਨ ਹਾਰੇ। ਲਹਤ ਮੁਕਤ ਜਗ ਬੰਧਨ ਡਾਰੇ॥
ਤਾਂ ਤੇ ਕੇਵਲ ਸ਼ਿਵਹ ਧਿਆਵੈ। ਰਿੱਧ ਸਿੱਧ ਘਰ ਮਹਿ ਸਭ ਪਾਵੈ॥
ਐਸੇ ਸੈਵ ਪੁਰਾਨ ਬਤਾਯੋ। ਸਭ ਸੇ ਅਧਿਕ ਏਕ ਸ਼ਿਵ ਗਾਯੋ॥੧੪੪॥

## ਦੋਹਿਰਾ

ਬਹੁਰ ਗਨੇਸ਼ ਪੁਰਾਨ ਮਹਿ ਸਭ ਦੇਵਨ ਕੋ ਏਸ਼।
ਪੂਜਨ ਜੋਗ ਬਤਾਇਆ ਨੀਕੇ ਦੇਖ ਗਣੇਸ਼॥੧੪੫॥

## ਚੌਪਈ

ਗਣਏਸ਼ੂਰ ਇੱਕ ਅਹੇ ਗਨੇਸ਼। ਜਾਂ ਸਮ ਦੂਸਰ ਸੇਸ਼ ਮਹੇਸ਼॥
ਨਹੀਂ ਜਗਤ ਮਹਿ ਪਈਯਤ ਕੋਈ। ਏਕ ਗਨੇਸ਼ ਮੁਖ ਹੈ ਸੋਈ॥
ਸਭ ਕਾਰਜ ਕੇ ਆਦਿ ਅਰੰਭਾ। ਪੂਜਤ ਸਭ ਗਣਪਤ ਲਖ ਥੰਭਾ॥
ਬਿਘਨ ਸਕਲ ਕੋ ਹਰਤਾ ਏਕ। ਗਣਪਤ ਨਾਮ ਧਰਤ ਨਰ ਟੇਰ॥
ਤੀਨ ਭਵਨ ਕੀ ਉਤੱਪਤ ਜੋਈ। ਤਿਸ ਕੀ ਸੁੰਡੀ ਸੇ ਸਭ ਹੋਈ॥
ਸ਼ਕਤ ਹਾਥ ਮਹਿ ਨਵ ਨਿਧ ਲੀਨੇ। ਖਰੀ ਅਗਾਰੀ ਹੋਇ ਅਧੀਨੇ॥
ਜੱਗ ਕਰਮ ਅਰ ਬਯਹ ਮਝਾਰੀ। ਪ੍ਰਥਮ ਪੂਜ ਗਣਏਸ਼ ਉਚਾਰੀ॥
ਜਾਂਤੇ ਬਿਘਨ ਸਕਲ ਵਹੁ ਖੋਵਤ। ਪੂਰਨ ਕਾਜ ਸੂਖ ਸਹਿ ਹੋਵਤ॥
ਬਿਘਨ ਹਰਨ ਅਰ ਕਾਰਜ ਸਾਧਕ। ਅਹੇ ਗਣੇਸ਼ ਸਕਲ ਦੁਖ ਬਾਧਨ॥
ਮਾਤ ਤਾਤ ਭੀ ਜਾਂਹਿ ਮਨਾਵਤ। ਮਨ ਇੱਛੇ ਫਲ ਤਾਂਤੇ ਪਾਵਣ॥
ਤਾਂਕੋ ਤਾਤ ਆਪ ਸ਼ਿਵ ਜੋਈ। ਨਿਜ ਸ਼ਕਤੀ ਜਬ ਲਖੀ ਨ ਕੋਈ॥
ਤਬ ਤਿਨ ਪੂਤ ਗਣੇਸ਼ ਮਨਾਯਾ। ਜਾਂ ਕੇ ਬਲ ਤ੍ਰਿਪੁਰਾਰ ਮੁਕਾਯਾ॥
ਬੀਚ ਪੁਰਾਨ ਕਥਾ ਇਮ ਗਾਈ। ਭਈ ਤ੍ਰਿਪੁਰ ਸੋ ਜਬੀ ਲਰੀ॥
ਏਕ ਓਰ ਤ੍ਰਿਪੁਰ ਬਲਧਾਰੀ। ਦੁਤੀ ਓਰ ਸ਼ਿਵ ਜੂ ਅਵਤਾਰ॥
ਲਰਤ ਰਹੇ ਬਹੁ ਕਾਲ ਅਪਾਰਾ। ਪਰ ਤ੍ਰਿਪੁਰ ਤਿ ਸਤੇ ਨ ਨਹਿਰਾ॥
ਓੜਕ ਸ਼ਿਵਜੀ ਭਏ ਲਚਾਰ। ਲੱਗੇ ਕਰਨ ਮਨ ਮਾਂਹਿ ਵਿਚਾਰ॥
ਕਯਾ ਕਾਰਨ ਹਮ ਮੈ ਬਲ ਨਾਹੀ। ਕੌਨ ਦੋਖ ਪਰਯੋ ਇਸ ਮਾਹੀ॥
ਜਿਸ ਪਰ ਅੰਤ ਬਾਤ ਮਨ ਆਈ। ਨਹਿ ਗਣੇਸ਼ ਹਮ ਲੀਨ ਮਨਾਈ॥

ਜਾਂਤੇ ਫਤਹ ਨ ਹਮਰੀ ਭਈ। ਤ੍ਰਿਪੁਰ ਪੀਠ ਨ ਰਣ ਮਹਿੰ ਦਈ।।
ਤਿਸੀ ਸਮਯ ਸ਼ਿਵ ਧਯਾਨ ਲਗਾਯੋ। ਗਣਪਤ ਕੋ ਪੂਜਨ ਕਰਵਾਯੋ।।
ਭਏ ਸਹਾਇ ਲੰਬੋਦਰ ਦੇਵਾ। ਦੇਖ ਸਭ ਕੀ ਨੀਕੀ ਸੇਵਾ।।
ਜਿਸ ਪਰ ਲੈ ਵਰ ਤ੍ਰਿਪੁਰ ਮਾਰਾ। ਭੀੜ ਪਰੀ ਮਹਿ ਦੇਤ ਸਹਾਰਾ।।
ਤਾਂ ਤੇ ਗਣ ਨਾਇਕ ਜਗ ਸ੍ਵਾਮੀ। ਤੀਨ ਭਵਨ ਕੇ ਅੰਤ੍ਰਯਾਮੀ।।
ਪੂਜਨ ਜੋਗ ਸਗਲ ਕੋ ਸੋਈ। ਜਾਂ ਸਮ ਦੂਸਰ ਔਰ ਨ ਕੋਈ।।੧੪੬।।

## ਦੋਹਿਰਾ

ਸ਼ੈਵੀ ਭਗਵਤ ਇੱਕ ਜੋ ਲਿਖਯਾ ਬਯਾਸ ਪੁਰਾਨ।
ਜੋ ਪੜ੍ਹ ਲੇਵੈ ਓਸ ਨੂੰ ਚੰਬੜ ਜਾਇ ਸ਼ਿਤਾਨ।।੧੪੭।।
ਜੇ ਇਕ ਵੇਰੀ ਓਸ ਨੂੰ ਲੇਵੈ ਕੋਈ ਦੇਖ।
ਨਿਸਚੈ ਕਰ ਤੂੰ ਜਾਨ ਲੈ ਫੁੱਟਨ ਉਸ ਦੇ ਲੇਖ।।੧੪੮।।

## ਚੌਪਈ

ਬਾਂਮ ਮਾਰਗ ਦਾ ਉਸ ਵਿੱਚ ਹਾਲ। ਵਰਨਨ ਕੀਤਾ ਨਾ ਕੁਚਾਲ।।
ਮਹਾਂ ਮੰਦ ਜਿਸ ਕਰਮ ਬਤਾਏ। ਸੁਨ ਸੁਨ ਕੌਮ ਕੰਪ ਦੁੱਖ ਪਾਏ।।
ਜੋ ਤਿਸ ਕੋ ਮੈਂ ਕਹਾਂ ਸੁਨਾਇ। ਗ੍ਰੰਥ ਸਕਲ ਗੰਦਾ ਹੋ ਜਾਇ।।
ਜਿਸ ਤੇ ਕਥਨੇ ਜੋਗ ਨ ਸੋਈ। ਮਹਾਂ ਭਰਿਆ ਹੀਤ ਹੈ ਜੋਈ।।
ਚੋਲੀ ਕੂੰਡਾ ਮਾਰਗ ਸਾਰੇ। ਚੱਕ੍ਰ ਭੈਰਵ ਜਬੇ ਨਿਹਾਰੇ।।
ਤਬ ਹੀ ਬੁੱਧ ਪੁਰਖ ਕੀ ਮਾਰੀ। ਲੋਕ ਪਰਲੋਕ ਵਿਖੇ ਪਤ ਹਾਰੀ।।
ਪਰ ਬਯਾਸ ਜੂ ਨੇ ਤਿਸ ਮਾਹੀ। ਕਰੀ ਸੰਕ ਲਿਖਤੇ ਕੁਛ ਨਾਹੀ।।
ਤਿਸ ਕੋ ਮੋਖ ਹੇਤ ਬਤਲਾਇਆ। ਸਭ ਪੁਰਾਨ ਤੇ ਉੱਤਮ ਗਾਇਆ।।
ਫਿਰ ਤੂੰ ਕਹੁ ਭਾਈ ਇਸ ਜਾਗਾ। ਕੌਨ ਪੁਰਾਨ ਅਹੇ ਸੁਭ ਲਾਗਾ।।
ਅਰ ਕਿਸ ਕੋ ਮਾਨੈ ਨਰ ਕੋਈ। ਅਪਨੇ ਸੁਖ ਕੋ ਅਰਥੀ ਜੋਈ।।
ਤਾਂ ਤੇ ਏਹੁ ਪੁਰਾਨ ਬਖੇੜਾ। ਮੂਰਖ ਜਨ ਹਿਤ ਪਾਇਆ ਝੇੜਾ।।
ਸੁਨ ਸੁਨ ਨਰ ਅਗਯਾਨੀ ਜੋਈ। ਹੋਤ ਪ੍ਰਸੰਨ ਰਿਦੇ ਮਹਿੰ ਸੋਈ।।
ਯਾਂ ਹੀ ਤੇ ਹਰਬੰਸ ਪੁਰਾਨ। ਜੋ ਬਾਵਾ ਜੀ ਕਰਾ ਬਖਾਨ।।
ਸੋ ਭੀ ਹੈ ਇਨਹੀ ਕਾ ਭਾਈ। ਨਹੀ ਸਿੱਧ ਜਿਸ ਮੈ ਕੁਛ ਰਾਈ।।
ਯਾਂ ਹੀ ਤੇ ਦਸਮੇ ਅਵਤਾਰੀ। ਪੁਰਾਨਨ ਤੇ ਸੰਗਤ ਨਿਜ ਟਾਰੀ।।
ਵੇਦ ਪੁਰਾਨ ਕੁਰਾਨ ਉਠਾਏ।* ਬਿੱਪਰ ਲੰਭ ਪਦ ਜਾਂ ਮਹਿੰ ਪਾਏ।।
ਤਾਂ ਕੋ ਤਿਆਗ ਭਲੇ ਕਰਵਾਯੋ। ਗੁਰੂ ਗ੍ਰੰਥ ਮਾਰਗ ਸਮਝਾਯੋ।।
ਜੋ ਬਾਵਾ ਜੀ ਵਿੱਦਯਾ ਪਠਕੈ। ਦੇਖਤ ਸਭ ਪੁਰਾਨ ਅਤਿ ਠਠਕੈ।।
ਤੌ ਸਿੱਧਾਂਤ ਸਭ ਲੇਤ ਵਿਚਾਰ। ਜਾਂਤੇ ਮਨ ਸੇ ਦੇਤ ਵਿਸਾਰ।।
ਪਰ ਬਾਵਾ ਜੂ ਨਹੀਂ ਨਿਹਾਰੇ। ਸੁਨ ਕਰ ਹੀ ਮਨ ਮਹਿੰ ਨਿਰਧਾਰੇ।।

ਜਾਂ ਤੇ ਸਰਧਾ ਕਰ ਤਿਨ ਮਾਂਹੀ। ਅੰਨ ਜੀਵ ਸਮ ਮਾਨਤ ਜਾਹੀ॥
ਜਾਂ ਤੇ ਗੁਰੂ ਦਸਮ ਜਗਨਾਥਾ। ਕਾਮ ਨ ਜਿਨੈ ਪੁਰਾਨਨ ਸਾਥਾ॥
ਸੋ ਜੋ ਸਰਬ ਸ਼ਕਤ ਕੇ ਧਰਤੇ। ਔਰ ਸ਼ਕਤ ਕਿਉਂ ਪੂਜਨ ਕਰਤੇ॥
ਸਰਬ ਸ਼ਕਤ ਜਿਨ ਕੀ ਹੈ ਦਾਸੀ। ਨਵ ਨਿਧ ਜਿਨ ਕੇ ਚਰਨ ਨਵਾਸੀ॥
ਸੋ ਮਾਂਗਤ ਵਰ ਅਨੰਤ ਜਾਇ। ਨਫ਼ੀਮਾਰ ਕੋ ਸੰਗ ਲਵਾਇ॥
ਯਹ ਸਭ ਬਾਤ ਝੂਠ ਹੈ ਪਯਾਰੇ। ਜੋ ਕੁਛ ਸਿੰਘ ਸੁਮੇਰ ਉਚਾਰੇ।੧੪੯॥

## ਦੁਰਗਾ ਭਗਤ

### ਦੋਹਿਰਾ

ਬਾਤਾ ਤਾਂ ਹਨ ਸਚੀਆਂ ਜੋ ਤੋ ਕਹੀਆ ਮਿੱਤ।
ਪਰ ਬਾਵੇ ਜੋ ਲੱਖਯਾ ਸੋ ਭੀ ਲਗਦਾ ਚਿੱਤ।੧੫੦॥

### ਚੌਪਈ

ਪਹਲੇ ਇਹ ਸੁਨ ਲੀਜੇ ਸਾਰਾ। ਜੋ ਬਾਵਾ ਜੀ ਆਪ ਉਚਾਰਾ॥
ਜਿਸ ਪਰ ਸਰਧਾ ਮੈਂ ਕਰ ਲੀਨੀ। ਚੰਡੀ ਕਥਾ ਸਾਚ ਕਰ ਚੀਨੀ॥
ਜਦ ਬ੍ਰਾਹਮਨ ਸਭ ਗੁਰ ਢਿਗ ਆਏ। ਤਦ ਗੁਰ ਜੂ ਸਭ ਪਾਸ ਬਠਾਏ॥
ਪਾਛੇ ਕਹੀ ਬਾਤ ਸੁਨ ਪਯਾਰੇ। ਪ੍ਰਗਟ ਕਰੋ ਚੰਡ ਸੁਖਕਾਰੇ॥
ਜਿਸ ਪਰ ਤਿਨ ਨੇ ਵਹੀ ਅਲਾਯਾ। ਹਮ ਨਹਿੰ ਜਾਨਤ ਹੈਂ ਜਗਰਾਯਾ॥
ਦੱਤਾ ਨੰਦ ਉਜੈਨ ਨਿਵਾਸੀ। ਸੋ ਜਾਨਤ ਵਿਧ ਸਭ ਸੁਖਰਾਸੀ॥
ਜਿਸ ਪਰ ਵਹੁ ਪੰਡਤ ਭੀ ਆਏ। ਤਿਸ ਕੋ ਭੀ ਗੁਰੂ ਯਹੀ ਅਲਾਏ॥
ਜਿਸ ਪਰ ਪੰਡਤ ਉਜਰ ਉਠਾਯਾ। ਮੈਂ ਪੁਸਤਕ ਨ ਸਾਥ ਲਿਆਯਾ॥
ਜਿਸ ਪਰ ਸਿੰਘ ਸੁਮੇਰ ਅਲਾਈ। ਸੋ ਮੈਂ ਤੈਨੂੰ ਕਹਾਂ ਸੁਨਾਈ।੧੫੧॥ ਯਥਾ:-

### ਚੌਪਈ

"ਤਬ ਤਿਨ ਕਹੀ ਨ ਪੁਸਤਕ ਆਈ। ਕੈਸੇ ਹੋਇ ਕਾਜ ਜਗਰਾਈ॥
ਤਬ ਲਗ ਪੁਸਤਕ ਕੇਰ ਪਟਾਰਾ। ਸਿੱਖਨ ਰਾਖਯ ਨਿਕਟ ਨਿਕਾਰਾ।੧੫੨॥
ਅਤਿ ਅਚਰਜ ਪੰਡਤ ਮਗਨਾਨਾ। ਗੁਰ ਨਾਨਕ ਅਵਤਾਰ ਪਛਾਨਾ॥
ਪ੍ਰਭ ਪ੍ਰੇਰਤ ਪੰਡਹਿ ਪਧਾਰੇ। ਤਹਿਤੇ ਪੁਸਤਕ ਦਏ ਪਟਾਰੇ।੧੫੩॥"

### ਦੋਹਿਰਾ

ਜਦ ਪੰਡਤ ਜੀ ਪਾਸ ਨਹਿੰ ਪੋਥੀ ਪਿਖੀ ਦਿਆਰ।
ਤਬ ਤਿਸ ਆਗੇ ਧਰ ਦਏ ਅਪਨੇ ਖੋਲ ਪਟਾਰ।੧੫੪॥
ਜਿਸ ਨੂੰ ਦੇਖ ਆਨੰਦ ਹੋ ਲੱਗਾ ਕਹਿਨ ਦਿਜੇਸ਼।
ਯਹ ਤੋ ਗੁਰ ਅਵਤਾਰ ਹੈਂ ਸ੍ਰੀ ਨਾਨਕ ਕੋ ਵੇਸ਼।੧੫੫॥
ਜੇ ਗੁਰ ਜੀ ਦੇ ਮਨ ਵਿਖੇ ਇੱਛਾ ਹੁੰਦੀ ਨਾਹਿ।
ਤੌ ਪਟਾਰ ਕਿਉਂ ਪੁਸਤਕਾਂ ਰਖਦੇ ਤਿਸ ਦੇ ਪਾਹਿ।੧੫੬॥

# ਤੱਤ ਖਾਲਸਾ

## ਦੋਹਿਰਾ

ਇਸ ਕਥਨੀ ਤੇ ਸਿੱਧ ਕੁਛ ਹੋਤ ਨਹੀਂ ਸੁਨ ਬੀਰ।
ਦਏ ਗ੍ਰੰਥ ਉਸ ਬਿਪ ਕੋ ਜੋ ਸਨ ਗੁਰ ਕੇ ਤੀਰ।।੧੫੭।।

## ਦਵੈਯਾ

ਪਰ ਇਹ ਸਾਰਾ ਪੰਡਤ ਦਾ ਸੀ ਦਿਸਦਾ ਇੱਕ ਬਹਾਨਾ। ਜੋ ਉਸ ਨੇ ਗੁਰ ਅੱਗੇ ਕੀਤਾ ਉਸ ਵੇਲੇ ਮਨ ਮਾਨਾ। ਆਖੀ ਪੁਸਤਕ ਮੇਰਾ ਨਾਹੀ ਜਿਸ ਦੁਵਾਰੇ ਜਗ ਸਾਂਈਂ। ਪੂਜਨ ਕਰਨੇ ਦੀ ਵਿਧ ਦੱਸਾਂ ਸਮਾਂ ਨ ਜਾਇ ਅਜਾਂਈਂ।।੧੫੮।। ਭਲਾ ਕਹੋ ਉਹ ਖਾਲੀ ਹੱਥੀ ਕਿਉਂ ਘਰ ਤੇ ਸੀ ਆਇਆ।। ਈਦੋਂ ਪਿੱਛੇ ਤੰਬਾ ਉਸ ਨੇ ਫੂਕਨ ਹੇਤ ਰਖਾਇਆ।। ਜੁੱਧ ਸਮਯ ਨਾ ਸ਼ਸਤ੍ਰ ਪਹਰੇ ਫਿਰ ਕਦ ਪਹਰੇ ਭਾਈ। ਤਾਂਤੇ ਬਾਤ ਬਿੱਪ ਨੇ ਕੀਤੀ ਜੈਸੀ ਕਰਨ ਸੁਦਾਈ।।੧੫੯।। ਇਹ ਭੀ ਉਜਰ ਓਸ ਦਾ ਗੁਰ ਜੀ ਤੋੜ ਦਿਆ ਤੱਤਕਾਲ। ਅਪਨਾ ਭਰਾ ਪਟਾਰ ਪੁਸਤਕਾਂ ਤਿਸ ਕੋ ਚਾਇ ਦਿਖਾਲਾ। ਜਿਸ ਪਰ ਹੋਇ ਹਰਾਨ ਗਿਆ ਅਰ ਪੇਸ਼ ਨ ਚੱਲੀ ਕੋਈ। ਮਨ ਵਿੱਚ ਸੋਚੀ ਇਹਤਾਂ ਐਥੇ ਅਣਹੋਣੀ ਸੀ ਹੋਈ।।੧੬੦।। ਪਰ ਇਹ ਪੋਥੀ ਵਾਲੀ ਚਾਲੀ ਬਾਵਾ ਜੀ ਨੇ ਗਾਈ। ਸੁੱਖਾਸਿੰਘ ਸੰਤੋਖ ਹਰੀ ਨੇ ਪਹਲੇ ਨਹੀਂ ਸੁਣਾਈ।। ਕਿਆ ਜਾਣੇ ਇਹ ਖਬਰ ਇਨ੍ਹਾਂ ਨੂੰ ਕਿਸ ਨੇ ਦਿੱਤੀ ਆਕੇ। ਪੰਡਤ ਨੈ ਇਹ ਕਰਾ ਬਹਾਨਾ ਗੁਰ ਜੀ ਸੁਨਮੁਖ ਜਾਕੇ।। ਪਹਲੇ ਦੋਨਾਂ ਕਵੀਆਂ ਨਾਲੋ ਇਨ ਨੇ ਨਮਕ ਮਸਾਲਾ।। ਹੋਰ ਲਗਾਕੇ ਚਾਇ ਦਿਖਾਇਆ ਕਵੀਪਣੇ ਦਾ ਚਾਲਾ।। ਕੇਵਲ ਇਤਨਾ ਪ੍ਰਗਟ ਕੀਤਾ ਗੁਰ ਜੀ ਪਾਸ ਘਨੇਰੇ। ਭਰੇ ਪਟਾਰ ਪੁਸਤਕਾਂ ਹੈ ਸਨ ਪੜ੍ਹਨ ਸਿੱਖ ਬਹ ਡੇਰੇ ।। ਤਾਂ ਤੇ ਇਸ ਦਾ ਖਯਾਲ ਛਡਕੇ ਅਸਲੀ ਬਾਤ ਬਤਾਓ। ਐਵੇਂ ਛੋਟੀ ਬਾਤਾਂ ਕਰਕੇ ਨਾ ਪਰਚਾਓ।। ਦੱਸੋ ਉਸ ਪੰਡਤ ਨੇ ਦੇਵੀ ਸੀ ਪ੍ਰਗਟ ਕਰਵਾਈ। ਕੈ ਪੋਥੀ ਸਮ ਹੋਰ ਉਜ਼ਰ ਕਰ ਅਪਨੀ ਜਾਨ ਛੁਡਾਈ।।੧੬੧।।

# ਦੁਰਗਾ ਭਗਤ

## ਦੋਹਿਰਾ

ਇਸ ਤੇ ਅੱਗੇ ਉਹੋ ਹੈ ਨਹੀਂ ਨਵੀਂ ਕੁਛ ਬਾਤ।
ਸਵਾ ਲੱਖ ਦੀ ਦੱਖਨਾ ਪੰਡਤ ਲੈਨ ਠਗਾਤ।।੧੬੨।।
ਜੋ ਪਹਲੇ ਕਵੀਅਨ ਕਹੀ ਸੋਈ ਸਿੰਘ ਸੁਮੇਰ।
ਦੱਸੀ ਲੈਨ ਸਮਗ੍ਰੀ ਲੱਖ ਰੁਪੱਈਏ ਫੇਰ।।੧੬੩।।
ਸੋ ਸਭ ਹੀ ਮੰਗਵਾਇਕੇ ਦਿੱਤੀ ਗੁਰ ਤਿਨ ਹਾਥ।
ਲਗੇ ਹਵਨ ਕਰਾਵਨੇ ਸਤੁੱਦ੍ਰਵ ਢਿਗ ਤਿਸ ਸਾਥ।।੧੬੪।।
ਉਸ ਵੇਲੇ ਦਾ ਹਾਲ ਇਹ ਬਾਵਾ ਕਹੇ ਪੁਕਾਰ।
ਜਾਕੇ ਬਰਨੀ ਬੈਠਿਆ ਪੰਡਤ ਦਸਕ ਹਜ਼ਾਰ।।੧੬੫।। ਯਥਾ

### ਚੌਪਈ

'ਦਸ ਹਜ਼ਾਰ ਦ੍ਵਿਜ ਸਤੁੱਦ੍ਵ ਤੀਰਾ। ਬਰਨੀ ਬੈਠ ਪਰਮ ਮਤ ਧੀਰਾ।
ਮਧ ਹੋਮ ਮੰਡਪ ਮਨ ਮਾਨਾ। ਤਾਂ ਮਹਿ ਅਦਿਆ ਕਰ ਅਸਥਾਨਾ।੧੬੬॥

### ਦੋਹਿਰਾ

ਪ੍ਰਥਮ ਪੂਜ ਨਵ ਗ੍ਰਹ ਕਰੀ ਸਭ ਦੇਵਨ ਦੀ ਸ਼ਾਂਤਿ।
ਖੋੜਸ ਕਰੀ ਕੁਮਾਰ ਕੀ ਪੂਜਨ ਪੂਰਨ ਕਾਂਤਿ।੧੬੭॥

### ਦੋਹਿਰਾ

ਕਾਰਜ ਚਾਇ ਅਰੰਭਿਆ ਤਬ ਦ੍ਵਿਜ ਵਰ ਨੇ ਜਾਇ।
ਸ੍ਰੀ ਯੁਤ ਬਾਵਾ ਗ੍ਰੰਥ ਮਹਿ ਦਿੱਤਾ ਖ਼ੂਬ ਸੁਨਾਇ।੧੬੮॥

## ਤੱਤ ਖਾਲਸਾ

### ਦੋਹਿਰਾ

ਇਹ ਸਭ ਧਨ ਬਰਬਾਦ ਦਾ ਸਾ ਇੱਕ ਢੰਗ ਨਦਾਨ।
ਬਾਵਾ ਜੀ ਪ੍ਰਗਟ ਕਰੇ ਨਹਿੰ ਕੁਛ ਸਿੱਧ ਪਛਾਨ।੧੬੯॥

### ਦਵੈਯਾ

ਲੁੱਟਨ ਖਾਵਨ ਭੜਥੂ ਪਾਵਨ ਮਨ ਦੇ ਵਿੱਚ ਠਰਾਇਆ। ਜਾਕੇ ਨਦੀ ਕਨਾਰੇ ਜਿਸ ਨੇ ਛੇਤੀ ਡੇਰਾ ਲਾਇਆ॥ ਮੁਖਤ ਖ਼ੋਰਿਆਂ ਦੀ ਸੀ ਢਾਣੀ ਓਥੇ ਕੱਠੀ ਹੋਈ। ਅੰਧਯਾਂ ਲੁੱਟ ਬਜ਼ਾਰ ਮਚਾਈ ਰੋਕਨਹਾਰ ਨ ਕੋਈ।੧੭੦॥ ਭਰਕੇ ਪੇਟ ਪਦਾਰਥ ਖਾਂਦੇ ਜਨਕਾ ਅਗਨ ਬਝਾਉਨ। ਘੇਉ ਤਿਲਾਂ ਦੀ ਪਾਇ ਅਹੂਤੀ ਓਧਰ ਅਗਨ ਜਲਾਉਨ॥ ਖਾਹੋ ਖਾਹਾ ਸ੍ਵਾਹੋ ਸ੍ਵਾਹਾ ਹੁੰਦੀ ਪਈ ਪੁਕਾਰਾ। ਆਖਨ ਅਸੀਂ ਦੇਵਤਾ ਪੂਜੇ ਲਾਕੇ ਜ਼ੋਰ ਕਰਾਰਾ।੧੭੧। ਇਸੇ ਤਰ੍ਹਾਂ ਦੀ ਧਾਮੜ ਧੂੰਮੜ ਗਹਮਲ ਗਹਮਲ ਹੋਵੇ। ਊਚੇ ਮੰਤ੍ਰ ਪੜ੍ਹਦੇ ਕੋ ਜਾਗੇ ਕੋ ਸੋਵੇ ॥ ਪਰ ਇਹ ਭੇਦ ਗੁਰੂ ਜੀ ਬਾਝੋਂ ਹੋਰ ਨ ਕੋਈ ਜਾਨੇ। ਜਿਸ ਤੇ ਲੈਨ ਪ੍ਰੀਛਾ ਤਿਨ ਕੀ ਇਸ ਹੀ ਇੱਕ ਬਹਾਨੇ।੧੭੨॥

### ਦੋਹਿਰਾ

ਦੂਜਾ ਇੱਕ ਅਨਰਥ ਜੋ ਤੋਲਯਾ ਬਾਵੇ ਚਾਇ।
ਤਿਸ ਕੋ ਪੜ੍ਹ ਕਰ ਬਹੁਤ ਹੀ ਸਿੱਖਾਂ ਮਨ ਦੁਖ ਜਾਇ।੧੭੩॥
ਦਸਮ ਗੁਰੂ ਪਰ ਲਾਇਆ ਬ੍ਰਿਥਾ ਦੋਸ਼ ਪਛਾਨ।
ਗੁਰੂ ਮਤ ਜਿਸਹ ਬਖਾਨਯਾਂ ਸੋ ਹੈ ਮਹਾਂ ਤੁਫਾਨ।੧੭੪
ਨਵ ਗ੍ਰਹ ਪੂਜਾ ਕਰਨ ਕੀ ਨਹਿ ਗਰ ਘਰ ਮਹਿ ਰੀਤ।
ਸ਼ਗਨ ਸ਼ਾਸਤ੍ਰ ਦੇਖਨੇ ਗੁਰਮਤ ਮਾਂਹਿ ਅਨੀਤ।੧੭੫॥
ਗੁਰੂ ਗ੍ਰੰਥ ਜੂ ਵਾਕ ਜਿਸ ਖੰਡਨ ਕਰਤ ਬਨਾਇ।
ਸੋ ਦੁਰਗਾ ਦੇ ਭਗਤ ਜੀ ਸੁਨ ਲੀਜੈ ਮਨ ਲਾਇ।੧੭੬॥

ਯਥਾ ਆਦਿ ਗ੍ਰੰਥ ਸਾਹਿਬ

"ਸੂਖ ਸਹਜ ਆਨਦ ਘਣਾ ਹਰਿ ਕੀਰਤਨ ਗਾਉ।
ਗਰਹ ਨਿਵਾਰੇ ਸਤਿਗੁਰੂ ਦੇ ਅਪਣਾ ਨਾਉ॥ ਮ: ੫:॥"

ਸੋਈ ਸਾਸਤਿ ਸਉਣ ਸੋਇ ਜਿਤੁ ਜਪੀਐ ਹਰਿ ਨਾਉ॥ ਪੁਨ: ਸਿਰੀ ਰਾਗ ਮ: ੫॥ ਪ੍ਰਭੂ ਹਮਾਰੈ ਸਾਸਤ੍ਰ ਸਉਣ॥ ਸੂਖ ਸਹਜ਼ ਆਨੰਦ ਗ੍ਰਿਹ ਭਉਣ।੨॥-੧੧੩੨ ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ।(੪੦੧)"

ਪੁਨਹ ਭਾਈ ਗੁਰਦਾਸ ਵਾਰ ਪੰਜ

"ਸਊਣ ਸਗੁਨ ਵੀਚਾਰਣੇ ਨਉ ਗ੍ਰਹਿ ਬਾਰਹਿ ਰਾਸ ਵਿਚਾਰਾ॥ ਕਾਮਣ ਟੂਣੇ ਅਉਸੀਆਂ ਕਣ ਸੋਈ ਪਸਾਰ ਪਾਸਾਰਾ॥ ਗੱਦੋ ਕੁਤੇ, ਬਿਲੀਆਂ, ਇਲਮ, ਲਾਲੀ, ਗਿਦੜ ਛਾਰਾ॥ ਨਾਰ ਪੁਰਖ, ਪਾਨੀ, ਅਗਨ, ਛਿਕ, ਪਦ, ਹਿਡਕੀ ਵਰਤਾਰਾ॥ ਥਿਤ, ਵਾਰ, ਭਦ੍ਰਾ ਭਰਮ ਦਿਸਾਸੂਲ ਸਹਿਸਾ ਸੰਸਾਰਾ॥ ਵਲ ਛਲ ਕਰ ਵਿਸ਼੍ਵਾਸ ਲਖ ਬਹੁ ਚੁਖੀ ਕਿਉਂ ਰਵੈ ਭਤਾਰਾ॥ ਗੁਰਮੁਖ ਮੁਖ ਫਲ ਪਾਰ ਉਤਾਰਾ॥ ਪੁਨ: ਭਾਈ ਗੁਰਦਾਸ ਵਾਰ ੨੦॥ ਸਜਾ ਖਬਾ ਸਉਣਨ ਮੰਨ ਵਸਾਇਆ॥ ਨਾਰ ਪੁਰਖਨੋ ਵੇਖਨ ਪੈਰ ਹਟਾਇਆ॥ ਭਾਖ ਸਭਾਖ ਵਿਚਾਰ ਨ ਛਿਕ ਮਨਾਇਆ॥ ਦੇਵੀ ਦੇਨ ਸੇਵ ਨ ਪੂਜ ਕਰਾਇਆ॥ ਭੰਭਲ ਭੂਸੇ ਖਾਇ ਨ ਮਨ ਭਰਮਾਇਆ॥ ਗੁਰ ਸਿਖ ਸਚਾ ਖੇਤ ਬੀਜ ਫਲਾਇਆ॥"

ਪੁਨ : ਕਬਿਤ ਭਾਈ ਗੁਰਦਾਸ

ਬੈਸਨੋ ਅਨੰਨ ਬ੍ਰਹਮੰਨ ਸਾਲਗਰਾਮ ਸੇਵਾ ਰਤਿ ਭਗਵਾਨ ਸ੍ਰੋਤਾ ਏਕਾਕੀ ਕਹਾਵਈ। ਤੀਰਥ ਧਰਮ ਦੇਵ ਜਾਤ੍ਰਾ ਕੋ ਪੰਡਿਤ ਪੂਛ ਕਰਤ ਗਵਨ ਸੋ ਮਹੂਰਤ ਸੋਧਾਵਈ॥ ਬਾਹਰ ਨਿਕਲ ਗਰਧਬ ਸ੍ਵਾਨ ਸਗਨ ਕੈ ਸੰਕਾ ਉਪਰਾਜਤ ਬਹੁਰ ਘਰ ਆਵਈ। ਪਤਿਬ੍ਰਤ ਗਹਿ ਗਹਿ ਸਭ ਤਿਨ ਏਕ ਟੇਕ ਦੁਬਿਧਾ ਅਛਤਨ ਪਰਮ ਪਦ ਪਾਵਈ॥ ਗੁਰਸਿੱਖ ਸੰਗਤ ਮਿਲਾਪ ਕੋ ਪ੍ਰਤਾਪ ਐਸੇ ਪਤਿਬ੍ਰਤ ਏਕ ਟੇਕ ਦੁਬਿਧਾ ਨਿਵਾਰੀਐ। ਪੂਛਤ ਨ ਜੋਤਕ ਅਉ ਬੇਦ ਥਿਤ ਵਾਰ ਕੁਛ ਗ੍ਰਹ ਅਉ ਨਛੱਤ੍ਰ ਕੀ ਨ ਸੰਕਾ ਉਰਧਾਰੀਐ॥ ਜਾਨਤ ਨ ਸਗਨ ਲਗਨ ਆਨਦੇਵ ਸੇਵ ਸੁਦ ਸੂਰਤਿ ਲਿਵ ਨੇਹ ਨਿਰੰਕਾਰੀਐ। ਸਿਖ ਸੰਤ ਬਾਲਿਕ ਸ੍ਰੀ ਗੁਰ ਪ੍ਰਤਿ ਪਾਲਕ ਹੁਇ ਜੀਵਨ ਮੁਕਤਿ ਗਤਿ ਬ੍ਰਹਮ ਬੀਚਾਰੀਐ।੨॥"

## ਦੋਹਿਰਾ

ਦੇਖੋ ਗੁਰ ਜੀ ਕਿਆ ਕਹਾ ਅਰ ਭਾਈ ਗੁਰਦਾਸ।
ਨਵ ਗ੍ਰਹ ਸਗਨ ਮਨਾਵਨੇ ਗੁਰਮਤ ਕਰਤ ਨਿਰਾਸ।।੧੨੭॥
ਪਰ ਬਾਵਾ ਜੀ ਉਲਟ ਇਸ ਹੋਕਰ ਵਸ ਅਗਯਾਨ।
ਗ੍ਰਹ ਪੂਜਨ ਕਰਵਾਇਆ ਜੋ ਹੈ ਮੰਦ ਮਹਾਨ।।੧੨੮॥
ਤਾਂਤੇ ਰਿਦੇ ਵਿਚਾਰਕੇ ਦੇਖੋ ਮਤਿ ਪ੍ਰਬੀਨ।
ਸੱਤ ਸ੍ਰੀ ਮੁਖ ਵਾਕ ਹੈ ਯਾ ਬਾਵੇ ਲਿਖ ਦੀਨ।।੧੨੯॥
ਸਭ ਸਿੱਖਨ ਕੋ ਜੋਗ ਹੈ ਮਾਨਨ ਗੁਰ ਕੋ ਵਾਕ।

ਨਹਿ ਜੋ ਬਾਵਾ ਜੀ ਕਿਹਾ ਨਵ ਗ੍ਰਹਿ ਪੂਜਨ ਝਾਕ।।੧੯੦।।
ਨਵ ਗ੍ਰਹ ਆਦਿਕ ਪੂਜਨਾਂ ਅਰ ਪੁਨ ਸਗਨ ਵਿਚਾਰ।
ਹੈ ਅੱਗਯਾਨੀ ਜਨੋ ਮਹਿ ਨਹਿ ਗੁਰਮਤ ਅਨੁਸਾਰ।।੧੯੧।।
ਸਭ ਗ੍ਰਹ ਜਾਕੇ ਚਰਨ ਕੀ ਨਹਿ ਧੂਲੀ ਦੇ ਤੁੱਲ।
ਸੋ ਸਤਿਗੁਰ ਤਿਨ ਮਾਨਤੇ ਯਹ ਬਾਵੇ ਕੀ ਭੁੱਲ।।੧੯੨।।
ਤਾਂ ਤੇ ਆਗੇ ਕਥਨ ਕਰ ਕਯਾ ਕੀਨਾ ਦ੍ਵਿਜ ਫੇਰ।
ਪ੍ਰਗਟ ਕੀਤੀ ਕੇ ਨਹੀ ਮਨ ਵਿਚ ਹੋਇ ਦਲੇਰ।।੧੯੩।।

## ਦੁਰਗਾ ਭਗਤ

### ਦੋਹਿਰਾ

ਇਸ ਤੇ ਅੱਗੇ ਦੱਸਦੇ ਪਟਨੇ ਤਖਤ ਮਹੰਤ।
ਦੋਇ ਸਾਲ ਬੀਤੇ ਸਹੀ ਬੈਠੇ ਗੁਰੂ ਇਕੰਤ।।੧੯੪।।

### ਚੌਪਈ

ਲੱਗਾ ਹਵਨ ਹੋਨ ਤਿਸ ਜਾਗਾ। ਬੈਠੇ ਬਿੱਪ ਮਹਾਂ ਵਡ ਭਾਗਾ।।
ਵੇਦ ਧੁਨੀ ਅਰ ਮੰਤ੍ਰ ਸਾਰੇ। ਕਰਮ ਕਾਂਡ ਮਹਿ ਜਿਨ ਅਧਕਾਰੇ।।
ਬੈਠੇ ਕਰਤ ਵਿਧੀ ਸਭ ਪੂਰੀ। ਕਰ ਸਭ ਕਪਟ ਰਿਦੇ ਕੇ ਦੂਰੀ।।
ਸ੍ਰੀ ਸਤਿਗੁਰ ਜੂ ਤਿਨ ਕੇ ਸੰਗਾ। ਕਰਤ ਕਾਮ ਤਿਨ ਸੇ ਭੀ ਚੰਗਾ।।
ਦੇਵੀ ਅਸਤ੍ਰੋਤ ਕਰ ਪਾਠਾ। ਆਸਨ ਪਦਮ ਧਰਾ ਧਰ ਮਾਠਾ।।
ਇਸੀ ਤਰ੍ਹਾਂ ਦੋ ਸਾਲ ਬਿਤਾਏ। ਨਹਿ ਕਿਛੁ ਚਮਤਕਾਰ ਜਬ ਪਾਏ।।
ਤਬ ਰਿਸ ਕਰ ਬਿੱਪਨ ਕੇ ਤਾਈਂ। ਕਹੀ ਗਰਜ ਸਭ ਜਗ ਕੇ ਸਾਈਂ।।
ਜੋ ਬਾਵੇ ਦਾ ਗੁਰੂ ਬਲਾਸ। ਵਰਨਨ ਕਰਦਾ ਨਾਲ ਹੁਲਾਸ।।
ਸੋ ਮੈਂ ਤੈਨੂੰ ਪ੍ਰਗਟ ਕਰਸਾਂ। ਸੱਚ ਕਹਨ ਥੋ ਨਾਹੀ ਡਰਸਾਂ।।੧੯੫।। ਯਥਾ:-

### ਚੌਪਈ

"ਸ੍ਰੀ ਪ੍ਰਭ ਕਹੀ ਬਰਖ ਦੈ ਭਏ। ਦਰਸ਼ਨ ਪ੍ਰਤੱਖ ਮਾਤ ਨਹਿ ਦਏ।।
ਕੈ ਹਮ ਮਹਿ ਕੈ ਚੂਕ ਤਿਹਾਰੀ। ਕਾਰਜ ਸਿੱਧ ਬਿਲੰਬ ਬਿਚਾਰੀ।।
ਪੁਨ ਪੰਡਤ ਮਨ ਕੀਨੇ ਬਿਚਾਰਾ। ਯਹ ਤੋ ਕਠਨ ਕਰੀ ਕਰਤਾਰਾ।। ਪੁਨ:

### ਦੋਹਿਰਾ

ਦੱਤਾ ਨੰਦ ਆਦਿਕ ਤਬੇ ਉਰ ਅਪਨੇ ਅਨਮਾਨ।।
ਸਭ ਗੁਰ ਸਨ ਸੁ ਬਚਨ ਕਹਯੋ ਦੀਨ ਬੰਦ ਭਗਵਾਨ।।੯੧।।

### ਚੌਪਈ

ਕਾਲੀਦਾਸ ਔਰ ਬਰ ਗਯਾਨੀ। ਹੈ ਪੰਡਤ ਪੂਰਨ ਗੁਨਖਾਨੀ।।
ਤਾਂਕੇ ਪ੍ਰਭ ਅਵਤਾਰ ਪਛਾਨੈ। ਤਾਂ ਸਮ ਆਜਨ ਮਨ ਮਹਿ ਜਾਨੈ।।੯੨।।
ਰਹਤ ਸ਼ਹਰ ਗੁਜਰਾਤ ਸੁ ਪੰਡਤ। ਠਾਕੁਰ ਦੁਆਰ ਮਾਹਿ ਗੁਨ ਮੰਡਤ।

ਸੋ ਆਦਿਆ ਦਰਸ਼ਨ ਕਰ ਵੈਹੈ। ਪ੍ਰਗਟ ਬਚ ਆਨਨ ਹ੍ਵੈਹੈ।।
ਤਾਂਹਿ ਬੁਲਾਵਨ ਹੇਤ ਦਿਆਲਾ। ਭੇਜੋ ਕੋਊ ਧਾਵਨ ਮਤ ਵਾਲਾ।।

ਪੁਨਃ ਲਿਖ ਪੱਤ੍ਰਕਾ ਤਹਿ ਲਿਖ ਭੇਜੀ। ਜੱਗ ਕਰਾਵਹੁ ਰਿਖਬਰ ਏਜੀ।। ਹਮ ਛੱਤ੍ਰੀ ਪ੍ਰਭ ਬ੍ਰਾਹਮਨ ਗਯਾਨੀ। ਕਰਹਿ ਸਪੂਰਨ ਜਗ ਪ੍ਰਮਾਨੀ।। ਲੈ ਧਾਵਨ ਮੇਵੜੇ ਗਯੋ ਸੋ। ਅਤਿ ਵਿਨੀਤ ਗੁਰ ਬਚਨ ਕਹਯੋ ਸੋ। ਇਤ ਗੁਰ ਨੇਤ੍ਰ ਤੁੰਗ ਤਟ ਗਏ। ਮੁਖ ਸੁਖ ਬ੍ਰਾਹਮਨ ਸੰਗ ਲਏ।। 'ਸਾਖੀ ਸਾਰੰਗ'

ਦੇਖਤ ਕੋਉ ਏਕਾਂਤ ਸਥਾਨਾ। ਜਹਾਂ ਬਿਘਨ ਨਹਿ ਹੋਇ ਕੋਊ ਹੋਮ ਜੱਗ ਬਿਧਾਨਾ।।੧।। ਦੂਰ ਯੋਰਿਕ ਲਖਯੋ ਨੀਕੇ ਥਾਨ ਨੈਨਾ ਦੇਵ। ਅਬ ਸੁਨੋ ਸੋ ਪ੍ਰਸੰਗ ਤਾਂਕੋ ਬਿੱਪ੍ਰ ਬਰਜ ਅਭੇਵ।।੨।। ਨਾਮ ਨੈਨਾ ਧੇਨ ਪਾਲਕ ਇਹਾਂ ਧੇਨ ਚਰਾਇ। ਨਿੱਤ ਗੋਥਨ ਮੈਂ ਸਰਵਤ ਲਖ ਰਹਿਯੋ ਚਿੱਤ ਲੁਭਾਇ।।੩।। ਭਯੋ ਕਾਪੈ ਗਾਇ ਬਨ ਮੇ ਸਮਝ ਨੈਨਾ ਧੀਰ। ਏਕ ਦਿਨ ਤਬ ਗਯੋ ਪਾਛੇ ਨਿਰਖ ਤਬ ਤਤਬੀਰ।।੪।। ਕਹਾਂ ਦੇਖੇ ਚਾਰ ਘਟਕਾ ਰਹਯੋ ਜਬ ਦਿਨ ਮਾਨ। ਗਊ ਮਾਤਾ ਜਾਇ ਹੂਆਂ ਹੀ ਠਾਢੀ ਭਈ ਨਿਦਾਨ।।੫।। ਕਚੁਨ ਤੇ ਸ੍ਵ ਪਰਤ ਤੱਖਯਣ ਦੁਘਧ ਜੇਤਕ ਥੀਨ। ਕਰ ਪਰਕ੍ਰਮਾਂ ਤੀਨ ਆਈ ਚਰਤ ਤਿਨ ਲਖ ਲੀਨ।।੬।। ਨਿਰਖ ਨੈਨਾ ਥਾਨ ਸੋਈ ਸਾ ਬਿਧ ਪੂਜਨ ਕੀਨ। ਭਈ ਪ੍ਰਗਟ ਆਦਿ ਸ਼ਕਤੀ ਜਗਤ ਅੰਬਾ ਥੀਨ।।੭।। ਸੁਨ ਸੁ ਨੈਨੇ ਤੇ ਸਰਬ ਸੁਚ ਸੇਵ ਦੇਵੀ ਕੀਨ। ਬਾਰ ਬਾਰ ਮਨਾਇ ਅੰਬਹਿ ਬਿਪਰ ਬਰ ਬਰ ਲੀਨ।।੮।।"

## ਦੋਹਿਰਾ

ਕਾਲੀ ਦਾਸ ਬੁਲਾਉਨੇ ਭੇਜ ਦੀਆ ਗੁਰ ਦਾਸ।
ਆਪ ਗਏ ਲੈ ਪੰਡਤਾਂ ਨੈਨਾਂ ਦੇਵੀ ਪਾਸ।।੧੯੬।।
ਨੈਨਾ ਦੇਵੀ ਨਾਮ ਦਾ ਦੱਸਯਾ ਭੇਦ ਨਖਾਰ।
ਜਿਸ ਦੀ ਅੱਗੇ ਕਿਸੇ ਨੂੰ ਨਾ ਸੀ ਖਬਰ ਨ ਸਾਰ।।੧੯੭।।

ਭਾਵ:- ਦੇਖੋ ਭਾਈ ਤੱਤ ਖਾਲਸਾ ਜੀ ਸ੍ਰੀ ਬਾਵਾ ਜੀ ਨੇ ਇਸ ਪ੍ਰਸੰਗ ਵਿਚ ਠੀਕ ਤੌਰ ਪਰ ਲਿਖ ਦਿੱਤਾ ਹੈ ਕਿ ਜਦ ਦੋ ਸਾਲ ਤੱਕ ਪੰਡਤ ਹਵਨ ਕਰਦੇ ਰਹੇ ਅਰ ਕੁਝ ਨਾ ਬਨਿਆ ਤਦ ਗੁਰੂ ਜੀ ਨੇ ਉਨ੍ਹਾਂ ਪਾਸੋ ਗੁੱਸੇ ਹੋਕੇ ਪੁੱਛਿਆ ਕਿ ਕਿਯਾ ਕਾਰਨ ਹੈ ਜੋ ਅੱਜ ਤਕ ਦੇਵੀ ਪ੍ਰਗਟ ਨਾ ਹੋਈ ਸੋ ਇਸ ਵਿਚ ਤੁਹਾਡਾ ਕਸੂਰ ਹੈ ਯਾ ਸਾਡਾ?

ਇਸ ਬਚਨ ਪਰ ਪੰਡਤ ਜੀ ਘਬਰਾ ਗਏ ਅਰ ਸੋਚ ਕੇ ਉੱਤਰ ਦਿੱਤਾ ਕਿ ਮਹਾਰਾਜ ਇੱਕ ਪੰਡਤ ਕਾਲੀਦਾਸ ਨਾਮੇ ਗੁਜਰਾਤ ਵਿਚ ਰਹਿੰਦਾ ਹੈ ਸੋ ਮਾਨੋ ਅਵਤਾਰ ਹੈ, ਇਸ ਕਾਰਜ ਨੂੰ ਉਹ ਪੂਰਾ ਕਰੇਗਾ, ਆਪ ਕ੍ਰਿਪਾ ਕਰਕੇ ਉਸ ਨੂੰ ਲੇਵੋ, ਜਿਸ ਪਰ ਗੁਰੂ ਜੀ ਨੇ ਇਕ ਪੱਤ੍ਰਕਾ ਲਿਖਕੇ ਮੇਵੜੇ ਦੇ ਹੱਥ ਦੇ ਕੇ ਉਸ ਦੇ ਬਲਾਉਨ ਲਈ ਤੋਰ ਦਿੱਤਾ ਕਿ ਕਾਲੀਦਾਸ ਨੂੰ ਸੱਦ ਲਿਆਵੇ, ਅਰ ਏਧਰ ਆਪ ਨੈਨਾ ਦੇਵੀ ਦੇ ਮੰਦਰ ਪਰ ਬ੍ਰਾਹਮਨਾਂ ਨੂੰ ਨਾਲ ਲੈ ਕੇ ਚਲੇ ਗਏ ਅਰ ਕੋਈ ਪਵਿੱਤ੍ਰ ਜਗ੍ਹਾ ਦੇਖਨ ਲੱਗੇ ਜੋ ਇਸ ਕਾਰਜ ਦੇ ਜੋਗ ਸੀ, ਜਿਸ ਤੇ ਨੈਨਾਂ ਦੇਵੀ ਦਾ ਥਾਨ ਦੇਖਿਆ।।

ਇਸ ਪ੍ਰਸੰਗ ਵਿਚ ਬਾਵਾ ਜੀ ਨੇ ਨੈਨਾ ਦੇਵੀ ਪਦ ਦਾ ਅਰਥ ਕੀ ਐਸਾ ਉੱਤਮ ਕੀਤਾ ਹੈ ਜੋ ਅੱਗੇ ਕੋਈ ਨਹੀ ਜਾਨਦਾ ਸੀ ਕਿ ਇੱਕ ਨੈਨਾਂ ਨਾਮੇ ਚਰਵਾਲਾ ਗਾਈ ਚਾਰਦਾ ਸੀ ਤਦ ਇੱਕ ਗਊ ਨੇ ਇੱਕ ਜਗ੍ਹਾ ਪਰ ਦੁੱਧ ਥਣਾਂ ਤੇ ਗਿਰਾਉਣਾ ਸ਼ੁਰੂ ਕੀਤਾ ਜਿਸ ਪਰ ਫਿਰ ਮੁੜ ਆਈ ਜਦ ਨੈਨੇ ਨੇ ਇਹ ਹਾਲ ਦੇਖਿਆ ਤੇ ਸੋਚਯਾ ਕਿ ਇਸ ਦਾ ਕਯਾ ਕਾਰਨ ਹੈ ਜੋ ਇਹ ਗਊ ਦੁੱਧ ਥਣਾਂ ਦਾ ਕੱਢ ਆਈ ਹੈ ਤਦ ਉਥੇ ਗਿਆ ਤਾਂ ਕਿਆ ਦੇਖਿਆ ਜੋ ਦੇਵੀ ਨੇ ਦੁੱਧ ਪੀਤਾ ਅਰ ਨੈਨੇ ਨੇ ਪ੍ਰਗਟ ਕੀਤੀ, ਜਿਸ ਤੇ ਅਜੇਹੇ ਚਮਤਕਾਰ ਵਾਲੀ ਜਗ੍ਹਾਂ ਦੇਖਕੇ ਗੁਰੂ ਜੀ ਨੇ ਭੀ ਉਹੋ ਪਸਿੰਦ ਕੀਤੀ।

## ਤੱਤ ਖਾਲਸਾ

### ਦੋਹਿਰਾ

ਅੱਗੇ ਹੁਣ ਤੂੰ ਜਾਹੁ ਨਹਿ ਐਥੇ ਜ਼ਰਾ ਖਲੋਇ।
ਤੂੰ ਭੀ ਧਾਰਾਂ ਦੁੱਧ ਦੀਆਂ ਬਹਿਕੇ ਲੇਵੀ ਚੋਇ॥੧੮੮॥
ਪਹਲੇ ਤਾਂ ਦੋ ਸਾਲ ਤੱਕ ਰਹੇ ਉਡਾਂਦੇ ਮੌਜ।
ਕੁਛ ਖਾਧੀ ਕੁਛ ਅੱਗ ਵਿਚ ਪਾਈ ਗੁਰ ਦੀ ਸੌਜ॥੧੮੯॥
ਅਰ ਜਦ ਪੁੱਛਿਆ ਗੁਰੂ ਜੀ ਕਹੋ ਨ ਪ੍ਰਗਟੀ ਦੇਵ।
ਦੋਸ਼ ਬਤਾਓ ਕਿਸ ਦਾ ਗੋਪ ਨ ਰਖੇ ਭੇਵ॥੧੯੦॥
ਸੁਨ ਇਹ ਧਮਕੀ ਗੁਰੂ ਦੀ ਪੰਡਤ ਸੁੱਕੇ ਪ੍ਰਾਨ।
ਦੇਖੋ ਕਰਕੇ ਟਾਲ ਇਕ ਲੱਗੇ ਜਾਨ ਬਚਾਨ॥੧੯੧॥

### ਦਵੈਯਾ

ਸਭਨਾਂ ਨੂੰ ਫਿਰ ਪਿੱਸੂ ਪੈ ਗਏ ਲੱਗੇ ਸੋਚਾਂ ਕਰਨੇ। ਲੈਣੇ ਦੇ ਜਦ ਦੇਣੇ ਆਏ ਖਾਧੇ ਆਏ ਭਰਨੇ। ਆਖਨ ਇਹ ਤਾਂ ਕਠਨ ਬਾਤ ਹੁਨ ਗੁਰ ਜੀ ਨੇ ਪੁੱਛ ਲੀਨੀ। ਇਤਨੇ ਚਿਰ ਤਾਂ ਬਹਿਕੇ ਸਾਰਿਆਂ ਚੰਗੀ ਰੋੜੀ ਕੀਨੀ॥੧੯੨॥ ਆਖਰ ਸਭਨਾਂ ਮਤਾ ਪਕਾ ਕੇ ਚਾਲਾ ਏਹੁ ਕਰਾਇਆ। ਲੰਬਾ ਪੀਹਣ ਨਵਾਂ ਤਿਨਾਂ ਨੇ ਹੋਰ ਵਧੇਰੇ ਪਾਇਆ। ਆਖੀ ਅਪਨੇ ਗਲੋਂ ਬਲਾਈ ਲਾਹਿ ਹੋਰ ਦੇ ਪਾਉ। ਇਸ ਔਕੜ ਦੇ ਹੱਥੋਂ ਭਾਈ ਅਪਨੀ ਜਾਨ ਬਚਾਓ॥੧੯੩॥ ਜਿਸ ਪਰ ਆਖੀ ਸੁਨੋ ਗੁਰੂ ਜੀ ਅਸੀ ਸੱਚ ਕਹਿ ਦੱਈਏ। ਜਿਤਨਾ ਚਿਰ ਇੱਕ ਮੁੱਖ ਬ੍ਰਾਹਮਨ ਅਸੀ ਬੁਲਾਏ ਨ ਲਈਏ। ਉਤਨਾਂ ਚਿਰ ਇਹ ਹੋਣੀ ਨਾਹੀ ਪੂਰੀ ਕਾਰਵਾਈ। ਤਾਂਤੇ ਕਰੋ ਸ਼ਿਤਾਬੀ ਸੋਈ ਜੋ ਸਾਡੇ ਮਨ ਆਈ॥੧੯੪॥ ਕਾਲੀਦਾਸ ਨਾਮ ਇੱਕ ਪੰਡਤ ਹੈ ਗੁਜਰਾਤ ਮਝਾਰੀ। ਦੇਵੀ ਪ੍ਰਗਟ ਕਰਨੇ ਦੀ ਉਹ ਵਿਧੀ ਜਾਨਦਾ ਸਾਰੀ। ਭੇਜ ਸਿੱਖ ਉਸ ਨੂੰ ਸਦਵਾਉ ਕਰਸੀ ਕਾਜ ਚੰਗੇਰਾ। ਏਸ ਬਾਤ ਪਰ ਪੱਕੀ ਦੇਦਾ ਸਾਖੀ ਹੈ ਮਨ ਮੇਰਾ॥੧੯੫॥ ਇਸ ਨੂੰ ਸੁਨਕੇ ਗੁਰ ਜੀ ਨੇ ਫਿਰ ਏਹੋ ਉਦੱਮ ਕੀਨਾ। ਲਿਖ ਪੱਤ੍ਰ ਦੇ ਹੱਥ ਮੇਵੜੇ ਤੋਰ ਤਹਾਂ ਕੋ ਦੀਨਾ॥ ਏਧਰ ਆਪ ਗਏ ਚੜ੍ਹ ਪਰਬਤ ਲੈ ਕੇ ਪੰਡਤ ਚੰਗੇ ਬਾਕੀ ਛੱਡੇ ਉਸੇ ਜਾਗਾ ਜੋ ਸਨ ਭੁੱਖੇ ਨੰਗੇ॥੧੯੬॥ ਪਹਲੇ ਤਾਂ ਹੈ ਸੋਚਨ ਲਾਇਕ ਏਹੁ ਬਾਤ ਸੁਨ ਭਾਈ। ਅਪਨੇ ਘਰ ਦੇ ਦੇਵੀ ਦਿਤੇ ਸੀ ਕਿਆ ਪੂਰੀ ਪਾਈ॥ ਜੱਗ ਕਰਨ ਦੀ

ਆਕੜ ਦੱਸੀ ਓੜਕ ਦੰਦ ਨਕਾਲੇ। ਆਖੀ ਮੈ ਨਾ ਜਾਣਾਂ ਗੁਰ ਜੀ ਮੰਤ੍ਰ ਕਾਸੀ ਵਾਲੇ ॥੧੯੭॥ ਫਿਰ ਕੇਸਵ ਨੇ ਕਾਸ਼ੀ ਤੇ ਆ ਕੀ ਕੁਛ ਕਰ ਦਿਖਰਾਇਆ। ਕਰਕੇ ਕੱਠਾ ਭਾਈਚਾਰਾ ਗੁਰ ਦਾ ਦਰਬ ਲੁਟਾਇਆ॥ ਓੜਕ ਉਸ ਨੇ ਭੀ ਹੱਸ ਦਿੱਤਾ ਆਖੀ ਮੈ ਕਿਆ ਕਰਸਾਂ। ਜੋ ਕੁਛ ਹੋ ਸਕਯਾ ਸੋ ਕੀਤਾ ਦੁਖ ਸੁਖ ਸਾਰਾ ਜਰਸਾਂ॥੧੯੮॥ ਪਰ ਦੱਤਾਨੰਦ ਪੰਡਤ ਭਾਰਾ ਜੋ ਉਜੈਨ ਤੇ ਆਵੈ। ਸਾਰਾ ਕਾਰਜ ਉਸ ਵੇਲੇ ਗੁਰ ਜੀ ਦਾ ਬਨ ਜਾਵੈ। ਓੜਕ ਨੂੰ ਫਿਰ ਉਹ ਭੀ ਆਇਆ ਸਾਲ ਬੀਤ ਗਏ ਢਾਈ। ਉਸ ਦੇ ਮੰਤ੍ਰ ਪੜ੍ਹਨੇ ਤੇ ਭੀ ਚੂਹੀ ਨਾ ਪ੍ਰਗਟਾਈ॥੧੯੯॥ ਜਦ ਕੁਛ ਪੇਸ਼ ਨ ਡਿੱਠੀ ਜਾਂਦੀ ਤਾਂ ਗੁਜਰਾਤ ਵਿਚਾਰੀ। ਆਈ ਯਾਦ ਬੁਲਾਇਆ ਕਾਲੀ ਕਹ ਪੰਡਤ ਅਵਤਾਰੀ। ਏਹੋ ਜੇਹੇ ਤਰਲੇ ਸਨ ਇਸ ਮੰਗਤ ਵਾਧੇ ਕੀਤੇ। ਕਈ ਤਰ੍ਹਾਂ ਦੇ ਪਾਪ ਜਿਨ੍ਹਾਂ ਨੇ ਅਪਨੇ ਸਿਰ ਪਰ ਲੀਤੇ॥੨੦੦॥ ਜਦ ਉਸ ਹਵਨ ਕੁੰਡ ਪਰ ਦੇਵੀ ਨਾ ਸੀ ਰਾਜੀ ਹੋਈ। ਫਿਰ ਉਥੋਂ ਭੀ ਤੁਰੇ ਅਗੇਰੇ ਮਿਲਦੀ ਕਿਤੇ ਨ ਢੋਈ॥ ਜਾਣੀ ਜਾਣ ਗੁਰੂ ਭੀ ਆਖਨ ਚੱਲੋ ਜਿੱਥੇ ਮਰਜ਼ੀ। ਓੜਕ ਨੂੰ ਇਹ ਨਿਕਲ ਜਾਸੀ ਸੰਭ ਤੁਮਰੀ ਖੁਦਗਰਜ਼ੀ॥੨੦੧॥ ਜਿਸ ਤੇ ਜਾਕੇ ਇੱਕ ਜਗ੍ਹਾ ਪਰ ਆਸਨ ਸਭ ਨੇ ਲਾਇਆ। ਉਥੇ ਤੰਦਨ ਤਾਣਾ ਮੁੜਕੇ ਉਸੇ ਤਰ੍ਹਾਂ ਵਛਾਇਆ। ਨੈਨਾਂ ਦੇਵੀ ਦੀ ਜਾ ਜਾਗਾ ਲੱਗੇ ਹਵਨ ਕਰਾਉਨ। ਸ੍ਵਾਹਾ ਕਰਕੇ ਉੱਚੇ ਦੁਰਗਾ ਹੇਤ ਬਲਾਉਣ॥੨੦੨॥ ਭਲਾ ਕਹੋ ਉਹ ਕਦੋਂ ਅਜੇਹੀ ਏਡੀ ਨਰਮ ਵਿਚਾਰੀ। ਇਨਕੇ ਸੰਘ ਪਾੜਨੇ ਉਪਰ ਆ ਜਾਂਦੀ ਇੱਕ ਵਾਰੀ॥ ਉਥੇ ਭੀ ਕੁਛ ਘੱਟ ਨ ਕੀਤੀ ਇਤਨਾਂ ਰੌਲਾ ਪਾਇਆ। ਸਾਰਾ ਪਿਆ ਪਹਾੜ ਗੂੰਜਦਾ ਭਾਂਬੜ ਅੱਗ ਮਚਾਇਆ॥੨੦੩॥

## ਦੋਹਿਰਾ

ਨੈਨਾਂ ਦੇਵੀ ਦਾ ਕਿਹਾ ਕਿੱਸਾ ਬਾਵੇ ਜੋਇ।
ਸੋ ਬੱਚਿਆਂ ਦੀ ਖੇਡ ਹੈ ਸ਼ਰਧਾ ਜੋਗ ਨ ਸੋਇ॥੨੦੪॥
ਐਸੀ ਕਈ ਕਹਾਨੀਆਂ ਕਹਿਨ ਜਗਤ ਕੇ ਜੀਵ।
ਧਰਮ ਬੁਧਿ ਤੇ ਹੀਨ ਨਰ ਮਾਨਤ ਹੈ ਧਰ ਗ੍ਰੀਵ॥੨੦੫॥
ਗਯਾਨਵਾਨ ਜਨ ਇਨੋ ਪਰ ਹਾਸੀ ਕਰਤ ਬਨਾਇ।
ਜਿਉ ਬਾਲਕ ਕੀ ਖੇਲ ਪਰ ਨਹਿੰ ਸਯਾਨਾ ਲਲਚਾਇ॥੨੦੬॥

ਭਾਵ:- ਅਜੇਹੇ ਪੌਰਾਨਕ ਕਿੱਸੇ ਕਹਾਣੀਆਂ ਨਿਰੀਆਂ ਪਰਚਾਵਾ ਅਰ ਮੂਰਖ ਲੋਗਾਂ ਨੂੰ ਭਰਮ ਵਿਚ ਪਾਕੇ ਠੱਗਨ ਲਈ ਹੀ ਹੁੰਦੀਆਂ ਹਨ, ਹੋਰ ਇਨ੍ਹਾਂ ਤੇ ਕੁਝ ਭੀ ਕੰਮ ਨਹੀ ਸਰਦਾ ਅਤੇ ਨਾ ਹੀ ਇਨ੍ਹਾਂ ਵਿਚ ਕੁਝ ਸੱਤ ਹੀ ਹੁੰਦਾ ਹੈ ਕਲਪਨਾ ਕਿ ਜੇ ਨੈਨਾ ਕੋਈ ਗਊਆਂ ਚਾਰਨ ਵਾਲਾ ਠੀਕ ਹੀ ਸਾ ਜੋ ਬਾਵਾ ਜੀ ਨੇ ਕਥਨ ਕੀਤਾ ਹੈ ਅਰ ਕਿਸੇ ਗਊ ਦਾ ਦੁੱਧ ਆਪੇ ਚੋਇ ਪਿਆ ਸੀ ਤਾਂ ਭੀ ਇਹ ਬਾਤ ਕੋਈ ਵੱਡੀ ਕਰਾਮਾਤ ਵਾਲੀ ਨਹੀਂ ਕਿਉਂਕਿ ਅੱਜ ਕਲ ਭੀ ਅਜੇਹੀਆਂ ਕਈ ਗਊਆਂ ਹਨ ਜਿਨ੍ਹਾਂ ਦੇ ਥਣਾਂ ਥੋਂ ਆਪੇ ਸ੍ਰਵਣ ਲੱਗ ਜਾਂਦਾ ਹੈ। ਇਸ ਵਾਸਤੇ ਉਹ ਭੀ ਕੋਈ ਅਜੇਹੀ ਗਊ ਹੋਵੇਗੀ ਜੋ ਚਰਦੀਕ ਇੱਕ ਜਗ੍ਹਾਂ ਪਰ ਠਹਰਦੀ ਹੋਵੇਗੀ ਫਿਰ ਉਥੇ ਦੁੱਧ ਜ਼ੋਰ ਪਾ ਦੇਂਦਾ ਹੋਵੇਗਾ ਸੋ ਥਣ ਤੇ ਗਿਰਨ

ਲੱਗ ਜਾਂਦਾ ਹੋਵੇਗਾ ਜਿਸ ਨੂੰ ਦੇਖਕੇ ਉਹ ਮੂਰਖ ਚਰਵਾਲਾ ਇਕ ਕਰਾਮਾਤ ਜਾਨਨ ਲੱਗ ਗਿਆ ਹੋਵੇਗਾ। ਪਹਾੜ ਵਿਚ ਅਕਸਰ ਬਹੁਤ ਲੋਗ ਦੇਵੀ ਨੂੰ ਹੀ ਮੰਨਦੇ ਹਨ। ਜਿਸ ਤੇ ਉਨ੍ਹਾਂ ਦੇ ਮਿਲਨ ਅਤੇ ਵਿੱਛੜਨ ਦੇ ਸਮਯ ਪਰ ਭੀ ਦੇਵਾ ਹੀ ਆਖਦੇ ਹਨ ਇਸ ਵਾਸਤੇ ਉਸ ਮੂਰਖ ਚਰਵਾਲੇ ਨੂੰ ਭੀ ਹੋਰ ਦੇਵਤਾ ਤਾਂ ਕੋਈ ਯਾਦ ਹੀ ਨਹੀਂ ਸਾ ਜਿਸਤੇ ਏਹੋ ਸੋਚਿਆ ਹੋਵੇਗਾ ਜੋ ਇਹ ਦੁੱਧ ਦੇਵੀ ਹੀ ਪੀਦੀ ਹੈ ਕਿਉਂਕਿ ਜਦ ਬਾਵਾ ਸੁਮੇਰ ਸਿੰਘ ਜੀ ਜੈਸੇ ਲਿਖੇ ਪੜ੍ਹੇ ਹੋਏ ਅਰ ਗੁਰੰਸ ਕਹਾਵਤ ਵਾਲੇ ਸਿੰਘ ਦਾ ਇਹ ਖਿਆਲ ਹੈ ਤਾਂ ਇਕ ਅਨਪੜ੍ਹ ਡੰਗਰ ਚਾਰਨੇ ਵਾਲੇ ਦਾ ਹੋਣਾ ਕੋਈ ਵੱਡੀ ਬਾਤ ਨਹੀ ਹੈ। ਗੁਸਾਈ ਤੁਲਸੀਦਾਸ ਨੇ ਆਖਿਆ ਹੈ ਕਿ "ਜਹਿੱਬਯਾਰ ਗਿਰਮੇਰ ਉਡਾਂਹੀ ਕਹੋ ਤੂਲ ਕਿਹ ਲੇਖੇ ਮਾਂਹੀ"॥ ਅਰਥਾਤ ਜਿਸ ਅਗਯਾਨ ਦੇ ਵਸ ਹੋਕੇ ਬਾਵਾ ਸੁਮੇਰ ਸਿੰਘ ਜੀ ਜੈਸੇ ਭੂੱਲ ਗਏ ਫਿਰ ਉਸ ਦੇ ਅੱਗੇ ਇੱਕ ਵਲੇ ਦੀ ਮੁੰਡਾ ਭੁੱਲ ਜਾਣਾ ਕੋਈ ਵੱਡੀ ਬਾਤ ਨਹੀਂ ਸੀ॥

ਇਸ ਤੇ ਬਿਨਾਂ ਇਸ ਪਰ ਇੱਕ ਇਹ ਭੀ ਬਾਤ ਵਿਚਾਰ ਜੋਗ ਹੈ ਕਿ ਜੇ ਦੇਵੀ ਦਾ ਉਹ ਸਥਾਨ ਸੀ ਜਿੱਥੇ ਗੁਰੂ ਜੀ ਨੇ ਹਵਨ ਕੀਤਾ ਅਰ ਨੈਨੈ ਨੇ ਗਊ ਨੂੰ ਦੁੱਧ ਪਲਾਉਂਦੇ ਡਿੱਠਾ ਸਾ ਤਾਂ ਫਿਰ ਜਿੱਥੇ ਹੁਣ ਨੈਨਾ ਦੇਵੀ ਦਾ ਮੰਦਰ ਹੈ ਸੋ ਅਸਲ ਨਹੀ ਸਮਝਨਾ ਚਹੀਦਾ ਕਿੰਤੂ ਉਹ ਝੂਠਾ ਹੈ ਅਰ ਜੋ ਲੋਗ ਉਸ ਨੂੰ ਮੰਨਦੇ ਹਨ ਸੋ ਗਲਤੀ ਵਿੱਚ ਹਨ। ਪਰੰਤੂ ਜਦ ਵਿਚਾਰ ਕੇ ਦੇਖਿਆ ਜਾਏ ਤਾਂ ਨੈਨਾ ਕੋਈ ਆਦਮੀ ਨਹੀ ਸੀ ਕੇਵਲ ਇਹ ਅਪਨੇ ਮਨ ਘੜਤ ਗਪੌੜਾ ਹੈ ਕਿੰਤੂ ਇਹ ਇੱਕ ਨਾਮ ਹੈ ਜੈਸਾ ਕਿ ਮਾਨਸਾ ਦੇਵੀ, ਵੈਸ਼ਨਵ ਦੇਵੀ, ਅਚਿੰਤ ਪੂਰਨੀ ਦੇਵੀ ਆਦਿਕ ਪ੍ਰਸਿੱਧ ਨਾਮ ਹਨ ਏਸੇ ਤਰ੍ਹਾਂ ਇੱਕ ਨੈਨਾ ਦੇਵੀ ਭੀ ਨਾਮ ਹੈ ਜੇ ਇਸੇ ਤਰ੍ਹਾਂ ਇਨ੍ਹਾਂ ਦੇ ਨਾਮਾਂ ਪਰ ਅਜੇਹੀਆਂ ਕਹਾਣੀਆਂ ਬਨਾਈਆਂ ਜਾਨ ਤਾਂ ਹੋ ਸਕਦਾ ਹੈ ਕਿ "ਮਨਸਾ ਦੇਵੀ" ਪਰ ਭੀ ਆਖਿਆ ਜਾਏ ਕਿ ਇੱਕ ਮਨਸਾ ਨਾਮੇ ਇਆਲੀ ਹੁੰਦਾ ਸੀ ਉਹ ਬਕਰੀਆਂ ਚਾਰਦਾ ਸੀ ਤਦ ਇੱਕ ਦਿਨ ਉਸ ਨੇ ਇੱਕ ਬੱਕਰੇ ਨੂੰ ਦੇਖਿਆ ਜੋ ਓਥੇ ਗਰਦਨ ਸੁੱਟਕੇ ਪੈ ਗਿਆ ਜਦ ਇੱਕ ਘੜੀ ਮਗਰੋ ਉੱਠਿਆ ਤਾਂ ਉਸ ਦੇ ਗਲੇ ਨੂੰ ਲੋਹੂ ਲੱਗਾ ਡਿੱਠਾ ਜਿਸ ਪਰ ਉਹ ਓਥੇ ਦੇਖਨ ਲਈ ਗਿਆ ਤਾਂ ਉਸ ਜਗ੍ਹਾ ਦੇਵੀ ਨਜ਼ਰ ਆਈ ਜਿਸ ਪਰ ਉਸ ਨੇ ਜਾਤਾ ਕਿ ਇਹ ਲੋਹੂ ਦੇਵੀ ਨੇ ਅਪਨੀ ਬਲੀ ਲੀਤੀ ਹੈ ਉਸੇ ਦਿਨ ਤੇ ਉਸ ਜਗ੍ਹਾ ਦਾ ਨਾਮ ਮਨਸਾ ਦੇਵੀ ਪੈ ਗਿਆ ਅਰ ਅੱਜ ਕਲ ਓਥੇ ਦੋ ਭੌਣ ਬਣੇ ਹੋਏ ਹਨ ਜਿਨ੍ਹਾਂ ਪਰ ਲੋਗ ਬਕਰੇ ਚਾੜ੍ਹ ਦੇਣ ਫਿਰ ਕਿਆ ਦੋਸ਼ ਹੈ॥

ਪਰੰਤੂ ਜੇ ਇਸ ਗੱਲ ਨੂੰ ਸੱਚੀ ਭੀ ਮੰਨਯਾ ਜਾਏ ਤਾਂ ਭੀ ਇਹ ਨਤੀਜਾ ਨਿਕਲਦਾ ਹੈ ਜੋ ਇਨ੍ਹਾਂ ਸਾਰੇ ਪੰਡਤਾਂ ਨਾਲੋ ਉਹ ਨੈਨਾਂ ਅਨਪੜ੍ਹ ਡੰਗ੍ਰਾ ਦਾ ਚਰਵਾਲਾ ਹੀ ਚੰਗਾ ਸਾ, ਜਿਸ ਨੇ ਸੇਰ ਕੁ ਦੁਧ ਪਲਾਕੇ ਦੇਵੀ ਨੂੰ ਪ੍ਰਗਟ ਕਰ ਲੀਤਾ, ਅਰ ਏਧਰ ਲੱਖ ਤਕ ਰੁਪਏ ਦੀ ਸਮਾਗ੍ਰੀ ਖਰਚ ਕਰਨੇ ਪਰ ਭੀ ਨਾ ਪ੍ਰਗਟ ਹੋਈ ਜਿਸ ਤੇ ਇਹ ਸਭ ਅਲਫ ਲੈਲਾ ਦੀ ਕਹਾਨੀਆਂ ਬਨੀਆਂ ਹੋਈਆਂ ਹਨ॥

## ਦੋਹਿਰਾ

ਤਾਂ ਤੇ ਇਹ ਸਭ ਕਲਪਨਾ ਹੈ ਅਨਹੋਈ ਮੀਤ।

ਅਗਯਾਨੀ ਸਰਧਾ ਕਰੇ ਗਯਾਨੀ ਧਰਤ ਨ ਚੀਤ।੨੦੭॥
ਇਸ ਤੇ ਅੱਗੇ ਦਸ ਫਿਰ ਕੀਤਾ ਕੌਣ ਉਪਾਇ।
ਤੇਰੇ ਮਨ ਦੀ ਹੌਸ ਕੁਛ ਬਾਕੀ ਨਾ ਰਹ ਜਾਇ॥੨੦੮॥

## ਦੁਰਗਾ ਭਗਤ

### ਦੋਹਿਰਾ

ਨੈਨਾ ਦੇਵੀ ਜਾਇਕੇ ਕੀਤਾ ਹਵਨ ਮਹਾਨ।
ਨਿਜ ਤਨ ਪਰ ਅਤਿ ਕਸ਼ਟ ਧਰ ਸ੍ਰੀ ਸਤਿਗੁਰ ਭਗਵਾਨ॥੨੦੯॥

### ਚੌਪਈ

ਔਰ ਵਾਸਨਾਂ ਸਗਲ ਨਿਵਾਰੀ। ਗ੍ਰਹ ਕੇ ਕਾਰਜ ਦਏ ਵਿਸਾਰੀ॥
ਬੈਠ ਇਕਾਂਤ ਬਿੱਪ ਲੈ ਸਾਥ। ਕਰਤ ਹਵਨ ਤ੍ਰਿਲੋਕੀ ਨਾਥ॥
ਜੋ ਬ੍ਰਾਹਮਨ ਤਿਸ ਜਾਗਾ ਥਿਰੇ। ਅਰ ਗੁਰ ਜੂ ਕੇ ਮਨ ਕੋ ਪਿਰੇ॥
ਤਿਨ ਕੇ ਨਾਮ ਸੁਨੋ ਮਨ ਲਾਈ। ਪੁਨ ਜੋ ਰੀਤੀ ਤਾਂਹਿ ਕਰਾਈ॥
ਜੈਸੇ ਬਾਵਾ ਮੁਖੋ ਅਲਾਵੈ। ਸੋਈ ਦੇਵੀ ਭਗਤ ਸੁਨਾਵੈ॥
ਜਾਕੇ ਸੁਨਤ ਪਾਪ ਮਿਟ ਜਾਵਤ। ਰਿੱਧ ਸਿੱਧ ਘਰ ਮਹਿ ਨਰ ਪਾਵਤ।੨੧੦।ਯਥਾ :

### ਦੋਹਿਰਾ

"ਦੱਤਾ ਨੰਦ ਆਨੰਦ ਪਤਿ ਮਤਾ ਕਹੇ ਸੋ ਹੋਇ।
ਪੂਜਨੀਯ ਸਭ ਭਾਤ ਮੈਂ ਬਾਤ ਬਾਤ ਮੈਂ ਸੋਇ॥੧੦੪॥

### ਚੌਪਈ

ਕੇਸਵ ਰਾਇ ਮੁਖ ਸਭ ਮਾਹੀ। ਬਿਸਨ ਪਾਲ ਪੰਡਤ ਸੁਖਦਾਹੀ।
ਸ੍ਰੀ ਸ਼ਿਵਬਾਕ ਸ੍ਰੀ ਹਰਦਾਸ। ਲਛਮੀ ਰਾਮ ਭਗਵਾਨ ਪ੍ਰਕਾਸ਼॥੧੦੫॥
ਦਿਆ ਰਾਮ ਅਰ ਦੇਵੀ ਦਿੱਤਾ। ਉਪਰ ਕਰਹਿ ਕਾਮ ਅਨ ਗਿਤਾ।
ਜਹਾਂ ਸੂਦ ਜਨ ਛੁੱਦ੍ਰ ਨ ਜਾਵੈ। ਤਹਾਂ ਸਮੱਗ੍ਰੀਏ ਪਹੁੰਚਾਵੇ॥੧੦੬॥

### ਛੰਦ

ਕੇਸਵ ਦੱਤ ਪ੍ਰਗਟ ਤਵ ਕੀਨੀ ਅਗਨ ਨਿਪਟ ਮਨ ਭਾਈ।
ਰਿਤ ਗਗਨ ਬੈਠੇ ਤਹਿ ਪੰਡਤ ਪੁਸਤਕ ਧਰ ਅਗਵਾਈ॥
ਖੋੜ ਸਾਖਯ ਰਹਿ ਪੜ੍ਹ ਪੜ੍ਹ ਬੋਲੈ ਸਾਹਾ ਸਾਚੇ ਸਾਹੂ।
ਸ੍ਵਾਹਾ ਸ੍ਵਾਹਾ ਸਭ ਰਿਤ੍ਵਗ ਕਹਿ ਕਰਹਿ ਹੋਮ ਸੁ ਉਮਾਹੂ॥ ਪੁਨ:

ਪਚਾਂ ਪਹਿਰ ਸੋ ਸਾਚੇ ਸਾਹਿਬ ਪ੍ਰਥਮ ਦਿਨ ਕਿਆ ਹੋਮ। ਭਾਂਤ ਭਾਂਤਨ ਕੇ ਕਰੇ ਤਹਿ ਬਿਧ ਬਿਧਾਨੰ ਸੁਨੋਮ॥ ਹਸਤ ਸੁੰਡ ਸਮਾਨ ਧਰਾ ਪ੍ਰਤਿ ਕੁੰਡ ਮਝਾਰ। ਜਗ ਪੁਰਖ ਪ੍ਰਸੰਨਤਾ ਹਿਤ ਪੜਤ ਮੰਤ੍ਰ ਅਪਾਰ॥੧੧੪॥ ਚਿੱਤ ਚੰਡੀ ਛਬ ਅਭੰਗੀ ਮਝ ਚੰਡੀ ਜਾਨ। ਜਗਤ ਜਨਨੀ ਆਦ ਸ਼ਕਤੀ ਈਸ਼ਰੀ ਪਹਚਾਨ ਭੂਮ ਆਸਨ ਹਵਿਖ ਆਸਨ ਕਰਤ ਸ੍ਰੀਰਣ ਧੀਰ। ਨਿੱਤ ਪ੍ਰਤਿ ਲੱਖ ਪ੍ਰੀਤ ਪ੍ਰਭ ਕੀ ਚਕਯੋ ਪੰਡਤ ਬੀਰ ।।੧੧੫॥ ਲਗੇ ਦ੍ਵਾਦਾ

ਜਾਮ ਜਾਪਨ ਜਜਨ ਦੇਵ ਉਦਾਰ। ਅਚਕੜਾ ਬਰਛੰਦ ਕਰ ਕਰ ਕਰਤ ਸੋਭ ਅਪਾਰ॥"

## ਦੋਹਿਰਾ

ਐਸੇ ਪੰਡਤ ਗੁਣ ਨਿਧੀ ਸਾਥ ਲਏ ਗੁਰ ਦੇਵ।
ਸੁਚ ਸੰਯਮ ਮਨ ਸਾਧ ਕੇ ਕਰਤ ਭਵਾਨੀ ਸੇਵ।੨੧੧॥
ਸੂਦ੍ਰ ਵੈਸ਼ ਨ ਤਹਾਂ ਪਰ ਜਾਨਾ ਪਾਵਤ ਕੋਇ।
ਸਭ ਕਾਰਜ ਕੇ ਸਾਧਤਾ ਬ੍ਰਾਹਮਨ ਹੀ ਤਹਿੰ ਹੋਇ।੨੧੨॥

# ਤੱਤ ਖਾਲਸਾ

## ਦੋਹਿਰਾ

ਇਸ ਮਹਿ ਪ੍ਰਗਟ ਹੋ ਗਿਆ ਜੋ ਕੁਛ ਦੁਰਗਾ ਮੂਲ।
ਲੱਧਾ ਭੇਦ ਜਨੇਤ ਦਾ ਪਾਧੇ ਨਾਉਂ ਰਸੂਲ।੨੧੩॥

## ਚੌਪਈ

ਸੁਨ ਭਾਈ ਤੂੰ ਕੰਨ ਲਗਾਕੇ। ਅਰ ਵਿਚਾਰ ਫਿਰ ਮਨ ਮਹਿ ਲਯਾਕੇ॥
ਕਿਆ ਇਸ ਵਿੱਚ ਤੂੰ ਤੱਤ ਪਛਾਨੈ। ਜਿਸ ਕੋ ਆਪੇ ਹੀ ਤੂੰ ਮਾਨੈ॥
ਉਪਰ ਗਿਣੇ ਬ੍ਰਾਹਮਣ ਜੋਈ। ਚੱਟੂ ਸਾਥ ਵਹੀ ਹੈ ਸੋਈ॥
ਜਿਨ ਗੁਰ ਜੀ ਤੇ ਯਤਨ ਕਰਾਯਾ। ਅਪਨਾ ਭਾਈਚਾਰਾ ਲਿਆਯਾ॥
ਹੁਣ ਲਿਆ ਦੇਨ ਸਮੱਗ੍ਰੀ ਸਾਰੀ। ਅਰ ਕਰਦੇ ਹਨ ਚੌਕੀਦਾਰੀ॥
ਨਹੀ ਕਿਸੇ ਨੂੰ ਦੇਂਦੇ ਜਾਣ। ਮਤ ਕੋ ਲੇਵੇ ਭੇਦ ਪਛਾਨ॥
ਏਥੇ ਇਨ ਇਹ ਚੱਕਰ ਦੀਆ। ਬਹਾਰ ਦਾ ਨਸ ਤੇ ਕੰਮ ਸੁ ਲੀਆ॥
ਕਲੇਲਾਂ ਦਮਨਾ ਵਾਲੀ ਚਾਲ। ਕਰ ਬੈਠੇ ਹਿਕਮਤ ਦੇ ਨਾਲ॥
ਪਰ ਇਹ ਹਾਂਡੀ ਕਾਠ ਪਿਆਰੇ। ਕਿਤਨਾ ਚਿਰ ਚੱਲੇ ਸੰਸਾਰੇ॥
ਓੜਕ ਉਘੱੜ ਜਾਸੀ ਪਾਜ। ਹੇਮੂੰ ਦਾ ਢਾਈ ਦਿਨ ਰਾਜ॥
ਇਹ ਸ੍ਵਾਹਾ ਹੋ ਜਾਸੀ ਸ੍ਵਾਹ। ਜਾਂਦੀ ਨੂੰ ਨਹਿੰ ਲੱਭੂ ਰਾਹ।੨੧੪॥

## ਦਵੈਯਾ

ਦੂਜੀ ਬਾਵਾ ਜੀ ਨੇ ਆਖੀ ਸੂਦਰ ਜਾਣ ਨ ਪਾਵੈ। ਇਹ ਭੀ ਸਾਰੇ ਮਨ ਦੇ ਢੰਗੇ ਪੂਰਬ ਵਿੱਚ ਲਗਾਵੈ॥ ਜਿਸ ਤੇ ਅਪਨੇ ਮਨ ਦੀ ਕਲਪਨ ਆਪੇ ਕਰੀ ਬਨਾਕੇ। ਭਲਾ ਕਹੋ ਕਦ ਦੇਖਯਾ ਸੀ ਇਹ ਬਾਵਾ ਜੀ ਨੇ ਜਾਕੇ।੨੧੫॥ ਜੋ ਸ਼ਕਤੀ ਹਨ ਪ੍ਰਗਟ ਕਰਦੇ ਸੋ ਈਸ਼੍ਵਰ ਦੀ ਗਾਈ। ਜੋ ਸੰਸਾਰ ਸਗਲ ਦੀ ਕਹੀਏ ਜਨਨੇ ਵਾਲੀ ਮਾਈ॥ ਸਾਰੇ ਜੀਵ ਓਸ ਦੇ ਬੇਟੇ ਇੱਕੋ ਜਿਹੇ ਪਯਾਰੇ। ਫਿਰ ਉਹ ਸੂਦਰ ਵੈਸ ਕਿਸੇ ਨੂੰ ਜਾਨ ਕਦੇ ਦੁਰਕਾਰੇ।੨੧੬॥ ਮਾਤਾ ਨੂੰ ਤਾਂ ਸਾਰੇ ਪੁੱਤ੍ਰ ਹੁੰਦੇ ਇੱਕੇ ਜੇਹੇ। ਊਚ ਨੀਚ ਉਹ ਕਿਸੇ ਨ ਆਖੇ ਸਭੋ ਮਨ ਸੁਖ ਦੇਹੇ॥ ਜਾਂ ਤੇ ਦੇਵੀ ਤਾਂਈ ਕਹਨਾ ਸ਼ੂਕਰ ਦੇਖ ਡਰਾਈ। ਤਾਂ ਉਹ ਨਾਰ ਪੋਪਨੀ ਕੋਈ ਨਾ ਸ਼ਕਤੀ ਹੈ ਭਾਈ।੨੧੭॥ ਸ਼ੂਦਰ ਵੈਸ਼ ਛੱਤਰੀ ਬ੍ਰਾਹਮਨ ਇਹ ਜੋ ਚਾਰੇ ਵਰਨਾ। ਇਨ ਕੇ ਕਰਮ ਧਰਮ ਅਰ ਰਸਤੇ ਜੋ ਕੁਛ ਜਿਸ ਨੇ ਕਰਨਾ। ਸੋ ਸਾਰੇ ਹਨ ਕਰੇ ਮਨੁੱਖਾਂ ਨਾ ਈਸ਼੍ਵਰ ਨੇ

ਭਾਈ। ਜਿਸ ਤੇ ਉਹ ਸਮਦਰਸੀ ਚਹੀਏ ਜੋ ਸਭ ਜਗ ਦੀ ਮਾਈ।।੨੧੮।। ਫਿਰ ਗੁਰੂਅਨ ਕੇ ਮੱਤ ਵਿਖੇ ਨਾਂ ਜਾਤ ਪਾਤ ਨਹਿ ਵਰਨਾਂ। ਕਹਨ ਏਸ ਨੂੰ ਮੂਰਖ ਲੋਗਾਂ ਧਰਾ ਖੇਤ ਜਿਉ ਡਰਨਾਂ।। ਜਿਸ ਤੇ ਸ੍ਰੀ ਮੁਖਵਾਕ ਪਯਾਰੇ ਸੁਨ ਕੀ ਇਸ ਪਰ ਕਹਿੰਦੇ। ਜਾਤ ਪਾਤ ਅਰ ਵਰਨ ਅਸਰਮਾਂ ਧਰਮ ਵਿਖੇ ਨਹਿ ਰਹਿੰਦੇ।।੨੧੯।। ਯਥਾ:-

ਆਦਿ ਗ੍ਰੰਥ ਸਾਹਿਬ

"ਫਕੜ ਜਾਤੀ ਫਕੜ ਨਾਉ।। ਸਭਨਾਂ ਜੀਆਂ ਇੱਕਾ ਛਾਉ।। ਵਾਰ ਸ੍ਰੀ ਰਾਗ ਮ: ੧।।" ਪੁਨ: "ਅਗੈ ਜਾਤਿ ਰੂਪ ਨਾ ਜਾਈ।। ਤੇਹਾ ਹੋਵੈ ਜੇਹੇ ਕਰਮ ਕਮਾਇ।। ਆਸਾ ਮ: ੩"।। "ਪਤਿਤ ਪਵਿੱਤ ਲੀਏ ਕਰ ਅਪਨੇ ਸਗਲ ਕਰਤ ਨਮਸਕਾਰੋ।। ਬਰਨ ਜਾਤਿ ਕੋਊ ਪੁਛੈ। ਨਾਹੀ ਬਾਛਹਿ ਚਰਨ ਰਵਾਰੋ।। ਗੂਜਰੀ ਮ: ੫।।" ਪੁਨ: "ਜਾਤਿ ਕਾ ਗਰਬ ਨ ਕਰੀਅਹੁ ਕੋਈ।। ਬ੍ਰਹਮ ਬਿੰਦੇ ਸੋ ਬ੍ਰਾਹਮਣ ਹੋਈ।। ਜਾਤਿ ਕਾ ਗਰਬ ਨ ਕਰ ਮੂਰਖ ਗਾਵਾਰਾ।। ਇਸੁ ਗਰਬ ਤੇ ਚਲਹਿ ਬਹੁਤ ਵਿਕਾਰਾ।। ਚਾਰੇ ਵਰਨ ਆਖੈ ਸਭ ਕੋਈ।। ਬ੍ਰਹਮ ਬਿੰਦ ਤੇ ਸਭ ਓਤਪਤ ਹੋਈ।। ਮਾਟੀ ਏਕ ਸਗਲ ਸੰਸਾਰਾ।। ਬਹੁ ਬਿਧ ਭਾਂਡੇ ਘੜੇ ਕੁਮਾਰਾ।। ਪੰਚ ਤੱਤ ਮਿਲ ਦੇਹੀ ਕਾ ਅਕਾਰਾ।। ਘਟ ਵਧ ਕੋ ਕਰੈ ਵੀਚਾਰਾ।। ਕਹਤ ਨਾਨਕ ਇਹ ਜੀਊ ਕਰਮ ਬੰਧ ਹੋਈ।। ਬਿਨ ਸਤਿਗੁਰੂ ਭੇਟੇ ਮੁਕਤ ਨ ਹੋਈ।। ਭੈਰਉ ਮ: ੩।।" ਪੁਨ: "ਗਰਭ ਬਾਸ ਮਹਿ ਕੁਲ ਨਹੀਂ ਜਾਤੀ।। ਬ੍ਰਹਮ ਬਿੰਦ ਤੇ ਸਭ ਉਤਪਾਤੀ।। ਕਹੁ ਰੇ ਪੰਡਤ ਬਾਮਨ ਕਬ ਕੇ ਹੋਏ।। ਬਾਮਨ ਕਹਿ ਜਨਮ ਮਤ ਖੋਏ।। ਜੌ ਤੂੰ ਬ੍ਰਾਹਮਣ ਬ੍ਰਹਮਣੀ ਜਾਇਆ।। ਤਉ ਆਨ ਬਾਟ ਕਾਹੇ ਨਹੀ ਆਇਆ।। ਤੁਮ ਕਤ ਬ੍ਰਹਮਣ ਹਮ ਕਤ ਸੂਦ।। ਹਮ ਕਤ ਲੋਹੂ ਤੁਮ ਕਤ ਦੂਧ।।"

## ਦੋਹਿਰਾ

ਆਦਿ ਗ੍ਰੰਥ ਖੰਡਨ ਕਰੇ ਬਰਨ ਅਸਰਮਾਂ ਜਾਤ।
ਫਿਰ ਬਾਵਾ ਜੀ ਸਿੱਖ ਕੋ ਸ਼ੂਦਰ ਕਿਵੇ ਬਤਾਤ?।।੨੨੦।।
ਦਸਮ ਗੁਰੂ ਜੀ ਨੇ ਕਰੇ ਖੰਡਨ ਕਲਪਤ ਭੇਦ।
ਜਿਨ ਸ੍ਰੀ ਮੁਖ ਕੇ ਵਾਕ ਤੇ ਹਰਤ ਰਿਦੇ ਜਨ ਖੇਦ।।੨੨੧।।

## ਯਥਾ ਸ੍ਰੀ ਮੁਖਵਾਕ ਪਾਤਸ਼ਾਹੀ ੧੦ ਅਕਾਲ ਉਸਤਤ
## ਕਬਿੱਤ

"ਕੋਊ ਭਇਓ ਮੁੰਡੀਆ ਸਨਿਆਸੀ ਕੋਊ ਜੋਗੀ ਭਇਓ ਬ੍ਰਹਮਚਾਰੀ ਕੋਊ ਜਤੀ ਅਨਮਾਨ ਬੋ। ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸ਼ਾਫੀ ਮਾਨਸ ਕੀ ਜਾਤ ਸਬੈ ਏਕੈ ਪਹਿਚਾਨ ਬੋ।। ਕਰਤਾ ਕਰੀਮ ਜੋਈ ਰਾਜਕ ਰਹੀਮ ਸੋਈ ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨ ਬੋ। ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ ਏਕ ਹੀ ਸਰੂਪ ਸਬੈ ਏਕੈ ਜੋਤ ਜਾਨ ਬੋ।।੧੫।। ਦੇਹੁਰਾ ਮਸੀਤ ਜੋਈ ਪੂਜਾ ਔ ਨਿਵਾਜ ਓਈ ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ। ਦੇਵਤਾ ਅਦੇਵ ਜਛ ਗੰਧ੍ਰਬ ਤੁਰਕ ਹਿੰਦੂ ਨਿਆਰੇ ਨਿਆਰੇ ਦੇ ਸਨ ਕੇ ਭੇਸ ਕੋ ਪ੍ਰਭਾਉ ਹੈ।। ਏਕੈ ਨੈਨ ਏਕੋ ਕਾਨ ਦੇਹ ਏਕੈ ਬਾਨ ਖਾਕ ਬਾਦ ਆਤਸ਼

ਔ ਆਬ ਕੋ ਰਲਾਉ ਹੈ। ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ।।੧੬।।"

**ਦੋਹਿਰਾ**

ਇਹ ਦਸਮੇਂ ਗੁਰੂ ਗ੍ਰੰਥ ਮਹਿ ਕੀਨੇ ਵਾਕ ਬਖਾਨ।
ਸਭ ਮਾਨਸ ਇੱਕ ਸੇ ਕਹੇ ਮਾਨਤ ਭੇਦ ਅਜਾਨ।।੨੨੨।।
ਪੁਨ ਭਾਈ ਗੁਰਦਾਸ ਜੂ ਕਹਤ ਗੁਰੂ ਮਤ ਸਾਰ।
ਖੰਡਨ ਕੀਨਾ ਵਰਨ ਕਾ ਖੜਹੁ ਗਯਾਰਵੀ ਬਾਰ।।੨੨੩।।
ਯਥਾ "ਚਾਰ ਵਰਨ ਇਕ ਵਰਨ ਕਰ ਵਰਨ, ਅਵਰਨ ਤੰਬੋਲ ਗੁਲਾਲੇ।
ਅਸਟ ਧਾਤ ਇਕ ਧਾਂਤ ਕਰ ਵੇਦ ਕਤੇਬਨ ਭੇਦ ਵਿਚਾਲੇ।।"

**ਦੋਹਿਰਾ**

ਆਦਿ ਗ੍ਰੰਥ ਦਸਮੋ ਗੁਰੂ ਪੁਨ ਭਾਈ ਗੁਰ ਦਾਸ।
ਅਕਾਲ ਪੁਰਖ ਅਰ ਧਰਮ ਮਹਿ ਕਰ ਤੇ ਬਰਨ ਨਿਰਾਸ।।੨੨੪।।
ਤਾਂਤੇ ਪੁੱਛ ਪਯਾਰਿਆ ਬਾਵਾ ਜੀ ਨੂੰ ਜਾਇ।
ਕਿਸ ਮਤ ਕੋਲੋਂ ਕੱਢਿਆ ਸ਼ੂਦ੍ਰਪਨ ਤੁਮ ਆਇ।।੨੨੫।।
ਏਹੋ ਜੇਹੀਆਂ ਪੂਰੀਆਂ ਅੱਗੇ ਪੈਸਨ ਯਾਰ।
ਛੱਡੋ ਇਸ ਮਨ ਮੱਤ ਨੂੰ ਗੁਰਮਤ ਕਰੋ ਪਿਯਾਰ।।੨੨੬।।

## ਦੁਰਗਾ ਭਗਤ

**ਦੋਹਿਰਾ**

ਹੁਣ ਤਾਂ ਥੋੜਾ ਰਹਿ ਗਿਆ ਇਹ ਸਾਰਾ ਪ੍ਰਸੰਗ।
ਥੋੜੀ ਗੱਲੇ ਕਾਸਨੂੰ ਹੁੰਦੇ ਹੈਵੋ ਤੰਗ।।੨੨੭।।
ਓਧਰ ਕਾਲੀਦਾਸ ਭੀ ਪਹੁੰਚ ਗਿਆ ਗੁਰ ਪਾਸ।
ਜਿਸ ਨੂੰ ਦੇਖਤ ਸਰਬ ਦੇ ਮਨ ਵਿੱਚ ਭਯਾ ਹੁਲਾਸ।।੨੨੮।।
ਜਿਸ ਨੂੰ ਗੁਰ ਜੀ ਪੁੱਛਿਆ ਕੀ ਹੈ ਕਰਨਾ ਜੋਗ।
ਦੇਖੋ ਉਹ ਕੀ ਆਖਦਾ ਦੁਰ ਕਰਨ ਹਿਤ ਰੋਕ।।੨੨੯।।

ਯਥਾ - **ਚੌਪਈ**

"ਸੁਨ ਤਹਿ ਕਾਲੀਦਾਸ ਮੁਨੀਸਾ। ਬੋਲਯੋ ਸੁਨੀਏ ਸ੍ਰੀ ਸੋਢੀਸਾ।।
ਅਖਸ ਭੂਅਨ ਕਰਤਾ ਜਗ ਜਨਨੀ। ਦਰਸ਼ਨ ਦੈਹੈ ਸੰਕਨ ਗਨਨੀ।।੧੪੧।।
ਬਰਤ ਚਾਰਸੌ ਉਪ ਬਾਸ ਕਰੀਏਏ। ਆਸਨ ਏਕ ਬੈਠ ਗੁਨਰਰੀਏ।।
ਅਗਨ ਕੁੰਡ ਤੇ ਤਬ ਸ੍ਰੀਮਾਤ। ਦਰਸ਼ਨ ਦੈਹੈ ਅਖਸ ਬਿਧਾਤ।।੧੪੨।।

**ਦੋਹਿਰਾ**

ਪਹਰ ਤੀਨ ਸੈ ਬੀਸ ਕੋ ਬਰਤ ਕੀਨੋਂ ਗੁਰ ਰਾਇ।
ਥਰ ਥਰ ਕਾਪਨ ਗਿਰ ਲਗਯੋ ਡਰੇ ਦੇਵ ਸਮਦਾਇ।।੧੪੩।।

ਪੁਨ : **ਚੌਪਈ**

ਨੰਦ ਚੰਦ ਆ ਗਿਆ ਅਨੁਸਾਰੀ। ਰੱਖਯਾ ਕਰਤ ਚਤ੍ਰ ਦਿਸ ਦ੍ਵਾਰੀ।
ਉਰ ਬਾਸਰ ਅਤ ਹੀ ਦੁਖਮਾਨ। ਮਖ ਭੰਗਨ ਮਿਸਕਰ ਪ੍ਰਾਨਾ।।੧੫੧।।
ਅਨਕ ਭਾਂਤ ਬਨ ਕੈਸੁ ਡਰਾਵੇ। ਦੇਵੀ ਰੂਪ ਅਨੂਪ ਦਿਖਾਵੇ।
ਲਾਗ ਅਖੰਡ ਸਮਾਧ ਅਪਾਰਾ। ਪੂਜਤ ਜਗਦੀਸ਼੍ਵਰੀ ਆਧਾਰਾ।।੧੫੨।।

**ਦੋਹਿਰਾ**

ਸਤਿਨਾਮ ਗੁਰ ਮੰਤ੍ਰ ਪੜ੍ਹ ਪ੍ਰਥਮਹਿ ਕੀਨੀ ਕਾਰ।
ਬਿਘਨ ਨਿਕਟ ਆਵੈ ਨਹੀਂ ਕੋਊ ਤਿਹ ਆਗਾਰ।।੧੫੩।

**ਚੌਪਈ**

ਨਾਟਕ ਇਵ ਬਾਹਰ ਬਡ ਮਾਰਹਿ। ਹਮ ਅਸ ਹਮ ਅਸ ਰਾਸੁ ਧਾਰਹਿ।
ਦੇਵੀ ਦਿਵੈ ਆਦਿ ਸਭ ਸਿੱਧੀ। ਕਰ ਅਗਾਰਹੈ ਬਿਨ ਬ੍ਰਿਧੀ।।੧੫੪
ਯਹ ਉਪਾਉ ਲਖ ਦ੍ਵਿਜ ਹਰਖਾਨੇ। ਸਭ ਮੰਤ੍ਰਨ ਤੇ ਅਧਕ ਪਛਾਨੇ।।
ਸਤਿਨਾਮ ਸਮ ਮੰਤਰ ਕੋਊ। ਰਖਕ ਚੇਤਸ ਆਖਰ ਸੋਊ।।"

**ਦੋਹਿਰਾ**

ਰੱਖੇ ਚਾਲੀ ਬਰਤ ਗੁਰ ਕੰਬੇ ਸਭੀ ਪਹਾੜ।
ਰਿੱਧ ਸਿੱਧ ਅਰ ਦੇਵਤਿਆਂ ਲਗੀ ਅਗੇਰੇ ਧਾੜ।।੨੩੦।।

ਭਾਵ:- ਸ੍ਰੀ ਬਾਵਾ ਜੀ ਦੇ ਕਥਨ ਦਾ ਤਾਤਪ੍ਰਥ ਇਹ ਹੈ ਕਿ ਜਦ ਕਾਲੀਦਾਸ ਪੰਡਤ ਗੁਜਰਾਤ ਤੋਂ ਆ ਗਿਆ ਤਦ ਉਸ ਨੇ ਅਉਂਦੇ ਹੀ ਗੁਰੂ ਜੀ ਨੂੰ ਪ੍ਰਿਥੀ ਪਰ ਸੌਨ ਲਈ ਆਖਿਆ ਆਪਨਾਂ ਚਾਲੀ ਵਰਤ ਰੱਖਨੇ ਦੱਸੇ, ਜਦ ਗੁਰੂ ਜੀ ਨੇ ਇਹੋ ਯਤਨ ਕੀਤਾ ਤਦ ਪਹਾੜ ਕੰਬ ਉਠੇ ਅਰ ਕਈ ਤਰ੍ਹਾਂ ਦੇ ਦੇਵੀ ਦੇਵਤੇ ਅਰ ਅਸੁਰ ਰੂਪ ਵਟਾ ਕੇ ਅੱਗੇ ਆ ਖੜੇ, ਅਤੇ ਸਭ ਏਹੋ ਆਖਦੇ ਸਨ ਕਿ ਅਸੀ ਤੁਹਾਡਾ ਕੰਮ ਸਵਾਰ ਦੇਵਾਂਗੇ, ਇਸੇ ਤਰ੍ਹਾਂ ਰਿੱਧੀਆਂ ਅਤੇ ਸਿੱਧੀਆਂ ਭੀ ਪਈਆਂ ਪੁਕਾਰਦੀਆਂ ਸਨ, ਪਰੰਤੂ ਗੁਰੂ ਜੀ ਨੇ ਉਸ ਵੇਲੇ ਉਨਾਂ ਨੂੰ ਵਿਘਨ ਕਾਰੀ ਜਾਨਕੇ ਸਤਿਨਾਮ ਦਾ ਮੰਤ੍ਰ ਪੜ੍ਹਕੇ ਕਾਰ ਕਰ ਦਿੱਤੀ, ਜਿਸ ਵਿੱਚ ਇਤਨੀ ਸ਼ਕਤੀ ਸੀ ਜੋ ਕੋਈ ਦੇਵੀ ਦੇਵਤਾ ਉਸ ਨੂੰ ਉਲੰਘ ਨਹੀ ਸਕਦਾ ਸਾ ਜਿਸ ਪਰ ਆਪ ਸਮਾਧੀ ਲਾਕੇ ਸਥਿਰ ਬੈਠੇ ਰਹੇ, ਅਰ ਇਹ ਬਾਤ ਦੇਖਕੇ ਪੰਡਤ ਹੈਰਾਨ ਹੋ ਗਏ ਅਤੇ ਜਾਨ ਗਏ ਕਿ ਸਤਿਨਾਮ ਦਾ ਮੰਤ੍ਰ ਸਾਰੇ ਮੰਤ੍ਰਾਂ ਨਾਲੋ ਪ੍ਰਬਲ ਹੈ।।

**ਦੋਹਿਰਾ**

ਐਸੀ ਅਧਭੁਤ ਕਥਾ ਹੈ ਗੁਰ ਜੀ ਚਰਤ ਮਝਾਰ।
ਜਿਸ ਨੂੰ ਸੁਨ ਕਰ ਆਤਮਾਂ ਹੋਵਤ ਸਾਂਤਿ ਅਪਾਰ।।੨੩੧।।
ਇਸ ਵਿੱਚ ਤਾਂ ਕੁਛ ਨਹਿਂ ਦੋਸ਼ ਲਹਿੰਦ ਸਿਦਾ ਹੈ ਸਭ ਸੱਤ।।
ਕੈਸੀ ਉੱਤਮ ਹੈ ਵੱਡੀ ਬਾਵਾ ਜੀ ਦੀ ਮੱਤ।।੨੩੨।।

# ਤੱਤ ਖਾਲਸਾ

## ਦੋਹਿਰਾ

ਕਿਆ ਉਪਮਾ ਇਸ ਬੁੱਧ ਦੀ ਕਰਾਂ ਪਯਾਰੇ ਲਾਲ।
ਜੋ ਪਰਚੀ ਹੈ ਬਹੁਤ ਹੀ ਐਸੀ ਗੱਪਾਂ ਨਾਲ।੨੩੩॥
ਕਾਲੀ ਪ੍ਰਗਟ ਕਰਨ ਨੂੰ ਆਇਆ ਕਾਲੀ ਕਾਸ।
ਗੁਜਰਾਤੋਂ ਉਹ ਚੱਲ ਕੇ ਸਤਿਗੁਰ ਜੀ ਦੇ ਪਾਸ।੨੩੪॥

## ਚੌਪਈ

ਭਿਨ ਆਕਰ ਨਹਿ ਖੈਰ ਗੁਜ਼ਾਰੀ। ਅਪਨੀ ਲੀਲ੍ਹਾ ਨਵੀਂ ਬਿਥਾਰੀ॥
ਮੰਜੇ ਪੀੜੇ ਦੂਰ ਹਟਾਏ। ਧਰਤੀ ਪਰ ਆਸਨ ਬਿਛਵਾਏ॥
ਲੱਗਾ ਆਖਨ ਧਰ ਪਰ ਸਵੀਏ। ਰੱਖੇ ਬਰਤ ਕਸ਼ਟ ਤਨ ਤਵੀਏ॥
ਪਹਰ ਤਿੰਨ ਸੈ ਬੀਸ ਪ੍ਰਯੰਤ। ਰੱਖੇ ਭੁੱਖੇ ਗੁਰੂ ਅਨੰਤ॥
ਐਸਾ ਤਿਸ ਨੇ ਫੰਧ ਚਲਾਇਆ। ਲੰਗਰ ਭੀਚਾ ਬੰਦ ਕਰਾਇਆ॥
ਇਸ ਵਿੱਚ ਉਸ ਦੀ ਇਹੋ ਚਲਾਕੀ। ਅੱਗੇ ਭੁੱਖ ਨਾ ਰਹਸਨ ਆਕੀ॥
ਸਰਬ ਦੁੱਖ ਤੇ ਭਾਰੀ ਦੁੱਖ। ਅਹੇ ਜਗਤ ਮਹਿ ਕੇਵਲ ਭੁੱਖ॥
ਜਿਸ ਜਾਗਾ ਆ ਪੈਰ ਟਕਾਵੇ। ਗਯਾਨ ਧਯਾਨ ਸਭ ਬੁੱਧ ਨਸਾਵੇ॥
ਤਾਂਤੇ ਜਬ ਗੁਰੂ ਭੁੱਖ ਸਤਾਏ। ਆਪੇ ਕਹਨ ਨਹੀ ਬਨ ਆਏ॥
ਹੈ ਅਤਿ ਕਠਨ ਧਰਨ ਬ੍ਰਤ ਐਸਾ॥ ਤੈ ਪੰਡਤ ਜੀਭਾਖਯੋ ਜੈਸਾ॥
ਤਬ ਮੈਂ ਕਹੂੰ ਕਾਲਕਾ ਮੇਲ। ਨਹੀ ਗੁਰੂ ਜੀ ਹਾਸੀ ਖੇਲ॥
ਕਰਤ ਵਡੇ ਤਪ ਸਾਲ ਅਠਾਸੀ। ਅੰਨ ਨ ਖਾਤ ਰਹਤ ਉਪਵਾਸੀ॥
ਤੋ ਵ੍ਰਹ ਸਿੱਧੀ ਸਾਧਤ ਜੋਗੀ। ਐਸੋ ਯਤਨ ਕਰਤ ਕਬ ਭੋਗੀ॥
ਤਬ ਗੁਰ ਅਪਨਾ ਦੋਖ ਨਿਹਾਰੇ। ਹਮਰੇ ਪਰ ਜਾਵੇ ਬਲਹਾਰੇ॥
ਤਜ ਕਰ ਹਠ ਹਮ ਕੋ ਧਨ ਦੇਊ। ਮੁੜ ਕਰ ਦੁਰਗਾ ਨਾਮ ਨਾ ਲੇਊ॥
ਯਹ ਪੰਡਤ ਕਾ ਥਾ ਸਭ ਚਾਲਾ। ਆਇ ਗੁਰੂ ਢਿਗ ਜੋਇ ਨਿਕਾਲਾ॥
ਪੁਨ ਡਰ ਕਈ ਭਾਂਤ ਬਤਲਾਏ। ਦੱਸੇ ਪਰਬਤ ਭੀ ਧਰ ਕਾਏ॥
ਜਿਉਂ ਜਿਉਂ ਕਰ ਤਿਨ ਕਠਨ ਬਤਾਈ। ਜੋ ਦੁੱਖ ਨਹੀਂ ਸਹਾਰਿਆ ਜਾਈ॥
ਪਰ ਕਲਗੀਧਰ ਧੀਰਜ ਧਾਰੀ। ਕਹਾਂ ਕਰਤ ਤਿਨ ਸੇ ਇਨਕਾਰੀ॥
ਕਹੀ ਡਰੋ ਨਹਿ ਬਿੱਪ ਪਿਆਰੇ। ਮੈਂ ਪੂਰਨ ਕਰ ਹੋ ਬ੍ਰਤ ਸਾਰੇ।੨੩੫॥

## ਦੋਹਿਰਾ

ਇਹ ਸਾਰਾ ਹੈ ਭੇਦ ਸੁਨ ਏਸ ਬਾਤ ਕੇ ਮਾਹਿ।
ਬਿਨ ਸਤਿਗੁਰ ਕੇ ਦੂਸਰਾ ਜਿਸ ਕੋ ਸਮਝਿਆ ਨਾਹਿ।੨੩੬॥
ਫਿਰ ਜੋ ਦੇਵੀ ਦੇਵਤੇ ਬਿਘਨ ਪਾਵਨੇ ਹੇਤ।
ਆਏ ਸਤਿਗੁਰ ਸਾਮ੍ਹਨੇ ਇਸ ਵਿੱਚ ਦੱਸਾਂ ਭੇਤ।੨੩੭॥

ਭਾਵ:- ਪੁਰਾਣਾਂ ਵਿੱਚ ਇਹ ਕਈ ਜਗ੍ਹਾ ਪਰ ਕਥਾ ਆਉਂਦੀਆਂ ਹਨ ਕਿ ਫਲਾਨੇ ਰਾਜਾ ਯਾ ਰਿਖੀ ਨੇ ਹਵਨ ਕੀਤਾ ਸਾ, ਜਿਸ ਵਿੱਚ ਵਿਘੱਨ ਪਾਉਨ ਲਈ ਰਾਕਸ਼ ਯਾ ਦੇਵਤੇ ਆਏ ਸੇ, ਅਰ ਉਨ੍ਹਾਂ ਦੇ ਰੋਕਨੇ ਲਈ ਉਸ ਨੇ ਅਮਕੇ ਮੰਤ੍ਰ ਦਾ ਜਾਪ ਯਾ ਦੇਵਤੇ ਦਾ ਅਰਾਧਨ ਕੀਤਾ ਸਾ, ਜਿਸ ਤੇ ਉਹ ਹਵਨ ਅਥਵਾ ਜਗ ਪੂਰਾ ਹੋ ਗਿਆ ਸੀ। ਏਸੇ ਤਰ੍ਹਾਂ ਸਾਡੇ ਪੌਰਾਣਕ ਖਿਆਲ ਵਾਲੇ ਬਾਵਾ ਜੀ ਨੇ ਭੀ ਚਿਤ ਵਿੱਚ ਏਹੋ ਵਿਚਾਰਿਆ ਹੋਵੇਗਾ ਕਿ ਅਸੀ ਇਹ ਲਿਖ ਦਈਏ ਜੋ ਗੁਰੂ ਜੀ ਦੇ ਹਵਨ ਵਿੱਚ ਭੀ ਬਹੁਤ ਸਾਰੇ ਦੇਵੀ ਦੇਵਤੇ ਵਿਘਨ ਪਾਉਨ ਆਏ ਸਨ ਪਰ ਗੁਰੂ ਜੀ ਨੇ ਸਤਿਨਾਮ ਦੇ ਮੰਤ੍ਰ ਦੀ ਕਾਰ ਕਰ ਦਿੱਤੀ ਸੀ ਜਿਸ ਪਰ ਉਹ ਅੰਦ੍ਰ ਹੀ ਨਹੀਂ ਲੰਘ ਸਕਦੇ ਸਨ ਜਿਸ ਤਰ੍ਹਾਂ ਲਛਮਨ ਦੀ ਕਾਰ ਕੱਢੀ ਹੋਈ ਤੋਂ ਰਾਵਨ ਨਹੀਂ ਲੰਘ ਸਕਯਾ ਸਾ॥

ਇਸ ਜਗ੍ਹਾਂ ਪਰ ਬਾਵਾ ਜੀ ਦੇ ਚਿਤ ਵਿੱਚ ਇੱਕ ਖਾਲਸਾ ਧਰਮ ਦੇ ਉਤਮ ਹੋਨ ਦਾ ਭਾਵ ਭੀ ਜਾਗ ਪਿਆ ਸਾ ਜਿਸ ਪਰ ਉਨ੍ਹਾਂ ਨੇ ਇਹ ਸਾਬਤ ਕਰਕੇ ਦੱਸਯਾ ਹੈ ਕਿ ਸਤਿਨਾਮ ਦੇ ਮੰਤ੍ਰ ਵਿੱਚ ਸਭਨਾ ਮੰਤ੍ਰਾਂ ਨਾਲੋਂ ਵਧਕੇ ਸਮਰੱਥਾ ਹੈ। ਇਸ ਦੇ ਪਾਠ ਤੋਂ ਸਭ ਬਿਘਨਕਾਰੀ ਡਰ ਜਾਂਦੇ ਹਨ, ਅਰ ਇਹ ਭੀ ਪ੍ਰਗਟ ਕੀਤਾ ਹੈ ਕਿ ਪੰਡਤ ਲੋਗ ਇਸ ਮੰਤ੍ਰ ਦੀ ਸ਼ਕਤੀ ਨੂੰ ਦੇਖਕੇ ਵੱਡੇ ਹੀ ਹੈਰਾਨ ਹੋਏ ਸਨ, ਅਰ ਇਸ ਬਾਤ ਨੂੰ ਮੰਨ ਗਏ ਕਿ ਇਸ 'ਗੁਰੂ ਮੰਤ੍ਰ' ਵਿੱਚ ਸਭ ਤੇ ਵਧਕੇ ਸ਼ਕਤੀ ਹੈ॥

## ਦੋਹਿਰਾ

ਪਰ ਇੰਸ ਦੇ ਲਿਖਨੋ ਸਮਯ ਕੀਤੀ ਨਹੀ ਵਿਚਾਰ।
ਕਿਉਂ ਸਨ ਦੇਵੀ ਦੇਵਤੇ ਵਿਘਨ ਕਰਨ ਨੂੰ ਤਿਆਰ।।੨੩੯॥

## ਦਵੈਯਾ

ਜਦ ਸਤਿਗੁਰੂ ਦਾ ਉਦੱਮ ਦੱਸਨ ਤੁਰਕ ਨਾਸ ਕੇ ਹੇਤਾ। ਜੰਞੂ ਤਿਲਕ ਬਚਾਵਨ ਕਾਰਨ ਕਹਨ ਯਤਨ ਸਭ ਏਤਾ॥ ਫਿਰ ਦੇਵੀ ਅਰ ਹੋਰ ਦੇਵਤੇ ਬਿਘਨ ਕਰਨ ਕਿਉਂ ਆਏ। ਤੁਰਕੀ ਰਾਜ ਵਿਖੇ ਸੇ ਜਿਨ ਨੇ ਅਪਨੇ ਕੁਰਬ ਗੁਵਾਏ।੨੩੯॥ ਦੇਵਤਿਆਂ ਦੇ ਭਾਰ ਮੰਦ੍ਰ ਅਰ ਦੇਵੀ ਦੇ ਦੁਆਰੇ। ਢਾਹ ਮਸੀਤਾਂ ਦੇ ਸਨ ਕੀਤੇ ਤੁਰਕਾਂ ਚਾਇ ਮੁਨਾਰੇ॥ ਫਿਰ ਕਿਆ ਏਸ ਦੁੱਖ ਤੇ ਦੁੱਖਕੇ ਹੋਏ ਨਾ ਸ਼ਰਮਿੰਦੇ। ਉਸ ਵੇਲੇ ਸੀ ਲਾਜ਼ਮ ਤਿਨ ਕੋ ਮਦੱਦ ਗੁਰ ਨੂੰ ਦਿੰਦੇ।੨੪੦॥ ਸਗੋਂ ਨਾਲ ਸਹਾਈ ਹੋਕੇ ਨਾਲ ਗੁਰੂ ਤੁਰ ਪੈਂਦੇ। ਹੱਥੀਂ ਤੁਰਕਾਂ ਕੋਲੋਂ ਅਪਨੇ ਬਦਲੇ ਲੈਂਦੇ। ਜਿਸ ਪਰ ਉਲਟ ਉਨ੍ਹਾਂ ਨੇ ਦੇਖੇ ਗੁਰ ਢਿਗ ਧੂਮ ਮਚਾਈ। ਇਸ ਤੇ ਸਾਬਤ ਹੁੰਦਾ ਹੈ ਨਾਂ ਅਕਲ ਉਨ੍ਹਾਂ ਨੂੰ ਘਾਈ।੨੪੧॥ ਮਾਰਨ ਅਤੇ ਬਚਾਵਨਹਾਰਾ ਇੱਕੋ ਜੇਹਾ ਜਾਨੇ। ਸਗੋ ਮਾਰਨ ਵਾਲੇ ਕੋਲੋਂ ਨੱਸਨ ਲੈਕੇ ਪ੍ਰਾਨੇ॥ ਅਰ ਜੋ ਉਨ੍ਹਾਂ ਬਚਾਵਨ ਕਾਰਨ ਕਹਾ ਯਤਨ ਗੁਰ ਰਾਈ। ਤਿਸ ਪਰ ਬਿਘਨ ਪਾਵਨੇ ਕਾਰਨ ਆਕੇ ਭੰਡੀ ਪਾਈ।੨੪੨॥ ਏਹੋ ਜੇਹੀ ਅਕਲ ਵਾਲੀਆਂ ਜੋ ਸਨ ਦੇਵੀ ਮਾਈਆਂ। ਤਾਂਹੀ ਤੁਰਕਾਂ ਦੇ ਸਨ ਹੱਥੋਂ ਅਪਨੀ ਜੜ੍ਹਾਂ ਪੁਟਾਈਆਂ। ਅਰ ਅਪਨੇ ਜੋ ਭਗਤ ਵਿਚਾਰੇ ਛੈਣੇ ਕੁੱਟਨ ਹਾਰੇ। ਕਿਤਨੇ ਮੁਸਲਮਾਨ ਬਨਾਏ ਕਿਤਨੇ ਗਰਦਨ ਮਾਰੇ।੨੪੩॥ ਫਿਰ ਜੋ ਸੱਤਿਨਾਮ ਦੇ ਬਦਲੇ

ਬਿਘਨ ਪਾਵਨੇ ਹਾਰੇ। ਭੂਤ ਪਰੇਤ ਦੇਵਤੇ ਦੇਵੀ ਦੂਰ ਰਹੇ ਸਨ ਸਾਰੇ।। ਕੋਈ ਕਾਰ ਉਲੰਘ ਨ ਸਕਿਆ ਗੁਰੂ ਮੰਤ੍ਰ ਦੀ ਕੀਤੀ। ਜਿਸ ਪਰ ਪੰਡਤ ਲੋਗਾਂ ਨੇ ਭੀ ਸੱਤ ਮਾਨ ਉਰ ਲੀਤੀ।੨੪੪।। ਤਾਂ ਨੌ ਗ੍ਰਹ ਦੀ ਪੂਜਾ ਜੋ ਸੀ ਸੋ ਕਿਹੜੈ ਕੰਮ ਆਈ। ਅਰ ਉਹ ਸ੍ਵਾਹਾ-੨ ਕਰਨੀ ਕਿਉਂ ਨਾ ਭਈ ਸਹਾਈ? ਹੋਰ ਮੰਤ੍ਰ ਤੇ ਵੇਦ ਪਾਠ ਨੇ ਕਿਉਂ ਨਾ ਭੂਤ ਹਟਾਏ। ਓੜਕ ਨੂੰ ਕਿਉਂ ਸੱਤਿ ਨਾਮ ਦੇ ਮੰਤ੍ਰ ਕਾਰੇ ਕਰਾਏ।੨੪੫।। ਅਰ ਜੇ ਸਾਰੇ ਵੇਦ ਮੰਤਰੋ ਸੱਤਿਨਾਮ ਸੀ ਚੰਗਾ। ਫਿਰ ਕਿਉਂ ਘਿਉ ਅੱਗ ਵਿਚ ਫੂਕੇ ਹੋਰ ਸਮੱਗ੍ਰੀ ਸੰਗਾ।। ਫਿਰ ਉਸਦੇ ਹੀ ਬਲ ਤੇ ਕਿਉਂ ਨਾਂ ਦੁਰਗਾ ਪ੍ਰਗਟ ਕੀਤੀ।। ਪੰਡਤ ਵਾਲੀ ਸ੍ਵਾਹਾ ਬੀ ਕਿਉਂ ਓਟ ਤਦੋਂ ਸੀ ਲੀਤੀ।੨੪੬।। ਏਹੋ ਜੇਹੀ ਬਾਤਾਂ ਲਿਖਦੇ ਸੋਚਨ ਨਾਹਿ ਪਰਾਣੀ। ਅਪਨੀ ਹੀ ਮਨ ਘੜਤਾ ਲਾਕੇ ਰਚਦੇ ਚੁੱਕ ਕਹਾਣੀ।। ਅਪਨੇ ਮਨ ਅਨੁਸਾਰ ਗਪੌੜੇ ਗੁਰਮਤ ਉਨ੍ਹਾਂ ਬਤਾਉਨ। ਸੁੱਧ ਦੁੱਧ ਦੇ ਬਦਲੇ ਦੇਖੋ ਲੱਸੀ ਚਾਇ ਬਿਕਾਉਨ।੨੪੭।। ਤਾਂ ਤੇ ਇਹ ਸਭ ਘੜੇ ਮਸਾਲੇ ਗੁਰ ਦੀ ਹਿਤ ਵਡਿਆਈ। ਅਰ ਇਹ ਮੂਲ ਨ ਸਮਝਨ ਉਲਟਾ ਕਰਸੀ ਲੋਗ ਹਸਾਈ।। ਗੁਰਮਤ ਬਾਹਰ ਅਕਲੋਂ ਬਾਹਰ ਧਰਮੋਂ ਬਾਹਰ ਕਹਿੰਦੇ। ਫਿਰ ਉਹ ਹੋਇ ਕਵੀਸ਼ਰ ਭਾਰੀ ਲੋਗਾਂ ਮੇ ਫੁਲ ਬਹਿੰਦੇ।੨੪੯।। ਫਰਜ ਕਰੋ ਜੇ ਸੱਚੀ ਹੋਵੇ ਇਹ ਸਭ ਲਿਖੀ ਕਹਾਨੀ। ਤਾਂ ਉਹ ਦੇਵੀ ਕੌਨ ਹੋਵਸੀ ਜੋ ਕਰਦੀ ਸੀ ਹਾਨੀ। ਕਯਾ ਕੋਈ ਸੀ ਸਉਕਣ ਉਸ ਦੀ ਯਾ ਚੰਡੀ ਦੀ ਤਾਈ। ਕਿਹੜੀ ਜਿੱਦੋਂ ਵਿਘਨ ਪਾਉਨੇ ਓਥੇ ਨੱਠੀ ਆਈ।੨੪੯।। ਭਲੇ ਕੰਮ ਵਿਚ ਵਿਘਨ ਪਾਉਨਾ ਦੇਵਤਿਆਂ ਨੂੰ ਮਾੜਾ। ਜਾਂ ਤੇ ਦੱਸੋ ਕਿਸ ਬਾਤੋਂ ਸੀ ਉਠਯਾ ਮਨ ਮਹਿ ਮਾੜਾ।। ਤਾਂ ਤੇ ਇਹ ਸਭ ਹਨ ਮਨ ਘੜੀਆਂ ਬਾਤਾਂ ਚੁਕ ਬਨਾਈਆਂ। ਲੀਤਾ ਪਾਪ ਸੀਸ ਜੋ ਤਿਨ ਨੈ ਗੁਰ ਜੀ ਉਪੱਰ ਲਾਈਆਂ।੨੫੦।।

### ਦੋਹਿਰਾ

ਗਯਾਨ ਵਾਨ ਇਸ ਬਾਤ ਨੂੰ ਜਾਨਨ ਮਹਾਂ ਤੁਫਾਨ।
ਪੜ੍ਹ ਸੁਨ ਮੂਰਖ ਰੀਝਦੇ ਹੋ ਮਨ ਵਿੱਚ ਹੈਰਾਨ।੨੫੧।।
ਇਸ ਮਹਿ ਤੱਤ ਨ ਪਿਆਰਿਆ ਹੈ ਸਭ ਕੂੜੋ ਕੂੜ।
ਸਗੋਂ ਬਿਰਥਾ ਯਤਨ ਕਰ ਪਈ ਉਡਾਈ ਧੂੜ।੨੫੨।।

## ਦੁਰਗਾ ਭਗਤ

### ਦੋਹਿਰਾ

ਬਿਰਥਾ ਮੈਂ ਕਿਉਂ ਜਾਨਸਾਂ ਜਦ ਫਲ ਦੱਸੇ ਮੋਹਿ।
ਸਮਾਂ ਦਿਵਸ ਪ੍ਰਗਟਾਨ ਕਾ ਬਾਵਾ ਦੱਸੇ ਤੋਹਿ।੨੫੩।।
ਪਹਲੇ ਉਨ ਕਾ ਆਖਨਾ ਸੁਨ ਲੇਵੋ ਹਿਤ ਨਾਲ।
ਫਿਰ ਜੋ ਸ਼ੰਕਾ ਹੋਵਸੀ ਕਰਨੀ ਮੂਜਬ ਖਯਾਲ।੨੫੪।।
ਸਫਲ ਯਤਨ ਗੁਰ ਕਾ ਭਇਆ ਅਰ ਪੰਡਤ ਦਾ ਜੇਤ
ਪ੍ਰਗਟ ਪਈ ਜਬ ਕਾਲਕਾ ਗ੍ਰੰਥ ਗੁਵਾਹੀ ਦੇਤ।੨੫੫।। ਯਥਾ:-

ਜੈਤ ਸਿਰੀ

"ਦੇਵੀ ਪ੍ਰਗਟ ਸਮਾਂ ਜਬ ਆਯੋ। ਝਾਂਜਾ ਪੌਨ ਬਹੀ ਝੰਕਾਰ ਪ੍ਰਲਯ ਸ਼ਬਦ ਪ੍ਰਗਟਾਯੋ।। ਆਪਸ ਮੈਂ ਗਿਰ ਭਿਰ ਭਿਰ ਪਰ ਅਤਿ ਹਿਰਾਸ ਸਭ ਮਾਂਹੀ। ਬਾਰ ਬਾਰ ਭੂਕੰਪ ਹੋਤਭੋ ਕੇਵਲ ਜਿਤਨ ਡਰਾਹੀ। ਕਬਹੂ ਘਟਾ ਕਾਰ ਕਬ ਬਿਜਲੀ ਚਮਕੀ ਚਾਲ ਦਿਖਾਵੈ।। ਰੂਪ ਭਿਆਨਕ ਧਰ ਧਰ ਕਰ ਕਰ ਕਬ ਪ੍ਰਗਟ ਦੁਰਜਾਵੈ।। ਦ੍ਰਿੜ ਆਸਨ ਇਕ ਧਿਆਨ ਪਰਾਇਆ ਬੈਠੇ ਸ੍ਰੀ ਰਣਧੀਰਾ। ਡੇਢ ਪਹਰ ਦਿਨ ਰਹਿਓ ਸੁਰਵਿ ਦਿਲ ਨਵਮੀ ਬਿਤ ਹਰ ਪੀਰਾ। ਅਗਨ ਕੁੰਡ ਤੇ ਅਗਨ ਜੁਵਪ ਸਮ ਪ੍ਰਗਟੀ ਸੀ ਜਗਦੰਬਾ। ਸਿੰਘ ਰੂਢ ਅਸ਼ਟਭੁਜ ਆਯੂ ਦਿਸਾ ਬਸਤ੍ਰ ਅਵਲੰਬਾ।। ਦੀਰਘ ਦਾੜ ਮੁੰਡ ਮਾਲਾ ਗਰ ਸਕਾ ਸਰੋਰਹੁ ਬਦਨੀ। ਕਰ ਕਾਂਚੀ ਕਿੰਕਨੀ ਬਰਾਜਤ ਸੰਤ ਕਛ ਆ ਕਦਨੀ। ਏਕ ਹਾਂਥ ਕਰਵਾਰ ਬਰਾਜਤ ਦੂਸਰ ਸਹਿਯਮ ਦਾਵਾ ਤੀਸਰ ਸਾਂਗ ਚਤਰ ਤ੍ਰਿਸੂਲਹਿ ਪੰਚਮ ਧਨਖ ਸੁਢਾਲਾ।। ਖਸਟਮ ਮਹਿ ਸੋ ਸਕਤਿ ਬਿਰਾਜਤ ਸਪਤਮ ਮਾਹਿ ਕੁਠਾਰਾ।। ਅਸਟਮ ਹਾਥ ਗੁਲੇਲ ਹਾਰ ਕਰ ਅਸਟਾ ਯੁਧ ਭੁਜ ਦੁਵਾਰਾ।। ਵਡੀ ਵੇਰ ਲੌ ਹੋਰ ਫੇਰ ਕਰ ਪੁਨ ਬਿਤ ਅੱਗ੍ਰ ਬਿਰਾਨੀ। ਹਰਿ ਸਮੇਰ ਕਰ ਜੋਰ ਸੋਢ ਪਤਿ ਉਠੇਸੁ ਅਭਿਮਤ ਦਾਨੀ।।੧੨੮।।"

## ਦੋਹਿਰਾ

ਸ੍ਰੀ ਚੰਡ ਜਗ ਮੋਹਨੀ ਲੈ ਸ਼ਸਤਰ ਕਰ ਮਾਂਹਿ।
ਦੇਖੋ ਪ੍ਰਗਟ ਹੋ ਗਈ ਕਿਆ ਸੁੰਦ੍ਰ ਛਬ ਤਾਂਹਿ।੨੫੬।।

# ਤੱਤ ਖਾਲਸਾ

## ਦੋਹਿਰਾ

ਝਾਜਾ ਪੌਣ ਪਹਾੜ ਉਡਾਏ ਅਰ ਬਿਜਲੀ ਚਮਕਾਈ। ਇਹ ਤਾਂ ਪਹਲੇ ਕਵੀਅਨ ਨੇ ਭੀ ਸਾਰੀ ਕਥਾ ਸੁਨਾਈ।। ਕਾਲਾ ਰੰਗ ਦੰਦ ਸਨ ਵੱਡੇ ਗਲ ਵਿੱਚ ਸਿਰ ਲਟਕਾਏ। ਇਹ ਭੀ ਪਹਲੇ ਪਏ ਕੁ ਕਦੇ ਇਨ ਨਹਿ ਨਵੇਂ ਬਤਾਏ।੨੫੭।। ਇਸ ਬਾਵਾ ਜੀ ਏਹ ਬਤਾਇਆ ਪ੍ਰਗਟ ਹੋ ਛਪ ਜਾਵੇ। ਲੁਕਨ-ਮੀਟੀਆਂ ਖੇਲ ਖੇਲ ਕੇ ਆਪੇ ਪਈ ਦਿਖਾਵੇ।। ਭਲਾ ਕਹੋ ਕਿਆ ਕੰਮ ਓਸ ਦਾ ਪ੍ਰਗਟ ਹੋ ਛਿਪ ਜਾਨਾ। ਕੇਵਲ ਨਾਰ ਸੁਭਾਵ ਵਿਖਾਵੇ ਸਨਮੁਖ ਹੋ ਸੁਕ ਚਾਨਾ।੨੫੮।। ਜਗ ਦੀ ਨਾਰਾਂ ਭੀ ਹਨ ਭਾਈ ਇਹੋ ਕਾਰ ਕੁਮਾਂਦੀ। ਮੁਖ ਦਿਖਾਇ ਘੁੰਡ ਫਿਰ ਕੱਢਨ ਹਾਵ ਭਾਵ ਦਿਖਰਾਂਦੀ।। ਸੋ ਦੇਵੀ ਨੂੰ ਨ ਸੀ ਚਾਹੀਦਾ ਲੁਕ ਪਲੁਕ ਪ੍ਰਗਟ ਹੋਣਾ। ਐਵੇਂ ਬ੍ਰਿਥੇ ਕੰਮਾਂ ਦੇ ਵਿੱਚ ਸਮਾਂ ਅਮੋਲਕ ਖੋਨਾ।੨੫੯।। ਅਰ ਜੋ ਅਗਨ ਕੁੰਡ ਤੇ ਨਿਕਸੀ ਸਿੰਘ ਚੜ੍ਹੀ ਬਤਲਾਈ। ਸੋ ਪਹਲੇ ਕਵੀਆਂ ਨੇ ਨਾਹੀ ਐਸੀ ਬਾਤ ਸੁਨਾਈ।। ਕਿਆ ਜਾਨਾ ਇਹ ਥਾਵਾ ਜੀ ਸੀ ਪਾਸ ਖੜੇ ਉਸ ਵੇਲੇ। ਦੇਖਣ ਜੋ ਕੁਛ ਸੀ ਉਹ ਕਰਦੀ ਚੁਪਕੇ ਬੈਠ ਇਕੇਲੇ।੨੬੦।। ਅਸ਼ਟ ਭੁਜੀ ਜੋ ਕਹੀ ਕਾਲਕਾ ਸ਼ਸਤ੍ਰ ਫੜਕੇ ਆਈ। ਇਸ ਤੇ ਭੀ ਕੁਛ ਉਸ ਦੀ ਸੋਭਾ ਦੇਂਦੀ ਨਹੀ ਦਿਖਾਈ।। ਬਹੁਤੀ ਬਾਹਾਂ ਵਾਲਾ ਜੇ ਕਰ ਜਗ ਵਿੱਚ ਬਲੀ ਕਹਾਵੇ। ਤਾਂ ਰਾਵਨ ਹੀ ਉਸ ਦੇ ਕੋਲੋਂ ਡਾਢਾ ਬੀਰ ਸਦਾਵੇ।੨੬੧।। ਫੇਰ ਸਹੰਸ੍ਰ ਬਾਂਹੂ ਦੇ ਸੀ ਬਾਹ ਹਜ਼ਾਰ ਸੁਹਾਈ। ਜੋ ਦੇਵੀ ਤੇ ਕਈ ਗੁਣਾ ਸੀ

ਵਧਕੇ ਦੇਖੋ ਭਾਈ। ਕੰਨ ਖਜੂਰੇ ਇਕ ਜੀਵ ਦੇ ਬਾਹਾਂ ਹੋਨ ਘਨੇਰੀ। ਫਿਰ ਇਨ ਅੱਠਾਂ ਬਾਹਾਂ ਦੀ ਕਿਆ ਸਨ ਮੁਖ ਉਨ੍ਹਾਂ ਦਲੇਰੀ॥੨੯੨॥ ਫਿਰ ਜੋ ਅੱਠੇ ਹੱਥਾਂ ਦੇ ਵਿੱਚ ਸ਼ਸਤ੍ਰ ਅੱਠ ਫੜਾਏ। ਸੋ ਭੀ ਬਰਛੀ ਅਤੇ ਕੁਹਾੜੇ ਇਤਨੇ ਕੰਮ ਨ ਆਏ॥ ਜਿਤਨੀ ਇੱਕ ਤੋਪ ਲਿਆਕੇ ਰੱਖ ਪਹਾੜ ਚਲਾਂਦੀ। ਇੱਕੋ ਫਾਇਰ ਨਾਲ ਹਜ਼ਾਰਾਂ ਰਾਕਸ਼ ਪਈ ਮੁਕਾਂਦੀ॥੨੯੩॥ ਫਿਰ ਸ਼ਸਤ੍ਰ ਭੀ ਦੇਣੇ ਨਾਹੀ ਬਾਵਾ ਜੀ ਨੂੰ ਆਏ। ਨਾਲ ਕੁਮਾਨ ਤੀਰ ਨਹਿ ਦਿੱਤੇ ਕਿਆ ਉਹ ਪਕੜ ਚਲਾਏ। ਹੋਰ ਗੁਲੇਲੇ ਭੀ ਨਹਿ ਦੱਸੇ ਫੁੰਡੂ ਕਿਵੇਂ ਨਸ਼ਾਨੇ। ਕਿਆ ਉਹ ਧਨਖ ਗੁਲੇਲ ਚਲਾਊ ਬਿਨਾਂ ਗੁਲੇਲੇ ਕਾਨੇ।੨੯੪॥ ਇਹ ਬਾਵਾ ਜੀ ਨਾਟਕ ਹੈ ਏਥੇ ਚਮਕ ਦਿਖਾਈ। ਜਿਉਂ ਰਾਵਨ ਦੇ ਬੀਸ ਹੱਥ ਵਿੱਚ ਸ਼ਸਤ੍ਰ ਦੱਸੇ ਭਾਈ॥ ਤਿਉਂ ਇਨ ਏਥੇ ਭੀ ਲਿਖ ਮਾਰੇ ਸਾਂਗ ਕਮਾਨ ਕੁਹਾੜੇ। ਪਰ ਗਿਣਨੇ ਦਾ ਢੰਗ ਨ ਆਇਆ ਬ੍ਰਿਥੇ ਦਾਬੇ ਚਾੜ੍ਹੇ ॥੨੯੫॥

## ਦੋਹਿਰਾ

ਜੋ ਇਸ ਜਾਗਾ ਗੁਰੂ ਕੇ ਸ਼ਸਤ੍ਰ ਦੇਵਤ ਚਾਇ।
ਅਸ਼ਟ ਭੁਜੀ ਤੇ ਦਸ ਭੁਜੀ ਦੇਵੀ ਖੂਬ ਬਨਾਇ।੨੯੬॥
ਸੋ ਮੰਨਨ ਤੇ ਜੋਗ ਭੀ ਹੈ ਜਾਂਦੀ ਸਭ ਬਾਤ।
ਦਸਮ ਗੁਰੂ ਜਿਨ ਸ਼ਸਤ੍ਰਨ ਕੋ ਨਿਜ ਮੁਖ ਪੀਰ ਬਤਾਤ।੨੯੭॥
ਯਥ : "ਅਸ, ਕ੍ਰਿਪਾਣ, ਖੰਡੋ, ਖੜਗ, ਤੁਪਕ, ਤਬਰ ਅਰ ਤੀਰ॥
ਸੈਫ, ਸਰੋਹੀ, ਸੈਹਥੀ, ਯਹੀ ਹਮਾਰੇ ਪੀਰ"॥

## ਚੌਪਈ

ਜੋ ਇਹ ਲਿਖਦੇ ਬਾਵਾ ਪਿਆਰੇ ਤਾਂ ਸੋਭਾ ਹੁੰਦੀ ਸੰਸਾਰੇ॥
ਬਾਹਾਂ ਮਹਿ ਦੁਰਗਾ ਵਧ ਜਾਂਦੀ। ਦੋ ਸ਼ਸਤ੍ਰ ਰਣ ਅਧਕ ਚਲਾਂਦੀ॥
ਅਰ ਗੁਰ ਵਾਕ ਵਿਰੁੱਧ ਨ ਹੁੰਦਾ। ਸੀ ਪ੍ਰਮਾਣ ਪ੍ਰਥਮ ਹੀ ਗੁੰਦਾ॥
ਫਿਰ ਭੁੱਲਾਂ ਤੇ ਭੀ ਬਚ ਜਾਂਦੇ। ਨਾ ਕਮਾਨ ਸ਼ਸਤ੍ਰ ਬਤਲਾਂਦੇ॥
ਜੋ ਕਮਾਨ ਸ਼ਸਤਰ ਬਤਲਾਈ। ਅਰ ਗੁਲੇਲੇ ਤਿਸ ਸੰਗ ਰਲਾਈ॥
ਸੋ ਸ਼ਸਤਰ ਨਾਂਹੀ ਹਨ ਪਿਆਰੇ। ਹੈਂ ਜੰਤਰ ਸ਼ਸਤਰ ਕੇ ਸਾਰੇ॥
ਸ਼ਸਤਰ ਤੀਰ ਕਹਾਵਤ ਭਾਈ। ਜੰਤਰ ਮੁਕਤ ਕਹਤ ਜਿਸ ਗਾਈ॥
ਸ਼ਸਤ੍ਰ ਚਾਰ ਪ੍ਰਕਾਰ ਬਤਾਏ। ਮੁਕਤ, ਅਮੁਕਤ ਦਸਰੇ ਗਾਏ॥
ਮੁਕਤਾ ਮੁਕਤ ਤੀਸਰੇ ਕਹੀਏ। ਜੰਤਰ ਮੁਕਤ ਚਤਰ ਥੇ ਲਹੀਏ॥
ਚੱਕਰ ਆਦਿਕ ਸ਼ਸਤਰ ਕੇਤੇ। ਕਰ ਸੇ ਛੋਰ ਚਲਾਵਤ ਜੇਤੇ॥
ਸੋ ਹੈਂ ਮੁਕਤ ਕਹਾਵਤ ਨਾਮਾਂ। ਜੁੱਧ ਵਿਖੇ ਆਵਤ ਹੈਂ ਕਾਮਾਂ॥
ਤੇਗ ਸੈਫ ਖੰਡਾ ਹੈ ਜੋਈ। ਕਰ ਮਹਿ ਧਾਰ ਚਲਾਵਤ ਸੋਈ॥
ਕਹਤ ਅਮੁਕਤ ਤਾਂਹਿ ਕੋ ਸਾਰੇ। ਸ਼ਸਤਰ ਵਿੱਦਯਾ ਜਾਨਨ ਹਾਰੇ॥
ਬਰਛੀ ਨੇਜ਼ਾ ਮੁਕਤ ਅਮੁਕਤਾ। ਦੋਨੋਂ ਤਰਹ ਚਲਤ ਸਹਿਯੁਕਤਾ॥

ਜਾਂ ਤੇ ਮੁਕਤ ਅਮੁਕਤ ਕਹਾਵੈ। ਹਾਥ ਸਹਤ ਪੁਨ ਛੋਰ ਚਲਾਵੈ।।
ਤੀਰ ਔਰ ਗੋਲੀ ਲਗ ਜੇਤੇ। ਜੰਤਰ ਮੁਕਤ ਕਹਤ ਸਭ ਤੇਤੇ।।
ਚਲਤ ਕਿਸੀ ਜੰਤਰ ਕੇ ਦੁਵਾਰੇ। ਨਹੀਂ ਆਪ ਕੁਛ ਕਾਮ ਸੁਧਾਰੇ।।
ਤਾਂ ਤੇ ਜੰਤਰ ਅਹੇ ਕਮਾਨ। ਸ਼ਸਤਰ ਤਿਸ ਕੋ ਨਾਹਿ ਪਛਾਨ।।
ਫਿਰ ਸ਼ਸਤਰ ਮਹਿ ਕਿਉਂ ਗਿਣ ਲੀਆ। ਜਬ ਕੇ ਤੀਰ ਨ ਤਾ ਮਹਿ ਦੀਆ।।
ਤਾਂ ਤੇ ਚੰਗਾ ਹੁੰਦਾ ਭਾਈ। ਜੇ ਲਿਖਦੇ ਬਾਵਾ ਜੀ ਮਾਈ।।
ਕਈ ਹਜ਼ਾਰ ਭੁਜਾਂ ਪਰ ਚੰਗੀ। ਲੈ ਆਈ ਸ਼ਸਤਰ ਸਭ ਜੰਗੀ।।
ਸ਼ਸਤਰ ਨਾਮ ਮਾਲ ਜੋ ਸਾਰੀ। ਸਿਰੀ ਦਸਵੇਂ ਗੁਰ ਆਪ ਉਚਾਰੀ।।
ਸੋ ਸਭ ਹੁਤੇ ਚੰਡਕਾ ਪਾਸ। ਜਿਸ ਤੇ ਧਰੇ ਗਰੰਥ ਸੁਖ ਰਾਸ।।
ਕਿਆ ਅੱਛੀ ਸੀ ਏਹ ਕਹਾਨੀ। ਅਰ ਬਾਵਾ ਜੀ ਕੇ ਮਨ ਮਾਨੀ।।
ਤਾਂ ਤੇ ਸਿਰੀ ਬਾਵਾ ਨੂੰ ਭਾਈ। ਲਿਖਦੇ ਵੇਲੇ ਸਮਝ ਨ ਆਈ।।
ਨਹਿ ਸ਼ਸਤਰ ਵਿਦਯਾ ਖੁਦ ਜਾਨਤ। ਜਾਂਤੇ ਸ਼ੁੱਧ-ਅਸ਼ੁੱਧ ਬਖਾਨਤ।।
ਤਾਂ ਤੇ ਜੋ ਬਾਵਾ ਜੀ ਗਾਈ। ਸਰਧਾ ਜੋਗ ਨਹੀਂ ਸੋ ਭਾਈ।।੨੬੮।।

## ਦੁਰਗਾ ਭਗਤ

### ਦੋਹਿਰਾ

ਤੂੰ ਭੀ ਐਵੇਂ ਮਾਰਦਾ ਜੱਕੜ ਗੁੰਦ ਪੁਰਾਣ।
ਤੇਰੇ ਨਾਲੋਂ ਤਾਂ ਨਹੀਂ ਸਿਰੀ ਬਾਵਾ ਅਨਜਾਣ।।੨੬੯।।
ਐਡਾ ਪੁਸਤਕ ਜਿਨ੍ਹਾਂ ਨੇ ਰਚਕੇ ਦਿਆ ਦਿਖਾਇ।।
ਐਸੇ ਗੁਣੀਆਂ ਕੋ ਕਹਾਂ ਕਿੱਕਰ ਭੁਲੇ ਜਾਇ।।੨੭੦।।

## ਤੱਤ ਖਾਲਸਾ

### ਦੋਹਿਰਾ

ਮੈਂ ਤਾਂ ਨਾਹੀਂ ਆਖਯਾ ਸਨ ਉਹ ਕਵਿ ਅਨਜਾਣ।
ਮੇਰੇ ਨਾਲੋਂ ਮਿੱਤਰਾ ਹਨ ਸੌ ਗੁਣਾਂ ਸੁਜਾਣ।।੨੭੧।।

### ਚੌਪਈ

ਫਿਰ ਉਨ ਮਹਿ ਹੈ ਸ਼ਕਤਿ ਵਡੇਰੀ। ਜਿੱਥੇ ਵਾਹ ਨ ਚਲਦੀ ਮੇਰੀ।।
ਜਿਨ ਨੇ ਦੇਵੀ ਪਰਗਟ ਹੋਈ। ਦੱਸੀ ਅੱਗੇ ਆਨ ਖਲੋਈ।।
ਅਰ ਬਾਹਾਂ ਭੀ ਅੱਠ ਬਨਾਈਆਂ। ਗੁਲੇਲ ਕੁਹਾੜੇ ਨਾਲ ਸਜਾਈਆਂ।।
ਮੇਰੇ ਮੇਂ ਕਦ ਸ਼ਕਤੀ ਐਸੀ। ਗੁਲੇਲ ਕੁਹਾੜੇ ਘੜਦੀ ਜੈਸੀ।।
ਮੈਥੋਂ ਇੱਕ ਬਾਂਹ ਨਹਿੰ ਬਣਦੀ। ਜਿਸ ਵਿੱਚ ਬਰਛੀ ਹੋਵੇ ਮਣਦੀ।।
ਤਾਂਤੇ ਮੈਂ ਮੰਨਾਂ ਇਹ ਸਾਰੀ। ਬਾਵਾ ਜੀ ਹਨ ਗਯਾਨੀ ਭਾਰੀ।।
ਪਰ ਜੋ ਮੈਨੂੰ ਸੰਸਾ ਭਾਈ। ਸੋ ਕਿਉਂ ਰੱਖਾਂ ਦੱਸ ਲੁਕਾਈ।।
ਜਿਸਤੇ ਦਿੱਤਾ ਸਾਫ ਸੁਨਾਇ। ਇਸ ਦਾ ਉਤੱਰ ਦੇਹੁ ਬਨਾਇ।।

ਫਿਰ ਦਸੋ ਉਸ ਦੇਵੀ ਨਾਲ। ਕਰੇ ਬਚਨ ਸਨ ਕੈਸੇ ਦਿਆਲ।।
ਇਹ ਰਚਨਾ ਭੀ ਜ਼ਰਾ ਬਨਾਦੇ। ਬਾਵਾ ਜੀ ਦਾ ਕਾਵ ਸੁਨਾਦੇ।।
ਜਿਸ ਪਰ ਮੈਂ ਕਛੁ ਕਰਾਂ ਵਿਚਾਰ। ਸੱਤਬਾਤ ਮੰਨਾਂ ਕਰ ਪਯਾਰ।੨੨੨।।

## ਦੁਰਗਾ ਭਗਤ

### ਦੋਹਿਰਾ

ਅੱਗੇ ਗੁਰ ਜੀ ਨਾਲ ਜੋ ਹੋਏ ਬਚਨ ਬਿਲਾਸ।
ਸੋ ਸੁਨੀਏ ਮਨ ਲਾਇਕੇ ਕੈਸਾ ਦੇਨ ਹੁਲਾਸ।੨੨੩।।
ਸੁਮੇਰ ਸਿੰਘ ਜੀ ਕਹਤ ਹੈ ਨਿਜ ਮੁਖ ਤੇ ਇਸ ਭਾਂਤ।
ਪੁਰਖ ਮੁਮੁਛੂ ਕੇ ਰਿਦੇ ਹੋਵਤ ਸੁਨ ਕੇ ਸ਼ਾਂਤ।੨੨੪।।

ਯਥਾ "ਸਤਿਗੁਰ ਤਬ ਪਦ ਮੌਲ ਝੁਕਾਯੋ। ਮਾਤ ਭਵਾਨੀ ਆਦਿ ਈਸ਼੍ਵਰੀ ਤਬ ਹੀ ਕੰਠ ਲਗਾਯੋ।। ਬਹੁ ਬਿਧਿ ਲਾਡ ਲਡਾਇ ਮਾਤ ਬਰ ਪੂਰਬ ਮੁਰਤ ਸੰਭਾਰੀ। ਮਾਨੋਂ ਮਿਲੀ ਕੁਸਲਯਾ ਰਾਮਹਿ ਸੋ ਛਬ ਟਰਤ ਨਾ ਟਾਰੀ।। ਮਾਂਗ ਮਾਂਗ ਬਰ ਪੂਤ ਪਿਆਰੇ। ਨਹਿ ਅਦੇਇ ਕੁਛ ਮੋਰੇ ਤੋਰੇ ਯਾਂ ਮੈਂ ਸਾਚ ਨਿਹਾਰੇ।। ਸਮੋਂ ਹਾਥ ਐਸੋ ਨਹਿੰ ਐਹੈ ਤੂੰ ਤੋ ਆਪਹਿ ਗਯਾਨੀ। ਨਰ ਅਨੁਹਾਰ ਚਰਿੱਤ੍ਰ ਕਰਤ ਹੈ ਜਾਨੀ ਜਾਨ ਪ੍ਰਮਾਨੀ।।

ਸ੍ਰੀ ਗੁਰੋ ਵਾਚ

ਦੀਜੈ ਮੋਹ ਯਾਹ ਬਰਦਾਨਾ। ਕਰੌਂ ਤੁਰਕਨ ਨਾਸ ਜਾਤੇ ਬੜੇ ਧਰਮ ਨਿਦਾਨਾ। ਹੋਇ ਜਾਤੇ ਜੱਗ ਪੂਜਾ ਬਢੈ ਬੈਦਕ ਰੀਤ। ਬਢੈ ਜਾਤੇ ਆਰਯ ਬੰਸਹਿ ਫੇਰ ਧਰਮ ਪ੍ਰਤੀਤ। ਪੰਥ ਕਰ ਨਿਰਮਾਣ ਨੂੰ ਤਨ ਲੇਹੁ ਬੈਰ ਬਨਾਇ। ਜੋ ਪਿਤਾ ਮੁਰਸਨ ਕਰੀ ਇਨ ਮੂੜ ਮਨ ਮਤ ਲਾਇ।।

ਦੇਵੀ ਵਾਚ

ਬਿਹਮ ਬਚ ਸ੍ਰੀ ਜਗਦੰਬਾ ਰਾਨੀ। ਬੋਲੀ ਸਭ ਫੁਰ ਹੋਤ ਕਹੀ ਜੋ ਪੂਤ ਤਿਹਾਰੀ ਬਾਨੀ। ਪੰਥ ਪ੍ਰਿਥਮ ਪੂਜਨ ਕੇ ਲਾਇਕ ਅਰਿ ਘਾਇਕ ਤਬ ਹੈ ਹ੍ਵੈ। ਜਾਲਮ ਭਯੋ ਨ ਹੈ ਨਹਿੰ ਹ੍ਵੈ ਹੈ ਨਿਰ ਉਪਮ ਇਹੀ ਲਬੈ ਹੈ। ਤੁਰਕ ਤੇਜ ਮਹਿੰ ਤੇਲ ਅਬਹਿ ਦੈ ਜਰ ਨਿਰਬਲ ਕਰ ਦੈਹੋ। ਸਤ ਧਰਮ ਪਰ ਪੂਰਨ ਪ੍ਰਾਪਕ ਸਿੰਘ ਪੰਥ ਸੁਚ ਕੈ ਹੋ।। ਦਿਆ ਖੰਡਾ ਨਿਜ ਕਰਤੇ ਤਾਂ ਤੇ ਕਰਦ ਨਾਮ ਤਿਹ ਜਾਨੋਂ। ਮੁੰਦਰਪ ਸਿੰਘ ਪੰਥ ਕੀ ਸਾਚੀ ਭਈ ਭੱਬਯ ਹਿਤ ਮਾਨੋ।। ਔਰ ਕਹੀ ਯਾਹੀ ਕੇ ਬਲ ਤੇ ਪੰਥ ਜੀਤ ਹੈ ਜਗ ਮੈਂ। ਮੇਰੋ ਬਿਗ੍ਰਹ ਯਾ ਸਮ ਨਾਹੀਂ ਪਾਖਾਣਾਦਿਕ ਅਗ ਮੈਂ।।

ਪੁਨ: ਦੇਵੀ ਦਾ ਭੇਟਾ ਮੰਗਨਾ ਯਥਾ ਬਿਸ਼ਨ ਪਦ ਲਲਤ

ਅਬ ਸੁਤ ਮੇਰੀ ਭੇਟਾ ਦੀਜੈ। ਆਪਨ ਕਾਰਜ ਸਫਲ ਕੀਜੀਏ ਜਗ ਪਾਵਨ ਯਸ ਲੀਜੈ।। ਮੁਨ ਬਰ ਕਹੀ ਦੀਜੀਏ ਸਤਗੁਰ ਕਹੀ ਲੀਜੀਏ ਦਿਆਲਾ। ਦੋਊ ਕਰ ਤਿਨ ਆਗੇ ਕੀਨੇ ਕਟੇ ਖੜਗ ਕਰ ਵਾਲਾ।। ਸੰਗਤੀਆਂ ਭੇਟ ਅਰ ਨਿਜ ਤਨ ਕਾਟਨ ਲਾਗੇ। ਰੁਧਰ ਸ੍ਰਵਤ ਲਖ ਮਾਤਾ ਬਰਜਿਯੋਂ ਬਸ ਪਾਯੋ ਮੁਹਿ ਮਾਗੇ।।

ਸ੍ਰੀ ਗੁਰੋ ਵਾਚ

ਚਾਰਹੁ ਤਾਤ ਪੰਥ ਕੇ ਲਾਖਹੁ ਭੇਟ ਤਿਹਾਰੀ ਮਾਤਾ। ਤਨ ਮਨ ਧਨ ਸਭ ਵਸਤ ਅਨੁਪਮ ਜੋ ਜੋ ਕੁਛ ਸੁਖ ਦਾਤਾ॥ ਹਰੀ ਔਰ ਨਹਿੰ ਬਾਕੀ ਮਾਈ ਜੋ ਕੁਛ ਤੋਹਿ ਚੜ੍ਹਾਊਂ। ਤਬ ਪ੍ਰਸਾਦਿ ਤੇ ਪੰਥ ਮਾਹਿੰ ਮੈਂ ਬਿਜਯ ਵਿਸ੍ਵ ਧਨ ਪਾਊਂ॥

ਦੇਵੀ ਵਾਚ

ਧੰਨਯ ਧੰਨਯ ਸਸਤ ਧੰਨਯ ਧੰਨਯ ਸੁਤ ਤੂੰ ਸਪੂਤ ਮਮ ਬੇਟਾ। ਤੋਹਿ ਮਿਲਤ ਮਨ ਧਿਰਹੁ ਪੁਰਾਤਨ ਅਬ ਸਗਰੋ ਮੈਂ ਮੇਟਾ। ਕਰਹੋਂ ਜਿਤਕ ਸਹਾਇਤ ਤੇਰੀ ਜਹਾਂ ਕਰਹੁਗੇ ਧਿਆਨਾ। ਤਾਂ ਤੇ ਪੰਥ ਸਦਰਸ ਪ੍ਰਿਯ ਮੇਰੇ ਹਰਿ ਸੁਮੇਰ ਨਹਿ ਆਨਾ"॥

**ਦੋਹਿਰਾ**

ਏਥੇ ਸਾਰਾ ਦਸਯਾ ਗੁਰ ਜੀ ਦਾ ਸੰਬਾਦ।
ਦੇਵੀ ਸਨਮੁਖ ਹੋਇਆ ਮੇਟੇ ਸਗਲ ਬਿਬਾਦ॥੨੭੫॥

ਭਾਵ:- ਇਸ ਪ੍ਰਸੰਗ ਵਿੱਚ ਬਾਵਾ ਜੀ ਨੇ ਸਾਰਾ ਖੋਲ੍ਹਕੇ ਪ੍ਰਗਟ ਕਰ ਦਿੱਤਾ ਹੈ ਕਿ ਗੁਰੂ ਜੀ ਨੇ ਦੇਵੀ ਅੱਗੇ ਸੀਸ ਨਵਾਇਆ, ਜਿਸ ਪਰ ਉਸ ਨੇ ਗੋਦੀ ਵਿੱਚ ਲੈਕੇ ਪਹਲੇ ਲਾਡ ਕੀਤਾ, ਅਰ ਅਜੇਹਾ ਮੋਹ ਜਤਾਇਆ, ਜੇਹਾ ਰਾਮ ਜੀ ਨਾਲ ਕੌਸੱਲਯਾ ਦਾ ਬਾਲਮੀਕ ਰਮਾਇਣ ਵਿੱਚ ਵਰਨਨ ਕੀਤਾ ਹੈ॥

ਇਸ ਤੇ ਮਗਰੋਂ ਗੁਰੂ ਜੀ ਨੂੰ ਆਖਯਾ ਕਿ ਅਜੇਹਾ ਸਮਾਂ ਹੱਥ ਨਹੀਂ ਆਉਨਾਂ ਇਸ ਵਾਸਤੇ ਜੋ ਕੁਛ ਮੰਗਨਾ ਹੈ ਸੋ ਮੰਗ ਲੇਵੋ, ਜਿਸ ਪਰ ਗੁਰੂ ਜੀ ਨੇ ਤੁਰਕਾਂ ਦਾ ਨਾਸ ਕਰਨੇ ਅਰ ਪਿਤਾ ਦੇ ਵੈਰ ਲੈਨ ਦਾ ਵਰ ਮੰਗਯਾ ਤਦ ਦੇਵੀ ਨੇ ਖੁਸ਼ ਹੋਕੇ ਕਿਹਾ ਕਿ ਮੈਂ ਇਹ ਖੰਡਾ ਦਿੰਦੀ ਹਾਂ ਜਿਸ ਦਾ ਨਾਉਂ ਕਰਦ ਹੈ ਇਸ ਦੇ ਬਲ ਨਾਲ ਦੁਸ਼ਮਨਾਂ ਪਰ ਫਤਹ ਪਾਓਗੇ, ਅਰ ਤੁਹਾਡਾ ਪੰਥ ਚਲੇਗਾ ਅਤੇ ਮੈਂ ਤੁਰਕਾਂ ਦੇ ਤੇਜ਼ ਦੀ ਜੜ੍ਹੀ ਤੋੜ ਦੇ ਦਿੱਤਾ ਹੈ॥

ਇਤਨਾ ਵਰ ਦੇਕੇ ਫਿਰ ਗੁਰੂ ਜੀ ਤੇ ਅਪਨੀ ਭੇਟਾ ਮੰਗੀ ਜਿਸ ਪਰ ਗੁਰੂ ਮਹਾਰਾਜ ਨੇ ਇੱਕ ਸੰਗਤੀਏ ਨਾਮੇਂ ਸਿੱਖ ਨੂੰ ਆਖਿਆ ਕਿ ਤੂੰ ਅਪਨੇ ਆਪ ਨੂੰ ਬਲੀਦਾਨ ਦੇਹ, ਜਿਸ ਪਰ ਉਸ ਨੇ ਦੋਨੋਂ ਹੱਥ ਅੱਗੇ ਕੀਤੇ ਕਿ ਲੇਵੋ ਮਹਾਰਾਜ ਤਦ ਗੁਰੂ ਜੀ ਨੇ ਪਹਲੇ ਉਸ ਦੇ ਦੋਨੋਂ ਹੱਥ ਤਲਵਾਰ ਨਾਲ ਵੱਢਕੇ ਭੇਟਾ ਦਿੱਤੇ ਫਿਰ ਉਸ ਨੂੰ ਬਲੀ ਦਿੱਤਾ ਜਿਸ ਤੇ ਮਗਰੋਂ ਅਪਨੇ ਸਰੀਰ ਨੂੰ ਕੱਟਨ ਲਗੇ, ਤਦ ਰੁਧਰ ਵਗਦਾ ਦੇਖ ਕੇ ਦੇਵੀ ਪ੍ਰਸੰਨ ਹੋ ਗਈ ਅਰ ਰੋਕ ਦਿੱਤੇ ਅਤੇ ਗੁਰੂ ਜੀ ਨੂੰ ਧੰਨ ੨ ਉਚਾਰਨ ਲੱਗੀ ਪ੍ਰੰਤੂ ਗੁਰੂ ਜੀ ਨੇ ਫਿਰ ਏਹ ਭੀ ਆਖਿਆ ਕਿ ਹੇ ਭਵਾਨੀ ਜੀ ਮੈਂ ਚਾਰੇ ਅਪਨੇ ਸਾਹਬਜ਼ਾਦੇ ਅਰ ਪੰਥ ਦੇ ਲੱਖਾਂ ਹੀ ਤੇਰੀ ਭੇਟਾ ਦਿਆਂਗਾ ਜਿਸ ਨੂੰ ਸੁਨਕੇ ਦੇਵੀ ਨੇ ਆਖਿਆ ਕਿ ਤੂੰ ਮੇਰਾ ਵੱਡਾ ਸਪੁੱਤ੍ਰ ਹੈ ਅਰ ਤੇਰਾ ਪੰਥ ਮੈਨੂੰ ਵੱਡਾ ਪਿਆਰਾ ਹੋਵੇਗਾ॥

**ਦੋਹਿਰਾ**

ਏਹੁ ਕਥਾ ਗੁਰਦੇਵ ਦੀ ਕੈਸੇ ਮਿੱਥਯਾ ਹੋਇ।
ਸਾਰਾ ਜਗ ਜਿਸ ਆਖਦਾ ਆਖੇ ਇੱਕ ਨ ਦੋਇ॥੨੭੬॥

# ਤੱਤ ਖਾਲਸਾ

## ਦੋਹਿਰਾ

ਧੰਨ ਬਨਾਵਨ ਹਾਰ ਹਨ ਸੁਨਨੇ ਹਾਰੇ ਧੰਨ॥
ਕਤਰੇ ਜਿਨ੍ਹਾਂ ਬਨਾਇਕੇ ਖ਼ੂਬ ਝੂਠ ਦੇ ਕੰਨ॥੨੭੭॥

## ਦਵੈਯਾ

ਇਹ ਕੀ ਵੇਲਾ ਲਾਡ ਲਡਾਵਨ ਦਾਸੀ ਦੁਰਗਾ ਪਾਇਆ ਗੋਦ ਬਠਾਇ ਗੁਰੂ ਨੂੰ ਜਿਸ ਗਲ ਦੇ ਨਾਲ ਲਗਾਇਆ॥ ਵਾਂਗ ਕੁਸੱਲਯਾ ਹੋ ਕਰ ਕਰਦੀ ਪਿਆਰ ਗੁਰੂ ਸੰਗ ਐਸਾ। ਸ਼ਾਂਤਿ ਸੁਭਾਵ ਦਿਆ ਨੂੰ ਮਾਤਾ ਕਰਦੀ ਜਗ ਮਹਿੰ ਜੈਸਾ॥੨੭੮॥ ਗੁਰ ਦੇ ਬਦਲਾ ਲੇਵਨ ਕਾਰਨ ਪੰਥ ਰੱਖਨੇ ਕਾਜਾ। ਖੰਡਾ ਭੀ ਨਿਜ ਕਰਤੇ ਦਿੱਤਾ ਜੋ ਲੀਤਾ ਮਹਾਰਾਜਾ॥ ਤੁਰਕਾਂ ਦੀ ਜੜ੍ਹ ਤੇਲ ਪਾਇਕੇ ਸੋ ਭੀ ਚਾਇ ਉਖਾੜੀ। ਵੇਦ ਜੱਗ ਪੂਜਾ ਕੁਲ ਆਰਯ ਵਧੇ ਜਿਉਂ ਵਾੜੀ॥੨੭੯॥ ਇਹ ਸਭ ਬਾਤਾ ਕਰਕੇ ਫਿਰ ਕੀ ਰੰਗ ਹੋਰ ਦਿਖਲਾਇਆ। ਗੁਰ ਦੇ ਪਿਆਰੇ ਸਿੱਖ ਖਾਣ ਦਾ ਝੱਸ ਕਥਾਂਓਂ ਆਇਆ॥ ਪਿਆਰ ਕਰਨ ਦਾ ਓੜਕ ਨੂੰ ਸੀ ਏਹੋ ਫਲ ਤਿਸ ਦੇਨਾ। ਬਿਨ ਅਪਰਾਧ ਸਿੱਖਾਂ ਦਾ ਲੌਹੂ ਰਾਕਸ਼ ਵਾਂਗਰ ਲੇਨਾ॥੨੮੦॥ ਫਿਰ ਗੁਰ ਜੀ ਦਾ ਭੀ ਤਿਨ ਪੀਤਾ ਰੁਧਰ ਸਰੀਰੋ ਐਸੇ। ਕਲ ਜੋਗਨ ਯਾ ਕੋਇ ਪਿਸ਼ਾਚਨ ਆਕੇ ਪੀਂਦੀ ਜੈਸੇ। ਇਹ ਤਾਂ ਨਹੀ ਕੁਸੱਲਯਾ ਮਾਤਾ ਹੈ ਕੋਈ ਕਲਾਜੋਗਨ। ਪਯਾਰ ਬਹਾਨੇ ਕੁੱਛੜ ਲੈਕੇ ਚਾਹੇ ਲੋਹੂ ਭੋਗਨ॥੨੮੧॥ ਗੁਰ ਜੀ ਦਾ ਜਿਨ ਲੋਹੂ ਪੀਕੇ ਸਿੱਖ ਮੁਕਾਇਆ ਓਥੇ। ਸਾਹਿਬਜਾਦੇ ਹੋਰ ਸਿੰਘ ਖਾ ਕਰ ਦਿੱਤੇ ਜਿਨ ਥੋਥੇ। ਕਰੇ ਗੜੱਪ ਹੜੱਪ ਤੁਰਤ ਤਿਨ ਪੁੱਛਿਆ ਨਾਹੀ ਪਾਧਾ। ਚੰਗਾ ਮੰਗਨ ਆਈ ਮਾਤਾ ਸਿੰਘ ਦਾ ਸੀ ਵਾਧਾ॥੨੮੨॥ ਇਹ ਤਾਂ ਭਾਵੇ ਹੋਰ ਪੂਦਨਾ ਰੂਪ ਵਟਾਕੇ ਆਈ ਯਾ ਕੇ ਕੋਈ ਜਨਮ ਧਾਰਕੇ ਬਦਲਾ ਲੈਣੇ ਧਾਈ॥ ਮਹਾਂ ਬੁਰੇ ਤੇ ਬੁਰਾ ਪੁਰਖ ਭੀ ਐਸਾ ਕੰਮ ਨਾ ਕਰਦਾ। ਡਾਇਣ ਭੀ ਨਿਜ ਪੁੱਤ ਨਾ ਖਾਂਦੀ ਹੈ ਸਾਰਾ ਜਗ ਰਰਦਾ॥੨੮੩॥ ਦੂਜਾ ਜੋ ਗੁਰ ਇਹ ਵਰ ਮੰਗਿਆ ਵੇਦ ਜੱਗ ਧਰ ਹੋਵੇ। ਆਰਯ ਵੰਸ ਜਗਤ ਮਹਿ ਫੈਲੈ ਤੁਰਕ ਰਾਜ ਸਭ ਖੋਵੈ॥ ਸੋ ਭੀ ਠੀਕ ਨਹੀਂ ਹੈ ਭਾਈ ਗੁਰਬਾਣੀ ਇਹ ਦੱਸੈ। ਵੇਦ ਪੁਰਾਨ ਕਹਾ ਨ ਉਠੈਂਗੇ ਇਨ ਤੇ ਕਿਤਵਲ ਨੱਸੈ॥੨੮੪॥ ਜੱਗ ਹੋਮ ਅਰ ਬਰਤ ਨੇਮ ਸਭ ਫੋਕਟ ਧਰਮ ਹਟਾਊਂ। ਹਿੰਦੂ ਤੁਰਕ ਮਤ ਮਰਦਨ ਕਰਕੈ ਤੀਸਰ ਪੰਥ ਰਚਾਊਂ॥ ਇਹ ਸਤਿਗੁਰ ਦੇ ਵਾਕ ਗ੍ਰੰਥ ਮਹਿ ਦੇਂਦੇ ਦੇਖ ਗੁਵਾਈ। ਫਿਰ ਵੇਦਾਂ ਦੇ ਰੱਖਨ ਕਾਰਨ ਗੁਰ ਦਾ ਉਦੱਮ ਨਾਹੀ॥੨੮੫॥ ਇਸੇ ਤਰ੍ਹਾਂ ਜੋ ਵੈਰ ਪਿਤਾ ਦਾ ਗੁਰ ਭੀ ਲੈਣ ਨ ਚਾਹਾ। ਯਹ ਤੋਂ ਗੁਰ ਨੇ ਆਪ ਪਿਤਾ ਕੋ ਦੀਨਾ ਹੁਤੋ ਉਮਾਹਾ॥ ਜ਼ੁਲਮ ਧਰਾ ਤੇ ਦੂਰ ਕਰੋ ਪ੍ਰਭ ਅਪਨਾ ਸੀਸ ਲਗਾਕੇ। ਐਸਾ ਕਹ ਕਰ ਦਿਲੀ ਤੋਰੇ ਧਰਮ ਹੇਤ ਸੁਖ ਪਾਕੇ ॥੨੮੬॥ ਜਿਨ ਕੇ ਮਗਰੋਂ ਤਖਤ ਬੈਠਕੇ ਅਪਨਾ ਉਦੱਮ ਸਾਰਾ॥ ਸ੍ਰੀ ਮੁਖ ਤੇ ਸਭ ਜਗ ਕੇ ਭਾਈ ਹੈ ਇਸ ਭਾਂਤ ਉਚਾਰਾ॥ ਧਰਮ ਪ੍ਰਚਾਰ ਕਰਨ ਮੈਂ ਆਇਆ ਅਰ ਨਾ ਵੈਰ ਕਮਾਉਨ। ਸੰਤਨ ਕੀ ਰੱਖਯਾ ਕੇ ਕਾਰਨ ਦੁਸ਼ਟਨ ਮੂਲ ਖਪਾਉਨ॥੨੮੭॥ ਜਿਸ ਕਾਰਨ ਪ੍ਰਭ ਏਸ ਜਗਤ ਮਹਿੰ ਭੇਜ ਮੁਝੇ ਹੈ ਦੀਆ। ਸੋਈ ਕਰਹੁ ਆਇ ਕਰ ਏਥੇ ਵੈਰ ਨਾ ਕਾਹੂੰ ਲੀਆ॥ ਸੋ

ਅਪਨਾ ਪ੍ਰਸੰਗ ਖੋਲ੍ਹ ਕੇ ਕਹਾ ਸੁਨੋ ਮਨ ਲਾਈ। ਆਪ ਬਚਿੱਤ੍ਰ ਨਾਟਕ ਮੇਂ ਜੋ ਸ੍ਰੀ ਮੁਖ ਤੇ ਫੁਰਮਾਈ।।੨੮੮।। ਯਥਾ :-

ਸ੍ਰੀ ਮੁਖ ਵਾਕ ਚੌਪਈ

"ਇਹ ਕਾਰਨ ਪ੍ਰਭ ਮੋਇ ਪਠਾਯੋ। ਤਬ ਮੈਂ ਜਗਤ ਜਨਮ ਧਰ ਆਯੋ।
ਜਿਸ ਤਿਨ ਕਹਾ ਇਨੇ ਤਿਮ ਕਹਿਹੌਂ। ਔਰ ਕਿਸੂ ਤੇ ਬੈਰਨ ਗਹਿ ਹੌਂ"

**ਦੋਹਿਰਾ**

ਏਸ ਸ੍ਰੀ ਮੁਖ ਵਾਕ ਤੇ ਸਿੱਧ ਹੋਤ ਯਹਿ ਬਾਤ।
ਕਿਸੀ ਪੁਰਖ ਤੇ ਵੈਰ ਨਹਿ ਲੈਨਾ ਗੁਰੂ ਬਤਾਤ।।੨੮੯।।
ਜੋ ਅਕਾਲ ਨੇ ਹੁਕਮ ਦੇ ਭੇਜੇ ਇਸ ਜਗ ਮਾਹਿ।
ਵਹੀ ਸੰਦੇਸਾ ਦੇਨ ਹਿਤ ਆਏ ਥੇ ਨਰ ਨਾਹਿ।।੨੯੦।।
ਤਾਂ ਤੇ ਬਾਵਾ ਜੀ ਕਹਾ ਜੋ ਲੇਵਨ ਹਿਤ ਵੈਰ।
ਦੁਰਗਾ ਤੇ ਗੁਰ ਮੰਗਯਾ ਵਰ ਰੱਖਨ ਹਿਤ ਖੈਰ।।੨੯੧।।
ਸੋ ਸਾਰੀ ਹੈ ਕਲਪਨਾਂ ਅਪਨੇ ਮਨ ਕੀ ਸੋਇ।
ਜੋ ਗੁਰ ਜੀ ਮੁਖ ਵਾਕ ਤੇ ਰੰਚਕ ਸਿੱਧ ਨ ਹੋਇ।।੨੯੨।।

**ਚੌਪਈ**

"ਤੁਰਕ ਹਿੰਦ ਗੁਰ ਕੋ ਸਮ ਦੋਈ। ਪ੍ਰਿਯ ਅਪ੍ਰਯ ਨ ਯਾ ਮਹਿ ਕੋਈ।।
ਜੈਸੇ ਸ੍ਰੀ ਮੁਖ ਵਾਕ ਦੁਵਾਰੇ। ਸਿੱਧ ਹੇਤ ਹੈਂ ਬਚਨ ਹਮਾਰੇ।।
ਯਥਾ "ਭਰਮ ਗਯੋ ਜਿਹ ਉਰਕਾ। ਤਿਹ ਆਗੇ ਹਿੰਦੂ ਕਯਾ ਤੁਰਕਾ"
ਯਹ ਸ੍ਰੀ ਸਤਿਗੁਰ ਕਹਤ ਪੁਕਾਰੀ। ਕਾਹੂੰ ਸਾਥ ਨ ਦ੍ਵੈਖ ਹਮਾਰੀ।।
ਹਮਰੋ ਦ੍ਵੈਖ ਜੁਲਮ ਸੋ ਅਹੇ। ਈਸ਼੍ਵਰ ਸ੍ਰਿਸ਼ਟ ਦੁਖਤ ਜਬ ਰਹੇ।।
ਪੁਨ ਜੇ ਦੇਖਹੁ ਰਿਦੇ ਵਿਚਾਰੀ। ਤੇ ਗੁਰ ਸਭ ਕੱਥੇ ਹਿਤਕਾਰੀ।।੩੦੦।।
ਰਾਗ ਦ੍ਵੈਖ ਮਤਸਰ ਨਹਿ ਜਾਮਹਿ। ਕਰਨਾ ਮੈਤ੍ਰੀ। ਮੁਦਤਾ ਤਾਮਹਿ।।
ਦੀਨਨ ਕੇ ਪ੍ਰਤ ਪਾਲਕ ਸੋਈ। ਦੁਸ਼ਟਨ ਮਾਹਿ ਉਪੇਖਯਾ ਹੋਈ।।
ਯਥਾ "ਕਰਮ ਫਲ ਦੇਵਨ ਹਾਰੇ। ਏਕ ਸਮਾਨ ਦ੍ਰਿਸ਼ਟਕਰ ਸਾਰੇ"।।

**ਦੋਹਿਰਾ**

ਤੁਰਕ ਤੇਜ ਕੇ ਨਾਸ ਹਿਤ ਗੁਰ ਜੂ ਪੂਜੀ ਦੇਵ।
ਹੈ ਮੂਰਖ ਜਨ ਖਯਾਲ ਯਹ ਜੋ ਕੁਛ ਲਖਹਿ ਨ ਭੇਵ।।੨੯੩।।

ਭਾਵ:- ਜੋ ਲੋਗ ਇਹ ਖਯਾਲ ਕਰਦੇ ਹਨ ਕਿ ਗੁਰੂ ਜੀਦਾ ਤੁਰਕੀ ਬਾਦਸ਼ਾਹਤ ਯਾ ਦੀਨ ਇਸਲਾਮ ਨਾਲ ਵਿਰੋਧ ਸੀ ਜਿਸ ਤੇ ਉਸ ਦੇ ਨਾਸ ਲਈ ਉਨ੍ਹਾਂ ਨੇ ਦੇਵੀ ਦਾ ਸਿਮਰਨਾਂ ਕੀਤਾ ਸਾ ਸੋ ਇਹ ਬਿਲਕੁਲ ਝੂਠ ਹੈ ਕਿੰਤੂ ਗੁਰੂ ਜੀ ਦਾ ਕਿਸੇ ਵਕਤ ਦੇ ਬਾਦਸ਼ਾਹ ਯਾ ਕਿਸੇ ਮਜ਼ਹਬ ਨਾਲ ਵਿਰੋਧ ਨਹੀਂ ਸਾ, ਪ੍ਰੰਤੂ ਗੁਰੂ ਜੀ ਦਾ ਵਿਰੋਧ ਪਖੰਡ ਅਤੇ ਜੁਲਮ ਨਾਲ ਸਾ।।

ਜਦ ਅਸੀਂ ਦਸਮ ਗ੍ਰੰਥ ਵਿੱਚ ਤਾਰੀਖੀ ਹਾਲਾਤ, ਜੋ ਗੁਰੂ ਜੀ ਮਹਾਰਾਜ ਨੇ ਅਪਨੇ ਹਸਤ ਕਵਲ ਨਾਲ ਲਿਖੇ ਹਨ, ਪੜ੍ਹਦੇ ਹਾਂ ਤਦ ਉਨ੍ਹਾਂ ਦੇ ਵਿਚਾਰਨ ਤੇ ਸਾਬਤ ਹੁੰਦਾ ਹੈ ਕਿ ਉਨ੍ਹਾਂ ਦਾ ਕਿਸੀ ਨਾਲ ਭੀ ਕੋਈ ਵਿਰੋਧ ਨਹੀਂ ਸਾ ਪ੍ਰੰਤੂ ਉਸ ਸਮਯ ਦੇਸ ਵਿੱਚ ਸ਼ਾਹੀ ਜੁਲਮ ਕਰਕੇ ਗਦਰ ਸਾ ਜਿਸ ਪਰ ਪਹਾੜੀ ਰਾਜੇ ਅਰ ਮੁਲਕ ਦੇ ਹੋਰ ਲੋਗ ਕਦੇ ਗੁਰੂ ਜੀ ਦੇ ਨਾਲ ਅਤੇ ਕਦੇ ਬਾਦਸ਼ਾਹ ਨਾਲ ਵਿਗੜ ਜਾਂਦੇ ਸਨ, ਜਿਨ੍ਹਾਂ ਦੇ ਸਿੱਧਾ ਕਰਨ ਲਈ ਬਾਦਸ਼ਾਹ ਅਪਨੇ ਪੁੱਤ੍ਰ ਯਾ ਅਹਿਦੀਆਂ ਨੂੰ ਫੌਜ ਦੇਕੇ ਭੇਜਦਾ ਸੀ, ਅਰ ਏਧਰ ਗੁਰੂ ਜੀ ਭੀ ਅਪਨੇ ਬਚਾਉ ਲਈ ਅਪਨੇ ਵਿਰੋਧੀਆਂ ਨੂੰ ਯੁੱਧ ਨਾਲ ਰੋਕਦੇ ਸਨ, ਜਿਸਦਾ ਫਲ ਏਹ ਹੁੰਦਾ ਸੀ ਜੋ ਕਈ ਲੋਗ ਤਾਂ ਬਾਦਸ਼ਾਹ ਦੇ ਅਧੀਨ ਹੋ ਜਾਂਦੇ ਸਨ ਅਰ ਬਹੁਤ ਬਾਦਸ਼ਾਹ ਦੇ ਡਰਦੇ ਮਾਰੇ ਗੁਰੂ ਜੀ ਮਹਾਰਾਜ ਦੇ ਪਾਸ ਆਕੇ ਉਨ੍ਹਾਂ ਦੇ ਸਿੱਖ ਬਨ ਜਾਂਦੇ ਸਨ, ਜੋ ਗੁਰੂ ਜੀ ਦੇ ਚਰਨਾਂ ਵਿੱਚ ਸਰੰਦਿਆਂ ਨਾਲ ਸ਼ਬਦ ਸੁਨਕੇ ਅਤੇ ਦੋਨੋਂ ਵਕਤ ਪ੍ਰਸ਼ਾਦ ਛਕਕੇ ਸਿੱਖ ਕਹਾਉਨ ਵਿੱਚ ਹੀ ਅਪਨਾ ਬਚਾਉ ਦੇਖਦੇ ਸਨ, ਪ੍ਰੰਤੂ ਜਦ ਕਦੀ ਬਾਦਸ਼ਾਹ ਵੱਲੋਂ ਹੱਲਾ ਗੁੱਲਾ ਹੁੰਦਾ ਸੁਨਦੇ ਸਨ ਅਰ ਅਪਨੇ ਬਚਾਉ ਵਾਸਤੇ ਗੁਰੂ ਜੀ ਮਹਾਰਾਜ ਉਨ੍ਹਾਂ ਲੋਗਾਂ ਨੂੰ ਜੰਗ ਲਈ ਤਿਆਰ ਕਰਦੇ ਸਨ ਤਦ ਉਹ ਕਾਇਰ ਲੋਗ "ਮੂਸਾ ਡਰਦਾ ਮੌਤ ਤੇ ਅੱਗੇ ਮੌਤ ਖੜੀ" ਦੀ ਤਰ੍ਹਾਂ ਇਹ ਖਿਆਲ ਕਰਕੇ ਕਿ ਅਸੀਂ ਤਾਂ ਪ੍ਰਾਨ ਬਚਾਉਨ ਲਈ ਏਥੇ ਆਏ ਸਾਂ ਪਰ ਏਥੇ ਭੀ ਮੌਤ ਨੂੰ ਸਾਮ੍ਹਨੇ ਤੋਰਿਆ ਜਾਂਦਾ ਹੈ ਸਮਝ ਕੇ ਚੋਰੀ ਹੀ ਚਲੇ ਜਾਂਦੇ ਸਨ। ਫਿਰ ਅਜੇਹੇ ਬੇਮੁਖ ਪੁਰਖਾਂ ਦਾ ਜੋ ਹਾਲ ਹੁੰਦਾ ਸਾ ਸੋ ਸ੍ਰੀ ਗੁਰੂ ਮਹਾਰਾਜ ਜੀ ਅਪਨੇ ਮੁਖਾਰਬਿੰਦ ਤੇ ਇਸ ਤਰ੍ਹਾਂ ਦਾ ਕਥਨ ਕਰਦੇ ਹਨ, ਜਿਸ ਤੇ ਪਾਇਆ ਜਾਂਦਾ ਹੈ ਜੋ ਗੁਰੂ ਜੀ ਦਾ ਤੁਰਕਾਂ ਨਾਲ ਜਾਤੀ ਵਿਰੋਧ ਨਹੀਂ ਸਾ ਕਿੰਤੂ ਜੁਲਮ ਅਤੇ ਅਕ੍ਰਿਤਘਨ ਆਦਮੀਆਂ ਨਾਲ ਸਾ॥

ਯਥਾ ਸ੍ਰੀ ਮੁਖ ਵਾਕ ਪਾਤਸ਼ਾਹੀ ੧੦ ਅਫਜੂ ॥੪੩੫॥

ਸਹਿਜਾਦੇ ਕੋ ਆਗਮਨ ਮਦਰ ਦੇਸ ਚੌਪਈ

"ਇਹ ਬਿਧ ਸੋ ਬਧ ਭਯੋ ਜੁਝਾਰਾ। ਆਨ ਬਸੇ ਤਬ ਧਾਮ ਲੁਝਾਰਾ।
ਤਬ ਔਰੰਗ ਮਨ ਮਾਹਿ ਰਿਸਾਵਾ। ਮਦਰ ਦੇ ਕੋ ਪੂਤ ਪਠਾਵਾ।।੧।।
ਤਿਹ ਆਵਤ ਸਭ ਲੋਕ ਡਰਾਨੇ। ਬਡੇ ਬਡੇ ਗਿਰ ਹੇਰ ਲੁਕਾਨੇ।
ਹਮਹੂੰ ਲੋਗਨ ਅਧਕ ਡਰਾਯੋ। ਕਾਲ ਕਰਮ ਕੋ ਮਰ ਮਨ ਪਾਯੋ।।੨।।
ਕਿਤਕ ਲੋਗ ਤਜਿ ਸੰਗ ਸਿਧਾਰੇ। ਜਾਇ ਬਸੋ ਗਿਰਵਰ ਜਿਹ ਭਾਰੇ।
ਚਿਤ ਮੂਜੀਅਨ ਕੋ ਅਧਕ ਡਰਾਨਾ। ਤਿਨੈ ਉਬਾਰਨ ਅਪਨਾ ਜਾਨਾ।।੩।।
ਤਬ ਔਰੰਗ ਜੀਅ ਮਾਹਿ ਰਿਸਾਏ। ਏਕ ਅਹਿਦੀ ਆਈ ਹਾਂ ਪਠਾਏ।
ਹਮ ਤੇ ਭਾਜ ਬਿਮੁਖ ਜੇ ਗਏ। ਤਿਨ ਕੇ ਧਾਮ ਗਿਰਾਵਤ ਭਏ।।੪।।
ਜੇ ਅਪਨੇ ਗੁਰ ਤੇ ਮੁਖ ਫਿਰਹੈਂ। ਇਹਾਂ ਉਹਾਂ ਤਿਨ ਕੇ ਗ੍ਰਿਹ ਗਿਰ ਹੈਂ।
ਈਹਾਂ ਉਪਹਾਸ ਨ ਸੁਰ ਪੁਰ ਬਾਸਾ। ਸਭ ਬਾਤਨ ਤੇ ਰਹੈਂ ਨਿਰਾਸਾ।।੫।।
ਦੁਖ ਭੁਖ ਤਿਨ ਕੋ ਕਹੈ ਲਾਗੀ। ਸੰਤ ਸੇਵ ਤੇ ਜੋ ਹੈ ਤਿਆਗੀ।

ਜਗਤ ਵਿਖੇ ਕੋ ਉਕਾਮ ਨਾ ਸਰਹੀ। ਅੰਤਰਿ ਕੁੰਡ ਨਰਕ ਕੀ ਪਰ ਹੀ।੬॥
ਤਿਨ ਕੋ ਸਦਾ ਜਗਤ ਉਪਹਾਸਾ। ਅੰਤਹਿ ਕੁੰਡ ਨਰਕ ਕੀ ਬਾਸਾ।
ਗੁਰ ਪਗ ਤੇ ਜੁ ਬਿਮੁਖ ਸਿਧਾਰੇ। ਇਹਾਂ ਉਹਾਂ ਤਿਨਕੇ ਮੁਖ ਕਾਰੇ॥੭॥
ਪੁੱਤ੍ਰ ਪੌਤ੍ਰ ਤਿਨਕੇ ਨਹੀਂ ਫਿਰੈ। ਦੁਖੁ ਦੈ ਮਾਤ ਪਿਤਾ ਕੋ ਮਰੈ।
ਗੁਰੁ ਦੋਖੀ ਸਗ ਕੀ ਮ੍ਰਿਤ ਪਾਵੈ। ਨਰਕ ਕੁੰਡ ਡਾਰੇ ਪਛੁਤਾਵੈ॥੮॥
ਬਾਬੇ ਕੇ ਬਾਬਰ ਕੇ ਦੋਊ। ਆਪ ਕਰੇ ਪਰਮੇਸਰ ਸੋਊ।
ਦੀਨ ਮਾਹਿ ਇਨ ਕੋ ਪਹਿਚਾਨੋ। ਦੁਨੀ ਪਤਿ ਉਨਕੋ ਅਨੁਮਾਨੋ॥੯॥
ਜੋ ਬਾਬੈ ਕੇ ਦਾਮ ਨ ਦੈਹੈਂ। ਤਿਨ ਤੇ ਗਹਿ ਬਾਬਰ ਕੇ ਲੈ ਹੈਂ।
ਦੇ ਦੈ ਤਿਨ ਕੋ ਬਡੀ ਸਜਾਇ। ਪੁਨ ਲੈ ਹੈ ਗ੍ਰਿਹ ਲੂਟ ਬਨਾਇ॥੧੦॥
ਜਬ ਹ੍ਵੈਹੇ ਬੇਮੁਖ ਬਿਨਾਂ ਧਨ। ਤਬ ਚੜ੍ਹ ਹੈ ਸਿੱਖਨ ਕਹਿ ਮਾਗਨ।
ਜੋ ਜੋ ਸਿੱਖ ਤਿਨੈ ਧਨ ਦੈ ਹੈਂ। ਲੂਟ ਮਲੇਛ ਤਿਨ੍ਹੂੰ ਕੋ ਲੈ ਹੈਂ॥੧੧॥
ਜਬ ਹੁਇ ਹੈ ਤਿਨ ਦਰਬ ਬਿਨਾਸਾ। ਤਬ ਧਰ ਹੈਂ ਨਿਜ ਗੁਰ ਕੀ ਆਸਾ॥
ਤਬ ਤੇ ਗੁਰ ਦਰਸ਼ਨ ਕੋ ਐਹੈ। ਤਬ ਤਿਨ ਕੋ ਗੁਰ ਮੁਖ ਨ ਲਗੈ ਹੈ॥੧੨॥
ਬਿਦਾ ਬਿਨਾਂ ਜੈ ਹੈ ਤਬ ਧਾਮੰ। ਸਰਹੈ ਕੋਈ ਨ ਤਿਨ ਕੋ ਕਾਮੰ।
ਗੁਰੂ ਦਰ ਢੋਈ ਨ ਪ੍ਰਭ ਪੁਰ ਵਾਸਾ। ਦੁਹੂੰ ਠੌਰ ਤੋ ਮੈਹੈ ਨਿਰਾਸਾ॥੧੩॥
ਜੇ ਜੇ ਗੁਰ ਚਰਨਨਿ ਰਤ ਹੈ ਹੈਂ। ਤਿਨ ਕੋ ਕਸ਼ਟ ਨ ਦੇਖਨ ਪੈਹੈਂ।
ਰਿੱਧ ਸਿੱਧ ਤਿਨ ਕੇ ਗ੍ਰਿਹ ਮਾਹੀਂ। ਪਾਪ ਤਾਪ ਛੈ ਸਕੈ ਨ ਛਾਹੀਂ॥੧੪॥
ਤਿਹ ਮਲੇਛ ਛ੍ਵੈ ਹੈ ਨਹੀਂ ਛਾਹਾਂ। ਅਸ਼ਟ ਸਿੱਧ ਹ੍ਵੈਹੈ ਘਰਿ ਮਾਹਾਂ।
ਹਾਸ ਕਰਤ ਜੋ ਉਦਮ ਉਠੈਹੈ। ਨਵ ਨਿਧ ਤਿਨ ਕੇ ਘਰ ਮਹਿ ਐਹੈ॥੧੫॥
ਮਿਰਜਾ ਬੇਗ ਹੁਤੋ ਤਿਹ ਨਾਮੰ। ਜਿਨ ਢਾਹੇ ਬਿਮੁਖਨ ਕੇ ਧਾਮੰ।
ਸਭ ਸਨਮੁਖ ਗੁਰ ਆਪ ਬਚਾਏ। ਤਿਨ ਕੈ ਬਾਰਨ ਬਾਕਨ ਪਾਏ॥੧੬॥
ਉਤ ਔਰੰਗ ਜੀਅ ਅਧਿਕ ਰਿਸਾਯੋ। ਚਾਰ ਅਹਿਦੀ ਅਨ ਅਉਰ ਪਠਾਯੋ।
ਜੋ ਬੇਮੁਖ ਤਾਂ ਤੇ ਬਚ ਆਏ। ਤਿਨ ਕੇ ਗ੍ਰਿਹ ਪੁਨ ਇਨੈ ਗਿਰਾਏ॥੧੭॥
ਜੋ ਤਜ ਭਜੇ ਹੁਤੇ ਗੁਰ ਆਨਾ। ਤਿਨ ਪੁਨ ਗੁਰੂ ਅਹਿਦੀ ਅਹਿ ਜਾਨਾ।
ਮੂਤਰ ਡਾਰ ਤਿਸ ਸੀਸ ਮੁੰਡਾਏ॥ ਪਾਹਰਿ ਜਾਨ ਗ੍ਰਿਹਾ ਲੈ ਆਏ॥੧੮॥
ਜੇ ਜੇ ਭਾਜ ਹੁਤੇ ਬਿਨ ਆਇਸੁ॥ ਕਹੋ ਅਹਿਦੀ ਅਹਿ ਕਿਨੇ ਬਤਾਇਸੁ।
ਮੂੰਡ ਮੂੰਡ ਕਰਿ ਸ਼ਹਿਰ ਫਿਰਾਏ। ਕਾਰ ਭੇਟ ਜਨੁ ਲੈਨ ਸਿਧਾਏ॥੧੯॥
ਪਾਛੈ ਲਾਗਿ ਲਰਕਵਾ ਚਲੇ। ਜਾਨਕ ਸਿੱਖ ਸਖਾ ਹੈਂ ਭਲੇ।
ਛਿਕੈ ਤੋਬਰਾ ਬਦਨ ਚੜ੍ਹਾਏ। ਜਨੁ ਗ੍ਰਿਹ ਖਾਹ ਮਲੀਦਾ ਆਏ॥੨੦॥
ਮਸਤਕ ਸੁਭੇ ਪਨਹੀਯਨ ਘਾਇ। ਜਨ ਕਰਿ ਟੀਕਾ ਦਏ ਬਨਾਇ।
ਸੀਸ ਈਟ ਕੈ ਘਾਇ ਕਰੇਹੀ। ਜਨ ਤਿਨ ਭੇਟ ਪੁਰਾਤਨ ਦੇਹੀ॥੨੧॥"

**ਦੋਹਿਰਾ**

"ਕਬਹੂੰ ਹਨ ਜੂਝਿਯੋ ਨਹੀਂ ਕਛੁ ਦੈ ਜਸੁ ਨਹੀਂ ਲੀਨ।
ਗਾਉਂ ਬਸਤਿ ਜਾਨਿਯੋ ਨਹੀਂ ਜਮ ਸੋ ਕਿਨ ਕਹਿ ਦੀਨ॥

**ਚੌਪਈ**

ਇਹ ਬਿਧ ਤਿਨੋ ਭਯੋ ਉਪਹਾਸਾ। ਸਭ ਸੰਤਨ ਮਿਲ ਲਖਿਓ ਤਮਾਸਾ।
ਸੰਤਨ ਕਸ਼ਟ ਨ ਦੇਖਨ ਪਾਯੋ। ਆਪ ਹਾਥ ਦੈ ਨਾਥ ਬਚਾਯੋ।।੨੯॥

ਚਾਰਨੀ **ਦੋਹਿਰਾ**

ਜਿਸ ਨੂੰ ਸਾਜਨ ਰਾਖਸੀ ਦੁਸ਼ਮਨ ਕਵਨ ਬਿਚਾਰ।
ਛ੍ਵੈ ਨਾ ਸਕੈ ਤਿਹ ਛਾਹਿ ਕੌ ਨਿਹਫਲ ਜਾਇ ਗਵਾਰ।।੨੪॥
ਜੇ ਸਾਧੂ ਸ਼ਰਨੀ ਪਰੇ ਤਿਨ ਕੈ ਕਵਣ ਬਿਚਾਰ।
ਦੰਭ ਜੀਭ ਜਿਮ ਰਾਖਿ ਹੈ ਦੁਸ਼ਟ ਅਰਿਸ਼ਟ ਸੰਘਾਰ।।੨੫॥
ਹਿਤਿ ਸ੍ਰੀ ਬਚਿੱਤ੍ਰ ਨਾਟਕ ਗ੍ਰੰਥ ਸਾਹਿਜਾਦੇ।
ਅਹਿਦੀਆਂ ਆਗਮਨ ਬਰਨਨੰ ਨਾਮ ਤ੍ਰੌਦਸਾ।
ਧਿਆਇ ਸਮਾਪਤ ਮਸਤ ਸੁਭ ਮਸਤ।।੧੩॥"

ਇਨ੍ਹਾਂ ਸ੍ਰੀ ਮੁਖ ਵਾਕਾਂ ਤੇ ਪਾਇਆ ਜਾਂਦਾ ਹੈ ਜੋ ਗੁਰੂ ਜੀ ਅਪਨੇ ਆਪ ਨੂੰ ਦੀਨੀ ਪਾਤਸ਼ਾਹ ਜਾਨਦੇ ਸਨ ਅਤੇ ਬਾਬਰ ਦੀ ਔਲਾਦ ਨੂੰ ਦੁਨਿਆਵੀ ਸ਼ਾਹ ਖਯਾਲ ਕਰਦੇ ਸਨ, ਜਿਸ ਪਰ ਉਨ੍ਹਾਂ ਪਾਜ਼ੀਆਂ ਨੂੰ ਜੋ ਗੁਰੂ ਤੇ ਬੇਮੁਖ ਹੋਕੇ ਨਸ ਜਾਂਦੇ ਸਨ ਤੁਰਕਾਂ ਦੇ ਹੱਥੋਂ ਸਜ਼ਾ ਪਾਉਂਦੇ ਸੁਨਕੇ ਆਨੰਦ ਹੁੰਦੇ ਸਨ, ਇਸ ਵਾਸਤੇ ਤੁਰਕੀ ਰਾਜ ਨਾਲ ਗੁਰੂ ਦਾ ਕੋਈ ਖਾਸ ਵਿਰੋਧ ਨਹੀਂ ਸਾ, ਕਿੰਤੂ ਜੈਸੇ ਉਹ ਹਿੰਦੂਆਂ ਨੂੰ ਦੁਰਾਚਾਰੀ ਕਰਮ ਕਰਨ ਤੇ ਬੁਰਾ ਜਾਨਦੇ ਸਨ। ਏਸੇ ਤਰ੍ਹਾਂ ਤੁਰਕਾਂ ਨੂੰ ਪ੍ਰਜਾ ਦੁਖਾਉਨ ਤੇ ਬੁਰੇ ਸਮਝਦੇ ਸਨ॥

ਫਿਰ ਜਦ ਅਸੀਂ ਇਨ੍ਹਾਂ ਕਵੀਆਂ ਦੇ ਰਚੇ ਹੋਏ ਗੁਰ ਬਿਲਾਸ ਹੀ ਪੜ੍ਹਦੇ ਹਾਂ ਤਦ ਭੀ ਸਾਨੂੰ ਏਹੋ ਸਿੱਖਯਾ ਮਿਲਦੀ ਹੈ ਕਿ ਗੁਰੂ ਜੀ ਨਾਲ ਤੁਰਕੀ ਵਿਰੋਧ ਵੱਧਨ ਦਾ ਕਾਰਨ ਭੀ ਹਿੰਦੂ ਰਾਜੇ ਅਰ ਹਿੰਦੂ ਧਰਮੀ ਲੋਗ ਸੇ ਜੋ ਗੁਰੂ ਦੇ ਅੰਮ੍ਰਿਤ ਨਾਲ ਵਿਰੋਧ ਰਖਦੇ ਸਨ ਜਿਸ ਤੇ ਉਹ ਗੁਰੂ ਦੇ ਹੱਕ ਵਿੱਚ ਬਹੁਤ ਝੂਠੀ ਸੱਚੀ ਚੁਗਲੀਆਂ ਲਾਕੇ ਬਾਦਸ਼ਾਹ ਨੂੰ ਵਿਰੁਧ ਕਰਦੇ ਸੀ। ਇਸ ਦਾ ਨਤੀਜਾ ਇਹ ਨਿੱਕਲਯਾ ਜੋ ਹਿੰਦੂਆਂ ਦੀ ਲੜਾਈ ਮੁਸਲਮਾਨਾਂ ਦੇ ਗਲ ਜਾ ਪਈ ਜਿਸ ਤੇ ਕਲਗੀਧਰ ਨੂੰ ਕਈ ਕਸ਼ਟ ਸਹਾਰਨੇ ਪਏ, ਇਸ ਵਾਸਤੇ ਬਾਵਾ ਜੀ ਨੇ ਜੋ ਅਪਨੇ ਗੁਰਬਿਲਾਸ ਵਿੱਚ ਇਹ ਕਥਨ ਕੀਤਾ ਹੈ ਕਿ ਗੁਰੂ ਜੀ ਦਾ ਸਾਰਾ ਉਦੱਮ ਤੁਰਕਾਂ ਦੇ ਮਾਰਨੇ ਲਈ ਸਾ ਸੋ ਕੇਵਲ ਝੂਠੀ ਕਲਪਨਾ ਗੁਰੂ ਗ੍ਰੰਥ ਸਾਹਿਬ ਅਤੇ ਤਾਰੀਖੀ ਹਾਲਾਤ ਦੇ ਨਾ ਜਾਨਨੇ ਦਾ ਕਾਰਨ ਹੈ॥

**ਦੋਹਿਰਾ**

ਨਾ ਗੁਰ ਗ੍ਰੰਥ ਵਿਚਾਰਿਆ ਨਾਂ ਦੇਖਯਾ ਗੁਰ ਮੱਤ।
ਐਵੈਂ ਜੋ ਮਨ ਆਇਆ ਲਿਖਯਾ ਸੱਤ ਅਸੱਤ।।੨੯੪॥

# ਦੁਰਗਾ ਭਗਤ

## ਦੋਹਿਰਾ

ਦਸਮ ਗ੍ਰੰਥ ਦੇ ਵਾਕ ਜੋ ਦੱਸੇ ਤੁਸੀਂ ਨਿਕਾਲ।
ਇਨ ਤੇ ਪ੍ਰਗਟ ਹੋਵੰਦਾ ਮੈਨੂੰ ਹੈ ਕੁਛ ਹਾਲ।।੨੯੫।।
ਇਨ ਕਵੀਅਨ ਨੇ ਬਾਤ ਦਾ ਕਰਾ ਬਤਾਇਣ ਠੀਕ।
ਜਿਸ ਪਰ ਮੂਰਖ ਭੁੱਲਕੇ ਚੱਲੇ ਲੀਕੋ ਲੀਕ।।੨੯੬।।
ਪਰ ਜੋ ਅੱਗੇ ਚੱਲਕੇ ਦੇਵੀ ਦਾ ਉਪਦੇਸ਼।
ਬਾਵਾ ਜੀ ਨੇ ਦੱਸਿਆ ਸੋ ਤਾਂ ਹਰੇ ਕਲੇਸ਼।।੨੯੭।।
ਜੋ ਮੈਂ ਕਰ ਸੰਖਪਤ ਕੁਛ ਤੈਨੂੰ ਦਿਆਂ ਸੁਨਾਇ।
ਸ਼ਾਇਦ ਇਸ ਪਰ ਤੁੱਧਦਾ ਜੇਕਰ ਮਨ ਪਤੀਆਇ।।੨੯੮।। ਯਥਾ :

ਦੇਵੀ ਵਾਚ

"ਹੇ ਸੁਤ ਕੀਜਹਿ ਪੰਥ ਸਕੇਸ। ਪਹਰਹਿ ਨਾਹਿਨ ਬਸਤ੍ਰ ਕਸੁੰਭੀ ਹੈ ਯਹ ਮੇਰੋ ਭੇਸ। ਮੁਸਲੀ, ਮੈਥਨ ਮੱਦਯਾ ਲਿਖਨ ਮੰਤ੍ਰਤ ਮਾਸ ਤਮਾਕੂ। ਏ ਨਹਿ ਕਰਹਿ ਸਿੱਖ ਸਭ ਤੇਰੇ ਵਢੈ ਪਰਮ ਪ੍ਰਤਾਪੂ। ਅਤਿ ਪ੍ਰਸੰਨ ਮੈਂ ਤੋਪਰ ਤਾਂਤੇ ਕੁਛ ਕ੍ਰਿਤ ਕਾਜਯ ਸੁਨਾਵਹੁ। ਤਬ ਸੁਨ ਰਚਨਾਂ ਤੇ ਮੇਰੇ ਮਨ ਅਤਿ ਆਨੰਦ ਸੁਖ ਪਾਵਹੁ। ਸ੍ਰੀ ਸਤ ਗੁਰ ਕਰ ਜੋਰ ਅੱਗ ਦ੍ਵੈ ਬਾਰ ਭਗੌਤੀ ਗਾਈ। ਪ੍ਰਥਮ ਭਗਉਤੀ ਸਿਮਰ ਫੇਰ ਗੁਰ ਨਾਨਕ ਦੇਵ ਮਨਾਈ। ਤਾਂ ਪਾਛੇ ਕੁਛ ਔਰ ਸੁਤੋਤ੍ਰ ਸ੍ਰੀ ਗੁਰ ਦੇਵ ਸੁਨਾਏ। ਹਰਿ ਸੁਮੇਰ ਅਭਮਤ ਫਲ ਦਾਇਕ ਸੁਨ ਮਾਤਾ ਬਰ ਪਾਏ।।੧੯੬।। ਅਸ ਕਹਿ ਭਈ ਅਲੋਪ ਭਵਾਨੀ। ਦੈ ਕਰ ਪਿਆਰ ਪਰਮ ਪ੍ਰਿਯ ਪੂਤਹਿ ਪਾਵਨ ਪ੍ਰਕ੍ਰਿਤ ਪਰਮਾਨੀ। ਮਹਾਂ ਬੀਰ ਸ੍ਰੀ ਹਨੂਮਾਨ ਜੂ ਪ੍ਰਗਟ ਕੱਛ ਤਬ ਦੀਨੀ। ਲੀਜੈ ਮਹਾਰਾਜ ਮਮ ਭੇਟਾ ਮਰਜਾਦਾ ਮਨ ਚੀਨੀ। ਖੱਤ੍ਰਨ ਕੀ ਯਹ ਆਦਿ ਪੁਸਾਕੀ ਰਾਮਚੰਦ੍ਰ ਜੂ ਧਾਰੀ। ਦਈ ਮੋਹ ਕਰ ਬਿਜਯ ਲੰਕ ਮਹਿ ਜਤ ਚਪਰਾਸ ਅਚਾਰੀ"।।

## ਦੋਹਿਰਾ

ਇਹ ਸਿੱਖਯਾ ਦੇ ਅੰਤ ਮੈਂ ਭਈ ਲੋਪ ਤੱਤ ਕਾਲ।
ਜਾਕੋ ਧਾਰਨ ਕਰਤ ਜਨ ਹੋਵਤ ਤੁਰਤ ਨਿਹਾਲ।।੨੯੯।।
ਯਹ ਬਾਵਾ ਜੀ ਦੱਸਯਾ ਓੜਕ ਸਾਰਾ ਖੇਲ।
ਪ੍ਰਗਟ ਹੋਈ ਚੰਡਕਾ ਦੇ ਵਰ ਉਤੱਮ ਮੇਲ।।੩੦੦।।
ਹੋਇ ਲੋਪ ਤਬ ਹੀ ਗਈ ਮਨਹੁ ਹੁਤੀ ਛਲ ਰੂਪ।
ਹਨੂੰਮਾਨ ਭੀ ਕੱਛ ਦੇ ਹੋਇਆ ਲੀਨ ਅਨੂਪ।।੩੦੧।।
ਇਸ ਪਰ ਕਰੋ ਵਿਚਾਰ ਜੋ ਆਵੇ ਮਨ ਦੇ ਮਾਂਹਿ।
ਮੈਨੂੰ ਤਾਂ ਇਹ ਵਾਰਤਾ ਝੂਠੀ ਦਿਸੇ ਨਾਂਹਿ।।੩੦੨।।

ਭਾਵ:- ਗੁਰੂ ਜੀ ਤਾਈਂ ਦੇਵੀ ਜੀ ਨੇ ਖੰਡਾ ਦੇਕੇ ਨਾਲ ਹੀ ਇਹ ਭੀ ਆਖਿਆ ਕਿ ਤੇਰਾ ਪੰਥ ਸਿਰ ਪਰ ਕੇਸ ਰੱਖੇ ਅਰ ਸੂਹਾ ਰੰਗ ਨਾ ਪਹਰੇ ਕਿਉਂਕਿ ਇਹ ਮੇਰਾ ਪਹਿਰਾਵਾ ਹੈ, ਏਸੇ

ਤਰ੍ਹਾਂ ਤੁਰਕਨੀ, ਕੁੱਠਾ ਖਾਨਾ ਆਦਿਕ ਭੀ ਬਰਜਤ ਦੱਸੇ, ਅਰ ਗੁਰੂ ਜੀ ਪਾਸੋਂ ਕਵਿਤਾ ਸੁਨਕੇ ਪ੍ਰਸੰਨ ਹੋਈ ਜਿਸ ਪਰ ਫਿਰ ਤੱਤ ਛਿਨ ਲੋਪ ਹੋ ਗਈ, ਏਹੋ ਅਸੂਲ ਅੱਜ ਤਕ ਪੰਥ ਵਿੱਚ ਪ੍ਰਚਲਤ ਹਨ, ਜਿਸ ਤੇ ਖਿਆਲ ਪੈਦਾ ਹੁੰਦਾ ਹੈ ਜੋ ਜ਼ਰੂਰ ਇਹ ਦੇਵੀ ਨੇ ਹੀ ਦੱਸੇ ਹੋਨਗੇ ਇਸ ਤੇ ਅੱਗੇ ਹਨੂੰਮਾਨ ਨੇ ਕਛ ਦਿੱਤੀ ਜੋ ਰਾਮ ਜੀ ਦੇ ਵੇਲੇ ਦੀ ਜੱਤ ਚਪਰਾਸ ਸੀ, ਇਨ੍ਹਾਂ ਬਾਤਾਂ ਤੇ ਚਿਤ ਵਿੱਚ ਜ਼ਰੂਰ ਇਹ ਖਿਆਲ ਪੈਦਾ ਹੁੰਦਾ ਹੈ ਕਿ ਇਹ ਕੁਝ ਨ ਕੁਝ ਠੀਕ ਹੋਵੇਗਾ॥

## ਤੱਤ ਖਾਲਸਾ

### ਦੋਹਿਰਾ

ਤੇਰੇ ਜੈਸੇ ਆਦਮੀ ਜੰਮੇ ਜਦ ਜਗ ਮਾਹਿੰ।
ਕਹੋ ਧਰਮ ਇਹ ਖਾਲਸਾ ਕਿਕੁਰ ਡੁੱਬੇ ਨਾਹਿੰ॥੩੦੩॥
ਉਪਰ ਕੇਹੜੀ ਗੱਲ ਦੇ ਭੁੱਲ ਗਯੋ ਤੂੰ ਦੱਸ।
ਅੰਧੇ ਵਾਲੀ ਜਫੜੀ ਪਾਇ ਲਈ ਤੈਂ ਨੱਸ॥੩੦੪॥
ਜੋ ਬਾਵਾ ਜੀ ਲਿਖ ਧਰਾ ਇੱਲ ਬਤਿੱਲ ਬਟੋਰ।
ਤੇਰੇ ਜੇਹੇ ਪੁਰਖ ਬਿਨ ਕਦੋਂ ਮੰਨਸੀ ਹੋਰ॥੩੦੫॥

### ਦਵੈਯਾ

ਕੇਸਾਂ ਵਾਲਾ ਪੰਥ ਸਾਜਨਾ ਜੋ ਦੇਵੀ ਫੁਰਮਾਇਆ। ਆਖੀ ਗੁਰ ਨੂੰ ਰੰਗ ਕਸੁੰਭੀ ਚਹੀਏ ਨਾ ਪਹਰਾਇਆ॥ ਅਰ ਇਸ ਪਰ ਇਹ ਯੁਕਤੀ ਦੱਸੀ ਹੈ ਇਹ ਮੇਰਾ ਬਾਨਾ। ਹੁਨ ਤੂੰ ਦੱਸ ਦੇਸ ਦੇ ਅੰਦਰ ਕਿਆ ਨੁਕਸਾਨ ਪਛਾਨਾ॥੩੦੬॥ ਅਪਨੇ ਜੈਸੇ ਕੇਸ ਸੀਸ ਪਰ ਰਖਨ ਹੇਤ ਬਤਾਏ। ਅਰ ਅਪਨੇ ਕਰ ਦਾ ਦੇ ਖੰਡਾ ਚਾਹੇ ਬਲ ਵਰਧਾਏ। ਫਿਰ ਉਹ ਅਪਨੇ ਰੰਗ ਦੇਨ ਥੋਂ ਕਿਉਂ ਮਨ ਮਹਿੰ ਘਬਰਾਈ। ਜਿਸ ਦੇ ਪਹਰ ਨ ਅੰਦਰ ਉਸ ਕਯਾ ਸੋਭਾ ਅਪਨੀ ਪਾਈ॥੩੦੭॥ ਅਪਨੇ ਪੁੱਤਾਂ ਤੇ ਤਾਂ ਭਾਈ ਕੁੱਝ ਨ ਹੁੰਦਾ ਪਯਾਰਾ। ਫਿਰ ਇਹ ਕਿਉਂ ਕਰ ਨਾ ਦਿੱਤਾ ਜੋ ਹੈ ਰੰਗ ਨਿਕਾਰਾ। ਥੋੜੀ ਬੂੰਦ ਪਈ ਤੇ ਉਡਦਾ ਅਰ ਨਾ ਧੁੱਪ ਸਹਾਰੇ। ਇਸ ਹੀ ਕਾਰਨ ਦੇਖ ਏਸ ਨੂੰ ਹੱਥ ਨ ਲਾਉ ਪੁਕਾਰੇ॥੩੦੮॥ ਫਿਰ ਇਸ ਐਸੇ ਤੁੱਛ ਰੰਗ ਪਰ ਕਿਉਂ ਕਬਜ਼ਾ ਤਿਨ ਕੀਤਾ। ਪਿਛਲੇ ਮੁਗਲ ਪਠਾਨਾ ਵਾਲਾ ਚਾਲਾ ਚੰਗਾ ਲੀਤਾ॥ ਸੂਹਾ ਰੰਗ ਬਨਾਤੀ ਜੋੜਾ ਅਰ ਚਿੱਟੇ ਜੋ ਚਾਵਲ। ਖਾਨ ਨ ਦੇਦੇ ਮੁਗਲ ਕਿਸੇ ਨੂੰ ਹੋਕੇ ਖੂਬ ਉਤਾਵਲ॥੩੦੯॥ ਆਖਨ ਕੋਈ ਏਹੁ ਨ ਪਹਰੇ ਇਹ ਹੈ ਪਹਰਨ ਸਾਡਾ। ਲੋਗ ਗਰੀਬ ਹਡਾਵਨ ਖਾਵਨ ਜੋ ਹੈ ਹੱਕ ਤੁਸਾਡਾ॥ ਏਸੇ ਤਰ੍ਹਾਂ ਕਰਯਾ ਇਸ ਦੇਵੀ ਰੰਗ ਨ ਪਹਰਨ ਦਿੱਤਾ। ਇਹ ਤਾਂ ਸਬਕ ਮੁਗਲ ਦੇ ਕੋਲੋਂ ਭੁੱਲ ਭੁਲਾਵੇ ਲਿੱਤਾ॥੩੧੦॥ ਕੁੱਠਾ ਖਾਨ ਤਮਾਕੂ ਪੀਣਾ ਜੇ ਤਿਸ ਬੁਰਾ ਠਰਾਇਆ। ਤਾਂ ਇਹ ਅਪਨੇ ਛੈਣੇ ਕੁੱਟਾਂ ਕਿਉਂ ਨਾ ਸਬਕ ਸਿਖਾਇਆ। ਅਰ ਓਹ ਸੂਹੇ ਰੰਗ ਰੰਗ ਕੇ ਪਹਰਨ ਚੰਗੇ ਚੀਰੇ। ਕਿਉਂ ਨਾ ਰੋਕ ਉਨ੍ਹਾਂ ਨੂੰ ਦੇਂਦੀ ਜੋ ਹਨ ਲਾਲੇ ਹੀਰੇ॥੩੧੧॥ ਫਿਰ ਜੋ ਉਸ ਦਾ ਛੰਦ ਸੁਨਨ ਨੂੰ ਸੀ ਮਨ ਆ ਲਲਚਾਇਆ। ਦਸੋ ਖਾਂ ਇਹ ਕਵਿਤਾ ਦਾ ਸੀ ਕਿਆ ਤਿਨ ਸਮਾਂ ਤਕਾਇਆ॥ ਕਈ

ਦਿਨਾਂ ਦੇ ਵਰਤੀ ਗੁਰ ਜੋ ਬੈਠੇ ਸਨ ਇਕ ਜਾਗਾ। ਫੇਰ ਸਿੱਖ ਇੱਕ ਮਾਰ ਮੁਕਾਇਆ ਜੋ ਸਾ ਪਯਾਰਾ ਲਾਗਾ।।੩੧੨।। ਤੀਜਾ ਅਪਨੇ ਤਨ ਪਰ ਹੈ ਸਨ ਲੱਗੇ ਘਾਉ ਘਨੇਰੇ ਏਸ ਸਮੇਂ ਦੁਖਦਾਈ ਅੰਦਰ ਕਿਆ ਸਨ ਛੰਦ ਚੰਗੇਰੇ? ਕਿਆ ਕਵੀਆਂ ਦੀ ਸਭਾ ਲਗੀ ਸੀ ਕਾਵ ਸੁਨੇ ਉਸ ਵੇਲੇ। ਇਹ ਤਾਂ ਸਮਾਂ ਭਯਾਨਕ ਦਸਯਾ ਜਦ ਸੀ ਗੁਰੂ ਅਕੇਲੇ।।੩੧੩।। ਹਨੂਮਾਨ ਜੋ ਕੱਛ ਪਾਇਕੇ ਫਤੇ ਲੰਕ ਪਰ ਪਾਈ। ਏਸੇ ਕਾਰਨ ਗੁਰ ਜੀ ਦੇ ਤਿਨ ਆਕੇ ਹੱਥ ਫੜਾਈ।। ਇਸੇ ਤਰ੍ਹਾਂ ਚੰਡੀ ਨੇ ਭਾਈ ਪਾ ਕੇ ਲਹਿੰਗਾ ਚੰਗਾ। ਸੁੰਭ ਨਸੁੰਭ ਸਾਥ ਸੀ ਕੀਤਾ ਨਾਲ ਦਲੇਰੀ ਦੰਗਾ।।੩੧੪।। ਦੱਸ ਭਲਾ ਜੇ ਕਰਦ ਦੇਨ ਸਮ ਹੋ ਜਾਂਦੀ ਕ੍ਰਿਪਾਲਾ। ਉਹ ਲਹਿੰਗਾ ਚਾ ਅੱਗੇ ਧਰਦੀ ਵਿਚ ਰੇਸ਼ਮੀ ਨਾਲਾ।। ਅਰ ਕਹਿੰਦੀ ਮੈਂ ਇਸ ਨੂੰ ਪਾਕੇ ਲੱਖਾਂ ਰਾਕਸ਼ ਮਾਰੇ। ਅਬ ਮੈਂ ਬਖਸ਼ਯਾ ਨਾਲ ਪ੍ਰੇਮ ਦੇ ਖਾਤ੍ਰ ਪੰਥ ਤੁਮ੍ਹਾਰੇ।।੩੧੫।। ਜਿਸ ਤੇ ਸਾਰਾ ਪੰਥ ਪਹਰ ਕੇ ਜਗ ਅੰਦਰ ਯਸ਼ ਪਾਵੇ। ਪੜਦੇ ਦਾਰ ਕੱਪੜਾ ਐਸਾ ਹੋਰ ਨ ਨਜ਼ਰੀ ਆਵੇ।। ਜਿਸ ਤੇ ਘਾਗਰ ਸ਼ਾਹੀ ਪਲਟਨ ਆਪੇ ਹੀ ਬਲ ਜਾਂਦੀ। ਤੇੜ ਘੱਗਰਾ ਸਿਰ ਦਸਤਾਰੇ ਸਿੰਘਾਂ ਸ਼ਕਲ ਬਨਾਂਦੀ।।੩੧੬।। ਪਰ ਇਹ ਭੁੱਲ ਗਈ ਉਸ ਵੇਲੇ ਦੇਵੀ ਮਾਤ ਵਿਚਾਰੀ। ਯਾ ਬਾਵਾ ਜੀ ਚੁੱਕ ਗਏ ਹਨ ਜਿਸ ਤੇ ਨਾ ਲਿਖ ਮਾਰੀ।। ਚੰਗੇ ਭਲੇ ਆਦਮੀ ਯਾਰੋ ਕਿਆ ਚਾਲੇ ਹਨ ਕਰਦੇ। ਪੰਥ ਵਾਸਤੇ ਨੂੰਨ ਥੱਪਦੇ ਰੰਚਕ ਨਾਹੀਂ ਡਰਦੇ।।੩੧੭।। ਇਹ ਸਭ ਬਾਤਾਂ ਹਨ ਮਨ ਘੜੀਆਂ ਸੱਤ ਨ ਇਹ ਭੀ ਗੱਪ ਸੁਨਾਈ।।੩੧੮।। ਜਿਸ ਤੇ ਸਾਬਤ ਕਰਨ ਜਗਤ ਮਹਿ ਸਿੰਘ ਕਛਹਰੇ ਸੁਨਕੇ ਕਹਕੇ ਹੁੰਦੇ ਨਾ ਸ਼ਰਮਿੰਦੇ। ਸੱਗੋਂ ਨਾਲ ਖੁਸ਼ੀ ਦੇ ਭੋਲੇ ਗ੍ਰੰਥਾਂ ਮਹਿ ਲਿਖ ਦਿੰਦੇ।।੩੧੯।।

### ਦੋਹਿਰਾ

ਇਹ ਸੁਮੇਰ ਮ੍ਰਿਗਿੰਦ ਦਾ ਦਿੱਤਾ ਹਾਲ ਬਤਾਇ।
ਪਹਲਯਾਂ ਵਾਂਗਰ ਏਸ ਭੀ ਛਡਿਆ ਰੌਲਾ ਪਾਇ।।੩੨੦।
ਗਲ ਅਕਲ ਦੀ ਹੈ ਨਹੀਂ ਵਿੱਚ ਏਸਦੇ ਕੁੱਝ।
ਲਾਲ ਬੁਝੱਕੜ ਵਾਲੜੀ ਧਾਮੜ ਧੂਮੜ ਬੁੱਝ।।੩੨੧।।

## ਬਾਵਾ ਸੁਮੇਰ ਸਿੰਘ ਜੀ ਦੇ ਗੁਰ ਬਿਲਾਸ ਦਾ ਭਾਈ ਸੁਖਾ ਸਿੰਘ ਜੀ ਅਤੇ ਸੰਤੋਖ ਸਿੰਘ ਜੀ ਨਾਲ ਪਰਸਪਰ ਵਿਰੋਧ

ਜਿਸ ਪ੍ਰਕਾਰ ਪਹਲੇ ਦੋਨਾਂ ਕਵੀਆਂ ਦਾ ਪਰਸਪਰ ਇੱਕ ਦੂਜੇ ਨਾਲੋਂ ਵਿਰੁੱਧ ਸਾ ਏਸੇ ਤਰ੍ਹਾਂ ਇਨ੍ਹਾਂ ਦਾ ਉਨ੍ਹਾਂ ਦੋਨਾਂ ਨਾਲ ਵਿਰੋਧ ਹੈ, ਜੈਸਾ ਕਿ ਹੇਠਾਂ ਦੱਸਿਆ ਜਾਂਦਾ ਹੈ।।

੧. ਭਾਈ ਸੁੱਖਾ ਸਿੰਘ ਜੀ ਨੇ ਸ਼ਕਾਰ ਤੇ ਆਕੇ ਗੁਰੂ ਜੀ ਨੂੰ ਪੰਥ ਸਾਜਨੇ ਦਾ ਖਯਾਲ ਦੱਸਯਾ ਹੈ, ਅਰ ਭਾਈ ਸੰਤੋਖ ਸਿੰਘ ਜੀ ਨੇ, ਹਿੰਦੂ ਅਤੇ ਤੁਰਕਾਂ ਦੇ ਦੁੱਖ ਦੇਨ ਕਰਕੇ ਪੰਥ ਸਾਜਨ ਦਾ ਉਦੱਮ ਕਥਨ ਕੀਤਾ ਹੈ, ਪਰੰਤੂ ਇਹ ਆਖਦੇ ਹਨ ਕਿ ਜਦ ਗੁਰੂ ਜੀ ਗੱਦੀ ਪਰ ਬ੍ਰਾਜੇ ਤਦ ਛਿਪਰ ਕੌਮ ਦੇ ਬ੍ਰਾਹਮਨ ਬੁਲਾਕੇ ਅਪਨੇ ਪਾਸ ਰੱਖ ਲੀਤੇ ਜਿਨ੍ਹਾਂ ਵਿੱਚੋਂ ਇੱਕ ਦੇਵੀ ਦਿੱਤਾ ਪੌਰਾਣਕ ਸੀ ਜੋ ਕਥਾ ਕਰਦਾ ਹੁੰਦਾ ਸੀ। ਇੱਕ ਦਿਨ ਭੀਮ ਦੇ ਹਾਥੀ ਚਲਾਉਨ ਦਾ ਪ੍ਰਸੰਗ ਸੁਨਯਾ ਜਿਸ ਪਰ ਗੁਰੂ ਜੀ ਨੇ ਪੁਛਿਆ ਕਿ ਉਸ

ਵਿੱਚ ਇਤਨਾ ਬਲ ਕਿਸ ਤਰ੍ਹਾਂ ਹੋ ਗਿਆ ਸਾ ਜਿਸ ਨੂੰ ਸੁਨਕੇ ਪੰਡਤ ਨੇ ਉਤ੍ਰ ਦਿੱਤਾ ਕਿ ਮਹਾਰਾਜ ਉਸ ਨੇ ਲੱਖ ਬ੍ਰਾਹਮਨਾਂ ਨੂੰ ਜੱਗ ਕੀਤਾ ਸਾ ਇਸ ਕਰਕੇ ਉਸ ਵਿੱਚ ਇਹ ਬਲ ਹੋ ਗਿਆ ਸਾ ਜਿਸ ਨੂੰ ਸੁਨਕੇ ਗੁਰੂ ਜੀ ਨੇ ਕਿਹਾ ਕਿ ਅਸੀਂ ਭੀ ਜੱਗ ਕਰਦੇ ਹਾਂ ਅਰ ਓਸੇ ਤਰ੍ਹਾਂ ਦੇਵੀ ਪਰਗਟ ਕਰਕੇ ਤੁਰਕਾਂ ਨੂੰ ਮਾਰੇਂਗੇ॥

੨. ਭਾਈ ਸੁਖਾ ਸਿੰਘ ਦੱਤਾਨੰਦ ਊਜੈਨੀ, ਅਰ ਭਾਈ ਸੰਤੋਖ ਸਿੰਘ ਜੀ ਕਾਸ਼ੀਵਾਲੇ ਕੇਸੋਦਾਸ ਪਾਸੋਂ ਦੇਵੀ ਦਾ ਪ੍ਰਗਟ ਹੋਨਾ ਆਖਦੇ ਹਨ ਅਤੇ ਇਹ ਬਾਵਾ ਜੀ ਆਖਦੇ ਹਨ ਕਿ ਦੱਤਾ ਨੰਦ ਅਤੇ ਬਨਾਰਸ ਵਾਲੇ ਪੰਡਤ ਥੋਂ ਕੁਝ ਨਾ ਬਣਿਆਂ ਕਿੰਤੂ ਗੁਜਰਾਤ ਦੇ ਕਾਲੀ ਦਾਸ ਨੇ ਪ੍ਰਗਟ ਕੀਤੀ॥

੩. ਸੁਖਾ ਸਿੰਘ ਜੀ ਆਖਦੇ ਹਨ ਕਿ ਅਕਾਸ ਵਿੱਚੋਂ ਪ੍ਰਗਟੀ, ਭਾਈ ਸੰਤੋਖ ਸਿੰਘ ਜੀ ਪਹਾੜ ਪਰ ਖੜੀ ਦਸਦੇ ਹਨ ਅਰ ਬਾਵਾ ਜੀ ਦੱਸਦੇ ਹਨ ਕਿ ਅਗਨ ਕੁੰਡ ਵਿੱਚੋਂ ਪ੍ਰਗਟ ਹੋਈ॥

੪. ਬਾਵਾ ਜੀ ਦਸਦੇ ਹਨ ਕਿ ਪ੍ਰਗਟ ਹੋਕੇ ਲਾਡ ਕਰਨ ਲੱਗੀ ਅਤੇ ਗੁਰੂ ਜੀ ਨੂੰ ਗਲ ਨਾਲ ਲਾਇਆ, ਪ੍ਰੰਤੂ ਇਹ ਪਹਲੇ ਕਿਸੇ ਕਵੀ ਨੇ ਨਹੀਂ ਦੱਸਿਆ॥

੫. ਦੂਜੇ ਕਵੀ ਆਖਦੇ ਹਨ ਕਿ ਉਸ ਦੇ ਹੱਥਾਂ ਵਿੱਚ ਸੱਪ ਅਰ ਮਨੁੱਖਾਂ ਦੇ ਸਿਰ ਸਨ ਪ੍ਰੰਤੂ ਬਾਵਾ ਜੀ ਕਹਿੰਦੇ ਹਨ ਕਿ ਜਦ ਪ੍ਰਗਟ ਹੋਈ ਤਾਂ ਅੱਠਾਂ ਹੱਥਾਂ ਵਿੱਚ ਅੱਠ ਸ਼ਸਤ੍ਰ ਸੇ॥

੬. ਕਿਸੇ ਸਿੱਖ ਦੇ ਹੱਥ ਤਲਵਾਰ ਨਾਲ ਵੱਢੇ ਕਿਸੇ ਨਹੀਂ ਦੱਸੇ ਅਰ ਇਹ ਕਹਿੰਦੇ ਹਨ ਕਿ ਜਦ ਦੇਵੀ ਨੇ ਭੇਟਾ ਮੰਗੀ ਤਦ ਇੱਕ ਸੰਗਤੀਆ ਨਾਮੇਂ ਸਿੰਘ ਦੇ ਤਲਵਾਰ ਨਾਲ ਹੱਥ ਵੱਢ ਦਿੱਤੇ ਅਰ ਉਸ ਦਾ ਬਲੀਦਾਨ ਦਿੱਤਾ॥

੭. ਪਹਲੇ ਕਿਸੇ ਕਵੀ ਨੇ ਨਹੀਂ ਕਿਹਾ ਕਿ ਦੇਵੀ ਨੇ ਕਾਵਯ ਸੁਨਨ ਦਾ ਸੁਵਾਲ ਕੀਤਾ ਪ੍ਰੰਤੂ ਬਾਵਾ ਜੀ ਆਖਦੇ ਹਨ ਕਿ ਦੇਵੀ ਨੇ ਗੁਰੂ ਜੀ ਕੋਲੋਂ ਖੁਦ ਆਖਕੇ ਛੰਦ ਸੁਨੇ॥

੮. ਇਸੇ ਤਰ੍ਹਾਂ ਪਹਲੇ ਕਵੀ ਨਹੀਂ ਦਸਦੇ ਕਿ ਦੇਵੀ ਨੇ ਕੋਈ ਚੀਜ਼ ਮਨਾ ਕੀਤੀ ਕਿੰਤੂ ਇਹ ਆਖਦੇ ਹਨ ਕਿ ਕੁਸੰਭੇ ਦਾ ਰੰਗ ਪਹਰਨਾ ਉਸ ਨੇ ਸਿੱਖਾਂ ਨੂੰ ਮਨਾ ਕੀਤਾ॥

ਇਹ ਸਭ ਬਾਤਾਂ ਭਾਈ ਸੁਖਾ ਸਿੰਘ ਜੀ ਅਤੇ ਭਾਈ ਸੰਤੋਖ ਸਿੰਘ ਜੀ ਤੇ ਵਿਰੁੱਧ ਹਨ॥

ਇਸ ਤੇ ਅਸੀਂ ਸਾਬਤ ਨਹੀਂ ਕਰ ਸਕਦੇ ਕਿ ਇਨ੍ਹਾਂ ਤਿੰਨਾਂ ਵਿੱਚੋਂ ਸੱਚਾ ਕੌਣ ਹੈ, ਜਿਸ ਤੇ ਏਹੋ ਮੰਨਨਾ ਪੈਂਦਾ ਹੈ ਕਿ ਇਹ ਸੱਭੋ ਮਨ ਆਏ ਗੀਤ ਗਾਉਨ ਵਾਲੇ ਹਨ, ਅਰ ਅਸਲ ਖਬਰ ਕਿਸੇ ਨੂੰ ਭੀ ਨਹੀਂ। ਇਸ ਵਾਸਤੇ ਬਾਵਾ ਸੁਮੇਰ ਸਿੰਘ ਜੀ ਦੇ ਪੁਸਤਕ ਵਿੱਚੋਂ ਭੀ ਦੁਰਗਾ ਪੂਜਨਾ ਸਿੱਧ ਨਹੀ ਹੁੰਦਾ॥

**ਦੋਹਿਰਾ**

ਇਨ ਤਿੰਨਾਂ ਦੇ ਲੇਖ ਨੂੰ ਜੇ ਤੂੰ ਲਵੇਂ ਵਿਚਾਰ।
ਦੂਧ ਪਾਨੀ ਆਪ ਹੀ ਲੇਵੇਂ ਤੁਰਤ ਨਤਾਰ।੩੨੨॥

# ਭਾਈ ਗਯਾਨ ਸਿੰਘ ਜੀ ਗਯਾਨੀ ਦੇ ਪੰਥ ਪ੍ਰਕਾਸ਼ ਦਾ ਸੰਖੇਪ

### ਸਵੈਯਾ

ਦੁਖ ਸਿੰਧ ਵਿਖੇ ਡੁਬਤੇ ਜਨ ਜੇ ਕਰਨਾ ਕਰਕੇ ਗੁਰ ਪਾਰ ਕਰਾਏ। ਦ੍ਰਿੜ੍ਹ ਬੰਧਨ ਥੇ ਉਰਮੇਂ ਜਿਨ ਕੇ ਤਿਨ ਕੇ ਗਹਿ ਗਯਾਨ ਗਿਰਾ ਛੁਟਕਾਏ॥ ਜੋਗਰ ਭੋਗ ਵਿਖੇ ਭਵ ਮੈਂ ਸਭ ਜੀਵਨ ਕੋ ਪਥ ਮੋਖ ਦਿਵਾਏ। ਕਲ ਤਾਰਨ ਕੋ ਕਲਗੀਧਰ ਜੂ ਕਵਿ ਦਿੱਤ ਹਰੀ ਧਰ ਮੈਂ ਗੁਰ ਆਏ॥੧॥

### ਦੋਹਿਰਾ

ਐਸੇ ਦੀਨ ਦਿਆਲ ਸਮ ਨਾ ਕੋ ਹੂਆ ਨ ਹੋਗ।
ਕਰ ਅਵਗਾਹਨ ਜੇ ਪਿਖੇ ਕੋ ਜਨ ਚੌਦਰ ਲੋਗ॥੨॥
ਤਿਨ ਪਰ ਕਿਤਕ ਅਗਯਾਨੀਆਂ ਲਾਇਆ ਦੋਖ ਮਹਾਨ।
ਕਹਨ ਮਨਾਈ ਚੰਡਕਾ ਨਿਜ ਬਲ ਹਿਤ ਭਵਭਾਨ॥੩॥
ਤਿਨ ਕੀ ਬਾਤਾਂ ਸੁਨਣ ਤੇ ਆਵਤ ਹੈ ਉਪਹਾਸ।
ਕਹੈਂ ਰਵੀ ਦੀਪਕ ਚਹੇ ਅਪਨੇ ਹੇਤ ਪ੍ਰਕਾਸ॥੪॥
ਤਾਂ ਤੇ ਐਸੇ ਜਨਨ ਕੀ ਕਥਾ ਨ ਹੋਵਤ ਸੱਤ।
ਜੋ ਭਾਖੀ ਨਿਜੰ ਮੁਖਨ ਤੇ ਜੈਸੀ ਜਿਨ ਕੀ ਮੱਤ॥੫॥
ਬਿਨ ਅਕਾਲ ਤੇ ਦੂਸਰੋ ਨਹਿ ਮਾਨਤ ਗੁਰ ਦੇਵ।
ਤਾਂ ਤੇ ਤਿਸ ਕੋ ਛੋਡ ਨਹਿ ਕਰਤ ਕਿਸੀ ਕੀ ਸੇਵ॥੬॥

## ਦੁਰਗਾ ਭਗਤ

### ਦੋਹਿਰਾ

ਮੈਂ ਸਭ ਤੇਰੇ ਸੁਨ ਲਏ ਜੋ ਸਨ ਬਚਨ ਅਮੋਲ।
ਪਰ ਫਿਰ ਭੀ ਮਨ ਮੁਝ ਦਾ ਜਾਂਦਾ ਹੈ ਅਤਿ ਡੋਲ॥੭॥

### ਚੌਪਈ

ਗਯਾਨ ਸਿੰਘ ਸਾਧੂ ਵਡ ਗਿਆਨੀ। ਜਿਨ ਕੀ ਸ਼ੋਭਾ ਨਾਹੀਂ ਛਾਨੀ॥
ਵਿੱਦਯਾਵਾਨ ਗ੍ਰੰਥ ਕਾ ਵੇਤਾ। ਪ੍ਰਉਪਕਾਰ ਕਰਤ ਹੈ ਜੇਤਾ॥
ਵਡੇ ਵਡੇ ਜਿਨ ਗ੍ਰੰਥ ਬਨਾਏ। ਜਿਨ ਕੋ ਪਠ ਜਨ ਭਰਮ ਗੁਵਾਏ॥
ਰਚੀ ਖਾਲਸਾ ਜਿਨੇ ਤਾਰੀਖ। ਦੇਤ ਧਰਮ ਕੀ ਜੋ ਵਡ ਸੀਖ॥
ਸਿੰਘਨ ਅਰ ਦਸ਼ ਗੁਰ ਕੇ ਹਾਲ। ਤਿਨ ਮਹਿ ਤੇ ਨਰ ਲੇਵਤ ਭਾਲ॥
ਬਹੁਤ ਲਾਭ ਇਸ ਤੇ ਹੈ ਹੋਯਾ। ਜੋ ਨਹਿ ਜਾਵਤ ਕਬੀ ਲਕੋਯਾ॥
ਹੈ ਪ੍ਰਸਿੱਧ ਆਜ ਜਗ ਮਾਹੀਂ। ਸਭ ਨਰ ਜਾਨਤ ਸੰਸੇ ਨਾਹੀਂ॥
ਤਿਨ ਜੋ ਪੰਥ ਪ੍ਰਕਾਸ਼ ਬਨਾਯਾ। ਸਿੰਘਨ ਮੈਂ ਜਿਸ ਕਾ ਯਸ਼ ਛਾਯਾ॥
ਕਰੇ ਖਾਲਸਾ ਜੰਗ ਅਪਾਰੇ। ਸੋਈ ਤਿਸ ਮਹਿ ਭਾਖੇ ਸਾਰੇ॥

ਪੁਨ ਗੁਰੂਅਨ ਕੇ ਜੋ ਉਪਕਾਰ। ਸੋ ਭੀ ਕਹੇ ਗਿਆਨੀ ਸਾਰ॥
ਪਰ ਉਸ ਪੰਥ ਪ੍ਰਕਾਸ਼ ਮਝਾਰੀ। ਜਬ ਦੁਰਗਾ ਕੀ ਆਈ ਵਾਰੀ॥
ਤਿਨ ਭੀ ਸਭ ਕੋ ਯਹੀ ਸੁਨਾਯਾ। ਸਾ ਗੁਰ ਜੀ ਦੁਰਗਾ ਨੂੰ ਧਿਆਯਾ॥
ਤੁਰਕ ਤੇਜ ਹਤਨੇ ਕੇ ਕਾਜਾ। ਕਰਾ ਚਰਤ ਯਹ ਗਰੀਬ ਨਵਾਜਾ॥
ਜਬ ਐਸਾ ਗਿਆਨੀ ਯਹਿ ਗਾਵੇ। ਤੌਂ ਕਹੁ ਝੂਠ ਕੌਨ ਠਹਰਾਵੇ॥੮॥

## ਦੋਹਿਰਾ

ਤਾਂਤੇ ਮਨ ਵਿਚ ਆਵੰਦਾ ਪੂਜੀ ਗੁਰੂ ਜ਼ਰੂਰ।
ਸ਼ਾਤਿ ਕਰਨ ਹਿਤ ਜਗਤ ਮਹਿ ਤੁਰਕੀ ਵਡੋ ਫਤੂਰ॥੯॥
ਅਰ ਤੈਨੂੰ ਭੀ ਮੰਨਨਾ ਚਹੀਏ ਐਸਾ ਵਾਕ।
ਜੋ ਗਿਆਨੀ ਮੁਖ ਤੇ ਕਹਿਆ ਸਮਝ ਰਿਦੇ ਮਹਿ ਪਾਕ॥੧੦॥

# ਤੱਤ ਖਾਲਸਾ

## ਦੋਹਿਰਾ

ਗਿਆਨੀ ਸਿੰਘ ਗਿਆਨੀ ਅਹੇ ਨਿਕਟ ਹਮਾਰੋ ਮੀਤ।
ਜਿਸ ਕੇ ਪੰਥ ਪ੍ਰਕਾਸ਼ ਕੇ ਸਭ ਜਨ ਗਾਵਤ ਗੀਤ॥੧੧॥
ਤਿਨ ਜੋ ਦੁਰਗਾ ਪੂਜਨਾ ਲਿਖਯਾ ਉਸੇ ਪ੍ਰਕਾਰ।
ਜੈਸੇ ਔਰਨ ਨੇ ਕਹਾ ਪੜ੍ਹਕੇ ਅੰਧ ਗੁਬਾਰ॥੧੨॥
ਏਹੋ ਹਾਸੇ ਵਾਲੜੀ ਗੱਲ ਬਨੀ ਹੈ ਆਇ।
ਸਭਨੀ ਛਾਲਾਂ ਮਾਰੀਆਂ ਮਿਲਕੇ ਇੱਕੋ ਦਾਇ॥੧੩॥
ਇੱਕ ਦੂਜੇ ਦੇ ਮਗਰ ਹੀ ਚੱਲੇ ਵਾਰੋ ਵਾਰ।
ਨੱਕ ਨਕੇਲਾਂ ਪਾਇਕੇ ਊਠਾਂ ਜਿਵੇਂ ਕਤਾਰ॥੧੪॥
ਤਾਂ ਤੇ ਇਨ ਨੇ ਜੋ ਕਿਹਾ ਸੋ ਭੀ ਚਾਇ ਸੁਨਾਉ।
ਤੇਰੇ ਦਿਲ ਵਿੱਚ ਉਸ ਦਾ ਰਹੇ ਨ ਬਾਕੀ ਚਾਉ॥੧੫॥
ਪਰ ਜਿਉਂ ਪੱਤ ਪਲਾਹ ਦੇ ਤਿੰਨੇ ਹੁੰਦੇ ਮੂਲ।
ਤਿਉਂ ਇਹ ਸਭਨਾਂ ਦਾ ਲਖੋ ਇੱਕੋ ਮਤ ਅਨਕੂਲ॥੧੬॥
ਸਭਨਾਂ ਲਾਇਆ ਜ਼ੋਰ ਇਹ ਦੁਰਗਾ ਦਵੋ ਮਨਾਇ।
ਜਿਸ ਤੇ ਕਲ ਜੁਗ ਵਿੱਚ ਹੈ ਗੁਰ ਦੀ ਸ਼ਕਤ ਦਖਾਇ॥੧੭॥
ਪਰ ਇਸ ਹਠ ਦੀ ਭੰਗ ਨੇ ਚੱਕਰ ਦਿੱਤਾ ਫੇਰ।
ਪੌਰਾਣਕ ਮਤ ਪਕੜਯਾ ਗੁਰਮਤ ਦੀਨਾ ਗੇਰ॥੧੮॥

# ਦੁਰਗਾ ਭਗਤ

## ਦੋਹਿਰਾ

ਸੁਨ ਕਰ ਸਭ ਪ੍ਰਸੰਗ ਨੂੰ ਮਗਰੋਂ ਕਹਨਾ ਚਾਇ।
ਚੰਗਾ ਮੰਦਾ ਏਸ ਵਿੱਚ ਜੋ ਕੁਛ ਨਜ਼ਰੀ ਆਇ॥੧੯॥

ਦੁਰਗਾ ਪ੍ਰਗਟ ਕਰਨ ਦਾ ਗਯਾਨੀ ਸਿੰਘ ਗਯਾਨ।
ਅਪਨੇ ਪੰਥ ਪ੍ਰਕਾਸ਼ ਵਿੱਚ ਐਸਾ ਕਰਨ ਬਖਾਨ।।੨੦।। ਯਥਾ

ਪੰਥ ਪ੍ਰਕਾਸ਼ ਛਪੈ

"ਅਸ਼ਟ ਭੂਜੀ ਜਗ ਮਾਤ ਦਸਮ ਗੁਰ ਜੋ ਬਿਦਤਾਈ। ਯਹ ਸੁਨ ਸੰਸਾ ਕਰਯੋ ਮਰੀ ਫਿਰ ਐਸ ਤਦਾਈ।। ਕਈ ਠੌਰ ਨਿਜ ਗ੍ਰੰਥ ਵਿਖੈ ਗੁਰ ਐਸ ਬਖਾਨੇ। ਕ੍ਰਿਸ਼ਨ ਬਿਸਨ ਲੌ ਆਦਿ ਸੁਰਨ ਸੁਰਨ ਕੋ ਹਮ ਨਹਿ ਮਾਨੇ। ਹਮ ਮਾਨਤ ਪੁਰਖ ਅਕਾਲ ਕੋ ਇਕ ਈਸ ਉਪਾਸਨ ਕਹੀ ਯਹਿ।। ਫਿਰ ਕੌਨ ਹੇਤ ਕਿਸ ਭਾਂਤਿ ਗੁਰ ਦੇਵੀ ਪ੍ਰਗਟ ਕਰੀ ਕਹਿ।।੨੦।। ਯਹਿ ਪ੍ਰਸ਼ਨ ਸੁਨ ਹੋਇ ਮੋਦ ਮਨ ਕਹਿਯੋ ਫੇਰ ਕਵਿ। ਅਹੋ ਮਰੀ ਕਪਤਾਨ ਏਹੁ ਤੁਮ ਬੂਝੀ ਭਲ ਅਵਿ।। ਸੁਨੋ ਪ੍ਰੇਮ ਧਰ ਕਹੋ ਸਾਰ ਉਤ੍ਰ ਯਹਿ ਨੀਕੈ। ਜਿਹ ਹਿਤ ਜਿਹ ਬਿਧ ਕਰੀ ਮਾਤ ਪ੍ਰਗਟ ਗੁਰ ਠੀਕੈ।। ਇਕ ਦਿਵਸ ਗੁਰੂ ਢਿਗ ਸਭਾ ਮਹਿ ਸਹਜ ਸੁਭਾਇਕ ਬਾਤ ਯਹਿ। ਚਲੀ ਕਹਯੋ ਕਿਨ ਕਲੀ ਮੈਂ ਪ੍ਰਗਟ ਦੇਵਿ ਅਬ ਹੋਤ ਨਹਿ।।੨੧।। ਦ੍ਵਿਜ ਵਰ ਕੋ ਬਿਦ ਕਵੀ ਗੁਨੀ ਜਨ ਦੇਸ ਵਿਦੇਸੀ। ਹੁਤੇ ਗੁਰੂ ਕੀ ਸਭਾ ਮੱਧ ਤਬ ਥਿਰੇ ਵਿਸੇਸੀ। ਕਈ ਦ੍ਵਿਜਨ ਤਬ ਕਹੀ ਬਾਤ ਪੁਨ ਭਾਂਤ ਇਸੀ ਤੈ। ਕਲ ਜੁਗ ਮਹਿ ਨਹਿ ਹੋਤ ਦੇਵਤਾ ਬਿਦਤ ਕਿਸੀ ਤੈ।। ਯਹ ਸੁਨ ਕਰ ਤਬ ਪੁਨ ਗੁਰੂ ਕਹਿਯੋ ਵਹੁ ਕੌਨ ਬਾਤ ਜੋ ਹ੍ਵੈ ਹੈ ਨਹੀਂ। ਜੋ ਕਰੈ ਵਿਧੀ ਯੁਤ ਨਰ ਭਲੈ ਤੌ ਬਿਦਤ ਦੇਵ ਅਬ ਹ੍ਵੈ ਸਹੀ।।੨੨।। ਯਾ ਬਿਧ ਗੁਰ ਕੇ ਬੈਨ ਸੁਨੇ ਬਿਪਨ ਪੁਨ ਜਬ ਹੀ। ਫੇਰ ਕਹਿਯੋ ਹਠ ਠਾਨ ਦੇਵ ਨਹਿ ਬਿਦਤੈ ਅਬ ਹੀ। ਪੁਨ ਸਤਿ ਗੁਰ ਨੇ ਕਹਯੋ ਬਿਦਤ ਕਰ ਹਮ ਬਿਖਾਰਾਵੈ। ਅਸ਼ਟ ਭੁਜੀ ਜਗ ਮਾਤ ਕੇਰ ਤੁਹਿ ਦਰਸ ਕਰਾਵੈ।। ਇਕ ਕਰਯੋ ਉਚਾਰ ਯਹਿ ਪੁਨ ਸੁਨੋ ਦੂਸਰੋ ਔਰ ਅਬ। ਜਿਸ ਹੇਤ ਗੁਰ ਪ੍ਰਗਟ ਕਰੀ ਦੁਰਗਾ ਨੀਕੀ ਭਾਂਤ ਤਬ।।੨੩।। ਧਰਮ ਧਰਾਵਨ ਹੇਤ ਧਰਾ ਪਰ ਧਰਮ ਧੁਰੰਧਰ। ਧਰਯੋ ਧਰਮ ਅਵਤਾਰ ਸਤਗੁਰੂ ਸਾਮ ਪੁਰੰਦਰ।। ਆਦਿ ਬ੍ਰਹਮ ਕੀ ਲਖ ਅਨਾਦਿ ਸ਼ਕਤੀ ਯਹ ਮਾਯਾ। ਯਹੀ ਜਗਤ ਕੋ ਰਚਤ ਭਰਤ ਸੰਹਰਤ ਸਾਦਯਾ।। ਸ਼ਿਵ ਬਿਸ਼ਨ ਅਜਾਦਿਕ ਦੇਵ ਸਭ ਸੇਵ ਜਾਂਹਿ ਪਦ ਉਚਲਹਿ। ਹਰਿ ਨੈਨ ਕੋਰ ਕੀ ਓਰ ਨਿਤ ਨਿਰਖਤ ਕ੍ਰਿਪਾ ਦ੍ਰਿਸ਼ਟ ਚਹਿ।।੨੪।। ਜਿਤਕ ਛੱਤ੍ਰੀ ਭਏ ਅੱਤ੍ਰੀ ਧਰਮੀ ਧਰ ਪਰ। ਰਾਮ ਕ੍ਰਿਸ਼ਨ ਤੇ ਆਦਿ ਭਏ ਅਵਤਾਰ ਜਿਤਕ ਹਰ।। ਭਗਤਿ ਸ਼ਕਤਿ ਕੀ ਕਰੀ ਸਭਨ ਮਨ ਮੋਦ ਧਾਰ ਕਰ। ਤਿਯੋਂ ਛੱਤ੍ਰੀ ਗੁਰ ਭਏ ਬਿਦਤ ਬਸੁਧਾ ਸੁਬੀਰ ਬਰ।। ਤਿਨ ਧਰਮ ਪਾਲਨਾ ਹੇਤ ਪੁਨ ਸੱਤ੍ਰਨ ਕੇ ਸਾਲਨ ਹਿਤੀ। ਜਿਨ ਪੰਥ ਸਹਾਇਕ ਲਖ ਸਦਾ ਜਗ ਦੰਬਾ ਪ੍ਰਗਟ ਕਿਤੀ।।੨੫।।"

## ਦੋਹਿਰਾ

ਏਥੇ ਗਯਾਨੀ ਨੇ ਕਹੇ ਕਾਰਨ ਦੋਇ ਬਖਾਨ।
ਪ੍ਰਗਟ ਦੇਵੀ ਕਰਨ ਦੇ ਜੋ ਹਨ ਯੁਕਤ ਪ੍ਰਮਾਨ।।੨੧।।

ਭਾਵ:- ਗਿਆਨੀ ਜੀ ਨੇ ਇਸ ਪ੍ਰਸੰਗ ਨੂੰ ਹੋਰਨਾਂ ਨਾਲੋਂ ਬਹੁਤ ਅੱਛੇ ਢੰਗ ਪਰ ਨਿਰਨਯ ਕਰ ਦਿੱਤਾ ਹੈ, ਜਿਸ ਵਿੱਚ ਉਨ੍ਹਾਂ ਨੇ ਦੇਵੀ ਪ੍ਰਗਟ ਕਰਨ ਲਈ ਦੋ ਕਾਰਨ ਦੱਸੇ ਹਨ।।

ਪਹਲਾਂ ਤਾਂ ਇਹ ਹੈ ਕਿ ਇੱਕ ਦਿਨ ਗੁਰੂ ਜੀ ਦੇ ਪਾਸ ਦੇਸਾਂ ਵਿਦੇਸਾਂ ਦੇ ਪੰਡਤ

ਅਤੇ ਗੁਣੀ ਲੋਗ ਬੈਠੇ ਸਨ ਤਦ ਸੁਭਾਵਕ ਹੀ ਬਾਤ ਚੱਲ ਪਈ ਕਿ ਕਲਜੁਗ ਵਿੱਚ ਦੇਵਤਾ ਪ੍ਰਤੱਖ ਨਹੀਂ ਹੁੰਦਾ, ਜਿਸ ਨੇ ਸੁਨ ਕੇ ਗੁਰੂ ਜੀ ਨੇ ਕਥਨ ਕੀਤਾ ਕਿ ਜੇ ਵਿਧੀ ਨਾਲ ਅਰਾਧਨ ਕੀਤਾ ਜਾਏ ਤਾਂ ਕਿਉਂ ਨਹੀਂ ਪ੍ਰਗਟੇਗਾ, ਇਸ ਪਰ ਫਿਰ ਪੰਡਤ ਨੇ ਹਠ ਕੀਤਾ ਕਿ ਫਿਰ ਭੀ ਨਹੀਂ ਹੋਵੇਗਾ ਜਿਸ ਤੇ ਗੁਰੂ ਜੀ ਨੇ ਕਿਹਾ ਕਿ ਅੱਛਾ ਅਸੀਂ ਪ੍ਰਗਟ ਕਰਕੇ ਦਿਖਾਉਂਦੇ ਹਾਂ, ਜੋ ਅਸ਼ਟਭੁਜੀ ਦੇਵੀ ਦਾ ਤੁਹਾਨੂੰ ਦਰਸ਼ਨ ਕਰਾਉਂਦੇ ਹਾਂ, ਬਸ ਇਸ ਜ਼ਿੱਦ ਪਰ ਕਾਰਜ ਆਰੰਭ ਕਰ ਦਿੱਤਾ ਅਤੇ ਦੇਵੀ ਦੇ ਪ੍ਰਗਟ ਕਰਨੇ ਪਰ ਪੰਡਤ ਝੂਠੇ ਹੋ ਗਏ ਅਰ ਗੁਰੂ ਜੀ ਜਿੱਤ ਗਏ॥

ਦੂਸਰਾ ਕਾਰਨ ਗਿਆਨੀ ਜੀ ਨੇ ਇਹ ਕਥਨ ਕੀਤਾ ਹੈ ਕਿ ਇਹ ਮਾਇਆ ਆਦਿ ਸ਼ਕਤੀ ਬ੍ਰਹਮਾਂ ਵਿਸ਼ਨੂ ਅਤੇ ਰਾਮ ਕ੍ਰਿਸ਼ਨ ਆਦਿਕ ਅਵਤਾਰਾਂ ਨੇ ਭੀ ਮੰਨੀ ਹੈ ਇਸ ਵਾਸਤੇ ਧਰਮ ਪਾਲਨ ਸੱਤ੍ਰ ਗਾਲਨ ਅਤੇ ਖਾਲਸਾ ਦੀ ਸਹਾਇਤਾ ਵਾਸਤੇ ਗੁਰੂ ਜੀ ਨੇ ਪੂਜਨ ਕਰਕੇ ਪ੍ਰਗਟ ਕਰ ਲੀਤੀ, ਇਸ ਵਾਸਤੇ, ਇਨ੍ਹਾਂ ਦੋਨੋਂ ਪਰਕਾਰਾਂ ਵਿੱਚੋ ਭਾਵੇਂ ਕੋਈ ਅੰਗੀਕਾਰ ਕੀਤਾ ਜਾਏ ਸੋਈ ਠੀਕ ਸ਼ਰਧਾ ਦੇ ਜੋਗ ਹੈ॥

## ਦੋਹਿਰਾ

ਕਥਨ ਇਨ੍ਹਾਂ ਦਾ ਲੱਗਦਾ ਮੈਨੂੰ ਪਿਆਰਾ ਮੀਤ।
ਕਹੀ ਹੋਰਨਾਂ ਤੇ ਜਿਨ੍ਹਾਂ ਸੁੰਦਰ ਰਚਕੇ ਗੀਤ।੨੨॥
ਤਾਂ ਤੇ ਤੂੰ ਭੀ ਮੰਨ ਲੈ ਇਸ ਗਿਆਨੀ ਦੀ ਗੱਲ।
ਅਗਲੇ ਆਏ ਸਾਲ ਨੂੰ ਨੈਣਾਂ ਦੇਵੀ ਚੱਲ।੨੩॥

# ਤੱਤ ਖਾਲਸਾ

## ਦੋਹਿਰਾ

ਇਸ ਗਿਆਨੀ ਦੇ ਕਥਨ ਨੂੰ ਜੇ ਤੂੰ ਲਏਂ ਵਿਚਾਰ।
ਵਾਂਗ ਹੰਸ ਦੇ ਦੁੱਧ ਥੋਂ ਪਾਨੀ ਦਏਂ ਨਿਤਾਰ।੨੪॥

## ਦਵੈਯਾ

ਗਿਆਨੀ ਦੋਇ ਹੇਤ ਹਨ ਦੱਸੇ ਦੁਰਗਾ ਪੂਜਨ ਕੇਰੇ। ਸਭ ਕੋਲੋਂ ਕੱਢ ਨਿਰਾਲੇ ਸ਼ਰਧਾ ਜੋਗ ਵਧੇਰੇ॥ ਇਸ ਵਿੱਚ ਗੁਰੂ ਦੀ ਸਮਰੱਥਾ ਸਭ ਤੇ ਵਧਕੇ ਗਾਈ। ਜਿਸਤੇ ਪਰਗਟ ਕਰ ਦੇਵੀ ਲੋਗਾਂ ਨੂੰ ਦਿਖਲਾਈ।੨੫॥ ਪੰਡਤ ਆਖਨ ਹੋਣਾ ਕਲਜੁਗ ਮਹਿ ਪ੍ਰਤੱਖਾ। ਗੁਰ ਜੀ ਆਖਨ ਪ੍ਰਗਟ ਕਰਨੀ ਸਾ ਹਠ ਰੱਖਾ॥ ਜਿਸ ਤੇ ਜ਼ਿੱਦ ਵਿੱਚ ਗੁਰ ਆਕੇ ਇਹ ਕਾਰਜ ਕਰਵਾਇਆ ਅਪਨਾ ਬਚਨ ਕਰਾ ਸਭ ਪੂਰਾ ਲੋਗਾਂ ਨੂੰ ਦਿਖਰਾਇਆ।੨੬॥ ਇਸ ਤੇ ਸਾਬਤ ਹੁੰਦਾ ਹੈ ਇਹ ਗੁਰ ਨੂੰ ਇੱਛ ਨ ਕੋਈ। ਸਾਰੀ ਕਾਰਰਵਾਈ ਜ਼ਿੱਦੋ ਜ਼ਿੱਦੀ ਹੋਈ॥ ਫਿਰ ਇਹ ਕਹਨਾ ਨਾਸ ਹਿੱਤ ਗੁਰ ਜੀ ਯਤਨ ਕਰਾਇਆ। ਏਸ ਕਥਨ ਪਰ ਗੁਰ ਨੇ ਸਭ ਖੂਹੇ ਵਿੱਚ ਡੁਬਾਇਆ।੨੭॥ ਇਹ ਤਾਂ ਬ੍ਰਾਹਮਨ ਕਰਨੇ ਦਾ ਸੀ ਉਦੱਮ ਸਾਰਾ। ਜੋ ਕਹਿੰਦੇ ਸੇ ਕਲਜੁਗ ਮੈਂ ਨਾ ਪ੍ਰਗਟ ਹੋ ਦਿਵਤਾਰਾ॥ ਜਿਸ ਦੇ ਕਾਰਨ ਹਵਨ ਯੱਗ ਪਰ ਖਰਚਯਾ ਬਹੁਤ ਰੁਪਈਆ। ਕਲਯੁਗ ਅੰਦਰ ਹੀ ਦਖਲਾਈ ਪ੍ਰਗਟ ਕਰਕੇ ਮਈਆ।੨੮॥

ਸੱਗੋਂ ਹੋਰ ਵਧੇਰੇ ਹੋਇਆ ਲਾਭ ਗੁਰੂ ਨੂੰ ਚੰਗਾ। ਕਰਦ ਲਈ ਅਰ ਉਹ ਵਰ ਪਾਇਆ ਜੋ ਸਾ ਮੁਖ ਤੇ ਮੰਗਾ॥ ਇੱਕ ਪੰਡਤ ਸ਼ਰਮਿੰਦੇ ਕੀਤੇ ਦੂਜਾ ਵਰ ਸਾ ਪਾਇਆ। ਦੁਗਨਾ ਲਾਭ ਗੁਰੂ ਨੂੰ ਹੋਇਆ ਜੋ ਗਿਆਨੀ ਫਰਮਾਇਆ॥੨੯॥ ਹੁਣ ਤੂੰ ਦੱਸ ਸੋਚ ਕੇ ਮਨ ਮਹਿ ਕਦ ਦੇਵੀ ਗੁਰ ਮੰਨੀ। ਸਗੋਂ ਇਹ ਤਾਂ ਆਕੜ ਸਾਰੀ ਪੰਡਤ ਦੀ ਸੀ ਭੰਨੀ। ਫਿਰ ਇੱਕ ਹੋਰ ਵਿਚਾਰ ਰਿਦੇ ਮਹਿ ਨਾਲ ਗ਼ੌਰ ਦੇ ਪਯਾਰੇ। ਸਾਚਾ ਕੌਨ ਕਵੀ ਹੈ ਇਨ ਮਹਿ ਗਯਾਨੀ ਕੈ ਵਹੁ ਸਾਰੇ॥੩੦॥

## ਦੋਹਿਰਾ

ਪੁਨ ਦੂਜੀ ਜੋ ਯੁਕਤ ਹੈ ਭਾਖੀ ਗਿਆਨੀ ਏਵ।
ਲੱਖ ਮਾਇਆ ਸਭ ਪੂਜਤੇ ਰਾਮ ਕ੍ਰਿਸ਼ਨ ਸੇ ਦੇਵ॥੩੧॥
ਉਨ ਸਮ ਹੀ ਗੁਰ ਨੇ ਕਰੀ ਛੱਤ੍ਰੀ ਪਨ ਕੀ ਰੀਤ।
ਜਾਂਤੇ ਤਿਨ ਮਤ ਤੇ ਨਹੀਂ ਕੀਨੀ ਕੁਛ ਬਿਪ੍ਰੀਤ॥੩੨॥
ਯਹ ਯੁਕਤੀ ਭੀ ਸਾਧ ਨੇ ਕਹੀ ਨ ਨੀਕੇ ਸੋਚ।
ਜੋ ਕਲਗੀਧਰ ਮਤ ਵਿਖੇ ਭਾਸਤ ਹੈ ਅਤਿ ਪੋਚ॥੩੩॥
ਸਰਬ ਸ਼ਕਤ ਕੋ ਮੂਲ ਜੋ ਭਾਖਯੋ ਪੁਰਖ ਅਕਾਲ।
ਤਾਂਕੋ ਤਜ ਤਿਸ ਛਾਦਨੀ ਕਿਉਂ ਮਾਨੀ ਗੁਰ ਦਿਆਲ॥੩੪॥
ਸਰਬ ਉਪਾਧਨ ਮੂਲ ਹੈ ਮਾਯਾ ਮਹਾਂ ਵਿਕਾਰ।
ਕੌਨ ਗਿਆਨੀ ਤਾਸ ਕੋ ਕਰਤਾ ਹੈ ਸਤ ਕਾਰ॥੩੫॥
ਪੁਰਖ ਮਾਂਹਿ ਬੰਧਨ ਜਿਤੇ ਪਾਏ ਇਸ ਪ੍ਰਧਾਨ।
ਯਾਂਹੀ ਤੇ ਸਭ ਵਿਗਯ ਜਨ ਕਰਤ ਪ੍ਰਕ੍ਰਿਤੀ ਹਾਨ॥੩੬॥
ਅਹੋ ਅਮੂਰਤ ਦੇਵ ਕੀ ਸ਼ਕਤ ਬਤਾਈ ਜੋਇ।
ਅਸ਼ਟ ਭੁਜੀ ਕਾਲੀ ਮਹਾਂ ਕਹੋ ਸਿੱਧ ਕਿਮ ਹੋਇ॥੩੭॥
ਸ਼ਕਤੀ ਸ਼ਾਕਤ ਕੋ ਅਹੇ ਤਾਂ ਦਾਤਮ ਸਨਬੰਧ।
ਭਿੰਨ ਲਖੇ ਜੋ ਤਾਂਹਿ ਕੋ ਸੋ ਅਨਭਵ ਤੇ ਅੰਧ॥੩੮॥
ਸ਼ਕਤ ਨਿਰਾਸ੍ਰੈ ਨਾ ਰਹੇ ਹੈ ਇਹ ਸ਼ਕਲ ਸਿਧਾਂਤ।
ਸੋ ਯਹ ਨਿਯਮ ਜਹਾਂਨ ਮਹਿ ਦੇਖਹੁ ਮਨ ਏਕਾਂਤ॥੩੯॥
ਤਾਂਤੇ ਬਨਕੇ ਨਾਰ ਇੱਕ ਸੋ ਭੀ ਅਤਿ ਬਦ ਰੂਪ।
ਸਨਮੁਖ ਆਈ ਗੁਰੂ ਕੇ ਕਿਆ ਇਸ ਮੈਂ ਹੈ ਊਪ॥੪੦॥
ਤਾਂਤੇ ਇਹ ਸਭ ਖਿਆਲ ਹੈ ਅਪਨੀ ਮਤਿ ਅਨੁਸਾਰ।
ਜੋ ਗੁਰੂ ਜੀ ਦੇ ਵਾਸਤੇ ਗਿਆਨੀ ਕਰਾ ਉਚਾਰ॥੪੧॥

## ਚੌਪਈ

ਫਿਰ ਜੋ ਰਾਮ ਕ੍ਰਿਸ਼ਨ ਪਰਮਾਨ। ਦੇ ਕਰ ਸਿੱਧ ਕਰਤ ਅਨਮਾਨ।
ਜੈਸੇ ਤਿਨ ਨੇ ਦੇਵ ਮਨਾਈ। ਅਰਿ ਜੀਤਨ ਕੇ ਕਾਰਨ ਭਾਈ।

ਤੈਸੇ ਹੀ ਗੁਰੂ ਜੂ ਨੇ ਮਾਨੀ। ਨਿਜ ਬਲਦਾਇਕ ਜੋਤ ਭਵਾਨੀ॥
ਸੋ ਹਮ ਪ੍ਰਥਮੈਂ ਖੰਡਨ ਕੀਨਾ। ਜਬ ਬਾਵਾ ਕੋ ਉੱਤ੍ਰ ਦੀਨਾ॥
ਰਾਮ ਕ੍ਰਿਸ਼ਨ ਕੋ ਗੁਰ ਨਹਿ ਮਾਨਤ। ਤਾਂ ਕੇ ਕਾਮ ਨ ਆਛੇ ਜਾਨਤ।
ਅਰ ਜੋ ਤਿਨ ਕੋ ਮਾਨਨ ਹਾਰੇ। ਤਿਨ ਕੋ ਭੀ ਗੁਰ ਬੁਰਾ ਨਿਹਾਰੇ।
ਬਹੁਰ ਬਿਸ਼ਨ ਸ਼ਿਵ ਆਦਿਕ ਦੇਵਾ। ਜੋ ਜਨ ਕਰਤ ਤਿਨੋ ਕੀ ਸੇਵਾ।
ਤਿਨ ਸਭ ਕੋ ਗੁਰ ਭਾਖਤ ਮੂੜਾ। ਕਾਹੇ ਕਹਤ ਉਡਾਵਹੁ ਧੂੜਾ।
ਤਾਂ ਤੇ ਗੁਰ ਤਿਨ ਮਾਰਗ ਮਾਹੀਂ। ਜਾਂਨ ਅਜੋਗ ਚਲਤ ਥੇ ਨਾਂਹੀ।
ਜਾਂ ਤੇ ਕੁਛਕ ਸ੍ਰੀਮੁਖ ਬਾਨੀ। ਕਹਤ ਸੁਨੋ ਕਿਆ ਕਰਤ ਬਖਾਨੀ।।੪੨॥

## ਯਥਾ ਸ੍ਰੀ ਮੁਖ ਵਾਕ ਪਾਤਸ਼ਾਹੀ ੧੦
## ਸਵੈਯਾ

"ਕ੍ਰਿਸ਼ਨ ਔ ਬਿਸ਼ਨ ਜਪੇ ਤੁਹਿ ਕੋਟਕ ਰਾਮ ਰਹੀਮ ਭਲੀ ਬਿਧਿ ਧਿਆਯੋ। ਬ੍ਰਹਮ ਜਪਯੋ ਅਰ ਸੰਭ ਥਪਿਯੋ ਤਿਹ ਤੇ ਤੁਮ ਕੋ ਕਿਨਹੂੰ ਨ ਬਚਾਯੋ॥ ਕੋਟ ਕਰੀ ਤਪਸਾ ਦਿਨੈ ਕੋਟਕ ਕਾਹੂੰ ਨ ਕੌਡੀ ਕੋ ਕਾਮ ਕਢਾਯੋ। ਕਾਮਕਾ ਮੰਤ੍ਰ ਕਸੀਰੇ ਕੇ ਕਾਮ ਨ ਕਾਲ ਤੇ ਘਾਉ ਕਿਨ ਹੂੰ ਨ ਬਚਾਯੋ॥੯੧॥ ਕਾਹੇ ਕੋ ਕੂਰ ਕਰੇ ਤਪਸਾ ਇਨਕੀ ਕੋਊ ਕੌਡੀ ਕੇ ਕਾਮ ਨ ਐਹੇ॥ ਤੋਹਿ ਬਚਾਇ ਸਕੈ ਕਰੁ ਕੈਸੇ ਕੈ ਆਪਨ ਘਾਵ ਬਚਾ ਇਨ ਐ ਹੈ। ਕੋਪ ਕਰਾਲ ਕੀ ਪਾਵਕ ਕੁੰਡ ਮੈਂ ਆਪ ਟੰਗਿਯੋ ਤਿਮ ਤੋਹਿ ਟੰਗੈਹੈ॥ ਚੇਤਰੇ ਚੇਤ ਅਜੋ ਜੀਆ ਮੈਂ ਜੜ ਕਾਲ ਕ੍ਰਿਪਾ ਬਿਨ ਕਾਮ ਨ ਐਹੈ॥੯੮॥ ਤਾਂਹਿ ਪਛਾਨਤ ਹੈ ਨ ਮਹਾਂ ਪਸੁ ਜਾਕੋ ਪ੍ਰਤਾਪ ਤਿਹੂੰ ਪੁਰ ਮਾਹੀਂ। ਪੂਜਤ ਹੈ ਪਰਮੇਸ਼ਰ ਕੈ ਜਿਹ ਕੈ ਪਰ ਸੈ ਪਰਲੋਕ ਪਰਾਹੀ॥ ਪਾਪ ਕਰੋ ਪਰਮਾਰਥ ਕੈ ਜਿਹ ਪਾਪਨ ਤੈ ਅਤਿ ਪਾਪ ਲਜਾਹੀਂ। ਪਾਇ ਪਰੋ ਪਰਮੇਸ਼ੁਰ ਕੈ ਜੜ ਪਾਹਨ ਮੈਂ ਪਰਮੇ ਸ਼ਰ ਨਾਹੀਂ॥੯੯॥

ਪੁਨ :

ਕਿਯੋ ਕਹ ਕ੍ਰਿਸ਼ਨ ਕ੍ਰਿਪਾਨਿਧ ਹੈ ਕਿਹ ਕਾਜ ਤੇ ਬੱਧਕ ਬਾਣ ਲਘਾਯੋ। ਅਉਰ ਕੁਲੀਨ ਉਧਾਰਤ ਜੋ ਕਿਹਤੇ ਅਪਨੋ ਕੁਲ ਨਾਸ ਕਰਾਯੋ॥ ਆਦਿ ਅਜੋਨ ਕਹਾਇ ਕਹੋ ਕਿਹ ਦੇਵਕੀ ਕੇ ਜਠਰੰਤ੍ਰ ਆਯੋ। ਤਾਤ ਨ ਮਾਤ ਕਹੈ ਜਿਹ ਕੋ ਤਿਹ ਕਿਯੋ ਬਸਦੇਵਹਿ ਬਾਪ ਕਹਾਯੋ॥੧੪॥ ਕਾਹੇ ਕੋ ਏਸ ਮਹੇਸਹਿ ਭਾਖਤ ਕਾਹੇ ਦਿਜੇਸ ਕੋ ਏਸ ਬਖਾਨਿਯੋ। ਹੈਨ ਰਘੇਸ ਜਦੇਸ ਰਮਾਪਤਿ ਤੈ ਜਿਨ ਕੋ ਵਿਸ਼੍ਵ ਨਾਥ ਪਛਾਨਿਯੋ॥ ਏਕ ਕੋ ਛਾਡ ਅਨੇਕ ਭਜੈ ਸੁਕਦੇਵ ਪਰਾਸਰ ਬਯਾਸ ਝੁਠਾਇਯੋ। ਫੋਕਟ ਧਰਮ ਤਜੇ ਸਭ ਹੀ ਹਮ ਏਕ ਹੀ ਕੋ ਬਿਧ ਨੇ ਕ ਪ੍ਰਮਾਨਿਯੋ॥੧੫॥ ਕੋਊ ਦਿਜੇਸ ਕੋ ਮਾਨਤ ਹੈ ਅਰ ਕੋਊ ਮਹੇਸ਼ ਕੋ ਏਸ਼ ਬਤੈ ਹੈ॥ ਕੋਊ ਕਹੇ ਬਿਸਨੇ ਬਿਸਨਾ ਇੱਕ ਜਾਹਿ ਭਜੇ ਅਘ ਓਘ ਕਟੈ ਹੈ॥ ਬਾਰ ਹਜਾਰ ਬਿਚਾਰ ਅਰੇ ਜੜ ਅੰਤ ਸਮੈਂ ਸਭ ਹੀ ਤਜ ਜੈਹੇ। ਤਾਹੀਂ ਕੋ ਧਯਾਨ ਪ੍ਰਮਾਨ ਹੀਏ ਜੋਊਥਾ ਅਬ ਹੈ ਅਰ ਆਗੇ ਊਹ੍ਵੇ ਹੈ"॥

## ਦੋਹਿਰਾ

ਰਾਮ ਕ੍ਰਿਸ਼ਨ ਅਰ ਬਿਸ਼ਨ ਪੁਨ ਬ੍ਰਹਮਾ ਸਹਤ ਮਿਲਾਇ।
ਕਹੇ ਗੁਰੂ ਸਭ ਤੁਛ ਹੈਂ ਪਰੋ ਨ ਇਨਕੇ ਪਾਇ।।੪੩।।

## ਦਵੈਯਾ

ਭਰਮੇ ਭੂਲੇ ਦੇਵੀ ਦੇਵਾ ਆਦਿ ਗ੍ਰੰਥ ਬਤਲਾਏ। ਜਾਤੇ ਵਹੁ ਅਗਯਾਨ ਚੱਕਰ ਮਹਿ ਫਿਰਤੇ ਹੈਂ ਭਟਕਾਏ।। ਫਿਰ ਤਿਨ ਕੇ ਜੋ ਕਰਮ ਮੰਦ ਹੈਂ ਸੋ ਗੁਰ ਕਿਉਂ ਕਰ ਕਰ ਹੈਂ। ਛੋਡ ਅਕਾਲ ਪੁਰਖ ਜਗ ਮਾਲਕ ਪੂਜਨ ਨਾਰੀ ਧਰ ਹੈਂ।। ਤਾਂਤੇ ਗਿਆਨੀ ਜੀ ਦੀ ਯੁਕਤੀ ਨਹੀਂ ਦੂਸਰੀ ਚੰਗੀ। ਗੁਰਮਤ ਸਾਥ ਨ ਆਦਰ ਪਾਵੇ ਜਿਉ ਛੱਤ੍ਰੀ ਸਹਿ ਭੰਗੀ।। ਭੇਖ ਪੰਥ ਅਵਤਾਰ ਗੁਰੂ ਜੀ ਖੰਡਨ ਕਰੇ ਘਨੇਰੇ। ਜੋ ਜੋ ਇੱਕ ਅਕਾਲ ਪੁਰਖ ਤੇ ਉਲਟੇ ਚਲਤੇ ਹੇਰੇ ।।੪੪।।

## ਦੋਹਿਰਾ

ਤਾਂ ਤੇ ਇਹ ਸਭ ਯੁਕਤੀਆਂ ਹਨ ਗੁਰ ਮਤ ਤੇ ਹੀਨ।
ਜੇ ਆਗੇ ਕੁਛ ਸਿੱਧ ਹੈ ਤਾਂ ਕਹੁ ਬਾਤ ਨਵੀਨ।।੪੫।।

# ਦੁਰਗਾ ਭਗਤ

## ਦੋਹਿਰਾ

ਕਰਾਂ ਨ ਅੱਗੇ ਸਿੱਧ ਕਛੁ ਤਾਂ ਮੇਰਾ ਬਕਵਾਸ।
ਐਵੇਂ ਜਾਊਗਾ ਜਿਵੇਂ ਨਿਸਫਲ ਫੂਲ ਪਲਾਸ।।੪੬।।
ਤਾਂਤੇ ਗਯਾਨੀ ਨੇ ਕਿਹਾ ਖੋਲ੍ਹ ਮਾਤ ਪ੍ਰਸੰਗ।
ਸੋ ਅੱਗੇ ਮੈਂ ਦਸਦਾ ਤੂੰ ਸੁਨ ਧਾਰ ਉਮੰਗ।।੪੭।। ਯਥਾ:-

"ਜਿਸ ਬਿਧਿ ਪ੍ਰਗਟ ਕਰੀ ਗੁਰੂ ਜਗ ਦੰਬਾ ਨੀਕੈ। ਸੋਊ ਬਿਧਿ ਸੁਨ ਲੇਹੁ ਸਭੀ ਅਬ ਕਹਿਹੈ ਠੀਕੈ। ਦ੍ਵਿਜ ਵਰ ਕੇਸਵ ਨਾਮ ਏਕ ਕਾਂਸੀ ਤੇ ਆਯੋ। ਸ਼ਿਵ ਬੱਕ੍ਰ ਦ੍ਵਿਜ ਔਰ ਦੁਤੀ ਕਸ਼ਮੀਰੀ ਗਾਯੋ।। ਪੁਨ ਬਿਸ਼ਨ ਪਾਲ ਪੰਡਿਤ ਤ੍ਰਿਤੀ ਚਤਰਥ ਬੇਦ ਥਕਤਾ ਕਥੈਂ। ਜਿਦਓਝਾ ਕਾਲੀਦਾਸ ਪੁਨ ਅਯੋ ਦੱਖਣੀ ਚਤੁਰਥੈਂ।।੨੬।। ਬਿੱਤ ਬਹੁਤ ਗੁਰ ਖਰਚ ਚਾਰਿ ਯਹਿ ਬਿਪ੍ਰ ਬੁਲਾਏ। ਬੇਦ ਮੰਤ੍ਰ ਮੈ ਨਿਪੁਨ ਸਭੀ ਬਿਧਿ ਜਗ ਬਿਦਤਾਏ।। ਆਨੰਦਪੁਰ ਤੇ ਸਾਤ ਕੋਸ ਪਰਿਮਾਣ ਚੜ੍ਹਾਈ। ਨੈਨਾ ਦੇਵੀ ਮਾਤ ਤੁੰਗ ਗਿਰ ਸਿਖਰ ਰਹਾਈ।। ਤਹਿ ਹਵਨ ਕੁੰਡ ਬਨਵਾਇ ਗੁਰੁ ਸਬ ਸਾਮਗਰੀ ਤਯਾਰ ਕਰ। ਸਨ ਸੱਤ੍ਰਾਂ ਸੈ ਚੁਰੰਜਵੇਂ ਚੇਤ ਮਾਸ ਗੁਰਵਾਰ ਵਰ।।੨੭।। ਲਗਨ ਸਗਨ ਸਭ ਸੋਧ ਹਵਨ ਗੁਰੁ ਲਗੇ ਕਰਨ ਤਬ। ਕਰ ਵਾਵਹਿ ਦ੍ਵਿਜ ਬਿਧੀ ਯੁਕਤਿ ਪੜ ਮੰਤ੍ਰ ਵੇਦ ਸਬ।। ਸਾਂਤੀ ਰੱਖਯਾ ਹੇਤ ਬਹੁਤ ਦ੍ਵਿਜ ਬਰਣੀ ਕਰਨੇ। ਬੈਠਾਰੇ ਗੁਰੁ ਆਪ ਔਰ ਪੁਲ ਠੌਰ ਸੁਵਰਨੇ।। ਪੁਨ ਚਾਰ ਦ੍ਵਿਜਨ ਮਹਿ ਮੁੱਖ ਇਕ ਕੇ ਸੋ ਹਵਨ ਕਰਾਵਹੀ। ਇਮ ਨਿਤ ਪ੍ਰਤਿ ਢਾਈ ਜਾਮ ਤਕ ਸਤ ਗੁਰੂ ਕ੍ਰਿਤ ਕਮਾਂਵਹੀ।।੨੮।। ਸੇਵਕ ਸੱਚਵ ਸਿੱਖ ਸਭੀ ਗੁਰੁ ਸੇਵ ਕਮਾਵੈਂ। ਵਸਤੁ ਹਵਨ ਕੀ ਹਵਨ ਕੁੰਡ ਢਿਗ ਲੀਤ ਪੁਚਾਵੈਂ।। ਖਾਨ ਪਾਨ ਪਹਿਰਾਨ ਔਰ ਸਭ ਬਿੱਪ੍ਰਨ ਕੇਰੋ। ਕਰੈਂ ਸੇਵ ਮਨ ਲਾਇ ਖਰਚ ਧਨ

ਅਨਗਨ ਹੇਰੋ॥ ਗੁਰੁ ਬ੍ਰਹਮ ਚਰਜ ਧਰ ਰੈਨ ਦਿਨ ਰਹਿਤ ਤਹਾਂ ਹੀ ਮੋਦ ਧਰ। ਪੁਨ ਬਾਣੀ ਦੁਰਗਾ ਕੀ ਰਚੈਂ ਛੰਦ ਬੇਦ ਬਰ ਉਚਰ ਕਰ।।੨੯॥ ਏਕ ਬਰਸ ਜਬ ਬਿਤਯੋ ਐਸਹੀ ਕ੍ਰਿਤ ਕਰਤ ਵਰ॥ ਚੇਤ ਮਾਸ ਪੁਨ ਅਯੋ ਵਹੀ ਨਵਰਾਤ੍ਰ ਜੌਭਰ। ਤਬੈ ਜਨਾਯੋ ਬਿਦਤ ਹੋਨ ਹਿਤ ਸਗਨ ਮਾਤ ਫਿਰ॥ ਕਬੀ ਚਲੈ ਬਹੁ ਪੌਨ ਹੋਇ ਭੂਚਾਲ ਹਲੈ ਗਿਰ॥ ਯਹ ਸਗਨ ਭਿਆਨਕ ਪੇਖ ਬਹੁ ਦਹਿਲ ਗਏ ਦ੍ਵਿਜ ਭਾਗ ਸਭ। ਇਕ ਕੇਸਵ ਹੋਮ ਕਰਾਵਹੀ ਗੁਰੁ ਢਿਗ ਰਹਯੋ ਸੁਬੈਠ ਤਬ।।੩੦॥ ਪੁਨ ਦ੍ਵਿਜ ਕੇਸਵ ਕਹਿਯੋ ਗੁਰੂ ਸੋਂ ਐਸ ਉਚਾਰੀ। ਮਹਿਖੇ ਛਾਗ ਸਿਤਾਬ ਲੇਹੁ ਮੰਗਵਾਇ ਅਪਾਰੀ॥ ਨਿਜ ਜੋਸ਼ ਸੁਤ ਸੀਸ ਦੈਨ ਹਿਤ ਲੇਹੁ ਬੁਲਾਈ। ਅਬ ਬਿਦ ਤੈਗੀ ਮਾਤ ਭੇਟ ਸਬ ਦੇਹੁ ਚੜਾਈ॥ ਯਹਿ ਸੁਨ ਕਰ ਗੁਰ ਨਿਜ ਗ੍ਰਿਹਿ ਗਏ ਕਹਯੋ ਜਾਇ ਨਿਜ ਮਾਤ ਪ੍ਰਤਿ। ਇਕ ਮਮ ਸੁਤ ਮੁਝਕੋ ਦੇਹੁ ਬਡ ਭੇਟ ਦੁਰਗ ਕੀ ਦੈਨ ਹਿਤ।।੩੧॥ ਯਹਿ ਸੁਨ ਗੁਰੁ ਕੀ ਮਾਤ ਔਰ ਗੁਰੁ ਘਰਨੀ ਤਬਹੀ। ਸੁਤ ਨਿਜ ਲਏ ਛੁਪਾਇ ਧਾਮ ਭੀਤਰ ਕਿਤ ਸਭਹੀ॥ ਹੁਤੇ ਗੁਰੂ ਕੇ ਸੁਵਨ ਚਾਰ ਨਹਿ ਦਯੋ ਏਕ ਤਿਮ। ਤਬ ਗੁਰੁ ਮਨ ਰਿਸਖਾਤ ਆਪ ਸਾਰਾਪ ਦਯੋ ਇਮ॥ ਸੁਨ ਅਹੋ ਗੂਜਰੀ ਊਜਰੀ ਹਮਕੋ ਦਯੋ ਨ ਏਕ ਸੁਤ। ਫਿਰ ਚਾਰਹੁ ਤੁਰਕਨ ਤਈਂ ਤੂੰ ਦੈਹੈਂ ਅਪਨੀ ਜਾਨ ਯੁਤ।।੩੨॥ ਫਿਰ ਨਿਜ ਸਿੱਖਨ ਤਈਂ ਯਹੀ ਜਬ ਕਹਯੋ ਗੁਰੂ ਇਤ। ਸੁਨਤ ਝਟਤ ਇਕ ਸਿਖ ਉਠਯੋ ਨਿਜ ਸੀਸ ਦੇਨ ਹਿਤ॥ ਸੰਗਤੀਆ ਤਿਹ ਨਾਮ ਵਹੀ ਨਿਜ ਸੰਗ ਲਯੋ ਗੁਰੁ। ਹਵਨ ਕੁੰਡ ਢਿਗ ਜਾਇ ਨੁਲਾਇ ਬੈਠਾਇ ਦਯੋ ਫੁਰ॥ ਫਿਰ ਹਵਨ ਕਰਨ ਬੈਠੇ ਗੁਰੂ ਸਭ ਭੇਟ ਦੁਰਗਾ ਕੀ ਤਯਾਰ ਕਰ। ਜਬ ਭਏ ਭਯੰਕਰ ਸਗਨ ਅਤਿ ਤਬ ਕੇਸਵ ਭੀ ਉਠ ਗਯੋ ਡਰ।।੩੩॥"

## ਦੋਹਿਰਾ

ਬਿਤਾਯੋ ਨੁਰਾਤਾ ਨਵਮ ਜਬ ਢਾਈ ਜਾਮ ਮਹਾਨ।
ਤਬ ਲੰਕੁੜੀਏ ਬੀਰ ਨੇ ਦਈ ਦਿਖਾਈ ਆਨ।।੪੮॥
ਪਿਖ ਸਤਿਗੁਰੁ ਮਨ ਮੋਦਹੁਵੈ ਸਾਵਧਾਨ ਮਨ ਕੀਨ।
ਖਲਕ ਮਾਤ ਦ੍ਰਿਗ ਪਲਕ ਮੈ ਝਲਕ ਦਿਖਾਈ ਦੀਨ।।੪੯॥

### ਛਪੈ

ਬਿਦਤ ਭਵਨ ਤੇ ਭਈ ਭੁਵਨ ਦਸ ਚਾਰ ਜਨਨਿ ਤਬ। ਜੂਲਤ ਤੇਜ ਤਨ ਅਤਿ ਅਮੇਜ ਰਵਿ ਕੋਮ ਜੇਜਦਬ॥ ਕੋਟ ਸੂਰ ਸਸਿ ਨੂਰ ਪੂਰ ਜਾਹੂਰ ਭਯੋ ਧਰ। ਇੰਦ ਬਦਨ ਭੁਜ ਅਸ੍ਰ ਸ਼ਿਸ੍ਰ ਕਰ ਪੁਸ਼੍ਰ ਦੁਸ਼੍ਰ ਦਰ॥ ਪੁਨ ਜਗਮ ਗਾਤ ਜਗਮਾਤ ਕੇ ਬਸਨ ਹਸਨ ਦਾਮਨਿ ਦਲੈ॥ ਅਤਿ ਰੂਪ ਅਨੂਪਮ ਕਿਮ ਕਹੈ ਜਿਹ ਸਮਕੋ ਭਯੋ ਨ ਹੁਵੈ ਭਲੈ।।੩੬॥ ਧਰੇ ਮੁੰਡ ਅਰਿ ਕਰੇ ਗਰੇ ਲਾਲਨ ਕੀ ਮਾਲਾ। ਬਦਨ ਬਿਸਾਲ ਕਰਾਲ ਭਾਲ ਸੁਭ ਤਿਲਕ ਉਜਾਲਾ॥ ਲੋਚਨ ਲਾਲ ਰਸਾਲ ਸਜੇ ਸਸਤ੍ਰ ਸੁ ਚਮਕੇ। ਅਰਨ ਮੇਘ ਕੇ ਬੀਚ ਕੋਟਿ ਜਨੁ ਬੀਜ ਦਮੱਕੈ॥ ਜਨ ਭੈਰਵਿ ਭੂਤ ਪ੍ਰੇਤ ਯੁਤ ਕਿਲਕ ਲਾਇ ਕਾਲੀ ਨਚੈ। ਅਤਿਸੈਕਰਾਲ ਛਬ ਜਾਲ ਯੁਤ ਉਤ ਭੀਮ ਭਬਕ ਕੇਹਰ ਤਚੈ।।੫੦॥

### ਦੋਹਿਰਾ

ਬੀਜ ਕੋਟਿ ਸਮ ਤੇਜ ਅਤਿ ਪਿਖ ਗੁਰੁ ਨੈਨ ਮਿਲਾਨ।
ਪੁਨ ਸਨਮੁਖ ਹ੍ਵੈ ਮਾਤਕੇ ਪਰਾਪੈ ਬਦਨ ਠਾਨ।।੫੧।।
ਨਿਜ ਕਰ ਕੀ ਲਘੁ ਆਂਗੁਰੀ ਚੀਰ ਸ੍ਰੋਨ ਗੁਰੁ ਕਾਢ।
ਕਰਯੋ ਚੜ੍ਹਾਵਨ ਮਾਤ ਕੋ ਧਰ ਧੀਰਜ ਹ੍ਵੈ ਨਾਢ।।੫੨।।
ਝਟਕ ਸੀਸ ਝਟ ਸਿੱਖ ਕਾ ਮਾਤਹਿ ਸਟਕ ਝੜਾਇ।
ਮਹਿਖਾਦਿਕ ਸਭ ਭੇਟਦੈ ਪੁਨ ਉਸਤਤਿ ਇਮਰਾਇ।।੫੩।।

ਛਪੈ

ਤੁਹੀਂ ਚੰਡਿ ਪ੍ਰਚੰਡ ਰੁੰਡ ਮੁੰਡਨ ਅਰਿ ਹਰਨੀ। ਤੁਹੀਂ ਜਗਤ ਕੀ ਜਨਨਿ ਪਾਲ ਸੰਘਾਰਨ ਕਰਨੀ।। ਤੁਹੀਂ ਕਾਲਕੀ ਕਲਾ ਕਾਲਕਾ ਦਸ਼ ਬਿਭੰਜਨ। ਸੁੰਭਨਿ ਸੁੰਭ ਸੁਮਹਿਖ ਰਕਤ ਬਜਾਦਿਕ ਗੰਜਨ।। ਅਬ ਹ੍ਵੈ ਪ੍ਰਸੰਨ ਨਿਜ ਦਾਸ ਪਰ ਕਰ ਕਿਰਪਾ ਅਸ ਦੇਹੁ ਬਰ। ਇਕ ਰਚੋ ਪੰਥ ਤੁਰਕੈ ਹਨੋ ਧਰਮ ਵਿਥਾਰੋ ਸਕਲ ਧਰ।।੫੪।। ਛੱਕੇ ਆਦਿਕ ਉਸਤਤਿ ਬਰਨੀ ਤਬ ਗੁਰੁ ਜੋਇ। ਲਿਖੀ ਦਸਮ ਗੁਰੁ ਗ੍ਰੰਥ ਮੈ ਮਾਨਤ ਗੁਰੁ ਸਿਖ ਸੋਇ।। ਗੁਰ ਕਾ ਸਿਦਕ ਉਪਾਇ ਪਿਖ ਸੁਨ ਉਸਤਤਿ ਤਬ ਮਾਤਾ। ਕਹਯੋ ਪੰਥ ਤੁਵ ਚਲੈਗੋ ਬੀਰਬਲੀ ਬਖਿਆਤ।।੫੫।। ਪਰ ਵਹਿ ਪਹਲੈ ਭਾਗ ਕੇ ਪਾਛੇ ਲਰਹੈ ਪੀਨ। ਜਿਉਂ ਤੁਮ ਨੈਨ ਮਿਲਾਇਕੇ ਪਾਛੈ ਖੋਲਨ ਕੀਨ।।੫੬।। ਪੁਨ ਇਕ ਲਘੁ ਕਿਰਪਾਨ ਦੇ ਭਈ ਲੋਪ ਜਗ ਮਾਤ।। ਸਤਿਗੁਰ ਪੁਨ ਆਨੰਦ ਮੈ ਆਏ ਫਿਰ ਬਖਯਾਤ।। ਜਥਾ ਜੋਗ ਧਨ ਬਹੁਤ ਦੇ ਬਿਦਾ ਕਰੇ ਭੂਦੇਵ। ਸਤਿਗੁਰ ਥਿਰੇ ਅਨੰਦਪੁਰ ਧਿਆਇ ਥਿਰਯੋ ਇਤ ਏਵ।।੫੭।।

ਇਤਿ ਸ਼੍ਰੀ ਗੁਰੂ ਪੰਥ ਪਰਕਾਸ਼ ਗ੍ਰੰਥੇ ਗਯਾਨ ਸਿੰਘ ਵਿਰਚਿਤੇ ਨਦੌਣ ਜੰਗ ਦੇਵੀ ਬਿਦਤਾਵਨ ਬਰਨੰਨ ਨਾਮ ਪੰਚ ਦਸਮੋ ਬਿਸਰਾਮਾ।।੧੫।।"

### ਦੋਹਿਰਾ

ਇਹ ਦੇਖੋ ਪ੍ਰਗਟ ਭਈ ਅਤਿ ਸੁੰਦਰ ਧਰ ਰੂਪ।
ਲਾਲਨ ਮਾਲਾ ਕੰਠ ਮਹਿ ਸੋਹਤ ਪਰਮ ਅਨੂਪ।।੫੮।।

ਭਾਵ- ਜਦ ਅਸੀਂ ਗਯਾਨੀ ਜੀ ਦਾ ਇਹ ਕਥਨ ਪੜ੍ਹਦੇ ਹਾਂ ਤਦ ਇਨ੍ਹਾਂ ਤੇ ਪਹਲੇ ਕਵੀਆਂ ਨਾਲੋਂ ਬਹੁਤ ਯੁਕਤੀ ਪੁਰਬਕ ਦੇਖਦੇ ਹਾਂ, ਅਰ ਇਨ੍ਹਾਂ ਨੇ ਵਡ ਅੱਛੇ ਤਰੀਕੇ ਨਾਲ ਦੇਵੀ ਦਾ ਪ੍ਰਗਟ ਹੋਨਾ ਸਿੱਧ ਕੀਤਾ ਹੈ, ਔਰ ਜੋ ਜੋ ਉਸ ਵੇਲੇ ਕਾਰਨ ਹੋਏ ਸਨ ਉਨ੍ਹਾਂ ਵਿੱਚੋਂ ਥੋੜੇ ਜਹੇ ਖੋਲ੍ਹਕੇ ਦਸ ਦਿੱਤੇ ਹਨ, ਫਿਰ ਜਦ ਅਜੇਹੇ ਮਹਾਤਮਾਂ ਗਿਆਨੀ ਜੋ ਅਗਿਆਨ ਰਹਤ ਸੰਤ ਮਹਾਤਮਾਂ ਇਸ ਬਾਤ ਨੂੰ ਸਾਬਤ ਕਰਦੇ ਹਨ ਅਰ ਸਾਰਾ ਉਸ ਵੇਲੇ ਦਾ ਵਿਰਤਾਂਤ ਹਸਤਾਮ੍ਲਵਤ ਦਖਾਉਂਦੇ ਹਨ ਤਦ ਜ਼ਰੂਰ ਮੰਨਨਾਂ ਪੈਂਦਾ ਹੈ ਕਿ ਇਹ ਬਾਤ ਸਭ ਸੱਤ ਸੀ।।

### ਦੋਹਿਰਾ

ਤੂੰ ਭੀ ਇਸ ਪਰ ਆਖ ਲੈ ਜੇ ਹੈ ਸੰਸਾ ਕੁਝ।

ਮੈ ਤਾਂ ਸਾਰਾ ਸੱਚ ਹੈ ਲੀਤਾ ਇਸ ਵਿੱਚ ਬੁੱਝ।।੫੯।।
ਇਸ ਗਯਾਨੀ ਦੇ ਸਾਮ੍ਹਨੇ ਹੋ ਜਾਇਗਾ ਚੁੱਪ।
ਜਿਉਂ ਡਰ ਜਾਂਦਾ ਆਦਮੀ ਦੇਖ ਅੰਧੇਰਾ ਘੁੱਪ।।੬੦।

## ਤੱਤ ਖਾਲਸਾ

### ਦੋਹਿਰਾ

ਤੇਰੇ ਬੁੱਝਨ ਦੀ ਭਲਾ ਕਯਾ ਮੈਂ ਕਰਸਾਂ ਰੀਸ।
ਲਾਲ ਬੁਝੱਕੜਪੁਣੇ ਪਰ ਚੁੱਕ ਨਵਾਵੈ ਸੀਸ।।੬੧।।
ਆਦਿ ਅੰਤ ਸੋਚੈ ਨਹੀਂ ਕਰੈਂ ਨ ਰੰਚ ਵਿਚਾਰ।
ਬੇਰਾਂ ਵਾਂਗੁਰ ਡੁੱਲਦਾ ਤੂੰ ਸਭ ਪਰ ਇਕ ਵਾਰ।।੬੨।।

### ਦਵੈਯਾ

ਸਾਧੂ ਗਿਆਨ ਸਿੰਘ ਜੀ ਗਿਆਨੀ ਸਭ ਤੇ ਵਧਕੇ ਪਾਏ। ਪਹਲਿਆਂ ਨਾਲੋਂ ਇਨ੍ਹਾਂ ਸੱਜਨਾਂ ਵਧਕੇ ਹੱਥ ਦਿਖਾਏ।। ਦੇਵੀ ਪੂਜਨ ਪਹਲਯਾਂ ਨੇ ਸੀ ਚਾਰ ਸਾਲ ਬਤਲਾਈ। ਢਾਈ ਕਿਨੇ ਦੋਇ ਸਨ ਦੱਸੇ ਮਿਹਨਤ ਚਾ ਕਰਵਾਈ।।੬੩।। ਪਰ ਗਿਆਨੀ ਜੀ ਸਾਰਾ ਟੰਟਾ ਇਕੋ ਸਾਲ ਮਝਾਰੀ। ਪੂਰਾ ਕਰਕੇ ਗਲ ਪੋਲਾਹਿਆ ਕਰੀ ਨ ਬਹੁਤ ਖੁਆਰੀ।। ਫਿਰ ਦੱਤਾ ਨੰਦ ਪੰਡਤ ਦੀ ਇਨ ਮੁੱਢੇ ਅਲਖ ਚੁਕਾਈ। ਸਿੱਵਬੱਕਰ ਇੱਕ ਹੋਰ ਬਤਾਇਆ ਜਿਨ ਦੇਵੀ ਪ੍ਰਗਟਾਈ।।੬੪। ਜਿਸ ਦਾ ਨਾਮ ਹੋਰਨਾਂ ਕਵੀਆਂ ਸੁਪਨੇ ਮੈਂ ਨਹਿ ਲੀਤਾ। ਇਸ ਬਾਵਾ ਜੀ ਨੇ ਫੜ ਉਸ ਨੂੰ ਸਭ ਦਾ ਆਗੂ ਕੀਤਾ।। ਭਲਾ ਭਯਾ ਜੋ ਸਿੱਵ ਬੱਕਰ ਹੀ ਉਸ ਦਾ ਨਾਮ ਬਤਾਇਆ। ਭੁੱਲ ਭੁਲੇਖੇ ਅੱਲਾ ਬਕਰ ਨਾਂ ਲਿਖ ਜਗਤ ਦਿਖਾਇਆ ਫਿਰ ਇਕ ਹੋਰ ਇਨ੍ਹਾਂ ਨੇ ਵਧਕੇ ਕਲਾਜੰਗ ਵਡ ਲਾਇਓ। ਆਖੀ ਪੁੱਤ੍ਰ ਸੀ ਅਕਲੌਤਾ ਦੁਰਗਾ ਹਿਤ ਮੰਗਵਾਇਓ। ਪਰ ਘਰ ਗਏ ਨ ਮੰਨੇ ਮਾਤਾ ਨਾਂ ਮਹਲਾਂ ਮਨ ਭਾਈ।। ਲਏ ਲਕੋਇ ਹੋਇ ਗੁਰ ਗੁੱਸੇ ਇਹ ਦੁਰ ਸੀਸ ਸੁਨਾਈ।।੬੫।। ਹੇ ਗੁਜਰੀ ਉਜਰੀ ਨਾਂ ਦਿੱਤਾ ਤੈਂ ਇੱਕ ਪੁੱਤ੍ਰ ਮੈਨੂੰ। ਇਸ ਦਾ ਫਲ ਇਹ ਯਾਦ ਰੱਖ ਜੋ ਕੈਸਾ ਮਿਲ ਸੀ ਤੈਨੂੰ। ਚਾਰੇ ਪੋਤਿਆਂ ਨੂੰ ਤੂੰ ਕਰ ਸੌਂ ਤੁਰਕਾਂ ਜਾਇ ਹਵਾਲੇ। ਸਭਨਾਂ ਮਾਰ ਮਰੇਂਗੀ ਤੂੰ ਭੀ ਓੜਕ ਤਿਨਕੇ ਨਾਲੇ।।੬੬।। ਜਿਸ ਸਰਾਪ ਦਾ ਇਹ ਫਲ ਹੋਇਆ ਚਾਰਾਂ ਲਈ ਸ਼ਹੀਦੀ। ਹਸ ਹਸ ਕੇ ਗੁਰਪੁਰੀ ਸਿਧਾਏ ਗਏ ਨ ਹੋਕਰ ਗੀਦੀ।। ਜੋ ਇਹ ਗਲ ਸੱਤ ਹੈ ਭਾਈ ਤਾਂ ਤੁਰਕਾਂ ਜੋ ਕੀਆ। ਨਾਹੀਂ ਜ਼ੁਲਮ ਗੁਰੂ ਦਾ ਕਥਨਾ ਪੂਰਾ ਹੈ ਕਰ ਦੀਆ।।੬੭।। ਤੁਰਕਾਂ ਦਾ ਕਿਆ ਦੋਸ਼ ਏਸ ਮੈਂ ਦੱਸੋ ਭਲਾ ਪਯਾਰੇ। ਜੋ ਗੁਰ ਦੇ ਬਚਨਾਂ ਨੂੰ ਸੱਗੋਂ ਪੂਰਾ ਕਰਨ ਵਿਚਾਰੇ।। ਜੇਕਰ ਤੁਰਕ ਤਰਸ ਕਰ ਜਾਂਦੇ ਦੇਖ ਸਜ਼ਾਦੇ ਨਿੱਕੇ। ਤਾਂ ਗੁਰ ਜੀ ਦੇ ਵਾਕ ਜਗਤ ਮਹਿੰ ਸਾਰੇ ਹੋਦੇ ਫਿੱਕੇ।।੬੮।। ਤਾਂ ਤੇ ਜ਼ੁਲਮ ਕਿਸੇ ਦਾ ਨਾਸੀ ਸੀ ਸਾਰਾਪ ਗੁਰੂ ਦਾ।। ਜੋ ਸੀ ਸਾਹਿਬਜ਼ਾਦਿਆਂ ਦੇ ਇਹ ਲਿਖਯਾ ਲੇਖ ਧੁਰੂਦਾ।। ਫਿਰ ਗੁਰ ਜੀ ਦਾ ਵਾਕ ਨ ਮੰਨਿਆ ਜੋ ਗੁਰ ਜੀ ਦੀ ਮਾਈ। ਆਗਯਾਕਾਰੀ ਮਹਲ ਗੁਰੂ ਦੇ ਨਾ ਸੀ ਦੱਸੋ ਭਾਈ।।੬੯।। ਤਾਂਤੇ ਸਾਨੂੰ ਏਸ ਕਥਨ ਤੇ ਇਹ ਸਿੱਖਯਾ ਹੱਥ ਆਵੇ। ਜੇਕਰ ਮਾਤ ਅਸਾਡੀ ਸਾਨੂੰ ਧਰਮੋ ਚਾਇ ਹਟਾਵੇ।। ਤਾਂ ਗੁਰ ਜੀ ਦੀ ਮਾਤਾ ਵਾਲੀ

ਬਾਤ ਰਿਦੇ ਮਹਿ ਧਰੀਏ। ਚੁਪ ਚੁਪਾਤੇ ਬੈਠ ਰਹੋ ਫਿਰ ਗੱਲ ਨ ਅੱਗੋਂ ਕਰੀਏ।।੭੦। ਫਿਰ ਜੇ ਨਾਰ ਅਸਾਡੀ ਘਰ ਵਿੱਚ ਮੰਨੇ ਮੂਲ ਨ ਆਖੀ। ਕਰੀਏ ਯਾਦ ਤਸੱਲੀ ਕਾਰਨ ਏਹੋ ਗੁਰ ਦੀ ਸਾਖੀ।। ਆਖਰ ਮੁੜਕੇ ਸਤਿਗੁਰ ਜੀ ਜਦ ਨੈਨਾ ਦੇਵੀ ਆਏ। ਸੰਗਤੀਆ ਇੱਕ ਸਿੰਘ ਪਕੜ ਕੇ ਦੁਰਗਾ ਹਿਤ ਝਟਕਾਏ।।੭੧।। ਜੇਕਰ ਉਹ ਭੀ ਕਹਾ ਨ ਮੰਨੇ ਜਾਂਦਾ ਨੱਸ ਵਿਚਾਰਾ। ਪ੍ਰਾਣ ਪਿਆਰੇ ਜਾਨ ਆਪਨੇ ਕਰਦਾ ਚਾਇ ਕਨਾਰਾ।। ਫਿਰ ਤਾਂ ਕੀਤਾ ਕੱਤਰਿਆ ਸਭ ਹੁੰਦਾ ਤੁਰਤ ਖੁਵਾਰੇ। ਮਲਦੇ ਹੱਥ ਬੈਠਕੇ ਉਥੇ ਪੰਡਤ ਲੋਗ ਵਿਚਾਰੇ।।੭੨।। ਪਰ ਸਭਨਾਂ ਦੀ ਲੱਜਾ ਰਖੀ ਸੰਗਤੀਏ ਵਡਭਾਗੀ। ਕੀਤੀ ਜਾਨ ਗੁਰੂ ਦੇ ਸਦਕੇ ਜਾਨ ਸਗਾਰਥ ਲਾਗੀ। ਇਸਤੇ ਅੱਗੇ ਦੁਰਗਾ ਆਈ ਨਾਲ ਭੂਤਨੇ ਲੈਕੇ। ਨੱਚਨ ਲਗੇ ਪਾਇ ਘੁੰਮਰਾ ਦਰਸ਼ਨ ਗੁਰ ਨੂੰ ਦੇਕੇ।।੭੩।। ਗਲ ਵਿੱਚ ਮਾਲਾ ਲਾਲਾਂ ਦੀ ਸੀ ਹਾਥ ਸੀਸ ਸਨ ਦੋਏ। ਜਿਸ ਨੂੰ ਦੇਖ ਗੁਰੂ ਜੀ ਸਨਮੁਖ ਝਬਦੇ ਉਠ ਖਲੋਏ।। ਦੇਖ ਰੂਪ ਨੇਤ੍ਰ ਸਨ ਮੀਟੇ ਫਿਰ ਖੋਲੇ ਜੁਗ ਨੈਨਾ। ਜਿਸ ਪਰ ਦੁਰਗਾ ਜੀ ਫਿਰ ਬੋਲੀ ਮ੍ਰਿਦ ਮਨੋਹਰ ਬੈਨਾ।।੭੪। ਨੇਤ੍ਰ ਮੀਟਨ ਦਾ ਫਲ ਹੋ ਸੀ ਏਹ ਜਗਤ ਮਹਿੰ ਭਾਰਾ। ਤੇਰਾ ਪੰਥ ਭਾਜ ਖਾ ਪਹਲੇ ਲੜਸੀ ਜੰਗ ਮਝਾਰਾ।। ਇਹ ਜੋ ਗੱਲ ਗਿਆਨੀ ਦੱਸੀ ਸੋ ਕਿੱਥੋਂ ਸੁਨ ਆਏ ਪੌਣੇ ਦੋ ਸੈ ਸਾਲ ਮਗਰ ਤੇ ਕੌਨ ਸੁਨੇਹੇ ਲਿਆਏ।।੭੫।। ਸੰਤੋਖ ਸਿੰਘ ਤਾਂ ਚਾਲੀ ਸਾਲਾਂ ਮਗਰੋਂ ਤੇਜ ਬਤਾਵੈ। ਅਰ ਇਹ ਗਿਆਨੀ ਭਾਜ ਖਾਇਕੇ ਲੜਨਾ ਪੰਥ ਸੁਨਾਵੈ। ਸੋ ਹੁਨ ਦਸੋ ਦੋਨਾਂ ਅੰਦ੍ਰ ਸੱਚਾ ਕੌਨ ਠਰਾਈਏ। ਕਿਹੜਾ ਛੱਡ ਕਹੋ ਕਿਸ ਪਿੱਛੇ ਨੱਸ ਨੱਸਕੇ ਜਾਈਏ। ਫਿਰ ਇੱਕ ਸੋਚਨ ਜੋਗ ਬਾਤ ਹੈ ਸੁਣ ਨਾ ਸੁਣ ਭਾਈ। ਸੱਤ ਕੋਸ ਦੀ ਦੱਸੀ ਹੈ ਜੋ ਨੈਣਾਂ ਦੇਵ ਚੜ੍ਹਾਈ।। ਫੇਰ ਪਹਾੜੀ ਰਸਤਾ ਔਖਾ ਉੱਤਰ ਕੇਤੇ ਚੜ੍ਹਨਾ। ਚੌਦਾਂ ਕੋਹ ਪੰਧ ਹੈ ਭਾਰਾ ਰਸਤੇ ਵਿੱਚ ਨ ਖੜਨਾ।।੭੬।। ਓਧਰ ਦੇਵੀ ਪ੍ਰਗਟ ਹੋਵੇ ਦੇਖੋ ਭਵਨ ਮਝਾਰੀ। ਏਧਰ ਗੁਰ ਜੀ ਛੱਡ ਇੱਕਲੇ ਆਉਨ ਧਾਮ ਮਝਾਰੀ। ਉਸ ਵੇਲੇ ਕਿਉਂ ਭਾਜੜ ਪਾਈ ਉਸ ਪੰਡਤ ਨੇ ਜਾਕੇ। ਹੋਰ ਸਮੱਗ੍ਰੀ ਵਾਂਗ ਪ੍ਰਿਥਮ ਹੀ ਰਖੇ ਕਯੋਂ ਨ ਮੰਗਾਕੇ।।੭੭।। ਤਾਂ ਤੇ ਇਹ ਸਭ ਮਾਰਨ ਗੱਪਾ ਜੋ ਮਨ ਅੰਦ੍ਰ ਆਉਨ। ਅਪਨਾ ਕੱਢ ਬੁਖਾਰ ਦਿਲੇ ਦਾ ਲੋਗਾਂ ਨੂੰ ਪਰਚਾਉਨ।। ਦਸਮ ਗੁਰੂ ਪਰ ਧੱਬਾ ਲਾਇਆ ਇਨ ਕਵੀਅਨ ਨੇ ਐਸਾ। ਚੰਦਰ ਸੂਰਜ ਤਾਈਂ ਹੁੰਦਾ ਰਾਹੁ ਕੇਤ ਦਾ ਜੈਸਾ।।੭੮।। ਇਸ ਤੇ ਅੱਗੇ ਹੋਰ ਤੁਮਾਸ਼ਾ ਜੋ ਦੁਰਗਾ ਪ੍ਰਗਟਾਵੈ। ਸੋਈ ਨੰਗ ਧੜੰਗੀ ਕਰਕੇ ਸਨਮੁਖ ਚਾਇ ਨਚਾਵੈ।। ਨਾਲੇ ਉਸ ਨੂੰ ਮਾਤਾ ਆਖਨ ਨਾਲੇ ਨੱਚਨ ਵਾਲੀ। ਜਿਸਤੇ ਲਿਖਨੇ ਹਾਰੇ ਦਿੱਸਨ ਸਭ ਹੀ ਅਕਲੋਂ ਖਾਲੀ।੭੯।। ਨੱਚਨ ਟੱਪਨ ਚੀਖਾਂ ਮਾਰਨ ਕੰਮ ਅਸੀਲਾਂ ਨਾਹੀਂ। ਮਾਤਾ ਅਤੇ ਪੁੱਤ੍ਰਾਂ ਅੰਦ੍ਰ ਐਸੀ ਚਾਲ ਨ ਕਾਹੀਂ।। ਤਾਂ ਤੇ ਇਹ ਸਭ ਮਨ ਦੇ ਢੰਗੇ ਗਯਾਨੀ ਨੇ ਭੀ ਲਾਏ। ਅਪਨੇ ਦੂਜੇ ਕਵੀਆਂ ਨਾਲੋਂ ਨਾਹੀਂ ਘੱਟ ਰਹਾਏ।।੮੦।।

### ਦੋਹਿਰਾ

ਤਾਂ ਤੇ ਗਯਾਨੀ ਦਾ ਕਥਨ ਨਹੀਂ ਸੱਤ ਇੱਕ ਰੰਚ।
ਇਨ ਭੀ ਹੋ ਕਰ ਮੋਹ ਵਸ ਰਚ ਦੀਨਾ ਪ੍ਰਪੰਚ।।੮੧।।
ਜਾਂ ਤੇ ਗੁਰ ਜੀ ਧਰਮ ਧੁਜ ਕਰਤ ਨ ਐਸੇ ਕਾਜ।

ਜਿਨ ਤੇ ਤਿਨ ਕੋ ਨਾਮ ਪਰ ਆਵਤ ਭਾਰੀ ਲਾਜ।।੮੨।।

## ਦੁਰਗਾ ਭਗਤ

### ਦੋਹਿਰਾ

ਕਿਉਂ ਤੂੰ ਮਿੱਥਯਾ ਆਖਦਾ ਇਸ ਗਯਾਨੀ ਦੀ ਗੱਲ।
ਜੇ ਤੈਨੂੰ ਇਤਬਾਰ ਨਾ ਪਾਸ ਉਨ੍ਹਾਂ ਦੇ ਚੱਲ।।੮੩।।
ਇੱਕ ਇੱਕ ਅੱਖਰ ਆਪਨਾ ਲਿਖਯਾ ਉਸ ਨੇ ਜੋਇ।
ਬਡੇ ਤਜਰਬੇ ਨਾਲ ਹੈ ਝੂਠਾ ਕਿਉਂ ਕਰ ਹੋਇ।।੮੪।।
ਸਤ ਪੁਰਖ ਦੇ ਵਾਕ ਦੀ ਪੱਥਰ ਹੁੰਦੀ ਲੀਕ।
ਤਾਂਤੇ ਗਯਾਨੀ ਜੋ ਕਿਹਾ ਸੋ ਸਭ ਠੀਕੋ ਠੀਕ।।੮੫।।
ਐਵੇਂ ਜੱਕੜ ਲਾਇ ਤੈਂ ਝੂਠੇ ਕਿਹਾ ਸੁਨਾਇ।
ਜਿਸ ਨੇ ਕਰਕੇ ਯਤਨ ਵੱਡ ਦਿੱਤੇ ਗ੍ਰੰਥ ਬਨਾਇ।।੮੬।।

## ਤੱਤ ਖਾਲਸਾ

### ਦੋਹਿਰਾ

ਮੈਂ ਗਿਆਨੀ ਦੇ ਕਥਨ ਦਾ ਕਰਦਾ ਹਾਂ ਸਤਿਕਾਰ।
ਪਰ ਉਹ ਉਤਨੀ ਅੰਸ ਮਹਿ ਜੋ ਗੁਰਮਤ ਅਨੁਸਾਰ।।੮੭।।
ਜੋ ਗੁਰਮਤ ਤੇ ਉਲਟ ਹੈ ਕਥਨ ਗਿਆਨੀ ਕੇਰ।
ਤਿਸ ਕੇ ਖੰਡਨ ਕਰਨ ਮਹਿ ਨਹਿ ਚਹੀਏ ਕੁਛ ਦੇਰ।।੮੮।।
ਮਿੱਥਿਆ ਕੋ ਮਿੱਥਿਆ ਕਹੇ ਨਹਿ ਲਾਗਤ ਹੈ ਦੋਸ਼।
ਪਾਪ ਵਡੋ ਤਿਸ ਲਾਗ ਹੈ ਜੋ ਸੁਨ ਰਹੇ ਖਮੋਸ਼।।੮੯।।
ਦਸਮ ਗੁਰੂ ਪਰ ਦੋਖ ਜੋ ਲਾਵਤ ਕਰ ਅੱਗਯਾਨ।
ਤਿਸ ਕੇ ਖੰਡਨ ਕਰਨ ਮਹਿ ਚਹੀਏ ਨਹਿ ਸ਼ਰਮਾਨ।।੯੦।।

### ਚੌਪਈ

ਫਿਰ ਇਹ ਚਾਰੇ ਕਵੀ ਵਿਚਾਰੇ। ਜੋ ਦੁਰਗਾ ਦੇ ਭਗਤ ਕਰਾਰੇ।।
ਸਾਰੇ ਵਧ ਵਧ ਜ਼ੋਰ ਲਗਾਉਨ। ਗੁਰ ਜੀ ਤੇ ਪ੍ਰਗਟ ਕਰਵਾਉਨ।
ਅਰ ਇਹ ਸਿੱਧ ਕਰਨ ਸਭ ਬਾਤ। ਪ੍ਰਗਟ ਹੋਈ ਸੀ ਜਗ ਮਾਤ।
ਅਰ ਤਿਸ ਨੇ ਸੀ ਯਹ ਵਰ ਦੀਆ। ਜੋ ਹੈ ਪੰਥ ਗੁਰੂ ਨੇ ਕੀਆ।।
ਏਸ ਖਿਆਲ ਵਿਚ ਸਾਰੇ ਦੌੜੇ। ਲਾਏ ਜਿਤਨੇ ਬਣੇ ਗਪੌੜੇ।
ਪਰ ਹਾਸੇ ਦੀ ਹੈ ਇਹ ਬਾਤ। ਹਰ ਇਕ ਰਸਤਾ ਨਵਾਂ ਬਤਾਤ।
ਆਪਸ ਵਿੱਚ ਨ ਮਿਲਦਾ ਕੋਈ। ਅੱਡੋ ਪਾਟੀ ਕਰਦੇ ਜੋਈ।
ਜਿਸ ਤੇ ਮਨ ਮਹਿ ਹੋਤ ਨ ਆਸਾ। ਕਿਸ ਦੇ ਉਪੱਰ ਹੈ ਭਰਵਾਸਾ।
ਸੋ ਮੈਂ ਏਥੇ ਕਹਾਂ ਸੁਨਾਇ। ਆਪੇ ਪਤਾ ਤੋਹ ਲਗ ਜਾਇ।
ਇਸ ਪਰ ਕਰ ਤੂੰ ਆਪ ਵਿਚਾਰ। ਸਭਨਾਂ ਵਿਚ ਕੇਹੜਾ ਸਚਿਆਰਾ।।੯੧।।

# ਪਹਲੇ ਤਿੰਨਾਂ ਕਵੀਆਂ ਅਤੇ ਗਯਾਨੀ ਗਯਾਨ ਸਿੰਘ ਜੀ ਦਾ ਪਰਸਪਰ ਵਿਰੋਧ

ਭਾਈ ਸੁੱਖਾ ਸਿੰਘ ਜੀ ਗੁਰੂ ਜੀ ਨੂੰ ਜਦ ਸ਼ਕਾਰ ਖੇਡਕੇ ਆਏ ਤਦ ਸੰਕਲਪ ਆਯਾ ਆਖਦੇ ਹਨ, ਫਿਰ ਭਾਈ ਸੰਤੋਖ ਸਿੰਘ ਜੀ ਹਿੰਦੂ ਮੁਸਲਮਾਨਾਂ ਦਾ ਸਿੱਖਾਂ ਨੂੰ ਦੂਖ ਦੇਨ ਥੋਂ ਅਤੇ ਬਾਵਾ ਸੁਮੇਰ ਸਿੰਘ ਜੀ ਦੇਵੀ ਦਿੱਤੇ ਮਿਸਰ ਤੇ ਭੀਮ ਦਾ ਬਲ ਸੁਨਕੇ ਦੇਵੀ ਦੇ ਪੂਜਨ ਦਾ ਖਿਆਲ ਗੁਰੂ ਜੀ ਨੂੰ ਆਉਨਾ ਦੱਸਦੇ ਹਨ।

ਪਰੰਤੂ ਭਾਈ ਗਿਆਨ ਸਿੰਘ ਜੀ ਗਿਆਨੀ ਇਨ੍ਹਾਂ ਸਾਰਯਾਂ ਤੇ ਵੱਖਰਾ ਆਖਦੇ ਹਨ ਕਿ ਇੱਕ ਦਿਨ ਦਰਬਾਰ ਵਿੱਚ ਬਹੁਤ ਸਾਰੇ ਗੁਣੀ ਲੋਗ ਬੈਠੇ ਸੇ ਤਦ ਉਨ੍ਹਾਂ ਨੇ ਬਾਤਾਂ ਵਿਚ ਹੀ ਬਾਤ ਤੋਰ ਦਿੱਤੀਆਂ ਕਿ ਕਲਜੁਗ ਵਿੱਚ ਦੇਵਤਾ ਪ੍ਰਤੱਖ ਨਹੀਂ ਹੁੰਦਾ ਜਿਸ ਪਰ ਗੁਰੂ ਜੀ ਨੇ ਕਿਹਾ ਕਿ ਹੋ ਜਾਂਦਾ ਹੈ, ਇਸ ਪਰ ਪੰਡਤ ਤਾਂ ਆਖਨ ਨਹੀਂ ਪਰ ਗੁਰੂ ਕਹਨ ਹੋ ਜਾਂਦਾ ਹੈ ਤਦ ਜ਼ਿੱਦ ਪਰ ਆਕੇ ਗੁਰੂ ਜੀ ਨੇ ਆਖਿਆ ਕਿ ਲੇਵੋ ਹੁਨ ਅਸੀਂ ਦੇਵੀ ਪ੍ਰਤੱਖ ਕਰਕੇ ਤੁਹਾਨੂੰ ਦਿਖਾਉਂਦੇ ਹਾਂ ਜਿਸ ਤੇ ਇਹ ਸਾਰਾ ਉਦੱਮ ਉਸ ਜ਼ਿਦ ਪਰ ਕੀਤਾ।

ਦੂਸਰਾ ਭਾਈ ਸੁੱਖਾ ਸਿੰਘ ਨੇ ਦੱਤਾਨੰਦ ਉੱਜੈਨ ਵਾਲੇ ਪਾਸੋਂ ਪ੍ਰਗਟ ਹੋਈ . ਦੱਸੀ, ਅਰ ਸੰਤੋਖ ਸਿੰਘ ਜੀ ਨੇ ਕੇਸ਼ੋਦਾਸ ਥੋਂ ਫਿਰ ਬਾਵਾ ਸੁਮੇਰ ਸਿੰਘ ਜੀ ਕਾਲੀਦਾਸ ਗੁਜਰਾਤੀ ਤੇ, ਪ੍ਰੰਤੂ ਗਯਾਨੀ ਜੀ ਨੇ ਬਿਸ਼ਨਪਾਲ ਅਰ ਸ਼ਿਵ ਬੱਕਰ ਨਾਮੇਂ ਦੋ ਹੋਰ ਹੀ ਬ੍ਰਾਹਮਣ ਦੱਸੇ ਹਨ ਅਰ ਕੇਸ਼ੋਦਾਸ ਨੂੰ ਰੱਖਕੇ ਦੱਤਾਨੰਦ ਦਾ ਨਾਮ ਹੀ ਉਹਨਾਂ ਵਿੱਚੋਂ ਖਾਰਜ ਕਰ ਦਿੱਤਾ ਹੈ।

ਤੀਸਰਾ ਭਾਈ ਸੁਖਾ ਸਿੰਘ ਜੀ ਢਾਈ ਸਾਲ ਹਵਨ ਕਰਨ ਤਕ ਕੁੱਝ ਨਹੀਂ ਪ੍ਰਗਟ ਹੋਇਆ ਦੱਸਦੇ ਅਰ ਗੁਰੁ ਦੇ ਪੁੱਛਣ ਪਰ ਪੰਡਤ ਨੇ ਚਾਰ ਸਾਲ ਦੱਸੇ, ਫਿਰ ਭਾਈ ਸੰਤੋਖ ਸਿੰਘ ਜੀ ਪੰਜਵੇਂ ਮਹੀਨੇ ਹੀ ਸੁਪਨ ਵਿੱਚ ਦਰਸ਼ਨ ਦਿੱਤਾ ਆਖਕੇ ਢਾਈ ਸਾਲ ਦੱਸਦੇ ਹਨ ਅਤੇ ਬਾਵਾ ਸੁਮੇਰ ਸਿੰਘ ਜੀ ਦੋ ਸਾਲ ਆਖਦੇ ਹਨ ਪ੍ਰੰਤੂ ਗਯਾਨੀ ਜੀ ਨੇ ੧੭੫੪ ਬਿੱਕ੍ਰਮੀ ਤੇ ਆਰੰਭ ਕਰ ੧੭੫੫ ਅਰਥਾਤ ਸਾਲ ਵਿੱਚ ਹੀ ਸਭ ਕਿੱਸਾ ਪਾਕ ਕਰ ਦਿੱਤਾ ਹੈ।

ਚੌਥਾ ਭਾਈ ਸੁੱਖਾ ਸਿੰਘ ਜੀ ਕੇਵਲ ਪ੍ਰਗਟ ਹੋਈ ਆਖਦੇ ਹਨ ਪਰ ਇਹ ਨਹੀਂ ਦੱਸਦੇ ਜੋ ਕਿੱਥੋਂ ਹੋਈ ਸੀ, ਅਰ ਭਾਈ ਸੰਤੋਖ ਸਿੰਘ ਜੀ ਪਹਾੜ ਪਰ ਖੜੀ ਸਿੰਘ ਪਰ ਅਸਵਾਰ ਦੱਸਦੇ ਹਨ, ਫਿਰ ਬਾਵਾ ਸੁਮੇਰ ਸਿੰਘ ਜੀ ਹਵਨ ਕੁੰਡ ਵਿੱਚੋਂ ਦਸਦੇ ਹਨ ਅਤੇ ਗਯਾਨੀ ਜੀ ਦੇਵੀ ਦੇ ਭੌਣ ਵਿੱਚੋਂ ਹੀ ਪ੍ਰਗਟ ਹੋਈ ਆਖਦੇ ਹਨ।

ਪੰਜਵਾਂ ਭਾਈ ਸੁੱਖਾ ਸਿੰਘ ਜੀ ਨੇ ਨਿਰਾ ਇਤਨਾ ਹੀ ਆਖਯਾ ਹੈ ਕਿ ਪੰਡਤ ਨੇ ਪੁੱਤ੍ਰਾਂ ਦੇ ਸੀਸ ਕਹੇ ਅਰ ਗੁਰੂ ਨੇ ਕਿਹਾ ਜਿਤਨੇ ਸਿੱਖ ਚਾਹੋ ਲੇ ਲੇਵੋ ਕਿਉਂਕਿ ਸਾਨੂੰ

ਨਾਦੀ ਹੀ ਚਾਹੀਦੇ ਹਨ ਪਰ ਇਹ ਨਹੀਂ ਦੱਸਯਾ ਕਿ ਕਿਸੇ ਦੀ ਬਲੀ ਦਿੱਤੀ, ਪ੍ਰੰਤੂ ਸੰਤੋਖ ਸਿੰਘ ਜੀ ਆਖਦੇ ਹਨ ਕਿ ਕਈ ਸਿੱਖ ਬਲੀ ਦਿੱਤੇ ਅਰ ਆਪਨੇ ਸ਼ਰੀਰ ਪਰ ਭੀ ਗੁਰੂ ਜੀ ਨੇ ਕਰਦ ਨਾਲ ਘਾਉ ਲਗਾਏ, ਇਨ੍ਹਾਂ ਤੇ ਅੱਗੇ ਬਾਵਾ ਜੀ ਆਖਦੇ ਹਨ ਕਿ ਸੰਗਤੀਏ ਸਿੱਖ ਦੇ ਹੱਥ ਤਲਵਾਰ ਨਾਲ ਕੱਟ ਦਿੱਤੇ ਅਰ ਉਸ ਨੂੰ ਬਲੀ ਦੇਕੇ ਅਪਨੇ ਸ਼ਰੀਰ ਪਰ ਭੀ ਕਰਦਾਂ ਮਾਰੀਆਂ ਅਰ ਦੇਵੀ ਨੇ ਖੰਡਾ ਦਿੱਤਾ ਪ੍ਰੰਤੂ ਗਯਾਨੀ ਜੀ ਲਿਖਦੇ ਹਨ ਕਿ ਗੁਰੂ ਜੀ ਨੇ ਚੀਚੀ ਅੰਗਲੀ ਤੇ ਰੁਧਰ ਦੀ ਬੂੰਦਾਂ ਦਿੱਤੀਆਂ ਅਰ ਦੇਵੀ ਨੇ ਨਿਕੀ ਜੇਹੀ ਕਰਦ ਪ੍ਰਦਾਨ ਕੀਤੀ।

ਛੇਵਾਂ ਭਾਈ ਸੁੱਖਾ ਸਿੰਘ ਜੀ ਦੇਵੀ ਹੀ ਪ੍ਰਗਟ ਹੋਨੀ ਦੱਸਦੇ ਹਨ ਅਰ ਸੰਤੋਖ ਸਿੰਘ ਜੀ ਅਤੇ ਬਾਵਾ ਜੀ ਉਸਦੇ ਮਗਰੋਂ ਹਨੂੰਮਾਨ ਪ੍ਰਗਟ ਹੋਇਆ ਆਖਕੇ ਉਸ ਦਾ ਕੱਛ ਦੇਨਾ ਆਖਦੇ ਹਨ, ਕਿੰਤੂ ਗਯਾਨੀ ਗਯਾਨ ਸਿੰਘ ਜੀ ਆਖਦੇ ਹਨ ਕਿ ਹਨੂੰਮਾਨ ਦੇਵੀ ਤੇ ਪਹਲੇ ਦਿਖਾਈ ਦਿੱਤਾ ਸੀ ਅਰ ਫਿਰ ਗੁੰਮ ਹੋ ਗਿਆ ਸਾ ਜਿਸ ਵਿੱਚ ਕੱਛ ਦੇ ਦੇਨ ਦਾ ਕੋਈ ਜ਼ਿਕਰ ਨਹੀਂ ਕਰਦੇ।

ਸੱਤਵਾਂ ਹੋਰ ਸਾਰੇ ਗੁਰ ਬਿਲਾਸਾਂ ਵਾਲੇ ਦੇਵੀ ਦੇ ਗਲ ਵਿੱਚ ਸਿਰਾਂ ਦੀ ਮਾਲਾ ਆਖਦੇ ਹਨ ਅਤੇ ਗਯਾਨੀ ਗਯਾਨ ਸਿੰਘ ਜੀ ਲਾਲਾਂ ਦੀ ਮਾਲਾ ਦੱਸਦੇ ਹਨ।

ਅੱਠਵਾਂ ਭਾਈ ਸੁਖਾ ਸਿੰਘ ਜੀ ਹੱਥਾਂ ਵਿੱਚ ਸਪ ਅਰ ਸੰਤੋਖ ਸਿੰਘ ਜੀ ਸਿਰ ਅਰ ਸੱਪ, ਬਾਵਾ ਸੁਮੇਰ ਸਿੰਘ ਜੀ ਅੱਠ ਸ਼ਸਤ੍ਰ ਅਤੇ ਗਯਾਨੀ ਜੀ ਹੱਥਾਂ ਵਿੱਚ ਦੋ ਸਿਰ ਦੱਸਦੇ ਹਨ।

ਨੌਵਾਂ ਭਾਈ ਸੁੱਖਾ ਸਿੰਘ ਜੀ ਅੱਖੀਂ ਮੀਟਿਆਂ ਨਹੀਂ ਦੱਸਦੇ, ਭਾਈ ਸੰਤੋਖ ਸਿੰਘ ਜੀ ਆਖਦੇ ਹਨ ਕਿ ਅੱਖੀ ਮੀਟ ਲਈਆਂ ਸਨ ਜਿਸ ਦਾ ਫਲ ਦੇਵੀ ਨੇ ਇਹ ਦੱਸਯਾ ਕਿ ਆਪਦੇ ਚਾਲੀ ਸਾਲ ਮਗਰੋਂ ਪੰਥ ਦਾ ਤੇਜ ਵਧੇਗਾ ਪ੍ਰੰਤੂ ਗਿਆਨੀ ਜੀ ਇਸ ਦਾ ਫਲ ਇਹ ਦੱਸਦੇ ਹਨ ਕਿ ਆਪਦਾ ਪੰਥ ਪਹਲੇ ਭੱਜਕੇ ਫਿਰ ਲੜੇਗਾ।

ਦਸਵਾਂ ਭਾਈ ਸੁੱਖਾ ਸਿੰਘ ਜੀ ਅਤੇ ਭਾਈ ਸੰਤੋਖ ਸਿੰਘ ਜੀ ਤਲਵਾਰ ਦੇਵੀ ਨੇ ਦਿੱਤੀ ਆਖਦੇ ਹਨ ਅਰ ਬਾਵਾ ਜੀ ਖੰਡਾ ਅਤੇ ਗਿਆਨੀ ਜੀ ਇੱਕ ਨਿੱਕੀ ਜੇਹੀ ਕਰਦ ਦਿੱਤੀ ਆਖਦੇ ਹਨ।

ਗਿਆਰ੍ਵਾਂ ਭਾਈ ਸੁੱਖਾ ਸਿੰਘ ਜੀ ਨੇ ਕਵਿਤਾ ਦਾ ਕੁਝ ਨਹੀਂ ਆਖਿਆ, ਸੁਮੇਰ ਸਿੰਘ ਜੀ ਆਖਦੇ ਹਨ ਕਿ ਦੇਵੀ ਨੇ ਖੁਦ ਗੁਰੂ ਜੀ ਪਾਸੋਂ ਛੰਦ ਸੁਨਨੇ ਲਈ ਆਖਿਆ ਜਿਸ ਪਰ ਵਾਰ ਭਗਉਤੀ ਅਰ ਛੱਕੇ ਸੁਨਾਏ, ਪ੍ਰੰਤੂ ਗਿਆਨੀ ਜੀ ਆਖਦੇ ਹਨ ਕਿ ਪ੍ਰਗਟ ਹੋਈ ਦੇਖਦੇ ਹੀ ਗੁਰੂ ਜੀ ਛੱਕੇ ਸੁਨਾਉਨ ਲਗ ਪਏ।

**ਦੋਹਿਰਾ**

ਇਹ ਚਾਰਾਂ ਦਾ ਕਥਨ ਜੋ ਅਰ ਤਿਸ ਮਾਹਿੰ ਵਿਰੋਧ।
ਅੱਗੇ ਤੇਰੇ ਹੈ ਪਿਆ ਕਰ ਲੈ ਬਹਿਕੇ ਸੋਧ।।੯੨।।
ਕੋਈ ਕੁਝ ਹੈ ਆਖਦਾ ਕੋਈ ਆਪੇ ਕੁੱਝ।

ਹੁਣ ਇਨ ਸਭਨਾਂ ਵਿੱਚ ਤੇ ਸੱਚਾ ਕੇਹੜਾ ਬੁੱਝ।।੯੩।।
ਸਾਰੇ ਸੱਚੇ ਹਨ ਨਹੀਂ ਹੈ ਇਨ ਮਹਿ ਕੋ ਇੱਕ।
ਸੋ ਤੂੰ ਕਿਹੜਾ ਆਖ ਹੁਣ ਪਵੇ ਨ ਜਿਸ ਮਹਿ ਫਿੱਕ।।੯੪।।

ਭਾਵ :- ਇਨ੍ਹਾਂ ਚਾਰਾਂ ਗ੍ਰੰਥ ਕਰਤਾ ਦੀ ਦੇਵੀ ਪ੍ਰਗਟ ਕਰਨ ਵਾਲਾ ਪ੍ਰਸੰਗ ਅਰ ਇਨ੍ਹਾਂ ਵਿੱਚ ਜੋ ਪਰਸਪਰ ਵਿਰੋਧ ਹੈ ਜੋ ਇੱਕ ਦੂਜੇ ਦੇ ਨਾਲ ਨਹੀਂ ਮਿਲਦਾ ਇਸ ਜਗ੍ਹਾਂ ਕਥਨ ਕਰ ਦਿੱਤਾ ਹੈ। ਇਸ ਵਾਸਤੇ ਹੁਣ ਤੂੰ ਭੀ ਇਨ੍ਹਾਂ ਸਾਰਿਆਂ ਦੀਆਂ ਗੁਵਾਹੀਆਂ ਪਰ ਵਿਚਾਰ ਕਰਕੇ ਦੇਖ ਜੋ ਇਨਾਂ ਵਿੱਚ ਸੱਚਾ ਕੌਨ ਹੈ ਅਰ ਉਸ ਦੇ ਸੱਚਾ ਹੋਨ ਪਰ ਕਿਆ ਸਬੂਤ ਹੈ।।

ਜਿਸ ਤਰ੍ਹਾਂ ਹਰ ਇੱਕ ਗੁਵਾਹ ਦੀ ਗੁਵਾਹੀ ਆਪਸ ਵਿੱਚ ਨਾ ਮਿਲਨੇ ਤੇ ਮੁਕਦਮਾ ਝੂਠਾ ਸਮਝਿਆ ਜਾਂਦਾ ਹੈ, ਏਸੇ ਤਰ੍ਹਾਂ ਇਨ੍ਹਾਂ ਦੇਵੀ ਪੂਜਨ ਸਿੱਧ ਕਰਨ ਵਾਲਯਾਂ ਕਵੀਆਂ ਦੇ ਕਥਨ ਵਿੱਚ ਭੀ ਪਰਸਪਰ ਵਿਰੋਧ ਸਾਬਤ ਹੋਨੇ ਤੇ ਇਹ ਸਭ ਮਿੱਥਯਾ ਪ੍ਰਲਾਪ ਹੀ ਸਿੱਧ ਹੁੰਦਾ ਹੈ।।

## ਦੁਰਗਾ ਭਗਤ

### ਦੋਹਿਰਾ

ਤੈਂ ਜੋ ਦੱਸਯਾ ਪਰਸਪਰ ਵਡਾ ਵਿਰੋਧ ਬਖਾਨ।
ਅਰ ਸਭ ਦੇ ਪਰਸੰਗ ਵਿੱਚ ਕੱਢੇ ਦੋਖ ਮਹਾਨ।।੯੫।।
ਸੋ ਭਾਵੇਂ ਇਹ ਸੱਚ ਹੈ ਜੋ ਕਵੀਅਨ ਦੀ ਚਾਲ।
ਇੱਕ ਦੂਜੇ ਤੇ ਵੱਖ ਹੈ ਰਲੇ ਨ ਆਪਸ ਨਾਲ।।੯੬।।

### ਚੌਪਈ

ਭਾਵੇਂ ਇਸ ਤੇ ਸਾਬਤ ਹੁੰਦਾ। ਸਭ ਨੇ ਢੰਗ ਆਪਨਾ ਗੁੰਦਾ।।
ਕੋਈ ਆਖੇ ਕੁਝ ਪੁਕਾਰ। ਦੂਜਾ ਦੱਸੇ ਹੋਰ ਪ੍ਰਕਾਰ।।
ਜਿਸ ਤੇ ਸਾਨੂੰ ਪਤਾ ਨ ਲਗਦਾ। ਕਿਹੜਾ ਉਲਟ ਚੌਹਾਂ ਮਹਿ ਵਗਦਾ।।
ਪਰ ਜੋ ਏਹੁ ਵਿਰੋਧ ਬਤਾਇਆ। ਸੋ ਸਭ ਕਥਨੀ ਅੰਦਰ ਆਯਾ।।
ਜੋ ਇੱਕ ਨਾਲੋਂ ਦਿਸਦਾ ਹੋਰ। ਅਰ ਤੈਂ ਖੰਡਿਆ ਲਾਕੇ ਜ਼ੋਰ।।
ਪਰ ਜੋ ਤਾਤਪਰਯ ਇਨ ਕੇਰਾ। ਸੋ ਹੈ ਇੱਕ ਨ ਦੂਜਾ ਟੇਰਾ।।
ਓੜਕ ਸਭ ਨੇ ਯਹੀ ਬਤਾਈ। ਗੁਰ ਨੇ ਦੁਰਗਾ ਹੈ ਪਰਗਟਾਈ।।
ਇਸ ਮਹਿ ਕਿਨੇ ਨ ਦੱਸਿਆ ਹੋਰ। ਬਿੱਲੀ ਜਗਾ ਬਤਾਇਆ ਚੋਰ।।
ਤਾਂ ਤੇ ਤਾਤ੍ਪਰਾਯ ਸਭ ਕੇਰਾ। ਨਹੀਂ ਵਿਰੁੱਧ ਏਕ ਹੀ ਹੇਰਾ।।
ਜਿਉਂ ਜਲਨ ਦੀ ਵਹੇ ਪ੍ਰਵਾਹ। ਅਪਨੇ ਅਪਨੇ ਮਾਰਗ ਜਾਹ।।
ਪਰ ਸਭ ਮਿਲ ਹੈ ਸਾਗਰ ਜਾਇ। ਸਭਨਾਂ ਦਾ ਇੱਕੋ ਹੈ ਥਾਇ।।
ਤਾਂ ਤੇ ਸਭ ਵਿਰੋਧ ਤਿਸ ਕੇਰਾ। ਦੂਰ ਹੋਤ ਲੋਗਨ ਨੈ ਹੇਰਾ।।
ਤੈਸੇ ਹੀ ਯਹ ਕਵੀ ਪ੍ਰਧਾਨ। ਅਪਨੇ ਅਪਨੇ ਕਥਨ ਪ੍ਰਮਾਨ।।

ਕਰਤ ਏਕ ਸੇ ਦੂਸਰ ਭਿੰਨ। ਪ੍ਰਗਟ ਜੁਦੇ ਜੁਦੇ ਕਰ ਚਿੰਨ॥
ਜਿਸ ਤੇ ਭੂਲ ਜਾਤ ਨਰ ਸਾਰੇ। ਦੇਖ ਵਿਰੋਧ ਪਰਸਪਰ ਭਾਰੇ॥
ਪਰ ਜਬ ਲੰਬੀ ਦਿਸਟ ਨਿਹਾਰੇ। ਤਬ ਵਿਰੋਧ ਕੋ ਮੂਲ ਉਖਾਰੇ॥
ਜਾਂ ਤੇ ਸਭ ਨੇ ਯਹੀ ਸੁਨਾਈ। ਪ੍ਰਗਟ ਭਈ ਜਗਦੰਬਾ ਮਾਈ॥
ਇਸ ਕਾ ਖੰਡਨ ਕਿਨੇ ਨ ਕੀਨਾ। ਸਭ ਨੇ ਮੰਡਨ ਪਰ ਬਲਦੀਨਾ॥
ਤਾਂ ਤੇ ਤਾਤਪਰਜ ਕੇ ਮਾਂਹੀਂ। ਰੰਚਕ ਕਛੂ ਵਿਰੋਧ ਸੁਨਾਹੀਂ॥
ਤਾਂ ਤੇ ਤੁਮਰੀ ਸਾਰੀ ਗਾਥਾ। ਗਈ ਬਯਰਥ ਪਟਕ ਕਰ ਮਾਥਾ॥
ਇਤਨੇ ਦੋਖ ਦਖਾਏ ਭਾਰੇ। ਅਰ ਯੁਕਤੀ ਪ੍ਰਮਾਨ ਅਪਾਰੇ॥
ਅੰਤ ਵਿਖੇ ਕਛੁ ਕਾਮ ਨਾ ਆਏ। ਜਬ ਸਭ ਕਵੀ ਏਕ ਮਤ ਪਾਏ॥੯੭॥

ਭਾਵ:- ਭਾਵੇਂ ਸਾਰੇ ਕਵੀਆਂ ਦੇ ਕਥਨ ਦਾ ਤਾਂ ਆਪਸ ਵਿੱਚ ਵਿਰੋਧ ਜ਼ਰੂਰ ਪਾਇਆ ਜਾਂਦਾ ਹੈ, ਜਿਸ ਤੇ ਇੱਕ ਦੂਜੇ ਦੇ ਨਾਲ ਨਹੀਂ ਮਿਲਦਾ, ਅਰ ਇਸ ਦੇ ਵਿਚਾਰਨ ਤੇ ਇਹ ਬਾਤ ਭੀ ਸਿੱਧ ਹੋ ਜਾਂਦੀ ਹੈ ਕਿ ਇਹ ਸਭ ਮਿੱਥਯਾਵਾਦੀ ਹਨ ਪ੍ਰੰਤੂ ਜਦ ਅੰਤ ਨੂੰ ਸਭ ਦਾ ਸਿੱਧਾਂਤ ਇੱਕ ਦੇਖਯਾ ਜਾਂਦਾ ਹੈ, ਅਰ ਦੇਵੀ ਦੇ ਪ੍ਰਗਟ ਹੋਨ ਪਰ ਕਿਸੇ ਦਾ ਭੀ ਵਿਰੋਧ ਨਹੀਂ ਹੈ, ਤਦ ਇਨ੍ਹਾਂ ਦਾ ਪਰਸਪਰ ਵਿਰੋਧ ਕਥਨ ਕਰਨਾ ਮੰਨਕੇ ਭੀ ਦੇਵੀ ਪਰਗਟ ਹੋਣ ਵਿਚ ਸਭ ਦੀ ਸੰਮਤੀ ਦੇਖ ਕੇ ਇਹ ਮੰਨਣਾ ਪੈਂਦਾ ਹੈ ਕਿ ਇਸ ਵਿਖੇ ਕੋਈ ਵਿਰੋਧ ਨਹੀਂ ਹੈ, ਜਿਸ ਤੇ ਜ਼ਰੂਰ ਦੇਵੀ ਪ੍ਰਗਟ ਹੋਈ ਸੀ॥

## ਤੱਤ ਖਾਲਸਾ

### ਦੋਹਿਰਾ

ਇਹ ਭੀ ਕਥਨੀ ਤੁਧ ਦੀ ਅਹੇ ਤੁੱਛ ਸਮ ਤੁਲ।
ਯੁਕਤ ਪੌਨ ਕੇ ਸਾਮ੍ਹਨੇ ਰਹੇ ਨ ਠਾਢੀ ਮੂਲ॥੯੮॥
ਹੋਰ ਗੁਵਾਹੀ ਦੀ ਜਰ੍ਹਾ ਇਸ ਵਿੱਚ ਨਾਹੀਂ ਲੋੜ।
ਚੌਥੇ ਗਯਾਨੀ ਕਵੀ ਦਾ ਸੁਨ ਲੈ ਸਭ ਨਚੋੜ॥੯੯॥
ਆਪਨੇ ਪਹਲੇ ਕਥਨ ਵਿੱਚ ਕਰਦਾ ਦੇਵੀ ਸਿੱਧ।
ਓਹੋ ਦੂਜੀ ਵੇਰ ਹੈ ਦਸਦਾ ਕਰਮ ਨਖਿੱਧ॥੧੦੦॥

ਭਾਵ:- ਇਨ੍ਹਾਂ ਕਵੀਆਂ ਦੇ ਕਥਨ ਨੂੰ ਮਿੱਥਯਾ ਸਿੱਧ ਕਰਨ ਵਾਸਤੇ ਹੋਰ ਕਿਸੇ ਯੁਕਤੀ ਉਕਤੀ ਯਾ ਪ੍ਰਮਾਨ ਦੀ ਕੋਈ ਲੋੜ ਨਹੀਂ ਹੈ, ਕਿੰਤੂ ਗਿਆਨੀ ਗਿਆਨ ਸਿੰਘ ਜੀ ਦਾ ਨਵੇਂ ਪੰਥ ਪਰਕਾਸ਼ ਵਿੱਚ ਏਸੇ ਪਰਸੰਗ ਪਰ ਜੋ ਲੇਖ ਹੈ ਸੋ ਸਾਬਤ ਕਰਦਾ ਹੈ ਕਿ ਜੋ ਕੁਛ ਅਸੀਂ ਪਹਲੇ ਦੇਵੀ ਦੇ ਪ੍ਰਗਟ ਹੋਨ ਪਰ ਲਿਖਿਆ ਸਾ ਸੋ ਅਗਿਆਨਤਾ ਦਾ ਖਿਆਲ ਸਾ॥

ਪ੍ਰੰਤੂ ਜਦ ਗੁਰੂ ਜੀ ਨੇ ਸਾਡੇ ਪਰ ਕ੍ਰਿਪਾ ਕੀਤੀ ਅਰ ਗਿਆਨ ਦਿੱਤਾ ਤਦ ਅਸੀਂ ਅਪਨੇ ਪਹਲੇ ਖਿਆਲ ਦਾ ਖੰਡਨ ਕਰਕੇ ਦਸਿਆ ਕਿ ਗੁਰੂ ਜੀ ਨੇ ਕੋਈ ਦੇਵੀ ਪ੍ਰਗਟ ਨਹੀਂ ਕੀਤੀ ਸੀ, ਇਸ ਵਾਸਤੇ ਜੋ ਅਸੀਂ ਪਹਲੇ ਪੰਥ ਪ੍ਰਕਾਸ਼ ਵਿਚ ਸਿੱਧ ਕੀਤੀ ਹੈ, ਸੋ ਅਗਿਆਨ ਕਾਲ ਦੇ ਖਿਆਲ ਨਾਲ ਸੀ॥

ਉਸ ਦਾ ਅਸਲੀ ਪ੍ਰਸੰਗ ਇਥੇ ਲਿਖਕੇ ਪ੍ਰਗਟ ਕੀਤਾ ਜਾਂਦਾ ਹੈ।

# ਯਥਾ : ਨਵਾਂ ਪੰਥ ਪ੍ਰਕਾਸ਼

"ਇੱਕ ਦਿਨ ਪੰਡਤ ਨੇ ਵਿੱਚ ਸਭਾ। ਬੂਝਯੋ ਪੰਡਤ ਤੇ ਇਸ ਢਬਾ।। ਭੀਮ, ਕਰਨ, ਅਰਜਨ ਲੋ ਜੋਧੇ। ਲਿਖੇ ਅਤਯੰਤ ਬਲੀ ਹਮ ਸੋਧੇ।। ਬਸਨ ਪਤਾਲ ਗਗਨ ਪਰ ਜਾਨਾ। ਮਨ ਭਾਵਨ ਕੰਮ ਕਰ ਦਿਖਲਾਨਾ।। ਬੱਬਨ ਬਾਹਨ ਨ੍ਰਿਪਸੁ ਧੰਨਾ। ਜਿਨਕਾ ਬਲ ਸਮ ਈਸ ਵਰੰਨਾ।। ਇਤਯਾਦਿਕ ਗਾ ਜੋ ਔਰੈਂ। ਵਰਨੀ ਵੀਚ ਗ੍ਰੰਥਨ ਗੋਰੈਂ।। ਰੋਚਕ ਹੈਂ ਕਿ ਜਥਾਰਥ ਭਾਖੀ। ਕੈ ਉਪਮਾਂ ਮਾਤ੍ਰ ਹੀ ਰਾਖੀ।। ਇਸ ਕਾ ਉਤ੍ਰ ਦੀਜੈ ਸੱਚਾ। ਸੁਨ ਦ੍ਵਿਜ ਜਾਲ ਲੋਭ ਹਿਤ ਰੱਚਾ।। ਧਨ ਲੈਵੇ ਹਿਤ ਬਯੋਤ ਬਨਾਈ। ਵਰਗਲਾਂਨ ਸਿਖਨ ਕੇ ਤਾਂਈ। ਬੋਲਿਯੋ ਅਰਜਨ ਆਦਿਕ ਸਾਰੇ ਭਏ ਬਲੀ ਪਰਤਾਪੀ ਭਾਰੇ। ਜਗਯ ਹੋਮ ਸੋ ਕਰਤ ਰਹਾਏ। ਜਾਂ ਤੈ ਪ੍ਰਗਟ ਦੇਵਤਾ ਧਾਏ। ਤਿਨ ਤੈ ਲੈ ਬਰ ਦੋਏ ਬਲੀ। ਬਾਂਛਤ ਕਰਤ ਰਹੇ ਬਿਧ ਭਲੀ।। ਸਿਖਨ ਕਹਿਯੋ ਸੁਨੋ ਦ੍ਵਿਜ ਰਾਈ। ਹਮ ਤੈ ਕ੍ਰਿਯਾ ਕਰਾਵੋ ਸਾਈ। ਜਿਸ ਤੇ ਪ੍ਰਗਟ ਹੋਵੇ ਦੇਵ। ਲੈ ਬਰ ਸ਼ੱਤ੍ਰ ਹਰੈ ਸਬ ਏਵ। ਸੁਨਿ ਪੰਡਤ ਖੁਸ਼ ਹੋਯੋ ਭਾਰੀ। ਮਨ ਹੀ ਮਨ ਮੈਂ ਏਹੁ ਵਿਚਾਰੀ।। ਅਬ ਮਮ ਜਾਲ ਬੀਚ ਸਿੱਖ ਆਏ। ਲੈਹੋ ਬਾਛਿਤ ਧਨ ਅਧਕਾਏ।। ਇਹ ਮਥਕੇ ਦ੍ਵਿਜ ਬੋਲਯੋ ਏਵ। ਜਦਪਿ ਕਲ ਮੈਂ ਬਿੱਦਤ ਨ ਦੇਵ।। ਤੌ ਭੀ ਜੇ ਦੌਲਤ ਕੋਊ ਲਾਵੈ। ਅਨੁਸਠਾਨ ਪੂਰਾ ਕਰਵਾਵੈ।। ਕਿਉਂ ਨਾ ਦੇਵਤਾ ਫਿਰ ਪ੍ਰਗਟੈ ਹੈ। ਬਾਂਛਤ ਬਰ ਕਰ ਤਾਕੋ ਦੈਹੈ। ਪਹਿਲੇ ਇਕ ਬਡ ਜਗਯ ਭਵੈ ਹੈਂ। ਤਿਸ ਮੈਂ ਦ੍ਵਿਜ ਵਰ ਪਰਖੇ ਜੈਹੈਂ।। ਬੇਦੀ ਮੰਤ੍ਰੀ ਧਰਮੀ ਸੂਹੇ। ਜੋ ਨਿਕਸੈਗੇ ਬ੍ਰਾਹਮਣ ਪੂਰੇ।। ਉਨਤੇ ਜਗਯ ਹੋਮ ਕਰਵੈਹੈਂ। ਵਰਣੀ ਹੋਮ ਬਰਸ ਇੱਕ ਥੈਹੈਂ।। ਦੇਵੀ ਪ੍ਰਗਟ ਹੋਇਗੀ ਤਬੈ। ਬਰਦੈ ਕਾਜ ਸੁਧਾਰੇ ਸਬੈ।। ਨਿਜ ਮਤਲਬ ਕੇ ਬਚਨ ਅਪਾਰੇ। ਭਾਖੇ ਦ੍ਵਿਜ ਐਸੇ ਪਰਕਾਰੇ। ਜੋ ਸੁਨ ਸਿੱਖ ਮਾਨਗੇ ਸਾਰੇ। ਪੰਡਤ ਜੀ ਖੁਸ਼ ਹੋਏ ਭਾਰੇ।। ਸਿੱਖਨ ਬਾਤ ਸਰਬ ਗੁਰ ਪਾਸ। ਭਾਖੀ ਜਬ ਗੁਰ ਬੋਲੇ ਖਾਸ। ਹੇ ਦ੍ਵਿਜਵਰ ਜੋ ਤੂੰ ਫੁਰਮੈਹੈਂ। ਕਲਿ ਮੈਂ ਨਹੀਂ ਦੇਵ ਪ੍ਰਗਟੇ ਹੈਂ।। ਬੇ ਜੁਗਤੀ ਇਹੁ ਬਚਨ ਤੁਮ੍ਹਾਰੇ।। ਮਾਨਨ ਜੋਗ ਨਹੀਂ ਹੈ ਪਿਆਰੇ।। ਜੇ ਪਿਛਲੇ ਜੁੱਗਨ ਮੈਂ ਏਵ। ਪ੍ਰਗਟ ਹੋਤ ਰਹੇ ਹੈਂ ਦੇਵ।। ਤੌ ਅਬ ਭੀ ਪ੍ਰਗਟ ਹੋ ਜੈਹੈਂ ਬਰ ਸਰਾਪ ਹਮ ਕਿਛੂ ਨ ਚੈਹੈਂ। ਕਿਉਂ ਕੇ ਹਮ ਅਕਾਲ ਕੇ ਬਾਲਕ। ਹੈਂ ਜੋ ਸੁਰ ਨਰ ਸਬ ਕਾ ਮਾਲਕ। ਕੋਟਨ ਕੋਟ ਬ੍ਰਮੰਡੋ ਪਾਲਕ। ਸਰਬ ਦੇਵ ਦੇਵੀ ਕਾ ਚਾਲਕ। ਸੋ ਪ੍ਰਭ ਸਰਬ ਕਲਾ ਸਮਰੱਥ। ਉਸ ਕਾ ਹਮਰੇ ਸਿਰ ਪਰ ਹੱਥ। ਫਿਰ ਕਿਉਂ ਦੇਵੀ ਦੇਵ ਅਰਾਧੈਂ। ਜੋ ਤਿਸ ਹਿਤ ਤਿਨ ਸਾਧਨ ਸਾਧੈਂ।। ਹਥ ਜੋਰਕੇ ਦੀਨਨ ਨਿਆਈ। ਖੜੇ ਰਹਿਤ ਪ੍ਰਭ ਕੇ ਦਰ ਜਾਈ।। ਜੈਸੇ ਔਰ ਜੀਵ ਪ੍ਰਭ ਕੇ ਹੈਂ। ਤੈਸੇ ਜੀਵ ਦੇਵ ਭੀ ਵੈਹੈਂ।। ਫਿਰ ਹਮ ਉਨ ਕੋ ਕਾਹੇ ਧਿਆਵੈਂ। ਜੱਗਯ ਹੋਮ ਬੇਸ਼ੱਕ ਕਰਾਵੈਂ। ਇਹ ਤੋ ਧਰਮ ਹਮਾਰਾ ਸਾਰ। ਕਰਤ ਰਹੇ ਨ੍ਰਿਪ ਮੁਨਿ ਅਵਤਾਰ।। ਸੋ ਤੋ ਹਮ ਭੀ ਕਰਨਾ ਚੈਹੈ। ਜਿਸ ਤੇ ਸਭ ਸ੍ਰਿਸ਼ਟੀ ਸੁਖ ਪੈਹੈ।। ਇਕ ਤੋ ਅਬ ਦੁਰਭਿਖ ਅਤਿ ਭਾਰੀ। ਹੈ ਪੜ ਰਹਿਯੋ ਨ ਬਰਸਤ ਵਾਰੀ।।੧।। ਦੂਸਰ ਭਾਰਤ ਵਰਸ ਮਝਾਰੇ। ਮਹਾਂ ਮਰੀ ਪੜ ਰਹੀ ਅਪਾਰੇ।। ਤ੍ਰਿਤੀਏ ਜੋ ਨਰ ਨਾਰੀ ਆਰਜ। ਹੋਇ ਰਹੇ ਨਿਜ ਧਰਮੋਂ ਖਾਰਜ।। ਪਾਪ ਕੁ ਕਰਸ਼ਨ ਮੈਂ ਸ਼ਬ ਲਾਗੇ। ਇਸੀ ਹੇਤ ਬਲ ਰਹੇ ਅਭਾਗੇ। ਜਗਯ

ਹਮਨ ਲੌ ਸੁਕ੍ਰਿਤ ਜੈ ਹੈਂ। ਹਾਕਮ ਤੁਰਕ ਕਰਨ ਨਾ ਦੈਹੈਂ।। ਹਮ ਜਬ ਹਮਨ ਜਗਯ ਕਰ ਵੈਹੈ।। ਖੁਸਿਹੂ ਘਨ ਜਲ ਬਹੁ ਵਰਸੈਹੈ। ਦੁਰਭਿਖੂ ਨਸੈ ਅੰਨਯ ਬਹੁ ਥੈਹੈ। ਧਰਨੀ ਰਸ ਸਬ ਬਿਧ ਪ੍ਰਗਟੈ ਹੈਂ। ਪਵਨ ਹਵਨ ਤੈ ਸੁੱਧ ਭਵੈਮਂ। ਰੋਗ ਸੋਗ ਸਬ ਦੂਰ ਨਸਹੈਂ। ਬੁਧਿ ਸੁਧ ਨਰ ਨਾਰਿਨ ਥੈਹੈ। ਸੁਕ੍ਰਿਤ ਸਭ ਕਰਨੇ ਲਗ ਜੈਹੈਂ। ਨਸੈ ਅਬਿਦਯਾ ਬਿਦਯਾ ਐਹੈਂ। ਸੂਰ ਬੀਰਤਾ ਦ੍ਰਿੜ ਪ੍ਰਗਟ ਹੈਂ।। ਵਰਣਾ ਆਸ੍ਰਮੀ ਜਨ ਹੈ ਜੇਤੇ। ਕਾਇਰਤਾ ਕਰ ਪੂਰਨ ਤੇਤੇ। ਭੇਡ ਬਕਰੀਆਂ ਸਮ ਹੋਰ ਹੈ। ਬਾਂਛਤ ਕਾਂਮ ਤੁਰਕ ਤਬ ਲਹੇ।। ਇਨੈ ਹਵਨ ਕੀ ਪਵਨ ਲਗੈ ਜਬ। ਸ਼ੇਰ ਬਘਯਾੜ ਨਸੇ ਹੈਹੈਂ ਤਬ।। ਸੂਰ ਬੀਰਤਾ ਉਰ ਮੈਂ ਜਗ ਹੈ। ਧਰਮ ਪੁਰਾਤਨ ਕਰਨੇ ਲਗ ਹੈ।। ਪ੍ਰਭਤਾ ਦੇਹ ਅਰੋਗ ਕਰਾਤੀ। ਬਿਜੈ ਗਿਆਨ ਸੰਤਤ ਸੁਖ ਦਾਤੀ। ਨਿਰਭੈਤਾ ਜਸ ਗੁਣ ਦੈਵੀ ਸਬ। ਹੋਹਿ ਪਰਾਪਤ ਗੁਰ ਘਰ ਮੈਂ ਤਬ।। ਬਾਲਕ ਭਾਗਵਾਨ ਪ੍ਰਗਟੈਹੈਂ। ਰੋਗ ਸੀਤਲਾ ਆਦਿ ਨਸੈਹੈਂ।। ਕਾਮਦਿਕ ਸਬ ਅਸੁਰੀ ਸੰਪਤ। ਜਗਯ ਹੋਮ ਕੋ ਪਿਖਕੈ ਕੰਪਤ।। ਉਤਮ ਗੁਣ ਸਤ ਆਦਿਕ ਜੈਹੈਂ। ਬਾਵਨ ਕਹੇ ਬੇਦ ਰਿਗ ਮੈਹੈਂ।। ਸੋ ਅਵੱਸ ਜਗ ਮੈਂ ਬਰਤੈ ਹੈ। ਜਗਯ ਹਵਨ ਬਿਧਿਵਤ ਜਬ ਥੈਹੈ।।੨।।

## ਦੋਹਿਰਾ

ਇਹ ਸੁਨ ਦ੍ਵਿਜ ਵਰ ਖੁਸ਼ੀ ਹੁਇ ਕਹਯੋ ਆਪ ਅਵਤਾਰ।
ਸਤਿਗੁਰ ਪ੍ਰਗਟੇ ਜਗਤ ਮੈਂ ਤਾਰਨ ਹਿਤ ਸੰਸਾਰ।।੩।।

## ਚੌਪਈ

ਆਪ ਹਵਨ ਕੇ ਨਫੇ ਜੋ ਗਾਏ। ਹੋਹਿ ਅਵੱਸ ਮੇਵ ਸਬ ਭਾਏ।।
ਪਰਉਪਕਾਰ ਜਗਤ ਪਰ ਭਾਰੀ। ਹੋਇ ਆਪ ਕਾ ਜਸ ਸੁਖਕਾਰੀ।।
ਅਨੁਸਠਾਨ ਜਬ ਪੂਰਨ ਥੈਹੈ। ਦੁਰਗਾ ਭੀ ਅਵੱਸ ਪਰਗਟੈ ਹੈ।।
ਬਾਛਤ ਬਤ ਰਾਵਰ ਕੋ ਦੈਹੈ। ਸਗਰੇ ਕਾਰਜ ਸਿੱਧ ਕਰੈਹੈ।।
ਔਰ ਪਿੱਤ੍ਰ ਦੇਵਤਾ ਸਾਰੇ। ਹੋਇ ਪ੍ਰਸੰਨ ਅਸੀਸ ਉਚਾਰੇ।।
ਦੁਰਭਿਖ ਮਹਾਮਰੀ ਲੌ ਕਸ਼ਟ। ਨਸ਼ਟ ਹੋਹਿ ਸੁਖ ਭਵੈਂ ਸਮਸ਼ਟ।।
ਜਗਯ ਹਵਨ ਕੇ ਗੁਣ ਬੇਅੰਤ। ਗਾਵਤ ਜੇ ਸੁਰਤਿ ਦ੍ਵਿਜਵਰ ਸੰਤ।।
ਫੈਲੇਗੇ ਸਭ ਜਗ ਪਰ ਗਾਢੈ। ਤੇਜ ਪ੍ਰਤਾਪ ਹਿੰਦ ਕਾ ਬਾਢੈ।।
ਬਡ ਉਪਕਾਰ ਆਪ ਕਾ ਥੈਹੈ। ਪਰ ਇਕ ਬਿਨੈ ਔਰ ਹਮ ਕੈਹੈ।।
ਐਸੇ ਕਾਰਜ ਅਤਿ ਉਤਮ ਹਿਤ। ਚਹੀਏ ਦ੍ਵਿਜਵਰ ਭੀ ਇੰਦ੍ਰੇ ਜਿਤ।।
ਧਰਮੀ ਬੇਦ ਮੰਤ੍ਰ ਕੇ ਗਯਾਤਾ। ਸੋ ਕਰਹੈਂ ਇਹ ਕਾਜ ਬਖਯਾਤਾ।।
ਦ੍ਵਿਜ ਕੀ ਬਤੀਆਂ ਸੁਨਕੈ ਸਤਿਗੁਰ। ਬਿਪ੍ਰਨ ਕੇ ਪ੍ਰਖਨ ਕੀ ਠਟ ਉਰ।।
ਬੋਲ ਮਸੰਦ ਮੇਵੜਯੋ ਤਾਈਂ। ਯਾ ਬਿਧਿ ਦੀਨੋ ਹੁਕਮ ਗੁਸਾਂਈ।।
ਕਰੋ ਸਮੱਗ੍ਰੀ ਸੰਗ੍ਰਹਿ ਭਾਰੀ। ਜਗਯ ਹੋਮ ਕਰਨੇ ਕੀ ਸਾਰੀ।।
ਮਾਨ ਬਚਨ ਉਨ ਗੁਰ ਕਾ ਤਬਹੀ। ਜਗਯ ਸਮਾਨ ਤੌ ਯਾਰ ਕਿ ਯਸ ਬਹੀ।।
ਲਾਡੂ ਕਰੇ ਕਚੌਰੀ ਖਸਤਾ। ਔਰ ਛਕਨ ਕੀ ਬਹੁ ਬਿਧਿ ਵਸਤਾ।।

ਸਤ੍ਹਾਂ ਸਏ ਤਿਵੰਜੇ ਸਾਲ। ਖਬਰ ਦੇਸ ਮੈਂ ਭਈ ਬਿਸਾਲ॥
ਬਿੱਪ੍ਰ ਦੇਸ ਬਦੇਸੀ ਆਏ। ਸਤਿਗੁਰ ਬਾੜੇ ਦੋ ਬਨਵਾਏ॥
ਇਕ ਦਿਸ ਭੋਜਨ ਭਯੋ ਸਮਾਂਸ। ਦੂਸਿਰ ਦਿਸਾ ਭਯੋ ਬਿਨ ਮਾਸ॥
ਬਿਪ੍ਰਨ ਕੋ ਗੁਰੁ ਹੁਕਮ ਸੁਨਾਯੋ। ਭੋਜਨ ਛਕੋ ਬਿਪ੍ਰ ਮਨ ਭਾਯੋ॥
ਮੁਹਿਰ ਦੱਖਣਾ ਮਾਸ ਅਹਾਰੀ। ਪਾਵੈਗੋ ਤੁਮ ਲੇਹੁ ਵਿਚਾਰੀ॥
ਜੋ ਪ੍ਰਸਾਦ ਮਾਸ ਬਿਨ ਖੈਹੈ। ਏਕ ਰਜਤਪਣ ਦਖਣਾਂ ਪੈਹੈ॥
ਚੋਜੀ ਰਚਯੋ ਗੁਰੂ ਇਹੁ ਚੋਜ। ਬਿਪਰ ਛਕੈਂ ਦੁਹੂੰ ਦਿਸ ਰੋਜ॥
ਕਿੰਚਤ ਹੀ ਨਿਰਮਾਂਸ ਰਹਾਏ। ਬਾਕੀ ਸਬ ਸਮਾਂਸ ਦ੍ਵਿਜ ਥਾਏ॥
ਪਾਂਚ ਪਾਂਚ ਦੈ ਉਨੇਂ ਰੁਪੱਯੇ। ਹਾਂਕ ਦਏ ਸੋ ਬੈਲਨ ਭੱਯੇ॥
ਜੋ ਧਰਮੀ ਨਿਰਮਾਂਸ ਰਹਾਏ। ਸੋ ਸਾਦਰ ਗੁਰ ਰਖੇ ਟਿਕਾਏ॥
ਤਿਨ ਕੋ ਦਖਣਾਂ ਮੁਹਿਰੈ ਦੀਨੀ। ਬਰਣੀ ਹਵਨ ਜੋਗ ਲਏ ਚੀਨੀ॥
ਉਨ ਮੈਂ ਕੇਸਵ ਥਾਂ ਬਖਿਯਾਤਾ। ਮੰਤ੍ਰ ਸ਼ਾਸਤ੍ਰ ਬੇਦ ਗਿਆਤਾ॥
ਹਵਨ ਹੇਤ ਉਨ ਜਿਤਕ ਸਮੱਗ੍ਰੀ। ਲਿਖਵਾਈ ਸੋ ਆਈ ਅੱਗ੍ਰੀ॥
ਚੰਦਨ ਕੁੰਕਮ ਲੌਂਗ ਸੁਪਾਰੀ। ਜਵ ਤਿਲ ਦਾਖ ਨਰੇਲ ਅਪਾਰੀ॥
ਸਹਿਤ ਕਪੂਰ ਖੰਡ ਘ੍ਰਿਤ ਆਦਿਕ। ਕੀਨੀ ਜਮਾਂ ਵਸਤ ਸੁਖ ਸਾਧਕ॥
ਸਾਹਿਬ ਸਸਿ, ਕ੍ਰਿਪਾਲ, ਗੁਰ ਬਖਸਾਦੀ ਪਚੰਦ ਆਦਿਕ ਬਹੁਸਖਸ॥
ਕੀਨੋ ਤਈ ਨਾਤ ਬਚ ਕਹੇ। ਸਰਬ ਸਮੱਗ੍ਰੀ ਹਾਜ਼ਰ ਰਹੇ॥੪॥

## ਦੋਹਿਰਾ

ਆਨੰਦ ਪੁਰ ਤਟ ਸਤਲੁਜੈ ਗੁਰ ਕੇ ਬਾਗ ਮਝਾਰ।
ਹਵਨ ਹੋਨ ਲਾਗਯ ਤਹਾਂ ਪਿਖ ਅਸਬਾਂਨ ਉਦਾਰ॥੫॥

## ਦਵੈਯਾ ਛੰਦ

ਸੱਤ੍ਰਾਸਏ ਚੁਰੰਜਾ ਚੇਤ੍ਰ ਨਵਰਾਤੇ ਕੇ ਮਾਹੀਂ। ਲਗਨ ਮਹੂਰਤ ਸੋਧ ਭਲੇ ਸਬ ਹਵਨ ਅਰੰਭਯੋ ਵਾਹੀਂ। ਕੇਸਵ ਹਵਨ ਕਰਾਵਨ ਬੈਠੇ ਗੁਰੂ ਅਹੂਤੀ ਦੇਤੇ। ਬਰਨੀ ਕਰਨੀ ਔਰੇ ਬਿਪ੍ਰਨ ਠਾਨੀ ਸ਼ਾਤੀ ਹੇਤੇ॥ ਸਾਮੱਗ੍ਰੀ ਯੁਤ ਪਰਨਾਰੇ ਸਮ ਧਾਰਾ ਘਿਰਤ ਪਵੇਹੈ। ਚਾਰ ਮਾਸ ਤਹਿ ਹਵਨ ਭਯੋ ਜਬ ਬਰਖਾਂ ਲਗੀ ਅਤੇ ਹੈ। ਫਿਰ ਨੈਣਾ ਦੇਵੀ ਦੇ ਟਿਲੇ ਪਰ ਅਸਥਲ ਪੇਖ ਸੁਹਾਵਨ। ਜਾਇ ਹਵਨ ਕਰਨੇ ਗੁਰ ਲਾਗੇ ਦ੍ਵਿਜ ਵਰ ਬੈਠ ਕਰਾਵਨ॥ ਦੇਸ ਬਦੇਸ ਬਾਤ ਇਹੁ ਚਾਲੀ ਗੁਰ ਦੇਵੀ ਪ੍ਰਗਟਾਵਨ॥ ਸਿੱਖ ਆਸਿੱਖ ਹੋਇ ਖੁਸ਼ ਕੈਹੈਂ ਅਬ ਗੁਰ ਤੁਰਕੈ ਘਾਵਨ। ਨ੍ਰਿਪ ਪਹਾੜੀ ਧਰ ਕਰ ਸ਼ਰਧਾ ਪਿਖਨ ਵਕੀਲ ਪਠਾਵਨ॥ ਹਵਨ ਸਮੱਗ੍ਰੀ ਸੰਗਤ ਗੁਰ ਕੀ ਲਾਗੀ ਅਧਿਕ ਪੁਚਾਵਨ। ਸਾਲ ਬਿਤਯੋ ਇੱਕ ਯੌਹੀ ਜਬ ਤਬ ਦ੍ਵਿਜਵਰ ਗੁਰੈ ਪੁਛੀਓ। ਦੁਰਗਾ ਥਾਰੀ ਕਬ ਪ੍ਰਗਟੇਗੀ ਕੇਸਵ ਉੱਤਰ ਦੀਓ॥ ਕਿਸੇ ਕੁਲੀਨ ਸ੍ਰੇਸ਼ਟ ਨਰ ਕੀ ਗੁਰੂ ਕਹਯੋ ਪੰਡਤ ਜੀ ਜੈਸਾ ਨਰ ਤੂੰ ਕੈਹੈਂ। ਸੋ ਤੁਮ ਸਮ ਕੁਲੀਨ ਉਤਮ ਜਨ ਕਹੋ ਕੌਨ ਜਗ ਮੈਂ ਹੈਂ॥ ਅਬ ਹਮ ਬਲੀ ਤੁਮਾਰੀ ਦੈਹੈਂ ਜਬ ਪ੍ਰਗਟੇਗੀ ਮਾਈ। ਪਹਲੇ ਤਿਸ ਤੈ

ਤੁਮੈ ਜਿਵਾਕੈ ਫਿਰ ਬਰ ਮਾਂਗੈ ਭਾਈ। ਸੁਨ ਪੰਡਤ ਜੀ ਸਾਚ ਮਾਨਕੈ ਦਹਿਲ ਸੁਨਾਯੋ ਐਸੇ। ਮੈਂ ਸੁਚੇਤ ਹੋਇ ਨ੍ਹਾਇ ਆਇ ਤੋ ਹਵਨ ਕਰੋ ਤੁਮ ਬੈਸੇ। ਠਾਂਨ ਬਹਾਨਾ ਜਬ ਵਹਿ ਖਿਸਕਯੋ ਔਰ ਗਏ ਦ੍ਵਿਜ ਡਰਹੈ। ਅਨਕ ਬਹਾਨੇ ਰਚ ਰਚ ਭਾਗੇ ਮਤ ਹਮ ਕੋ ਗੁਰੁ ਫਰਹੈ। ਹਵਨ ਕਰਯੋ ਤਬ ਗੁਰੂ ਅਕੇਲੈ ਪਹਰ ਤ੍ਰੈਦਸ ਇਕ ਰਸ। ਧਿਆਨ ਅਕਾਲ ਪੁਰਖ ਮੈਂ ਧਾਰੇ ਦਸ ਇੰਦ੍ਰ ਮਨ ਕਰ ਵਸ। ਪ੍ਰਗਟੀ ਜੋਤਿ ਅਕਾਲ ਤਬੈ ਦਿਬ ਧਯਾਨ ਧਰਤ ਨਿਤ ਜਾਹੂੰ। ਪੇਖ ਮਸਤ ਖੁਸਿ ਥੀਏ ਅਤਿ ਮੈਂ ਬਰ ਗੁਰੁ ਚਹਯੋ ਨ ਕਾਹੂੰ। ਤੈਂ ਭੀ ਉਸੀ ਜੋਤ ਤੈਂ ਬਾਨੀ ਸਤਿਗੁਰ ਇਹ ਸੁਨ ਪਾਈ। ਪੰਥ ਤੁਮਾਰਾ ਚਲੈ ਬੀਰ ਬਡ ਧਰ ਪਰ ਸਦਾ ਰਹਾਈ।।੬।।

## ਦੋਹਿਰਾ

ਤਬ ਗੁਰ ਸਰਬ ਸਮੱਗ੍ਰੀ ਹਵਨ ਕੁੰਡ ਕੇ ਮਾਂਹਿ।
ਏਕਹਿ ਥਿਰ ਜਬ ਪਾ ਦਈ ਚਾਨਣ ਭਯੋ ਮਹਾਂਹਿ।।੭।।
ਦੂਰ ਦੂਰ ਲੌਂ ਚਾਂਦਨਾ ਲੋਗਨ ਪਿਖ ਨਿਰ ਧਾਰ।
ਜਾਨਿਯੋ ਪਗਟਾਂ ਦੁਰਗ ਸਾਹ ਪ੍ਰਗਟਾਈ ਗੁਰੁ ਸਾਰ।।੮।।
ਅਬ ਤੁਰਕਨ ਕੇ ਜ਼ੁਲਮ ਤੈਂ ਛੁਟ ਜੈਹੈ ਹਿੰਦੁਵਾਂਨ।
ਮੁਸਲਿਆਂ ਕੋ ਗੁਰੁ ਮਾਰ ਹੈ ਠਾਂਨ ਘਨੇ ਘਮਸਾਂਨ।।੯।।

## ਚੌਪਈ

ਯਾ ਬਿਧਿ ਕਰ ਸਤਿਗੁਰ ਨਿਜ ਕਾਰਜ। ਆਨੰਦ ਪੁਰ ਦਿਸ ਆਏ ਆਰਯ।।
ਨੰਗੀ ਤੇਗ ਹਾਥ ਮੇਂ ਲੀਏ। ਆਵਤ ਮਸਤ ਮੋਦ ਮਨ ਥੀਏ।।
ਜਾਇ ਮਿਲੇ ਮਗ ਮੈਂ ਨਰ ਜੇਈ। ਬੂਝਤ ਰਹੇ ਨਮੋਂ ਕਰ ਤੇਈ।।
ਮਹਾਰਾਜ ਦੇਵੀ ਪ੍ਰਗਟਾਈ। ਗੁਰੁ ਸੇਨਤ ਦਿਸ ਤੇਗ ਕਰਾਈ।।
ਰਵਿ ਸਮ ਦਿਪਤ ਤੇਜ਼ ਗੁਰੁ ਕੇਮ। ਅਧਕਨ ਜਾਤ ਕਿਸੀ ਤੇ ਹੇਰਾ।।
ਪੇਖ ਤੇਗ ਬਿਜਲੀ ਸਮ ਚਮਕਤ। ਤੀਛਨ ਭੀਛਨ ਅਤਿਸੈ ਦਮਕਤ।।
ਸਭ ਲੋਂਗੋਂ ਨੇ ਨਿਸ਼ਚੇ ਠਈ। ਏਹੁ ਤੇਗ ਦੇਵੀ ਨੇ ਦਈ।। ਪੁਨः ।।
ਏਹੋ ਬਾਤ ਜਗਤ ਬਿਦਤਾਈ। ਜੋ ਅਬਲੌਂ ਹੈਂ ਫੈਲ ਰਹਾਈ।।
ਸਿਖਨ ਪੁਸਤਕੋਂ ਮੈਂ ਲਿਖ ਰਾਖੀ। ਸੋਈ ਪਿਖ ਮਾਖੀ ਪਰ ਮਾਖੀ।।
ਮੈਂ ਭੀ ਮਾਰੀ ਭੁਲਕੈ ਖਾਸ। ਪਹਲੇ ਵੀਚ ਪੰਥ ਪਰਕਾਸ।।
ਸੋ ਫੈਲਯੋ ਬਹੁ ਜਗਤ ਮਝਾਰੀ। ਅਬ ਸਤਿਗੁਰ ਜਬ ਕ੍ਰਿਪਾਧਾਰੀ।
ਬਖਸ਼ੀ ਸੁੱਧ ਬੁੱਧ ਦਿਢ ਸਾਚੀ। ਆਪ ਪ੍ਰੇਰਯੋ ਸਤਿਗੁਰ ਸਾਛੀ।।
ਸਾਚੀ ਸਾਖੀ ਤਬ ਫੁਰਆਈ। ਲਿਖੀ ਸੋਊ ਜੋ ਗੁਰੂ ਲਿਖਾਈ।। ਪੁਨः

## ਦੋਹਿਰਾ

ਦੇਵੀ ਇਸਟ ਨ ਗੁਰੂ ਕਾ ਬਨਤ ਕਿਸੇ ਪਰਿਵਾਰ।
ਪੂਜੀ ਮਾਂਨੀ ਨਾਂ ਕਬੀ ਕਿਸੀ ਗੁਰੂ ਨੇ ਢਾਰ।।"

## ਦੋਹਿਰਾ

ਦੇਖਯਾ ਚੌਥਾ ਮੱਤ ਜੀ ਗਿਆ ਤਿਹਾਂ ਤੇ ਫੁਟ।
ਜਿਸ ਤੇ ਦੁਰਗਾ ਪੂਜਨੀ ਗਈ ਮਾਲ ਅਬ ਟੁੱਟ।।੯੯।।

ਭਾਵ:- ਗਿਆਨੀ ਗਿਆਨ ਸਿੰਘ ਜੀ ਨੇ ਅਪਨੇ ਪੰਥ ਪ੍ਰਕਾਸ਼ ਵਿੱਚ ਅਪਨੀ ਕਲਮ ਨਾਲ ਦੁਰਗਾ ਪੂਜਨ ਨੂੰ ਆਪ ਖੰਡਨ ਕਰ ਦਿੱਤਾ ਹੈ, ਜਿਸ ਤੇ ਸਾਨੂੰ ਹੋਰ ਕਿਸੇ ਦੀ ਗੁਵਾਹੀ ਦੀ ਕੋਈ ਲੋੜ ਨਹੀਂ ਹੈ।।

ਦੂਸਰੀ ਵੇਰ ਗਿਆਨੀ ਜੀ ਲਿਖਦੇ ਹਨ ਕਿ ਗੁਰੂ ਜੀ ਨੂੰ ਨਾ ਦੁਰਗਾ ਪੂਜਨ ਦੀ ਲੋੜ ਸੀ ਅਰ ਨਾ ਉਨ੍ਹਾਂ ਨੇ ਪੂਜੀ ਹੀ ਹੈ, ਕਿੰਤੂ ਇੱਕ ਪੰਡਤ ਥੋਂ ਕਿਸੇ ਦੂਜੇ ਪੰਡਤ ਨੇ ਪੁੱਛਿਆ ਕਿ ਅਰਜਨ ਅਤੇ ਭੀਮ ਵਿੱਚ ਜੋ ਇਤਨਾ ਬਲ ਦੱਸਯਾ ਹੈ ਸੋ ਸੱਚ ਬਾਤ ਹੈ ਕਿ ਐਵੇਂ ਕਥਨ ਮਾਤ੍ਰ ਹੀ ਹੈ? ਜਿਸ ਨੂੰ ਸੁਨਕੇ ਉਸ ਨੇ ਉੱਤ੍ਰ ਦਿੱਤਾ ਕਿ ਉਨ੍ਹਾਂ ਨੇ ਜੱਗ ਕਰਕੇ ਦੇਵੀ ਦਾ ਪੂਜਨ ਕੀਤਾ ਸਾ ਜਿਸ ਪਰ ਉਹ ਪ੍ਰਤੱਖ ਹੋ ਗਈ ਸੀ, ਇਸ ਬਾਤ ਨੂੰ ਸੁਨਕੇ ਸਿੱਖ ਭਰਮ ਗਏ ਅਰ ਆਖਨ ਲੱਗੇ ਕਿ ਪੰਡਤ ਜੀ ਅਸੀਂ ਭੀ ਓਸੇ ਤਰ੍ਹਾਂ ਜੱਗ ਕਰਾਈਏ ਤਾਂ ਤੁਸੀਂ ਪ੍ਰਗਟ ਕਰ ਦੇਵੋਗੇ?

ਜਦ ਸਿੱਖਾਂ ਨੇ ਕਿਹਾ ਤਦ ਪੰਡਤ ਲੋਭ ਵਿੱਚ ਆ ਗਿਆ ਅਰ ਜਾਣ ਖਲਾ ਕਿ ਸਿੱਖ ਹੁਣ ਮੇਰੇ ਫੰਧੇ ਵਿੱਚ ਆ ਗਏ ਹਨ, ਇਸ ਵਾਸਤੇ ਇਨ੍ਹਾਂ ਤੇ ਧਨ ਲੁੱਟਨਾ ਚਾਹੀਏ, ਜਿਸ ਤੇ ਸਿੱਖਾਂ ਨੇ ਗੁਰੂ ਮਹਾਰਾਜ ਪਾਸ ਅਰਜ਼ ਕੀਤੀ ਜਿਸ ਪਰ ਗੁਰੂ ਜੀ ਫੁਰਮਾਇਆ ਕਿ ਪੰਡਤ ਜੀ ਜੇ ਤਦੋਂ ਪ੍ਰਗਟ ਹੋਈ ਸੀ ਤਾਂ ਹੁਣ ਭੀ ਕਰ ਦੇਵੋ, ਇਸ ਦਾ ਉੱਤ੍ਰ ਉਨ੍ਹਾਂ ਨੇ ਏਹੋ ਦਿੱਤਾ ਕਿ ਮਹਾਰਾਜ ਇੱਕ ਜੱਗਯ ਅਰ ਹਵਨ ਕਰਨਾ ਪਏਗਾ ਜਿਸ ਦੇ ਬਲ ਨਾਲ ਪ੍ਰਗਟ ਹੋਏਗੀ ਫਿਰ ਆਪਨੇ ਜੋ ਵਰ ਮੰਗਨਾਂ ਹੋਵੇ ਸੋ ਮੰਗ ਲੈਣਾ।।

ਗੁਰੂ ਜੀ ਨੇ ਫੁਰਮਾਇਆ ਕਿ ਸਾਨੂੰ ਅਕਾਲ ਪੁਰਖ ਤੋਂ ਬਿਨਾਂ ਹੋਰ ਕਿਸੇ ਤੇ ਵਰ ਮੰਗਨ ਦੀ ਕੋਈ ਇੱਛਾ ਨਹੀਂ ਹੈ ਜਿਸ ਤੇ ਅਸੀਂ ਉਸ ਦਾ ਪੂਜਨ ਨਹੀਂ ਕਰਾਂਗੇ, ਪਰ ਜਗ ਹੋਮ ਤਾਂ ਛੱਤ੍ਰੀਆਂ ਦਾ ਧਰਮ ਹੈ ਕਿਉਂਕਿ ਇਸ ਤੇ ਬਰਖਾ ਬਰਸਦੀ ਹੈ, ਬੀਮਾਰੀ ਜਾਂਦੀ ਰਹਿੰਦੀ ਹੈ ਪਉਣ ਸ਼ੁੱਧ ਹੈ, ਕਾਲ ਨਿਕਲ ਜਾਂਦਾ ਹੈ, ਸੂਰਬੀਰ ਪੁਰਖ ਧਰਤੀ ਪਰ ਪੈਦਾ ਹੁੰਦੇ ਹਨ ਅਤੇ ਪ੍ਰਤਾਪ ਵਧਦਾ ਹੈ, ਇਤਨਿਆਂ ਗੁਣਾਂ ਵਾਲਾ ਹੋਨ ਦੇ ਕਾਰਨ ਜਗ ਅਰ ਹੋਮ ਅਸੀਂ ਕਰੇਗੇ।।

ਤਦ ਪਹਲੇ ਸਤਦ੍ਰਵ ਦੇ ਕਨਾਰੇ ਗੁਰੂ ਦੇ ਬਾਗ ਵਿੱਚ ਚਾਰ ਮਹੀਨੇ ਹਵਨ ਹੋਇਆ ਫਿਰ ਬਰਖਾ ਰੁਤ ਵਿੱਚ ਨੈਨਾ ਦੇਵੀ ਦੇ ਪਹਾੜ ਪਰ ਚਲੇ ਗਏ, ਪਰੰਤੂ ਜਦ ਉਹ ਪ੍ਰਗਟ ਕਰਨ ਦੇ ਇੱਕਰਾਰ ਦਾ ਸਮਾਂ ਆਇਆ ਤਦ ਗੁਰੂ ਜੀ ਨੇ ਮੁਖ ਪੰਡਤ ਨੂੰ ਪੁਛਿਆ ਕਿ ਦੱਸੋ ਹੁਨ ਤੁਹਾਡੀ ਦੇਵੀ ਕਿਉਂ ਨ ਪ੍ਰਗਟੀ, ਜਿਸ ਨੂੰ ਸੁਨਕੇ ਪੰਡਤ ਨੇ ਆਖਿਆ ਕਿ ਮਹਾਰਾਜ ਕਿਸੇ ਪਵਿਤ੍ਰ ਪੁਰਖ ਦਾ ਸੀਸ ਭੇਟਾ ਦਈਏ ਤਾਂ ਪ੍ਰਗਟੇਗੀ ਜਿਸ ਪਰ ਗੁਰੂ ਜੀ ਨੇ ਤੇਗ ਖਿੱਚਕੇ ਕਿਹਾ ਕਿ ਆਪ ਤੇ ਪਵਿੱਤਰ ਹੋਰ ਕੌਨ ਹੈ ਪਹਲੇ ਤੇਰਾ ਹੀ ਸਿਰ ਦੇਦੇ ਹਾਂ, ਇਸ ਬਚਨ ਨੂੰ ਸੁਨਕੇ ਬ੍ਰਾਹਮਨ ਡਰਦਾ ਸੁਚੇਤੇ ਦਾ ਪੰਜ ਕਰਕੇ ਨੱਸ ਗਿਆ, ਜਿਸ ਨੂੰ ਦੇਖਕੇ ਹੋਰ ਪੰਡਤ ਭੀ ਚਲੇ ਗਏ।।

ਜਦ ਗੁਰੂ ਜੀ ਨੇ ਸਭ ਪਖੰਡ ਦੇਖ ਲੀਤਾ ਤਦ ਅਕਾਲ ਪੁਰਖ ਦਾ ਧਿਆਨ ਕੀਤਾ ਅਰ ਉਸ ਵੇਲੇ ਅਕਾਸ਼ ਵਿੱਚ ਪਰਕਾਸ਼ ਹੋ ਗਿਆ ਅਤੇ ਅਕਾਸ਼ ਬਾਣੀ ਹੋਈ ਕਿ ਤੇਰਾ ਪੰਥ ਚਲੇਗਾ, ਜਿਸ ਨੂੰ ਸੁਨਕੇ ਗੁਰੂ ਜੀ ਨੇ ਸਾਰੀ ਸਮੱਗ੍ਰੀ ਹਵਨ ਕੰਡ ਵਿੱਚ ਡੇਗ ਦਿੱਤੀ ਅਰ ਵੱਡੀ ਭਾਰੀ ਲਾਟ ਨਿਕਲੀ ਤਦ ਲੋਕਾਂ ਨੇ ਜਾਣਿਆ ਕਿ ਦੇਵੀ ਪ੍ਰਗਟ ਹੋਈ ਹੈ, ਇਤਨੇ ਵਿੱਚ ਗੁਰੂ ਜੀ ਨੰਗੀ ਤਲਵਾਰ ਹੱਥ ਵਿੱਚ ਲੈਕੇ ਉਤਰੇ ਅਰ ਲੋਗਾਂ ਨੇ ਪੁੱਛਿਆ ਕਿ ਮਹਾਰਾਜ ਦੇਵੀ ਪ੍ਰਗਟੀ? ਜਿਸ ਪਰ ਗੁਰੂ ਜੀ ਤਲਵਾਰ ਵੱਲ ਇਸ਼ਾਰਾ ਕਰ ਦੇਨ ਜਿਸ ਤੇ ਲੋਕਾਂ ਨੇ ਜਾਤਾ ਕਿ ਇਹ ਤੇਗ ਦੇਵੀ ਨੇ ਦਿੱਤੀ ਹੈ। ਪਰੰਤੂ ਗੁਰੂ ਜੀ ਦਾ ਇਸ ਦੇ ਕਥਨ ਤੇ ਇਹ ਭਾਵ ਸਾ ਕਿ ਏਹ ਤੇਗ ਹੀ ਦੇਵੀ ਹੈ ਜਿਸ ਤੇ ਹੋਰ ਕੋਈ ਦੇਵੀ ਨਹੀਂ ਹੈ॥

## ਦੋਹਿਰਾ

ਇਸ ਤੇ ਸਿੱਧ ਇਹ ਨਹਿ ਪੂਜੀ ਗੁਰ ਚੰਡ।
ਇਹ ਸਭ ਝੂਠਾ ਥਾ ਕਰਾ ਬਿੱਪਨ ਵਡਾ ਘਮੰਡ॥੯੦॥
ਦੇਖਿਆ ਤੇਰੇ ਸਾਮ੍ਹਨੇ ਕਹੇ ਗਿਆਨੀ ਆਪ।
ਗੁਰੁ ਦਾ ਦੁਰਗਾ ਪੂਜਨਾ ਹੈ ਕਵੀਆਂ ਦਾ ਪਾਪ॥੯੧॥
ਫਿਰ ਹੁਨ ਦੱਸ ਪਿਆਰਿਆ ਕਿਹੜੀ ਸੀ ਇਹ ਗੱਲ।
ਮਾਰੀ ਵਿੱਚ ਅਗਿਆਨ ਦੇ ਕਵਿ ਵਡੀ ਜ਼ਟੱਲ॥੯੨॥

## ਦੋਹਿਰਾ

ਭਾਵੇਂ ਖੰਡਨ ਹੈ ਕਰਾ ਅਪਨੀ ਮਤਿ ਅਨੁਸਾਰ।
ਪਰ ਇਸ ਵਿੱਚ ਭੀ ਸਾਧ ਨੇ ਕੀਤੀ ਨਹੀਂ ਵਿਚਾਰ॥੯੩॥
ਸੋ ਮੈਂ ਦੱਸਾਂ ਤੁਧ ਨੂੰ ਜੇ ਕੁਛ ਰਹਿ ਗਈ ਭੁੱਲ।
ਦੇਖੈਂ ਜਦੋਂ ਵਿਚਾਰ ਕੇ ਕਿਹਾ ਖਿੜੇਗਾ ਗੁੱਲ॥੯੪॥

## ਦਵੈਯਾ

ਪਹਲੇ ਤਾਂ ਸਿੱਖਾਂ ਦਾ ਸੁਨਕੇ ਜੱਗ ਹਵਨ ਖੁਸ਼ ਹੋਨਾ। ਦੇਵੀ ਪ੍ਰਗਟ ਕਰਨੇ ਖਾਤਰ ਚਾਹਿਆ ਸੀ ਧਨ ਖੋਨਾ॥ ਇਸ ਤੇ ਸਾਬਤ ਹੁੰਦਾ ਹੈ ਜੋ ਸਿੰਘ ਨਹੀ ਸੇ ਧਰਮੀ। ਸੇ ਉਹ ਪਾਸ ਗੁਰੂ ਦੇ ਰਹਿੰਦੇ ਅਗਿਆਨੀ ਜਨ ਭਰਮੀ॥੯੫॥ ਦੂਜਾ ਬ੍ਰਾਹਮਨ ਦਾ ਖੁਸ਼ ਹੋਨਾ ਸਿੱਖਾਂ ਨੂੰ ਭੁਚਲਾਕੇ। ਅਪਨਾ ਚਾਹੇ ਪੇਟ ਪਾਲਨਾ ਬੁਧੂ ਸਾਥ ਫਸਾਕੇ॥ ਫਿਰ ਸਿੱਖਾਂ ਦਾ ਗੁਰ ਢਿਗ ਜਾਕੇ ਏਹੋ ਹਾਲ ਸੁਨਾਨਾ। ਜਿਸ ਪਰ ਗੁਰ ਨੇ ਤਿਸ ਪੰਡਤ ਕੋ ਅਪਨੇ ਪਾਸ ਬੁਲਾਨਾ॥੯੬॥ ਹੇ ਇਹ ਬਾਤ ਬਨਾਵਟ ਦਿੱਸਦੀ ਜੋ ਮਨ ਮਹਿ ਨਹਿੰ ਆਵੇ। ਗੰਢ ਤ੍ਰੁੱਪ ਕਰ ਨਾਲ ਅਕਲ ਦੇ ਲੋਗਾਂ ਨੂੰ ਪ੍ਰਚਾਵੇ। ਫਿਰ ਗੁਰ ਜੀ ਇਹ ਬਚਨ ਉਚਾਰਿਆ ਵਰ ਸਰਾਪ ਹੈ ਜੋਈ॥ ਅਰ ਦੇਵੀ ਦਾ ਪ੍ਰਗਟ ਕਰਨਾ ਸਾਨੂੰ ਲੋੜ ਨ ਕੋਈ॥੯੭॥ ਸਾਨੂੰ ਛੁੱਟ ਅਕਾਲ ਪੁਰਖ ਤੇ ਹੋਰ ਨ ਮੰਨਨ ਜੋਗਾ॥ ਦੇਵ ਦੇਵਤਿਆਂ ਪਰ ਨਿਸਚਾ ਤੇਰਾ ਬਿੱਪਰ ਹੋਗਾ॥ ਤਾਂਤੇ ਦੇਵੀ ਅਸੀਂ ਨ ਮੰਨੇ ਜੱਗ ਹੋਮ ਕਰਵਾਵੇ। ਜਿਸ ਤੇ ਕਾਲ ਬੀਮਾਰੀ ਸਾਰੀ ਭਾਰਤ ਤੇ ਨੱਸ ਜਾਵੇ॥੯੮॥ ਤੀਸਰ ਬਰਖਾ ਧਰ ਪਰ ਵਰਸੇ ਚੌਥਾ ਹੋ ਯਸ਼ ਭਾਈ। ਪੰਚਮ

ਪੌਨ ਹਵਨ ਕੀ ਲਾਗੇ ਆਵੇ ਸੂਰਮਤਾਈ।। ਜਿਸ ਤੇ ਬੱਚੇ ਪੈਦਾ ਹੋਸਨ ਵਡੇ ਬਹਾਦਰ ਸੂਰੇ। ਅੱਜ ਕੱਲ ਜੋ ਤੁਰਕੀ ਭੈ ਤੇ ਹਨ ਹੋ ਰਹੇ ਅਧੂਰੇ।।੯੯।। ਹਵਨ ਕਰਨ ਤੇ ਕਾਇਰ ਪ੍ਰਾਣੀ ਸ਼ੇਰ ਭੇਡੀਏ ਹੋਵਨ। ਸ਼ੂਰਬੀਰਤਾ ਉਰ ਮੈਂ ਉਪਜੇ ਭਰਮ ਆਪਨਾ ਖੋਵਨ।। ਪੌਨ ਸ਼ੁੱਧ ਹੋਜਾਸੀ ਸਾਰੀ ਐਸਾ ਮੰਤ ਪਕਾਇਆ। ਆਖੇ ਗਿਆਨੀ ਪੰਡਤ ਨੂੰ ਗੁਰ ਏਹੋ ਲਾਭ ਬਤਾਇਆ।।੧੦੦।। ਪਰ ਇਹ ਹੈ ਇੱਕ ਖਿਆਲ ਪੰਰਾਨਕ ਜੋ ਪਾਖੰਡੀ ਕਹਿੰਦੇ। ਬੁੱਧਅਨ ਇਸ ਜਾਲ ਵਿੱਚ ਨਹੁ ਦੰਦ ਹਨ ਦਾਬੂ ਰਹਿੰਦੇ ਹਵਨ ਕਰਨ ਤੇ ਹੋ ਸੁਕਾਲ ਜੇ ਸਾਰੇ ਧੂਪ ਧੁਖਾਉਨ। ਸਾੜ ਘੀਉ ਅਰ ਚੰਦਨ ਤਿਲ ਜੌਂ ਬੱਦਲ ਚਾ ਬਰਸਾਉਨ।।੧੦੧।। ਅਰ ਜੇ ਹਵਨ ਬੀਮਾਰੀ ਖੋਵੇ ਤਾਂ ਕਿਉਂ ਵੇਦ ਬੁਲਾਵੇ।। ਵਿੱਚ ਅੰਗੀਠੇ ਅੱਗ ਜਗਾਕੇ ਖੂਬ ਅਹੂਤੀ ਪਾਵੇ।। ਕੌੜੀ ਅਤੇ ਕਸੈਲੀ ਦਾਰੂ ਪੀਣੇ ਤੇ ਬਚ ਜਾਉ। ਸ੍ਵਾਹਾ ਕਰਕੇ ਅਪਨਾ ਸਾਰਾ ਰੋਗ ਗੁਵਾਉ।।੧੦੨।। ਔਸ਼ਧਆਲੈ ਹਸਤ ਪਤਾਲੀਂ ਮੂਲ ਨ ਕੋਈ ਜਾਵੇ। ਸੇਰ ਘੀਉ ਨੂੰ ਜਾਲ ਹਵਨ ਕਰ ਘਰ ਬੈਠਾ ਸੁਖ ਪਾਵੇ।। ਇਸੇ ਤਰ੍ਹਾਂ ਜੇ ਸ਼ੂਰਬੀਰਤਾ ਹਵਨ ਕਰੇ ਤੇ ਹੋਏ। ਤਾਂ ਨਿਰਬਲ ਨਿਤ ਦਏ ਅਹੂਤੀ ਰੁਸਤਮ ਪਲ ਮਹਿ ਹੋਏ।।੧੦੩।। ਇਹ ਭੀ ਗੱਲ ਖਿਆਲੀ ਸਾਰੀ ਜੋ ਬਾਵਾ ਜੀ ਗਾਈ। ਹਵਨ ਕਰਨ ਤੇ ਸੂਰਮਤਾਈ ਮਾਨਸ ਅੰਦਰ ਆਈ। ਰੁਸਤਮ ਅਲੀ ਬਹਾਦਰ ਭਾਰੇ ਅਰ ਜੋ ਬੂਨਾਂ ਪਾਰੂ। ਕਦੋਂ ਲਿਆ ਸੀ ਬਲ ਇਨ ਲੋਗਾਂ ਸਿੱਖ ਹਵਨ ਦਾ ਆਰੂ।।੧੦੪।। ਓੜਕ ਨੂੰ ਜਦ ਹਵਨ ਕਰਦਿਆਂ ਆਖੇ ਕੁਝ ਨ ਹੋਇਆ। ਜਿਸ ਪਰ ਪੰਡਤ ਪੱਜ ਲਾਇਕੇ ਓਥੋਂ ਉਠ ਖਲੋਇਆ। ਜਿਸ ਪਰ ਗੁਰ ਜੀ ਕੱਲੇ ਰਹਿ ਗਏ ਹੋਰ ਨ ਕੋਈ ਪਾਸਾ। ਤਦ ਅਕਾਸ਼ ਦੇ ਵਿੱਚ ਭਿਆ ਸੀ ਅਧਭੁਤ ਸਾ ਪ੍ਰਕਾਸ਼।।੧੦੫।। ਅਰ ਅਕਾਸ਼ ਤੇ ਬਾਣੀ ਹੋਈ ਪੰਥ ਚਲੇਗੋ ਭਾਰਾ। ਜਿਸ ਨੂੰ ਸੁਨਕੇ ਸਗਲ ਸਮੱਗਰੀ ਹਵਨ ਕੁੰਡ ਮਹਿ ਡਾਰਾ।। ਜਿਸ ਪਰ ਭਾਂਬੜ ਮੱਚ ਗਿਆ ਸਾ ਲੋਗਾਂ ਦੇਖ ਠਰਾਈ। ਏਹੋ ਪਰਗਟ ਹੋਈ ਹੈ ਜੋ ਲਾਟਾਂ ਵਾਲੀ ਮਾਈ।।੧੦੬।। ਲੈਕੇ ਤੇਗ ਚਮਕਦੀ ਕਰ ਮਹਿ ਗੁਰ ਜੀ ਧਾਮ ਸਧਾਏ। ਜੇ ਕੋ ਪੁੱਛੇ ਤਦ ਗੁਰ ਸੈਨਤ ਤੇਗ ਓਰ ਕਰਵਾਏ।। ਇਹ ਜੋ ਗਿਆਨੀ ਜੀ ਨੇ ਕੀਤਾ ਖੰਡਨ ਦੇਵੀ ਕੇਰਾ। ਇਸ ਮਹਿ ਭੀ ਇੱਕ ਛੱਡ ਗਏ ਹਨ ਸਭ ਤੇ ਦੋਖ ਵਧੇਰਾ।।੧੦੭।। ਵਿੱਚ ਅਕਾਸ਼ ਪ੍ਰਕਾਸ਼ ਭਿਆ ਜੋ ਅਰ ਸੀ ਬਾਣੀ ਹੋਈ। ਉਸ ਦੇ ਕਰਨੇ ਵਾਲਾ ਭੀ ਤਾਂ ਪ੍ਰਗਟ ਹੋਇਆ ਕੋਈ।। ਜੇ ਇਸ ਪਰ ਫਿਰ ਆਖੇ ਕੋਈ ਓਹੋ ਦੇਵੀ ਹੈਸੀ। ਉਲਟਾ ਝਗੜਾ ਗਿਆਨੀ ਜੀ ਦੇ ਆਕੇ ਗਲ ਮਹਿ ਪੈਸੀ।।੧੦੮।। ਤਾਂ ਤੇ ਏਹ ਬਨਾਵਟ ਸਾਰੀ ਪਿੱਛੇ ਹੈ ਰਹਿ ਜਾਂਦੀ। ਪੂਰਬ ਅਪਰ ਵਿਰੋਧ ਦੇਖਕੇ ਮੂਲ ਨ ਮਨ ਨੂੰ ਭਾਂਦੀ।। ਜਦ ਗੁਰੁ ਆਖਿਆ ਵਰ ਸਰਾਪ ਦੀ ਸਾਨੂੰ ਲੋੜ ਨ ਕੋਈ। ਤਾਂ ਫਿਰ ਪੰਥ ਸਾਜਨੇ ਵਾਲੀ ਕਯੋਂ ਸੀ ਆਗਿਆ ਹੋਈ।।੧੦੯।। ਪਵਨ ਸ਼ੁਧ ਅਰ ਹਤਨ ਬੀਮਾਰੀ ਕਾਰਨ ਹਵਨ ਕਰਾਇਆ। ਪੰਥ ਸਾਜਨੇ ਦਾ ਗੁਰ ਤਾਈਂ ਰੰਚਕ ਖਯਾਲ ਨ ਆਇਆ।। ਫਿਰ ਇਹ ਨਿੰਮ ਰੁੱਖ ਦੇ ਬੀਜੇ ਅੰਬ ਕਥਾ ਹੋ ਲੱਗੇ। ਜਿਸ ਦੀ ਬਾਬਤ ਕਥਨ ਨ ਹੋਯਾ ਸਿੱਖਾਂ ਦਾ ਗੁਰ ਅੱਗੇ।।੧੧੦।। ਤਾਂ ਤੇ ਗਿਆਨੀ ਏਸ ਜਗ੍ਹਾਂ ਪਰ ਭੁੱਲ ਗਏ ਹਨ ਭਾਰੇ। ਕੰਟਕ ਘਾਟ ਨਯਾਇ ਵਾਂਗ ਫਿਰ ਜਾਇ ਫਸੇ ਤਿਸ ਗਾਰੇ।। ਜਿਸ ਤੇ ਨਿਕਲਨ ਕਾਰਨ ਕੀਤਾ ਮੁੜਕੇ ਯਤਨ ਅਜੇਹਾ। ਸੋਈ ਫੇਰ ਪੁਆੜਾ ਮੁੜ ਕੇ ਓਡੇ ਕੇਡਾ

ਰੇਹਾ।।੧੧੧।।

ਭਾਵ:- ਭਾਵੇਂ ਗਿਆਨੀ ਜੀ ਨੇ ਗੁਰੂ ਜੀ ਦੇ ਦੇਵੀ ਪ੍ਰਗਟ ਕਰਨ ਨੂੰ ਝੂਠਾ ਤਾਂ ਜਾਨ ਲੀਤਾ ਹੈ ਅਰ ਇਸ ਭਰਮ ਦੇ ਦੂਰ ਕਰਨ ਲਈ ਦੂਸਰੀ ਵੇਰ ਪੰਥ ਪ੍ਰਕਾਸ਼ ਵਿੱਚ ਇਹ ਪ੍ਰਸੰਗ ਲਿਖ ਭੀ ਦਿੱਤਾ ਪ੍ਰੰਤੂ ਫਿਰ ਭੀ ਅਜੇ "ਘਾਟ ਕੰਟਕ ਨਯਾਇ" ਦੀ ਤਰ੍ਹਾਂ ਓਹੋ ਉਪਾਧੀ ਅੰਤ ਨੂੰ ਗਲ ਵਿੱਚ ਆ ਪਈ, ਜਿਸ ਤਰ੍ਹਾਂ ਕੋਈ ਪੁਰਖ ਜੁਗਾਤ ਦੇਨ ਤੇ ਡਰਦਾ ਅਜੇਹੇ ਰਸਤੇ ਪੈ ਜਾਵੇ ਜਿੱਥੇ ਜਾਣੇ ਕਿ ਮੈਂ ਜੁਗਾਤ ਭੰਨ ਜਾਊਂਗਾ ਪਰੰਤੂ ਦੇਵ ਨੇਤ ਨਾਲ ਫਿਰ ਜਿਸ ਥੋਂ ਡਰਦਾ ਔਝੜ ਪਿਆ ਸਾ ਮੁੜਕੇ ਓਸੇ ਮਾਸੂਲ ਖਾਨੇ ਪਾਸ ਆਕੇ ਮਾਸੂਲ ਭਰ ਦੇਵੇ ਤਾਂ ਉਸ ਨੂੰ ਸਵਾਇ ਪੈਂਡਾ ਜ਼ਿਯਾਦਾ ਕਰਨ ਤੇ ਹੋਰ ਲਾਭ ਕੁਝ ਭੀ ਨਹੀਂ ਹੁੰਦਾ।।

ਏਸੇ ਤਰ੍ਹਾਂ ਗਯਾਨੀ ਜੀ ਨੇ ਭੀ ਇਸ ਖਿਆਲ ਨੂੰ ਦੂਰ ਕਰਨ ਵਾਸਤੇ ਕਿ ਗੁਰੂ ਜੀ ਨੇ ਹਵਨ ਕਰਕੇ ਦੇਵੀ ਪਰਗਟ ਕੀਤੀ ਸੀ ਭਾਵੇ ਪੰਥ ਪ੍ਰਕਾਸ਼ ਵਿੱਚ ਪਰਸੰਗ ਨੂੰ ਬਦਲਯਾ ਹੈ ਪ੍ਰੰਤੂ ਦੇਵ ਨੇਤ ਨਾਲ ਓਥੇ ਭੀ ਕਿਸੇ ਵਸਤੂ ਦਾ ਪਰਕਾਸ਼ ਹੋਣਾ ਅਰ ਅਕਾਸ਼ ਤੇ ਪੰਥ ਸਾਜਨ ਦਾ ਸ਼ਬਦ ਸੁਣਨਾ ਆਖ ਬੈਠੇ ਹਨ ਜਿਸ ਤੇ ਓੜਕ ਨੂੰ ਓਹੋ ਬਾਤ ਮੰਨਨੀ ਪਈ, ਕਿਉਂਕਿ ਸੱਠ ਯਾ ਤਿੰਨ ਵੀਹਾਂ ਆਖਨ ਤੇ ਕੇਵਲ ਲਫਜ਼ਾਂ ਦਾ ਹੀ ਫਰਕ ਹੈ ਅਸਲੀ ਤਾਤਪਰਜ ਇੱਕੋ ਹੈ ਇਸੇ ਤਰ੍ਹਾਂ ਗਲ ਵਿੱਚ ਲਾਲਾਂ ਦੀ ਮਾਲਾ ਅਰ ਹੱਥਾਂ ਵਿੱਚ ਸੱਪ ਲੈਕੇ ਪੰਥ ਸਾਜਨਾ ਨਾ ਮੰਨਕੇ ਐਵੇਂ ਅਕਾਸ਼ ਬਾਣੀ ਨਾਲ ਆਪ ਦੇਨ ਦਾ ਭਾਵ ਭੀ ਓਹੋ ਹੈ ਜੋ ਠੀਕ ਨਹੀਂ ਹੈ।।

ਏਹੋ ਖਿਆਲ ਯਹੂਦੀਆਂ ਦਾ ਭੀ ਹੁੰਦਾ ਸਾ ਜਿਸ ਤੇ ਬਾਈਬਲ ਵਿੱਚ ਲਿਖਿਆ ਹੈ ਕਿ 'ਖੁਦਾ ਬਦਲਾਂ ਵਿੱਚ ਬੈਠਕੇ ਗੱਲਾਂ ਕਰਦਾ ਹੁੰਦਾ ਸਾ' ਸੋ ਇਹ ਵਹਮੀ ਖਿਆਲ ਹਨ ਕੋਈ ਸਰਧਾ ਦੇ ਜੋਗ ਨਹੀਂ ਹਨ, ਇਸ ਤੇ ਅੱਗੇ ਜਦ ਗੁਰੂ ਜੀ ਨੇ ਹਵਨ ਭੀ ਗਯਾਨੀ ਜੀ ਦੇ ਕਥਨ ਅਨੁਸਾਰ ਕਿਸੇ ਵਰ ਸਰਾਪ ਦੇ ਵਾਸਤੇ ਨਹੀਂ ਕਰਾਇਆ ਸਾ ਕਿੰਤੂ ਕੇਵਲ ਵਾਯੂ ਦੀ ਸ਼ੁੱਧੀ ਅਰ ਬੀਮਾਰੀ ਦੇ ਨਾਸ ਹਿਤ ਸਮਝ ਕੇ ਆਗਯਾ ਦਿੱਤੀ ਸੀ ਤਾਂ ਫਿਰ ਉਸ ਦਾ ਫਲ ਅਕਾਸ਼ ਵਿੱਚ ਪ੍ਰਕਾਸ਼ ਅਰ ਬਾਣੀ ਹੋਨ ਦਾ ਕਿਆ ਪਰਯੋਜਨ ਸੀ? ਇਸ ਤੇ ਸਾਫ ਸਿੱਧ ਹੁੰਦਾ ਹੈ ਕਿ ਗਿਆਨੀ ਜੀ ਨੂੰ ਅਪਨੇ ਪਰਸੰਗ ਵਿੱਚ ਪੂਰਬ ਅਪਰ ਵਿਰੋਧ ਦਾ ਖਿਆਲ ਨਹੀਂ ਆਇਆ, ਜੇ ਆ ਜਾਂਦਾ ਤਾਂ ਅਜੇਹੀ ਯੁਕਤਿ ਉਕਤਿ ਵਿਰੁੱਧ ਪਰਸੰਗ ਕਦੇ ਨਾ ਲਿਖਦੇ।।

ਅਭਿਆਸ ਤੇ ਉਦੱਮ ਕਰਨੇ ਪਰ ਹੁਣ ਭੀ ਹੋ ਸੱਕਦੀ ਹੈ ਤੇਗ ਜੈਸੀ ਤੇਜ਼ ਵਾਲੀ ਹੋਰ ਕੋਈ ਬਲਵਾਨ ਦੇਵੀ ਨਹੀਂ ਏਸੇ ਦੇ ਬਰ ਪ੍ਰਸ਼ਾਦ ਨਾਲ ਮਹਾਰਾਜ ਰਾਮ ਕ੍ਰਿਸ਼ਨ ਆਦਿਕਾਂ ਨੇ ਰਾਵਣ ਕੰਸਾਦਿਕਾਂ ਨੂੰ ਮਾਰਕੇ ਧਰਮ ਦੀ ਰੱਖਯਾ ਕੀਤੀ ਏਸੇ ਤੇਗ ਦੇਵੀ ਦੇ ਬਲ ਪ੍ਰਤਾਪ ਨਾਲ ਪਾਡਵਾਂ ਨੇ ਕੌਰਵਾਂ ਨੂੰ ਫਤੇ ਕੀਤਾ ਤੇ ਏਸੇ ਦੀ ਕ੍ਰਿਪਾ ਨਾਲ ਮੁਸਲਮਾਨ ਰਾਇ ਪਥੋਰੇ ਚੁਹਾਨ ਰਾਜਪੂਤ ਪਾਸੋਂ ਹਿੰਦੁਸਤਾਨ ਛੀਨਕੇ ਬਾਦਸ਼ਾਹ ਬਣ ਬੈਠੇ ਹਨ ਹੁਣ ਸਿੱਖ ਬੀ ਜੇਕਰ ਏਸੇ ਸ਼ਸਤ੍ਰ ਬਿਦਿਆ ਦੇਵੀ ਨੂੰ ਪ੍ਰਸਿੱਧ ਕਰ ਲੈਣ ਤਾਂ ਏਹ ਬੀ ਬਹਾਦੁਰ ਤੇ ਸ਼ੂਰ-ਬੀਰ ਜਗਤ ਵਿੱਚ ਮਸ਼ਹੂਰ ਹੋ ਜਾਣਗੇ ਹੋਰ ਜੋ ਕੁਛ ਪਿਛਲੇ ਲੋਗਾਂ

ਦੀਆਂ ਬਡਿਆਈਆਂ ਪੋਥੀਆਂ ਵਿੱਚ ਲਿਖਿਆਂ ਹਨ ਸੋ ਸਬ ਅਰਥਬਾਦ ਹੈ, ਏਸ ਪ੍ਰਸੰਗ ਉਤੇ ਜਦ ਪੰਡਤਾਂ ਨੇ ਬਹੁਤ ਹਠ ਕਰਕੇ ਆਖਿਆ ਕਿ ਅਸੀਂ ਹੁਣ ਬੀ ਦੇਵੀ ਨੂੰ ਪ੍ਰਗਟ ਕਰ ਦਿਖਾ ਸਕਦੇ ਹਾਂ ਜੇ ਕੋਈ ਦੌਲਤ ਖਰਚੇ, ਗੁਰੂ ਜੀ ਬੋਲੇ ਕਿਤਨੀ ਦੌਲਤ ਚਾਹੀਏ? ਉਨ੍ਹਾਂ ਨੇ ਸਵਾ ਲੱਖ ਰੁਪਯਾ ਮੰਗਯਾ ਗੁਰੂ ਜੀ ਨੇ ਏਸ ਖ਼ਿਆਲ ਨਾਲ ਮਨਜ਼ੂਰ ਕਰ ਲੀਤਾ ਕਿ ਜੱਗਯ ਤੇ ਹੋਮ ਪੀਛੇ ਭੀ ਧਰਮਾਤਮਾਂ ਛੱਤੀ ਕਰਦੇ ਰਹੇ ਹਨ ਸੋ ਹੁਨ ਬੀ ਕਰਨਾ ਚਾਹੀਏ ਜੇ ਦੇਵੀ ਨਾ ਪ੍ਰਗਟ ਹੋਊਂ ਤਾਂ ਓਹ ਫਾਇਦੇ ਤਾਂ ਜ਼ਰੂਰ ਹੋ ਜਾਣਗੇ ਜੋ ਬ੍ਰਿਖ਼ਾ ਹੋਨੀ ਪੌਨ ਦੀ ਸ਼ੁੱਧੀ, ਨਿਰੋਗਤਾ ਹਰ ਪ੍ਰਕਾਰ ਦੀ ਵਿੱਦਿਆ, ਧਨ ਕ੍ਰੀਤੀ, ਸੂਰਬੀਰਤਾ, ਪ੍ਰਭਤਾ, ਬਿਜਯੋ, ਗਿਆਨ, ਸੁਖ, ਅਭੈਤਾ, ਸਪਤੀ, ਮਾਨ, ਸੁਕਾਲ, ਕਾਮਨੁ ਪੂਰਨਤਾ, ਪ੍ਰਤਾਪ, ਸੁੰਜਮ, ਧਰ੍ਮ, ਧੀਰਜਤਾ ਆਦਿਕ ੯੨ ਗੁਣ ਪਰਜਾ ਨੂੰ ਤੇ ਜੱਗਯ ਹੋਮ ਕਰਾਉਣ ਵਾਲੇ ਨੂੰ ਪ੍ਰਾਪਤ ਹੋਨੇ। ਬੇਦ ਵਿੱਚ ਲਿਖੇ ਹਨ ਏਹੋ ਜੇਹਾ ਵਿਚਾਰ ਕੇ ਗੁਰੂ ਸਾਹਿਬ ਨੇ ਜੱਗ ਲਈ ਹੋਮ ਕਰਨੇ ਦੀ ਆਗਿਆ ਬ੍ਰਾਹਮਣਾਂ ਨੂੰ ਦੇ ਦਿੱਤੀ ਓਨਾਂ ਨੇ ਦੇਸ਼-ਦੇਸਾਵਾਂ ਦੇ ਨਾਮੀ-੨ ਬ੍ਰਾਹਮਨ ਪੜ੍ਹੇ ਹੋਏ ਸਦਵਾ ਲੀਤੇ॥ ਗੁਰੂ ਸਾਹਿਬ ਨੇ ਉਨ੍ਹਾਂ ਦੀ ਪਰੀਖਯਾ ਵਾਸਤੇ ਹੁਕਮ ਦਿੱਤਾ ਜੋ ਕੋਈ ਸਮਾਂਸ ਭੋਜਨ ਛਕੇਗਾ ਓਸ ਨੂੰ ਹਰ ਰੋਜ਼ ਇੱਕ ਮੁਹਿਰ ਤੇ ਨਿਰਮਾਂਸ ਪ੍ਰਸ਼ਾਦ ਛਕਣ ਵਾਲਿਆਂ ਨੂੰ ਇੱਕ ਰੁਪੱਯਾ ਦੱਖਣਾਂ ਮਿਲੇਗੀ ਦਸਾਂ ਕੁ ਦਿਨਾਂ ਵਿੱਚ ਥੋੜੇ ਹੀ ਨਿਰਮਾਂਸ ਰਹਿ ਗਏ ਗੁਰੂ ਜੀ ਨੇ ਓਨ੍ਹਾਂ ਨੂੰ ਪੰਝੀ-੨ ਮੁਹਿਰਾਂ ਦੇਕੇ ਟਿਕਾ ਲੀਤਾ ਬਾਕੀ ਦੇ ਮਾਸਾਹਾਰੀਆਂ ਨੂੰ ਪੰਜ-੨ ਰੁਪੱਯੇ ਖਰਚ ਦੇ ਕੇ ਹੱਕ ਦਿੱਤਾ, ਏਹ ਜਗਯ ਸੰ: ੧੭੫੩ ਨੂੰ ਫਾਗਨ ਵਿੱਚ ਸਮਾਪਤ ਕਰਾਕੇ ਭਾਈ ਗੁਰਬਖ਼ਸ਼ ਰਾਇ, ਸਾਹਿਬ ਚੰਦ, ਲਾਲਚੰਦ, ਦੀਪ ਚੰਦ, ਕ੍ਰਿਪਾਲ ਚੰਦ ਆਦਿਕ ਅਪਨੇ ਮਸਾਹਿਬਾ ਤੋਂ ਸਬ ਸਮੱਗਰੀ ਹੋਮ ਦੀ ਨੈਣਾ ਦੇਵੀ ਦੇ ਟਿੱਲੇ ਪਰ ਜਮਾਂ ਕਰਾ ਦਿੱਤੀ ਜੋ ਦਿੱਲੀ ਤੋਂ ਮੰਗਾਈ ਗਈ ਸੀ ਸੰ: ੧੭੫੪ ਬਿ: ੧ ਚੇਤ੍ਰ ਨੂੰ ਕਾਲੀ ਦਾਸ, ਕੇਸ਼ੋਦਾਸ, ਬਿਸੰਭਰ ਦਾਸ ਆਦਿਕ ਪੰਡਤਾਂ ਨੇ ਹੋਮ ਕਰਨਾ ਸ਼ੁਰੂ ਕਰ ਦਿੱਤਾ ਜਦ ਗਿਆਰਾਂ ਮਹੀਨੇ ਹੋਮ ਹੁੰਦੇ ਨੂੰ ਹੋਏ ਇਕ ਦਿਨ ਗੁਰੂ ਜੀ ਨੇ ਆਖਿਆ ਪੰਡਤ ਜੀ ਤੁਹਾਡੀ ਦੇਵੀ ਕਦੋ ਪ੍ਰਗਟ ਹੋਵੇਗੀ? ਪੰਡਤ ਕੇਸ਼ੋਦਾਸ ਬੋਲਿਆ ਜੇ ਤੁਸੀਂ ਜੀਵ ਹਿੰਸਾ ਛੱਡੋ ਤਾਂ ਦੇਵੀ ਪ੍ਰਗਟ ਹੋਵੇ। ਉਸ ਨੇ ਸੋਚਿਆ ਸੀ ਗੁਰੂ ਨੇ ਸ਼ਿਕਾਰ ਖੇਲਨਾ ਨਹੀਂ ਛੱਡਨਾਂ ਸਾਨੂੰ ਪੱਕਾ ਬਹਾਨਾ ਬਨਿਆ ਰਹੇਗਾ, ਗੁਰੂ ਜੀ ਨੇ ਉਸੇ ਦਿਨ ਸਬ ਸ਼ਿਕਾਰ ਛੱਡ ਦਿੱਤਾ ਚੇਤ ਸ਼ਦੀ ੮ ਸੰ: ੧੭੫੫ ਨੂੰ ਜੇੜ੍ਹਾ ਦਿਨ ਦੇਵੀ ਪਰਗਟ ਹੋਣ ਦਾ ਬ੍ਰਾਹਮਨਾਂ ਨੇ ਠੀਕ ਠਹਿਰਾ ਰੱਖਯਾ ਸੀ ਉਸ ਦਿਨ ਜਦ ਗੁਰੂ ਜੀ ਨੇ ਆਖਿਆ 'ਪੰਡਤ ਜੀ ਦੇਵੀ ਪ੍ਰਗਟ ਨਾ ਹੋਈ, ਤਾਂ ਪੰਡਤ ਜੀ ਬੋਲੇ 'ਅੱਜ ਪ੍ਰਗਟ ਹੋਵੇਗੀ ਪਰ ਪਹਲੇ ਕਿਸੇ ਕੁਲੀਨ ਸ੍ਰੇਸ਼ਟ ਪੁਰਸ਼ ਦੀ ਬਲੀ ਦੇਨੀ ਚਾਹੀਏ' ਗੁਰੂ ਜੀ ਨੇ ਬਚਨ ਕੀਤਾ 'ਪੰਡਤਾ ਅਸੀਂ ਤੈਨੂੰ ਹੀ ਹੋਮ ਦੇਵਾਂਗੇ ਤੇਰੇ ਨਾਲੋਂ ਹੋਰ ਕੌਨ ਚੰਗਾ ਕੁਲੀਨ ਪਵਿੱਤ੍ਰ ਪੁਰਸ਼ੀ ਲੱਭੇਗਾ! ਦੇਵੀ ਪ੍ਰਗਟ ਹੋਈ ਤੋ ਅਸੀਂ ਕਹਾਂਗੇ ਸਾਡਾ ਪੰਡਤ ਜੀਵੇ ਜੋ ਕੁਛ ਏਹ ਆਖੇਗਾ ਸੋ ਬਰ ਮੰਗਾਂਗੇ' ਏਹ ਕਹਿਕੇ ਜਦ ਗੁਰੂ ਜੀ ਨੇ ਤਲਵਾਰ ਖੈਂਚੀ ਤਾਂ ਪੰਡਤ ਨੇ ਭੈ ਮਾਨ ਹੋਕੇ ਆਖਿਆ 'ਮੈਂ ਸੋਚ ਇਸ਼ਨਾਨ ਕਰ ਆਵਾਂ ਤੁਸੀਂ ਹੋਮ ਕਰੋ' (ਏਹੋ ਕਥਾ ਇਨ ਬਿਨ ਭਾਈ ਮਨੀ ਸਿੰਘ ਜੀ ਨੇ ਲਿਖੀ ਹੈ) ਏਸ ਪ੍ਰਸੰਗ ਤੋਂ

ਆਪ ਹੀ ਵਿਦ੍ਵਾਨ ਗੁਰੂ ਜੀ ਦੇ ਆਸ਼ਯ ਦਾ ਮਤਲਬ ਕੱਢ ਸੱਕਦੇ ਹਨ ਜਦ ਪੰਡਤ ਜੀ ਨਾ ਮੁੜੇ ਤਾਂ ਦੂਜੇ ਬ੍ਰਾਹਮਨ ਬੀ ਏਸ ਖ਼ਿਆਲ ਤੇ ਕਿ ਮਤ ਕਿਤੇ ਸਾਨੂੰ ਹੀ ਪੂਰਨ ਆਹੂਤੀ ਨਾਂ ਕਰ ਦੇਨ ਡਰਦੇ ਮਾਰੇ ਸਬ ਨੱਸ ਗਏ। ਤਦ ਗੁਰੂ ਜੀ ਨੇ ਸਾਰੀ ਸਮੱਗਰੀ ਹੋਮ ਦੀ ਹਵਨ ਕੁੰਡ ਵਿੱਚ ਪਾਕੇ ਪੂਰਣ ਆਹੂਤੀ ਕਰ ਦਿੱਤੀ ਓਸ ਅਤੀ ਉਚੇ ਟਿਲੇ ਉਤੋਂ ਦੂਰ ਦੂਰ ਤੱਕ ਚਾਨਣਾਂ ਨਜ਼ਰ ਆਯਾ ਤਾਂ ਲੋਕਾਂ ਨੇ ਦੇਵੀ ਪ੍ਰਗਟ ਹੋਈ ਸਮਝ ਲੀਤੀ ਕਿਉਂ ਕਿ ਆਨੰਦਪੁਰੋਂ ਸੱਤ ਕੋਸ ਦੀ ਉਚਾਈ ਪਰ ਏਹ ਟਿੱਲਾ ਹੈ ਓਸੇ ਦਿਨ ਜੋ ਬ੍ਰਹਮ ਭੋਜ ਬ੍ਰਾਹਮਨਾਂ ਨੇ ਤਿਆਰ ਕਰਾ ਰੱਖਿਆ ਸੀ ਓਹ ਬਰਤਾਉਣ ਲਈ ਗੁਰੂ ਜੀ ਆਨੰਦਪੁਰ ਆਏ ਕਿਤਨੇ ਲੋਗ ਪੁੱਛਨ ਕਿ ਮਹਾਰਾਜ ਦੇਵੀ ਪ੍ਰਗਟ ਹੋਈ ਤਾਂ ਗੁਰੂ ਜੀ ਨੇ ਤੇਗ਼ ਵੱਨੀ ਇਸ਼ਾਰਾ ਕਰਕੇ ਆਖਿਆ ਹਾਂ ਦੇਵੀ ਪ੍ਰਗਟ ਹੋਈ, ਏਹ ਬਚਨ ਗੁਰੂ ਕਾ ਅਪਨੀ ੨ ਬੁਧੀ ਅਨੁਸਾਰ ਸਬ ਨੇ ਗ੍ਰਹਣ ਕਰ ਲੀਤਾ"

## ਦੋਹਿਰਾ

ਦੇਖੋ ਪੰਥ ਪ੍ਰਕਾਸ਼ ਦੁਇ ਇਸ ਦੇ ਨਾਲ ਮਿਲਾਇ।
ਦਿਨ ਰਾਤਰ ਦਾ ਭੇਦ ਹੈ ਤੀਨੋਂ ਮੈਂ ਪ੍ਰਗਟਾਇ।।੧੨੫।।
ਸ਼ਸਤ੍ਰ ਵਿੱਦਯਾ ਹੀ ਕਹੀ ਏਥੇ ਦੇਵੀ ਚਾਇ।
ਹਵਨੋਂ ਪ੍ਰਗਟ ਹੋਨ ਦੀ ਦਿੱਤੀ ਅਲਖ ਚੁਕਾਇ।।੧੨੬।।
ਆਖੀ ਦੇਵੀ ਹੋਰ ਜੋ ਹੈ ਸਭ ਮਿੱਥਯਾ ਮੀਤ।
ਸਾਚੀ ਦੇਵੀ ਯਹੀ ਹੈ ਸ਼ਸਤ੍ਰ ਵਿੱਦਯਾ ਗੀਤ।।੧੨੭।।
ਹਲਫ ਦਰੋਗ ਵਿੱਚ ਇਹ ਧਰਿਆ ਗਿਆ ਗੁਵਾਹ।
ਜਿਸ ਤੇ ਇਸ ਦੇ ਕਥਨ ਦਾ ਰਿਹਾ ਨ ਮੂਲ ਵਿਸਾਹ।।੧੨੮।।

## ਦਵੈਯਾ

ਕਿੱਥੇ ਗਈਆਂ ਹਨ ਓਹ ਯੁਕਤਾਂ ਸਿੱਧ ਕਰਨ ਦੀ ਪਿਆਰੇ। ਰਾਮ ਕ੍ਰਿਸ਼ਨ ਦੇ ਕਿੱਥੇ ਨੱਸੇ ਹੈਨ ਹਵਾਲੇ ਸਾਰੇ।। ਕਿੱਥੇ ਅੱਠੇ ਬਾਹਾਂ ਲੈਕੇ, ਨੱਸ ਗਈ ਉਹ ਕਾਲੀ। ਲਾਲਾਂ ਦੀ ਮਾਲਾ ਸੀ ਜਿਸ ਦੇ ਕਰ ਮਹਿ ਦੋ ਸਿਰ ਵਾਲੀ।।੧੨੯।। ਕਿਥੇ ਹੰਨੂਮਾਨ ਹੈ ਲੁਕਿਆ ਦਿੱਤੀ ਜਿਸੇ ਦਿਖਾਈ। ਕਿੱਥੇ ਦੰਦ ਵਡੇ ਲੈ ਛਪ ਗਈ ਸੀ ਜੋ ਸ਼ਕਤੀ ਆਈ।। ਕਿੱਥੇ ਬ਼ੇਟਾ ਬਲੀਦਾਨ ਅਰ ਸੰਗਤੀਏ ਦਾ ਮਾਰਨ।। ਉਲਟਾ ਇਹ ਤਾਂ ਦੱਸਿਆ, ਗੁਰੂ ਜੀ ਲੱਗੇ ਬਿਪ ਸੰਘਾਰਨ।।੧੩੦।। ਗੁਰੂ ਦਾ ਨੇਤ੍ਰ ਮੀਟਨ ਵਾਲਾ ਕਿੱਥੇ ਸਮਾਂ ਪਿਆਰੇ। ਜਿਸ ਦਾ ਫਲ ਸੀ ਦੱਸਿਆ ਭਜਕੇ ਲੜਸਨ ਸਿੱਖਾ ਵਿਚਾਰੇ।। ਕਿੱਥੇ ਚੀਚੀ ਅੰਗੁਲ ਦਾ ਹੈ ਲੋਹੂ ਕੱਢ ਚਟਾਨਾ। ਕਿੱਥੇ ਨਿੱਕੀ ਜੇਹੀ ਹੈ ਫਿਰ ਕਰਦ ਮਾਤ ਸੇ ਪਾਨਾ।।੧੩੧।। ਕਿੱਥੇ ਨਾਚ ਭੂਤਨਿਆਂ ਕੇਰਾ ਕਿੱਥੇ ਘੁੰਮਰ ਪਾਨੇ। ਤਾਂਤੇ ਥੇ ਸਭ ਭੁੱਲਪਣੇ ਦੇ ਗਿਆਨੀ ਰਚੇ ਬਹਾਨੇ।। ਆਖਰ ਨੂੰ ਤਲਵਾਰ ਬਤਾਈ ਸੱਚੀ ਦੇਵੀ ਗਿਆਨੀ। ਅਰ ਉਹ ਝੂਠ ਆਪ ਹੀ ਦੱਸੀ ਜੋ ਸੀ ਅਸ਼ਟ ਭੁਜਾਨੀ।।੧੩੨।। ਕਿੱਥੇ ਛਿਪਿਆ ਓਹ ਉਜਾਲਾ ਜੋ ਸੀ ਲਭ ਮਹਿ ਹੋਇਆ। ਅਰ ਉਹ ਸ਼ਬਦ ਨ ਸੁਣਿਆਂ ਮੁੜਕੇ ਜੋ ਸਾ ਆਖਰ ਢੋਇਆ।। ਓੜਕ ਨੂੰ ਤਲਵਾਰ ਧਾਰ

ਹੀ ਸੱਚੀ ਦੇਵੀ ਗਾਈ। ਉਹ ਚੰਡੀ ਜੋ ਲਾਟਾਂ ਵਾਲੀ ਮਨ ਤੇ ਵਿਦਾ ਕਰਾਈ॥੧੩੩॥ ਅਰ ਇਹ ਸਾਬਤ ਆਪ ਕਰਾ ਇਸ ਗਿਆਨੀ ਨੇ ਮੁੜ ਆਪੇ। ਅਕਾਲ ਪੁਰਖ ਤੇ ਬਿਨਾਂ ਪੂਜਨਾ ਸਤਿਗੁਰ ਕੋ ਨਹਿ ਜਾਪੇ॥ ਤਾਂ ਤੇ ਇਹ ਸਭ ਖੇਲ ਗੁਰੂ ਦਾ ਸਾ ਬਿੱਪਨ ਝੁਠਲਾਨਾਂ ਸੋਈ ਪੂਰਾ ਕਰ ਦਿਖਲਾਇਆ ਛਡਿਆ ਨਾਂਹਿ ਬਹਾਨਾਂ॥੧੩੪॥

**ਦੋਹਿਰਾ**

ਹੁਣ ਤੂੰ ਆਪੇ ਸੋਚ ਲੈ ਸੱਚ ਝੂਠ ਇਸ ਮਾਂਹਿ।
ਅੱਗੇ ਤੇਰੇ ਰੱਖਿਆ ਛਪੀ ਬਾਤ ਕੁਛ ਨਾਂਹਿ॥੧੩੫॥
ਗਿਆਨੀ ਦੇ ਇਲ ਕਥਨ ਮਹਿ ਜੋ ਹੈ ਸੱਚਾ ਮਿੱਤ।
ਸੋਈ ਨਾਲ ਪਰੇਮ ਦੇ ਧਰਲੈ ਅਪਨੇ ਚਿੱਤ॥੧੩੬॥
ਇਹ ਗਿਆਨੀ ਦੇ ਕਥਨ ਦਾ ਲਿਖਯਾ ਮੈ ਸੰਖੇਪ।
ਸੱਚ ਆਖਦਿਆਂ ਏਸ ਮਹਿ ਮੈਨੂੰ ਨਾ ਕੁਛ ਲੇਪ॥੧੩੭॥

# ਗਯਾਨ ਸਿੰਘ ਜੀ ਗਯਾਨੀ ਦੇ ਅਪਨੇ ਕਥਨ ਦਾ ਪਰਸਪਰ ਵਿਰੋਧ

**ਦੋਹਿਰਾ**

ਹੋਰ ਬਾਤ ਤਾਂ ਛੱਡਦੇ ਦੇਖ ਜਰਾਂ ਮੰਨ ਸੋਧ।
ਇਸ ਦੇ ਕਥਨੇ ਦਾ ਅਹੇ ਆਪਸ ਵਿੱਚ ਵਿਰੋਧ॥੧੩੮॥

ਭਾਵ:- ਇਨ੍ਹਾਂ ਸਾਰਿਆਂ ਦੇ ਕਥਨ ਦਾ ਜਦ ਅਸੀਂ ਆਪਸ ਵਿੱਚ ਮੁਕਾਬਲਾ ਕਰਦੇ ਹਾਂ ਤਦ ਇੱਕ ਦੂਜੇ ਨਾਲ ਦਿਨ ਰਾਤ ਦਾ ਫਰਕ ਪਾਉਂਦੇ ਹਾਂ, ਪ੍ਰੰਤੂ ਇਨ੍ਹਾਂ ਸਾਰਿਆਂ ਨੂੰ ਛੱਡਕੇ ਜਦ ਅਸੀਂ ਗਿਆਨ ਸਿੰਘ ਜੀ ਦੇ ਕਥਨ ਵੱਲ ਹੀ ਦੇਖਦੇ ਹਾਂ ਤਾਂ ਇਨ੍ਹਾਂ ਦਾ ਅਪਨਾ ਹੀ ਕਥਨ ਇੱਕ ਨਹੀ ਹੈ॥ ਪਹਲੇ ਪੰਥ ਪ੍ਰਕਾਸ਼ ਵਿੱਚ ਲਿਖਦੇ ਹਨ ਕਿ ਗੁਰੂ ਜੀ ਨੇ ਦੇਵੀ ਪੂਜੀ ਅਰ ਅਸ਼ਟਭੁਜੀ ਪ੍ਰਗਟ ਹੋਈ ਜਿਸ ਪਰ ਇੱਕ ਕਰਦ ਦੇਕੇ ਲੋਪ ਹੋ ਗਈ ਫਿਰ ਗੁਰੂ ਜੀ ਨੇ ਅਨੰਦ ਪੁਰ ਜੀ ਵਿੱਚ ਆਕੇ ਬ੍ਰਾਮ੍ਹਨਾਂ ਨੂੰ ਵੱਡੇ ਵੱਡੇ ਦਾਨ ਦਿੱਤੇ ਅਰ ਭੋਜਨ ਛਕਾਏ॥

ਫਿਰ ਦੂਜੀ ਵੇਰ ਓਸੇ ਪੰਥ ਪ੍ਰਕਾਸ਼ ਵਿੱਚ ਆਖਦੇ ਹਨ ਕਿ ਜੋ ਅਸੀਂ ਪਹਲੇ ਦੇਵੀ ਪੂਜਨ ਲਿਖਯਾ ਸੀ ਸਾਡੀ ਭੁੱਲ ਸੀ ਗੁਰੂ ਜੀ ਨੇ ਕੋਈ ਨਹੀਂ ਪੂਜੀ। ਪਰੰਤੂ ਅਕਾਸ਼ ਵਿਚ ਪ੍ਰਕਾਸ਼ ਹੋਇਆ ਸੀ, ਫਿਰ ਅਕਾਸ਼ ਬਾਨੀ ਭੀ ਹੋਈ ਸੀ ਕਿ ਤੁਹਾਡਾ ਪੰਥ ਚਲੇਗਾ। ਇਧਰ ਤਾਰੀਖ ਵਿੱਚ ਆਖਦੇ ਹਨ ਕਿ ਦੇਵੀ ਕੋਈ ਪ੍ਰਗਟ ਨਹੀਂ ਹੋਈ ਗੁਰੂ ਜੀ ਨੇ ਜਦ ਬ੍ਰਾਮ੍ਹਨ ਦਾ ਸਿਰ ਕੱਟਕੇ ਬਲਦਾਨ ਦੇਨਾ ਆਖਯਾ ਤਦ ਉਹ ਸੁਚੇਤੇ ਹੋਨਦੇ ਬਹਾਨੇ ਨੱਸ ਗਯਾ ਅਰ ਹੋਰ ਭੀ ਬ੍ਰਾਮ੍ਹਨ ਉਸ ਦਾ ਹਾਲ ਮਾਲੂਮ ਕਰਕੇ ਡਰਦੇ ਨੱਸ ਗਏ ਤਦ ਗੁਰੂ ਜੀ ਨੇ ਇੱਕੋ ਵੇਰ ਸਾਰੀ ਸਮੱਗ੍ਰੀ ਹਵਨ ਦੀ ਅਗਨ ਕੁੰਡ ਵਿੱਚ ਗੇਰ ਦਿੱਤੀ ਜਿਸ ਪਰ ਇੱਕ ਵਡੀ ਲਾਟ ਨਿੱਕਲੀ ਜਿਸ ਨੂੰ ਲੋਗਾਂ ਨੇ ਦੇਵੀ ਮੰਨ ਲੀਤਾ, ਅਰ ਗੁਰੂ ਜੀ ਹੱਥ ਵਿੱਚ ਤਲਵਾਰ

ਲੈਕੇ ਹਵਨ ਕੁੰਡ ਤੇ ਬਾਹਰ ਤਦ ਲੋਗਾਂ ਨੇ ਪੁੱਛਿਆ ਕਿ ਮਹਾਰਾਜ ਦੇਵੀ ਪ੍ਰਗਟ ਹੋਈ ਜਿਸ ਪਰ ਗੁਰੂ ਜੀ ਨੇ ਤਲਵਾਰ ਵੱਲ ਇਸ਼ਾਰਾ ਕਰਕੇ ਕਿਹ ਕਿ ਹਾਂ, ਇਸ ਪਰ ਕਈਆਂ ਨੇ ਮੂਰਖਤਾ ਕਰਕੇ ਇਹ ਜਾਨ ਲੀਤਾ ਕਿ ਦੇਵੀ ਨੇ ਪਰਗਟ ਹੋਕੇ ਇਹ ਤਲਵਾਰ ਦਿੱਤੀ ਹੈ, ਅਰ ਕਈ ਸਮਝ ਗਏ ਕਿ ਗੁਰੂ ਜੀ ਸੱਚੀ ਦੇਵੀ ਤਲਵਾਰ ਨੂੰ ਹੀ ਜਾਨਦੇ ਹਨ, ਅਰ ਬ੍ਰਾਹਮਨ ਡਰਦੇ ਭੋਜਨ ਛਕਨ ਭੀ ਨਾ ਆਏ, ਅਰ ਗੁਰੂ ਜੀ ਨੇ ਭੀ ਉਨ੍ਹਾਂ ਦਾ ਨਰਾਦਰ ਕਰਕੇ ਕੱਢ ਦਿੱਤੇ ਇਸ ਵਾਸਤੇ ਗੁਰੂ ਜੀ ਨੇ ਕੋਈ ਦੇਵੀ ਨਹੀਂ ਪੂਜੀ॥

ਪਹਲੇ ਪੰਥ ਪ੍ਰਕਾਸ਼ ਵਿੱਚ ਲਿਖਦੇ ਹਨ ਕਿ ਗੁਰੂ ਜੀ ਨੇ ਵੱਡੇ ਦਾਨ ਦੇਕੇ ਭੋਜਨ ਛਕਾਕੇ ਪ੍ਰਸੰਨ ਕਰਕੇ ਬ੍ਰਾਹਮਨ ਘਰਾਂ ਨੂੰ ਤੋਰੇ, ਅਤੇ ਦੂਜੀ ਵੇਰ ਲਿਖਦੇ ਹਨ ਕਿ ਉਹ ਨਰਾਦਰ ਕਰਕੇ ਕੱਢੇ॥

ਗਿਆਨੀ ਸਾਹਿਬ ਦੇ ਇਨ੍ਹਾਂ ਸਾਰੇ ਕਥਨਾਂ ਤੇ ਸੋਚ ਸਕੀਦਾ ਹੈ ਕਿ ਕਿਤਨਾ ਪਰਸਪਰ ਵਿਰੋਧ ਹੈ ਪ੍ਰੰਤੂ ਅੰਤ ਨੂੰ ਇਹੋ ਕਹਨਾ ਪੈਂਦਾ ਹੈ ਕਿ ਪਹਲਾਂ ਪੰਥ ਪ੍ਰਕਾਸ਼ ਵਿੱਚ ਜੋ ਪੂਜਨਾ ਅਰ ਪ੍ਰਗਟ ਹੋਨਾ ਦਸਯਾ ਹੈ ਸੋ ਤਾਂ ਉਨ੍ਹਾਂ ਦੇ ਅਗਯਾਨ ਕਾਲ ਦਾ ਕੰਮ ਹੈ, ਜੈਸਾ ਕਿ ਉਹ ਆਪ ਮੰਨਦੇ ਹਨ, ਔਰ ਜੋ ਦੂਜੀ ਵੇਰ ਪੰਥ ਪ੍ਰਕਾਸ਼ ਵਿੱਚ ਲਿਖਯਾ ਹੈ ਕਿ ਦੇਵੀ ਨਹੀਂ ਪਰਗਟੀ ਪਰ ਅਕਾਸ਼ ਵਿੱਚ ਪਰਕਾਸ਼ ਹੋਇਆ ਸੀ, ਅਰ ਅਵਾਜ਼ ਆਈ ਸੀ ਕਿ ਤੇਰਾ ਪੰਥ ਚਲੇਗਾ ਸੋ ਇਹ ਉਨ੍ਹਾਂ ਦੀ ਸੁਪਨ ਅਵਸਥਾ ਦਾ ਕਥਨ ਹੈ ਕਿੰਤੂ ਪੂਰੇ-੨ ਗਯਾਨ ਜਾਗਨੀ ਦਾ ਨਹੀਂ ਹੈ।

## ਦੋਹਿਰਾ

ਫਿਰ ਜਦ ਹੋਇਆ ਗਯਾਨ ਕੁਛ ਗੁਰ ਦੀ ਕ੍ਰਿਪਾ ਨਾਲ।
ਤਦ ਗਯਾਨੀ ਨੂੰ ਧਰਮ ਦਾ ਆਇਆ ਰਿਦੇ ਖਿਆਲ॥੧੩੯॥
ਜਿਸ ਤੇ ਵਿੱਚ ਤਾਰੀਖ ਦੇ ਲਿਖਯਾ ਹੋਇ ਨਸੰਗ।
ਨਾ ਗੁਰ ਰਚਿਆ ਪੰਥ ਇਹ ਦੁਰਗਾ ਤੇ ਵਰ ਮੰਗ॥੧੪੦॥
ਸ਼ੁੱਧ ਗਯਾਨ ਪੁਨ ਅਜੇ ਭੀ ਹੋਇਆ ਨਾਹੀਂ ਠੀਕ।
ਕੇਵਲ ਪਹਲੇ ਲੇਖ ਪਰ ਫੇਰਨ ਸਿਖੀ ਲੀਕ॥੧੪੧॥

ਭਾਵ :- ਏਸੇ ਤਰ੍ਹਾਂ ਜੇ ਅੱਜ ਭਾਈ ਸੁਖਾ ਸਿੰਘ ਜੀ ਅਰ ਭਾਈ ਸੰਤੋਖ ਸਿੰਘ ਜੀ ਭੀ ਇਸ ਸੰਸਾਰ ਪਰ ਹੁੰਦੇ ਤਾਂ ਜ਼ਰੂਰ ਸਾ ਜੋ ਉਹ ਭੀ ਅਪਨੇ ਹੱਥੀ ਇਸ ਪਖੰਡ ਦਾ ਖੰਡਨ ਕਰ ਦੇਂਦੇ, ਕਿੰਤੂ ਸ਼ੋਕ ਹੈ ਜੋ ਸ਼ਰੀਰ ਕਦੇ ਭੀ ਕਿਸੇ ਦੇ ਨਿਤ ਨਾ ਰਹਨੇ ਕਰਕੇ ਉਹ ਅੱਜ ਨਹੀਂ ਹਨ, ਪਰੰਤੂ ਸ਼੍ਰੀ ਯੁਤ ਬਾਵਾ ਸੁਮੇਰ ਸਿੰਘ ਜੀ ਜੋ ਗੁਰੂ ਦੀ ਕ੍ਰਿਪਾ ਤੇ ਅੱਜ ਕਲ ਪਟਨੈ ਸਾਹਿਬ ਤਖਤ ਦੇ ਮਹੰਤ ਹਨ ਸੋ ਜਰੂਰ ਅਪਨੇ ਪੁਸਤਕ ਨੂੰ ਫਿਰ ਸੋਧਨਗੇ ਅਰ ਇਹ ਦੇਵੀ ਵਾਲਾ ਪ੍ਰਸੰਗ ਸੰਤ ਗਯਾਨ ਸਿੰਘ ਜੀ ਗਿਆਨੀ ਵਾਂਗ ਠੀਕ ਕਰਨਗੇ॥

## ਦੋਹਿਰਾ

ਕਰ ਸੰਖੇਪ ਸੁਨਾਇਆ ਮੈ ਸਭਨਾ ਦਾ ਹਾਲ।
ਇਸ ਮਹਿ ਜੋ ਕੁਛ ਤੱਤ ਹੈ ਲੇ ਸਨ ਸੁਧੀ ਨਕਾਲ॥੧੪੨॥

ਜਿਉਂ ਦੁਧ ਵਿੱਚੋਂ ਰਿੜਕ ਕੇ ਮੱਖਨ ਲੈਨ ਸੁਜਾਨ।
ਤਿਉਂ ਮੇਰੇ ਇਸ ਕਥਨ ਥੋਂ ਲੈਸਨ ਸੱਤ ਮਹਾਨ।।੧੪੩।।
ਇਨ ਕਵੀਅਨ ਕੇ ਕਥਨ ਤੇ ਸਿੱਧ ਨ ਦੁਰਗਾ ਹੇਤ।
ਉਲਟਾ ਇਨਕੇ ਪੜ੍ਹਨ ਤੇ ਗੁਰਮਤ ਜਨ ਖੋ ਲੇਤ।।੧੪੪।।
ਤਾਂ ਤੇ ਗੁਰਮਤ ਮੇਂ ਨਹੀਂ ਕਿਸੀ ਦੇਵ ਕੀ ਸੇਵ।
ਕੇਵਲ ਏਕ ਅਕਾਲ ਕੀ ਧਰੀ ਟੇਕ ਸੁਖ ਦੇਵ।।੧੪੫।।

# ਅਕਾਲ ਪੁਰਖ ਦਾ ਧੰਨਯਵਾਦ

## ਦਵੈਯਾ

ਪਰ ਅਕਾਲ ਦਾ ਧੰਨਵਾਦ ਹੈ ਕਰਨਾਂ ਚਾਹੀਏ ਸਾਨੂੰ। ਜਿਸ ਨੇ ਐਸੇ ਕਵੀਆਂ ਕੋਲੋਂ ਲਿਆ ਬਚਾਇ ਤੁਸਾਨੂੰ।। ਜਿਸ ਤੇ ਕਲਮ ਉਨ੍ਹਾਂ ਦੀ ਕੋਲੋਂ ਇਤਨਾ ਹੀ ਲਿਖਵਾਇਆ। ਦੁਰਗਾ ਪੂਜਨ ਕਰਕੇ ਗੁਰ ਨੇ ਤੀਜਾ ਪੰਥ ਉਪਾਇਆ।।੧੪੬।। ਵੱਡੀ ਦੌੜ ਉਨ੍ਹਾਂ ਹੀ ਕੀਤੀ ਹਵਨ ਯੱਗ ਲਿਖ ਮਾਰੇ। ਹਨੂਮਾਨ ਦੀ ਕੱਛਨੀ ਪਰ ਹੀ ਖੁਸ਼ ਹੋ ਬਹੇ ਵਿਚਾਰੇ।। ਜੋ ਲਿਖ ਦੇਂਦੇ ਵਿੱਚ ਗ੍ਰੰਥਾਂ ਜਦ ਗੁਰ ਹਵਨ ਕਰਾਏ। ਸਭ ਸਿੱਖਾਂ ਗਲ ਅੱਟੇ ਪਾਕੇ ਛੈਨੇ ਖੂਬ ਬਜਾਏ।।੧੪੭।। ਸ਼ਬਦਾਂ ਦੀ ਉਹ ਜਗ੍ਹਾ ਬੈਠ ਕੇ ਸਾਰੇ ਭੇਟਾਂ ਗਾਉਨ। ਮੱਥੇ ਉਪਰ ਹਰੰਗ ਸੰਧੂਰੀ ਲਾਕੇ ਸੀਸ ਨਵਾਉਨ।। ਤਿਲਕ ਜਨੇਊ ਪਹਿਨ ਕਰਨ ਹੇ ਇਨਕੀ ਰੱਖਯਾ ਕਰਨੀ। ਪ੍ਰਗਟ ਹੋਕੇ ਜੰਞੂ ਚੋਟੀ ਰੱਖ ਲਾਂ ਤੂੰ ਸਰਨੀ।।੧੪੮।। ਹੱਥ ਵਿੱਚ ਲੋਹੇ ਦੇ ਸਨ ਖੂੰਡੇ ਧੋਤੀ ਤਿਲਕ ਸਜਾਏ। ਸ਼੍ਰੀ ਸਤਿਗੁਰ ਦੇ ਸਨਮੁਖ ਸਾਰੇ ਦੁਰਗਾ ਭਗਤ ਕਹਾਏ।। ਕੇਸੋਦਾਸ ਜਿਹੇ ਸਭ ਪੰਡਤ ਜੋ ੨ ਮਤਾ ਪਕਾਉਨ। ਸੋ ਹੀ ਸਤਿਗੁਰ ਮੋਦ ਧਰਿ ਮਨ ਸਿੱਖਾਂ ਤੇ ਕਰਵਾਉਨ।।੧੪੯।। ਜਦ ਧੁਨ ਵੇਦਾਂ ਦੀ ਨੇ ਓਥੇ ਸੀ ਅਪਨੀ ਝੜ ਲਾਹੀ। ਅਰਜਨ ਹਵਨ ਕੁੰਡ ਤੇ ਉਠੀ ਜੋਤੀ ਅਧਕ ਸਵਾਈ।। ਤਦ ਪ੍ਰਸੰਨ ਹੋਹਿ ਜਗ ਮਾਤਾ ਪ੍ਰਗਟ ਹੋਇ ਖਲੋਈ। ਆਖਨ ਲੱਗੀ ਮਨਸਾ ਤੁਮਰੀ ਸਾਰੀ ਪੂਰਨ ਹੋਈ।।੧੫੦।। ਜਿਸ ਨੂੰ ਦੇਖਤ ਸਭਨਾ ਓਥੇ ਝੁਕ ੨ ਸੀਸ ਨਵਾਏ। ਜੈ ਜੈ ਸੂਹੇ ਚੋਲਯਾਂ ਵਾਲੀ ਕਹਿਕੇ ਸ਼ਬਦ ਸੁਨਾਏ। ਫਿਰ ਸਤਿਗੁਰ ਅਰ ਚਾਰੇ ਪੰਡਤ ਅੱਗੇ ਹੋਇ ਖਲੋਏ। ਝੋਟੇ ਅਤੇ ਬੱਕਰੇ ਉਸ ਦੀ ਭੇਟਾ ਅੱਗੇ ਢੋਏ ।।੧੫੧। ਜਿਨ ਕੋ ਲੇ ਪ੍ਰਸੰਨ ਭਈ ਅਰ ਆਖਨ ਲੱਗੀ ਐਸੇ। ਪੂਰਨ ਹੋਇ ਮਨੋਰਥ ਤੁਮਰੇ ਮਨ ਮਹਿ ਉਪਜੇ ਜੈਸੇ।। ਤੁਰਕ ਰਾਜ ਤਾਂ ਦੂਰ ਹੋਵਸੀ ਇਸ ਕੀ ਸੰਕਰਨ ਕਰਨੀ ਪਿਰ ਜੋ ਦੱਸਾਂ ਗੀਤ ਤੁਸਾਂਨੂੰ ਓਹੋ ਮਨ ਮਹਿੰ ਧਰਨੀ।।੧੫੨।। ਇਤਨਾ ਕਰਕੇ ਆਦਿ ਭਵਾਨੀ ਬਿਜਲੀ ਜਿਉਂ ਚਮਕਾਈ। ਝੰਡੀ ਲਾਲ ਨਸ਼ਾਨੀ ਅਪਨੀ ਗੁਰ ਜੀ ਹੱਥ ਫੜਾਈ।। ਆਖੀ ਏਹੁ ਨਸ਼ਾਨ ਜੰਗ ਦਾ ਫਤਹ ਕਰੋ ਇਸ ਦੁਆਰੇ। ਇਕ ਇਕ ਹੱਥ ਵਿੱਚ ਸਭ ਰੱਖਨ ਜੋ ਹਨ ਸਿੱਖ ਤੁਮਾਰੇ।।੧੫੩।। ਅਰ ਲੰਕੁੜੀਆਂ ਅੱਗੇ ਕੀਤਾ ਮੁਖਤੇ ਇਹੁ ਫੁਰਮਾਹਿਆ। ਅਬ ਕਲਜੁਗ ਦੇ ਅੰਦਰ ਹੈ ਮੈਂ ਇਸ ਨੂੰ ਪੂਜ ਬਨਾਇਆ। ਜਿਸ ਨੇ ਰਾਮ ਚੰਦ ਦਾ ਦੁਖੜਾ ਲੰਕਾ ਵਿੱਚ ਗੁਵਾਇਆ।। ਏਹੋ ਪੰਥ ਰੱਖਯਾ ਕਾਰਨ ਹੈ ਮੈਂ ਅੱਜ ਬੁਲਾਇਆ।।੧੫੪।। ਜਿਸ ਤੇ

ਸਾਰੇ ਸਿੱਖ ਇਸ ਨੂੰ ਮੰਨਨ ਪ੍ਰੇਮ ਲੱਗਾਕੇ ਹਰ ਇੱਕ ਅਪਨੇ ਘਰ ਵਿੱਚ ਰੱਖੇ ਪਰਬਤ ਵਿੱਚੋਂ ਲਿਆਕੇ।। ਇਸ ਦਾ ਜਾਪ ਜਪਨ ਅਰ ਮੰਨੀ ਖ਼ੂਬ ਪਕਾ ਕੇ ਵੰਡਨ। ਧਾਨਾ ਦੀ ਖਿਲਾਂ ਮੰਗਵਾਕੇ ਨਾਲ ਛੱਜਦੇ ਛੰਡਨ।।੧੫੫।। ਫੇਰ ਏਸਦੇ ਅੱਗੇ ਰੱਖਨ ਨਾਲੇ ਟੇਕਨ ਮੱਥੇ। ਫਤੇ ਹੋਇ ਜੇ ਗੋਦੀ ਲੈ ਕੇ ਜਾ ਬੈਠਨਗੇ ਸੱਥੇ। ਫਿਰ ਜੋ ਪੰਥ ਤੁਮਾਰਾ ਹੋਏ ਰੱਖੇ ਵੈਦਕ ਰੀਤੀ। ਜੋ ਹੈ ਆਦਿ ਗੁਰੂ ਨੇ ਫੜਕੇ ਡਾਢੀ ਖੰਡਨ ਕੀਤੀ।।੧੫੬।। ਉਹਨਾਂ ਮੈਨੂੰ ਚੰਗੀ ਲੱਗੇ ਜੋ ਬਾਨੀ ਦੁਖਦਾਈ। ਵੇਦ ਪੁਰਾਨ ਦੇਵਤਾ ਪੂਜਨ ਚਾਹੇ ਤੁਸਾਂ ਛੁਡਾਈ।। ਸੱਗੋਂ ਜਿੱਥੋਂ ਤੀਕੁਰ ਹੋਵੇ ਪੂਜਨ ਦੇਵਨ ਕਰਨਾ। ਤਨ ਮਨ ਧਨ ਸਭ ਖਰਚ ਕਰਦਿਆਂ ਮਨ ਵਿੱਚ ਮੂਲ ਨ ਡਰਨਾ।।੧੫੭।। ਦੇਖੋ ਖਾਂ ਜੇ ਪੂਜਨ ਕੀਤਾ ਤਾ ਮੇ ਪ੍ਰਗਟ ਹੋਈ।। ਜਿਸ ਨੇ ਦਰਸ਼ਨ ਦੇਕੈ ਅਪਨਾ ਤੁਰਕਾਂ ਦੀ ਜੜ੍ਹ ਖੋਈ।। ਫਿਰ ਜੋ ਐਸੇ ਤਰ੍ਹਾਂ ਕਰੋਗੇ ਸਭ ਦੇਵਨ ਕੀ ਪੂਜਾ। ਪ੍ਰਗਟ ਹੋਕੇ ਦੁਸ਼ਮਨ ਤੁਮਰਾ ਛੱਡਨ ਨਾਹੀ ਦੂਜਾ।।੧੫੮।। ਫਿਰ ਇਹ ਬ੍ਰਾਹਮਨ ਜੋ ਹਨ ਚਾਰੇ ਜਿਨ ਵਿਧ ਸਾਥ ਪੁਜਾਇਆ। ਤਨ ਪਰ ਕਸ਼ਟ ਸਹਾਰ ਅਧਕ ਫਿਰ ਮੈਨੂੰ ਹੇ ਪ੍ਰਗਟਾਇਆ।। ਇਨਕੀ ਪੂਜਾ ਕਰੇ ਪੰਥ ਸਭ ਅਪਨੇ ਮੁਖੀ ਬਨਾਕੇ। ਫਿਰ ਔਲਾਦ ਇਨ੍ਹਾਂ ਦੀ ਤਾਈ ਧਾਮੇਂ ਦੇਹ ਰਜਾਕੇ।।੧੫੯।। ਜਿਸ ਜੰਞੂ ਵੀ ਰੱਖਿਆ ਕਾਰਨ ਮੈਨੂੰ ਹੈ ਪਰਗਟਾਇਆ। ਉਸ ਨੂੰ ਕਦੇ ਉਤਾਰੋ ਨਾਹੀ ਇਹ ਮੈਂ ਹੈ ਫ਼ੁਰਮਾਇਆ।। ਝੰਡੀ, ਤਿਲਕ, ਜਨਉ, ਬੰਦਰ, ਅਰ ਬੰਮਨ ਇਹ ਪੰਜੇ ਸਦਾ ਪੂਜਨੇ ਜੋਗ ਤੁਮਾਰੇ ਮੂਲ ਨ ਚਹੀਏ ਭੰਜੇ।।੧੬੦।। ਤਾਂ ਤੇ ਪੰਥ ਚਲੇਗਾ ਤੁਮਰਾ ਵੱਡਾ ਬਹਾਦਰ ਸੂਰਾ। ਪਰ ਮੇਰੀ ਜੋ ਏਹੋ ਨਸ਼ਾਨੀ ਕਰੇ ਨ ਕਦੇ ਅਧੂਰਾ।। ਹਰ ਇੱਕ ਸਿੱਖ ਪਾਸ ਇਕ ਰੱਖੇ ਝੰਡੀ ਆਪ ਸਜਾਕੇ। ਦੋਨੋਂ ਵਕਤ ਬਜਾਏ ਛੈਨੇ ਮੇਰੀ ਭੇਟਾਂ ਗਾ ਕੇ ।।੧੬੧।। ਜਗ੍ਹਾ-੨ ਪਰ ਭੌਨ ਬਨਾਕੇ ਮੇਰਾ ਹੀ ਯਸ ਗਾਵੋ। ਸੂਹੇ ਚੋਲਿਆਂ ਵਾਲੀ ਬਾਝੋਂ ਹੋਰ ਨ ਕਿਸੇ ਮਨਾਵੋ।। ਮੇਰੇ ਬਾਹਨ ਸ਼ੇਰਾਂ ਨੂੰ ਜੋ ਅਪਨਾ ਪੁੱਤ ਖ਼ੁਵਾਊ। ਜੋ ਚਾਹੇ ਸੋ ਮੇਰੇ ਪਾਸੋਂ ਓਸੇ ਵੇਲੇ ਪਾਊ।।੧੬੨।। ਗੁਰਦੁਆਰੇ ਅਰ ਧਰਮਸਾਲ ਤਜ ਸਭ ਜਾਵਨ ਮਮ ਭੌਨੇ। ਕਰਨ ਕੜਾਹੀ ਪੂਜਨ ਮੈਨੂੰ ਧਰ ਪਰ ਕਰਨ ਬਛੌਨੇ।। ਲੰਕੁੜੀਏ ਦਾ ਜਾਪ ਜਪਨ ਜੋ ਮੇਰਾ ਅਧਕ ਪਿਆਰਾ। ਨੈਨਾਂ ਦੇਵੀ ਦਰਸ਼ਨ ਆਵੇ ਪੰਥ ਖਾਲਸਾ ਸਾਰਾ।।੧੬੩।। ਫਿਰ ਮੇਰੀ ਇਕ ਭੈਣ ਹੋਰ ਜੋ ਰਖਦੀ ਰੀਤ ਨਿਰਾਲੀ। ਕਾਲੀ ਨਾਮ ਉਸਦਾ ਸੱਦਨ ਹੈ ਕੱਲਕਤੇ ਵਾਲੀ। ਹਰ ਇੱਕ ਸਿੰਘ ਹੋਇ ਜੋ ਸਿੱਦਕੀ ਉਸਦੇ ਦਰਸ਼ਨ ਜਾਵੇ। ਝੋਟਾ ਵੱਢ ਭੇਟ ਦੇ ਉਸਦੀ ਮਨ ਇੱਛੇ ਫਲ ਪਾਵੇ।।੧੬੪।। ਇਤਨਾਂ ਦੇ ਉਪਦੇਸ਼ ਭਵਾਨੀ ਚਾਇ ਅਸੀਸ ਸੁਨਾਈ ਦੇਕਰ ਵਰ ਹੋ ਲੋਪ ਗਈ ਫਿਰ ਦੇਖਨਾ ਨਜ਼ਰ ਨ ਆਈ।। ਕਰਾਮਾਤ ਲੈ ਦੁਰਗਾ ਤੇ ਫਿਰ ਭੇਟਾਂ ਦਾ ਝੜ ਲਾਹਿਆ। ਨੰਗੀ ਪੈਰੀ ਅਕਬਰ ਆਇਆ ਸੁਇਨੇ ਛੱਤ੍ਰ ਚੜ੍ਹਾਇਆ।।੧੬੫।। ਏਹੋ ਜੇ ਹੇ ਗ੍ਰੰਥ ਭਲਾ ਜੇ ਲਿਖਕੇ ਸਾਡੇ ਭਾਈ। ਕਹਿੰਦੇ ਪੰਥ ਖਾਲਸੇ ਤਾਈਂ ਹੈ ਇਸ ਵਿੱਚ ਭਲਾਈ।। ਤਾਂ ਸਭ ਸਿੱਖ ਇਹੋ ਚਾ ਕਰਦੇ ਗਲ ਵਿੱਚ ਅੱਟੇ ਪਾਂਦੇ। ਜੰਞੂ ਤਿਲਕ ਹੱਥ ਲੈ ਝੰਡੀ ਭੇਟਾਂ ਦਾ ਝੜ ਲਾਂਦੇ।।੧੬੬।। ਅਪਨੀ ਮਨਸ਼ਾ ਪੂਰੀ ਕਰਦੇ ਅਰ ਗੁਰ ਗ੍ਰੰਥ ਮਝਾਰੀ। ਹੈ ਬਾਨੀ ਜੋ ਖੰਡ ਦੇਵੀ ਤਜਿ ਦੇਂਦੇ ਤਦ ਸਾਰੀ। ਬ੍ਰਾਹਮਨ ਅਪਨਾ ਇਸ਼ਟ ਜਾਨਕੇ ਅਗੇ ਨਾਲੋਂ ਚੌਣਾ। ਧਾਮਾਂ ਦੇ ਦੋ ਖ਼ੂਬ ਰਜਾਂਦੇ ਜੋ ਸੀ ਭੁੱਖਾ ਚੋਣਾ।।੧੬੭।। ਕਿਤਨੇ ਮੂਰਖ ਸਰਧਾ ਦੇ

ਵੱਸ ਹੋਕੇ ਪੁੱਤ, ਪਿਆਰੇ। ਸ਼ੇਰਾਂ ਦੇ ਚਾਂ ਅੱਗੇ ਧਰਦੇ ਭੁੱਲੇ ਕਰਮਾਂ ਮਾਰੇ॥ ਮੁੱਲ ਖਰੀਦ ਝੰਡੀਆਂ ਅਪਨੇ ਹੱਥਾਂ ਦੇ ਵਿੱਚ ਲੈਂਦੇ। ਦੇਵੀ ਦੁਆਰਿਆਂ ਦੇ ਜਾ ਅੱਗੇ ਧਰਤੀ ਉਪਰ ਸੌਂਦੇ ॥੧੬੮॥ ਜਗ੍ਹਾ ਜਗ੍ਹਾ ਪਰ ਧਰਮਸ਼ਾਲ ਅਰ ਤਜਕੇ ਤੇ ਗੁਰਦੁਵਾਰੇ। ਦੁਰਗਾ ਦੇ ਹੀ ਭੌਨ ਫੈਲਦੇ ਸਾਰੇ ਦੇਸ ਮਝਾਰੇ॥ ਪਏ ਬੰਦਰਾਂ ਅੱਗੇ ਧਰਦੇ ਜਾਕੇ ਖਿਲਾਂ ਛੋਲੇ। ਆਖਨ ਲੰਕੁੜੀਆਂ ਵਡ ਬੀਰਾ ਸਾਨੂੰ ਖੁਸ਼ ਹੋ ਬੋਲੇ॥੧੬੯॥ ਕਈ ਹਜ਼ਾਰਾਂ ਸਿੱਖ ਵਿਚਾਰੇ ਲੈਕਰ ਝੋਟੇ ਬੂਰੇ। ਕੱਲਕਤੇ ਦੇ ਰਸਤੇ ਪੈਂਦੇ ਕਰਨ ਮਨੋਰਥ ਪੂਰੇ॥ ਜਾ ਕਾਲੀ ਦੇ ਅੱਗੇ ਖੜਦੇ ਹੱਥ ਜੋੜ ਕਰ ਐਸ। ਪਕੜੀ ਹੋਈ ਢੱਕ ਖਲੋਂਦੀ ਚਾਕਮ ਅੱਗੇ ਜੈਸੇ॥੧੭੦॥ ਕਈ ਮਹੀਨੇ ਦੁਖੜਾ ਭਰਕੇ ਅਰ ਘਰ ਬਾਰ ਲੁਟਾਕੇ॥ ਆਜਾਂਦੇ ਫਿਰ ਘਰ ਨੂੰ ਖਾਲੀ ਕਵੀਆਂ ਦਾ ਸਿਰ ਖਾਕੇ॥ ਅੱਗੋਂ ਘਰ ਦੇ ਸਾਰੇ ਮਿਲਦੇ ਗਲ ਗਲ ਝੱਖੜ ਪਾਏ। ਭਾਈਆ ਜੀ ਕੁਛ ਸਾਨੂੰ ਭੀ ਹੋ ਓਸ ਦੇਸ ਤੇ ਲਿਆਏ॥੧੭੧॥ ਜਿਸ ਪਰ ਭਰਕੇ ਨੈਨ ਆਖਦਾ ਮੈਂ ਆਪਨਾ ਸਿਰ ਲਿਆਂਦਾ। ਫਿਰਿਆ ਵਿੱਚ ਬੰਗਾਲ ਭਟਕਦਾ ਸੜੀ ਮੱਛੀਆਂ ਖਾਂਦਾ॥ ਇਸ ਕਾਲੀ ਤਾਂ ਭਾਈ ਸਾਨੂੰ ਡਾਢੀ ਚੋਟ ਲਗਾਈ। ਰਿਣੀ ਚਿਣੀ ਸਭ ਘਰ ਦੀ ਲੈ ਕੇ ਦਰਸ਼ਨ ਉਪਰ ਲਾਈ॥੧੭੨॥ ਏਹੋ ਜੇਹਾ ਹਾਲ ਹੋਵੰਦਾ ਏਸ ਪੰਥ ਦਾ ਭਾਈ। ਜੇ ਸਾਡੇ ਇਹ ਕਵੀ ਵਿਚਾਰ ਕਰ ਦੇਂਦੇ ਚਤਰਾਈ॥ ਹੁਣ ਭੀ ਕਈ ਅਮੋੜ ਖਾਲਸਾ ਹਟਦੇ ਨਹੀਂ ਹਟਾਏ। ਧਰਮਸਾਲ ਦੀ ਜਾਗਾ ਜਿਨਾਂ ਨੇ ਦੇਵੀ ਦੁਆਰੇ ਬਨਾਏ॥੧੭੩॥ ਅਰ ਗੁਰੂਆਂ ਤੇ ਬੇਮੁਖ ਹੋਕੇ ਬੰਮਨ ਗੁਰੂ ਬਨਾਏ। ਗੁਰੂ ਗ੍ਰੰਥ ਥੋਂ ਵੇਦ ਜਿਨ੍ਹਾਂ ਨੇ ਅਪਨੇ ਪੂਜ ਠਰਾਏ। ਫਿਰ ਤਾਂ ਗੱਲ ਉਨ੍ਹਾਂ ਦੀ ਭਾਰੀ ਏਸ ਤਰ੍ਹਾਂ ਹੋ ਜਾਂਦੀ। ਜਿੱਕਰ ਕਮਲੀ ਮੜ੍ਹੀਆਂ ਦੇ ਹੈ ਰਸਤੇ ਮੈਂ ਤੁਰ ਪਾਂਦੀ॥੧੭੪॥ ਇਸਤੇ ਏਹੋ ਜਿਹਾ ਗਪੋੜਾ ਕਿਨੇ ਨ ਮਾਰਿਆ ਭਾਈ। ਜਿਸਤੇ ਸਿੱਖਾਂ ਦੇ ਗਲ ਆਕੇ ਹੋਰ ਬਲਾਇ ਨ ਪਾਈ॥ ਜੇ ਲਿਖ ਦੇਂਦੇ ਤਾਂ ਸ਼ਰਧਾਲੂ ਸਿੱਖ ਦੇਰ ਨਾ ਕਰਦੇ। ਦੇਵੀ ਦੁਆਰਿਆਂ ਪਏ ਪੁਜਦੇ ਨੰਗੇ ਭੁੱਖੇ ਮਰਦੇ॥੧੭੫॥ ਗੁਰ ਦੁਵਾਰੇ ਅਰ ਧਰਮਸਾਲ ਸਭ ਲੋਪ ਧਰਾ ਤੇ ਹੁੰਦੇ। ਗੁਰੂ ਗ੍ਰੰਥ ਦੀ ਜਾਗਾ ਪੜ੍ਹਦੇ ਗੀਤ ਕਈ ਮਨ ਗੁੰਦੇ॥ ਜੋ ਗੁਰੂਅਨ ਉਪਕਾਰ ਕਰੇ ਥੇ ਨਿਸਫਲ ਜਾਂਦੇ ਸਾਰੇ। ਏਸ ਪਾਪ ਦਾ ਬਦਲਾ ਸਿਰ ਪਰ ਲੈਂਦੇ ਕਵੀ ਬਿਚਾਰੇ॥੧੭੬॥ ਜਿਸ ਤੇ ਧਨਯਵਾਦ ਮੈਂ ਐਥੇ ਕਰਾਂ ਅਕਾਲ ਪਿਆਰੇ। ਜਿਸ ਦੀ ਕ੍ਰਿਪਾ ਕਰਕੇ ਅੱਗੇ ਵਧੇ ਨ ਕਈ ਹਮਾਰੇ॥ ਜੇ ਕੁਛ ਥੋੜੀ ਹੋਰ ਕਲਮ ਨੂੰ ਪੁੱਠੀ ਚਾਇ ਚਲਾਂਦੇ। ਤਾਂ ਸਿੱਖਾਂ ਦੀ ਰਹੀ ਸਹੀ ਭੀ ਸਾਰੀ ਗਿੱਲ ਸੁਕਾਂਦੇ॥੧੭੭॥

**ਦੋਹਿਰਾ**

ਤਾਂ ਤੇ ਕਵੀਅਨ ਕੀ ਕਥਾ ਨਹੀਂ ਸਰਬਦਾ ਸੱਤ।
ਤਹਾਂ ਤਲਕ ਸਾਚੀ ਲਖੋ ਜੋ ਗੁਰੂਅਨ ਕੋ ਮੱਤ॥੧੭੮॥
ਗੁਰਮਤ ਤੇ ਵਿਪ੍ਰੀਤ ਜੋ ਤਜੋ ਅਸਰਧਕ ਜਾਨ।
ਜਿਉਂ ਚਾਵਲ ਮਹਿ ਰੋੜ ਕੋ ਤਯਾਗੇ ਜੀਭ ਪਛਾਨ॥੧੭੯॥
ਪੌਰਾਣਕ ਬਾਤਾਂ ਜਿਤੀ ਹੈਂ ਮਨ ਕੋ ਪਰਚਾਵ॥
ਨਹੀਂ ਸਰਬਦਾ ਹੋਤ ਹੈ ਤਹਾਂ ਧਰਮ ਕੋ ਭਾਵ॥੧੮੦॥

ਤਾਂ ਤੇ ਸਾਡੇ ਕਵੀ ਜਨ ਜੇ ਲਿਖ ਗਏ ਗ੍ਰੰਥ।
ਗੁਰਬਾਣੀ ਅਨੁਸਾਰ ਤਕ ਮਾਨੇ ਤਿਨ ਕੋ ਪੰਥ।।੧੯੧।।
ਸਾਰ ਅਸਾਰ ਵਿਚਾਰ ਬਿਨ ਜੋ ਸ਼ਰਧਾ ਕਰ ਲੇਤ।
ਤੌ ਗੁਰਮਤ ਕੋ ਤਿਆਗ ਕਰ ਅਧਕ ਪਾਪ ਸਿਰ ਲੇਤ।।੧੯੨।।
ਜਿਤਨੀ ਮੇਰੀ ਬੁਧਿ ਥੀ ਉਤਨਾਂ ਕਰਾ ਬਖਾਨ।
ਆਪੇ ਹੀ ਲਖ ਲੈਨਗੇ ਜੋ ਹਨ ਪੁਰਖ ਸੁਜਾਨ।।੧੯੩।।
ਇਨ ਸਭ ਕਵੀਅਨ ਕੇ ਕਹੇ ਹੋਤ ਨ ਦੁਰਗਾ ਸਿੱਧ।
ਜਾਂਤੇ ਗੁਰਮਤ ਸਾਮ੍ਹਨੇ ਹੈ ਇਹ ਕਰਮ ਨਖਿੱਧ।।੧੯੪।।

ਇਤੀ

----

# ਦਸਮ ਗ੍ਰੰਥ ਸਾਹਿਬ ਵਿੱਚ ਦੇਵੀ ਪੂਜਨ

## ਸਵੈਯਾ

ਸਭ ਦੇਵ ਮੁਨੀ ਰਿਖਰਾਜ ਜਿਤੇ ਜਗ ਆਤਿਨ ਦੰਭ ਰਹੇ ਮਨ ਭਾਏ। ਬਹੁ ਮੂਰਖ ਲੋਗਨ ਮੈ ਛਲਤੇ ਨਿਜਕੇ ਤਨ ਕੋ ਮੁਖ ਈਸ ਬਤਾਏ।। ਨਰ ਹੋਇ ਉਪਾਸ਼ਕ ਨਾਰ ਭਏ ਜਿਨ ਭੈਰਵ ਭੂਤ ਪ੍ਰੇਮ ਧਿਆਏ। ਤਿਨ ਕੇ ਸੁ ਕੁਪੰਥ ਹਟਾਵਨ ਕੋ ਕਲਗੀਧਰ ਜੂ ਦਸ ਗੁਰ ਆਏ।।੧।।

## ਦੋਹਿਰਾ

ਤੇਰੇ ਜੈਸੇ ਤੁਹੀ ਹੈਂ ਹੇ ਕਲਗੀਧਰ ਦੇਵ।
ਰਕ ਭਏ ਭੂਪਤ ਧਰਾ ਕਰਕੇ ਤੁਵ ਪਦ ਸੇਵ।।੨।।
ਤੇਰੇ ਅੱਟਲ ਪ੍ਰਤਾਪ ਕੋ ਜੋ ਨਹਿ ਜਾਨਤ ਲੋਗ।
ਦੁਰਗਾਇਕ ਪੂਜਨ ਕਹੈਂ ਜੋ ਹੈ ਮਹਾਂ ਅਜੋਗ।।੩।।

## ਦੁਰਗਾ ਭਗਤ

## ਦੋਹਿਰਾ

ਤੂੰ ਅਪਨੇ ਹੱਠ ਤੇ ਨਹੀ ਟਾਰਯੋ ਟਰਤ ਸੁ ਰੰਚ।
ਜਿਸ ਤੇ ਦੇਵੀ ਪੂਜਨਾ ਕਹੇ - ਜਗਤ ਪ੍ਰਪੰਚ।।੪।।
ਪਰ ਸ਼੍ਰੀ ਸਤਿਗੁਰ ਵਾਕ ਤੇ ਜੋ ਹੋਵਤ ਹੈ ਸਿੱਧ।
ਸੋ ਕਿਉਂ ਤੇਰੇ ਕਥਨ ਤੇ ਜਾਨੈ ਪੁਰਖ ਅਸਿੱਧ।।੫।।
ਤਾਂ ਤੇ ਦਸਮ ਗ੍ਰੰਥ ਮਹਿ ਸ਼੍ਰੀ ਕਲਗੀਧਰ ਰਾਇ।
ਸ਼੍ਰੀ ਮੁਖ ਤੇ ਵਰਨਨ ਕਰੇਂ ਹੈ ਦੁਰਗਾ ਸੁਖਦਾਇ।।੬।।
ਪ੍ਰਥਮ ਗ੍ਰੰਥ ਕੇ ਆਦਿ ਮਹਿ ਕਰਤ ਮੰਗਲਾਚਾਰ।
ਸੋ ਦੇਵੀ ਕੇ ਨਾਮ ਦਾ ਦੇਖੋ ਮੀਤ ਸੁਧਾਰ।।੭।।

ਭਾਵ :- ਭਾਵੇਂ ਤੁਸੀਂ ਅਪਨੀ ਬੁਧਿ ਦੀ ਉਕਤੀਆਂ ਯੁਕਤੀਆਂ ਨਾਲ ਇਸ ਬਾਤ ਨੂੰ

ਸਿੱਧ ਕੀਤਾ ਹੈ ਕਿ ਦਸਮੇਂ ਗੁਰੂ ਜੀ ਨੇ ਦੇਵੀ ਨੂੰ ਨਹੀਂ ਮੰਨਯਾ, ਪ੍ਰੰਤੂ ਜਦ ਤੁਸੀ ਸ੍ਰੀ ਮੁਖ ਵਾਕ ਜੋ ਦਸਮ ਗ੍ਰੰਥ ਸਾਹਿਬ ਵਿੱਚ ਦੇਖੋਗੇ ਤਦ ਤੁਸੀਂ ਆਪੇ ਹੀ ਅਪਨੇ ਹਠ ਨੂੰ ਤਿਆਗ ਦੇਵੋਗੇ, ਕਿਉਂਕਿ ਦਸਮ ਗ੍ਰੰਥ ਵਿੱਚ ਗੁਰੂ ਜੀ ਨੇ ਕਈ ਜਗ੍ਹਾ ਗ੍ਰੰਥ ਦੇ ਅਰੰਭ ਵਿੱਚ ਜਿੱਥੇ ਲੋਗ ਗਣੇਸ਼ ਯਾ ਵਿਸ਼ਨੂੰ ਆਦਿਕ ਦਾ ਮੰਗਲਾਚਾਰ ਉਸ ਦੇ ਨਿਰਵਿਘਨ ਸਮਾਪਤ ਹੋਨ ਲਈ ਕਰਦੇ ਹਨ ਓਥੇ ਦੇਵੀ ਦਾ ਕੀਤਾ ਹੈ, ਅਰ ਉਸ ਵਿੱਚ ਸਾਬਤ ਕੀਤਾ ਹੈ ਕਿ ਓਹੋ ਸੰਪੂਰਨ ਜਗਤ ਦੀ ਰੱਛਕ ਅਰ ਨਾਸ ਕਰਤਾ ਹੈ, ਜਿਸ ਤੇ ਮੈਂ ਅਪਨਾ ਕਾਰਜ ਸਿੱਧ ਕਰਨ ਲਈ ਓਸੇ ਦਾ ਅਰਾਧਨ ਕਰਦਾ ਹਾਂ, ਜੈਸਾ ਕਿ ਬਚਿੱਤ੍ਰ ਨਾਟਕ ਇਸ ਬਾਤ ਦਾ ਸਬੂਤ ਦੇਂਦਾ ਹੈ।। ਯਥਾ :-

## ਸ੍ਰੀ ਮੁਖ ਵਾਕ ਪਾਤਸ਼ਾਹੀ ੧੦ ਬਚਿੱਤ੍ਰਨਾਟਕ

### ਦੋਹਿਰਾ

"ਨਮਸਕਾਰ ਸ੍ਰੀ ਖੜਗ ਕਉ ਕਰੋ ਸੁਹਿਤ ਚਿਤ ਲਾਇ।
ਪੂਜਨ ਕਰੋ ਗ੍ਰੰਥ ਇਹ ਤੁਮ ਮੁਹਿੰਕ ਰੋਸ ਸਹਾਇ।।੯।।
ਤ੍ਰਿਭੰਗੀ ਛੰਦ।। ਸ੍ਰੀ ਅਕਾਲ ਜੀ ਕੀ ਉਸਤਤਿ।
ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰ ਭੰਡੰ।
ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤ ਅਸੰਡੰ ਭਾਨੁਪ੍ਰਭੰ।।
ਸੁਖ ਸੰਤਾਂ ਕਰਣੰ ਦੁਰਮਤ ਦਰਣੰ ਕਿਲਵਿਖ ਹਰਣੰ ਅਤਿ ਸਰਣੰ।।
ਜੈ ਜੈ ਜਗ ਕਾਰਣ ਸ੍ਰਿਸ਼ਟ ਉਬਾਰਣ ਮਮ ਪ੍ਰਤਿ ਪਾਰਣ ਜੈ ਤੇਗੰ।।੨।।"

### ਦੋਹਿਰਾ

ਇਸ ਜ਼ਾਗਾ ਪਰ ਦੇਖੀਏ ਸ੍ਰੀ ਸਤਿਗੁਰ ਮਹਾਰਾਜ।
ਉਸ ਦੇਵੀ ਦੀ ਤੇਗ਼ ਤੇ ਚਹਤ ਸਿੱਧ ਨਿਜ ਕਾਜ।।੮।।

ਭਾਵ :- ਇਨ੍ਹਾਂ ਸ੍ਰੀ ਮੁਖ ਵਾਕਾਂ ਵਿੱਚ ਸ੍ਰੀ ਸਾਹਿਬ ਜੀ ਦੀ ਹੀ ਉਸਤਤੀ ਕਰਕੇ ਗੁਰੂ ਜੀ ਨੇ ਉਸੇ ਤੇ ਇਹ ਵਰ ਮੰਗਿਆ ਹੈ ਕਿ ਤੂੰ ਮੇਰੇ ਇਸ ਗ੍ਰੰਥ ਨੂੰ ਨਿਰਵਿਘਨ ਸਮਾਪਤ ਕਰ ਕਿਉਂਕਿ ਤੂੰ ਸੰਤਾਂ ਨੂੰ ਸੁਖ ਦੇਨੇ ਵਾਲੀ ਹੈ ਅਤੇ ਦੁਸ਼ਟਾਂ ਦਾ ਦਮਨ ਕਰਦੀ ਹੈ ਫਿਰ ਜਗਤ ਦੀ ਉਤਪਤੀ ਅਤੇ ਪ੍ਰਾਲਨਾ ਤੇਰੇ ਹੀ ਅਧੀਨ ਹੈ।।

ਇਸ ਜਗ੍ਹਾ ਪਰ ਇੱਕ ਗੂੜ੍ਹ ਭਾਵ ਇਹ ਹੈ ਜੋ ਸਾਰੇ ਗੁਰ ਬਿਲਾਸਾਂ ਵਾਲਯਾਂ ਨੇ ਇਹ ਕਥਨ ਕੀਤਾ ਹੈ ਕਿ ਦੇਵੀ ਜੀ ਨੇ ਪ੍ਰਗਟ ਹੋ ਕੇ ਗੁਰੂ ਜੀ ਨੂੰ ਤੇਗ ਦਿਤੀ ਸੀ, ਅਰ ਆਮ ਲੋਕ ਭੀ ਏਹੋ ਆਖਦੇ ਹਨ, ਸੋ ਇਨ੍ਹਾਂ ਸ੍ਰੀ ਮੁਖ ਵਾਕਾਂ ਤੇ ਇਹ ਆਖਨਾ ਸੱਚਾ ਸਿੱਧ ਹੁੰਦਾ ਹੈ ਕਿ ਗੁਰੂ ਜੀ ਨੇ ਓਸੇ ਖੜਗ ਨੂੰ ਜੋ ਸ੍ਰੀ ਦੇਵੀ ਜੀ ਨੇ ਦਿਤੀ ਹੈ ਨਮਸਕਾਰ ਕੀਤੀ ਹੈ, ਕਿਉਂਕਿ ਦੁਰਗਾ ਨੇ ਖੜਗ ਹੀ ਸਭ ਮਨੋਰਥਾਂ ਦੇ ਪੂਰਾ ਕਰਨ ਲਈ ਦਿਤੀ ਸੀ, ਫਿਰ ਤੁਸੀਂ ਕਿਸ ਤਰ੍ਹਾਂ ਕਹਿ ਸਕਦੇ ਹੋ ਕਿ ਗੁਰੂ ਜੀ ਦੇਵੀ ਦੇ ਉਪਾਸ਼ਕ ਨਹੀਂ ਸੇ।।

## ਦੋਹਿਰਾ

ਸ੍ਰੀ ਮੁਖ ਵਾਕਨ ਕੋ ਤਜੇ ਮੰਨੇ ਤੁਮਰੀ ਬਾਤ।
ਐਸਾ ਬੁੱਧੀ ਹੀਨ ਨਰ ਕੋਹੈ ਜਗ ਵੱਖਯਾਤ।।੯।।
ਜਾਂ ਤੇ ਤੋਰੇ ਕਥਨ ਤੇ ਹੇ ਗੁਰ ਵਾਕ ਪ੍ਰਮਾਣ।
ਤਾਂ ਤੇ ਦੁਰਗਾ ਪੂਜਨ ਕਰਤ ਸਕਲ ਕਲਿਆਣ।।੧੦।।

## ਤੱਤ ਖਾਲਸਾ

## ਦੋਹਿਰਾ

ਗੁਰ ਬਚਨੋਂ ਕਾ ਮਾਨਨਾ ਕਹੋ ਨ ਕਰ ਹੈ ਕੋਇ।
ਸ਼੍ਰੀ ਕਲਗੀਧਰ ਕੋ ਅਹੇ ਸਿੱਖ ਜਗਤ ਮਹਿਂ ਜੋਇ।।੧੧।।
ਤਾਂ ਤੇ ਸ਼੍ਰੀ ਮੁਖ ਵਾਕ ਕੋ ਹਮ ਸਿਰ ਧਰਯੋ ਮਿੱਤ।
ਪਰ ਤੈਂ ਇਸ ਕੇ ਅਰਥ ਕੋ ਪੜ੍ਹਾ ਨ ਦੇਕਰ ਚਿੱਤ।।੧੨।।

## ਚੌਪਈ

ਖੜਗ ਨਾਮ ਤੇ ਖੜਗ ਨ ਹੋਈ। ਖੜਗ ਕੇਤ ਕੀ ਉਪਮਾਂ ਸੋਈ।।
ਪੁਨ ਇਹ ਖੜਗ ਨਾਮ ਹੈ ਜੋਈ। ਈਸ਼੍ਵਰ ਗੁਣ ਵਾਚਕ ਹੈ ਸੋਈ।।
ਜਾ ਕਾ ਅਰਥ ਨਾਮ ਕਾ ਕਰਤਾ। ਅੰਤ ਕਾਲ ਸ੍ਰਿਸ਼ਟੀ ਕੋ ਹਰਤਾ।।
ਜਾਂ ਸ਼ਕਤੀ ਕਰ ਜਗ ਕੋ ਹਰ ਹੈ। ਨਾਮ ਖੜਗ ਤਾਂਹੀ ਜੋ ਧਰ ਹੈ।।
ਜਾਂ ਕੇ ਅੰਤ ਦੌਰਾਣ ਔਰ। ਪਈਯਤ ਹੈ ਜਗ ਮਹਿ ਕਰ ਗੌਰ।।
ਉਤਪਤ ਪਾਲਨ ਨਾਮ ਕਹਾਵੈ। ਏਤ੍ਰਿ ਸ਼ਕਤ ਈਸ ਮਹਿ ਪਾਵੈ।।
ਤਾਂ ਤੇ ਤ੍ਰਿ ਸ਼ਕਤੀ ਜੋ ਧਰਤਾ। ਹੈ ਅਕਾਲ ਸਭ ਸ਼ਕਤ ਅਨਿਰਤਾ।।
ਜਾਂ ਤੇ ਮਹਾਂ ਕਾਲ ਕਹਲਾਵੈ। ਅਕਾਲ ਆਪਨੋ ਰੂਪ ਬਤਾਵੈ।।
ਤਾਂ ਤੇ ਖੜਗ ਨਾਮ ਤੇ ਪਿਆਰੇ। ਹੈ ਅਕਾਲ ਕੋ ਨੱਮਸਕਾਰੇ।।
ਜਿਸ ਤੇ ਗੁਰ ਅਪਨੋ ਸਭ ਕਾਜਾ। ਸਿੱਧ ਕਰਨ ਚਾਹਤ ਮਹਾਰਾਜਾ।।
ਜਬ ਵਹੁ ਹੋਤ ਸਹਾਇਤ ਪਯਾਰੇ। ਸਿੱਧ ਮਨੋਰਥ ਹੋਵਤ ਸਾਰੇ।।
ਤਾਂ ਤੇ ਗੁਰ ਵਹੁ ਈਸ ਧਿਆਯੋ। ਜਾ ਕੋ ਤੇਜ਼ ਜਗਤ ਮਹਿ ਛਾਯੋ।।੧੩।।

ਭਾਵ :- ਕਾਬਯ ਸ਼ਾਸਤ੍ਰ ਦੇ ਜਾਨਨੇ ਵਾਲੇ ਇਸ ਬਾਤ ਨੂੰ ਅੱਛੀ ਤਰ੍ਹਾਂ ਜਾਨਦੇ ਹਨ ਕਿ ਕਾਬਯ ਵਿੱਚ ਕਿਆ ੨ ਭਾਵ ਹੁੰਦੇ ਹਨ, ਜਿਨ੍ਹਾਂ ਲੋਗਾਂ ਨੇ ਇਸ ਕਾਬਯ ਯਾ ਸਾਹਿਤ ਵਿੱਦਯਾ ਨੂੰ ਪੜ੍ਹਿਆ ਹੈ ਉਨ੍ਹਾਂ ਨੂੰ ਕਵਿਤਾ ਦੇ ਪਦਾਂ ਦੇ ਲਾਛਣਕ ਅਤੇ ਅਧਯਾਹਾਰਕ ਭੇਦ ਪ੍ਰਤੀਤ ਹੁੰਦੇ ਹਨ ਪ੍ਰੰਤੂ ਇਸ ਵਿੱਦਯਾ ਤੇ ਹੀਨ ਲੋਗ ਛੰਦਾਂ ਦੇ ਭਾਵ ਨੂੰ ਨਾ ਸਮਝਕੇ ਅਰਥੋਂ ਅਨਰਥ ਕਰ ਲੈਂਦੇ ਹਨ। ਜਿਸ ਤੇ ਵਕਤ ਦਾ ਤਾਤਪਰਜ ਹੀ ਖੋ ਦੇਂਦੇ ਹਨ।।

ਇਸੀ ਤਰ੍ਹਾਂ ਬਚਿੱਤ੍ਰ ਨਾਟਕ ਜੋ ਇੱਕ ਵੱਡਾ ਭਾਰੀ ਕਾਬਯ ਰਚਨਾਂ ਦਾ ਗ੍ਰੰਥ ਹੈ ਇਸ ਵਿੱਚ ਭੀ ਕਈ ਕਾਬਯ ਦੇ ਗਿਆਨਹੀਨ ਪੁਰਖਾਂ ਨੇ ਧੋਖਾ ਖਾਧਾ ਹੈ, ਜੈਸਾ ਕਿ ਗੁਰੂ ਜੀ ਦੇ "ਨਮਸਕਾਰ ਸ੍ਰੀ ਖੜਗ ਕਉ" ਪਦ ਕਥਨ ਤੇ ਉਨ੍ਹਾਂ ਨੇ ਖੜਗ ਅਰਥਾਤ ਤਲਵਾਰ

ਨੂੰ ਜੋ ਇੱਕ ਜੜ੍ਹ ਲੋਹੇ ਦਾ ਸ਼ਸਤ੍ਰ ਹੈ ਨਮਸਕਾਰ ਕਰਨਾ ਅੰਗੀਕਾਰ ਕਰ ਲੀਤਾ ਹੈ, ਪ੍ਰੰਤੂ ਅਸਲ ਵਿੱਚ ਇਹ ਸੰਕੇਤਕ ਪਦ ਹੁੰਦੇ ਹਨ ਜੋ ਕਵਿ ਅਪਨੇ ਵਰਤਾਉ ਵਿੱਚ ਲਿਆਉਂਦੇ ਹਨ, ਜਿਨ੍ਹਾਂ ਦੇ ਰੱਖਨੇ ਨਾਲ ਇੱਕ ਖਾਸ ਪਦਾਰਥ ਦਾ ਹੀ ਗਿਆਨ ਹੁੰਦਾ ਹੈ, ਜਿਸ ਤਰ੍ਹਾਂ 'ਧੂਮ ਕੇਤ' ਆਖਨ ਤੇ ਬੋਦੀ ਵਾਲੇ ਤਾਰੇ ਅਰ, ਮੀਨਕੇਤ ਆਖਨ ਤੇ ਕਾਮ ਦਾ ਗਿਆਨ ਹੁੰਦਾ ਹੈ, ਇਸੇ ਤਰ੍ਹਾਂ ਗੁਰੂ ਜੀ ਨੇ ਭੀ "ਖੜਗਕੇਤ" ਅਕਾਲ ਪੁਰਖ ਦਾ ਸੰਕੇਤ ਰੱਖਯਾ ਹੈ ਜਿਸ ਤੇ ਇਹ ਸਿੱਧ ਹੁੰਦਾ ਹੈ ਕਿ ਓਹ ਜਗਤ ਦਾ ਉਤਪੱਤ ਪਾਲਨ ਅਤੇ ਸੰਹਾਰਕਰਤਾ ਹੈ, ਕਿੰਤੂ "ਖੜਗਕੇਤ" ਆਖਨ ਵਿੱਚ ਪਹਲੇ ਦੋ ਗੁਣਾਂ ਦਾ ਅਰਥਾਤ ਉਤੱਪਤਿ ਪਾਲਨ ਦਾ ਅਧਿਆਹਾਰ ਹੋ ਜਾਂਦਾ ਹੈ, ਜਿਸ ਤੇ ਇਕ ਗੁਣ ਦੇ ਗ੍ਰਹਨ ਤੇ ਦੋਨੋਂ ਗੁਣ ਨਿਸਚੈ ਹੋ ਜਾਂਦੇ ਹਨ॥

ਇਸ ਵਾਸਤੇ ਇਸ ਜਗ੍ਹਾਂ ਪਰ ਖੜਗ ਨੂੰ ਨਮਸਕਾਰ ਕਰਨ ਦਾ ਤਾਤਪਰਜ "ਖੜਗਕੇਤ" ਅਰਥਾਤ ਅਕਾਲ ਪੁਰਖ ਨੂੰ ਹੈ ਜੈਸਾ ਕਿ ਆਖਿਆ ਜਾਂਦਾ ਹੈ ਕਿ 'ਅਸੀਂ ਤਾਜ ਨੂੰ ਅਪਨਾ ਸਿਰ ਝੁਕਾਉਂਦੇ ਹਾਂ' ਇਸੇ ਤਰ੍ਹਾਂ "ਅਸੀਂ ਤਖਤ ਦੀ ਤਾਬਿਆ ਹਾਂ" ਇਸ ਤੇ ਇਹ ਭਾਵ ਨਹੀਂ ਹੈ ਜੋ ਇੱਕ ਸਿਰ ਪਰ ਰੱਖਨ ਵਾਲੀ ਟੋਪੀ ਯਾ ਕਿਸੇ ਬੈਠਨ ਵਾਲੀ ਮੰਜੀ ਦੇ ਅਧੀਨ ਹੋਨ ਦਾ ਵੱਡੇ ਵੱਡੇ ਸੂਰਬੀਰ ਇਕਰਾਰ ਕਰਦੇ ਹਨ ਕਿੰਤੂ ਇਸ ਤੇ ਭਾਵ ਤਾਜ ਅਤੇ ਤਖਤ ਦੇ ਮਾਲਕ ਦਾ ਹੁੰਦਾ ਹੈ, ਇਸੇ ਤਰ੍ਹਾਂ ਖੜਗ ਨੂੰ ਨਮਸਕਾਰ ਕਰਨ ਤੇ ਭੀ ਖੜਗਕੇਤ ਅਰਥਾਤ ਅਕਾਲ ਪੁਰਖ ਨੂੰ ਨਮਸਕਾਰ ਕਰਨ ਦਾ ਹੀ ਸਿੱਧਾਂਤ ਨਿੱਕਲਦਾ ਹੈ, ਜੈਸਾ ਕਿ ਉੱਪਰਲੇ ਦੋਹੇ ਅਤੇ ਤ੍ਰਿਭੰਗੀ ਛੰਦ ਤੇ ਅੱਗੇ (ਸ੍ਰੀ ਅਕਾਲ ਜੀ ਦੀ ਉਸਤਤਿ) ਸ੍ਰੀ ਮੁਖ ਤੇ ਹੀ ਉਚਾਰਨ ਕਰਕੇ ਇਸ ਭਰਮ ਨੂੰ ਖੋ ਦਿੱਤਾ ਹੈ, ਜਿਸ ਵਿੱਚ ਗੁਰੂ ਜੀ ਨੇ ਪ੍ਰਗਟ ਕਰ ਦਿੱਤਾ ਹੈ ਕਿ ਅਸੀਂ ਅਕਾਲ ਪੁਰਖ ਦੀ ਉਸਤਤੀ ਕਰਦੇ ਹਾਂ ਕਿੰਤੂ ਤੇਗ ਦੀ ਨਹੀਂ॥

ਕਿਉਂਕਿ ਜੇ ਤਲਵਾਰ ਨੂੰ ਹੀ ਇਸ਼ਟ ਮੰਨਯਾ ਜਾਏ ਤਾਂ ਜੋ ਅੱਗੇ ਖੜਗ ਦੇਗੁਣ ਦੱਸੇ ਹਨ ਸੋ ਉਸ ਵਿੱਚ ਨਹੀ ਪਾਏ ਜਾਂਦੇ ਕਿੰਤੂ ਉਹ ਸਭ ਖੜਗਕੇਤ ਅਰਥਾਤ ਅਕਾਲ ਦੇ ਵਿੱਚ ਹੀ ਪਾਏ ਜਾਨਗੇ, ਜੈਸਾ ਕਿ ਰਣ ਦਾ ਆਰੰਭ ਹੋਨਾ ਅਤੁਲ ਬਲ ਦਾ ਹੋਨਾ, ਸੰਤਾਂ ਨੂੰ ਸੁਖ ਦੇਕੇ ਬੁਰੀ ਮਤ ਦਾ ਨਾਸ ਕਰਨਾ ਆਦਿਕ ਗੁਣ ਕਿਸੇ ਖਾਲਸ ਸ਼ਸਤ੍ਰ ਵਿੱਚ ਨਹੀਂ ਹੋ ਸਕਦੇ ਕਿੰਤੂ ਸ਼ਸਤਰ ਖਾਣੀ ਵਿੱਚ ਹੋ ਸਕਦੇ ਹਨ, ਜਿਸ ਵਾਸਤੇ ਇਸ ਜਗ੍ਹਾ ਪਰ ਗੁਰੂ ਜੀ ਨੇ ਜਗਤ ਦੀ ਉਤਪੱਤੀ ਪਾਲਨ ਅਤੇ ਸੰਹਾਰ ਕਰਨ ਵਾਲੇ ਅਕਾਲਪੁਰਖ ਦੀ ਹੀ ਉਸਤਤੀ ਕੀਤੀ ਹੈ ਉਸ ਤੇ ਛੁਟ ਕਿਸੇ ਦੇਵੀ ਯਾ ਤੇਗ ਆਦਿਕ ਕਿਸੇ ਵਸਤੂ ਦੀ ਨਹੀਂ ਕੀਤੀ॥

## ਦੋਹਿਰਾ

ਉਸ ਅਕਾਲ ਦੇ ਰੂਪ ਨੂੰ ਅੱਗੇ ਕਰਨ ਬਖਾਨ।
ਜਿਸ ਕੇ ਪੜ੍ਹਨੇ ਤੇ ਸਕਲ ਤਵ ਸੰਸੇ ਮਿਟ ਜਾਨ।।੧੪।।
ਯਥਾ :- ਸ੍ਰੀ ਮੁਖ ਵਾਕ ਭੁਜੰਗ ਪ੍ਰਯਾਤ ਛੰਦ
"ਸਦਾ ਏਕ ਜੋਂ ਤੁਯੰ ਅਜੂਨੀ ਸਰੂਪੰ। ਮਹਾਂ ਦੇਵ ਦੇਵੰ ਮਹਾਂਭੂਪ ਭੂਪੰ॥

ਨਿਰੰਕਾਰ ਨਿਤਯੰ ਨਰੂਪੰ ਨਿਬਾਣੰ। ਕਰੰ ਕਾਰਣੇਯੰ ਨਮੋਂ ਖੜਗ ਪਾਣੰ।।੩।।
ਨਿਰੰਕਾਰ ਨਿਰ ਵਿਚਾਰ ਨਿਤਯੰ ਨਰਾਲੰ। ਨ ਬਿਰਧੰ ਬਸੇਖੰ ਨ ਤਰਨੰ ਨ ਬਾਲੰ।।
ਨਰੰਕੰ ਨਰਾਯੰ ਨਰੂਪੰ ਨ ਰੇਖੰ। ਨ ਰੰਗੰ ਨ ਰਾਗੰ ਅਪਾਰੰ ਅਭੇਖੰ।।੪।।"

## ਦਵੈਯਾ

ਇਨ ਛੰਦਾਂ ਵਿੱਚ ਸ੍ਰੀ ਗੁਰੂ ਜੀ ਨੇ ਉਸ ਅਕਾਲ ਦੀ ਗਾਥਾ। ਖੜਗਕੇਤ ਕਰ ਜੋਇ ਉਚਾਰੀ ਸੋ ਦੇਖੋ ਮਨ ਮਾਥਾ।। ਏਕੋ ਜੋਤ ਅਜਨਮ ਬਤਾਕੇ ਸਭ ਦੇਵਨ ਕੋ ਦੇਵਾ। ਸਭ ਰਾਜਨ ਕੋ, ਰਾਜਾ ਕਹਕੇ ਦੱਸੀ ਤਿਸ ਦੀ ਸੇਵਾ।।੧੫।। ਨਿਰਾਕਾਰ ਅਰ ਨਿਤ ਬਤਾਇਆ ਪੁਨ ਭਾਖਯਾ ਨਿਰ ਬਾਣੀ। ਸਭ ਕਰਤਾ ਅਰ ਹਰਤਾ ਸ਼ਕਤੀ ਓਸੇ ਵਿੱਚ ਵਖਾਣੀ।। ਨਿਰ ਵਿਕਾਰ ਅਰ ਨਿਰਾਲੇਪ ਪੁਨ ਬਾਲ ਬ੍ਰਿਧ ਨਹਿ ਹੋਵਤ। ਰਾਵ ਰੰਕ ਅਰ ਰੂਪ ਨ ਰੇਖਾ ਰਾਗ ਦ੍ਵੈਖ ਨਹਿ ਜੋਵਤ।।੧੬।। ਏਹੋ ਜੇਹੇ ਲੱਖਨ, ਗੁਰ ਨੇ ਕਹੇ ਈਸ ਦੇ ਪਿਆਰੇ। ਜਿਸ ਦੇ ਖੜਗ ਕੇਤ ਮੁਖ ਕਹਿਕੇ ਸ਼ੁਭ ਗੁਣ ਹੈਨੁ ਉਚਾਰੇ।। ਇਸ ਮਹਿ ਦੇਵੀ ਆਦਿਕ ਦਾ ਨਾ ਨਾਮ ਕਿਤੇ ਹੈ ਲੀਤਾ। ਜੋ ਅਗਿਆਨੀ ਪੁਰਖਾਂ ਨੇ ਹੈ ਮਾਨ ਰਿਦੇ ਮਹਿ ਲੀਤਾ।।੧੭।। ਜਿਸ ਦਾ ਕਾਲਾ ਰੂਪ ਬਤਾਉਨ ਅਰ ਸੱਪਾਂ ਦੀ ਮਾਲਾ। ਵਡੇ ਦੰਦ ਢਿੱਡ ਜਿਸ ਦੱਸੇ ਲੋਹੂ ਪੀਂਦੀ ਕਾਲਾ।। ਏਹੋ ਜੇਹੇ ਰੂਪਵਤੀ ਫਿਰ ਕਿਉਂ ਅਰੂਪ ਸਦਵਾਂਦੀ। ਨਿਰ ਵਿਕਾਰ ਉਹ ਕਦ ਕਹ ਲਾਊ ਜੋ ਪ੍ਰਗਟੇ ਛਿੱਪ ਜਾਂਦੀ।।੧੮।। ਨਹੀਂ ਨਿਤ ਉਹ ਛਿਨ ਭੰਗਰ ਸੀ ਜੋ ਉਡ ਗਈ ਪਲਕ ਮੈਂ। ਮੁੜ ਕੇ ਦੇਖਿਆ ਰੂਪ ਨ ਜਿਸ ਦਾ ਅੱਖੀਂ ਫੇਰ ਖਲਕ ਮੈਂ।। ਤਾਂ ਤੇ ਐਸੇ ਲੱਖਨ ਵਾਲੀ ਜੋ ਦੇਵੀ ਹੈ ਭਾਈ। ਦਸਮੇ ਪਾਤਸ਼ਾਹ ਨੇ ਮਨ ਤੇ ਕਬਹੂੰ ਨਾਂਹਿ ਮਨਾਈ।।੧੯।। ਨਿਰ ਵਿਕਾਰ ਅਰ ਨਿਰਾਕਾਰ ਨੂੰ ਮਾਨਤ ਥੇ ਗੁਰ ਪੂਰੇ। ਉੱਤਪਤ ਪਾਲਨ ਨਾਸ ਕਰਨ ਦੇ ਜਿਸ ਵਿੱਚ ਲੱਖਨ ਪੂਰੇ।। ਤਿਸ ਕੋ ਤਿਆਗ ਮਨਾਵਨ ਐਸੀ ਜੈਸੀ ਹੈ ਕਲ ਜੋਗਨ। ਕਹੋ ਭਲਾ ਕਦ ਪਰਸਨ ਗੁਰ ਜੀ ਜੋ ਵਰਜਤ ਥੇ ਲੋਗਨ।।੨੦।।

## ਦੋਹਿਰਾ

ਪੁਨ ਨਹਿ ਮਾਨੀ ਤੇਗ ਗੁਰ ਅਪਨੋ ਇਸ਼ਟ ਪਛਾਨ।
ਜੋ ਜੜ੍ਹ ਨਾਸੀ ਵਸਤ ਹੈ ਕ੍ਰਿਤਮ ਧੂਲ ਮਹਾਨ।।੨੧।।

ਭਾਵ :- ਗੁਰੂ ਜੀ ਦੀ ਬਾਨੀ ਤੇ ਅਕਾਲ ਪੁਰਖ ਦੇ ਲੱਖਨ ਨਿੱਤ ਨਿਰ ਵਿਕਾਰ ਅਤੇ ਉਤਪਤਿ ਇਸਥਤ ਅਤੇ ਨਾਸ ਕਰਤਾ ਪ੍ਰਤੀਤ ਹੁੰਦੇ ਹਨ। ਇਸ ਵਾਸਤੇ ਉਹ ਦੇਵੀ ਜੋ ਦੇਖਦੇ ਹੀ ਗੁੰਮ ਹੋ ਗਈ ਅਰਥਾਤ ਨਿਤ ਨਾ ਰਹੀ ਆਖਦੇ ਹਨ ਫਿਰ ਵਿਕਾਰੀ ਜੋ ਪਹਲੋਂ ਬੁਰਾ ਰੂਪ ਦਖਾਕੇ ਫੇਰ ਸੁੰਦਰ ਬਨਨੇ ਵਾਲੀ ਵਸਤੂ ਸੀ ਜੋ ਕਦ ਪੂਜਨ ਦੇ ਜੋਗ ਹੈ ਸੱਕਦੀ ਹੈ, ਇਸ ਵਾਸਤੇ ਇਹਨਾਂ ਗੁਰ ਬਚਨਾਂ ਦੇ ਭਾਵ ਨੂੰ ਨਾ ਸਮਝ ਕੇ ਗੁਰੂ ਜੀ ਪਰ ਇਹ ਦੋਖ ਲਗਾਉਣਾ ਮਹਾਂ ਪਾਪ ਹੈ।।

## ਦੋਹਿਰਾ

ਤਾਂਤੇ ਸ੍ਰੀ ਮੁਖ ਵਾਕ ਮਹਿ ਪੂਜਨ ਕਾਯੋ ਅਕਾਲ।
ਦੇਵੀ ਦੇਵਨ ਠੌਰ ਕਿਤ ਦੇਖਹੁ ਤਿਨ ਮਹਿ ਭਾਲ।।੨੨।।

# ਦੁਰਗਾ ਭਗਤ

## ਦੋਹਿਰਾ

ਜੈਸੇ ਇਹ ਪ੍ਰਮਾਨ ਤੈਂ ਦਿੱਤੇ ਮੈਨੂੰ ਬੋਲ।
ਤੈਸੇ ਇਨ ਤੇ ਉਲਟ ਕੁਛ ਮੈਂ ਭੀ ਲਿਆਂਦੇ ਟੋਲ।।੨੩।।
ਤੁਸੀਂ ਆਖਦੇ ਜਗਤ ਮਹਿ ਅਹੇ ਨ ਦੇਵੀ ਕੋਇ।
ਅਸ਼ਟ ਭੁਜੀ ਤਲਵਾਰ ਲੇ ਪ੍ਰਗਟ ਹੁੰਦੀ ਜੋਇ।।੨੪।।
ਪਰ ਗੁਰ ਗ੍ਰੰਥ ਬਤਾਂਇ ਦਾ ਉਸ ਅਕਾਲ ਨੂੰ ਭਗਤ।
ਦੁਸ਼ਟਨ ਮਾਰਨ ਕਾਰਨ ਦੇਵੀ ਰੂਪ ਬਨਾਤ।।੨੫।।
ਇਸ ਤੇ ਅੱਗੇ ਦੇਖ ਤੂੰ ਪੜ੍ਹਕੇ ਸਾਰੇ ਛੰਦ।
ਦੇਵੀ ਰੂਪ ਬਤਾਇਕੇ ਬੋਲਣ ਕਰਦੇ ਬੰਦ।।੨੬।।

**ਯਥਾ:- ਸ੍ਰੀ ਮੁਖਵਾਕ ਪਾਤਸ਼ਾਹੀ ੧੦ ।।**

"ਅਲੇਖੰ ਅਭੇਖੰ ਅਭੂਤੰ ਅਦ੍ਵੈਖੰ। ਨਾ ਰਾਗੰ ਨ ਰੰਗੰ ਨ ਰੂਪੰ ਨ ਰੇਖੰ।। ਮਹਾ ਦੇਵ ਦੇਵੰ ਮਹਾ ਜੋਗ ਜੋਗੰ। ਮਹਾਂ ਕਾਮ ਕਾਮੰ ਮਹਾਂ ਭੋਗ ਭੋਗੰ।।੧੦।। ਕਹੂੰ ਰਾਜਸੇ ਤਾਂਮਸੰ ਸਾਂਤ ਕੇਯੰ। ਕਹੂੰ ਨਾਰ ਕੋ ਰੂਪ ਧਾਰੇ ਨਰੇਯੰ।। ਕਹੂੰ ਦੇਵੀਯੰ ਦੇਵਤੰ ਦਯੀਤ ਰੂਪੰ। ਕਹੂੰ ਰੂਪ ਆਨੇਕ ਧਾਰੇ ਅਨੂਪੰ।।੧੧।। ਕਹੂੰ ਫੂਲ ਵੈਕੈ ਭਲੇ ਰਾਜ ਫੂਲੇ। ਕਹੂੰ ਭਵਰ ਹੈਕੋ ਭਲੀ ਭਾਂਤ ਭੂਲੇ।। ਕਹੂੰ ਪਵਨ ਹ੍ਵੈ ਕੈ ਬਹੇ ਬੇਗ ਐਸੇ। ਕਹੇ ਮੋਨ ਆਵੈ ਕਥੈ ਤਾਂਹਿ ਕੈਸੇ।"

## ਦੋਹਿਰਾ

ਇਨ ਵਾਕਨ ਮੈਂ ਸਿੱਧ ਸਭ ਕਰ ਦੀਨਾਂ ਗੁਰ ਆਪ।
ਧਰਤ ਰੂਪ ਪਰਮਾਤਮਾਂ ਨਾਨਾ ਬਿਧ ਕੇ ਥਾਪ।।੨੮।।
ਜੈਸੇ ਇਸ ਮਹਿ ਕਰ ਦੀਆ ਹੋਤ ਪੁਰਖ ਅਰ ਨਾਰ।
ਦੇਵੀ ਦੈਤਨ ਰੂਪ ਵਹੁ ਕਰਤੋ ਆਪ ਮੁਰਾਰ।।੨੯।।
ਫੂਲ ਭਵਰ ਪੁਨ ਪਵਨ ਹੋ ਚਲਤ ਬੇਗ ਇਸ ਭਾਂਤ।
ਨਹਿ ਕਥਨੇ ਮਹਿ ਆਵਤੋ ਦੇਖਹੁ ਭਲੇ ਏਕਾਂਤਿ।।੨੯।।
ਫਿਰ ਤੁਮ ਕੈਸੇ ਕਹਤ ਹੈ ਨਹੀਂ ਚੰਡਕਾ ਕੋਇ।
ਅਕਾਲ ਪੁਰਖ ਕੀ ਸ਼ਕਤ ਹੋ ਕਾਮ ਕਰਤ ਭਵ ਜੋਇ।।੩੦।।

# ਤੱਤ ਖਾਲਸਾ

## ਦੋਹਿਰਾ

ਇਨ ਵਾਕਨ ਮੈਂ ਭੀਸਖੇ ਲਖੋ ਤੱਤ ਨਿਜ ਸਾਰ।
ਇਹ ਤੌਂ ਮਹਮੇਂ ਈਸ ਕੀ ਕਰਤੇ ਸਕਲ ਉਚਾਰ।।੩੧।।
ਕਰਤਾ ਪੁਰਖ ਗ੍ਰੰਥ ਜਿਸ ਕਹਤ ਵਿਚਾਰੋ ਆਦਿ।
ਸੋਈ ਦਸਮੇਂ ਗੁਰ ਕਿਹਾ ਦੇਖੋ ਛੋਡ ਬਿਵਾਦ।।੩੨।।
ਜਿਸ ਦਾ ਭਾਵ ਪਯਾਰਿਆ ਹੈ ਕਰਤਾ ਜਗਦੀਸ।

ਉਤਪਤ ਜਿਸ ਸੇ ਜਗ ਭਯੋ ਅਨਕ ਭਾਂਤ ਧਰ ਸੀਸ।।੩੩।।
ਨਾਰ ਪੁਰਖ ਦੇਵੀ ਭਏ ਦੇਵ ਦੈਤ ਜਿਸ ਮਾਂਹਿ।
ਸੋ ਸਭ ਕੋ ਇੱਕ ਪੂਜ ਹੈ ਜਿਸ ਬਿਨ ਦੂਸਰ ਨਾਂਹਿ।।੩੪।।
ਜਿਸ ਤੇ ਅਗਲੇ ਵਾਕ ਤੁਹਿ ਦੇਤ ਗਿਆਨ ਭਲ ਭਾਇ।
ਜਿਨ ਕੇ ਸ੍ਵਨ ਮਨਨ ਤੇ ਇਹ ਸੰਕਾ ਮਿਟ ਜਾਇ।।੩੫।।

ਯਥਾ - ਭੁਜੰਗ ਪ੍ਰਯਾਤ ਛੰਦ

"ਸ੍ਰਿਜੇ ਸੇਤਜੰ ਜੇਰਜੰ ਉਤ ਭਜੇਵੰ। ਰਚੇ ਅੰਡਜੰ ਖੰਡ ਬ੍ਰਹਮੰਡ ਏਵੰ।। ਦਿਸਾ ਬਿਟਸਾਯੰ ਜਿਮੀਂ ਆਸਮਾਣੰ। ਚਤਰ ਬੇਦ ਕਥਯੰ ਕੁਰਾਣੰ ਪੁਰਾਣੰ।।੨੪।। ਰਚੇ ਰੈਣ ਦਿਵਸੰ ਥਪੈ ਸੂਰ ਚੰਦ੍ਰੰ। ਠਟੇ ਦਈਵ ਦਾਨੋ ਰਚੇ ਬੀਰ ਬ੍ਰਿੰਦੰ।। ਕਰੀ ਲੋਹ ਕਲਮੰ ਲਿਖਜੈ ਲੇਖ ਮਾਥੰ। ਸਬੈ ਜੇਰ ਕੀਨੇ ਬਲੀ ਕਾਲ ਹਾਥੰ।।੨੫।। ਕਈ ਮੇਟ ਡਾਰੈ ਉਪਾਯੇ ਬਨਾਏ। ਉਪਾਰੇ ਗੜੇ ਫੇਰ ਮੇਟੇ ਉਪਾਏ। ਕ੍ਰਿਆ ਕਾਲ ਜੂ ਕੀ ਕਿਨੂ ਨਾਂ ਪਛਾਨੀ। ਘਨਿਯੋ ਪੈਂ ਥਿਤੈ ਹੇ ਘਿਨਿਯੋ ਪੈ ਬਿਤਾਨੀ।।੨੬।। ਕਿਤੈ ਕ੍ਰਿਸ਼ਨ ਸੇ ਕੀਟ ਕੋਟੰ ਬਨਾਏ। ਕਿਤੇ ਰਾਮ ਸੇ ਮੇਟ ਡਾਰੇ ਉਪਾਏ।। ਮਹਾਂ ਦੀਨ ਕੇਤੇ ਪ੍ਰਿਥੀ ਮਾਂਝ ਹੁਏ। ਸਮੈਂ ਆਪਨੀ ਆਪਨੀ ਅੰਤ ਮੂਏ।।੨੭।।"

## ਦੋਹਿਰਾ

ਯਹੀ ਸ਼ਬਦ ਆਗੇ ਕਹੈਂ ਤਿਸ ਕੋ ਸਗਰੋਂ ਭਾਵ।
ਕਈ ਕੋਟ ਸ੍ਰਿਸ਼ਟੀ ਰਚੇ ਈਸ਼੍ਵਰ ਧਰ ਮਨ ਚਾਵ।।੩੬।।
ਚਾਰ ਖਾਨ ਬ੍ਰਹਮੰਡ ਸਭ ਪੰਚ ਭੂਤ ਯੁਤ ਜੋਇ।
ਚੰਦ ਸੂਰ ਸੁਰ ਨਰ ਅਸੁਰ ਜਿਸ ਸ਼ਕਤੀ ਮਹਿ ਸੋਇ।।੩੭।।
ਕ੍ਰਿਸ਼ਨ ਮੁਹੰਮਦ ਰਾਮ ਸੇ ਉਪਜੇ ਮਰੇ ਜਹਾਨ।
ਉਸ ਅਕਾਲ ਦੀ ਦ੍ਰਿਸ਼ਟ ਮਹਿ ਹੈਂ ਸਭ ਕੀਟ ਸਮਾਂਨ।।੩੮।।
ਤੈਂ ਦੇਵੀ ਦੀ ਉਤਪਤੀ ਤਿਸ ਤੇ ਕਹੀ ਬਨਾਇ।
ਇਸ ਪ੍ਰਕਾਰ ਕਰ ਸੋਚ ਮਨ ਤੌਂ ਸਗਰੋਂ ਭ੍ਰਮ ਜਾਇ।।੩੯।।
ਜੋ ਦੇਵੀ ਅਰ ਦੇਵਤੇ ਤੂੰ ਮਾਨਤ ਮਨ ਆਪ।
ਸੋ ਗੁਰ ਜੀ ਨਹਿ ਕਹਤ ਹੈਂ ਤਿਨ ਕਾ ਕਰੀਓ ਜਾਪ।।੪੦।।
ਸ਼ੁਭ ਕਰਮਨ ਕੋ ਕਰਤ ਜੋ ਨਰ ਨਾਰੀ ਜਗ ਮਾਹਿ।
ਸੋਈ ਦੇਵੀ ਦੇਵ ਹੈ ਔਰ ਨ ਸਮਸਰ ਜਾਂਹਿ।।੪੧।।

ਯਥਾ ਸ੍ਰੀ ਮੁਖ ਵਾਕ

"ਸਾਧ ਕਰਮ ਜੋ ਪੁਰਖ ਕਮਾਵੈ। ਨਾਮ ਦੇਵਤਾ ਜਗਤ ਕਹਾਵੈ।
ਕੁਕਿਰਤ ਕਰਮ ਜੇ ਜਗ ਮਹਿ ਕਰਹੀ। ਨਾਮ ਅਸੁਰ ਤਾਕੋ ਜਗ ਧਰਹੀ।।"

## ਦੋਹਿਰਾ

ਦੇਖੋ ਲਖਨ ਕਰਦਿਆਂ ਦੇਵੀ ਦੇਵ ਬਨਾਇ।

ਕਰਮਨ ਕੇ ਅਨੁਸਾਰ ਨਰ ਸੁਰ ਪੁਨ ਅਸੁਰ ਕਹਾਇ।।੪੨।।

## ਚੌਪਈ

ਇਹ ਦਸਮੇਂ ਗੁਰ ਜੂ ਫੁਰਮਾਹਿਆ। ਦੇਵ ਅਦੇਵ ਭੇਦ ਸਮਝਾਯਾ।।
ਭਲੇ ਕਰਮ ਜੋ ਪੁਰਖ ਕੁਮਾਵਤ। ਸੰਤ ਮਾਰਗ ਕੋ ਗੁਰ ਬਤਾਵਤ।।
ਸੋਈ ਹੈ ਸੁਰ ਜਗ ਕੇ ਸਾਹੀ।। ਜਾਂ ਸਮ ਦੂਸਰ ਪਈ ਯਤ ਨਾਹੀਂ।।
ਇਸੀ ਤਰਹ ਜੋ ਨਾਰ ਸੁਭਾਗੀ। ਸ਼ੁਭ ਕਰਮਨ ਮਹਿ ਸੁਦ ਹੀ ਲਾਗੀ।।
ਸੋਈ ਦੇਵੀ ਰੂਪ ਕਹਾਈ। ਤਿਸ ਤੇ ਭਿੰਨ ਨ ਦੇਵੀ ਕਾਈ।।
ਅਰ ਪੁਨ ਜੋ ਹੈ ਪੁਰਖ ਨਕਾਰਾ। ਕਰਤ ਪਾਪ ਸਦ ਜਗਤ ਮਝਾਰਾ।।
ਸੋਈ ਅਸੁਰ ਦੈਂਤ ਕਹਲਾਵਤ। ਦਸਮ ਗੁਰੂ ਜਿਸ ਭਾਂਤ ਬਤਾਵਤ।।
ਇਸੀ ਭਾਂਤ ਜੋ ਪਾਪਨ ਨਾਰੀ। ਕਰਤ ਕੁਕਰਮ ਮਹਾਂ ਹਤਿਆਰੀ।।
ਸੋਈ ਅਹੇ ਅਸੁਰਨੀ ਨਾਮਾ। ਕਹਤ ਰਾਕਸ਼ੀ ਜਿਹ ਨਰ ਥਾਮਾਂ।।
ਹੁਣ ਤੂੰ ਮਨ ਮਹਿ ਸੋਚ ਪਿਆਰੇ। ਇਨ ਕਰਮਨ ਕੋ ਮਨ ਮਹਿ ਧਾਰੈ।।
ਜੋ ਦੇਵੀ ਹਮਰੇ ਕਵਿ ਗਾਵੇ। ਕਾਲਾ ਰੂਪ ਜਿਸੇ ਦਿਖਰਾਵੇਂ।।
ਗਲ ਮਹਿ ਸਾਂਪ ਸੀਸ ਮੁਰਦਾਂ ਕੇ। ਵਡੇ ਦੰਦ ਪਿੱਠ ਬਾਲ ਸੁਜਾਕੇ।।
ਅਰ ਤਿਸ ਕਾਮ ਖਾਵਨੇ ਝੋਟੇ। ਅਰ ਬੱਕਰੇ ਜੋ ਚੰਗੇ ਮੋਟੇ।।
ਫਿਰ ਆਦਮ ਦਾ ਲੋਹੂ ਪੀਨਾ। ਇਸ ਪਰ ਹੈ ਜਿਸ ਕਾ ਜਗ ਜੀਨਾ।।
ਸੋ ਐਸੇ ਕਰਮਨ ਕੀ ਪਿਆਰੀ। ਹੈ ਦੇਵੀ ਗੁਰਮਤ ਅਨੁਸਾਰੀ?।।
ਸ੍ਰੀ ਮੁਖ ਵਾਕ ਸਾਥ ਇਸ ਤੋਲੇ। ਫਿਰ ਆਗੇ ਕੁਛ ਮੁਖ ਤੇ ਬੋਲੇ।।
ਤਾਂ ਤੇ ਗੁਰਮਤ ਹਮਰੋ ਇਸ਼ਟਾ। ਤਜ ਔਰ ਸਭ ਜਾਨ ਅਨਿਸ਼ਟਾ।।
ਸੱਤ ਅਸੱਤ ਵਿਚਾਰ ਦੁਵਾਰੇ। ਲਖ ਕਰ ਧਰੀ ਯਹੁ ਰਿਦੇ ਮਝਾਰੇ।।੪੩।।

## ਦੋਹਿਰਾ

ਜਾਂ ਤੇ ਇਸ ਪ੍ਰਸੰਗ ਮਹਿ ਸਿੱਧ ਹੋਤ ਕੁਛ ਔਰ।
ਸ੍ਰੀ ਗੁਰ ਜੀ ਨਹਿ ਕਹਤ ਹੈਂ ਦੇਵੀ ਸਭ ਸਿਰਮੌਰ।।੪੪।।

# ਦੁਰਗਾ ਭਗਤ

## ਦੋਹਿਰਾ

ਭਾਵੇਂ ਤੁਸੀ ਬਖਾਨ ਦੇ ਗੁਰ ਨਹਿ ਮਾਨਤ ਦੇਵ।
ਪਰ ਗੁਰਬਾਨੀ ਮੈਂ ਲਿਖੀ ਭਗਤੀ ਮਾਤ ਅਭੇਵ।।੪੫।।
ਵਰ ਮਾਂਗਤ ਗੁਰ ਚੰਡ ਤੇ ਧਨ ਸੰਪਦ ਬਹੁ ਭਾਂਤ।
ਲੈ ਅਸੀਸ ਸੁਖ ਚਾਹਤੇ ਪੜ੍ਹ ਦੇਖੋ ਏਕਾਂਤ।।੪੬।।
ਦਸਮ ਗ੍ਰੰਥ ਦੇ ਵਿੱਚ ਹੈ ਜੋ ਲਿਖਯਾ ਪ੍ਰਸੰਗ।
ਸੋ ਮੈਂ ਤੈਨੂੰ ਆਖਦਾ ਸੁਨ ਲੈ ਸਾਥ ਉਮੰਗ।।੪੭।।

## ਯਥਾ : ਸ੍ਰੀ ਮੁਖ ਵਾਕ ਪਾਤਸ਼ਾਹੀ ੧੦ ਸਵੈਯਾ

"ਮੇਰ ਕਰੋ ਤ੍ਰਿਣ ਤੇ ਮੁਹਿ ਜਾਹਿ ਗਰੀਬ ਨਿਵਾਜ ਨ ਦੂਸਰ ਤੋਸੋ। ਭੂਲ ਛਿਮੋ ਹਮਰੀ ਪ੍ਰਭ ਆਪਨ ਭੂਲਨ ਹਾਰ ਕਹਾ ਕੋਊ ਮੋਸੋ॥ ਸੇਵ ਕਰੀ ਤੁਮਰੀ ਤਿਨ ਕੇ ਸਭ ਹੀ ਗ੍ਰਿਹ ਦੇਖੀਅਤ ਦਰਬ ਭਰੋਸੋ। ਯਾ ਕਲ ਮੈਂ ਸਭ ਕਾਲ ਕ੍ਰਿਪਾਨ ਕੇ ਭਾਰੀ ਭੁਜਾਨ ਕੋ ਭਾਰੀ ਭਰੋਸੋ॥੯੨॥ ਸੁੰਭ ਨਸੁੰਭ ਸੇ ਕੋਟ ਨਿਸਾਚਰ ਜਾਹਿ ਛਿਨੇਕ ਬਿਖੈ ਹਨ ਡਾਰੇ। ਧੂਮਰ ਲੋਚਨ ਚੰਡ ਅਉ ਮੁੰਡ ਸੇ ਮਾਰਖ ਸੇ ਪਲ ਬੀਚ ਨਿਵਾਰੇ॥ ਚਾਮਰ ਸੇ ਰਣ ਚਿੱਛਰ ਸੇ ਰਕਿਤੱਛਣ ਸੇ ਝਟ ਦੈ ਝਝਕਾਰੇ। ਐਸੋ ਸੁ ਸਾਹਿਬ ਪਾਇ ਕਹਾਂ ਪਰਵਾਹਿ ਰਹੀ ਇਹ ਦਾਸ ਤਿਹਾਰੇ ॥੯੩॥ ਮੁੰਡਹੁ ਸੇ ਮਧ ਕੀਟਭ ਸੇ ਮੁਰਸੇ ਅਘਸੇ ਜਿਨ ਕੋਟ ਦਲੇਹੈਂ॥ ਓਟ ਕਰੀ ਕਬਹੂ ਨ ਜਿਨੇ ਰਣ ਚੋਟ ਪਰੀ ਪਗ ਦ੍ਵੈਨ ਟਲੇ ਹੈਂ॥ ਸਿੰਧ ਬਿਖੈ ਜਿਨ ਬੂਡੇ ਨਿਸਾਚਰ ਪਾਵਕ ਬਾਣ ਬਹੇ ਨ ਚਲੇ ਹੈ। ਤੇ ਅਸ ਤੌਰ ਬਿਲੌਕ ਅਲੋਕ ਸੁਲਾਜ ਕੋ ਛਾਡਿ ਕੈ ਭਾਜ ਚਲੇ ਹੈ॥੯੪॥"

### ਦੋਹਿਰਾ

ਇਨ ਵਾਕਨ ਮੈਂ ਗੁਰੂ ਜੀ ਨਿਜ ਰੱਖਯਾ ਕੇ ਕਾਜ।
ਉਸਤਤ ਚੰਡੀ ਕੀ ਕਰੀ ਰੰਚਕ ਧਰੀ ਨ ਲਾਜ॥੪੮॥

### ਚੌਪਈ

ਕਹਾ ਮੇਰ ਤ੍ਰਿਣਤੇ ਮੁਹਿ ਕੀਜੈ। ਗ੍ਰੀਵ ਨਵਾਜ ਸ਼ਰਨ ਮਹਿ ਲੀਜੈ॥
ਦੂਸਰ ਤੇ ਸਮ ਅਵਰ ਨ ਕੋਈ। ਭੂਲ ਛਮੋ ਹਮ ਸੈ ਜੋ ਹੋਈ॥
ਜਿਨ ਜਨ ਤੁਮਰੀ ਸੇਵਾ ਕੀਨੀ। ਤਿਨ ਕੇ ਘਰ ਤੁਮ ਨਵ ਨਿਧ ਦੀਨੀ॥
ਜਾਂ ਤੇ ਤੁਮਰਾ ਮੋਹ ਭਰੋਸਾ। ਭਾਜਹਿ ਸੱਤ੍ਰ ਤੋਹ ਲੱਖ ਕੋਸਾ॥
ਸੁੰਭ ਨਸੁੰਭ ਮਾਰ ਤੁਹਿ ਦੀਨੋ। ਚੰਡ ਮੁੰਡ ਸੋਂ ਹੈਂ ਬਧ ਕੀਨੋ॥
ਮਧ ਕੀਟਭ ਸੇ ਮੁਰ ਸੇ ਮਾਰੇ। ਜਿਨ ਕੋ ਜੀਤਤ ਨਹਿ ਸੰਸਾਰੇ॥
ਜੋ ਐਸੀ ਸ਼ਕਤੀ ਧਰ ਸੂਰੇ। ਤੁਮਰੀ ਤੇਗ਼ ਮਿਲਾਏ ਧੂਰੇ॥
ਤਾਂ ਤੇ ਤੁਮ ਸਾਹਿਬ ਜਬ ਮੋਰੀ। ਨਹਿ ਪ੍ਵਾਹ ਰਹੇ ਮਮ ਥੋਰੀ॥
ਐਸੀ ਉਪਮਾ ਕਰੀ ਅਪਾਰਾ। ਜਾ ਕੋ ਜਾਨਤ ਹੈ ਜਗ ਸਾਰਾ॥
ਫਿਰ ਵਹੁ ਸੁੰਭ ਨਸੁੰਭ ਨ ਹਰਤੀ। ਚੰਡ ਮੁੰਡ ਕੋ ਚੰਡਨ ਕਰਤੀ॥
ਕਹਕੇ ਕਰੀ ਬੇਨਤੀ ਐਸੀ। ਸ਼ਰਧਾਵਾਨ ਕਰਤ ਹੈ ਜੈਸੀ॥
ਤੌ ਤੁਮਰੀ ਜੋ ਬਾਤ ਪਯਾਰੇ। ਮਾਨਨ ਜੋਗ ਨ ਰਿਦੇ ਹਮਾਰੇ॥
ਗੁਰਬਾਣੀ ਕਿਉਂ ਭੰਗਨ ਕਰ ਹੈਂ। ਜਾਂ ਤੇ ਨਰਕ ਮਾਂਹਿ ਦੁਖ ਭਰ ਹੈਂ॥
ਹੈ ਵਹੁ ਚੰਡੀ ਗੁਰੂ ਮਨਾਈ। ਜੋ ਸਭ ਕੋ ਭਛਕ ਬਤਲਾਈ॥
ਇਨ ਮਹਿ ਕਹੁ ਕਯਾ ਸ਼ੰਕਾ ਤੋਹੀ। ਹੈ ਸਭ ਸਤ ਮਾਤ ਕੀ ਦੋਹੀ॥੪੯॥

## ਤੱਤ ਖਾਲਸਾ

### ਦੋਹਿਰਾ

ਅਹੋ ਗੁਰੂ ਕੇ ਭਾਵ ਕੋ ਨਹ ਸਮਝਾ ਤੁਮ ਰੰਚ।
ਜਾਂ ਤੇ ਇਸ ਅਗਯਾਨ ਨੇ ਲਿਆ ਤੋਹ ਮਨ ਬੰਚ।੫੦॥

## ਚੌਪਈ

ਯਹ ਚੰਡੀ ਕੀ ਊਪ ਨ ਪਯਾਰੇ। ਆਗੇ ਦੇਖਹੁ ਰਿਦੇ ਵਿਚਾਰੇ॥
ਇਸ ਮਹਿ ਤੋ ਗੁਰ ਜੂ ਜਗ ਨਾਥਾ। ਅਕਾਲ ਪੁਰਖ ਕੋ ਨਾਯੋ ਮਾਥਾ॥
ਅਰ ਯਹ ਕਰੀ ਵਡਾਈ ਤਾਂ ਕੀ। ਸਭ ਸੇ ਅਧਕ ਸ਼ਕਤ ਹੈ ਜਾਂ ਕੀ॥
ਜਿਨ ਮਹਖਾਸਰ ਜੈਸੇ ਮਾਰੇ। ਅਰ ਪੁਨ ਚੰਡ ਮੁੰਡ ਹਨ ਡਾਰੇ॥
ਮੁਰਸੇ ਕੋ ਜੋ ਕਾਲ ਸਰੂਪਾ। ਤੀਨ ਲੋਕ ਕੋ ਕਹੀਯਤ ਭੂਪਾ॥
ਉਤਪਤ ਪਾਲਨ ਦਰੇ ਸੰਹਾਰਾ। ਏਕੋ ਆਦ ਅੰਤ ਅਵਤਾਰਾ॥
ਤਿਸ ਕੀ ਸ਼ਰਨ ਜਾਹਿ ਨੇ ਲੀਨੀ। ਅਪਨੀ ਇੱਛਾ ਪੂਰਨ ਕੀਨੀ॥
ਸੁੰਭ ਨਸੁੰਭ ਮਾਰਨੇ ਹਾਰੀ। ਨਹਿ ਚੰਗੀ ਥੀ ਕੋਹਿ ਵਿਚਾਰੀ॥
ਥੋਂ ਵਹੁ ਸਭ ਕੋਮਾਲਕ ਪਾਲਕ। ਪੁਨ ਛਿਨ ਏਕ ਵਿਖੇ ਤਹਿ ਘਾਲਕ॥
ਤਿਸ ਹੀ ਕੋ ਪ੍ਰਭ ਸੀਸ ਨਿਵਾਯਾ। ਅਰ ਅਪਨੋ ਰੱਛਕ ਠਹਰਾਯਾ॥
ਤਾਂਤੇ ਆਗੇ ਪੜ੍ਹੋ ਪਿਆਰੇ। ਕਿਆ ਗੁਰ ਵਾਕ ਸੁ ਕਰਤ ਉਚਾਰੇ।।੫੧॥

ਯਥਾ : "ਰਾਵਣ ਸੇ ਮਹ ਰਾਵਣ ਸੇ ਘਟ ਕਾਨਹੁ ਸੇ ਪਲ ਬੀਚ ਪਛਾਰੇ। ਬਾਰਦ ਨਾਦ ਅਕੰਪਨ ਸੇ ਜਗ ਜੰਗ ਜੁਰੇ ਜਿਨ ਸਿਉ ਜਮ ਹਾਰੇ॥ ਕੁੰਭ ਅਕੁੰਭ ਸੋ ਜੀਤ ਸਭੇ ਜਗ ਮਾਤ ਹੂ ਸਿੰਧ ਹੱਥੀ ਆਰ ਪਖਾਰੇ। ਜੇਜੇ ਹੁਤੇ ਅਕਟੇ ਬਿਕਟੇ ਸੁਕਟੇ ਕਰ ਕਾਲ ਕ੍ਰਿਪਾਣ ਕੇ ਮਾਰੇ।।੯੫॥ ਜੋ ਕਹੂੰ ਕਾਲ ਤੇ ਭਾਜਕੇ ਬਾਚੀ ਅਤਿ ਤੋ ਕਿਹ ਕੁੰਟ ਕਹੋ ਭਜ ਜਈਐ। ਆਗੇ ਹੂੰ ਕਾਲ ਧਰੇ ਅਸਗਾਜਤ ਛਾਜਤ ਹੈ ਜਿਹ ਤੇ ਨਸਿ ਆਈਐ। ਐਸੋ ਨ ਕੈ ਗਯੋ ਕੋਈ ਸੁਦਾਵਰੇ ਜਾਹਿ ਉਪਾਵ ਸੋ ਘਾਵ ਬਚਈਐ। ਜਾਂ ਤੇ ਨ ਛੂਟੀਐ ਮੂੜ ਕਹੂੰ ਹਸ ਤਾ ਕੀ ਨ ਕਿਉ ਸਰਣਾਗਤ ਜਈਐ।।੯੬॥"

## ਦੋਹਿਰਾ

ਇਨ ਵਾਕਨ ਕੋ ਸਮਝ ਮਨ ਕਿਆ ਦੇਵਤ ਉਪਦੇਸ।
ਬਿਨਾਂ ਈਸ਼ੂਰ ਕੀ ਭਗਤ ਤੇ ਨਾਸਤ ਨਹੀ ਕਲੇਸ।।੫੨॥

ਭਾਵ:- ਇਨ੍ਹਾਂ ਉਪਰਲੇ ਸ੍ਰੀ ਮੁਖ ਵਾਕਾਂ ਤੇ ਇਹ ਸਿੱਧ ਹੁੰਦਾ ਹੈ ਕਿ ਗੁਰੂ ਜੀ ਨੇ ਇਨ੍ਹਾਂ ਮੂਰਤੀ ਪੂਜਕ ਲੋਗਾਂ ਨੂੰ ਜੋ ਪੱਥਰ ਦੇ ਦੇਵੀ ਦੇਵਤੇ ਬਨਾਕੇ ਉਨ੍ਹਾਂ ਵਿੱਚ ਈਸ਼ੂਰ ਬੁਧਿ ਕਰਦੇ ਹਨ ਉਪਦੇਸ਼ ਕੀਤਾ ਹੈ ਕਿ ਇਨ੍ਹਾਂ ਦਾ ਪੂਜਨ ਕਰਨਾ ਤੁਹਾਨੂੰ ਕਾਲ ਤੇ ਬਚਾ ਨਹੀਂ ਸਕਦਾ ਕਿਉਂਕਿ ਜਿਸ ਅਕਾਲ ਪੁਰਖ ਨੇ ਰਾਵਨ ਅਤੇ ਮਹਾਂਰਾਵਨ ਜੈਸੇ ਮਹਾਰਾਜੇ ਅਤੇ ਕੁੰਭਕਰਨ ਜੈਸੇ ਉਨ੍ਹਾਂ ਦੇ ਬਲੀ ਸਹਾਇਕ ਇੱਕ ਪਲ ਦੇ ਵਿੱਚ ਪਛਾੜ ਦਿੱਤੇ ਜਿਨ੍ਹਾਂ ਦੇ ਬਦੱਲ ਦੀ ਗਰਜ ਜੈਸੇ ਭਯਾਨਕ ਸ਼ਬਦ ਅਤੇ ਰਣ ਵਿੱਚ ਅਡੋਲ ਸੇ, ਅਰ ਜਿਨ੍ਹਾਂ ਦੇ ਅੱਗੇ ਯਮ ਨੇ ਭੀ ਹਾਰ ਮੰਗੀ ਸੀ, ਫਿਰ ਜਿਨ੍ਹਾਂ ਨੇ ਕੁੰਭ ਅਕੁੰਭ ਜੈਸੇ ਸੂਰਬੀਰਾਂ ਨੂੰ ਜਿੱਤ ਕੇ ਸਮੁੰਦਰ ਵਿੱਚ ਅਪਨੇ ਸ਼ਸਤ੍ਰ ਧੋਤੇ ਸੇ, ਅਜੇਹੇ ਵੱਡੇ ਅਜਿਤ ਸੂਰਬੀਰ ਭੀ ਕਾਲ ਦੀ ਤਲਵਾਰ ਦੇ ਅੱਗੇ ਟੁਕੜੇ ਟੁਕੜੇ ਹੋ ਗਏ, ਇਸ ਵਾਸਤੇ ਹੇ ਮੂਰਖ ਪ੍ਰਾਣੀ ਤੂੰ ਕਾਲ ਤੇ ਅਪਣੇ ਆਪ ਨੂੰ ਬੁਚਾਉਨ ਲਈ ਕਿੱਥੇ ਨੱਸਕੇ ਜਾਏਂਗਾ ਕਿੰਤੂ ਜਿੱਥੇ ਜਾਏਂਗਾ ਉਹ ਅੱਗੇ ਹੀ ਤੇਰੇ ਮਾਰਨ

ਲਈ ਤੇਗ ਲਈ ਖੜਾ ਹੈ, ਜਿਸ ਤੇ ਬਚਨੇ ਵਾਸਤੇ ਤੇਰੇ ਪਾਸ ਕੋਈ ਉਪਾਉ ਨਹੀਂ ਹੈ, ਇਸ ਵਾਸਤੇ ਤੂੰ ਅਪਨੇ ਘਮੰਡ ਨੂੰ ਛੱਡਕੇ ਓਸੇ ਅਕਾਲ ਪੁਰਖ ਦੀ ਜੋ ਸਭ ਦਾ ਕਾਲ ਹੈ ਸ਼ਰਨ ਅਖਤਿਆਰ ਕਰ ਤਾਂ ਤੇ ਹੇ ਮੂਰਖ ਲੋਗੋ ਜੇ ਤੁਸੀ ਅਪਨਾ ਬਚਾਉ ਚਾਹੁੰਦੇ ਹੋ ਤਾਂ ਉਸੀ ਅਕਾਲ ਪੁਰਖ ਦੀ ਸ਼ਰਨ ਪਵੋ ਜਿਸ ਦੀ ਸ਼ਰਨ ਪੈਨ ਤੇ ਮੁਕਤਿ ਪ੍ਰਾਪਤ ਹੋਵੇ, ਕਿਉਂਕਿ ਉਹ ਸਰਬ ਸ਼ਕਤੀਮਾਨ ਅਤੇ ਕ੍ਰਿਪਾਲੂ ਹੈ ਜਿਸ ਦੇ ਪ੍ਰਤਾਪ ਅੱਗੇ ਰਾਵਨ ਅਤੇ ਮਹਾਂ ਰਾਵਨ ਜੈਸੇ ਅਸੁਰ ਅਤੇ ਰਾਮ ਕਿਸ਼ਨ ਜੈਸੇ ਸੁਰ ਠਹਿਰ ਨਹੀਂ ਸਕੇ। ਇਸ ਵਾਸਤੇ ਇਨ੍ਹਾਂ ਸ੍ਰੀ ਮੁਖ ਵਾਕਾਂ ਤੇ ਦੇਵੀ ਦਾ ਪੂਜਨ ਸਿੱਧ ਨਹੀ ਹੈ ਕਿੰਤੂ ਇਨ੍ਹਾਂ ਸਭਨਾਂ ਨੂੰ ਤਿਆਗ ਕੇ ਕੇਵਲ ਅਕਾਲ ਪੁਰਖ ਦੀ ਸ਼ਰਨ ਗ੍ਰਹਨ ਕਰਨ ਦਾ ਇਨ੍ਹਾਂ ਪ੍ਰਾਣੀਆਂ ਨੂੰ ਉਪਦੇਸ਼ ਵਰਨਨ ਕੀਤਾ ਹੈ।।

## ਦੋਹਿਰਾ

ਇਸ ਤੇ ਤੇਰਾ ਸਿੱਧ ਨਹਿ ਹੋਤ ਮਨੋਰਥ ਬੀਰ।
ਸ੍ਰੀ ਸਤਿਗੁਰ ਪੂਜਨ ਕਹੇਂ ਏਕ ਅਕਾਲ ਸੁਧੀਰ।।੫੩।।
ਤਿਸ ਬਿਨ ਸਗਰੇ ਦੇਵ ਗਨ ਰਾਮ ਮਹੇਸ਼ ਦਿਨੇਸ਼।
ਤੁੱਛ ਜਾਨ ਤਿਆਗਨ ਕਰੋ ਜੋ ਨਹਿ ਹਰਤ ਕਲੇਸ਼।।੫੪।।

# ਦੁਰਗਾ ਭਗਤ

## ਦੋਹਿਰਾ

ਜਦ ਗੁਰ ਅਪਨੀ ਕਥਾ ਮਹਿ ਪ੍ਰਗਟ ਕਰੀ ਸਭ ਬਾਤ।
ਤਬ ਤੇਰੀ ਇਸ ਬਾਤ ਕੋ ਕੌਨ ਸੁਨੈ ਗੋ ਭ੍ਰਾਤ।।੫੫।।
ਨਿਜ ਮੁਖ ਪੰਕਜ ਤੇ ਕਹਾ ਦਸਮ ਗੁਰੂ ਇਹ ਮੀਤ।
ਹਮਹਿ ਅਰਾਧੀ ਕਾਲਕਾ ਪੜ੍ਹੀਏ ਸਾਥ ਪ੍ਰੀਤ।।੫੬।।
ਜਨਮ ਕਥਾ ਅਪਨੀ ਵਿਖੇ ਪ੍ਰਗਟ ਬਤਾਈ ਐਸ।
ਬਚਿੱਤ੍ਰ ਨਾਟਕ ਕੇ ਵਿਖੇ ਪੜ੍ਹ ਕਰ ਦੇਖੋ ਜੈਸ।।੫੭।।

ਯਥਾ ਸ੍ਰੀ ਮੁਖ ਵਾਕ

## ਚੌਪਈ

"ਅਬ ਮੈਂ ਅਪਨੀ ਕਥਾ ਬਖਾਨੋ। ਤਬ ਸਾਧਤ ਜਿਹ ਬਿਧਿ ਮੁਹਿ ਆਨੋ।
ਹੇਮ ਕੁੰਡ ਪਰਬਤ ਹੈ ਜਹਾਂ। ਸਪਤ ਸ੍ਰਿੰਗ ਸੋਭਤ ਹੈ ਤਹਾਂ।।੧।।
ਸਪਤ ਸ੍ਰਿੰਗ ਤਹਿ ਨਾਮ ਕਹਾਵਾ। ਪੰਡ ਰਾਜ ਜਿਹ ਜੋਗ ਕਮਾਵਾ।
ਤਹਿ ਹਮ ਅਧਿਕ ਤਪਸਿਆ ਸਾਧੀ। ਮਹਾਂ ਕਾਲ ਕਾਲਕਾ ਅਰਾਧੀ।।੨।।
ਇਹ ਬਿਧ ਕਰਤ ਤਪਸਿਆ ਭਯੋ। ਦ੍ਵੈਤੇ ਏਕ ਰੂਪ ਹੋਇ ਗਯੋ।
ਤਾਤ ਮਾਤ ਮੁਹਿ ਅਲਖ ਅਰਾਧਾ। ਬਹੁ ਬਿਧਿ ਜੋਗ ਸਾਧਨਾ ਸਾਧਾ।।੩।।
ਤਿਨ ਜੋ ਕਰੀ ਅਲਖ ਕੀ ਸੇਵਾ। ਤਾਂ ਤੇ ਭਏ ਪ੍ਰਸੰਨ ਗੁਰਦੇਵਾ।।
ਤਿਨ ਪ੍ਰਭ ਜਬ ਆਇਸ ਮੁਹਿ ਦੀਆ। ਤਬ ਹਮ ਜਨਮ ਕਲੂ ਮਹਿ ਲੀਆ।।੪।। ਆਦਿ"

## ਦੋਹਿਰਾ

ਇਸ ਮਹਿ ਰਿਹਾ ਛਪਾਉ ਕਿਆ ਜਬ ਗੁਰ ਕੀਨ ਬਖਾਨ।
ਹਮਹ ਅਰਾਧੀ ਕਾਲਕਾ ਅਪਨਾ ਇਸ਼ਟ ਪਛਾਨ॥੫੮॥

ਭਾਵ :- ਇਸ ਉਪਰਲੇ ਸ੍ਰੀ ਮੁਖ ਵਾਕ ਤੇ ਨਿਰਸੰਦੇਹ ਪਰਗਟ ਹੋ ਗਿਆ ਹੈ ਜੋ ਗੁਰੂ ਜੀ ਦੇਵੀ ਦੇ ਉਪਾਸ਼ਕ ਸਨ ਜਿਸ ਤੇ ਉਨ੍ਹਾਂ ਨੇ ਆਪਨੇ ਅਵਤਾਰ ਧਾਰਨ ਦੀ ਕਥਾ ਵਿੱਚ ਸਾਫ ਕਰ ਦਿਤਾ ਹੈ ਕਿ ਅਸੀਂ ਸਤ ਚੋਟੀਆਂ ਵਾਲੇ ਪਹਾੜ ਪਰ ਤਪ ਕਰਦੇ ਸੇ ਅਰ ਉਸ ਜਗ੍ਹਾ ਮਹਾਂਕਾਲ ਅਤੇ ਕਾਲਕਾ ਦਾ ਅਰਾਧਨ ਕੀਤਾ ਜਿਸ ਪਰ ਪ੍ਰਸੰਨ ਹੋ ਕੇ ਅਕਾਲ ਪੁਰਖ ਨੇ ਸਾਨੂੰ ਬੁਲਾਇਆ ਅਰ ਉਪਦੇਸ਼ ਦੇਕੇ ਇਸ ਲੋਕ ਵਿੱਚ ਭੇਜਿਆ॥

## ਦੋਹਿਰਾ

ਫਿਰ ਇਸ ਮਹਿ ਕਯਾ ਰਹਿ ਗਈ ਸ਼ੰਕਾ ਤੁਮ ਕੋ ਔਰ।
ਜਬ ਸ੍ਰੀ ਮੁਖ ਤੇ ਕਹਿਤ ਹੈਂ ਸ੍ਰੀ ਸਤਿਗੁਰ ਸਿਰਮੌਰ॥੫੯॥

# ਤੱਤ ਖਾਲਸਾ

## ਦੋਹਿਰਾ

ਮੈਂ ਸਿਰ ਧਰ ਕਰ ਮਾਨਯਾ ਸ੍ਰੀ ਗੁਰ ਵਾਕ ਉਦਾਰ।
ਪਰ ਇਸ ਪਰ ਤੁਮ ਮੀਤ ਜੀ ਕਰੀਅਹੁ ਕੁਛਕ ਬਿਚਾਰ॥੬੦॥
ਗੂੜ੍ਹ ਭਾਵ ਇਸ ਕਾ ਜਬੀ ਤੂੰ ਸਮਝੈਂ ਮਨ ਮਾਂਹਿ।
ਤਬ ਯਹ ਸ਼ੰਕਾ ਤੋਹਿ ਕੀ ਰੰਚਕ ਠਹਿਰੇ ਨਾਂਹਿ॥੬੧॥
ਇਹ ਪ੍ਰਸੰਗ ਇਤਹਾਸ ਕਾ ਪ੍ਰਗਟ ਕਰਾ ਗੁਰਦੇਵ।
ਜਿਸ ਮਹਿ ਅਪਨੇ ਜਨਮ ਕਾ ਕਹਾ ਸਕਲ ਭਲ ਭੇਵ॥੬੨॥

ਭਾਵ :- ਬਚਿੱਤ੍ਰ ਨਾਟਕ ਵਿੱਚ ਪਹਲੇ ਗੁਰੂ ਜੀ ਨੇ ਤਾਰੀਖੀ ਹਾਲਾਤ ਦਾ ਕਥਨ ਕੀਤਾ ਹੈ, ਜਿਸ ਤੋਂ ਅੱਗੇ ਅਪਨੇ ਅਵਤਾਰ ਧਾਰਨ ਦਾ ਪ੍ਰਸੰਗ ਭੀ ਤਾਰੀਖ ਦੇ ਢੰਗ ਪਰ ਵਰਨਨ ਕੀਤਾ ਹੈ, ਜਿਸ ਵਿੱਚ ਇਹ ਦੱਸਿਆ ਹੈ ਕਿ "ਸਪਤ ਸ੍ਰਿੰਗ" ਅਰਥਾਤ ਸਤ ਚੋਟੀਆਂ ਵਾਲੇ ਪਹਾੜ ਪਰ ਅਸੀਂ ਅਕਾਲ ਪੁਰਖ ਦਾ ਅਰਾਧਨ ਕੀਤਾ ਜਿਸ ਵਿੱਚ "ਮਹਾਂ ਕਾਲ ਕਾਲਕਾ" ਅਰਥਾਤ ਮਹਾਨ ਅਕਾਲ ਪੁਰਖ ਦਾ ਚਿੰਤਨ ਕਰ ਰਹੇ ਸੇ, ਅਰ ਏਸੇ ਤਰ੍ਹਾਂ ਸਾਡੇ ਮਾਤਾ ਪਿਤਾ ਭੀ ਉਸੇ ਪਰਮਾਤਮਾ ਦੀ ਭਗਤੀ ਵਿੱਚ ਮਗਨ ਸੇ ਜਿਸ ਤੇ ਅਕਾਲ ਪੁਰਖ ਨੇ ਅਪਨੀ ਪ੍ਰਸੰਨਤਾ ਪ੍ਰਗਟ ਕਰਕੇ ਸਾਨੂੰ ਇਸ ਸਮਯ ਵਿੱਚ ਅਪਨਾ ਮਨੋਰਥ ਪੂਰਾ ਕਰਨ ਲਈ ਬੁਲਾਕੇ ਸੰਸਾਰ ਪਰ ਭੇਜਿਆ॥

ਇਸ ਜਗ੍ਹਾ ਹਮਾਲੇ ਪਹਾੜ ਦਾ ਕਥਨ ਇਸ ਵਾਸਤੇ ਕੀਤਾ ਹੈ ਜੋ ਇਹ ਬਾਤ ਤਾਰੀਖਾਂ ਵਿੱਚ ਪੜ੍ਹਾਈ ਜਾਂਦੀ ਹੈ ਕਿ ਪਹਲੇ ਪਹਲ ਆਰਯ ਲੋਗ ਹਮਾਲੇ ਪਹਾੜ ਪਰ ਰਹਿੰਦੇ ਹੁੰਦੇ ਸਨ, ਅਰ ਉਸ ਜਗ੍ਹਾ ਪਰ ਈਸ਼੍ਵਰ ਦੀ ਭਗਤੀ ਕਰਦੇ ਸਨ, ਫਿਰ ਉਸ ਜਗ੍ਹਾ ਤੇ ਇਸ ਦੇਸ ਪਰ ਆਏ ਜਿਨ੍ਹਾਂ ਨੇ ਸਾਰੇ ਹਿੰਦੁਸਤਾਨ ਪਰ ਇਸ ਮੁਲਕ ਨਿਵਾਸੀਆਂ ਨੂੰ ਮਾਰ ਅਤੇ ਨਿਕਾਲ ਕੇ ਕਬਜ਼ਾ ਕਰ ਲੀਤਾ॥

ਇਸ ਵਾਸਤੇ ਗੁਰੂ ਜੀ ਨੇ ਭੀ ਅਪਨੇ ਮੁਖਾਰਬਿੰਦ ਤੇ ਅਪਨਾ ਹਾਲ ਇਸੀ ਤਾਰੀਖ ਦੇ ਸੱਚਾ ਕਰਨ ਲਈ ਪ੍ਰਗਟ ਕੀਤਾ ਹੈ ਕਿ ਉਸ ਪਹਾੜ ਵਿਚੋਂ ਸਾਡਾ ਪਹਲਾ ਮੁੱਢ ਹੈ ਅਰ ਅਸੀਂ ਉਸ ਜਗ੍ਹਾ ਪਰ ਕੇਵਲ ਅਕਾਲ ਪੁਰਖ ਦਾ ਅਰਾਧਨ ਹੀ ਕਰਦੇ ਸੇ, ਜਿਸ ਪਰ ਸਾਡੀ ਪੂਰਨ ਭਗਤੀ ਨੂੰ ਦੇਖਕੇ ਉਹ ਮਹਾਂਕਾਲ ਪ੍ਰਸੰਨ ਹੋਏ ਅਰ ਧਰਮ ਪ੍ਰਚਾਰ ਲਈ ਸਾਨੂੰ ਇਸ ਲੋਕ ਵਿੱਚ ਭੇਜਿਆ॥

ਮਹਾਂਕਾਲ ਕਾਲਕਾ ਅਰਾਧਨ ਤੇ ਦੇਵੀ ਯਾ ਕੋਈ ਹੋਰ ਵਸਤੂ ਦਾ ਕਥਨ ਨਹੀਂ ਹੈ ਕਿੰਤੂ ਇਸ ਦਾ ਤਾਤਪ੍ਰਜ ਭੀ ਇਹੋ ਹੈ ਕਿ "ਮਹਾਂਕਾਲ ਜੋ ਸਭ ਦਾ ਕਾਲ ਹੈ ਉਸ ਦਾ ਅਰਾਧਨ ਕਰਦੇ ਸਾ" ਪ੍ਰੰਤੂ ਇਸ ਕਥਨ ਤੈ ਇਹ ਸਿੱਧ ਨਹੀਂ ਹੁੰਦਾ ਕਿ ਗੁਰੂ ਜੀ ਨਾਲੇ ਅਕਾਲ ਪੁਰਖ ਨੂੰ ਸੇਵਦੇ ਸੇ, ਅਰ ਦੂਸਰੀ ਵੱਲ ਕੋਈ ਕਾਲਕਾ ਜੋ ਇਸਤ੍ਰੀ ਹੈ ਨਾਲ ਉਸ ਦਾ ਭੀ ਅਰਾਧਨ ਕਰਦੇ ਸਨ, ਜੈਸਾ ਕਿ ਤੁਕ ਦੇ ਅਨ੍ਵੈ ਕਰਨ ਤੇ ਭੀ ਏਹੋ ਸਿੱਧ ਹੁੰਦਾ ਹੈ ਯਥਾ:- (ਮਹਾਂ-ਕਾਲ ਕਾਲ-ਕਾ-ਅਰਾਧੀ) ਅਰਥਾਤ ਉਸ ਜਗ੍ਹਾ ਅਸੀਂ ਮਹਾਂ ਕਾਲ ਜੋ ਸਭ ਦਾ ਕਾਲ ਹੈ ਉਸ ਦੇ (ਅਰਾਧੀ) ਅਰਥਾਤ ਅਰਾਧਨਾ ਕਰਨ ਵਾਲੇ ਸੇ, ਕਿਉਂਕਿ ਇਹ ਇੱਕ ਆਮ ਮਹਾਵਰਾ ਹੈ ਜੋ ਹਰ ਇੱਕ ਪੁਰਖ ਅਪਨੇ ਬੋਲਚਾਲ ਵਿੱਚ ਆਖ ਸਕਦਾ ਹੈ, ਕਿ "ਮੈਂ ਉਸ ਜਗ੍ਹਾ ਪਰ ਪਰਮੇਸ਼ਰ ਦੀ ਕੁਦਰਤ ਯਾ ਸ਼ਕਤੀ ਦਾ ਖਿਆਲ ਕੀਤਾ" ਫਿਰ ਇਸ ਤੇ ਇਹ ਸਿੱਧਾਂਤ ਨਹੀ ਨਿਕਲਦਾ ਕਿ ਉਹ ਦੋ ਵਸਤੂਆਂ ਦਾ ਖਿਆਲ ਕਰਦਾ ਸਾ, ਇਸੇ ਤਰ੍ਹਾਂ "ਮਹਾਂਕਾਲ ਕਾਲਕਾ" ਦਾ ਭਾਵ ਮਹਾਨ ਈਸ਼੍ਵਰ ਦੀ ਉਤਪਤੀ, ਪਾਲਨ ਅਤੇ ਸੰਹਾਰ ਕਰਨ ਵਾਲੀ ਸਮੱਰਥਾ ਦਾ ਸਮਰਨ ਹੈ ਪ੍ਰੰਤੂ ਸੋ ਸਮੱਰਥਾ ਉਸ ਤੇ ਕੋਈ ਭਿੰਨ ਪਦਾਰਥ ਨਹੀਂ ਹੈ ਕਿੰਤੂ ਉਹ ਈਸ਼੍ਵਰ ਰੂਪ ਹੀ ਹੈ॥

ਇਸ ਦਾ ਸਾਰਾ ਹਾਲ ਗੁਰੂ ਜੀ ਨੇ ਇਸੀ ਤੁਕ ਦੇ ਅੱਗੇ ਆਪ ਪਰਗਟ ਕਰ ਦਿੱਤਾ ਹੈ ਕਿ ਅਸੀਂ ਐਸਾ ਅਪਨੇ ਤਾਈ ਉਹ ਅਕਾਲ ਪੁਰਖ ਦੇ ਅਰਾਧਨ ਵਿੱਚ ਲਗਾਇਆ ਜੋ ਦੋ ਤੇ ਇੱਕ ਰੂਪ ਹੋ ਗਏ ਸੇ, ਜਿਸ ਦਾ ਭਾਵ ਇਹ ਹੈ ਕਿ ਸਾਡੇ ਦਿਲ ਤੇ ਦ੍ਵੈਤ ਭਾਵ ਜਾਂਦਾ ਰਿਹਾ ਜਿਸ ਤੇ ਅਪਨੀ ਹਸਤੀ ਨੂੰ ਤਿਆਗ ਕੇ ਉਸ ਦੀ ਹਸਤੀ ਵਿੱਚ ਲੈ ਹੋ ਗਏ ਸੇ, ਜੈਸਾ ਕਿ ਗੁਰੂ ਜੀ ਦਾ ਇਹ ਸ੍ਰੀ ਮੁਖਵਾਕ ਹੈ, ਯਥਾ - "ਹਰਿ ਹਰਿ ਜਨ ਦੋਇ ਏਕ ਹੈ ਬਿਬ ਬਿਦਾਰ ਕੁਛ ਨਾਹਿ॥ ਜਲ ਤੇ ਉਪਜ ਤਰੰਗ ਜਿਉਂ ਜਲ ਹੀ ਬਿਖੈ ਸਮਾਹਿ॥" ਅਰਥਾਤ ਅਪਨੀ ਹਸਤੀ ਨੂੰ ਤਿਆਗ ਕੇ ਓਸੇ ਵਿੱਚ ਮਗਨ ਸੇ॥

ਇਸ ਜਗ੍ਹਾ ਪਰ ਜਿਸ ਤਰ੍ਹਾਂ ਗੁਰੂ ਜੀ ਨੇ ਅਭੇਦ ਭਗਤੀ ਦਾ ਵਰਨਨ ਕੀਤਾ ਹੈ ਏਸੇ ਦਾ ਲੱਖਨ ਓਥੇ ਦੱਸਯਾ ਹੈ ਕਿ ਅਸੀਂ ਦੋ ਤੇ ਇੱਕ ਰੂਪ ਹੋ ਗਏ ਸਾਂ, ਹੁਨ ਭੀ ਧਿਆਉਂਦੇ ਸੇ, ਤਾਂ ਉਨ੍ਹਾਂ ਦਾ ਇਹ ਕਥਨ ਕਿ "ਦੋਇ ਤੇ ਏਕ ਰੂਪ ਹੋ ਗਯੋ" ਕਿਸ ਵੱਲ ਲਗਾਇਆ ਜਾਏਗਾ, ਅਰਥਾਤ ਕਾਲਕਾ ਨਾਲ ਇੱਕ ਰੂਪ ਹੋਏ ਸੇ ਯਾ ਮਹਾਂ ਅਕਾਲ ਨਾਲ ਯਾ ਦੋਨਾਂ ਨਾਲ ਅਭੇਦ ਹੋ ਗਏ ਸੇ॥

ਜੇ ਕਾਲਕਾ ਕੋਈ ਅਕਾਲ ਪੁਰਖ ਤੇ ਭਿੰਨ ਉਸ ਦੀ ਇਸਤਰੀ ਯਾ ਕੁਝ ਹੋਰ ਸੰਬੰਧ ਵਾਲੀ ਵਸਤੂ ਨਾਲ ਗੁਰੂ ਜੀ ਦਾ ਅਭੇਦ ਹੋਨਾ ਮੰਨਯਾ ਜਾਏ ਤਾਂ ਇਸ ਦਾ ਖੰਡਨ

ਤਾਂ ਗੁਰੂ ਜੀ ਨੇ ਹੀ ਕਰ ਦਿੱਤਾ ਹੈ ਜੈਸਾ ਕਿ ਇਸ ਤੇ ਅੱਗੇ ਇਹ ਦੱਸਯਾ ਹੈ ਕਿ "ਤਿਨ ਪ੍ਰਭ ਜਬ ਆਇਸ ਮੁਹਿ ਦੀਆ। ਤਬ ਹਮ ਜਨਮ ਕਲੂ ਮਹਿ ਲੀਆ॥"

ਜਿਸ ਤੇ ਸਿੱਧ ਹੁੰਦਾ ਹੈ ਕਿ ਦਸਮੇਂ ਪਾਤਸ਼ਾਹ ਅਕਾਲ ਪੁਰਖ ਦਾ ਅਰਾਧਨ ਹੀ ਅਪਨਾ ਮੁਖ ਧਰਮ ਪਰਗਟ ਕਰਦੇ ਹਨ ਅਰ ਉਸੇ ਨੂੰ ਮਹਾਂਕਾਲ ਯਾ ਕਾਲਕਾ ਨਾਮ ਕਰਕੇ ਲਿਖਦੇ ਹਨ॥

ਫਰਜ਼ ਕਰੋ ਕਿ ਜੇ ਇਹ ਮੰਨਯਾ ਜਾਏ ਕਿ ਅਕਾਲ ਅਤੇ ਕਾਲਕਾ ਦੋ ਸਨ ਅਰ ਗੁਰੂ ਜੀ ਇਨ੍ਹਾਂ ਦੋਨਾਂ ਦੀ ਭਗਤੀ ਕਰਕੇ ਦੋਨਾਂ ਨਾਲ ਹੀ ਅਭੇਦ ਹੋ ਗਏ ਸਨ, ਤਾਂ ਫਿਰ ਇਸ ਤਰ੍ਹਾਂ ਲਿਖਨਾ ਚਾਹੀਦਾ ਸਾ ਕਿ "ਤ੍ਰੈ ਤੇ ਏਕ ਰੂਪ ਹੋ ਗਯੋ" ਪ੍ਰੰਤੂ ਇਹ ਨਹੀਂ ਲਿਖਯਾ ਇਸੀ ਤੇ ਸਾਬਤ ਹੁੰਦਾ ਹੈ ਜੋ ਗੁਰੂ ਜੀ ਨੇ ਬਿਨਾਂ ਅਕਾਲ ਪੁਰਖ ਤੇ ਹੋਰ ਕਿਸੇ ਨੂੰ ਅਰਾਧਨ ਨਹੀਂ ਕੀਤਾ॥

ਦੋਹਿਰਾ

ਅੱਗੇ ਪੜ੍ਹਕੇ ਦੇਖ ਲੈ ਸ੍ਰੀ ਗੁਰ ਕੇ ਮੁਖ ਵਾਕ।
ਬਿਨ ਅਕਾਲ ਤੇ ਪੂਜਨਾ ਸਰਬ ਚੁਕਾਈ ਝਾਕ॥੬੩॥

ਯਥਾ :- ਨਰਾਜ ਛੰਦ

"ਕਿਹਾ ਪ੍ਰਭੂ ਸੋ ਭਾਖਹੋਂ। ਕਿਸੂ ਨ ਕਾਨ ਰਾਖਹੋਂ॥ ਕਿਸੂ ਨ ਭੇਖ ਭੀਜ ਹੋਂ। ਅਲੇਖ ਬੀਜ ਬੀਜਹੋਂ॥੩੪॥ ਪਖਾਨ ਪੂਜ ਹੋ ਨਹੀਂ। ਨ ਭੇਖ ਭੀਜ ਹੋ ਕਹੀਂ॥ ਅਨੰਤ ਨਾਮ ਗਾਇਹੋਂ। ਪਰਮ ਪੁਰਖ ਪਾਇਹੋਂ॥੩੫॥ ਜਟਾਂ ਨ ਸੀਸ ਧਾਰਹੋਂ। ਨਮੁੱਦਰਕਾ ਸੁਧਾਰਹੋਂ॥ ਨ ਕਾਨ ਕਾਹੂ ਕੀ ਧਰੋਂ। ਕਹਿਆ ਪ੍ਰਭੂ ਸੁ ਮੈ ਕਰੋ॥੩੬। ਭਜੋ ਸੁ ਏਕ ਨਾਮਯੰ। ਜੋ ਕਾਮ ਸਰਬ ਠਾਮਯੰ॥ ਨ ਜਾਪ ਆਨ ਕੋ ਜਪੋ। ਨ ਔਰ ਥਾਪਨਾਂ ਥਪੋ॥੩੭॥ ਬਿਅੰਤ ਨਾਮ ਧਿਆਇਹੋਂ। ਪਰਮ ਜੋਤ ਪਾਇਹੋ॥ ਨ ਧਿਆਨ ਆਨ ਕੋ ਧਰੋਂ। ਨ ਨਾਮ ਆਨ ਉਚਰੋਂ॥੩੮॥ ਤਵੱਕ ਨਾਮ ਰੱਤਿਅੰ। ਨ ਆਨ ਮਾਨ ਮੱਤਿਅੰ॥ ਪਰਮ ਧਿਆਨ ਧਾਰਿਯੰ। ਅਨੰਤ ਪਾਪ ਟਾਰੀਯੰ॥੩੯॥ ਤੁਮੇਵ ਰੂਪ ਰਾਚਿਯੰ। ਨ ਆਨ ਦਾਨ ਮਾਚਿਯੰ॥ ਤਵੱਕ ਨਾਮ ਉਚਾਰਿਯੰ। ਅਨੰਤ ਦੁਖ ਟਾਰਿਯੰ॥ ਪੁਨ :

## ਚੌਪਈ

ਜਿਨਿ ਜਿਨਿ ਨਾਮ ਤਿਹਾਰੋ ਧਿਆਇਆ। ਦੁਖ ਪਾਪ ਤਿਨ ਨਿਕਟ ਨ ਆਇਆ॥
ਜੇ ਜੇ ਅਉਰ ਧਿਆਨ ਕੋ ਧਰ ਹੀ। ਬਹਿਸ ਬਹਿਸ ਬਾਦਨ ਤੇ ਮਰਹੀ॥੧੪॥
ਹਮ ਇਹ ਕਾਜ ਜਗਤ ਮੋਂ ਆਏ। ਧਰਮ ਹੇਤ ਗੁਰ ਦੇਵ ਪਠਾਏ॥
ਜਹਾਂ ਤਹਾਂ ਤੁਮ ਧਰਮ ਬਿਥਾਰੋ। ਦੁਸ਼ਟ ਦੋਖੀਅਨ ਪਕੜ ਪਛਾਰੋ॥੧੫॥"

## ਦੋਹਿਰਾ

ਇਸ ਸਾਰੇ ਪ੍ਰਸੰਗ ਮਹਿ ਖੋਲ੍ਹ ਕਿਹਾ ਪ੍ਰਭ ਦਿਆਲ।
ਬਿਨ ਅਕਾਲ ਤੇ ਦੂਸਰਾ ਮੈਂ ਨਹਿ ਲਿਆਵਹੁ ਖਯਾਲ॥੬੪॥

ਭਾਵ :- ਸ੍ਰੀ ਗੁਰੂ ਜੀ ਮਹਾਰਾਜ ਨੇ ਅਪਨੇ ਮਨੋਰਥ ਅਤੇ ਨਿਸਚੇ ਨੂੰ ਇਸ ਜਗ੍ਹਾ ਪੂਰਾ

ਪੂਰਾ ਖੋਲ੍ਹਕੇ ਪਰਗਟ ਕਰ ਦਿੱਤਾ ਹੈ ਕਿ ਮੈਂ ਓਹੋ ਕਥਨ ਕਰਾਂਗਾ ਜੋ ਅਕਾਲ ਪੁਰਖ ਨੇ ਮੈਨੂੰ ਆਗਯਾ ਦਿੱਤੀ ਹੈ, ਇਸ ਦੇ ਪਰਗਟ ਕਰਨ ਵਿੱਚ ਕਿਸੀ ਦੀ ਕਣੋਡਗੀ ਨਹੀਂ ਰਖਾਂਗਾ, ਅਰ ਮੈਂ ਇੱਕ ਅਕਾਲ ਪੁਰਖ ਦੇ ਅਰਾਧਨ ਤੇ ਬਿਨਾਂ ਕਿਸੇ ਦੂਸਰੇ ਦਾ ਅਰਾਧਨ ਨਹੀ ਕਰਾਂਗਾ, ਇਸੇ ਤਰ੍ਹਾਂ ਉਸ ਦੇ ਧਿਆਨ ਤੇ ਬਿਨਾਂ ਕਿਸੇ ਦੂਸਰੇ ਦਾ ਅਰਾਧਨ ਨਹੀ ਕਰਾਂਗਾ, ਇਸੇ ਤਰ੍ਹਾਂ ਉਸ ਦੇ ਧਿਆਨ ਤੇ ਬਿਨਾਂ ਕਿਸੇ ਹੋਰ ਦਾ ਧਿਆਨ ਨਹੀਂ ਧਰਾਂਗਾ, ਕਿਉਂਕਿ ਜੋ ਉਸ ਨੂੰ ਤਿਆਗਕੇ ਦੂਸਰੇ ਦਾ ਧਯਾਨ ਧਰਦੇ ਹਨ ਸੋ ਜਗਤ ਦੇ ਬਾਦ ਵਿਬਾਦਾਂ ਵਿੱਚ ਝਗੜ ਝਗੜ ਕੇ ਮਰ ਜਾਂਦੇ ਹਨ॥

ਗੁਰੂ ਜੀ ਦੇ ਇਸ ਕਥਨ ਦਾ ਭਾਵ ਇਹ ਹੈ ਕਿ ਜੋ ਪੁਰਖ ਅਕਾਲ ਪੁਰਖ ਦੇ ਅਰਾਧਨ ਨੂੰ ਤਿਆਗ ਕੇ ਹੋਰ ਦਾ ਅਰਾਧਨ ਕਰਦੇ ਹਨ ਸੋ ਬਾਦ ਵਿਬਾਦ ਵਿੱਚ ਪੈਕੇ ਅਪਨੇ ਜਨਮ ਨੂੰ ਜੂਏ ਵਿੱਚ ਹਾਰ ਦੇਂਦੇ ਹਨ ਜੈਸਾ ਕਿ ਸ਼ਿਵ, ਗਣੇਸ਼, ਸੂਰਜ, ਵਿਸ਼ਨੂੰ ਅਤੇ ਦੇਵੀ ਆਦਿਕ ਦੇ ਉਪਾਸ਼ਕਾਂ ਵਿੱਚ ਬਹੁਤ ਝਗੜੇ ਪਏ ਹੋਏ ਦੇਖੇ ਜਾਂਦੇ ਹਨ ਜਿਸ ਤੇ ਹਰ ਇੱਕ ਦੂਜੇ ਦੇ ਉਪਾਸਯ ਨੂੰ ਨਿੰਦ ਕੇ ਅਪਨੇ ਦੀ ਵਡਾਈ ਕਰਦਾ ਹੈ, ਤਾਂ ਤੇ ਗੁਰੂ ਜੀ ਜੋ ਇਹ ਕਥਨ ਕਰਦੇ ਹਨ ਕਿ ਮੈਂ ਉਸ ਨੂੰ ਤਯਾਗ ਕੇ ਕਦੇ ਭੀ ਕਿਸੇ ਹੋਰ ਦੀ ਉਪਾਸਨਾ ਯਾ ਧਿਆਨ ਨਹੀਂ ਕਰਾਂਗਾ, ਇਸ ਤੇ ਨਿਰਸੰਦੇਹ ਪ੍ਰਗਟ ਹੋ ਗਿਆ ਜੋ ਗੁਰੂ ਜੀ ਮਹਾਰਾਜ ਨੇ ਬਿਨਾਂ ਅਕਾਲ ਪੁਰਖ ਤੇ ਕਿਸੇ ਦਾ ਭੀ ਅਰਾਧਨ ਨਹੀਂ ਕੀਤਾ ਜੇ ਗੁਰੂ ਜੀ ਕਿਸੇ ਕਾਲਕਾ ਅਦਿ ਨੂੰ ਕੁਛ ਵਸਤੂ ਮੰਨਦੇ ਤਾਂ ਓਹ ਜ਼ਰੂਰ ਇਸ ਪ੍ਰਕਾਰ ਸ੍ਰੀ ਮੁਖ ਵਾਕ ਦੁਆਰੇ ਪਰਗਟ ਕਰਦੇ ਜੈਸਾ ਕਿ ਅੱਗੇ ਪਰਗਟ ਕੀਤਾ ਜਾਂਦਾ ਹੈ॥ ਯਥਾ:-

**ਚੌਪਈ**

ਜਬ ਹਮ ਕਰੀ ਤਪੱਸਯਾ ਭਾਰੀ। ਤਬ ਅਕਾਲ ਯਹ ਗਿਰਾ ਉਚਾਰੀ॥
ਜਾਹਿ ਧਰਾ ਪਰ ਧਰਮ ਚਲਾਵੋ। ਦੇਵੀ ਕਾ ਪੂਜਨ ਠਹਰਾਵੋ॥
ਇਹ ਮੇਰੀ ਹੈ ਸ਼ਕਤੀ ਭਾਰੀ। ਖਾਂਦੀ ਜੌਂ ਤਿਲ ਲੌਂਗ ਸੁਪਾਰੀ॥
ਹਵਨ ਕਰਨ ਤੇ ਪ੍ਰਗਟ ਹੋਊ। ਸਗਲ ਕਲੇਸ਼ ਰਿਦੇ ਦੇ ਖੋਊ॥
ਇਸ ਤੇ ਬਿਨਾਂ ਪੰਥ ਨਹਿ ਚਲੇ। ਪੁਨ ਦੁਰਜਨ ਨਹਿੰ ਜਾਵੇਂ ਦਲੇ॥
ਇਸ ਤੇ ਮਗਰੋਂ ਫਿਰ ਉਹ ਬੋਲੀ। ਅਪਨੀ ਇੱਛਾ ਸਗਲੀ ਖੋਲੀ॥
ਲਗੀ ਕਹਨ ਮੈਂ ਕਾਲੀ ਨਾਮ। ਸਿੱਧ ਕਰੂੰਗੀ ਤੁਮਰਾ ਕਾਮ॥
ਮੇਰਾ ਜਾਕਰ ਪੂਜਨ ਕਰਨਾ। ਸਭ ਸਮਾਂਨ ਪੰਡਤ ਢਿਗ ਧਰਨਾ॥
ਜਦ ਕਰ ਹਵਨ ਰਿਝਾਵੋ ਮੋਹੀ। ਦੇਵਹੁ ਭੇਟ ਮਾਗਹੋਂ ਤੋਹੀ॥
ਜਬ ਮੈਂ ਪ੍ਰਗਟ ਹੋਕਰ ਪਿਆਰੇ। ਸਿੱਧ ਕਰਾਂਗੀ ਕਾਜ ਤਿਹਾਰੇ॥
ਮੇਰੇ ਬਿਨਾਂ ਪੰਥ ਨਹਿ ਚਲ ਹੈ। ਮੇਰਾ ਹੀ ਸਭ ਸਾਚਾ ਬਲ ਹੈ॥
ਅਕਾਲ ਪੁਰਖ ਰਾਜ਼ੀ ਹੋ ਜਾਊ। ਜਦ ਪ੍ਰਸੰਨ ਮੈਨੂੰ ਲਖ ਪਾਊ॥
ਤਾਂਤੇ ਚਲੋ ਧਰਾ ਪਰ ਭਾਈ। ਮੈਂ ਭੀ ਮਗਰ ਤੁਮਾਰੇ ਆਈ॥
ਰੱਖੋ ਸਭ ਕੁਛ ਵਸਤ ਤਿਆਰ। ਪੂਰਾ ਕਰਨਾ ਹੈ ਇਕਰਾਰ॥੬੫॥

ਭਾਵ:- ਜੇ ਉਸ ਵੇਲੇ ਅਕਾਲ ਪੁਰਖ ਅਤੇ ਦਸਮ ਗੁਰੂ ਦੇ ਉੱਤ੍ਰ ਪ੍ਰਸ਼ਨ ਸਮਯ ਕੋਈ ਕਾਲਕਾ ਭੀ ਓਥੇ ਹੈ ਸੀ ਅਰ ਓਸੇ ਨੇ ਨੈਨਾਂ ਦੇਵੀ ਦੇ ਪਹਾੜ ਪਰ ਪਰਗਟ ਹੋ ਕੇ ਖਾਲਸਾ ਪੰਥ ਸਜਾਉਨ ਦਾ ਹੁਕਮ ਦੇਨਾ ਸਾ ਤਦ ਇਹ ਜ਼ਰੂਰੀ ਸਾ ਜੋ ਉਹ ਭੀ ਅਕਾਲ ਪੁਰਖ ਵਾਂਗ ਗੁਰੂ ਜੀ ਨੂੰ ਕੁਛ ਸਲਾਹ ਦੇਂਦੀ, ਅਰ ਅਪਨੇ ਅਰਾਧਨ ਦਾ ਸਾਧਨ ਸਾਮੱਗ੍ਰੀ ਅਤੇ ਪਰਗਟ ਹੋਨ ਦਾ ਹਾਲ ਦੱਸਦੀ, ਅਰ ਗੁਰੂ ਜੀ ਭੀ ਲਿਖਦੇ, ਅਰ ਨਾਲ ਹੀ ਦੱਸਦੇ ਕਿ ਅਕਾਲ ਪੁਰਖ ਦੇ ਮਗਰੋਂ ਕਾਲਕਾ ਨੇ ਭੀ ਸਾਨੂੰ ਇਹ ਕਥਨ ਕੀਤਾ ਸਾ, ਪ੍ਰੰਤੂ ਅਜੇਹਾ ਗੁਰੂ ਮਹਾਰਾਜ ਨੇ ਅਪਨੇ ਮੁਖਾਰਬਿੰਦ ਤੇ ਕਿਤੇ ਭੀ ਨਹੀਂ ਲਿਖਯਾ।।

ਇਸ ਵਾਸਤੇ ਇਹ ਖਿਆਲ ਕਰਨਾ ਕਿ ਗੁਰੂ ਜੀ ਨੇ ਅਕਾਲ ਤੇ ਭਿੰਨ ਕਿਸੇ ਕਾਲਕਾ ਦਾ ਭੀ ਅਰਾਧਨ ਕੀਤਾ ਸਾ ਸਾਰਾ ਅਗਯਾਨ ਦੇ ਕਾਰਨ ਕੇਵਲ ਅਕਾਸ ਦੇ ਫੁੱਲਾਂ ਤੇ ਸੁਗੰਧੀ ਦੀ ਇੱਛਾ ਸਮਾਨ ਵਿਸ਼ਵਾਸ ਕਰਕੇ ਗੁਰਮਤ ਤੇ ਵਿਰੁੱਧ ਹੋਨਾ ਹੈ।।

ਇਸੇ ਤਰ੍ਹਾਂ ਜੋ ਗੁਰੂ ਜੀ ਨੇ ਇਹ ਕਥਨ ਕੀਤਾ ਹੈ ਕਿ ਸਾਡੇ ਮਾਤਾ ਪਿਤਾ ਨੇ "ਅਲਖ ਕੀ ਸੇਵਾ" ਅਰਥਾਤ ਅਕਾਲ ਪੁਰਖ ਦੀ ਸੇਵਾ ਕੀਤੀ ਸੀ ਜਿਸ ਪਰ ਉਸਨੇ ਪ੍ਰਸੰਨ ਹੋ ਕੇ ਸਾਨੂੰ ਉਨ੍ਹਾਂ ਦੇ ਘਰ ਜਨਮ ਦਿੱਤਾ, ਇਸ ਦਾ ਭਾਵ ਭੀ ਇਹੀ ਹੈ ਕਿ ਐਸੇ ਸੂਰਬੀਰ ਧਰਮ ਧੁਜਾ ਸਪੁੱਤਰ ਉਨ੍ਹਾਂ ਹੀ ਮਾਤਾ ਪਿਤਾ ਦੇ ਘਰ ਪੈਦਾ ਹੁੰਦੇ ਹਨ ਜਿਨ੍ਹਾਂ ਨੇ ਅਕਾਲ ਪੁਰਖ ਦੀ ਭਗਤੀ ਕੀਤੀ ਹੋਵੇ। ਜਿਸ ਦਾ ਫਲ ਐਸੀ ਸੰਤਾਨ ਹੋਵੇ।।

ਇਸ ਕਥਨ ਤੇ ਸਿੱਧ ਹੁੰਦਾ ਹੈ ਕਿ ਜਦ ਗੁਰੂ ਜੀ ਅਪਨੇ ਮਾਤਾ ਪਿਤਾ ਦਾ ਭੀ ਕਥਨ ਕਰਦੇ ਹਨ ਤਦ ਕਾਲੀ ਦਾ ਕਿਉਂ ਨਾ ਕਰਦੇ, ਜਿਸ ਤੇ ਇਹ ਕੇਵਲ ਇਕ ਮਹਾਵਰੇ ਦਾ ਪਦ ਹੈ ਜੋ ਉਸਤਤੀ ਕਾਲ ਵਿੱਚ ਹਰ ਇੱਕ ਜਗ੍ਹਾ ਪਰ ਆ ਜਾਂਦਾ ਹੈ ਫਿਰ ਇਸ ਪਰ ਅਕਾਲ ਪੁਰਖ ਤੇ ਕੋਈ ਭਿੰਨ ਵਸਤੂ ਮੰਨਨਾ ਕੇਵਲ ਅਗਯਾਨ ਦਾ ਹੀ ਮੂਲ ਹੈ। ਜੇ ਕੋਈ ਕਾਬਯ ਦੇ ਭੇਦ ਥੋਂ ਰਹਤ ਇਹ ਆਖੇ ਕਿ ਉਸ ਜਗ੍ਹਾ ਕਾਲਕਾ ਅਰਾਧੀ।। ਪਦ ਹੈ ਜੋ ਇਸਤਰੀ ਲਿੰਗ ਹੈ, ਜਿਸ ਦਾ ਅਰਥ ਦੇਵੀ ਹੀ ਹੋਵੇਗਾ ਇਸ ਦੇ ਉੱਤ੍ਰ ਵਿੱਚ ਕੇਵਲ ਇਤਨਾ ਹੀ ਕਥਨ ਕਾਫੀ ਹੈ ਕਿ ਛੰਦ ਦੇ ਵਿੱਚ ਐਸਾ ਪਦ ਆ ਜਾਨਾ ਕੋਈ ਦੋਖ ਨਹੀ ਹੁੰਦਾ ਇਸ ਵਾਸਤੇ ਤਪਸਿਆ ਸਾਧੀ।। ਪਦ ਦੇ। ਸਬਬ ਅਰਾਧੀ।। ਰੱਖਯਾ ਗਿਆ ਹੈ ਇਹ ਕਾਬਯ ਦਾ ਨਿਯਮ ਹੈ ਜੈਸਾ ਇੱਕ ਮਹਾਤਮਾ ਨੇ ਕਥਨ ਕੀਤਾ ਹੈ ਕਿ ਲਘੁ ਗੁਰ ਲਘੁ ਹੋਤ ਹੈ ਬ੍ਰਿਤ ਹੇਤ ਉਚਾਰੁ ਅਰਥਾਤ ਛੰਦ ਵਾਸਤੇ ਲਘੂ ਦਾ ਗੁਰ ਅਰ ਗੁਰ ਦਾ ਲਘੂ ਹੋ ਸਕਦਾ ਹੈ, ਇਸ ਵਾਸਤੇ ਇਸ ਜਗ੍ਹਾ ਛੰਦਾਂ ਦਾ ਅੰਤਮ ਪਦ ਪੂਰਾ ਕੀਤਾ ਹੈ ਕਿੰਤੂ ਦੇਵੀ ਨਹੀਂ ਕਥਨ ਕੀਤੀ।।

## ਦੋਹਿਰਾ

ਇਸ ਗੁਰ ਜੀ ਦੇ ਕਥਨ ਦਾ ਸੀ ਜੋ ਭਾਵ ਪ੍ਰਬੀਨ।
ਸੋ ਮੈ ਸਭ ਤੋਕੇ ਕਹਾ ਲੇਹੁ ਰਿਦੇ ਮਹਿਂ ਚੀਨ।੬੬।।
ਇਸ ਮਹਿਂ ਸਿੱਧ ਨ ਹੋਤ ਕਛੁ ਦੇਖੋ ਰਿਦੇ ਵੀਚਾਰ।
ਜੋ ਗੁਰ ਜੂ ਕੇ ਵਾਕ ਬਹੁ ਖੰਡਨ ਕਰਤ ਸੁਧਾਰ।੬੭।।

# ਦੁਰਗਾ ਭਗਤ

## ਦੋਹਿਰਾ

ਜੋ ਇਸ ਵਿੱਚ ਸੰਸਾ ਰਿਹਾ ਤਾਂ ਅੱਗੇ ਸੁਨ ਲੇਹ।
ਜਿਸ ਦਾ ਉੱਤਰ ਸੋਚ ਕੇ ਫਿਰ ਮੈਨੂੰ ਤੂੰ ਦੇਹ।।੬੮।।

## ਚੌਪਈ

ਜਿਸ ਬਾਤੋਂ ਤੂੰ ਹੈ ਇਨਕਾਰੀ। ਨਹਿ ਮਾਨਤ ਹੈ ਬਾਤ ਹਮਾਰੀ।।
ਸੋ ਅਕਸਰ ਮਾਨੈਗਾ ਭਾਈ। ਜਦ ਯੁਕਤੀ ਨਾ ਰਹਿਸੀ ਕਾਈ।।
ਜੋ ਪ੍ਰਮਾਣ ਦਏ ਮੈ ਠੀਕੇ। ਲਖ ਕਰ ਸਿੱਧ ਮਨੋਰਥ ਜੀ ਕੇ।।
ਸੋ ਤੈ ਅਪਨੀ ਬੁੱਧਿ ਦੁਆਰੇ। ਖੰਡਨ ਕਰੇ ਔਰ ਪ੍ਰਕਾਰੇ।।
ਅਰ ਤਿਨ ਭਾਵ ਔਰ ਦਿਖਲਾਏ। ਮੇਰੇ ਅਰਥ ਅਨਰਥ ਬਤਾਏ।।
ਪਰ ਅਬ ਸਾਚ ਛਪਾਵਹਿ ਕੈਸੇ। ਪ੍ਰਗਟ ਹੋਤ ਜੋ ਸੂਰਜ ਜੈਸੇ।।
ਜਸ ਸ਼੍ਰੀ ਸਤਿਗੁਰ ਮੁਖੋਂ ਅਲਾਈ। ਦੇਵ ਕਾਲਕਾ ਹਮਰੀ ਮਾਈ।।
ਅਰ ਅਕਾਲ ਨਿਜ ਤਾਤ ਬਤਾਯਾ। ਸੋ ਕੈਸੇ ਅਬ ਬਨੈ ਛਪਾਯਾ।।
ਤਾਂ ਤੇ ਸੋ ਮੈ ਦੇਹੁੰ ਸੁਨਾਈ। ਦੂਰ ਹੋਇ ਸਭ ਸ਼ੰਕਾ ਭਾਈ।।
ਅਰ ਜਬ ਮਨ ਮਹਿਂ ਕਰੇ ਵਿਚਾਰ। ਅਪਨਾ ਹਠ ਸਭ ਦਏ ਵਿਸਾਰ।।
ਤਬ ਇਸ ਪਰ ਨਿਜ ਨਿਸਚਾ ਕਰ ਹੈ। ਬਹੁਰ ਕੁਤਰਕ ਨ ਮਨ ਮੈ ਧਰ ਹੈ।।੬੯।।

ਯਥਾ : ਸ੍ਰੀ ਮੁਖ ਵਾਕ

"ਸਰਬ ਕਾਲ ਹੈ ਪਿਤਾ ਹਮਾਰਾ। ਦੇਵਿ ਕਾਲਕਾ ਮਾਤ ਹਮਾਰਾ।।
ਮਨੂਆ ਗੁਰ ਮੁਰਿ ਮਨਸਾ ਮਾਈ। ਜਿਨ ਮੋ ਕੋ ਸਭ ਕ੍ਰਿਆ ਪੜ੍ਹਾਈ।।੫।।"

## ਦੋਹਿਰਾ

ਦੇਖੋ ਸ੍ਰੀ ਮੁਖ ਵਾਕ ਤੇ ਸਿੱਧ ਕਾਲਕਾ ਹੋਇ।
ਜਿਸ ਮਹਿਂ ਤੁਮਰੀ ਰੰਚ ਭੀ ਸ਼ੰਕਾ ਰਹੀ ਨ ਕੋਇ।।੭੦।।
ਤਾਂ ਤੇ ਸਭ ਹਠ ਤਿਆਗ ਕੇ ਪੂਜੇ ਦੇਵੀ ਮਾਤ।
ਜਿਸ ਕਾ ਸੇਵਨ ਗ੍ਰੰਥ ਮਹਿਂ ਸ੍ਰੀ ਸਤਿਗੁਰ ਜੂ ਗਾਤ।।੭੧।।

# ਤੱਤ ਖਾਲਸਾ

## ਦੋਹਿਰਾ

ਕਹੋ ਕੌਨ ਮਾਨੈ ਨਹੀ ਸ੍ਰੀ ਮੁਖ ਵਾਕ ਉਦਾਰ।
ਜੋ ਗੁਰ ਜੂ ਆਗਿਆ ਦਈ ਮਾਨਹਿਂ ਹਮ ਸਿਰਧਾਰ।।੭੨।।
ਪਰ ਸਤਿਗੁਰ ਕੇ ਕਥਨ ਕਾ ਜੋ ਕੁਛ ਨੀਕੋ ਭਾਵ।
ਸੋ ਭੀ ਸ਼੍ਰਵਨ ਕੀਜੀਏ ਧਰੋ ਰਿਦੇ ਸਹਿ ਚਾਵ।।੭੩।।

## ਚੌਪਈ

"ਇਸ ਗੁਰ ਵਾਕ ਦੁਵਾਰੇ ਭਾਈ। ਦੇਵੀ ਸਿੱਧ ਨ ਹੋਵਤ ਕਾਈ।।

ਇਸ ਮਹਿ ਤੋ ਗੁਰ ਜੂ ਫੁਰਮਾਯਾ। ਮਾਤ ਤਾਤ ਆਕਾਲ ਬਤਾਯਾ॥
ਜਿਸ ਕਾ ਯਹ ਹੈ ਭਾਵ ਪਯਾਰੇ। ਸਰਬ ਕਾਲ ਹੈ ਪਿਤਾ ਹਮਾਰੇ॥
ਵਹੀ ਹਮਾਰੀ ਮਾਤ ਭਾਈ। ਪ੍ਰਕਾਸ਼ ਰੂਪ ਸਭ ਕੋ ਸੁਖਦਾਈ॥
ਜਾਂਤੇ ਸਿੱਧ ਬਾਤ ਇਹ ਹੋਈ। ਮਾਤ ਪਿਤਾ ਈਸ਼੍ਵਰ ਹੈ ਸੋਈ॥
ਤਾਂ ਤੇ ਭਿੰਨ ਨ ਸਮਝੋ ਪਿਆਰੇ। ਉਤਪਤ ਕਰਨੇਹਾਰ ਹਮਾਰੇ॥
ਇਸੀ ਪਰਕਾਰ ਉਪਾਸ਼ਨ ਮਾਹੀ। ਕਹਤ ਮਹਾਤਮ ਸ਼ੰਸ਼ੈ ਨਾਹੀ॥
ਜਿਸ ਪਰ ਗੁਰੂ ਗ੍ਰੰਥ ਦੀ ਸਾਖੀ। ਅਕਾਲ ਪੁਰਖ ਜੀ ਕਾਰਨ ਭਾਖੀ॥
"ਤੂੰਹੀ ਮੇਰਾ ਪਿਤਾ ਤੂੰਹੇ ਮੇਰਾ ਮਾਤਾ। ਤੂੰ ਮੇਰਾ ਬੰਧਪ ਤੂੰ ਮੇਰਾ ਭਗਤਾ"॥

ਪੁਨਹ ਔਰ ਭੀ ਸੁਨ ਮਨ ਲਾਈ। ਸਕਲ ਸੰਦੇਹ ਤੋਹ ਮਿਟ ਜਾਈ। "ਤੂੰ ਮਾਤ ਪਿਤਾ ਹਮ ਬਾਲਕ ਤੇਰੇ। ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ" ਐਸੇ ਸ਼ਬਦ ਬਹੁਤ ਹੈ ਪਯਾਰੇ। ਮਾਤ ਪਿਤਾ ਜੋ ਈਸ ਉਚਾਰੇ। ਤਾਂ ਤੇ ਦਸਮ ਗੁਰੂ ਜੋ ਗਾਇਆ। ਮਾਤ ਪਿਤਾ ਅਕਾਲ ਬਤਾਇਆ। ਜਾਂ ਤੇ ਅਨਵੈ ਕਰ ਮਨ ਦੇਖੋ। ਦੂਰ ਹੋਇ ਤਬ ਸਗਲ ਭੁਲੇਖੋ॥ ਵਹੀ ਅਕਾਲ ਤਾਤ ਹੈ ਮੇਰਾ। ਵਹੀ ਕਾਲਕਾ ਮਾਤ ਸੁ ਹੇਰਾ॥ ਇਸ ਅਨਵੈ ਤੇ ਪ੍ਰਗਟ ਹੋਵੈ। ਮਾਤ ਪਿਤਾ ਈਸ਼ਰ ਜੋਵੈ। ਤਿਸ ਤੇ ਬਿਨਾਂ ਔਰ ਨਹਿ ਮਾਨੈ। ਜੋ ਅਗਿਆਨੀ ਲੋਗ ਬਖਾਨੈ। ਇਸ ਤੇ ਆਗੇ ਬਹੁਤ ਬਤਾਯਾ। ਮਨ ਕੋ ਗੁਰ ਗੁਰ ਜੀ ਫੁਰਮਾਯਾ। ਅਰ ਮਨਸਾ ਨਿਜ ਮਾਤ ਬਤਾਈ। ਕਹੋ ਭੇਦ ਇਸ ਮਹਿੰ ਕਯਾ ਭਾਈ। ਏਕ ਜਗ੍ਹਾ ਗੁਰ ਜੂ ਬਤਲਾਵੈ। ਅਕਾਲ ਪੁਰਖ ਨਿਜ ਤਾਤ ਅਲਾਵੈ। ਅਰ ਪੁਨ ਦੇਬ ਕਾਲਕਾ ਮਾਈ। ਸ੍ਰੀ ਮੁਖ ਤੇ ਭਾਖੀ ਜਗਰਾਈ। ਪੁਨ ਤਿਸ ਆਗੇ ਦੂਜੀ ਤੁਕ ਮੈ। ਭਾਖਤ ਹੈ ਇਹ ਬਿਧਕੇ ਰੁਕ ਮੈ। ਹਮਰੋ ਗੁਰ ਮਨੂਆ ਹੈ ਪਯਾਰੇ। ਮਨਸਾ ਮਾਈ ਲੇਹੁ ਵਿਚਾਰੇ। ਜਿਨ ਤੇ ਹਮ ਸਭ ਸਿਖਯਾ ਲੀਨੀ। ਸਕਲ ਪੜ੍ਹਾਇ ਕ੍ਰਿਆ ਸ਼ੁਭ ਦੀਨੀ। ਐਸਾ ਸ੍ਰੀ ਮੁਖ ਤੇ ਗੁਰ ਗਾਗੈਂ। ਲੋਗਨ ਕੋ ਸੰਦੇਹ ਮਿਟਾਵੈਂ॥੭੪॥

ਭਾਵ :- ਜਦ ਗੁਰੂ ਜੀ ਦੇ ਕਥਨ ਦਾ ਭਾਵ ਦੇਖਿਆ ਜਾਏ ਅਰ ਕਾਬਯ ਦੀ ਰਚਨਾ ਦਾ ਪ੍ਰਭਾਉ ਵਿਚਾਰਿਆ ਜਾਏ ਤਦ ਇਹ ਸੰਸਾ ਬਹੁਤ ਹੀ ਛੇਤੀ ਜਾਂਦਾ ਰਹਿੰਦਾ ਹੈ, ਕਿਉਂਕਿ ਉਪਾਸਨਾ ਦੇ ਵਿੱਚ ਏਹ ਨੇਮ ਨਹੀ ਹੁੰਦਾ ਜੋ ਅਪਨੇ ਉਪਾਸ ਨੂੰ ਇਕ ਪ੍ਰਕਾਰ ਦੇ ਪਦਾਂ ਨਾਲ ਹੀ ਸਮਰਨ ਕੀਤਾ ਜਾਏ, ਇਸੀ ਵਾਸਤੇ ਉਸ ਸਮਯ ਇਹ ਆਖ ਸਕੀਦਾ ਹੈ ਕਿ ਹੇ ਈਸ਼੍ਵਰ ਤੂੰ ਮੇਰਾ ਪਿਤਾ ਹੈ, ਹੇ ਮਹਾਨ ਸ਼ਕਤੀ ਰੂਪ ਤੂੰ ਮੇਰੀ ਮਾਤਾ ਹੈ, ਜਿਸ ਤੇ ਇਹ ਭਾਵ ਨਹੀ ਨਿਕਲਦਾ ਕਿ ਮਾਤਾ ਅਰ ਪਿਤਾ ਇਸਤ੍ਰੀ ਲਿੰਗ ਅਤੇ ਪੁਲਿੰਗ ਹੋਨ ਦੇ ਕਾਰਨ ਦੋ ਹੋਨੇ ਚਾਹੀਦੇ ਹਨ ਕਿੰਤੂ ਇਹ ਸਭ ਤੇ ਵਡੇ ਸਮਰੱਥਾਵਾਨ ਲਈ ਇਕ ਆਮ ਤੌਰ ਪਰ ਆਖਿਆ ਜਾਂਦਾ ਹੈ, ਜੈਸਾ ਕਿ ਅੱਜ ਕੱਲ ਭੀ ਅਪਨੇ ਵਡੇ ਹਾਕਮ ਨੂੰ ਉਸ ਦਾ ਦਾਸ ਇਹ ਆਖਦਾ ਹੈ ਕਿ "ਹਜ਼ੂਰ ਮਾਈ ਬਾਪ ਹੈ" ਸੋ ਇਸ ਤੇ ਇਹ ਭਾਵ ਨਹੀ ਹੁੰਦਾ ਹੈ ਕਿ ਉਸ ਦੀ ਇਸਤ੍ਰੀ ਨੂੰ ਮਾਈ ਅਰ ਉਸ ਹਾਕਮ ਨੂੰ ਬਾਪ ਦਸਦਾ ਹੈ, ਇਸੇ ਤਰ੍ਹਾਂ ਗੁਰੂ ਜੀ ਨੇ ਭੀ ਅਕਾਲ ਪੁਰਖ ਨੂੰ ਹੀ ਅਪਨਾ ਪਿਤਾ ਅਤੇ ਮਾਤਾ ਕਥਨ ਕੀਤਾ ਹੈ॥

ਇਸੀ ਤਰ੍ਹਾਂ ਮਨ ਨੂੰ ਅਪਨਾ ਗੁਰੂ ਇਸ ਵਾਸਤੇ ਦਸਯਾ ਹੈ ਜੋ ਸਾਰੇ ਖਯਾਲ ਮਨ

ਤੇ ਹੀ ਪੈਦਾ ਹੁੰਦੇ ਹਨ, ਜਿਸ ਤੇ ਕਈ ਰਿਖੀਆਂ ਨੇ ਸੰਸਾਰ ਦੀ ਉਤਪਤੀ ਭੀ 'ਮਨ ਉਨਮੇਖ' ਅਰਥਾਤ ਮਨ ਦੇ ਸੰਕਲਪ ਕਰਕੇ ਹੀ ਦਸੀ ਹੈ। ਇਸੇ ਵਾਸਤੇ ਪਹਲਾ ਗੁਰੂ ਸੰਕਲਪ ਵਿਕਲਪ ਦਾ ਆਸਰਾ ਹੋਨ ਕਰਕੇ ਮਨ ਹੀ ਹੈ, ਜੈਸਾ ਕਿ ਇਕ ਮਹਾਤਮਾ ਦਾ ਕਥਨ ਹੈ 'ਮਨ ਮੁਰਸ਼ਦ ਨੂੰ ਪੂਛ ਲੈ ਨੇਕੀ ਹੈ ਸੋ ਖੱਟ' ਜਿਸ ਤੇ ਮਨ ਦਾ ਗੁਰੂ ਕਥਨ ਕਰਨਾ ਇੱਕ ਵੱਡੀ ਭਾਰੀ ਯੁਕਤੀ ਹੈ ਜੋ ਆਮ ਆਦਮੀ ਨਹੀਂ ਸਮਝ ਸਕਦੇ॥

ਇਸੀ ਪ੍ਰਕਾਰ ਮਨ ਦੀ ਬ੍ਰਿਤੀ ਜੋ ਮਨਸਾ ਹੈ ਉਸ ਨੂੰ ਮਾਈ ਇਸ ਵਾਸਤੇ ਕਥਨ ਕੀਤਾ ਹੈ ਕਿ ਜਿਤਨਾ ਸ਼ੁਭ ਅਤੇ ਅਸ਼ੁਭ ਦਾ ਵਿਚਾਰ ਹੈ ਸੋ ਬ੍ਰਿਤੀ ਦੇ ਅਧੀਨ ਹੈ ਜਿਸ ਤੇ ਮਨ ਦੇ ਸੰਕਲਪ ਵਿਕਲਪ ਨੂੰ ਜਦ ਬ੍ਰਿਤੀ ਨਾਲ ਵਿਚਾਰਿਆ ਜਾਂਦਾ ਹੈ ਤਦ ਹੀ ਸਾਰੀਆਂ ਸਿੱਖਯਾ ਫਲ ਦਾਇਕ ਹੁੰਦੀਆਂ ਹਨ॥

ਕਾਵ ਦੇ ਗਯਾਤਾ ਪੁਰਖ ਇਸ ਬਾਤ ਨੂੰ ਅੱਛੀ ਤਰ੍ਹਾਂ ਜਾਨਦੇ ਹਨ ਕਿ ਵਾਕ ਵਿੱਚ ਲਖਨਾ ਅਤੇ ਅਲੰਕਾਰ ਆਕੇ ਉਸ ਬਾਨੀ ਨੂੰ ਕਿਸ ਤਰ੍ਹਾਂ ਸੁਭਾਇ ਮਾਨ ਕਰਦੇ ਹਨ, ਜਿਸ ਤੇ ਓਹ ਆਖਦੇ ਹਨ ਕਿ ਜਿਸ ਬਾਨੀ ਦਾ ਭਾਵ ਅਤੇ ਪਦ ਪਦਾਰਥ ਤਾਂ ਭਾਵੇ ਉਤਮ ਹੋਵੇ ਪ੍ਰੰਤੂ ਉਸ ਵਿੱਚ ਅਲੰਕਾਰ ਅਤੇ ਲਾਕਛਣ ਰਚਨਾ ਨਾ ਹੋਵੇ ਸੋ ਇਸ ਤਰ੍ਹਾਂ ਸਮਝੀ ਜਾਂਦੀ ਹੈ ਜਿਸ ਪ੍ਰਕਾਰ ਸੁੰਦਰ ਇਸਤ੍ਰੀ ਭੂਖਨ ਰਹਿਤ ਹੁੰਦੀ ਹੈ, ਇਸ ਵਾਸਤੇ ਗੁਰੂ ਜੀ ਮਹਾਰਾਜ ਦੀ ਬਾਨੀ ਸੰਪੂਰਨ ਕਾਵਯ ਦੇ ਨਾਲ ਭਰੀ ਹੋਈ ਹੈ ਜਿਸ ਤੇ ਇਸ ਵਿੱਚ ਛੰਦ ਹੋਨੇ ਕਰਕੇ ਕਈ ਪ੍ਰਕਾਰ ਦੇ ਅਲੰਕਾਰਕ ਅਤੇ ਲਾਕਛਣ ਪਦ ਗੁੰਦੇ ਹੋਏ ਹਨ ਏਹੋ ਕਾਰਨ ਹੈ ਜੋ ਇਸ ਦੇ ਭਾਵ ਸਮਝਨ ਵਿੱਚ ਪਦ ਪਦਾਰਥ ਦੇ ਗਯਾਨ ਹੀਨ ਪੁਰਸ਼ ਧੋਖਾ ਖਾ ਜਾਂਦੇ ਹਨ, ਇਸ ਵਾਸਤੇ ਸਾਬਤ ਹੋਇਆ ਕਿ ਗੁਰੂ ਜੀ ਮਹਾਰਾਜ ਬਿਨਾਂ ਅਕਾਲ ਪੁਰਖ ਤੇ ਕਿਸੇ ਦੇਵੀ ਦੇਵਤੇ ਦੇ ਉਪਾਸ਼ਕ ਨਹੀ ਸਨ॥

## ਦੁਰਗਾ ਭਗਤ

### ਦੋਹਿਰਾ

ਯੁਕਤ ਤੁਮਾਰੀ ਹੇ ਮਖੇ ਯਦਪਿ ਹੈ ਅਨਕੂਲ।
ਪਰ ਦਸਮੇ ਗੁਰ ਜੂ ਕਹੇਂ ਤੁਮ ਸੇ ਅਤਿ ਪ੍ਰਤਿਕੂਲ॥੭੫॥

### ਚੌਪਈ

ਤੁਮ ਦਸਮੋ ਗੁਰ ਗ੍ਰੰਥ ਵਿਚਾਰੋ। ਚੰਡੀ ਚਰਤ ਮਾਂਹਿ ਨਿਰਧਾਰੋ॥
ਹੈ ਵਹੁ ਤੀਨ ਚਰਤ ਸੁਖ ਦਾਤੇ। ਜੋ ਦੁਰਗਾ ਦੀ ਸ਼ਕਤ ਬਤਾਤੇ॥
ਸਕਲ ਕਲੇਸ਼ ਹਰਨ ਜਗਮਾਤਾ। ਦੁਰਜਨ ਮਰਦਨ ਬਲ ਵੱਖਯਾਤਾ॥
ਜਾਂ ਸਮ ਦੂਸਰ ਔਰ ਨ ਗਾਇਯੋ। ਸਭ ਤੇ ਅਧਿਕ ਚੰਡ ਬਤਲਾਯੋ॥
ਫਿਰ ਤੁਮਰੋ ਕਹਨੋ ਸੁਨ ਭਾਈ। ਮਾਨਹ ਕੌਨ ਦੇਖ ਹਿਤ ਲਾਈ॥
ਦਸਮ ਗੁਰੂ ਜਾਂ ਕੋ ਪ੍ਰਤਿਪਾਦੈ। ਤਾਂ ਮਹਿਂ ਕਰ ਹੈ ਕੌਨ ਬਿਵਾਦੈ॥
ਤਾਂਤੇ ਤੁਮਰੀ ਬੁਧਿ ਬੈਰਾਨੀ। ਜੋ ਨਹਿਂ ਮਾਨਤ ਗੁਰ ਦੀ ਬਾਨੀ॥
ਉਨਮਤ ਸਮ ਲਖ ਕਰ ਤੁਹ ਵਾਕਾ। ਕੌਨ ਸੁਨੇ ਗੁਰ ਸੋ ਹਿਤ ਜਾਕਾ॥

ਤਾਂ ਤੇ ਮੈ ਤੁਮ ਕੋ ਸਮਝਾਊਂ। ਸੋ ਗੁਰ ਜੂ ਕੋ ਵਾਕ ਦਿਖਾਊਂ॥
ਪ੍ਰਥਮ ਚਰਤ ਚੰਡੀ ਕੇ ਮਾਂਹਿ। ਨਿਜ ਮੁਖ ਕਹਾ ਜਗਤ ਦੇ ਨਾਂਹਿ॥
ਸ੍ਰੀ ਚੰਡੀ ਕੀ ਹੈ ਵਡਿਆਈ। ਸਭ ਸੇ ਅਧਿਕ ਜੋ ਦਿਖਰਾਈ॥
ਸੋ ਨੀਕੋ ਤੂੰ ਦੇਖ ਵਿਚਾਰ। ਕੈਸੇ ਸ੍ਰੀ ਮੁਖ ਕਰਤ ਉਚਾਰ॥੭੬॥

ਯਥਾ : ਚੰਡੀ ਚਰਿੱਤ੍ਰ ਸਵੈਯਾ

"ਤਾਰਨ ਲੋਕ ਉਧਾਰਨ ਭੂਮਹਿ ਦੈਤ ਸੰਘਾਰਨ ਚੰਡ ਤੁਹੀ ਹੈ। ਕਾਰਨ ਈਸ ਕਲਾ ਕਮਲਾ ਹਰਿ ਅੱਦ੍ਰ ਸੁਤਾ ਜਹ ਦੇਖੋ ਉਹੀ ਹੈਂ। ਤਾਂਮ ਸਤਾ ਮਮਤਾਨ ਮਤਾ ਕਵਿਤਾ ਕਵਿ ਕੋ ਮਨ ਮੱਧ ਗੁਹੀ ਹੈ। ਕੀਨੋ ਹੈ ਕੰਚਨ ਲੋਹ ਜਗਤ੍ਰਮੈ ਪਾਰਸ ਮੂਰਤਿ ਜਾਇ ਛੁਹੀ ਹੈ।੪।

## ਦੋਹਿਰਾ

ਪਰਮੁਦ ਕਰਨ ਸਭ ਭੈ ਹਰਨ ਨਾਮ ਚੰਡਕਾ ਜਾਸ।
ਰਚੋ ਚਰਿੱਤ੍ਰ ਬਚਿੱਤ੍ਰ ਤੁਮ ਕਰੋ ਸੁਬੁਧਿ ਪ੍ਰਕਾਸ॥੫॥"

ਭਾਵ :- ਇਸ ਸਵੈਯੇ ਵਿੱਚ ਸ੍ਰੀ ਗੁਰੂ ਜੀ ਮਹਾਰਾਜ ਦੇਵੀ ਜੀ ਦੀ ਸ਼ੋਭਾ ਇਸ ਤਰ੍ਹਾਂ ਕਥਨ ਕਰਦੇ ਹਨ ਕਿ ਹੇ ਚੰਡੀ ਸੰਪੂਰਨ ਲੋਕਾਂ ਦੇ ਤਾਰਨ ਅਤੇ ਪ੍ਰਿਥਵੀ ਦੇ ਉਧਾਰਨੇ ਅਰ ਦੈਤਾਂ ਦੇ ਸੰਘਾਰਨੇ ਵਾਲੀ ਇੱਕ ਤੂੰ ਹੀ ਸ਼ਕਤੀ ਹੈ, ਫਿਰ ਤੂੰ ਹੀ ਸੰਸਾਰ ਦੀ ਕਰਤਾ ਹੈ, ਤੂੰ ਹੀ ਲਛਮੀ ਅਤੇ ਪਾਰਬਤੀ ਰੂਪ ਹੋਕੇ ਬਿਰਾਜ ਰਹੀ ਹੈਂ, ਇੱਸੇ ਤਰ੍ਹਾਂ ਤੁਹੀ ਸੰਪੂਰਨ ਗੁਣਧਾਰੀ ਹੈਂ ਜੋ ਲੋਗ ਲੋਹੇ ਦੀ ਤਰ੍ਹਾਂ ਮੂਰਖ ਹਨ ਉਨ੍ਹਾਂ ਨੂੰ ਸੁਇਨੇ ਰੂਪ ਕਰਨੇ ਲਈ ਤੂੰ ਪਾਰਸ ਹੈ ਅਤੇ ਤੂੰ ਹੀ ਕਵੀ ਲੋਕਾਂ ਦੀ ਬੁੱਧੀ ਨੂੰ ਸ਼ੁੱਧ ਕਰਕੇ ਕਵਿਤਾ ਗੁੰਦਨੇ ਵਾਲੀ ਹੈ ਇਸ ਤੇ ਜੋ ਪੁਰਖ ਤੇਰੇ ਪ੍ਰੇਮ ਨਾਲ ਮਿਲ ਗਏ ਹਨ ਸੋ ਲੋਹੇ ਤੇ ਸੁਇਨੇ ਹੋਨ ਦੀ ਤਰ੍ਹਾਂ ਉੱਤਮ ਹੋ ਗਏ ਹਨ॥

ਇਸੀ ਤਰ੍ਹਾਂ ਦੋਹੇ ਵਿੱਚ ਭੀ ਏਹੋ ਭਾਵ ਹੈ ਕਿ ਅਨੰਦ ਦੇ ਦੇਨੇ ਵਾਲੀ ਅਤੇ ਸੰਪੂਰਨ ਭਯਾਂ ਦੇ ਦੂਰ ਕਰਨੇ ਵਾਲੀ ਕੇਵਲ ਉਹੋ ਹੈਂ ਜਿਸ ਦਾ ਨਾਮ ਚੰਡੀ ਆਖਯਾ ਜਾਂਦਾ ਹੈ, ਇਸੇ ਵਾਸਤੇ ਮੈ ਹੇ ਚੰਡੀ ਆਪ ਦੇ ਬਚਿੱਤ੍ਰ ਨੂੰ ਰਚਨ ਲੱਗਯਾ ਹਾਂ ਜਿਸ ਤੇ ਆਪ ਮੇਰੀ ਬੁੱਧੀ ਨੂੰ ਪ੍ਰਕਾਸ਼ਵਾਨ ਕਰੋ॥

## ਦੋਹਿਰਾ

ਜਦ ਗੁਰ ਜੀ ਉਪਮਾਂ ਕਰੀ ਨਿਜ ਕਵਿਤਾ ਕੇ ਹੇਤ।
ਲਈ ਸਹਾਇਤ ਤਾਂਹਿ ਕੀ ਬੁਧਿ ਬਿਮਲ ਹਿਤ ਜੇਤ॥੭੭॥
ਤੌਂ ਤੁਮ ਕੈਸੇ ਕਹਤ ਹੋ ਗੁਰ ਨਹਿ ਮਾਨਤ ਚੰਡ।
ਜਾਂ ਤੇ ਸਿਰ ਪਰ ਸਹਤ ਹੋ ਮਹਾਂ ਪਾਪ ਕੋ ਦੰਡ॥੭੮॥
ਇਨ ਵਾਕਨ ਕੋ ਅਰਥ ਕੁਛ ਨਹੀ ਗੋਪ ਜਗ ਮਾਂਹਿ।
ਜਾਂ ਪਰ ਸ਼ਰਧਾਵਾਨ ਨਰ ਮਾਨਤ ਧਰ ਸਿਰ ਤਾਂਹਿ॥੭੯॥
ਜੇ ਤੁਮ ਮਨ ਮਤ ਕਰ ਕਹੋ ਇਨ ਬਚਨੋ ਕੋ ਝੂਠ।
ਤੌਂ ਤੋ ਸਮ ਨਹਿ ਔਰ ਹੈ ਬਿਨਾਂ ਮੁਹਾਰੋ ਊਠ॥੮੦॥

# ਤੱਤ ਖਾਲਸਾ

## ਦੋਹਿਰਾ

ਇਤਨਾ ਗੁੱਸਾ ਕੱਢਦਾ ਕੇਹੜੀ ਗੱਲੋਂ ਦੱਸ।
ਮੈ ਗੁਰ ਜੀ ਦੇ ਵਾਕ ਥੋ ਕਿੱਥੇ ਜਾਵਾਂ ਨੱਸ॥੯੧॥
ਸਿਰ ਧਰ ਮੰਨਾ ਓਸ ਨੂੰ ਜੋ ਗੁਰ ਮੁਖ ਦਾ ਵਾਕ।
ਜਾਂ ਸਮ ਦੂਸਰ ਔਰ ਨਹਿ ਮੀਤ ਬੰਧੁ ਪੁਨ ਸਾਕ॥੯੨॥

## ਦਵੈਯਾ

ਅਰ ਇਹ ਵਾਕ ਕਹੇ ਜੋ ਤੈਨੇ ਹਨ ਇਹ ਛੰਦ ਜਰੂਰੀ। ਅੱਜ ਤੀਕ ਹੈ ਜਗ ਵਿੱਚ ਇਨ ਕੀ ਇਸੇ ਤਰ੍ਹਾਂ ਮਸ਼ਹੂਰੀ॥ ਪਰ ਇਸ ਮਹਿ ਜੋ ਗੂੜ੍ਹ ਭਾਵ ਹੈ ਸੋ ਤੁਮ ਨਹੀਂ ਵਿਚਾਰਾ। ਜਿਸ ਤੇ ਛਾਛ ਵਿਰੋਲੀ ਐਵੇਂ ਮੱਖਨ ਰਹ ਗਿਆ ਨਿਆਰਾ।੯੩। ਇਨ ਸ਼ਬਦਨ ਦੀ ਆਦਿ ਪਿਆਰੇ ਤੈ ਨਾਂ ਠੀਕ ਵਿਚਾਰੀ। ਜਿਸ ਤੇ ਗੁਰ ਜੀ ਆਦਿ ਵਿਖੇ ਹੀ ਕਹ ਦੀਨੀ ਗਤਿ ਨਿਆਰੀ॥ ਉਕਤ ਬਲਾਸ ਚੰਡਕਾ ਦੱਸਯਾ ਜੋ ਤੈ ਜਾਤਾ ਨਾਹੀਂ। ਏਹੋ ਚੰਡੀ ਨਾਂ ਪੂਜਨ ਦਾ ਹੈ ਸਬੂਤ ਜਗ ਮਾਹੀਂ।੯੪॥ ਫਿਰ ਗੁਰ ਜੀ ਨੇ ਮੰਗਲ ਕੀਤਾ ਆਦਿ ਸਵੈਯੇ ਅੰਦਰ। ਸੋ ਭੀ ਸਿਧ ਕਰਤ ਹੈ ਜਗ ਮਹਿ ਪੜ੍ਹਿਏ ਤਜ ਕਰ ਤੰਦਰ॥ ਆਦਿ ਅੰਤ ਦੇ ਦੇਖੇ ਬਾਝੋ ਐਵੇ ਸ਼ੋਰ ਮਚਾਨਾ। ਅੱਛੀ ਬਾਤ ਨਹੀ ਏ ਭਾਈ ਸਾਨੂੰ ਬੁਰਾ ਠਰਾਨਾ॥੯੫॥

## ਦੋਹਿਰਾ

ਸੋ ਮੈ ਤੇਨੂੰ ਦੱਸਦਾ ਲਿਖ ਕਰ ਸਾਰਾ ਹਾਲ।
ਜਿਸ ਦੇ ਸੁਨਨੇ ਤੇ ਮਿਟੇ ਸਭ ਸੰਸਾ ਤਤਕਾਲ।੯੬॥

## ਯਥਾ ੧ਓ ਸ੍ਰੀ ਵਾਹਿਗੁਰੂ ਜੀ ਕੀ ਫਤਹ ਹੈ॥

## ਅਬ ਚੰਡੀ ਬਚਿੱਤ੍ਰ ਉਕਤਿ ਬਿਲਾਸ॥

## ਸਵੈਯਾ

"ਆਦਿ ਅਪਾਰ ਅਲੇਖ ਅਨੰਤ ਅਕਾਲ ਅਭੇਖ ਅਲੱਖ ਅਨਾਸਾ। ਕੇਸ਼ਿਵ ਸ਼ਕਤ ਦਏ ਸ੍ਰਤਿ ਚਾਰ ਰਜੋਤਮ ਸੱਤ ਤਿਹੂੰ ਪੁਰ ਦਾਸਾ॥ ਦਿਉਸ ਨਿਸਾ ਸਸਿ ਸੂਰਕੈ ਦੀਪ ਸੁ ਸ੍ਰਿਸਟ ਰਚੀ ਪੰਚ ਤੱਤ ਪ੍ਰਕਾਸਾ। ਬੈਰ ਬਢਾਇ ਲਰਾਇ ਸਰਾ ਸੁਰ ਆਧਹਿ ਦੇਖਤ ਬੈਠ ਤਮਾਸਾ॥੧॥

## ਦੋਹਿਰਾ

ਕ੍ਰਿਪਾ ਸਿੰਧ ਤੁਮਰੀ ਕ੍ਰਿਪਾ ਜੋ ਕਛੁ ਮੋ ਪਰ ਹੋਇ।
ਰਚੋ ਚੰਡਕਾ ਕੀ ਕਥਾ ਬਾਣੀ ਸ਼ੁਭ ਸਭ ਹੋਇ।੨॥"

## ਦੋਹਿਰਾ

ਇਸ ਮਹਿ ਦੇਖ ਵਿਚਾਰਕੇ ਕਿਆ ਮਿਲਦਾ ਉਪਦੇਸ਼।
ਵਹੁ ਅਕਾਲ ਪੂਜਨ ਕਹਾ ਜਿਸ ਕੇ ਸ਼ਕਤ ਦਿਨੇਸ।੯੭॥
ਚੰਡੀ ਚਰਿੱਤ੍ਰ ਮਾਰਕੰਡੇ ਪੁਰਾਣ (ਸੰਸਕ੍ਰਿਤ[ ਦਾ ਤਰਜ਼ੁਮਾਂ ਹੈ।

ਭਾਵ :- ਚੰਡੀ ਚਰਿੱਤ੍ਰ ਦੇ ਆਦਿ ਵਿੱਚ ਹੀ ਗੁਰੂ ਜੀ ਕਥਨ ਕਰਦੇ ਹਨ ਕਿ ਅਸੀ ਹੁਨ ਚੰਡੀ ਚਰਿੱਤ੍ਰ ਦਾ ਤਰਜੁਮਾਂ ਕਰਦੇ ਹਾਂ, ਕਿਉਂਕਿ "ਉਕਤ ਬਿਲਾਸ" ਦਾ ਅਰਥ ਪਹਲੇ ਆਖਯਾ ਹੋਇਆ ਹੈ, ਜਿਸ ਤੇ ਸੰਸਕ੍ਰਿਤ ਵਿੱਚੋ ਭਾਖਾ ਕੀਤਾ ਹੈ, ਸੋ ਕਿਸੇ ਗ੍ਰੰਥ ਦੇ ਉਲਥਾ ਕਰਨ ਤੇ ਇਹ ਸਿੱਧ ਨਹੀ ਹੁੰਦਾ ਕਿ ਉਲਥਾਕਾਰ ਉਸ ਦਾ ਉਪਾਸਕ ਹੁੰਦਾ ਹੈ॥

ਪਰੰਤੂ ਗੁਰੂ ਜੀ ਅਪਨਾ ਉਪਾਸ ਕੇਵਲ ਅਕਾਲ ਪੁਰਖ ਨੂੰ ਹੀ ਜਾਨਦੇ ਸੇ ਜਿਸ ਦਾ ਸਬੂਤ ਇਹ ਹੈ ਕਿ ਚੰਡੀ ਚਰਿੱਤ੍ਰ ਦੇ ਆਦਿ ਵਿੱਚ ਉਨ੍ਹਾਂ ਨੇ ਕਿਸੇ ਦੇਵੀ ਯਾ ਗਨੇਸ਼ ਆਦਿਕ ਦਾ ਮੰਗਲ ਨਹੀਂ ਕੀਤਾ ਕਿੰਤੂ ਕੇਵਲ ਅਕਾਲ ਪੁਰਖ ਦਾ ਹੀ ਕੀਤਾ ਹੈ, ਜਿਸ ਦਾ ਇਹ ਭਾਵ ਅਰਥ ਹੈ ਕਿ ਉਹ ਪਰਮਾਤਮਾਂ ਸੰਪੂਰਨ ਜਗਤ ਦਾ ਆਦਿ ਮੂਲ ਅਤੇ ਅਲਖ ਹੈ, ਅਰ ਅੰਤ ਰਹਤ ਅਕਾਲ ਅਰ ਅਭੇਖ ਹੈ ਜਿਸ ਦਾ ਕੋਈ ਅੰਤ ਨਹੀ ਪਾ ਸਕਦਾ। ਇਸੀ ਵਾਸਤੇ ਉਹ ਅਕਾਲ ਹੈ, ਉਸੀ ਪਰਮਾਤਮਾਂ ਤੇ ਸ਼ਿਵ ਅਤੇ ਦੇਵੀ ਬ੍ਰਹਮਾਂ ਅਤੇ ਤਿੰਨੇ ਗੁਣ ਉਤਪਤ ਹੋਏ ਹਨ, ਅਰ ਉਹ ਬਯਾਪਕ ਈਸ਼੍ਵਰ ਸਭ ਵਿੱਚ ਪਰੀਪੂਰਨ ਹੈ ਜਿਸ ਨੇ ਦਿਨ ਅਤੇ ਰਾਤ ਦੇ ਵਾਸਤੇ ਸੂਰਜ ਅਰ ਚੰਦ ਦੋਨੋ ਦੀਪਕ ਬਨਾ ਦਿੱਤੇ ਹਨ, ਅਰ ਪੰਜਾਂ ਤੱਤਾਂ ਨੂੰ ਉਤਪਤ ਕਰਕੇ ਉਨ੍ਹਾਂ ਦੇ ਸੰਪੂਰਨ ਬ੍ਰਹਮੰਡ ਰਚ ਦਿੱਤਾ ਹੈ, ਜਿਸ ਵਿੱਚ ਦੇਵਤੇ ਅਤੇ ਰਾਕਸ਼ ਪੈਦਾ ਕਰਕੇ ਇਨ੍ਹਾਂ ਦਾ ਪਰਸਪਰ ਵਿਰੋਧ ਅਤੇ ਜੁੱਧ ਦੇ ਚਰਿੱਤ੍ਰਾਂ ਦਾ ਤਮਾਸ਼ਾ ਸਭ ਤੇ ਨਿਆਰਾ ਹੋਕੇ ਦੇਖ ਰਿਹਾ ਹੈ। ਇਸ ਵਾਸਤੇ ਐਸੇ ਸਰਬ ਸ਼ਕਤੀਮਾਨ ਕ੍ਰਿਪਾ ਦੇ ਸਮੁੰਦਰ ਪਰਮਾਤਮਾਂ ਦੀ ਜੇ ਮੇਰੇ ਪਰ ਕ੍ਰਿਪਾ ਹੋਵੇ ਤਾਂ ਮੈ ਇਹ ਚੰਡੀ ਚਰਤ ਦੀ ਕਵਿਤਾ ਐਸੀ ਰਚ ਸਕਾਂਗਾ ਜੋ ਬਹੁਤ ਚੰਗੀ ਹੋਵੇ॥

ਇਸ ਮੰਗਲਚਾਰ ਤੋ ਸਿੱਧ ਹੁੰਦਾ ਹੈ ਜੋ ਗੁਰੂ ਜੀ ਮਹਾਰਾਜ ਬਿਨਾਂ ਅਕਾਲ ਪੁਰਖ ਤੇ ਕਿਸੇ ਦੀ ਭੀ ਅਪਨੇ ਕਾਰਜ ਵਿੱਚ ਸਹਾਇਤਾ ਨਹੀ ਲੈਂਦੇ ਸੇ, ਇਸ ਲਈ ਉਹ ਸਵੈਯਾ ਜੋ ਦੁਰਗਾ ਭਗਤ ਨੇ ਕਥਨ ਕੀਤਾ ਹੈ ਸੋ ਉਸ ਚੰਡੀ ਚਰਤ ਦੇ ਮੰਗਲਚਾਰ ਦਾ ਟੀਕਾ ਹੈ ਕਿੰਤੂ ਗੁਰੂ ਜੀ ਦਾ ਅਪਨਾ ਨਹੀ ਹੈ॥

### ਦੋਹਿਰਾ

ਇਸ ਤੇਰੇ ਆਛੇਪ ਮੈ ਨਹੀ ਸਿੱਧ ਕੁਛ ਹੋਇ।
ਉਲਥਾ ਕਰਨੇਹਾਰ ਕੀ ਵਹੁ ਸਿਧਾਂਤ ਨਹਿ ਕੋਇ॥੮੮॥
ਮਾਰਕੰਡੇ ਪੌਰਾਣ ਕਾ ਕਰਾ ਤਰਜ਼ੁਮਾ ਏਹ।
ਜੁੱਧ ਜੰਗ ਕੀ ਕਥਾ ਲਖ ਨਹਿ ਕਛੁ ਧਰਮ ਸਨੇਹ॥੮੯॥

## ਦੁਰਗਾ ਭਗਤ

### ਦੋਹਿਰਾ

ਜੁੱਧ ਕਰਨ ਦੇ ਵਾਸਤੇ ਕਿਆ ਸੀ ਇਸ ਦੀ ਲੋੜ।
ਉਲਥਾ ਕਰਨ ਪੁਰਾਣ ਕੋ ਅਧਿਕ ਜੋੜ ਕਰ ਤੋੜ॥੯੦॥
ਜਾਂ ਤੇ ਸ਼ਰਧਾ ਬਿਨਾਂ ਨਹਿ ਕਰਤ ਯਤਨ ਜਗ ਕੋਇ।
ਬਿਨਾਂ ਲਾਭ ਪ੍ਰਵਿਰਤ ਨਾ ਨਹਿ ਕਾਹੂੰ ਕੋ ਹੋਇ॥੯੧॥

ਤਾਂ ਤੇ ਗੁਰ ਜੀ ਨੇ ਰਚਾ ਕਰਕੇ ਯਤਨ ਗ੍ਰੰਥ।
ਕੇਵਲ ਦੁਰਗਾ ਭਗਤ ਹਿਤੁ ਜਿਸ ਕੋ ਮਾਨੇ ਪੰਥ।।੯੨।।

# ਤੱਤ ਖਾਲਸਾ

## ਦੋਹਿਰਾ

ਕਹਾਂ ਬੁੱਧਿ ਤੁਮਰੀ ਗਈ ਜਾਂ ਤੇ ਕਲਪੈ ਐਸ।
ਮ੍ਰਿਗ ਤ੍ਰਿਸਨਾ ਮਹਿੰ ਮ੍ਰਿਗ ਜਿਉ ਢੂੰਡਤ ਹੋ ਜਲ ਜੈਸ।।੯੩।।
ਜੁੱਧ ਸਮਯ ਉਤਸਾਹ ਹਿਤ ਕਰਤ ਜਤਨ ਜਗ ਸੂਰ।
ਗੀਤ ਕਬਿੱਤਰ ਬਾਰ ਬਹੁ ਬੀਰ ਰਸੇ ਭਰਪੂਰ।।੯੪।।

ਭਾਵ :- ਸੂਰਬੀਰ ਲੋਗ ਜੁੱਧ ਜੰਗ ਦੇ ਸਮਯ ਸੈਨਾ ਨੂੰ ਉੱਤਸਾਹ ਦੇਨ ਦੇ ਵਾਸਤੇ ਕਈ ਤਰ੍ਹਾਂ ਦੇ ਗੀਤ ਅਤੇ ਕਬਿੱਤ ਅਰ ਬਾਰਾਂ ਆਦਿਕ ਬੀਰ ਰਸ ਨਾਲ ਭਰੀਆਂ ਹੋਈਆਂ ਰਚਦੇ ਹਨ ਜਿਨ੍ਹਾਂ ਨੂੰ ਉਹ ਲੜਨੇ ਦੇ ਵੇਲੇ ਢਾਈਆਂ ਨਾਲ ਗਾਕੇ ਬਹਾਦ੍ਰਾਂ ਦੇ ਦਿਲਾਂ ਨੂੰ ਉੱਤਸ਼ਾਹ ਦੇਂਦੇ ਹਨ, ਜੈਸਾ ਕਿ ਪੁਰਾਨੇ ਸਮਯਾਂ ਵਿੱਚ ਇਸ ਦੇਸ ਦੇ ਸਰਦਾਰ ਜਦ ਲੜਦੇ ਸਨ ਤਦ ਰਾਜਾ ਅਮਰ ਸਿੰਘ ਅਰ ਦੁੱਲੇ ਭੱਟੀ ਅਤੇ ਜੈਮਲ ਫਤੇ ਦੀ ਬਾਰਾਂ ਢਾਡੀਆਂ ਤੇ ਸੁਨਦੇ ਸਨ, ਜਿਨ੍ਹਾਂ ਦੀ ਬਹਾਦਰੀ ਜਦ ਉਨ੍ਹਾਂ ਦੇ ਕੰਨਾਂ ਵਿੱਚ ਪੈਂਦੀ ਸੀ ਤਦ ਸੁਨਕੇ ਖ਼ੂਨ ਜੋਸ਼ ਮਾਰ ਆਉਂਦਾ ਸਾ ਜਿਸ ਦਾ ਫਲ ਇਹ ਹੁੰਦਾ ਸੀ ਜੋਂ ਉਹ ਟੁਕੜੇ-੨ ਹੋਕੇ ਕਟ ਮਰਦੇ ਸਨ ਪਰ ਪਿਛੇ ਪੈਰ ਨਹੀ ਹਟਾਉਂਦੇ ਸੇ।।

ਦਸਮੇਂ ਪਾਤਸ਼ਾਹ ਜੀ ਦੇ ਬਾਰੇ ਵਿੱਚ ਭੀ ਸੁਨਿਆ ਜਾਂਦਾ ਹੈ ਕਿ ਉਹ ਹਨੂੰਮਾਨ ਨਾਟਕ ਨੂੰ ਅਪਨੇ ਗਇਤ੍ਰੇ ਨਾਲ ਸਜਾਕੇ ਰਖਦੇ ਸਨ, ਇਸ ਦਾ ਕਾਰਨ ਇਹ ਸਾ ਜੋ ਜੰਗ ਦੇ ਸਮਯ ਪਰ ਬੀਰ ਰਸ ਨੂੰ ਧਾਰਕੇ ਸਤ੍ਰੂ ਦਾ ਮੁਕਾਬਲਾ ਕੀਤਾ ਜਾਏ, ਇਸ ਬੀਰ ਰਸ ਦੇ ਭਾਵ ਨੂੰ ਲੈਕੇ ਸ੍ਰੀ ਗੁਰੂ ਜੀ ਮਹਾਰਾਜ ਨੇ ਇਸ ਦੇਵੀ ਦੇ ਨਾਮ ਵਾਲੇ ਚੰਡੀ ਚਰਿੱਤ੍ਰਾਂ ਨੂੰ ਭੀ ਤਰਜ਼ੁਮਾ ਕੀਤਾ ਸੀ, ਕਿਉਂਕਿ ਜਿੱਥੇ ਤਕ ਇਸ ਕਵਿਤਾ ਨੂੰ ਦੇਖਿਆ ਜਾਂਦਾ ਹੈ ਸੋ ਪੂਰੇ ੨ ਕਾਬਯ ਬੀਰ ਰੌਦਰ ਅਤੇ ਬਿਭਸਤ ਰਸ ਨਾਲ ਭਰੀ ਹੋਈ ਪਾਈਦਾ ਹੈ, ਜਿਸ ਦੇ ਪੜ੍ਹਨੇ ਨਾਲ ਕਾਇਰਾਂ ਵਿੱਚ ਵੀ ਸ਼ੂਰਬੀਰਤਾ ਦਾ ਜੋਸ਼ ਭਰ ਆਉਂਦਾ ਹੈ, ਇਸ ਵਾਸਤੇ ਉਸ ਸਮਯ ਦਿਨ ਤੇ ਰਾਤ ਜੁੱਧਾਂ ਜੰਗਾਂ ਨਾਲ ਹੀ ਬਿਵਹਾਰ ਹੁੰਦਾ ਸੀ ਜਿਸ ਪਰ ਗੁਰੂ ਜੀ ਮਹਾਰਾਜ ਨੇ ਸਿੱਖਾਂ ਨੂੰ ਜੰਗ ਵਿੱਚ ਉੱਤਸ਼ਾਹ ਦੇਨ ਲਈ ਚੰਡੀ ਚਰਿੱਤ੍ਰ ਆਦਿਕਾਂ ਦਾ ਤਰਜ਼ੁਮਾ ਕੀਤਾ। ਪਰੰਤੂ ਇਸ ਤੇ ਇਹ ਸਿਧਾਂਤ ਨਹੀ ਨਿਕਲਦਾ ਕਿ ਗੁਰੂ ਜੀ ਚੰਡੀ ਦੇ ਉਪਾਸਕ ਸੇ। ਕਿੰਤੂ ਇਹੋ ਗਿਆਨ ਹੁੰਦਾ ਹੈ ਕਿ ਉਹ ਬੀਰ ਰਸ ਨੂੰ ਪਸਿੰਦ ਕਰਦੇ ਸੇ, ਜੈਸਾ ਕਿ ਚੰਡੀ ਚਰਿੱਤ੍ਰ ਦੀ ਕਵਿਤਾ ਦਾ ਸਾਰਾ ਭਾਵ ਇਨ੍ਹਾਂ ਥੋੜੇ ਜੇਹੇ ਛੰਦਾਂ ਤੇ ਜਾਨਿਆ ਜਾਂਦਾ ਹੈ ਜੋ ਕੈਸਾ ਉੱਤਮ ਹੈ।।

ਯਥਾ :

## ਸਵੈਯਾ

"ਲੈ ਮਹਖਾਸੁਰ ਅਸਤ੍ਰ ਸ਼ਤ੍ਰਿ ਸਬੈ ਕਲਵੱਤ੍ਰ ਜਿਉ ਚੀਰੀ ਡਾਰੇ। ਲੁੱਥ ਪੈ ਲੁੱਥ ਰਹੀ ਗਥ ਜੁੱਧ ਗਿਰੇ ਗਿਰਸੇ ਰਬਤੈ ਭਾਰੇ।। ਗੂਦਸਨੇ ਸਿਤ ਲੋਹੂ ਮੈ ਲਾਲ ਕਰਾਲ ਪਰੇ

ਰਨਮੈ ਕਾਰੇ। ਜਿਉ ਦਰਜ਼ੀ ਜਮ ਮ੍ਰਿਤਕੇ ਸੀਤ ਮੈ ਬਾਗੇ ਅਨੇਕ ਕਰ ਡਾਰੇ।।੧੫।। ਲੈ ਸੁਰ ਸੰਗ ਸਬੈ ਸੁਰ ਪਾਲਸੁ ਸੱਤ੍ਰ ਕੀ ਸੈਲ ਪੈ ਧਾਏ। ਦੈ ਮੁਖ ਢਾਰ ਲਹਏ ਕਰਵਾਰ ਪ੍ਰਚਾਰ ਪ੍ਰਹਾਰ ਲਗਾਏ।। ਸ੍ਰੋਨਮੈ ਦੈਤ ਸੁਰੰਗ ਭਏ ਕਵਿਨੇ ਭਾਉ ਇਹੋ ਛਬਿ ਆਏ। ਰਾਮ ਮਨੋਰਨ ਜੀਤ ਕੈ ਭਾਲਕ ਦੇ ਪਾਉ ਸਬੈ ਪਹਰਾਏ।।੧੬।। ਘਾਇਲ ਘੂਮਤ ਹੈ ਰਨਮੈ ਲੋਟਤ ਹੈ ਧਰਨੀ ਬਿਲਲਾਤੈ। ਦਉਰਤ ਬੀਚ ਕਬੰਧ ਜਿਹ ਦੇਖਤ ਕਾਇਰ ਹੈ ਡਰ ਪਾਤੇ।। ਯੌ ਮਹਖਾਸਰ ਜੁੱਧ ਤਬ ਜੰਬੁਕ ਗ੍ਰਿਝ ਪਏ ਚੰਗਰਾਤੇ।। ਸ੍ਰੋਨ ਪ੍ਰਵਾਹਮੈ ਪੈਰ ਪਸਾਰਕੇ ਸੋਏ ਹੈ ਸੁਰ ਮੰਨੋ ਮਦ ਮਾਤੇ ।।੧੭।। ਜੁੱਧ ਕੀਓ ਮਹਖਾਸੁਰ ਦਾਨਵ ਦੇਖਤ ਭਾਨ ਚਲੈ ਨਹਿ ਪੰਥਾ। ਸ਼੍ਰੋਣ ਸਮੂਹ ਚਲਿਓ ਲਖਿਕੇ ਚਤਰਾਨਨ ਭੂਲਿ ਗਏ ਸਬ ਗ੍ਰੰਥਾ।।੧੮।। ਮਾਸ ਨਿਹਾਰਕੇ ਗ੍ਰਿਝ ਰੜੈ ਚਟ ਸਾਰ ਪੜੇ ਜਿਮ ਬਾਰਕ ਸੰਥਾ। ਸਾਰ ਸੁਤੀ ਤਟਲੋ ਭਟ ਲੋਥ ਸਿੰਗ੍ਰਾਲਕੇ ਸਿੱਧ ਬਨਾਵਤ ਖਿੰਥਾ।।੧੯।।”

ਭਾਵ:- ਇਨ੍ਹਾਂ ਅਮੋਲਕ ਛੰਦਾਂ ਦੀ ਰਚਨਾਂ ਦਾ ਪੂਰਾ ੨ ਭਾਵ ਉਹ ਪੁਰਖ ਨਹੀਂ ਜਾਨ ਸਕਦਾ ਜਿਸ ਨੇ ਕਾਬਯ ਅਤੇ ਸਾਹਿਤਯ ਦੇ ਪਦਾਰਥ ਨਹੀ ਦੇਖੇ ਹਨ, ਭਾਵੇਂ ਇਨ੍ਹਾਂ ਦੇ ਅਰਥ ਦਾ ਗਯਾਨ ਤਾਂ ਚੰਗੇ ਪੜ੍ਹੇ ਹੋਏ ਪੁਰਖ ਨੂੰ ਜ਼ਰੂਰ ਹੋ ਜਾਏਗਾ ਪ੍ਰੰਤੂ ਇਨ੍ਹਾਂ ਵਿੱਚ ਕਿਆ ੨ ਅਲੰਕਾਰ ਅਤੇ ਰਸ ਭਰੇ ਹੋਏ ਹਨ ਸੋ ਓਹੋ ਪੁਰਖ ਸਮਝੇਗਾ ਜਿਸ ਨੂੰ ਇਸ ਵਿੱਦਯਾ ਦਾ ਗਯਾਨ ਹੋਵੇਗਾ।।

ਇਨ੍ਹਾਂ ਛੰਦਾਂ ਵਿੱਚ ਜਿਸ ਜਗ੍ਹਾ ਦੇਵ ਅਤੇ ਦਾਨਵਾਂ ਦੇ ਜੁੱਧ ਵਿੱਚ ਸ਼ੂਰਬੀਰਾਂ ਦੇ ਸ਼ਸਤ੍ਰ ਚਲਾਉਨ ਅਰ ਇਕ ਦੂਜੇ ਪਰ ਪ੍ਰਹਾਰ ਕਰਕੇ ਬਿਜਯ ਪਾਉਨ ਪਰ ਕਥਨ ਕੀਤਾ ਹੈ ਸੋ ਐਸਾ ਬੀਰ ਰਸ ਨਾਲ ਪੂਰਤ ਹੈ ਜੋ ਕਥਨ ਤੇ ਬਾਹਰ ਹੈ। ਇਸ ਤੇ ਅੱਗੇ ਜੋ ਲਹੂ ਦਾ ਵਗਨਾ ਅਤੇ ਹਸਤੀ ਘੋੜੇ ਅਤੇ ਸੂਰਮਿਆਂ ਦਾ ਕਟ ੨ ਕੇ ਗਿਰਨਾ ਪ੍ਰਗਟ ਕੀਤਾ ਹੈ ਸੋ ਰੌਦਰ ਰਸ ਨਾਲ ਭਰਿਆ ਹੋਇਆ ਹੈ, ਇਸੇ ਤਰ੍ਹਾਂ ਜਦ ਲਹੂ ਵਿੱਚ ਲੋਥਾਂ ਦਾ ਝੂਲਨਾ ਅਰ ਕਾਵਾਂ ਦਾ ਰੱਜ ਕੇ ਮਾਸ ਅਰ ਮਿੱਝ ਦਾ ਖਾਣਾ ਅਤੇ ਗਿੱਦੜਾਂ ਦਾ ਮੁਰਦਿਆਂ ਦੀ ਖੱਲਾਂ ਉਤਾਰਕੇ ਖਿਚਨਾ ਪ੍ਰਗਟ ਕੀਤਾ ਹੈ ਸੋ ਬਿਭਸਤ ਰਸ ਨੂੰ ਦੱਸ ਰਿਹਾ ਹੈ।।

ਇਸੀ ਤਰ੍ਹਾਂ ਹਰ ਇੱਕ ਕਬਿਤ ਵਿੱਚ ਜੋ ਦ੍ਰਿਸ਼ਟਾਂਤਾਂ ਦੁਵਾਰਾ ਅਲੰਕਾਰ ਦਿਖਾਇਆ ਹੈ ਸੋ ਉੱਤਮ ਕਾਬਯ ਦੀ ਸ਼ੋਭਾ ਨੂੰ ਪ੍ਰਗਟ ਕਰ ਰਿਹਾ ਹੈ, ਇਸੇ ਵਾਸਤੇ ਇਸ ਚੰਡੀ ਚਰਿੱਤ੍ਰ ਦੇ ਕਾਬਯ ਦੀ ਉਪਮਾਂ ਇਸ ਦੇ ਅੰਤ ਵਿਚ ਖੁਦ ਗ੍ਰੰਥ ਕਰਤਾ ਸ੍ਰੀ ਕਲਗੀਧਰ ਨੇ ਹੀ ਅਪਨੀ ਕਲਮ ਨਾਲ ਕਥਨ ਕੀਤੀ ਹੈ, ਜਿਸ ਦੇ ਅੰਤ ਵਿੱਚ ਦੱਸ ਦਿੱਤਾ ਹੈ ਕਿ ਇਹ ਸੱਤਸੱਯੇ ਗ੍ਰੰਥ ਦਾ ਪ੍ਰਸੰਗ ਕੇਵਲ ਕੌਤਕ ਵਾਸਤੇ ਹੀ ਕੀਤਾ ਹੈ, ਪ੍ਰੰਤੂ ਸਾਥ ਹੀ ਇਸ ਦਾ ਫਲ ਭੀ ਇਸ ਤਰ੍ਹਾਂ ਕਥਨ ਕੀਤਾ ਹੈ ਕਿ ਜੇ ਕੋਈ ਪੁਰਖ ਇਸ ਨੂੰ ਅਪਨੇ ਮਨੋਰਥ ਅਰਥਾਤ ਜੁੱਧ ਵਿੱਚ ਉਤਸਾਹ ਵਧਾਉਨ ਵਾਸਤੇ ਪੜ੍ਹੇਗਾ ਤਾਂ ਨਿਸਚੇ ਕਰਕੇ ਉਸ ਨੂੰ ਉਸ ਦੀ ਪ੍ਰਾਪਤੀ ਹੋਵੇਗੀ।। ਯਥਾ :

## ਸਵੈਯਾ

"ਚੰਡਿ ਚਰਿੱਤ੍ਰ ਕਵਿਤਨ ਮੈ ਬਰਨਿਓ ਸਭ ਹੀ ਰਸ ਭੱਦ੍ਰ ਮਈ ਹੈ। ਏਕ ਤੇ ਏਕ

ਰਸਾਲ ਭਇਆ ਨਖਤੇ ਸਿਖ ਲਉ ਉਪਮਾ ਸੁ ਨਹੀ ਹੈ॥ ਕਉਤਕ ਹੇਤ ਕਰੀ ਕਵਿ ਨੇ ਸਤਸਯੇ ਕੀ ਕਥਾ ਇਹ ਪੂਰੀ ਭਈ ਹੈ। ਜਾਹਿ ਨਮਿੱਤ ਪੜੈ ਸੁਨਹੈ ਨਰ ਸੋ ਨਿਸਚੇ ਕਰ ਤਾਂਹਿ ਦਈ ਹੈ।੨੩੨॥"

## ਦੋਹਿਰਾ

ਏਸ ਸਵੈਯੇ ਮੇ ਕਿਹਾ ਅਪਨਾਂ ਗੁਰ ਅਭਿਪ੍ਰਾਯ। ਕੌਤਕ ਹਿਤ ਇਸ ਗ੍ਰੰਥ ਕੋ ਹਮਨੇ ਦਿਆ ਬਨਾਯ॥੯੫॥ ਜਾਕੇ ਪੜ੍ਹਨੇ ਸੁਨਨ ਤੇ ਲਹੇ ਜੁੱਧ ਕੇ ਚਾਵ। ਭਾਖਾ ਅੰਦਰ ਕਰਨ ਕੋ ਯਹੀ ਜਿਤਾਯੋ ਭਾਵ॥੯੬॥ ਇਸ ਤੇ ਦੁਰਗਾ ਪੂਜਨਾਂ ਯਾ ਤਿਸ ਪਰ ਵਿਸ਼੍ਵਾਸ। ਸਿੱਧ ਹੋਤ ਨਹਿ ਰੰਚ ਹੀ ਤਾਂ ਤੇ ਤਜੀਅਹੁ ਆਸ॥੯੭॥

## ਦਵੈਯਾ

ਇਸੀ ਤਰ੍ਹਾਂ ਫਿਰ ਦੂਜਾ ਜੋ ਹੈ ਕਿਹਾ ਚਰਿੱਤ੍ਰ ਭਾਰਾ। ਜਿਸ ਮਹਿ ਸ਼ੁੰਭ ਨਸੁੰਭ ਚੰਡੀਕੋ ਹੈ ਚੰਡੀ ਨੈ ਮਾਰਾ॥ ਧੂਮ੍ਰ ਨੈਨ ਅਰ ਧੂਮ੍ਰ ਕੇਤ ਸੋ ਜੈਸੀ ਕਰੀ ਲਰਾਈ। ਸੋ ਭੀ ਜੁੱਧ ਕਰਨ ਹਿਤ ਲੀਲਾ ਗੁਰ ਜੀ ਨੈ ਕਰਵਾਈ॥੯੮॥ ਜੁਧ ਜੰਗ ਦੀ ਬਾਨੀ ਸੁਨਕੇ ਕਾਇਰ ਭੀ ਬਲ ਪਾਵੇ। ਅਰ ਸੂਰੇ ਦੇ ਮਨ ਦੇ ਅੰਦਰ ਚੌਗਨ ਚਾਉ ਵਧਾਵੈ॥ ਬਾਣੀ ਦਾ ਫਲ ਅਕਸਰ ਹੁੰਦਾ ਸੁਨਦੇ ਸਾਰ ਪਿਆਰੇ। ਮੋਦ ਰੋਖ ਜਿਉ ਪਲ ਵਿਚ ਹੋਵੇ ਸੁਨ ਅਸੀਸ ਪੁਨ ਗਾਰੇ॥੯੯॥ ਇਸੀ ਭਾਵ ਨੂੰ ਲੈਕਰ ਗੁਰ ਨੇ ਨਾਰੀ ਜੰਗ ਜਿਤਾਏ। ਆਖੀ ਦੇਖੋ ਓਸ ਬਹਾਦਰ ਕੈਸੇ ਹਾਥ ਦਿਖਾਏ॥ ਫਿਰ ਜੋ ਮਰਦ ਹੋਇ ਕਰ ਰਣ ਤੇ ਫਿਰਦਾ ਪਾਜੀ ਹੋਕੇ। ਕਹੋ ਭਲਾ ਉਹ ਕਿਉ ਨਾ ਜਾਸੀ ਲੋਕ ਪ੍ਰਲੋਕੇ ਖੋਕੇ॥੧੦੦॥ ਇਹ ਤਾਂ ਪੁਰਖਾਂ ਸ਼ਰਮ ਦੇਨ ਹਿਤ ਹੈ ਗੁਰ ਜੀ ਨੇ ਗਾਇਆ। ਕਰਕੇ ਯਤਨ ਪੁਰਾਣੇ ਇਸ ਨੂੰ ਭਾਸ਼ਾ ਮੇਂ ਉਲਟਾਇਆ॥ ਜਿਸ ਪਰ ਸ਼ਰਮ ਕਰਨ ਨਰ ਗੀਦੀ ਦੇਖ ਬਹਾਦਰ ਨਾਰੀ। ਗੁੜ੍ਹ ਭਾਵ ਦੇ ਨਾਲ ਭਰੀ ਹੈ ਗੁਰ ਦੀ ਰਚਨਾਂ ਸਾਰੀ॥੧੦੧॥ ਤੂੰ ਭੁੱਲਿਆ ਹੈ ਕੇਹੜੀ ਗਲੋ ਸੁਨ ਦੁਰਗਾ ਦੇ ਭਗਤਾ॥ ਆਖਸਾਂ ਦਿਲ ਵਿੱਚ ਤੇਰੇ ਮੇਰਾ ਰੱਤੀ ਮੂਲ ਨ ਲਗਤਾ॥ ਤਾਂ ਤੇ ਸਮਝ ਕਰੀ ਹੁਣ ਪਯਾਰੇ ਉਲਟੇ ਰਹੁ ਨ ਜਾਹੀਂ। ਡੁੱਲੇ ਬੇਰਾਂ ਦਾ ਕੁਝ ਭਾਈ ਅਜੇ ਵਿਗੜਿਆ ਨਾਹੀ॥੧੦੨॥

# ਦੁਰਗਾ ਭਗਤ

## ਦੋਹਿਰਾ

ਉਲਟੇ ਰਸਤੇ ਜਾਨਾ ਮੈਨੂੰ ਨਾਹੀ ਚਾਉ।
ਪਰ ਮੁਕਤੀ ਦੇ ਵਾਸਤੇ ਕਰਦੇ ਸਭੀ ਉਪਾਉ॥੧੦੩॥
ਮੇਰਾ ਤੇਰਾ ਝਗੜਨਾ ਹੈ ਦੁਰਗਾ ਦੇ ਹੇਤ।
ਹੋਰ ਅਸਾਡਾ ਨਹੀ ਹੈ ਸਾਂਝਾ ਬੀਜਿਆ ਖੇਤ॥੧੦੪॥
ਭਾਵੇ ਤੈ ਬਹੁ ਯੁਕਤ ਦੇ ਅਰ ਭਾਰੇ ਪਰਮਾਨ।
ਖੰਡਨ ਦੇਵੀ ਦਾ ਕਰਾ ਅਪਨੀ ਬੁੱਧਿ ਸਮਾਨ॥੧੦੫॥

## ਦਵੈਯਾ

ਤੇਰੇ ਕਹਨੇ ਤੇ ਹੀ ਦੁਰਗਾ ਖੰਡਨ ਮੂਲ ਨ ਹੋਈ। ਜਿਸ ਤੇ ਤੇਰੀ ਬਾਤ ਅਸਾਨੂੰ

ਸ਼ਰਦਾ ਜੋਗ ਨ ਕੋਈ।। ਸਾਨੂੰ ਸਿਰ ਧਰ ਮੰਨਨ ਪੈਂਦਾ ਜੋ ਹੈ ਗੁਰ ਜੂ ਗਾਇਆ। ਜਿਸ ਤੇ ਦਸਮ ਗ੍ਰੰਥ ਵਿੱਚ ਹਮ ਨੇ ਦੁਰਗਾ ਪੂਜਨ ਪਾਇਆ।। ਜਗ੍ਹਾ ਜਗ੍ਹਾ ਪਰ ਉਪਮਾਂ ਉਸ ਦੀ ਕਈ ਤਰ੍ਹਾਂ ਪਰ ਗਾਈ। ਹੈ ਜਗ ਜਨਨੀ ਰਾਖਸ਼ ਹਨਨੀ ਆਪ ਗੁਰੂ ਫ਼ੁਰਮਾਈ।। ਜਿਸ ਤੇ ਅੱਜ ਤੀਕ ਇਹ ਪੌੜੀ ਪੜ੍ਹਦੇ ਸਿੰਘ ਪਯਾਰੇ। ਪ੍ਰਿਥਮ ਭਗਉਤੀ ਸਿਮਰਕੇ ਗੁਰ ਨਾਨਕ ਬਹੁਰ ਉਚਾਰੇ।।੧੦੬।।

## ਦੋਹਿਰਾ

ਤੀਜੇ ਚੰਡ ਚਰਿੱਤ੍ਰ ਮੈ ਪ੍ਰਥਮ ਮਨਾਈ ਚੰਡ। ਤਾਂ ਤੇ ਤੇਰੇ ਕਹਨ ਤੇ ਹੋਵਤ ਨਾਹੀ ਖੰਡ।।੧੦੭।। ਸੋ ਸਾਰੀ ਮੈ ਆਖਸਾਂ ਪਉੜੀ ਸਨ ਕਰ ਧਯਾਨ। ਮਗਰੋਂ ਤੂੰ ਭੀ ਆਪਨਾ ਨਿਸਚਾ ਕਰੀ ਬਖਾਨ।।੧੦੮।।

ਯਥਾ : ਪਾਤਸ਼ਾਹੀ ੧੦

"ਪ੍ਰਿਥਮ ਭਗਉਤੀ ਸਿਮਰਕੇ ਗੁਰ ਨਾਨਕ ਲਈ ਧਿਆਇ, ਫਿਰ ਅੰਗਦ ਗੁਰ ਤੇ ਅਮਰਦਾਸ ਰਾਮਦਾਸੈ ਹੋਈ ਸਹਾਇ।। ਅਰਜਨ ਹਰਿਗੋਬਿੰਦ ਨੂੰ ਸਿਮਰੌ ਸ੍ਰੀ ਹਰਿ ਰਾਇ। ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸੁ ਡਿਠੇ ਦੁਖ ਜਾਇ।। ਤੇਗ ਬਹਾਦਰ ਸਿਮਰੀਐ ਘਰ ਨਉ ਨਿਧ ਆਵੈ ਧਾਇ। ਸਭ ਥਾਈ ਹੋਇ ਸਹਾਇ"

ਭਾਵ :- ਚੰਡੀ ਚਰਿੱਤ੍ਰ ਦੇ ਆਦਿ ਵਿੱਚ ਗੁਰੂ ਜੀ ਮਹਾਰਾਜ ਨੇ ਭਗਉਤੀ, ਅਰਥਾਤ ਦੇਵੀ ਦਾ ਸਿਮਰਨ ਰੂਪ ਮੰਗਲ ਕੀਤਾ ਹੈ ਜਿਸ ਤੇ ਮਗਰੋ ਨਵਾਂ ਗੁਰੂਆਂ ਨੂੰ ਨਮਸਕਾਰ ਰੂਪ ਮੰਗਲ ਕਰਕੇ ਗ੍ਰੰਥ ਦੀ ਸਮਾਪਤੀ ਚਾਹੀ ਹੈ, ਇਸ ਪਉੜੀ ਦੇ ਪੜ੍ਹਨ ਤੇ ਰੰਚਕ ਮਾਤ੍ਰ ਭੀ ਸੰਦੇਹ ਨਹੀ ਰਹਿੰਦਾ ਅਰਥਾਤ ਨਿਰਸੰਦੇਹ ਪ੍ਰਗਟ ਹੋ ਜਾਂਦਾ ਹੈ ਕਿ ਗੁਰੂ ਜੀ ਮਹਾਰਾਜ ਗੁਰੂ ਨਾਨਕ ਦੇਵ ਜੀ ਤੇ ਲੈਕੇ ਨੌਆਂ ਪਾਤਸ਼ਾਹੀਆਂ ਨੂੰ ਦੇਵੀ ਤੇ ਨਯੂਨ ਜਾਨਦੇ ਸਨ ਅਰ ਗਣੇਸ਼ ਆਦਿਕ ਦੇਵਤੇ ਜੋ ਕਾਰਜ ਨਿਰਵਿਘਨਤਾ ਲਈ ਪੂਜੇ ਜਾਂਦੇ ਹਨ ਉਨ੍ਹਾਂ ਤੇ ਭੀ ਦੇਵੀ ਦਾ ਸਿਮਰਨ ਰੂਪ ਮੰਗਲ ਉਤਮ ਜਾਨਦੇ ਸਨ ਜਿਸ ਤੇ ਸਭ ਥੋਂ ਪਹਲੇ ਓਸ ਦਾ ਹੀ ਨਾਮ ਲੀਤਾ ਹੈ।।

## ਦੋਹਿਰਾ

ਸਾਰਾ ਝਗੜਾ ਚੁਕਿਆ ਇਸ ਪਉੜੀ ਨੂੰ ਦੇਖ।
ਅਜੇ ਨ ਮੰਨੈ ਏਸ ਨੂੰ ਤਾ ਡੁਬੇ ਤੁਹਿ ਲੇਖ।।੧੦੯।।
ਇਸ ਦਾ ਤੇਰੇ ਪਾਸ ਹੁਨ ਦੱਸੀ ਕੌਨ ਜਵਾਬ।
ਜਿਸ ਤੇ ਮਨਮਤ ਛੱਡ ਕੇ ਦੁਰਗਾ ਪੂਜ ਸ਼ਿਤਾਬ।।੧੧੦।।
ਗੁਰ ਦਾ ਕੀਤਾ ਫੈਸਲਾ ਫਿਰ ਉਲਟਾਵੈ ਕੌਣ।
ਪਾਪਾਂ ਦੀ ਬੰਨ੍ਹ ਗੱਠੜੀ ਰਖੈ ਅਪਨੀ ਧੌਣ।।੧੧੧।।

## ਤੱਤ ਖਾਲਸਾ

## ਦੋਹਿਰਾ

ਇਹ ਹੈ ਲਿਆਇਆ ਢੂੰਢਕੇ ਤੂੰ ਤਾ ਵਡੀ ਦਲੀਲ।

ਚੰਗਾ ਹੈ ਹੱਥ ਆਇਆ ਦੁਰਗਾ ਹੇਤ ਵਕੀਲ॥੧੧੨॥
ਫੁੱਲ ਗਿਆ ਪੜ੍ਹ ਮਨ ਵਿਖੇ ਪਹਲੀ ਪਉੜੀ ਆਪਿ।
ਮੈਨੂੰ ਭੀ ਦੱਸਨ ਲਗਾ ਕਰ ਦੁਰਗਾ ਦਾ ਜਾਪ॥੧੧੩॥
ਚੂਹੇ ਵਾਂਗਰ ਸੁੰਢ ਦੀ ਪਾਕੇ ਗੰਢੀ ਇਕ।
ਹੋਇ ਪਸਾਰੀ ਬੈਠਿਆ ਮੂੰਹ ਤੇ ਬੋਲੇ ਫਿਕ॥੧੧੪॥
ਅੱਗੇ ਜਾ ਕੇ ਦੇਖ ਤੂੰ ਦੂਜੀ ਪਉੜੀ ਫੇਰ।
ਓਸ ਟਕਾਨੇ ਬੁਧ ਨੂੰ ਲਿਆਵੈ ਕਿੱਕੂੰ ਘੇਰ॥੧੧੫॥
ਜਿਸ ਤੇ ਆਪੇ ਸਮਝ ਲੈ ਨਹੀਂ ਭਗਉਤੀ ਏਹ।
ਜਿਸ ਪਰ ਤੂੰ ਕੁਰਬਾਨ ਹੈ ਖਰਾ ਜਤਾਕੇ ਨੇਹ॥੧੧੬॥
ਜਿਸ ਤੇ ਖੰਡਨ ਏਸ ਦਾ ਕੀਤਾ ਦੀਨ ਦਿਆਲ।
ਅਗਲੀ ਪਉੜੀ ਵਿੱਚ ਹੁਣ ਪੜ੍ਹ ਲੈ ਨਾਲ ਖਯਾਲ॥੧੧੭॥

ਯਥਾ : ਪਉੜੀ

"ਖੰਡਾ ਪ੍ਰਿਥਮੈ ਸਾਜਿਕੇ ਜਿਨ ਸੰਸਾਰ ਉਪਾਇਆ। ਬ੍ਰਹਮਾ ਬਿਸ਼ਨ ਮਹੇਸ ਸਾਜਿ ਕੁਦਰਤਿ ਦਾ ਖੇਲ ਰਚਾਇ ਬਣਾਇਆ। ਸਿੰਧ ਪਰਬਤ ਮੇਦਨੀ ਬਿਨ ਥੰਮ੍ਹਾਂ ਗਗਨ ਰਹਾਇਆ। ਸਿਰਜੇ ਦਾਨੋ ਦੇਵਤੇ ਤਿਨ ਅੰਦਰਿ ਬਾਦ ਰਚਾਇਆ॥ ਤੈਹੀ ਦੁਰਗਾ ਸਾਜਕੈ ਦੈਤਾਂ ਦਾ ਨਾਸ ਕਰਾਇਅ॥ ਤੈਥੋ ਹੀ ਬਲ ਰਾਮ ਲੈ ਨਾਲ ਬਾਣਾ ਦਹਿ ਸਿਰੁ ਘਾਇਆ। ਤੈਥੋ ਹੀ ਬਲ ਕ੍ਰਿਸ਼ਨ ਲੈ ਕੰਸ ਕੇਸੀ ਪਕੜ ਗਿਰਾਇਆ॥ ਬਡੇ ਬਡੇ ਮੁਨਿ ਦੇਵਤੇ ਕਈ ਜੁਗ ਤਿਨੀ ਤਨੁ ਤਾਇਆ॥ ਕਿਨੀ ਤੇਰਾ ਅੰਤ ਨ ਪਾਇਆ"॥

## ਦੋਹਿਰਾ

ਦੱਸ ਭਲਾ ਇਹ ਕਿੱਸ ਦਾ ਯਸ਼ ਕੀਤ ਗੁਰ ਰਾਇ।
ਨਮਸਕਾਰ ਮੰਗਲ ਕਿਹਾ ਕਾਬਯਰਚਨ ਦੇ ਚਾਇ॥੧੧੮॥

ਭਾਵ :- ਇਸ ਪਉੜੀ ਵਿੱਚ ਗੁਰੂ ਜੀ ਮਹਾਰਾਜ ਨੇ ਅਕਾਲ ਪੁਰਖ ਦਾ ਮੰਗਲ ਕਰਕੇ ਸਿੱਧ ਕੀਤਾ ਹੈ ਕਿ ਸੰਪੂਰਨ ਸ੍ਰਿਸ਼ਟੀ ਅਤੇ ਉਸ ਦੇ ਭੌਤਕ ਚਰਾਚਰ ਜੀਵਾਂ ਦਾ ਕਰਤਾ ਅਰ ਬਲ ਵਰਧਾਤਾ ਇਕ ਅਕਾਲ ਪੁਰਖ ਹੀ ਹੈ, ਜਿਸ ਨੇ ਪਹਲੇ ਅਪਨਾ "ਖੰਡਾ" ਅਰਥਾਤ ਦੁਨੀਆਂ ਨੂੰ ਭਿੰਨ ੨ ਯਾ ਹਿੱਸਯਾਂ ਵਿਚ ਵਿਭਾਗ ਕਰ ਦੇਨੇ ਵਾਲਾ ਅਟਲ ਤੇਜ ਪ੍ਰਗਟ ਕਰਕੇ ਉਸ ਥੋ ਇਹ ਸਾਰਾ ਸੰਸਾਰ ਪੈਦਾ ਕੀਤਾ ਜੋ ਦੇਸਾਂ ਅਤੇ ਖਾਣੀਆਂ ਦੇ ਪ੍ਰਭਾਵ ਤੇ ਜੁਦਾ ੨ ਪ੍ਰਤੀਤ ਹੁੰਦਾ ਹੈ॥

ਜਿਸ ਅਕਾਲ ਪੁਰਖ ਨੇ "ਬ੍ਰਮਾ, ਬਿਸ਼ਨ ਅਤੇ ਮਹੇਸ਼" ਅਰਥਾਤ ਉਤਪਤ ਪਾਲਨ ਅਰ ਸੰਹਾਰ ਦੀ ਸਮੱਰਥਾ ਦੁਆਰੇ ਇਹ ਅਪਨੀ ਕੁਦਰਤ ਅਰਥਾਤ ਅਦਭੁਤ ਲੀਲ੍ਹਾ ਦਾ ਖੇਲ ਜਿਸ ਦਾ ਨਾਉਂ ਬ੍ਰਹਮੰਡ ਹੈ ਰਚਯਾ ਹੈ॥

ਫਿਰ ਜਿਸ ਨੇ ਸਮੁੰਦਰ, ਪਰਬਤ ਅਤੇ ਪ੍ਰਿਥਵੀ ਨੂੰ ਸਾਜਿਕੇ ਬਿਨਾਂ ਹੀ ਥੰਭਾਂ ਤੇ ਅਕਾਸ਼ ਨੂੰ ਠਹਿਰਾ ਦਿਤਾ ਹੈ, ਇਸ ਦਾ ਭਾਵ ਇਹ ਹੈ ਕਿ ਅਸੰਖ ਤਾਰਾ ਗਨ, ਚੰਦ੍ਰ,

ਸੂਰਜ ਅਤੇ ਪ੍ਰਿਥਵੀ ਆਦਿ ਪਦਾਰਥ ਬਿਨਾਂ ਕਿਸੇ ਸਹਾਰੇ ਤੇ ਉਸ ਦੀ ਸ਼ਕਤੀ ਨਾਲ ਅਕਾਸ਼ ਵਿਚ ਸਥਾਪਤ ਹੋ ਰਹੇ ਹਨ॥

ਫਿਰ ਅਕਾਲ ਪੁਰਖ ਨੇ ਵਡੇ ੨ ਦਾਨਵ ਅਰਥਾਤ ਮਹਾਂ ਕ੍ਰੂਰ ਮਦ ਮਤ ਲੋਗ ਅਤੇ ਦੇਵਤੇ ਜੋ ਸ਼ੁਭ ਗੁਨ ਸੰਪੰਨ ਪ੍ਰਧਾਨ ਹਨ ਪੈਦਾ ਕੀਤੇ ਹਨ, ਅਰ ਇਨ੍ਹਾਂ ਵਿੱਚ ਅਪਨੇ ਗੁਨ ਕਰਮ ਦੇ ਸੁਭਾਵਕ ਵਿਰੋਧ ਹੋਨ ਦੇ ਕਾਰਨ ਸੁਰ ਅਤੇ ਅਸੁਰ ਭਾਵ ਨੂੰ ਧਾਰ ਕੇ ਪਰਸਪਰ ਬਿਵਾਦ ਕਰਨ ਦਾ ਸੁਭਾਅ ਰਚ ਦਿੱਤਾ ਹੈ॥

ਫਿਰ ਓਸੇ ਪ੍ਰਮਾਤਮਾਂ ਨੇ "ਦੁਰਗਾ" ਅਰਥਾਤ ਕਠਨ ਅਧੀਨ ਹੋਨੇ ਵਾਲੀਆਂ ਦੇਵਤਿਆਂ ਦੇ ਨਾਲ ਸਹਾਇਕਾਂ ਦੇਵੀਆਂ ਪੈਦਾ ਕਰਕੇ ਉਨ੍ਹਾਂ ਦੇ ਹੱਥੋ ਵੱਡੇ ੨ ਬੁਰੇ ਪੁਰਖਾਂ ਦਾ ਨਾਸ ਕਰਾਇਆ ਜਿਸ ਦਾ ਭਾਵ ਇਹ ਹੈ ਕਿ ਸਦਾਚਾਰ ਵਾਲੀ ਉਤਮ ਇਸਤ੍ਰੀਆਂ ਤੇਰੀ ਹੀ ਸਮਰੱਥਾ ਪਾਕੇ ਦੁਰਾਚਾਰੀ ਪੁਰਖਾਂ ਦੇ ਮਦ ਨੂੰ ਤੋੜਿਆ। ਫਿਰ ਹੇ ਅਕਾਲ ਪੁਰਖ ਤੈਥੋ ਹੀ ਰਾਮ ਨੇ ਬਲ ਲੈਕੇ ਰਾਵਣ ਨੂੰ ਤੀਰੀ ਲੇਖ ਕੀਤਾ ਅਰ ਤੇਰੇ ਹੀ ਬਲ ਤੇ ਕ੍ਰਿਸ਼ਨ ਨੇ ਕੰਸ ਨੂੰ ਕੇਸਾਂ ਤੇ ਪਕੜ ਕੇ ਪਛਾੜਿਆ, ਜਿਸ ਤੇ ਹੇ ਪਰਮਾਤਮਾ ਤੇਰੀ ਸ਼ਕਤੀ ਤੇ ਬਿਨਾਂ ਇਨ੍ਹਾਂ ਸਾਰਿਆਂ ਵਿੱਚ ਅਪਨੀ ਕੋਈ ਸ਼ਕਤੀ ਨਹੀ ਸੀ ਜੋ ਕੁਛ ਕਰ ਸਕਦੇ॥

ਹੇ ਅਕਾਲ ਪੁਰਖ ਤੂੰ ਆਪ ਅਗਾਧ ਹੈ ਜਿਸ ਤੇ ਤੇਰੇ ਗਯਾਨ ਲਈ ਵਡੇ ੨ ਮੁਨੀਸ੍ਵਰਾਂ ਅਤੇ ਮਹਾਤਮਾਂ ਨੇ ਬਹੁਤ ੨ ਕਾਲ ਤਕ ਅਪਨੇ ਤਨ ਪਰ ਦੁਖ ਸਹਾਰ ਕੇ ਤੇਰੇ ਦੇਖਨੇ ਲਈ ਤਪਸਿਆ ਕੀਤੀਆਂ ਪ੍ਰੰਤੂ ਫਿਰ ਭੀ ਉਨਾਂ ਨੇ ਤੇਰਾ ਅੰਤ ਨਾ ਪਾਕੇ ਤੈਨੂੰ "ਨੇਇਤੀ ਨੇਇਤੀ" ਅਰਥਾਤ ਇਸ ਤੇ ਭੀ ਪਰੇ ਇਸ ਤੇ ਭੀ ਪਰੇ ਕਹਿਕੇ ਦੱਸਯਾ। ਇਸ ਵਾਸਤੇ ਤੂੰ ਸਭ ਤੇ ਬੇਅੰਤ ਅਰ ਸਭ ਦਾ ਬਲ ਹੈ ਕਿੰਤੂ ਤੈਥੋ ਬਿਨਾ ਦੂਜਾ ਤੇਰੇ ਜੇਹਾ ਯਾ ਤੈਥੋਂ ਬਲਵਾਨ ਕੋਈ ਨਹੀਂ॥

## ਦੋਹਿਰਾ

ਤਾਂਤੇ ਸਮਝ ਪਿਆਰਿਆ ਨਹੀ ਭਗਉਤੀ ਚੰਡ। ਵਹੁ ਈਸ਼ਰ ਦਾ ਨਾਮ ਹੈ ਜਿਨ ਰਚਿਆ ਬ੍ਰਹਮੰਡ॥੧੧੯॥ ਯੋਗਕ ਰੂੜੀ ਲੱਛਣਾਂ ਸ਼ਬਦ ਹੋਤ ਹੈ ਤਿੰਨ। ਜਿਨ ਕਰ ਲੱਖ ਪਛਾਨੀ ਯਹਿ ਸਭਤੇ ਕਰਕੇ ਭਿੰਨ॥੧੨੦॥

ਭਾਵ :- ਇਸ ਦਾ ਭਾਵ ਇਹ ਹੈ ਕਿ ਸ਼ਬਦ ਤਿੰਨ ਤਰਹਾਂ ਦੇ ਹੁੰਦੇ ਹਨ ਜਿਨਹਾਂ ਵਿੱਚੋ ਇਕ ਯੋਗਕ ਅਰ ਦੂਜੇ ਰੂੜੀ ਅਤੇ ਤੀਜੇ ਲਾਛਣਕ ਸਦਾਉਂਦੇ ਹਨ, ਇਨਹਾਂ ਦੁਆਰੇ ਪਦ ਪਦਾਰਥ ਦਾ ਗਯਾਨ ਸੁਭਾਵਕ ਹੀ ਹੋ ਜਾਂਦਾ ਹੈ, ਯੋਗਕ ਪਦ ਓਹ ਹੁੰਦੇ ਹਨ ਜੋ ਕਿਸੇ ਗੁਨ, ਕਰਮ ਅਤੇ ਸੁਭਾਵ ਨੂੰ ਲੈਕੇ ਆਖੇ ਜਾਨ, ਜੈਸਾ ਕਿ ਚਾਰਪਾਈ ਨਾਮ ਮੰਜੀ ਦਾ ਇਸ ਵਾਸਤੇ ਹੈ ਜੋ ਉਸ ਦੇ ਚਾਰ ਪਾਵੇ ਹੁੰਦੇ ਹਨ, ਇਸੇ ਤਰ੍ਹਾਂ ਰੂੜੀ ਪਦ ਓਹ ਹੁੰਦੇ ਹਨ ਜੋ ਕਿਸੇ ਵਸਤੂ ਦੇ ਸਮਝਨ ਲਈ ਸੰਕੇਤ ਕੀਤੇ ਹੋਨ ਜੈਸਾ ਕਿ "ਮੰਜਾ" ਇਸ ਤੇ ਇਹ ਸਿੱਧ ਨਹੀ ਹੁੰਦਾ ਕਿ ਮੰਜਾ ਕਿਸ ਗੁਨ ਕਰਕੇ ਇਸ ਦਾ ਨਾਮ ਰੱਖਯਾ ਗਿਆ ਹੈ ਪ੍ਰੰਤੂ ਇਸ ਪਦ ਤੇ ਮੰਜੇ ਦਾ ਗਯਾਨ ਹੋ ਜਾਂਦਾ ਹੈ॥

ਇਸੇ ਤਰਹਾਂ ਲਾਛਣਕ ਪਦ ਓਹ ਹੁੰਦੇ ਹਨ ਜੋ ਸਿੱਧੇ ਤੌਰ ਪਰ ਅਪਨੇ ਲੱਛਣ ਨੂੰ

ਨਾ ਪ੍ਰਗਟ ਕਰਨ ਕਿੰਤੂ ਕਿਸੇ ਦੂਸਰੇ ਦੇ ਨਾਲ ਸਬੰਧ ਰਖਕੇ ਉਸ ਦਾ ਗਯਾਨ ਕਰਨ॥

ਗੁਰੂ ਜੀ ਮਹਾਰਾਜ ਨੇ ਅਕਾਲ ਪੁਰਖ ਦੇ ਬਹੁਤ ਸਾਰੇ 'ਯੋਗਕ' ਨਾਮ ਹੀ ਕਥਨ ਕੀਤੇ ਹਨ ਜੈਸਾ ਕਿ ਸ੍ਰੀ ਮੁਖਵਾਕ ਹੈ ਯਥਾ : "ਤਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤਿ" ਅਰਥਾਤ ਹੇ ਅਕਾਲ ਪੁਰਖ ਤੇਰੇ ਸਾਰੇ ਨਾਮ ਕੋਈ ਨਹੀ ਆਖ ਸਕਦਾ ਕਿੰਤੂ ਬੁਧੀਵਾਨ ਪੁਰਖਾਂ ਨੇ ਤੇਰੇ ਕਰਮ ਯਾ ਗੁਨ ਕਰਕੇ ਸਾਰੇ ਨਾਮ ਕਲਪੇ ਹੋਏ ਹਨ, ਜੋ ਬੋਲੇ ਜਾਂਦੇ ਹਨ ਅਰ ਓਹ ਨਾਮ "ਯੋਗਕ" ਨਾਮ ਹਨ ਜੈਸਾ ਕਿ "ਪਰਮੇਸ਼ਰ ਜਗਤੇਸ਼ਰ ਅਤੇ "ਕਰਤਾ ਪੁਰਖ" ਆਦਿਕ ਪਾਏ ਜਾਂਦੇ ਹਨ। ਇਸ ਵਾਸਤੇ "ਭਗਉਤੀ" ਪਦ ਦਾ ਅਰਥ ਭੀ ਅਕਾਲ ਪੁਰਖ ਹੀ ਹੈ, ਅਰ ਇਹ ਉਸ ਦਾ ਯੋਗਕ ਨਾਮ ਹੈ ਕਿਉਂਕਿ ਇਹ "ਭਾਗਵਤ ਅਤੇ ਇਤੀ" ਇਨ੍ਹਾਂ ਤਿੰਨਾਂ ਪਦਾਂ ਤੇ ਬਣਿਆ ਹੋਇਆ ਹੈ, ਜਿਸ ਦਾ ਅਰਥ "ਓਹ ਭਾਗਾਂਵਾਲਾ ਹੈ" ਅਰਥਾਤ ਓਹ ਹਿੱਸਿਆਂ ਵਾਲਾ ਹੈ, ਪ੍ਰੰਤੂ "ਈ" ਪਰ ਤੈ ਲਾਉਨ ਤੇ ਇਹ ਇਸਤ੍ਰੀ ਲਿੰਗ ਬਨ ਜਾਂਦਾ ਹੈ ਜਿਸ ਤੇ ਭਗਵਤੀ ਯਾ ਭਗਉਤੀ ਬਣ ਜਾਂਦਾ ਹੈ॥

ਕਿੰਤੂ ਫਿਰ ਭੀ ਇਸ ਦਾ ਅਰਥ ਈਸ਼ੂਰ ਹੀ ਰਹਿੰਦਾ ਹੈ ਕਿਉਂਕਿ ਉਪਾਸ਼ਨਾ ਕਾਲ ਵਿੱਚ ਉਸ ਨੂੰ ਮਹਾਨ ਜੋਤਿ ਅਤੇ ਮਹਾਨ ਸ਼ਕਤੀ ਕਰਕੇ ਬੋਲਨ ਤੇ ਇਹ ਨਹੀ ਪਾਇਆ ਜਾਂਦਾ ਕਿ ਓਹ ਇਕ ਬੁੱਢੀ ਮਾਈ ਹੈ। ਜੈਸਾ ਕਿ ਇਕ ਮਹਾਰਾਜਾ ਨੂੰ ਤਖ਼ਤ ਪਰ ਬੈਠਾ ਦੇਖਕੇ ਜੇ "ਸਰਬੈਠੀ ਹੈ" ਆਖਿਆ ਜਾਏ ਤਾਂ ਇਸ ਦਾ ਇਹ ਭਾਵ ਨਹੀਂ ਕਿ ਕੋਈ ਇਸਤ੍ਰੀ ਬੈਠੀ ਹੈ, ਇਸੇ ਤਰ੍ਹਾਂ ਸੰਸਕ੍ਰਿਤ ਦਾ "ਭਗਵਤੀ" ਪਦ ਦਾ ਜੋ ਪੰਜਾਬੀ ਵਿਚ ਭਗਉਤੀ ਕਰਕੇ ਆਖਿਆ ਗਿਆ ਹੈ ਭਾਵ ਅਕਾਲ ਪੁਰਖ ਹੀ ਹੈ, ਪਰੰਤੂ ਓਹ ਭਾਗ ਛੇ ਦੱਸੇ ਗਏ ਹਨ ਅਰ ਇਹ ਸੰਕੇਤ ਕੀਤਾ ਹੈ ਕਿ ਜਿਸ ਵਿੱਚ ਇਹ ਛੇ ਭਾਗ ਪਾਏ ਜਾਨ ਸੋ ਭਗਵਾਨ ਅਰਥਾਤ ਈਸ਼ੂਰ ਹੈ। ਇਨ੍ਹਾਂ ਦੇ ਨਾਮ ਇਹ ਹਨ, ਸੰਪੂਰਨ ਯਸ਼ ੧, ਸੰਪੂਰਨ ਲਛਮੀ ੨, ਸੰਪੂਰਨ ਈਸ਼ਰਜ ੩, ਸੰਪੂਰਨ ਗਯਾਨ ੪, ਸੰਪੂਰਨ ਬੀਰਜ ੫, ਅਤੇ ਸੰਪੂਰਨ ਵੈਰਾਗਯ ੬, ਇਹ ਖਟ ਗੁਨ ਜਿਸ ਵਿੱਚ ਪਾਏ ਜਾਨ ਸੋ ਭਗਵਤ ਯਾ ਈਸ਼ੂਰ ਕਹ ਸਕੀਦਾ ਹੈ, ਪ੍ਰੰਤੂ ਜਦ ਵਿਚਾਰ ਕੇ ਦੇਖਿਆ ਜਾਏ ਤਾਂ ਜਗਤ ਵਿੱਚ ਕੋਈ ਭੀ ਐਸਾ ਪਦਾਰਥ ਨਹੀਂ ਹੈ ਜਿਸ ਵਿੱਚ ਇਹ ਸਾਰੇ ਗੁਨ ਪਾਏ ਜਾਨ ਕਿੰਤੂ ਸਾਰੇ ਤਾਂ ਕਿਧਰੇ ਰਹੇ ਕੇਵਲ ਇਕ ਗੁਨ ਭੀ ਪੂਰਾ ਕਿਸੇ ਸੰਸਾਰਕ ਪਦਾਰਥ ਵਿੱਚ ਨਹੀਂ ਪਾਇਆ ਜਾਂਦਾ ਕਿਉਂਕਿ ਸੰਪੂਰਨ ਗਯਾਨ ਯਾ ਬੀਰਜ ਕੋਈ ਭੀ ਪਦਾਰਥ ਨਹੀਂ ਰਖ ਸਕਦਾ, ਜਿਸ ਤੇ ਉਹ ਭਗਵਤ ਹੋਨਦੇ ਜੋਗ ਕਿਹਾ ਜਾਏ॥

ਹੁਨ ਸਾਨੂੰ ਵਿਚਾਰ ਕੇ ਦੇਖਨਾਂ ਚਾਹੀਦਾ ਹੈ ਕਿ ਜਿਸ ਦੇ ਭਗਉਤੀ ਯਾ ਦੁਰਗਾ ਅਤੇ ਚੰਡੀ ਆਦਿਕ ਨਾਮ ਇਨ੍ਹਾਂ ਲੋਕਾਂ ਵਲੋਂ ਆਖੇ ਜਾਂਦੇ ਹਨ ਸੋ ਕਿਆ ਓਹ ਇਨਾਂ ਉਪਰਲੇ ਗੁਨਾਂ ਵਾਲੀ ਹੋ ਸਕਦੀ ਹੈ, ਪ੍ਰੰਤੂ ਵਿਵੇਚਨਾ ਕਰਨ ਤੇ ਉਸ ਵਿੱਚ ਇਨ੍ਹਾਂ ਛੇਆਂ ਗੁਨਾਂ ਵਿੱਚੋਂ ਇੱਕ ਗੁਨ ਭੀ ਨਹੀਂ ਪਾਇਆ ਜਾਂਦਾ॥

ਜਿਸ ਦਾ ਕਾਰਨ ਇਹ ਹੈ ਕਿ ਉਸੀ ਦੁਰਗਾ ਨੂੰ ਉਸ ਦੇ ਉਪਾਸ਼ਕਾਂ ਵੱਲੋ ਮਹਾਂ ਮਾਇਆ, ਪ੍ਰਧਾਨ ਅਤੇ ਸ਼ਕਤੀ ਕਰਕੇ ਪੁਕਾਰਿਆ ਜਾਂਦਾ ਹੈ, ਜਿਸ ਤੇ ਓਸੇ ਮਾਯਾ ਨੂੰ

ਮਹਾਂਨਿੰਦਤ ਅਗਯਾਨ ਅਤੇ ਤਮ ਰੂਪ ਕਰਕੇ ਵੱਡੇ ਵੱਡੇ ਵਿੱਦ੍ਵਾਨਾਂ ਨੇ ਕਥਨ ਕੀਤਾ ਹੈ, ਅਰ ਇਹ ਆਖਦੇ ਹਨ ਕਿ ਸੰਪੂਰਨ ਅਨਰਥਾਂ ਦਾ ਕਾਰਨ ਮਾਇਆ ਹੀ ਹੈ, ਜਿਸ ਤੇ ਇਸ ਦੇ ਨਾਮ ਵਾਸਤੇ ਸੰਪੂਰਨ ਮਹਾਤਮਾਂ ਜਪ, ਤਪ, ਅਤੇ ਵੈਰਾਗ ਤਯਾਗ ਕਰ ਰਹੇ ਹਨ, ਇਸ ਵਾਸਤੇ ਸਾਬਤ ਹੁੰਦਾ ਹੈ ਕਿ ਮਾਇਆ ਯਾ ਦੇਵੀ ਸੰਪੂਰਨ ਯਸ਼ ਦਾ ਅਧਾਰ ਨਹੀਂ ਹੋ ਸਕਦੀ॥

ਇਸੀ ਤਰ੍ਹਾਂ ਸੰਪੂਰਨ ਲਛਮੀ ਦੀ ਅਧਪਤ ਭੀ ਨਹੀ ਹੋ ਸਕਦੀ ਕਿਉਂਕਿ ਮਾਇਆ ਭੀ ਇਕ ਪ੍ਰਕਾਰ ਦਾ ਐਸਾ ਹੀ ਕਲਪਤ ਪਦਾਰਥ ਹੈ ਜਿਸ ਤਰ੍ਹਾਂ ਹੋਰ ਪਦਾਰਥ ਹਨ ਤਾਂ ਤੇ ਇਸ ਨੂੰ ਸੰਪੂਰਨ ਪਦਾਰਥਾਂ ਦਾ ਮਾਲਕ ਅੰਗੀਕਾਰ ਕਰਨਾ ਅਯੁਕਤ ਹੈ, ਅਰ ਨਾ ਹੋ ਹੀ ਸਕਦੀ ਹੈ॥

ਇਸੀ ਪ੍ਰਕਾਰ ਸਾਰੀ ਈਸ਼੍ਵਰਯਤਾ ਦੀ ਅਧਪਤ ਇਹ ਮਾਯਾ ਨਹੀਂ ਹੋ ਸਕਦੀ ਕਿੰਤੂ ਇਹ ਭੀ ਹੋਰਨਾਂ ਵਸਤੂਆਂ ਵਾਂਗ ਹਿਕ ਈਸ਼੍ਵਰ ਜਤਾ ਦਾ ਹਿੱਸਾ ਹੈ ਨਾ ਕਿ ਮਾਲਕ॥

ਇਸ ਤੇ ਅੱਗੇ ਸੰਪੂਰਨ ਗਿਆਨ ਭੀ ਇਸ ਨੂੰ ਨਹੀ ਹੈ ਕਿਉਂਕਿ ਮਾਇਆ ਤਾਂ ਨਾਮ ਹੀ ਅਗਯਾਨ ਦਾ ਹੈ ਇਸ ਵਾਸਤੇ ਜਿਸ ਤਰ੍ਹਾਂ ਅੰਧੇਰਾ ਕਿਸੇ ਪਦਾਰਥ ਦਾ ਗਯਾਤਾ ਨਹੀ ਹੈ। ਇਸੇ ਤਰ੍ਹਾਂ ਅਗਯਾਨ ਭੀ ਗਿਆਨ ਯਾ ਹੋਰਨਾਂ ਪਦਾਰਥਾਂ ਦਾ ਗਿਯਾਤਾ ਨਹੀ ਹੋ ਸਕਦਾ॥

ਪੰਜਵਾਂ ਬੀਰਜ ਅਰਥਾਤ ਸੰਪੂਰਨ ਸ੍ਰਿਸ਼ਟੀ ਦਾ ਕਰਤਾ ਹੋਨ ਦਾ ਲਖਨ ਭੀ ਮਾਇਆ ਵਿੱਚ ਪੂਰਾ ਪੂਰਾ ਨਹੀ ਘਟ ਸਕਦਾ ਕਿਉਂਕਿ ਇਹ ਸੁਤੰਤ੍ਰ ਕਰਤਾ ਕਦੇ ਭੀ ਨਹੀਂ ਹੋ ਸਕਦੀ, ਜਿਸ ਤੇ ਨਿਰ ਆਸਰੇ ਰਹਨਾ ਹੀ ਇਸ ਦਾ ਅਸੰਭਵ ਹੈ, ਕਿੰਤੂ ਬਹੁਤ ਲੋਗਾਂ ਨੇ ਈਸ਼੍ਵਰ ਦੀ ਸੱਤਾ ਨੂੰ ਪਾਕੇ ਕਾਰਨ ਮੰਨੀ ਹੈ ਪ੍ਰੰਤੂ ਫਿਰ ਭੀ ਉਨ੍ਹਾਂ ਨੇ ਇਹ ਮੰਨਯਾ ਹੈ ਕਿ ਸੁਤੰਤ੍ਰ ਕਾਰਨ ਨਹੀ ਹੋ ਸਕਦੀ ਇਸ ਵਾਸਤੇ ਸੰਪੂਰਨ ਬੀਰਜਤਾ ਭੀ ਇਸ ਵਿੱਚ ਨਹੀ ਪਾਈ ਜਾਂਦੀ॥

ਇਸੇ ਤਰ੍ਹਾਂ ਛੇਵਾਂ ਭਾਗ ਵੈਰਾਗ ਹੈ ਸੋ ਇਹ ਤਾਂ ਇਸ ਵਿੱਚ ਹੋਨਾ ਹੀ ਅਸੰਭਵ ਹੈ ਕਿੰਤੂ ਉਲਟਾ ਰਾਗ ਅਰਥਾਤ ਬੰਧਨਾ ਦਾ ਕਾਰਨ ਹੈ, ਜਿਸ ਤੇ ਇਹ ਛੇ ਭਾਗ ਇਸ ਵਿੱਚ ਨਾ ਹੋਨ ਤੇ ਭਗਉਤੀ ਪਦ ਦਾ ਅਸਪਦ ਹੋਨਾ ਇਸ ਵਿੱਚ ਨਹੀਂ ਪਾਇਆ ਜਾਂਦਾ॥

ਪਰੰਤੂ ਏਹ ਸਾਰੇ ਭਾਗ ਇਕ ਅਕਾਲ ਪੁਰਖ ਵਿੱਚ ਹੀ ਪਾਏ ਜਾਂਦੇ ਹਨ ਜਿਸ ਤੇ ਭਗਉਤੀ ਪਦ ਉਸੇ ਦਾ ਬੋਧਕ ਹੋ ਸਕਦਾ ਹੈ। ਇਸ ਵਾਸਤੇ ਜਦ ਇਸ ਯੋਗਕ ਪਦ ਦਾ ਲੱਖਯ ਅਰਥ ਵਿਚਾਰ ਕੇ ਦੇਖਿਆ ਜਾਏ ਤਾਂ ਭਗਉਤੀ ਕੇਵਲ ਅਕਾਲ ਪੁਰਖ ਦਾ ਹੀ ਨਾਮ ਹੈ, ਜਿਸ ਤੇ ਉਹ ਖਟ ਭਾਗ ਸੰਪੰਨ ਹੈ, ਇਸ ਤੇ ਸਿੱਧ ਹੁੰਦਾ ਹੈ ਕਿ ਗੁਰੂ ਜੀ ਨੇ ਯੌਗਕ ਸ਼ਬਦ ਦੁਵਾਰੇ ਅਕਾਲ ਪੁਰਖ ਨੂੰ ਹੀ "ਭਗਉਤੀ" ਅਰਥਾਤ ਖਟ ਭਾਗ ਸੰਪੰਨ ਆਖ ਕੇ ਉਸ ਦਾ ਮੰਗਲ ਇਸ ਜੰਗ ਵਾਲੇ ਚੰਡੀ ਦੇ ਕਿੱਸੇ ਵਿੱਚ ਕੀਤਾ ਹੈ, ਜਿਸ ਪਰ ਅੱਗਯਾਨੀ ਲੋਗਾ ਨੇ ਦੇਵੀ ਦੀ ਉਸਤਤਿ ਮੰਨ ਲੀਤੀ ਹੈ, ਅਰ ਨਿਸਚਾ ਕਰ ਲਿਆ ਹੈ ਕਿ ਗੁਰੂ ਜੀ ਨੇ ਉਸ ਨੂੰ ਮੰਨਯਾ ਹੈ ਪ੍ਰੰਤੂ ਗੁਰੂ ਜੀ ਦੇ ਸਿੱਧਾਂਤ ਨੂੰ ਨਹੀਂ ਸੋਚਿਆ॥

ਦੂਸਰਾ ਖਾਲਸਾ ਦੇ ਬੋਲਿਆਂ ਵਿੱਚ ਭੀ ਇਕ ਮੁਹਾਵਰੇ ਦੇ ਢੰਗ ਪਰ ਤੇਗ ਨੂੰ ਭਗਉਤੀ, ਸੋਟੇ ਨੂੰ ਭਗਉਤਾ ਛਟੀ ਨੂੰ ਫਤਹ ਕਮੈਤ ਅਤੇ ਬੰਦੂਕ ਨੂੰ ਰਾਮਜੰਗਾ ਆਖਿਆ ਜਾਂਦਾ ਹੈ, ਜਿਸ ਦਾ ਅਰਥ ਐਥੇ "ਭਗਉਤੀ" ਅਰ "ਭਗਉਤਾ" ਕਹਨ ਤੇ ਭਾਗ ਅਰਥਾਤ ਜੁਦੇ ੨ ਹਿਸੇ ਕਰ ਦੇਨ ਵਾਲਾ ਹੈ, ਕਿਉਂਕਿ ਇਹ ਆਮ ਮੁਹਾਵਰਾ ਹੈ ਕਿ ਫਲਾਨੇ ਨੇ ਤਲਵਾਰ ਯਾ ਸੋਟੇ ਦੇ ਜ਼ੋਰ ਨਾਲ ਮੁਲਕ ਦੇ ਹਿੱਸੇ ਕਰ ਦਿਤੇ, ਭਾਵੇਂ ਭਗਉਤੀ ਪਦ ਦੇ ਤਲਵਾਰ, ਭਗਤੀ ਅਤੇ ਕਿਸੇ ਖਾਸ ਮਤ ਆਦਿਕ ਦੇ ਭੀ ਨਾਮ ਹੋਨਗੇ ਪ੍ਰੰਤੂ ਗੁਰੂ ਜੀ ਦਾ ਭਾਵ ਕੇਵਲ ਅਕਾਲ ਪੁਰਖ ਦਾ ਹੀ ਹੈ, ਜੈਸਾ ਕਿ ਸ੍ਰੀ ਮੁਖ ਵਾਕਾਂ ਤੇ ਪਾਇਆ ਜਾਂਦਾ ਹੈ।।

ਇਸੀ ਤਰ੍ਹਾਂ ਗੁਰੂ ਜੀ ਨੇ ਕਈ ਲਾਛਣਕ ਸ਼ਬਦਾਂ ਦੁਆਰੇ ਅਕਾਲ ਪੁਰਖ ਦਾ ਅਰਾਧਨ ਅਤੇ ਮੰਗਲ ਕੀਤਾ ਹੈ, ਜਿਸ ਪਰ ਕਈ ਅੱਗਿਯਾਨੀ ਲੋਗ ਧੋਖਾ ਖਾ ਗਏ ਹਨ, ਕਿਉਂਕਿ ਲਾਛਣਕ ਪਦ ਹਮੇਸ਼ਾਂ ਹੀ ਅਪਨੇ ਲੱਖ ਨੂੰ ਜਹਿਤੀ ਅਜਹਤੀ ਅਤੇ ਭਾਗ ਤਿਆਗ ਆਦਿਕ ਲੱਛਣਾਂ ਨਾਲ ਦੱਸਦੇ ਹਨ ਜਿਸ ਤੇ ਵਿਦਿਆਹੀਨ ਲੋਗ ਉਨ੍ਹਾਂ ਦੇ ਤਾਤਪਰਜ ਨੂੰ ਨਾ ਜਾਨਕੇ ਅਸਲੀ ਭਾਵ ਥੋਂ ਰਹ ਜਾਂਦੇ ਹਨ, ਜਹਤੀ ਲਖਨਾਂ ਉਹ ਹੁੰਦੀ ਹੈ ਜਿਸ ਵਿੱਚ ਸਾਰੇ ਵਾਚ ਅਰਥ ਦਾ ਤਿਆਗ ਕਰਕੇ ਲੱਖ ਨੂੰ ਪ੍ਰਤਿਪਾਦਨ ਕੀਤਾ ਜਾਏ ਜਿਸ ਤਰ੍ਹਾਂ ਕੋਈ ਆਦਮੀ ਕਹੇ ਕਿ "ਮੈਨੂੰ ਤਖਤ ਨੇ ਇਹ ਹੁਕਮ ਦਿੱਤਾ ਹੈ ਕਿ ਜੰਗ ਕਰਾਂ" ਇਸ ਜਗ੍ਹਾਂ ਪਰ ਤਖਤ ਨੂੰ ਵਿਚਾਰ ਕਰਨੇ ਤੇ ਇੱਕ ਪਾਤਸ਼ਾਹ ਦੇ ਬੈਠਨ ਦਾ ਸਥਾਨ ਮਾਲੂਮ ਹੁੰਦਾ ਹੈ ਪ੍ਰੰਤੂ ਉਸ ਵਿੱਚ ਇਤਨੀ ਸਮਰਥਾ ਨਹੀਂ ਹੈ ਜੋ ਕਿਸੇ ਨੂੰ ਕੋਈ ਆਗਿਆ ਦੇਵੇ। ਇਸ ਵਾਸਤੇ ਇਸ ਪਦ ਦੇ ਅਰਥ ਨੂੰ ਛੱਡ ਕੇ ਇਹ ਮੰਨਨਾ ਪੈਂਦਾ ਹੈ ਕਿ ਤਖਤ ਦਾ ਮਾਲਕ ਜੋ ਪਾਤਸ਼ਾਹ ਹੈ ਓਹ ਆਗਿਆ ਦੇਂਦਾ ਹੈ, ਇਸ ਵਾਸਤੇ ਇਸ ਜਗ੍ਹਾ ਵਾਚ ਅਰਥ ਦਾ ਸਾਰਾ ਤਯਾਗ ਕਰਕੇ ਲੱਖ ਜੋ ਪਾਤਸ਼ਾਹ ਹੈ ਉਸ ਵਿੱਚ ਜਹਤੀ ਲਖਨਾ ਹੁੰਦੀ ਹੈ, ਇਸੇ ਤਰ੍ਹਾਂ ਨਾਲ ਗੁਰੂ ਮਹਾਰਾਜ ਜੀ ਦੀ ਬਾਨੀ ਭੀ ਕਾਬਯ ਹੋਣ ਦੇ ਕਾਰਨ ਇਸ ਤਰ੍ਹਾਂ ਦੇ ਭਾਵਾਂ ਨਾਲ ਭਰੀ ਹੋਈ ਹੈ ਜਿਸ ਦੇ ਭਾਵ ਅਰਥ ਨੂੰ ਨਾ ਜਾਨਕੇ ਹਜ਼ਾਰਾਂ ਆਦਮੀ ਇਸ ਦੇ ਸਿਧਾਂਤ ਨੂੰ ਛੱਡ ਗਏ ਹਨ ਅਤੇ ਮਨ ਕਲਪਤ ਅਰਥ ਬਨਾ ਬੈਠੇ ਹਨ।।

ਇਸੀ ਪ੍ਰਕਾਰ ਬਾਨੀ ਵਿੱਚ ਕਿਤੇ ਕਿਤੇ ਅਜਹਤੀ ਲਖਣਾਂ ਦੇ ਪਦ ਭੀ ਹੁੰਦੇ ਹਨ, ਜਿਨ੍ਹਾਂ ਦੇ ਗਿਆਨ ਥੋਂ ਹੀਨ ਲੋਗ ਉਨ੍ਹਾਂ ਦਾ ਭਾਵ ਅਪਨੀ ਮਤ ਅਨੁਸਾਰ ਹੋਰ ਦਾ ਹੋਰ ਹੀ ਸਮਝ ਬੈਠਦੇ ਹਨ।।

ਅਜਹਤੀ ਲੱਖਨਾ ਵਾਲੇ ਓਹ ਪਦ ਹੁੰਦੇ ਹਨ ਜਿਨ੍ਹਾਂ ਵਿੱਚ ਵਾਚ ਅਰਥ ਦਾ ਭੀ ਗ੍ਰਹਨ ਹੋਵੇ ਅਤੇ ਲੱਖਨਾ ਦੁਵਾਰੇ ਵਾਚ ਤੇ ਅਧਿਕ ਦਾ ਭੀ ਅੰਗੀਕਾਰ ਕੀਤਾ ਜਾਏ ਜੈਸਾ ਕਿ ਕੋਈ ਆਦਮੀ ਆਖੇ ਕਿ "ਦਹੀ ਨੂੰ ਕਾਉਂ ਨਾ ਖਾ ਜਾਨ" ਇਸ ਜਗ੍ਹਾ ਪਰ ਉਸ ਪੁਰਖ ਦੇ ਬਚਨ ਥੋਂ ਤਾਂ ਕੇਵਲ ਕਾਵਾਂ ਤੇ ਹੀ ਦਹੀ ਦੀ ਰਾਖੀ ਦੱਸੀ ਹੈ ਪ੍ਰੰਤੂ ਸੁਨਨੇ ਵਾਲਾ ਉਸ ਦੇ ਕਥਨ ਥੋਂ ਹੋਰ ਭੀ ਗ੍ਰਹਨ ਕਰ ਲੈਂਦਾ ਹੈ, ਕਿਉਂਕਿ ਓਹ ਕੁੱਤੇ ਬਿੱਲੇ ਅਤੇ ਕਿਸੇ ਡੰਗਰ ਆਦਿਕ ਨੂੰ ਭੀ ਦਹੀਂ ਨਹੀਂ ਖਾਨ ਦੇਂਦਾ, ਜਿਸ ਤੇ ਓਹ ਇਹ ਲੱਖਨਾਂ ਕਰਦਾ ਹੈ ਕਿ ਉਸ ਨੇ ਮੈਨੂੰ ਦਹੀਂ ਦੀ ਰੱਖਯਾ ਵਾਸਤੇ ਆਖਯਾ ਹੈ ਸੋ ਇਸ ਤੇ ਜਿਤਨੇ ਦਹੀਂ ਦੇ ਵਿਰੋਧੀ ਜੀਵ

ਹਨ ਉਨਾਂ ਸਾਰਿਆਂ ਤੇ ਰੱਖਯਾ ਕਰਨੀ ਚਾਹੀਏ, ਇਸ ਜਗ੍ਹਾ ਪਰ ਉਸ ਨੇ ਅਜਹਤੀ ਲੱਖਨਾਂ ਨਾਲ ਕਾਵਾਂ ਤੇ ਬਿਨਾਂ ਸੱਗੋਂ ਹੋਰ ਦਹੀ ਦੇ ਵਿਰੋਧੀਆਂ ਦਾ ਗ੍ਰਹਨ ਕਰ ਲੀਤਾ॥

ਇਸੇ ਪ੍ਰਕਾਰ ਕਾਬਯ ਵਕਤਾ ਦੀ ਰਚਨਾਂ ਵਿੱਚ ਕਈ ਸ਼ਬਦ ਯਾ ਪਦ ਅਜੇਹੇ ਹੁੰਦੇ ਹਨ ਜੋ ਅਜਹਤੀ ਲੱਖਨਾ ਦੁਵਾਰੇ ਵੀਚਾਰਾਂ ਤੇ ਅਧਿਕ ਦਾ ਗਿਆਨ ਕਰਾਉਂਦੇ ਹਨ, ਜੈਸਾ ਕਿ ਇਹ ਸ੍ਰੀ ਮੁਖ ਵਾਕ ਹਨ :- ਸ੍ਰੀ ਮੁਖ ਵਾਕ ਪਾਤਸ਼ਾਹੀ ੧੦

**ਦੋਹਿਰਾ**

ਨਮਸਕਾਰ ਸ੍ਰੀ ਖੜਗ ਕਉ ਕਰੋ ਸੁਹਿਤ ਚਿਤ ਲਾਹਿ।
ਪੂਰਨ ਕਰੋ ਗ੍ਰੰਥ ਇਹ ਤੁਮ ਮੁਹਿ ਕਰਹੁ ਸਹਾਇ॥੧੨੧॥

ਇਸ ਜਗ੍ਹਾ ਅਪਨੇ ਕਾਰਜ ਦੇ ਨਿਰਵਿਘਨ ਸਮਾਪਤ ਕਰਨ ਲਈ ਜਦ ਖੜਗ ਨੂੰ ਨਮਸਕਾਰ ਕੀਤੀ ਤਦ ਨਾਲ ਇਹ ਖਯਾਲ ਪੈਦਾ ਹੋ ਜਾਂਦਾ ਹੈ ਕਿ ਕਿਆ ਨਿਰਾ ਖੜਗ ਤੇ ਰਖਯਾ ਹੁੰਦੀ ਹੈ, ਜਿਸ ਦੇ ਵਿਚਾਰ ਕਰਨ ਤੇ ਸਗੋਂ ਉਸ 'ਖੜਗ ਪਦ ਤੇ ਅਧਕ ਦਾ ਭੀ ਗ੍ਰਹਨ ਕਰਨਾ ਪੈਂਦਾ ਹੈ॥

ਯਥਾ : ਭੁਜੰਗ ਪ੍ਰਯਾਤ ਛੰਦ

"ਨਮੋ ਖੜਗ ਖੰਡੰ ਕ੍ਰਿਪਾਨੰ ਕਟਾਰੰ। ਸਦਾ ਏਕ ਰੂਪੰ ਸਦਾ ਨਿਰ ਬਿਕਾਰੰ॥ ਨਮੋ ਬਾਣ ਪ੍ਰਾਣੰ ਨਮਸ ਦੰਡ ਧਾਰੰ। ਜਿਨੇ ਚੋਲਾ ਲੋਕ ਜੋਤੰ ਬਿਥਾਰੰ॥ ਨਮਸਕਾਰਯੰ ਮੋਰਤੀਰੰ ਤੁਫੰਗੰ ਨਮੋ ਖੱਗ ਅਦੱਗੰ ਅਭੇਅੰ ਅਭੰਗੰ। ਗਦਾਯੰ ਗ੍ਰਿਸਟੰ ਨਮੋ ਹਥੀਯੰ। ਜਿਨੈ ਤੁਲੀਯੰ ਬੀਰ ਬੀਯੋ ਨ ਬੀਯੋ॥

ਰਸਾਵਲ ਛੰਦ

ਨਮੋ ਚੱਕ ਪਾਨੰ। ਅਭੂਤੰ ਭਯਾਨੰ॥ ਨਮੋ ਉੱਗ੍ਰਦਾੜੰ। ਨਮੋ ਗ੍ਰਿਸਟ ਗਾੜੰ॥ ਨਮੋ ਤੀਰ ਤੋਪੰ। ਜਿਨੇ ਸਤ੍ਰ ਘੋਪੰ। ਨਮੋ ਧੋਪ ਪੱਟੇ। ਜਿਨੈ ਦੁਸਟ ਦੱਟੇ॥ ॥ ਜਿਤੇ ਸ਼ਸਤ੍ਰ ਨਾਮੰ॥ ਨਮਸਕਾਰਤਾਮੰ ਜਿਤੇ ਅਸਤਭੇਅੰ। ਨਮਸਕਾਰ ਤੇਅੰ॥੯੧॥

ਇਸ ਜਗ੍ਹਾ ਪਰ ਖੜਗ ਨੂੰ ਸ਼ਸਤ੍ਰ ਜਾਨਕੇ ਰੱਖਯਾ ਕਰਨੀ ਆਖਨ ਤੇ, ਕਮਾਨ, ਬਾਣ, ਖੰਡਾ, ਤੀਰ, ਤੁਫੰਗ, ਗਦਾ, ਬ੍ਰਛੀ, ਚੱਕ੍ਰ, ਤੋਪ, ਘੋਪ, ਧੋਪ ਆਦਿਕ ਨੂੰ ਭੀ ਨਮਸਕਾਰ ਕਰਨੀ ਪਈ, ਅਤੇ ਫਿਰ ਅੰਤ ਨੂੰ ਇਹ ਆਖਨਾ ਪਿਆ ਕਿ ਸਾਰੇ ਸ਼ਸਤ੍ਰਾਂ ਅਤੇ ਅਸਤ੍ਰਾਂ ਨੂੰ ਅਪਨੀ ਰਖਯਾ ਕਾਰਨ ਮੇਰੀ ਨਮਸਕਾਰ ਹੈ॥

ਇਸ ਜਗ੍ਹਾ ਪਰ ਇੱਕ ਤੇਗ ਵਿੱਚ ਰੱਖਯਾ ਦੇ ਅੰਗੀਕਾਰ ਕਰਨ ਤੇ ਸਾਰੇ ਸ਼ਸਤ੍ਰ ਅਤੇ ਅਸਤ੍ਰਾਂ ਵਿੱਚ ਅਜਹਤੀ ਲਖਨਾ ਕੀਤੀ ਗਈ, ਜਿਸ ਤੇ ਸਭ ਦੇ ਨਾਮ ਗਿਣਨੇ ਪਏ , ਇਸ ਵਾਸਤੇ ਏਥੇ ਇਹ ਸਿੱਧ ਹੋਇਆ ਕਿ ਕਈ ਜਗ੍ਹਾਂ ਕਵੀਆਂ ਨੂੰ ਕਾਬਯ ਰਚਨਾ ਵਿੱਚ ਅਜਹਤੀ ਲੱਖਨਾ ਦਾ ਭੀ ਅੰਗੀਕਾਰ ਕਰਨਾ ਪੈਂਦਾ ਹੈ॥

ਤੀਸਰਾ ਜਦ ਫਿਰ ਮੁੜਕੇ ਉਨ੍ਹਾਂ ਪਦਾਂ ਵਿੱਚ ਭਾਗ ਤਿਆਗ ਲਖਨਾ ਕੀਤੀ ਜਾਂਦੀ ਹੈ ਤਦ ਅਸਲੀ ਤੱਤ ਦਾ ਗਿਆਨ ਹੋ ਜਾਂਦਾ ਹੈ, ਕਿਉਂਕਿ ਵਿਚਾਰ ਕਰਨੇ ਤੇ ਸ਼ਸਤ੍ਰ ਇੱਕ ਜੜ੍ਹ ਲੋਹੇ ਦੇ ਬਨੇ ਹੋਏ ਅਲਪੱਗ ਪਦਾਰਥ ਹਨ, ਜਿਨ੍ਹਾਂ ਵਿੱਚ ਨਾਸ ਹੋ

ਜਾਨਾ ਟੁੱਟ ਜਾਨਾ ਅਤੇ ਚੁਰਾਏ ਜਾਨ ਆਦਿਕ ਕਈ ਤਰ੍ਹਾਂ ਦੇ ਦੋਖ ਪ੍ਰਾਪਤ ਹਨ, ਇਸ ਵਾਸਤੇ ਜੜ੍ਹ ਵਸਤੂ ਨੂੰ ਨਮਸਕਾਰ ਦਾ ਕਰਨਾ ਗਯਾਨਵਾਨ ਅਤੇ ਧਰਮ ਧੁਜਾ ਤਾਈਂ ਮਹਾਂ ਅਜੋਗ ਹੈ। ਇਸ ਲਈ ਇਸ ਜਗ੍ਹਾ ਸਾਰੇ ਸ਼ਸਤ੍ਰਾਂ ਦੇ ਲੋਸਟ ਅਰ ਜੜ੍ਹ ਅਲਪੱਗ ਆਦਿਕ ਗੁਨਾਂ ਦਾ ਤਿਆਗ ਕਰਕੇ ਅਕਾਲ ਪੁਰਖ ਜੋ ਇੱਕ ਸਭ ਸ਼ਸਤ੍ਰਾਂ ਦਾ ਸ਼ਸਤ੍ਰ ਹੈ ਅਰ ਜਿਸ ਦੀ ਸ਼ਕਤੀ ਸਾਰੇ ਸ਼ਸਤ੍ਰਾਂ ਵਿੱਚ ਕੰਮ ਕਰ ਰਹੀ ਹੈ, ਉਸ ਦਾ ਗਿਆਨ ਅੰਗੀਕਾਰ ਕਰਨਾ ਪੈਂਦਾ ਹੈ ਜਿਸ ਤੇ ਓਸੇ ਨੂੰ ਨਮਸਕਾਰ ਕਰਨੀ ਉਚਿਤ ਸਮਝੀ ਜਾਂਦੀ ਹੈ ਅਤੇ ਲੋਸਟ ਅਤੇ ਉਨ੍ਹਾਂ ਦੀ ਜੜ੍ਹਤਾ ਦੇ ਹਿੱਸੇ ਦਾ ਤਯਾਗ ਹੋ ਜਾਂਦਾ ਹੈ॥

ਇਸੇ ਤਰ੍ਹਾਂ ਜੋ ਅਕਾਲ ਪੁਰਖ ਦੇ ਅਲੱਖ ਅਰੂਪ ਨਿਰਗੁਣ ਆਦਿਕ ਸੁਭਾਵਕ ਗੁਣ ਹਨ ਉਨ੍ਹਾਂ ਵਿੱਚ ਦ੍ਰਿਸਤਾ ਅਤੇ ਅਲਪਗਤਾ ਆਦਿਕ ਦਾ ਹੋਣਾ ਅਸੰਭਵ ਜਾਨ ਕੇ ਇਤਨੀ ਅੰਸ ਦਾ ਗ੍ਰਹਨ ਕੀਤਾ ਜਾਂਦਾ ਹੈ ਕਿ ਓਹ ਅਪਨੀ ਬਯਾਪਕ ਸਰੂਪ ਅਤੇ ਸੂਖਮ ਸਮਰਥਾ ਨਾਲ ਇਨ੍ਹਾਂ ਸ਼ਸਤਰਾਂ ਦੁਵਾਰੇ ਸੰਪੂਰਨ ਭਯਾਂ ਤੇ ਰੱਖਯਾ ਕਰਦਾ ਹੈ। ਇਸ ਵਾਸਤੇ ਇਸ ਜਗ੍ਹਾ ਇਸ ਤਰ੍ਹਾਂ ਦੀ ਭਾਗ ਤਿਆਗ ਲਖਨਾਂ ਤੇ ਕੇਵਲ ਅਕਾਲ ਪੁਰਖ ਦਾ ਹੀ ਗਿਆਨ ਹੁੰਦਾ ਹੈ ਜਿਸ ਤੇ ਗੁਰੂ ਜੀ ਦਾ ਸਿੱਧਾਂਤ ਕੇਵਲ ਅਕਾਲ ਦੇ ਅਰਾਧਨ ਦਾ ਹੀ ਸਿਧ ਹੁੰਦਾ ਪਾਈਦਾ ਹੈ॥

## ਸ਼ਬਦ ਬੋਧ ਦੇ ਕਾਰਨ

## ਦੁਰਗਾ ਭਗਤ

### ਦੋਹਿਰਾ

ਐਥੇ ਲੱਖਣਾਂ ਕਰਨ ਦੀ ਨਹੀਂ ਲੋੜ ਪਰਮਾਨ।
ਜੇ ਸ਼ਬਦਨ ਤੇ ਹੋਤ ਹੈ ਸਭ ਕੋ ਪੂਰਨ ਗਯਾਨ॥੧੨੨॥

ਭਾਵ :- ਲਖਨਾ ਕਰਨ ਦੀ ਲੋੜ ਓਥੇ ਹੁੰਦੀ ਹੈ ਜਿੱਥੇ ਪਦਾਂ ਦੇ ਪਦਾਰਥ ਸਮਝਨ ਵਿੱਚ ਸੰਸਯ ਹੁੰਦਾ ਹੈ ਪਰੰਤੂ ਇਸ ਜਗ੍ਹਾਂ ਪਰ ਤਾਂ ਸਾਰੀ ਬਾਣੀ ਦੇ ਅਰਥ ਪ੍ਰਸਿੱਧ ਹਨ ਜਿਨ੍ਹਾਂ ਵਿੱਚ ਕੁਛ ਭੀ ਸੰਸਯ ਨਹੀ ਹੈ ਫਿਰ ਇਸ ਜਗ੍ਹਾ ਲਖਣਾਂ ਕਰਨ ਦਾ ਕਿਆ ਪ੍ਰਜੋਜਨ ਹੈ, ਕਿੰਤੂ ਕੇਵਲ ਸ਼ਬਦ ਮਾਤ੍ਰ ਤੇ ਹੀ ਸਾਨੂੰ ਗਿਆਨ ਹੋ ਸਕਦਾ ਹੈ, ਕਿ ਦੇਵੀ ਦੀ ਉਪਮਾਂ ਬਿਨਾਂ ਨਿਸਚੇ ਤੇ ਨਹੀਂ ਕੀਤੀ ਅਰ ਹਵਨ ਆਦਿਕ ਸਭ ਸਾਧਨ ਉਸ ਦੇ ਦਰਸ਼ਨ ਦੇ ਉਪਯੋਗੀ॥

## ਤੱਤ ਖਾਲਸਾ

### ਦੋਹਿਰਾ

ਅਹੋ ਮੀਤ ਯਹ ਸੱਤ ਨਹਿ ਜੋ ਤੁਮ ਕਰਾ ਖਿਆਲ।
ਕੇਵਲ ਸਰਵਨ ਮਾਤ੍ਰ ਤੇ ਸ਼ਬਦ ਬੋਧ ਨਹਿ ਭਾਲ॥੧੨੩॥

ਭਾਵ :-ਨਿਰਾ ਕੰਨਾਂ ਨਾਲ ਸੁਨਕੇ ਹੀ ਸ਼ਬਦ ਦਾ ਪੂਰਾ ਪੂਰਾ ਗਿਆਨ ਮੰਨ ਲੈਣਾ ਠੀਕ ਨਹੀ ਹੁੰਦਾ ਕਿੰਤੂ ਸ਼ਬਦ ਬੋਧ ਦੇ ਚਾਰ ਕਾਰਨ ਹੁੰਦੇ ਹਨ ਜਿਨ੍ਹਾਂ ਤੇ ਨਿਰਸੰਦੇਹ ਉਹਦੇ ਭਾਵ ਨੂੰ ਸਮਝ ਸੱਕੀਦਾ ਹੈ, ਸੋ ਚਾਰੇ ਕਾਰਨ ਇਹ ਹਨ, ਜਿਨ੍ਹਾਂ ਵਿੱਚੋਂ ਪਹਲਾ ਕਾਂਖਿਆ,

ਦੂਸਰਾ ਜੋਗਤਾ ਤੀਜਾ ਸੰਨਿਧਾਨ ਅਤੇ ਚੌਥਾ ਤਾਤਪ੍ਰਜ ਹੁੰਦਾ ਹੈ।।

ਇੱਕ ਪਦ ਨੂੰ ਦੂਸਰੇ ਦੀ ਇੱਛਾ ਹੋਨ ਦਾ ਨਾਉਂ ਕਾਂਖਿਆ ਹੈ ਕਿਉਂਕਿ ਜਿਤਨਾ ਚਿਰ ਪਹਲੇ ਪਦ ਨਾਲ ਦੂਜਾ ਨਾ ਮਿਲਾਇਆ ਜਾਵੇ ਉਤਨਾ ਚਿਰ ਉਹ ਅਪਨੇ ਭਾਵ ਨੂੰ ਪ੍ਰਗਟ ਨਹੀਂ ਕਰ ਸਕਦਾ, ਜਿਸ ਤਰ੍ਹਾਂ (ਘਟ) ਪਦ ਨੂੰ (ਆਨਯ) ਪਦ ਦੀ ਲੋੜ ਹੈ, ਕਿਉਂ ਜੇ ਨਿਰਾ (ਘਟ) ਹੀ ਆਖ ਦੇਈਏ ਤਦ ਇਹ ਪ੍ਰਤੀਤ ਨਹੀਂ ਹੁੰਦਾ ਹੈ ਕਿ ਘੜਾ ਫੁਟ ਗਿਆ ਹੈ ਕਿ ਪਾਣੀ ਦਾ ਭਰਨਾ ਹੈ ਯਾ ਖਾਲੀ ਕਰਨਾ ਹੈ, ਕਿੰਤੂ ਨਿਰਸੰਦੇਹ ਗਿਆਨ ਨਹੀਂ ਹੁੰਦਾ। ਇਸ ਵਾਸਤੇ ਜਦ ਉਸ ਦੇ ਨਾਲ 'ਲੈਆਓ' ਪਦ ਜਿਸ ਦੀ ਉਸ ਘੜੇ ਪਦ ਨੂੰ ਇੱਛਾ ਹੈ ਲਾ ਦਈਏ ਤਦ ਝਟ ਗਯਾਨ ਹੋ ਜਾਂਦਾ ਹੈ ਅਰ ਘੜੇ ਨੂੰ ਲੈ ਆਉਂਦਾ ਹੈ, ਇਸ ਵਾਸਤੇ ਪਹਲਾ ਕਾਰਨ ਸ਼ਬਦ ਬੋਧ ਦਾ ਕਾਂਖਯਾ ਹੈ।।

ਦੂਸਰਾ ਕਾਰਨ ਜੋਗਤਾ ਹੈ ਜਿਸ ਦਾ ਭਾਵ ਇਹ ਹੈ ਕਿ ਕਾਖਯਾ ਵਾਲਾ ਪਦ ਭੀ ਜੋਗ ਹੋਵੇ ਕਿੰਤੂ ਅਜੋਗ ਨਾ ਹੋਵੇ, ਜੈਸਾ ਕਿ ਘੜੇ ਦੇ ਨਾਲ ਤਾਂ ਲੈ ਆਓ ਪਦ ਦੀ ਜੋਗਤਾ ਹੈ ਪ੍ਰੰਤੂ ਜੇ ਪਰਬਤ ਲੈ ਆਉ ਯਾ ਚੰਦ ਲੈ ਆਓ ਆਖੀਏ ਤਾਂ ਕਾਖਯਾ ਤਾਂ ਪੂਰੀ ਜ਼ਰੂਰ ਹੋ ਜਾਏਗੀ ਜੋ ਪਦ ਨੂੰ ਪਦ ਦੀ ਸੀ ਕਿੰਤੂ ਉਹ ਜੋਗ ਨਹੀਂ ਸੀ। ਇਸ ਵਾਸਤੇ ਉਸ ਤੇ ਪੂਰਾ ਸ਼ਬਦ ਦਾ ਗਿਆਨ ਜੋ ਨਿਸਚਯ ਆਤਮਕ ਹੈ ਨਹੀਂ ਹੁੰਦਾ, ਕਿਉਂਕਿ ਜੇ ਕਿਸੇ ਆਦਮੀ ਨੂੰ ਆਖੀਏ ਕਿ ਚੰਦ ਲੈ ਆਓ, ਯਾ ਪਹਾੜ ਲੈ ਆਓ ਤਦ ਉਹ ਹਸ ਛੱਡੇਗਾ, ਅਰ ਨਿਰਾਰਥਕ ਸਮਝੇਗਾ ਜਿਸ ਤੇ ਪਦਾਂ ਦੇ ਯਾ ਵਾਕਾਂ ਦੇ ਵਿੱਚ ਯੋਗਤਾ ਜ਼ਰੂਰ ਹੋਨੀ ਚਾਹੀਦੀ ਹੈ।।

ਤੀਸਰਾ (ਸੰਨਿਧੀ) ਅਰਥਾਤ ਬਿਲੰਬ ਰਹਿਤ ਪਦ ਹੋਨੇ ਚਾਹੀਦੇ ਹਨ, ਜਿਸਤੇ ਪਾਸੋ ਪਾਸ ਪਦਾਂ ਦੀ ਰਚਨਾ ਤੇ ਸ਼ਬਦ ਦਾ ਬੋਧ ਨਿਰਯਤਨ ਹੋ ਸੱਕਦਾ ਹੈ ਜੈਸਾ ਕਿ (ਘੜਾ ਲੈ ਆਓ) ਇਤਨਾ ਆਖਨ ਤੇ ਸੁਨਨੇ ਵਾਲਾ ਛੇਤੀ ਹੀ ਘੜੇ ਨੂੰ ਚੁੱਕ ਲਿਆਉਂਦਾ ਹੈ, ਪਰੰਤੂ ਜੇ ਪਹਲੇ ਪਹਰ ਤਾਂ (ਘੜਾ) ਆਖੇਂ ਅਰ ਸੰਧਿਆ ਨੂੰ (ਲਿਆਓ) ਕਹੇ ਤਦ ਸੁਨਨੇ ਵਾਲੇ ਨੂੰ ਕੁਝ ਭੀ ਗਿਆਨ ਨਹੀਂ ਹੁੰਦਾ, ਇਸ ਵਾਸਤੇ ਵਾਕਾਂ ਵਿੱਚ ਸੰਨਿਧੀ ਦਾ ਹੋਨਾ ਭੀ ਉਨ੍ਹਾਂ ਦੇ ਗਿਆਨ ਹੋਨ ਲਈ ਜ਼ਰੂਰੀ ਹੈ।।

ਚੌਥਾ-(ਵਕੱਤ੍ਰੀ ਤਾਤਪ੍ਰਜ) ਸ਼ਬਦ ਗਿਆਨ ਦਾ ਕਾਰਨ ਹੁੰਦਾ ਹੈ ਕਿਉਂਕਿ ਹਰ ਇੱਕ ਸ੍ਰੋਤਾ ਜਿਤਨਾ ਚਿਰ ਵਕਤਾ ਦੇ ਤਾਤਪਰਜ ਨੂੰ ਨਾ ਸਮਝ ਲਵੇ ਉਤਨਾ ਚਿਰ ਉਹ ਨਿਰਸੰਦੇਹ ਨਹੀਂ ਹੋ ਸਕਦਾ, ਜੈਸਾ ਕਿ ਕਿਸੇ ਨੇ ਕਿਹਾ (ਸੈਧਵ) ਲੈ ਆਓ, ਇਸ ਜਗ੍ਹਾ ਪਰ ਸੈਂਧਵ ਨੂੰਣ ਅਤੇ ਘੋੜੇ ਦਾ ਨਾਮ ਹੋਣੇ ਕਰਕੇ ਸੁਨਨੇ ਵਾਲੇ ਨੂੰ ਉਸ ਵੇਲੇ ਜ਼ਰੂਰੀ ਹੈ ਜੋ ਉਸ ਦੇ ਤਾਤਪਰਜ ਨੂੰ ਸਮਝੇ, ਕਿਉਂਕਿ ਜੇ ਲੰਗਰ ਵਿੱਚ ਪਰਸ਼ਾਦ ਬਨਾਉਨ ਵੇਲੇ ਸੈਂਧਵ ਲੈ ਆਓ ਪਦ ਦਾ ਤਾਤਪਰਜ ਨਹੀਂ ਸਮਝੇਗਾ ਤਾਂ ਘੋੜਾ ਕਾਠੀ ਪਾਕੇ ਲੈ ਆਵੇਗਾ, ਇਸੇ ਤਰ੍ਹਾਂ ਜੇ ਬਸਤ੍ਰ ਪਾਕੇ ਸੈਰ ਕਰਨ ਲਈ ਜਾਣ ਵੇਲੇ ਸੈਂਧਵ ਲੈ ਆਉਂਦੇ ਤਾਤਪਰਜ ਨੂੰ ਨਹੀਂ ਸਮਝੇਗਾ ਤਾਂ ਭੀ ਜ਼ਰੂਰੀ ਹੋਵੇਗਾ ਜੋ ਨੂੰਨ ਦਾ ਡਲਾ ਲਿਆਕੇ ਉਸ ਦੇ ਹੱਥ ਫੜਾਏ ਗਾ, ਇਸ ਵਾਸਤੇ, ਪਦਾਂ ਯਾ ਵਾਕਾਂ ਵਿੱਚ ਉਨ੍ਹਾਂ ਦੇ ਤਾਤਪਰਜ ਦਾ ਸਮਝਨਾ ਸ਼ਬਦ ਬੋਧ

ਦੇ ਵਾਸਤੇ ਆਵਸ਼ਕ ਹੁੰਦਾ ਹੈ ਜਿਸ ਤੇ ਬਿਨਾਂ ਨਿਰਸੰਦੇਹ ਗਯਾਨ ਨਹੀਂ ਹੁੰਦਾ।।

ਇਸੀ ਤਰ੍ਹਾਂ ਸਾਨੂੰ ਭੀ ਗੁਰੂ ਮਹਾਰਾਜ ਦੀ ਬਾਣੀ ਦੇ ਪਦ ਅਤੇ ਵਾਕਾਂ ਵਿੱਚ ਜਿੱਥੇ ਜਿੱਥੇ ਸੰਦੇਹ ਪ੍ਰਤੀਤ ਹੁੰਦਾ ਹੈ ਓਥੇ ਉਨ੍ਹਾਂ ਚਾਰਾਂ ਬਾਤਾਂ ਨੂੰ ਖਿਆਲ ਕਰਨਾ ਚਾਹੀਦਾ ਹੈ,ਕਿ ਇਨ੍ਹਾਂ ਵਿੱਚ ਕਾਂਖਿਆ ਕਿਸਦੀ ਹੈ, ਅਰ ਜੋਗਤਾ ਕਿਆ ਹੈ, ਫਿਰ ਸੰਨਿਧੀ ਵਾਲੇ ਪਦ ਕੌਣ ਹਨ ਅਤੇ ਗੁਰੂ ਜੀ ਦਾ ਅਸਲ ਤਾਤਪਰਜ ਕਿਆ ਹੈ, ਜਦ ਅਸੀਂ ਇਨ੍ਹਾਂ ਕਾਰਨਾਂ ਨੂੰ ਵਿਚਾਰੇਂਗੇ ਤਾਂ ਸਿੱਧ ਹੋ ਜਾਏਗਾ ਕਿ ਗੁਰੂ ਜੀ ਦਾ ਅਸਲੀ ਭਾਵ ਅਕਾਲ ਪੁਰਖ ਦੇ ਅਰਾਧਨ ਦਾ ਹੀ ਹੈ।।

ਇਸ ਵਾਸਤੇ ਜਦ ਦਸਮ ਗ੍ਰੰਥ ਦੀ ਬਾਣੀ ਵਿੱਚ ਇਹ ਚਾਰੇ ਬਾਤਾਂ ਨੂੰ ਵਿਚਾਰਿਆ ਜਾਏ ਤਦ ਜ਼ਰੂਰ ਇਹ ਗਯਾਨ ਹੋ ਜਾਂਦਾ ਹੈ ਕਿ ਗੁਰੂ ਜੀ ਦਾ ਉਪਦੇਸ਼ ਕੇਵਲ ਅਕਾਲ ਪੁਰਖ ਦੇ ਹੀ ਅਰਾਧਨ ਦਾ ਹੈ।।

**ਦੋਹਿਰਾ**

ਐਸੀ ਬਾਤਨ ਦੇ ਵਿਖੇ ਕਰਨੀ ਬਨੇ ਨ ਖਿੱਚ।
ਤਾਤਪਰਜ ਕਛੁ ਹੋਰ ਹੀ ਹੁੰਦਾ ਇਨ ਦੇ ਵਿੱਚ।।੧੨੪।।

**ਚੌਪਈ**

ਤੇ ਦੁਰਗਾ ਭਗਤ ਪਯਾਰੇ। ਤੈਂ ਸਾਡੇ ਇਹ ਬਚਨ ਵਿਚਾਰੇ।।
ਅਰ ਤੈਨੂੰ ਕੁਛ ਹੋਯਾ ਗਿਆਨ। ਗੁਰਮਤ ਦੀ ਹੋ ਗਈ ਪਛਾਨ।।
ਜਿਸ ਤੇ ਅਰਥ ਭਗਉਤੀ ਸਾਰਾ। ਤੈਂ ਅਪਨੇ ਮਨ ਮਾਂਹਿ ਵਿਚਾਰਾ।।
ਜਾਨ ਲਿਆ ਈਸ਼੍ਵਰ ਦਾ ਨਾਮ। ਇਸ ਮਹਿ ਨਹਿ ਚੰਡੀ ਦਾ ਕਾਮ।।
ਫਿਰ ਹੁਣ ਤਾਂ ਕੁਛ ਮੁਖੋਂ ਬਖਾਨ। ਗੁਰ ਪਰ ਲਾਵੇਂ ਨਹੀਂ ਤੁਫਾਨ।।
ਉਹ ਸਤਿਗੁਰ ਜੋ ਪਾਪ ਵਿਦਾਰਨ। ਆਏ ਥੇ ਧਰ ਪਰ ਸੁਖ ਕਾਰਨ।।
ਜਿਨ ਬਿਨ ਕਰਤਾ ਹੋਰਨ ਮਾਨਯੋ। ਕੇਵਲ ਕਾਲ ਸਰਬ ਬਿਧ ਜਾਨਯੋ।।
ਫਿਰ ਉਨ ਪਰ ਜੋ ਦੋਖ ਲਗਾਏ। ਦੇਵੀ ਦੇ ਪੂਜਕ ਠਹਰਾਏ।।
ਜਿਸ ਦਾ ਖੰਡਨ ਮੈਂ ਕਰ ਦੀਆ। ਅਰ ਤੈਂ ਭਲੀ ਭਾਂਤ ਸੁਨ ਲੀਆ।।
ਸੋ ਤੂੰ ਦਸ ਸੱਤ ਹੈ ਨਾਹੀਂ। ਕਿਯਾ ਆਯਾ ਤੇਰੇ ਮਨ ਮਾਹੀ?
ਹੈ ਢੁੱਚਰ ਤਾਂ ਹੋਰ ਚਲਾਂਦੇ। ਜੋ ਮਨ ਮਹਿ ਹੈ ਖੋਲ੍ਹ ਨੂੰ ਸੁਨਾਦੇ।।੧੨੫।।

**ਦੋਹਿਰਾ**

ਅਪਨੇ ਅਨੁਭਵ ਨਾਲ ਜਦ ਦੇਖੇਂ ਰਿਦੇ ਵਿਚਾਰ।
ਤਾਂ ਇਹ ਬੰਧ ਅਗਯਾਨ ਦੇ ਦੇਵੇਂ ਸਗਲ ਨਿਵਾਰ।।੧੨੬।।

**ਦੁਰਗਾ ਭਗਤ**

ਮੇਰਾ ਅਨੁਭਵ ਅਜੇ ਭੀ ਮੰਨ ਰਿਹਾ ਇਹ ਸੱਚ।
ਦੁਰਗਾ ਪੂਜਨ ਵਿੱਚ ਨਹਿ ਰੰਚਕ ਦਿਸਦਾ ਕੱਚ।।੧੨੭।।

**ਚੌਪਈ**

"ਹੈ ਇਹ ਮੋਟੀ ਬਾਤ ਪਯਾਰੇ। ਜੋ ਆਵੇ ਮਨ ਮਾਹਿ ਹਮਾਰੇ॥
ਜਿਸ ਕੀ ਲਗਨ ਜਾਂਹਿ ਮਨ ਹੋਤੀ। ਲਾਗ ਰਹਤ ਹੈ ਫਿਰ ਸੰਗ ਓਤੀ॥
ਤਾਂ ਹੀ ਕੇ ਗੁਨ ਨਿਸ ਦਿਨ ਗਾਵੈ। ਔਰ ਨ ਦੂਸਰ ਨਜ਼ਰੀ ਆਵੈ॥
ਅਰ ਜਾਸੋਂ ਕੁਛ ਕਾਮ ਨ ਆਵਤ। ਤਾਂ ਕੋ ਨਰ ਨਹਿ ਕਬੀ ਮਨਾਵਤ॥
ਰਹਤ ਉਪੇਖਯਾ ਤਾਂ ਕੇ ਮਾਹੀਂ। ਜਾਂ ਕੇ ਸਾਥ ਸਿੱਧ ਕੁਛ ਨਾਹੀਂ॥
ਤਾਂ ਤੇ ਗੁਰ ਕੀ ਬਾਨੀ ਦੁਵਾਰੇ। ਸਿੱਧ ਹੋਤ ਦੁਰਗਾ ਅਧਿਕਾਰੇ॥
ਜਾਂਤੇ ਕਈ ਜਗ੍ਹਾ ਪਰ ਗਾਂਵੈਂ। ਸ੍ਰੀ ਚੰਡੀ ਜਗ ਮਾਤ ਬਤਾਵੈਂ॥
ਅਰ ਪੁਨ ਤੀਨ ਚਰਿਤ ਤਿਸ ਕੇਰੇ। ਤੀਨ ਵਾਰ ਨਿਜ ਮੁਖ ਤੇ ਟੇਰੇ॥
ਚੰਡੀ ਵਾਰ ਨਾਮ ਕਰ ਗਾਏ। ਗੁਰੂ ਗ੍ਰੰਥ ਮਹਿ ਪ੍ਰਥਮ ਦਖਾਏ॥
ਸੌ ਜੇਕਰ ਨਹਿ ਸ਼ਰਧਾ ਹੋਤੀ। ਅਰ ਨਹਿ ਜਾਨਤ ਦੁਰਗਾ ਜੋਤੀ॥
ਤੌ ਐਸੀ ਕਿਉਂ ਰਚਨਾ ਕਰਤੇ। ਅਰ ਨਿਜ ਗ੍ਰੰਥ ਮਾਂਹਿ ਕਤ ਧਰਤੇ॥
ਤਾਂਤੇ ਐਸੀ ਬਾਤਾਂ ਭਾਈ। ਮੈਨੂੰ ਸੁਣਨ ਨ ਦੇਂਦੀ ਕਾਈ॥
ਤੇਰੀ ਬਾਤ ਅਸਰ ਨਹਿ ਕਰਦੀ। ਜਦ ਦੇਖਾਂ ਬਾਣੀ ਗੁਰ ਘਰਦੀ॥
ਅਪਨੇ ਬਿਨਾਂ ਉਪਾਸਯ ਪਿਆਰੇ। ਕੌਨ ਰਚੇ ਤਹਿ ਕਥਾ ਵਿਚਾਰੇ॥
ਜਾਂਤੇ ਤਾਕੀ ਕਥਾ ਉਚਾਰੀ। ਸੀ ਪੂਜਨ ਦੇ ਜੋਗ ਨਿਹਾਰੀ॥
ਇਸ ਸੰਕਾ ਦਾ ਉਤ੍ ਦੇਈਂ। ਫਿਰ ਕੁਛ ਪੁੱਛ ਅਗੇਰੇ ਲੇਈਂ॥"

### ਦੋਹਿਰਾ

ਜਿਤਨਾ ਚਿਰ ਸਮਾਂ ਨਹਿ ਜਾਊ।
ਤਬ ਤਕ ਤੁਮਰਾ ਕਿਹਾ ਨ ਭਾਊ॥੧੨੮॥
ਧਰਮ ਮਾਹਿ ਸਦ ਚਾਹੀਏ ਨਿਰ ਸੰਦੇਹ ਗਿਆਨ॥
ਸੁਨੋ ਸੁਨੀ ਨਹਿ ਮਾਨੀਏ ਅੰਧ ਲਕਟ ਪ੍ਰਮਾਨ॥੧੨੯॥

ਭਾਵ :- ਭਾਵੇਂ ਤੈਂ ਅਪਨੀ ਯੁਕਤੀਆਂ ਉਕਤੀਆਂ ਨਾਲ ਇਸ ਬਾਤ ਨੂੰ ਸਿੱਧ ਕੀਤਾ ਹੈ ਕਿ ਗੁਰੂ ਜੀ ਨੇ ਦੁਰਗਾ ਨੂੰ ਨਹੀਂ ਪੂਜਿਆ ਪਰੰਤੂ ਹੱਥ ਦੇ ਕੰਗਨ ਨੂੰ ਜਿਸ ਤਰ੍ਹਾਂ ਆਰਸੀ ਦੀ ਲੋੜ ਨਹੀਂ ਹੁੰਦੀ। ਏਸੇ ਤਰ੍ਹਾਂ ਪ੍ਰਤੱਖ ਵਸਤੂ ਨੂੰ ਅਨੁਮਾਨ ਕਰਨ ਦੀ ਜ਼ਰੂਰਤ ਨਹੀਂ ਹੈ, ਸੋ ਜਦ ਅਸੀਂ ਦਸਮ ਗੁਰੂ ਜੀ ਦੇ ਗ੍ਰੰਥ ਸਾਹਿਬ ਵਿੱਚ ਕਈ ਜਗ੍ਹਾ ਚੰਡੀ ਦਾ ਯਸ਼ ਪੜ੍ਹਦੇ ਹਾਂ ਅਰ ਉਸ ਦੀ ਮਹਮਾਂ ਦੇ ਤਿੰਨ ਚਰਿੱਤ੍ ਲਿਖੇ ਹੋਏ ਹਨ ਫਿਰ ਕਿਸ ਤਰ੍ਹਾਂ ਆਖ ਦਈਏ ਕਿ ਇਹ ਗੱਲ ਝੂਠੀ ਹੈ, ਕਿਉਂਕਿ ਧਰਮ ਦੇ ਮਾਮਲੇ ਵਿੱਚ ਵਿਚਾਰ ਕਰਨਾ ਅਵਸ਼ਯ ਹੁੰਦਾ ਹੈ ਪਰੰਤੂ ਜਿਸ ਤਰ੍ਹਾਂ ਅੰਧੇ ਨੂੰ ਲਾਠੀ ਦੇ ਕੇ ਤੋਰ ਦਈਦਾ ਹੈ ਇਸ ਤਰ੍ਹਾਂ ਤੁਰ ਪੈਣਾਂ ਠੀਕ ਨਹੀਂ ਹੁੰਦਾ ਤਾਂਤੇ ਜਦ ਉਸ ਦੀ ਉਪਾਸਨਾ ਅਰ ਉਸਤਤੀ ਦਸਮ ਗ੍ਰੰਥ ਵਿੱਚ ਸਾਨੂੰ ਮਿਲਦੀ ਹੈ ਤਾਂ ਫਿਰ ਇਨਕਾਰ ਕਿਕੁਰ ਕਰੀਏ॥

# ਤੱਤ ਖਾਲਸਾ

## ਦੋਹਿਰਾ

ਚੰਗਾ ਤੈਂ ਉਪਦੇਸ਼ ਦਾ ਕੱਢਿਆ ਚਾਇ ਨਚੋੜ।
ਰਹੀ ਸਹੀ ਮਨ ਆਸ ਜੋ ਸੱਗੋਂ ਦਿੱਤੀ ਤੋੜ।।੧੩੦।।

## ਚੌਪਈ

ਜੇ ਇਤਨੀ ਹੈ ਬਾਕੀ ਬਾਤ। ਗੁਰ ਦੁਰਗਾ ਦਾ ਹਨ ਯਸ਼ ਗਾਤ।।
ਅਰ ਤਿਸ ਦੇ ਰਚ ਦਏ ਚਰਿੱਤ੍ਰ। ਦਸਮ ਗ੍ਰੰਥ ਵਿੱਚ ਹੈਨ ਬਚਿੱਤ੍ਰ।।
ਤਾਂ ਇਹ ਬਾਤ ਤੁਸਾਂਨੈ ਭਈ। ਇਤਨੀ ਪਰਬਲ ਨਹੀਂ ਬਤਾਈ।।
ਜੇ ਰਚਨਾ ਦੇ ਕਰਨੇਹਾਰੇ। ਸ਼ਰਧਾ ਕਰ ਸਨ ਤਾਂਹਿ ਮਝਾਰੇ।।
ਤਾਂ ਪੁਨ ਦਸਮ ਗ੍ਰੰਥ ਮਹਿ ਦੇਖ। ਰਾਮ ਕ੍ਰਿਸ਼ਨ ਦੇ ਚਰਤ ਵਿਸੇਖ।।
ਰਾਮ ਅਵਤਾਰ ਤਿਸੀ ਮਹਿ ਗਾਯਾ। ਜਗ ਕਰਤਾ ਰਘਵਰ ਕੋ ਗਾਯਾ।।
ਅਰ ਪੁਨ ਕ੍ਰਿਸ਼ਨ ਕਥਾ ਜਬ ਗਾਈ। ਛੰਦਨ ਮਾਂਹਿਕਾ ਬਯਅਤਿ ਭਾਈ।।
ਤਹਾਂ ਕ੍ਰਿਸ਼ਨ ਕੀ ਉਪਮਾਂ ਕਰੀ। ਸਾਰੀ ਸ੍ਰਿਸ਼ਟ ਤਿਸੀ ਤੇ ਧਰੀ।।
ਕਰੇ ਰੁਮਾਇਣ ਉਲਥਾ ਸਾਰੇ। ਬਹੁਰ ਭਾਗਵਤ ਛੰਦ ਮਝਾਰੇ।।
ਫਿਰ ਕਿਆ ਇਸ ਤੇ ਇਹ ਸਿਧ ਹੋਵੇ। ਗੁਰ ਤਿਨ ਕੋ ਪਰਮੇਸ਼ਰ ਜੋਵੇ।।
ਕਦੇ ਨਹੀਂ ਤਿਨ ਉਪਰ ਪਯਾਰੇ। ਗੁਰ ਕੀ ਸ਼ਰਧਾ ਬੀ ਨਿਰਧਾਰੇ।।
ਯਾਂ ਤੇ ਥੋ ਇੱਕ ਕੌਤਕ ਤਾਂ ਕਾ। ਜੁੱਧ ਜੰਗ ਇਤ ਉੱਦਮ ਜਾਂ ਕਾ।।
ਅਰ ਅਪਨਾ ਨਿਸਚਾ ਥੋ ਸੋਈ। ਨਵ ਗੁਰੂਅਨ ਕੋ ਹੋਵਤ ਜੋਈ।।
ਇਸੀ ਪ੍ਰਕਾਰ ਚੰਡਕਾ ਬਾਨੀ। ਰਚੀ ਗ੍ਰੰਥ ਮਹਿ ਗੁਰ ਪਰਧਾਨੀ।।
ਕਰਾ ਤਰਜ਼ਮਾਂ ਦੇਵ ਪੁਰਾਨਾ। ਜਿਸ ਮਹਿ ਤਿਸ ਕੋ ਈਸ ਬਖਾਨਾ।।
ਸੋ ਹੈ ਪੌਰਾਨਕ ਕੀ ਬਾਨੀ। ਜੋ ਉਲਥਾ ਕਰ ਗੁਰੂ ਬਖਾਨੀ।।
ਪਰ ਨਹਿ ਇਸ਼ਟ ਗੁਰੂ ਕਾ ਸੋਈ। ਅਹੇ ਪੁਰਾਨ ਤਰਜ਼ਮਾਂ ਜੋਈ।।
ਅਰ ਜੇ ਇਤਨੇ ਪਰ ਹੀ ਭਾਈ। ਕਰ ਵਿਸ਼੍ਵਾਸ ਲਏਂ ਭਲ ਭਾਈ।।
ਜਿਸ ਦੀ ਕਥਾ ਗ੍ਰੰਥ ਮਹਿ ਆਵੇ। ਤਿਸ ਹੀ ਕੋ ਗੁਰ ਇਸ਼ਟ ਬਤਾਵੇ।।
ਤੌ ਇੱਕ ਨਾਇਨ ਹੁਤੀ ਵਿਚਾਰੀ। ਨੰਦ ਮਤੀ ਜਿਹ ਨਾਮ ਉਚਾਰੀ।।
ਪੁਰ ਅਨੰਦ ਮਹਿ ਰਹਤੀ ਸੋਈ। ਜਿਸ ਤੇ ਗੁਰ ਨਿਜ ਨੈਨਨ ਜੋਈ।।
ਤਿਸ ਕਾ ਭੀ ਇੱਕ ਚਰਤ ਬਨਾਇ। ਧਰਾ ਗ੍ਰੰਥ ਮਹਿ ਸਹਜ ਸੁਭਾਇ।।
ਫਿਰ ਕਿਆ ਇਸ ਤੇ ਇਹ ਸਿੱਧ ਹੋਵੇ। ਗੁਰ ਨਾਇਨ ਕੀ ਭਗਤ ਬਗੋਵੇ।।
ਇਸੀ ਤਰ੍ਹਾਂ ਦੇਵੀ ਕਾ ਹਾਲ। ਉਲਥਾ ਕੀਨਹੁ ਦੀਨ ਦਿਆਲ।।
ਤੌ ਕੁਛ ਸ਼ਰਧਾਂ ਕੀ ਨਹਿ ਬਾਤ। ਜੋ ਤੈ ਮੈਨੂੰ ਕਹੀ ਭਰਾਤ।।
ਤਾਂ ਤੇ ਇਹ ਸਭ ਤਜ ਬਕਵਾਸ। ਜੋ ਲੋਗਨ ਕੋ ਹੈ ਉਪਹਾਸ।।
ਗੁਰਮਤ ਕੋ ਨੀਕੇ ਕਰ ਦੇਖ। ਜਾਂ ਤੇ ਸੁਧ ਰਹਿ ਤੁਮਰੇ ਲੇਖ।।

ਗੁਰ ਪਰਮਾਨ ਦੁਵਾਰੇ ਜੋਈ। ਸਿੱਧ ਬਾਤ ਸਾਚੀ ਹੈ ਸੋਈ॥
ਇਨ ਗ੍ਰੰਥਨ ਕੇ ਉਲਥਾ ਸਾਰੇ। ਕਰਤ ਵਡੇ ਅੰਗ੍ਰੇਜ਼ ਉਦਾਰੇ॥
ਮਹਾਂ ਭਾਰਤ ਰੁਮਾਇਣ ਆਦਿ। ਅੰਗ੍ਰੇਜ਼ੀ ਮਹਿ ਰਚ ਅਨੁਵਾਦ॥
ਤੌ ਕਯਾ ਇਸ ਤੇ ਇਹ ਸਿੱਧ ਹੋਯਾ। ਵਹੁ ਅੰਗ੍ਰੇਜ਼ ਭਗਤ ਤਿਨ ਹੋਯਾ॥
ਤਾਂ ਤੇ ਐਸੇ ਹੀ ਗੁਰ ਕੀਆ। ਕੌਤਕ ਹੇਤ ਤਰਜ਼ੁਮਾਂ ਥੀਆ॥
ਇਸ ਮਹਿ ਕਿਆ ਸ਼ਰਧਾ ਕੀ ਗਾਥਾ। ਦੇਖਹੁ ਸੋਚ ਰਿਦੇ ਕੇ ਸਾਥਾ॥੧੩੧॥

ਭਾਵ :- ਉਨ੍ਹਾਂ ਸਮਯਾਂ ਦੇ ਵਿੱਚ ਜੁਧ ਕਰਨ ਵੇਲੇ ਬਹਾਦਰਾਂ ਦੀਆਂ ਵਾਰਾਂ ਅਤੇ ਜੰਗ ਨਾਮੇਂ ਸੁਨਾਏ ਜਾਂਦੇ ਸਨ ਜਿਨ੍ਹਾਂ ਨੂੰ ਪੜ੍ਹਕੇ ਕਾਇਰਾਂ ਦੇ ਦਿਲਾਂ ਵਿੱਚ ਭੀ ਜੰਗ ਦਾ ਉਤਸ਼ਾਹ ਪੈਦਾ ਹੋ ਜਾਂਦਾ ਸੀ, ਇਸੇ ਵਾਸਤੇ ਦਸਮੇਂ ਪਾਤਸ਼ਾਹ ਜੀ ਨੇ ਬਵੰਜਾ ਕਵੀ ਅਪਨੇ ਪਾਸ ਰੱਖਕੇ ਉਨ੍ਹਾਂ ਤੇ ਮਹਾਂਭਾਰਤ, ਰੁਮਾਇਣ ਅਤੇ ਚੰਡੀ ਆਦਿਕ ਕਈ ਬੀਰ ਰਸ ਵਾਲੇ ਗ੍ਰੰਥਾਂ ਦੇ ਤਰਜ਼ੁਮੇਂ ਕਰਾਏ ਸਨ, ਜਿਸ ਤੇ ਇਹ ਸਿੱਧ ਹੁਦਾ ਕਿ ਗੁਰੂ ਜੀ ਉਨ੍ਹਾਂ ਨੂੰ ਅਪਨਾ ਇਸ਼ਟ ਸਮਝਦੇ ਸੇ ਕਿੰਤੂ ਕੇਵਲ ਜੰਗ ਮਈ ਬਾਨੀ ਉਤਸ਼ਾਹ ਦਾਇਕ ਜਾਨਦੇ ਸੇ ਅਰ ਖਿਆਲ ਕਰਦੇ ਸਨ ਕਿ ਇਹ ਜੰਗ ਨਾਮੇਂ ਪੜ੍ਹਕੇ ਲੋਗਾਂ ਦੇ ਦਿਲਾਂ ਦੀ ਕਾਇਰਤਾ ਦੂਰ ਹੋਕੇ ਸੂਰਬੀਰਤਾ ਦਿਲਾਂ ਵਿੱਚ ਪਰਵੇਸ਼ ਕਰ ਜਾਏ, ਜੈਸਾ ਦਸਮ, ਸਕੰਧ ਦੇ ਅੰਤ ਵਿੱਚ ਗੁਰੂ ਜੀ ਨੇ ਕਥਨ ਕੀਤਾ ਹੈ, ਯਥਾ :-

"ਦਸਮ ਕਥਾ ਭਾਗਉਤ ਕੀ ਭਾਖਾ ਕਰੀ ਬਨਾਇ।
ਔਰ ਬਾਸਨਾ ਨਾਂਹਿ ਕਛੁ ਧਰਮ ਯੁੱਧ ਕੇ ਚਾਇ॥"

ਇਹ ਵਾਸਤੇ ਦੇਵੀ ਦੇ ਜੰਗ ਅਰ ਰਾਮ ਕ੍ਰਿਸ਼ਨ ਆਦਿਕ ਦੇ ਯੁੱਧ ਰਚਨ ਤੇ ਗੁਰੂ ਜੀ ਦਾ ਹੋਰ ਮਨੋਰਥ ਕੋਈ ਨਹੀਂ ਸਾ ਕੇਵਲ ਧਰਮ ਯੁੱਧ ਵਿੱਚ ਸ਼ੂਰਬੀਰਾਂ ਦੇ ਚਿਤਾਂ ਨੂੰ ਉਮੰਗ ਦੇਨਾ ਹੀ ਸਾ। ਪ੍ਰੰਤੂ ਅਪਨਾ ਸਿੱਧਾਂਤ ਅਪਨੇ ਪਹਲੇ ਪਾਤਸ਼ਾਹ ਵਾਲਾ ਹੀ ਸਾ॥

## ਦੋਹਿਰਾ

ਦੁਰਗਾ ਪੂਜਨ ਕਰਨ ਦਾ ਇਸ ਵਿੱਚ ਰੰਚ ਨ ਭਾਵ।
ਕੌਤਕ ਕਥਾ ਨਮਿਤ ਯਹ ਸੀ ਮਨ ਕੋ ਪਰਚਾਵ॥੧੩੨॥
ਤਾਂ ਤੇ ਏਸ ਖਿਆਲ ਨੂੰ ਦੇਈਂ ਮਨੋ ਵਿਸਾਰ।
ਸ੍ਰੀ ਸਤਿਗੁਰ ਜੀ ਕਰਤ ਥੇ ਦੁਰਗਾ ਸਾਥ ਪਿਆਰ॥੧੩੩॥
ਉਲਟਾ ਇਸ ਕਾ ਕਰਤ ਤੇ ਖੰਡਨ ਭਲੇ ਬਨਾਇ।
ਜਗਤ ਜੀਵ ਕੇ ਬੰਧ ਸਭ ਤੋੜੇ ਜਿਨ ਜਗ ਆਇ॥੧੩੪॥

# ਦੁਰਗਾ ਭਗਤ

## ਦੋਹਿਰਾ

ਕਿਸ ਜਾਗਾ ਪਰ ਖੰਡਯਾ ਪੂਜਨ ਦੇਵੀ ਦੇਵ।
ਸੋ ਪ੍ਰਗਟ ਕਰ ਦਈਏ ਜੋ ਸਗਰਾ ਹੈ ਭੇਵ॥੧੩੫॥
ਬਾਤਾਂ ਸਾਥ ਨ ਸਿੱਧ ਕੁਛ ਚਹੀਏ ਦੇਨ ਪਰਮਾਨ।

ਮੈਂ ਭੀ ਪੜ੍ਹਿਆ ਗ੍ਰੰਥ ਸਭ ਨਾਹੀਂ ਹਾਂ ਅਨਜਾਨ।।੧੩੬।।
ਛਾਤੀ ਸਾਥ ਨ ਢਾਹੀਏ ਕੰਧ ਸੁਨੋ ਹੇ ਮੀਤ।
ਬਿਨਾਂ ਸੱਤ ਮੁਖ ਬਚਨ ਕੋ ਕਹਤੇ ਸੁਧੀ ਅਨੀਤ।।੧੩੭।।
ਸਾਰੇ ਦਸਵੇਂ ਗਰੰਥ ਮਹਿ ਦੁਰਗਾ ਹੈ ਭਰਪੂਰ।
ਤਿਸ ਕਾ ਖੰਡਨ ਜੋ ਕਰੈ ਸੋ ਬਕਤਾ ਸਭ ਕੂਰ।।੧੩੮।।

## ਤੱਤ ਖਾਲਸਾ

### ਦੋਹਿਰਾ

ਮੈਂ ਤਾਂ ਬਹੁਤ ਸੁਨਾਇਆ ਕਢਕੇ ਸਭੋ ਨਚੋੜ।
ਪਰ ਤੈਂ ਮੰਨੀ ਇੱਕ ਨਾ ਡਾਢਾ ਅਹੇਂ ਅਮੋੜ।।੧੩੯।।

### ਚੌਪਈ

ਸੁਨਹੁ ਮੀਤ ਨੀਕੇ ਮਨ ਲਾਈ। ਮੈਂ ਸਭ ਬਾਤ ਖੋਲ ਸਮਝਾਈ।।
ਪਹਲੇ ਸਾਰੇ ਗੁਰੂ ਬਿਲਾਸ। ਜੋ ਰੱਖਦੇ ਸਨ ਦੁਰਗਾ ਆਸ।।
ਕਰ ਸੰਖੇਪ ਉਨ੍ਹਾਂ ਦਾ ਗਾਯਾ। ਆਪਸ ਵਿੱਚ ਵਿਰੋਧ ਦਿਖਾਯਾ।।
ਫਿਰ ਇਹ ਭੀ ਮੈਂ ਦੱਸੀ ਗੱਲ। ਵਿੱਚ ਉਨ੍ਹਾਂ ਦੇ ਬਹੁਤ ਜਟੱਲ।।
ਮੰਨਨ ਜੋਗ ਨਹੀਂ ਹਨ ਓਹ। ਕਰਨ ਧਰਮ ਦਾ ਉਲਟਾ ਦੋਹ।।
ਜੋ ਅਗਿਆਨ ਉਨ੍ਹਾਂ ਦੇ ਭਾਰੇ। ਸੋ ਹਿਰਦੇ ਦੇ ਵਿੱਚ ਕਰਾਰੇ।।
ਸੋਈ ਗੁਰ ਮਹਿ ਤਿਨੋਂ ਅਰੋਪੇ। ਰਿਦੇ ਨੈਨ ਮੀਟੇ ਦੇ ਥੋਪੇ।।
ਅਪਨਾ ਦੋਖ ਨ ਤਿਨ ਨੇ ਜਾਨਾਂ। ਉਲਟਾ ਗੁਰ ਪਰ ਦੋਸ਼ ਲਗਾਨਾ।।
ਜੈਸੇ ਨੇਤ੍ਰ ਦੋਖ ਨਾ ਲਹੈ। ਦੋਇ ਤੰਦ ਨਭ ਭੀਤਰ ਕਹੈ।।
ਤੈਸੇ ਅਪਨੇ ਮਨ ਕਾ ਦੋਖ। ਗੁਰ ਜੀ ਪਰ ਲਾਯੋ ਜਿਨ ਸ਼ੋਖ।।
ਜਦ ਤਿਨ ਕਾ ਖੰਡਨ ਮੈਂ ਕੀਨਾ। ਤਬ ਤੈਂ ਔਰ ਸਹਾਰਾ ਲੀਨਾ।।
ਦਸਮ ਗ੍ਰੰਥ ਦੀ ਲੈਕਰ ਓਟ। ਕਰੀ ਮੋਹਿ ਪਰ ਭਾਰੀ ਚੋਟ।।
ਜਿਸ ਦਾ ਮੈਂ ਫਿਰ ਤੱਤ ਬਤਾਕੇ। ਭਿਆ ਸੁਖੀ ਤਬ ਆਪ ਬਚਾਕੇ।।
ਹੁਨ ਤੈਂ ਕਹੀ ਹੋਰ ਇੱਕ ਬਾਤ। ਖੰਡਨ ਨਹਿ ਗੁਰ ਗ੍ਰੰਥ ਬਤਾਤ।।
ਸੋ ਭੀ ਮੈਂ ਅਬ ਧਰ ਗੁਰ ਟੇਕ। ਭਾਖਤ ਸਗਰਾ ਤੁਝੇ ਬਿਬੇਕ।।
ਦਸਮ ਗ੍ਰੰਥ ਪ੍ਰਮਾਨ ਸੁਨਾਊਂ। ਬਹੁਰ ਆਦਿ ਕੇ ਨੀਕੇ ਗਾਊਂ।।
ਜਾਂ ਤੇ ਸੰਕਾ ਰਹੇ ਨ ਤੋਰੀ। ਸਿੱਧ ਬਾਤ ਹੋ ਜਾਵਤ ਮੋਰੀ।।
ਬਹੁਰ ਗੁਰੂ ਕੇ ਚਰਤ ਸੁਨਾਉਂ। ਭਗਤਨ ਹਾਲ ਬਹੁਰ ਸਮਝਾਊਂ।।
ਔਰ ਯੁਕਤ ਉਕਤੀ ਕੇ ਸੰਗ। ਤੁਮਰੋ ਭਰਮ ਕਰੋਂ ਅਤਿ ਭੰਗ।।੧੪੦।।

# ਦਸਮ ਗ੍ਰੰਥ ਵਿੱਚ ਦੇਵੀ ਦੇਵਤੇ ਪੂਜਨ ਦਾ ਖੰਡਨ

## ਦੋਹਿਰਾ

ਪਹਲੇ ਦਸਮ ਗ੍ਰੰਥ ਮਹਿ ਖੰਡਨ ਗੁਰ ਨੇ ਕੀਨ।
ਬਿਨ ਅਕਾਲ ਤੇ ਦੂਸਰੋ ਪੂਜੇ ਸਿੰਘ ਕਬੀਨ।।੧੪੧।।

ਯਥਾ : ਸ੍ਰੀ ਮੁਖ ਵਾਕ ਪਾਤਸ਼ਾਹੀ ੧੦

"ਅਨਹਦ ਰੂਪ ਅਨਾਹਦ ਬਾਨੀ। ਚਰਨ ਸਰਨ ਜਿਹ ਬਸਤ ਭਵਾਨੀ।।
ਬ੍ਰਹਮਾ ਬਿਸ਼ਨ ਅੰਤ ਨਹੀ ਪਾਯੋ। ਨੇਤ ਨੇਤ ਮੁਖ ਚਾਰ ਬਤਾਯੋ।।"

ਇਸ ਪਵਿੱਤ੍ਰ ਬਾਣੀ ਵਿੱਚ ਦਸਮੇਂ ਪਾਤਸ਼ਾਹ ਜੀ ਨੇ ਉਸ ਮਹਾਨ ਅਕਾਲ ਪੁਰਖ ਦੀ ਮਹਮਾਂ ਦਾ ਵਰਨਨ ਕਰਕੇ ਉਸ ਦੀ ਕ੍ਰਿਤਮ ਵਸਤੂਆਂ ਨੂੰ ਤੁੱਛ ਵਰਨਨ ਕੀਤਾ ਹੈ, ਜੈਸਾ ਕਿ ਇਸ ਸ੍ਰੀ ਮੁਖ ਵਾਕ ਤੇ ਪ੍ਰਗਟ ਹੁੰਦਾ ਹੈ ਕਿ ਉਸ ਪ੍ਰਮਾਤਮਾਂ ਦਾ ਸਰੂਪ ਬੇਅੰਤ ਹੈ ਅਤੇ ਇਸੀ ਪ੍ਰਕਾਰ ਉਸ ਦੀ ਬਾਣੀ ਅਰਥਾਤ ਆਗਯਾ ਭੀ ਅਨੰਤ ਹੈ, ਪਰੰਤੂ ਉਹ ਐਸਾ ਮਹਾਨ ਹੈ ਜੋ ਦੇਵੀ, ਬ੍ਰਹਮਾ ਅਤੇ ਵਿਸ਼ਨੂੰ ਆਦਿਕ ਜਿਤਨੇ ਜੀਵ ਹਨ ਜਿਨ੍ਹਾਂ ਨੂੰ ਲੋਗ ਈਸ਼ੂਰ ਬੁੱਧਿ ਕਰਕੇ ਪੂਜਦੇ ਹਨ। ਓਹ ਸਾਰੇ ਉਸ ਮਹਾਨ ਪਰਮੇਸ਼ਰ ਦੇ ਚਰਨਾਂ ਦੇ ਅਧੀਨ ਬਸਨੇ ਵਾਲੇ ਇੱਕ ਤੁੱਛ ਜੀਵ ਹਨ, ਜਿਸ ਤੇ ਉਨ੍ਹਾਂ ਨੂੰ ਉਸ ਦੇ ਸਰੂਪ ਦਾ ਰੰਚਕ ਮਾਤ੍ਰ ਭੀ ਗਯਾਨ ਨਹੀਂ ਹੈ, ਇਸੀ ਤੇ ਹਾਰ ਕੇ ਉਨ੍ਹਾਂ ਨੇ ਉਸ ਨੂੰ ਨੇਤਿ ਨੇਤਿ ਕਥਨ ਕੀਤਾ ਹੈ।।

ਇਸ ਸ੍ਰੀ ਮੁਖ ਵਾਕ ਤੇ ਜਾਣਿਆ ਜਾਂਦਾ ਹੈ ਕਿ ਜਦ ਗੁਰੂ ਜੀ ਮਹਾਰਾਜ ਉਸ ਦੇਵੀ ਨੂੰ ਜਿਸ ਨੂੰ ਲੋਗ ਸਰਬ ਸ਼ਕਤੀ ਮਾਨ ਮੰਨਕੇ ਪੂਜਦੇ ਹਨ ਕੁਛ ਸਮਰੱਥਾਵਾਨ ਯਾ ਪੂਜਨ ਯੋਗ ਸਮਝਦੇ ਤਦ ਇਸ ਤਰ੍ਹਾਂ ਦਾ ਬਚਨ ਦਾ ਉਚਾਰਨ ਕਰਦੇ ਕਿ ਉਸ ਦੇ ਚਰਨਾਂ ਵਿੱਚ ਕਈ ਦੇਵੀ, ਬ੍ਰਹਮਾਂ ਅਤੇ ਵਿਸ਼ਨੂੰ ਜੈਸੇ ਪਏ ਹਨ।।

ਪੁਨ: ਸ੍ਰੀ ਮੁਖ ਵਾਕ

ਜਿਹ ਕੋਟ ਇੰਦ੍ਰ ਨ੍ਰਿਪਾਰ। ਕਈ ਬ੍ਰਹਮ ਬਿਸ਼ਨ ਵਿਚਾਰ।। ਕਈ ਰਾਮ ਕ੍ਰਿਸ਼ਨ ਰਸੂਲ। ਬਿਨ ਭਗਤ ਕੋ ਨ ਕਬੂਲ।। ਕਈ ਸਿੰਧ ਬਿੰਧ ਨਰਿੰਦ੍ਰ। ਕਈ ਕਛ ਮਛ ਫਨਿੰਦ੍ਰ।। ਕਈ ਦੇਵਿ ਆਦਿ ਕੁਆਰ। ਕਈ ਕ੍ਰਿਸਨ ਬਿਸ਼ਨ ਅਉਤਾਰ।।"

ਇਸ ਸ੍ਰੀ ਮੁਖ ਵਾਕ ਤੇ ਪ੍ਰਗਟ ਹੁੰਦਾ ਹੈ ਕਿ ਉਸ ਪਰਮਾਤਮਾਂ ਦੇ ਮਹਾਨ ਸਰੂਪ ਵਿੱਚ ਕਈ ਕਰੋੜਾਂ ਇੰਦ੍ਰ ਜੈਸੇ ਰਾਜੇ ਮਹਾਰਾਜੇ ਅਤੇ ਕਈ ਬ੍ਰਹਮਾਂ ਬਿਸ਼ਨ ਵਰਗੇ ਦੇਵਤੇ ਇਸੀ ਪ੍ਰਕਾਰ ਕਈ ਰਾਮ ਕ੍ਰਿਸ਼ਨ ਅਤੇ ਮੁਹੰਮਦ ਸਾਹਿਬ ਵਰਗੇ ਅਵਤਾਰ ਪੈਦਾ ਹੋਏ ਅਰ ਮਰ ਗਏ, ਕਿੰਤੂ ਉਸ ਦੀ ਦਰਗਾਹ ਵਿੱਚ ਕਿਸੇ ਦੀ ਪੇਸ਼ ਨਹੀਂ ਜਾਂਦੀ, ਅਰ ਉਸ ਦੀ ਭਗਤੀ ਤੇ ਬਿਨਾਂ ਅਪਨੇ ਘਮੰਡ ਨਾਲ ਕੋਈ ਭੀ ਓਥੇ ਆਦਰ ਨਹੀਂ ਪਾਉਂਦਾ। ਇਸੇ ਤਰ੍ਹਾਂ ਕਈ ਆਦਿ ਕੁਆਰੀਆਂ ਦੇਵੀਆਂ ਕਹਾਉਂਦੀਆਂ ਹਨ ਜੋ ਉਸ ਅਕਾਲ ਪੁਰਖ ਦੇ ਸਾਮ੍ਹਨੇ ਕੋਈ ਆਦਰ ਦੇ ਜੋਗ ਨਹੀਂ ਹੈਨ, ਕਿੰਤੂ ਓਹ ਸਭ ਤੇ ਮਹਾਨ ਅਤੇ ਭਗਤੀ ਪਰ ਪ੍ਰਸੰਨ ਹੁੰਦਾ ਹੈ, ਜਿਸ ਤੇ ਕੋਈ ਦੇਵੀ ਦੇਵਤਾ ਅਤੇ ਅਵਤਾਰ ਉਸ ਦੇ ਸਾਮ੍ਹਨੇ ਦਮ ਨਹੀਂ ਮਾਰ ਸਕਦਾ।।

ਪੁਨਯ ਸ੍ਰੀ ਮੁਖ ਵਾਕ ਛਪੈ ਛੰਦ

"ਬੇਦ ਭੇਦ ਨਹੀਂ ਲਖੈ ਬ੍ਰਹਮ ਬ੍ਰਹਮਾ ਨਹੀਂ ਬੁਝੇ ਬਿਆਸ ਪਰਾਸੁਰ ਸੁਕ ਸਨਾਦਿ ਸਿਰ ਅੰਤ ਨ ਸੁਝੇ।। ਸਨਤ ਕੁਆਰ ਸਨਕਾਦਿ ਸਰਬਜਉ ਸਮਾਨ ਪਾਵਹਿ। ਲਖ ਲਖਮੀ ਲਖ ਬਿਸਨ ਕਿਸਨ ਕਈ ਨੇਤਿ ਬਤਾਵਹਿ।। ਅਸੁੰਭ ਰੂਪ ਅਨ ਭੈ ਪ੍ਰਭਾ ਅਤਿ ਬਲਿਸਟ ਜਲ ਥਲਿ ਕਰਣ। ਅਚੁਤ ਅਨੰਤ ਅਦ੍ਵੈ ਅਮਿਤ ਨਾਥ ਨਰੰਜਨ ਤਵ ਸਰਣ।।"

ਇਸ ਵਾਕ ਵਿੱਚ ਜੋ ਲੋਗ ਵੇਦਾਂ ਨੂੰ ਈਸ਼ੂਰ ਦਾ ਗਿਆਨ ਆਖਦੇ ਹਨ ਅਰ ਇਹ ਖਿਆਲ ਕਰਦੇ ਹਨ ਕਿ ਇਨ੍ਹਾਂ ਦੇ ਪੜ੍ਹਨੇ ਤੇ ਉਸ ਦੀ ਪ੍ਰਾਪਤੀ ਹੁੰਦੀ ਹੈ ਉਸ ਦਾ ਖੰਡਨ ਕੀਤਾ ਹੈ ਕਿ ਵੇਦ ਉਸ ਪ੍ਰਮਾਤਮਾ ਨੂੰ ਨਹੀਂ ਦਸ ਸਕਦੇ। ਇਸੇ ਪ੍ਰਕਾਰ ਬ੍ਰਹਮਾਂ ਭੀ ਉਸ ਪਾਰਬ੍ਰਹਮ ਦਾ ਭੇਦ ਨਹੀਂ ਜਾਨ ਸਕਦਾ, ਫਿਰ ਬਿਆਸ, ਪਾਰਾਸਰ ਅਤੇ ਸੁਕਦੇਵ ਜੈਸੇ ਮੁਨੀਸ਼ਰ ਉਸ ਦਾ ਗਿਆਨ ਨਹੀਂ ਪਾ ਸਕਦੇ ਕਿ ਓਹ ਐਸਾ ਹੈ, ਫਿਰ ਜਿਸਦੇ ਸਰੂਪ ਨੂੰ ਲੱਖਾਂ ਵਿਸ਼ਨੂੰ ਅਰ ਲੱਖਾਂ ਹੀ "ਲਖਮੀਆਂ" ਅਰਥਾਤ ਦੇਵੀਆਂ ਅਪਨੇ ਅਨੁਭਵਾਂ ਥੋਂ ਅਨੰਤ ਪ੍ਰਕਾਰ ਕੇ ਰਹ ਗਈਆਂ ਹਨ, ਇਸੀ ਤੇ ਉਹ "ਸ੍ਵੈਭੂ" ਅਰਥਾਤ ਸੁਤੰਤ੍ਰ ਅਤੇ ਨਿਰਭੈ ਸਰੂਪ ਹੈ, ਜਿਸ ਦਾ ਕੋਈ ਅੰਤ ਨਹੀਂ ਪਾਇ ਸਕਦਾ, ਕਿੰਤੂ ਓਹ ਸਭ ਤੇ ਸਮਰੱਥਾਵਾਨ ਹੈ ਜੋ ਜਲ ਥਲ ਆਦਿਕ ਬ੍ਰਹਮੰਡਾਂ ਦਾ ਕਰਤਾ ਹੈ, ਇਸ ਵਾਸਤੇ ਹੇ ਅਮਰ ਰੂਪ ਸਰਬ ਦੇ ਨਾਥ ਪਰਮਾਤਮਾਂ ਮੈਂ ਕੇਵਲ ਆਪ ਦੀ ਹੀ ਸ਼ਰਨ ਹਾਂ, ਆਪ ਤੇ ਭਿੰਨ ਮੈਂ ਕਿਸੇ ਦਾ ਅਰਾਧਕ ਨਹੀਂ ਹਾਂ।।

ਇਨ੍ਹਾਂ ਸ੍ਰੀ ਮੁਖ ਵਾਕਾਂ ਤੇ ਅੱਛੀ ਤਰ੍ਹਾਂ ਨਾਲ ਸਿੱਧ ਹੁੰਦਾ ਹੈ ਜੋ ਦਸਮੇਂ ਪਾਤਸ਼ਾਹ ਜੀ ਦਾ ਨਿਸਚਾ ਅਕਾਲ ਪੁਰਖ ਤੇ ਬਿਨਾਂ ਹੋਰ ਕਿਸੇ ਦੇਵੀ ਦੇਵਤੇ ਅਤੇ ਅਵਤਾਰ ਆਦਿਕ ਪਰ ਨਹੀਂ ਸਾ।।

ਬਹੁਤ ਸਾਰੇ ਪੁਰਸ਼ ਇਸ ਪਰ ਇਹ ਯੁਕਤੀ ਦੇਂਦੇ ਹਨ ਕਿ ਤੁਰਕਾਂ ਦੇ ਨਾਲ ਜੰਗ ਕਰਨੇ ਵਾਸਤੇ ਗੁਰੂ ਜੀ ਨੇ ਦੇਵੀ ਨੂੰ ਅਰਾਧਿਆ ਸੀ ਅਰ ਉਸ ਤੇ ਬਲ ਲੀਤਾ ਸਾ, ਪ੍ਰੰਤੂ ਉਨ੍ਹਾਂ ਲੋਕਾਂ ਦਾ ਇਹ ਕਥਨ ਭੀ ਕਪੋਲ ਕਲਪਨਾ ਹੈ, ਕਿਉਂਕਿ ਜਦ ਅਸੀਂ ਗੁਰੂ ਜੀ ਦੀ ਉਹ ਬਾਣੀ ਜੋ ਕਿਸੇ ਪੁਸਤਕ ਦਾ ਤਰਜ਼ੁਮਾ ਨਹੀਂ ਹੈ ਕਿੰਤੂ ਕੇਵਲ ਸ੍ਰੀ ਮੁਖਵਾਕ ਹੈ ਪੜ੍ਹਦੇ ਹਾਂ ਤਾਂ ਉਸ ਵਿੱਚ ਕਦੇ ਭੀ ਕਿਸੇ ਕ੍ਰਿਤਮ ਪਦਾਰਥ ਦਾ ਅਰਾਧਨ ਯਾ ਉਸ ਥੋਂ ਵਰ ਮੰਗਨ ਦਾ ਕਥਨ ਨਹੀਂ ਪਾਉਂਦੇ ਜਿਸ ਪਰ ਅਕਾਲ ਪੁਰਖ ਨੂੰ ਹੀ ਸਰਬ ਪ੍ਰਕਾਰ ਸਮਰੱਥ ਜਾਨ ਕੇ ਉਸ ਥੋਂ ਹੀ ਵਰ ਮੰਗਯਾ ਹੈ।।

ਯਥਾ :- ਸ੍ਰੀ ਮੁਖ ਵਾਕ

**ਚੌਪਈ**

"ਸਬ ਕੋ ਕਾਲ ਸਭਨ ਕੋ ਕਰਤਾ। ਰੋਗ ਸੋਗ ਦੋਖਨ ਕੋ ਹਰਤਾ।।
ਏਕ ਚਿੱਤ ਜਿਨ ਇਕ ਛਿਨ ਧਿਆਯੋ। ਕਾਲ ਫਾਸ ਕੇ ਬੀਚ ਨ ਆਯੋ।।

ਪੁਨ : ਤ੍ਵ ਪ੍ਰਸਾਦਿ ਭੁਜੰਗ ਪ੍ਰਯਾਤ ਛੰਦ

ਨਮੋ ਨਾਥ ਪੂਰੇ ਸਦਾ ਸਿੱਧ ਕਰਮੰ। ਅਛੇਦੀ ਅਭੇਦੀ ਸਦਾ ਏਕ ਧਰਮੰ।।

ਕਲੰਕੰ ਬਿਨਾਂ ਨਿਹ ਕਲੰਕੀ ਸਰੂਪੇ। ਅਛੇਦੰ ਅਭੇਦੰ ਅਖੇਦੀ ਅਨੂਪੇ॥

ਪੁਨ : ਤ੍ਵ ਪ੍ਰਸਾਦਿ ਕਬਿਤ

ਜੁੱਧ ਕੇ ਜਤਈਆ ਰੰਗ ਭੂਮ ਕੇ ਭਵੱਯਾ ਭਾਰ ਭੂਮ ਕੇ ਮਿਟਈਆ ਨਾਥ ਤੀਨੋਂ ਲੋਕ ਗਾਈਐ। ਕਾਹੂ ਕੇ ਤਨਈਆ ਹੈ ਨ ਮਈਆ ਜਾਕੇ ਭਈਆ ਕੋਊ ਛਊਨੀ ਹੂ ਕੇ ਛਈਆ ਛੋਡ ਕਾਸੋਂ ਪ੍ਰੀਤ ਲਾਈਐ॥ ਸਾਧਨਾਂ ਸਧਈਆ ਧੂਲ ਧਨੀ ਕੇ ਧੁਜਈਆ ਧੋਮ ਧਾਮ ਕੇ ਧਰਈਆ ਧਿਆਨ ਤਾਕੋ ਸਦਾ ਲਾਈਐ। ਅਉਕੇ ਬਢੱਯਾ ਏਕ ਨਾਮ ਕੇ ਜਪਈਆ ਅਉਰ ਕਾਮਕੇ ਕਰਈਆ ਛੋਡ ਔਰ ਕੌਨ ਧਿਆਈਐ॥੪॥ ਕਾਮਕੇ ਕੁਨਿੰਦਾ ਖੈਰ ਖੂਬੀ ਕੋ ਦਹਿੰਦਾ ਗਜ ਗਾਜੀ ਕੌ ਗਜਿੰਦਾ ਸੋ ਕੁਨਿੰਦਾ ਕੈ ਬਤਾਇਐ। ਦਾਮ ਕੇ ਦਲਿੰਦਾ ਘਾਉ ਘਾਮ ਤੇ ਬਚਿੰਦਾ ਛਤ੍ਰਿ ਛੋਨੀ ਕੇ ਛਲਿੰਦਾ ਸੋ ਦਹਿੰਦਾ ਕੈ ਮਨਾਈਐ॥ ਜਗਕੋ ਦਹਿੰਦਾ ਜਾਨ ਮਾਨ ਕੋ ਜਨਿੰਦਾ ਜੋਤ ਜੇਬ ਕੋ ਗਜਿੰਦਾ ਜਾਨ ਮਾਨ ਜਾਨੀ ਗਾਈਐ। ਦੌਖ ਕੋ ਚਲਿੰਦਾ ਦੀਨ ਦਾਨਸ਼ ਦਹਿੰਦਾ ਦੋਖ ਦੁਰਜਨ ਦਲਿੰਦਾ ਧਿਆਇ ਦੂਜਾ ਕੌਨ ਧਿਆਈਐ॥੫॥ ਸਾਲਸ ਸਹਿੰਦਾ ਸਿੱਧ ਤਾਈ ਕੋ ਸਧਿੰਦਾ ਅੰਗ ਅੰਗ ਮੈਂ ਅਵਿੰਦਾ ਏਕ ਏਕੋ ਨਾਥ ਜਾਨੀਐ। ਕਾਲਖ ਕਟਿੰਦਾ ਖੁਰਾਸਾਨ ਕੋ ਸੁਨਿੰਦਾ ਗਰਬ ਗਾਫਲ ਗਲਿੰਦਾ ਗੋਲ ਗੰਜਖ ਬਖਾਨੀਐ॥ ਗਾਲਬ ਗਹਿੰਦਾ ਜੀਤ ਤੇਜ ਕੋ ਦਹਿੰਦਾ ਚਿੱਤ੍ਰ ਚਾਮ ਕੇ ਚਲਿੰਦਾ ਛੋਡ ਔਰ ਕੌਨ ਆਨੀਐ। ਸਤ ਤਨ ਦਹਿੰਦਾ ਸੱਤਤਾਈ ਕੋ ਸਿਖੰਦਾ ਕਰਮ ਕਾਮ ਕੋ ਕੁਨਿੰਦਾ ਛੋਡ ਦੂਜੇ ਮਾਨੀਐ॥"

ਇਨ੍ਹਾਂ ਸ੍ਰੀ ਮੁਖ ਵਾਕਾਂ ਤੇ ਪ੍ਰਗਟ ਹੁੰਦਾ ਹੈ ਕਿ ਗੁਰੂ ਜੀ ਮਹਾਰਾਜ ਸਭ ਤੇ ਸਮਰਥਾਵਾਨ ਅਕਾਲ ਪੁਰਖ ਨੂੰ ਹੀ ਜਾਨਦੇ ਸਨ ਅਰ ਉਸੇ ਦਾ ਅਰਾਧਨ ਕਰਦੇ ਸਨ, ਜੈਸਾ ਕਿ ਸਭ ਸ੍ਰਿਸ਼ਟੀ ਦਾ ਕਰਤਾ ਹਰਤਾ ਅਤੇ ਸਾਰੇ ਰੋਗ ਸੋਗਾਂ ਦੇ ਦੂਰ ਕਰਨੇਹਾਰਾ ਪਰਮਾਤਮਾਂ ਨੂੰ ਹੀ ਮੰਨਕੇ ਕਥਨ ਕੀਤਾ ਹੈ ਕਿ ਜਿਸ ਪੁਰਖ ਨੇ ਸਾਨੂੰ ਇੱਕ ਚਿੱਤ ਹੋ ਕੇ ਇੱਕ ਛਿਨ ਭੀ ਅਰਾਧਨ ਕੀਤਾ ਹੈ ਸੋ ਕਾਲ ਦੀ ਫਾਹੀ ਵਿੱਚ ਨਹੀਂ ਆਉਂਦਾ, ਅਰ ਉਸ ਦੇ ਲੱਖਨ ਸੰਪੂਰਨ ਸਿੱਧੀਆਂ ਦਾ ਕਰਤਾ ਅਛੇਦ ਅਤੇ ਅਭੇਦ ਆਦਿਕ ਕਥਨ ਕੀਤੇ ਹਨ॥

ਇਸੇ ਤਰ੍ਹਾਂ ਰਣਭੂਮੀ ਵਿੱਚ ਜੁੱਧ ਦੇ ਕਰਨੇ ਸਮਯ ਫਤੇ ਦੇਨ ਵਾਲਾ ਪ੍ਰਿਥਵੀ ਦੇ ਭਾਰ ਮੇਟਨੇਹਾਰਾ ਤ੍ਰਿਲੋਕੀ ਦਾ ਨਾਥ ਉਸ ਅਕਾਲ ਪੁਰਖ ਨੂੰ ਹੀ ਕਥਨ ਕੀਤਾ ਹੈ, ਫਿਰ ਸੰਪੂਰਨ ਧਨ ਸੰਪਦਾ ਦੇਨ ਵਾਲਾ ਦਸ਼ਮਨਾਂ ਨੂੰ ਮਾਰਨੇ ਵਾਲਾ ਰਣ ਵਿੱਚ ਘਾਉ ਤੇ ਰੱਖਯਾ ਕਰਨੇ ਵਾਲਾ ਆਦਿਕ ਸਮੱਰਥਾਵਾਨ ਦੱਸਕੇ ਓੜਕ ਨੂੰ ਇਹ ਕਥਨ ਕੀਤਾ ਹੈ ਕਿ ਉਸ ਨੂੰ ਤਿਆਗ ਕੇ ਹੋਰ ਕਿਸ ਦਾ ਅਰਾਧਨ ਕਰੀਏ॥

ਇਸ ਵਾਸਤੇ ਸ੍ਰੀ ਮੁਖ ਵਾਕਾਂ ਤੇ ਇਹ ਸਿੱਧ ਨਹੀਂ ਹੁੰਦਾ ਜੋ ਗੁਰੂ ਜੀ ਅਕਾਲ ਪੁਰਖ ਤੇ ਭਿੰਨ ਅਪਨੀ ਰੱਖਯਾ ਕਰਨੇ ਵਾਲਾ ਕਿਸੇ ਹੋਰ ਨੂੰ ਭੀ ਮੰਨਦੇ ਸਨ ਅਰ ਉਸ ਦੀ ਓਟ ਨੂੰ ਤਿਆਗ ਕੇ ਕਿਸੇ ਦੂਸਰੇ ਦੀ ਸ਼ਰਨ ਅਖਤਿਆਰ ਕਰਦੇ ਸਨ, ਕਿੰਤੂ ਓਹ ਸੱਚੇ ਧਰਮ ਧੁਜਾ ਕਲਗੀਧਰ ਜੀ ਮਹਾਰਾਜ ਜੋ ਕੇਵਲ ਜਗਤ ਪਰ ਅਕਾਲ ਪੁਰਖ ਦੇ ਜਪਾਉਨ

ਦਾ ਇਕਰਾਰ ਕਰਕੇ ਆਏ ਸਨ ਫਿਰ ਆਪ ਕਦ ਹੋਰ ਨੂੰ ਆਰਾਧਦੇ ਸੇ॥

ਜੇ ਇਸ ਬਾਤ ਨੂੰ ਦੁਰਜਨ ਤੋਖ ਨਯਾਇ ਨਾਲ ਮੰਨਯਾ ਭੀ ਜਾਏ ਕਿ ਗੁਰੂ ਜੀ ਨੇ ਦੇਵੀ ਅਰਾਧੀ ਸੀ ਅਰ ਉਸ ਨੇ ਪਰਗਟ ਹੋਕੇ ਵਰ ਦਿੱਤਾ ਸਾ, ਤਦ ਜ਼ਰੂਰੀ ਸਾ ਜੋ ਗੁਰੂ ਜੀ ਅਪਨੇ ਮੁਖਾਰਬਿੰਦ ਤੇ ਇਸ ਤਰ੍ਹਾਂ ਦੀ ਬਾਣੀ ਉਚਾਰਨ ਕਰਦੇ ਜਿਸਤੇ ਸਾਬਤ ਹੁੰਦਾ ਹੈ ਕਿ ਦੇਵੀ ਹੀ ਸਾਰੇ ਸੁਖ ਦੀ ਦਾਤੀ ਹੈ॥

ਯਥਾ :- ਦੇਵੀ ਪ੍ਰਸ਼ਾਦਿ ਕਥਿੱਤ

ਸਿੰਘ ਪੈ ਚੜ੍ਹਿੰਦੀ ਹੱਥ ਖੜਗ ਉਠਿੰਦੀ ਮੱਥੇ ਸੋਹਿੰਦੀ ਹੈ ਬਿੰਦੀ ਜਾਕੇ ਤਾਕੇ ਗੁਨ ਗਾਈਐ। ਓਢਨੀ ਸੁਹੰਦੀ ਸਿਰ ਮੁਕਟ ਰਖੰਦੀ ਗਲ ਸੱਪਾਂ ਨੂੰ ਪਵੰਦੀ ਹੱਥ ਖੋਪਰੀ ਸੁਹਾਈਐ। ਅੱਗੇ ਲੰਕੁੜਾ ਚਲੰਦੀ ਪਿੱਛੇ ਭੈਰੋਂ ਨੂੰ ਰਖੰਦੀ ਖਿੜ ਖਿੜ ਕੇ ਹਸੰਦੀ ਹੋਮ ਕੁੰਡੋ ਪ੍ਰਗਟਾਈਟੇ। ਛੈਣੇ ਭੇਟਾਂ ਨੂੰ ਸੁਨੰਦੀ ਔਂ ਕੜਾਹੀ ਕੋ ਖਵੰਦੀ ਭੂਤ ਪ੍ਰੇਤ ਸੋਂ ਨਚੰਦੀ ਦੇਵੀ ਜਾਲਫਾਂ ਮਨਾਈਐ॥੧੪੨॥ ਚੰਡ ਪ੍ਰਚੰਡ ਬਲ ਵੰਡ ਮਾਰਤੰਡ ਸਮਜਾਓ ਬਲਹਾਰੇ ਤੇਰੇ ਚਮਕੀਲੇ ਤਾਜਕੇ। ਲੈਕੇ ਤਲਵਾਰ ਜਬ ਕੀਨੇ ਤੈਨੇ ਵਾਰ ਮਾਰੇ ਰਾਕਸ ਹਜਾਰ ਜੋਇ ਆਏ ਦਲ ਸਾਜਕੇ। ਧਰਾ ਪੈਲੁ ਠਾਏ ਫੇਰ ਉੱਠਨੇ ਨ ਪਾਏ ਰਿਦੇ ਕੰਪ ਉਪਜਾਏ ਆਗੇ ਕੇਹਰੀ ਕੀ ਭਾਜਕੇ॥ ਤੇਗ਼ ਕੀ ਸਫਾਈ ਕੀ ਬਡਾਈ ਨਾ ਬਤਾਈ ਜਾਇ ਐਸੀ ਤੈਂ ਚਲਾਈ ਜਿਉਂ ਕਰੰਡੀ ਕਰ ਰਾਜਕੇ॥੧੪੩॥ ਦੱਤਾ ਨੰਦ ਪੰਡਤ ਉਜੈਨ ਵਾਲੇ ਕੰਮ ਕੀਤਾ ਕੇਸੋ ਦਾਸ ਕਾਸੀ ਦੇਨੇ ਕਲਾ ਚਾ ਦਿਖਾਈ ਹੈ। ਕਾਲੀਦਾਸ ਗੁਜਰਾਤੀ ਕਾਲੀ ਬਖਯਾਤ ਕਰੀ ਹਵਨ ਦੀ ਗੀਤੀ ਭਲੀ ਭਾਂਤ ਸੇ ਸਜਾਈ ਹੈ। ਦੇਵੀ ਦਿੱਤੇ ਪੰਡਤ ਦੇ ਆਖੇ ਦੇਵੀ ਪੂਜ ਕੀਤੀ ਚੇਤ ਦੇ ਨੌਰਾਤਯਾਂ ਨੂੰ ਪਰਗਟ ਕਰਾਈ ਹੈ। ਦੇਖੋ ਭਾਈ ਖਾਲਸਾ ਹੋਕੇ ਅਸ਼ਟਭੁਜੀ ਦੇਵੀ ਸਾਡੇ ਸਾਮ੍ਹਨੇ ਸੁਹਾਈ ਹੈ।੧੪੪॥ ਜਾਲਫਾਂ ਭਵਾਨੀ ਚੌਦਾਂ ਲੋਕਹੂੰ ਕੀ ਰਾਨੀ ਜੰਗ ਜੁੱਧ ਕੋ ਜਿਤਾਨੀ ਸਾਰੇ ਲੋਗ ਤੈਨੂੰ ਧਯਾਉਂਦੇ। ਤਰਕਾ ਨੂੰ ਖਪਾਂਦੀ ਇਨ੍ਹਾਂ ਬ੍ਰਹਮਨਾਂ ਨੇ ਆਂਦੀ ਨਹੀਂ ਕਦੋਂ ਪ੍ਰਗਟਾਂਦੀ ਜੇ ਇਹ ਜੱਗ ਨਾਂ ਕਰਾਉਂਦੇ॥ ਖਾਲਸਾ ਸਜਾਉ ਧਰ ਮਨੇ ਵਿੱਚ ਚਾਉ ਤੇਗ ਹੱਥ ਦੀ ਫੜਾਉ ਸਾਡੇ ਜੰਗ ਮਨ ਭਾਉਂਦੇ। ਸਾਰੇ ਸਿੰਘ ਮੋਰੇ ਹੋਨ ਸੇਵਾਦਾਰ ਤੋਰੇ ਸਦਾ ਭੌਣ ਦੇਹੀ ਧੋਰੇ ਇੱਕ ਆਵੇ ਇੱਕ ਜਾਉਂਦੇ।੧੪੫॥ ਜਦੋਂ ਅਸੀਂ ਇਹ ਸੁਨਾਇਆ ਜੋਇ ਜਾਲਫਾਂ ਨੂੰ ਭਾਇਆ ਤਦ ਮੁਖੋਂ ਫੁਰਮਾਇਆ ਜਾਹੁ ਪੰਥ ਤੋਰਾ ਚੱਲੇਗਾ। ਖੰਡਾ ਹੱਥ ਚਾ ਫੜਾਇਆ ਫਿਰ ਇਹੋ ਸਮਝਾਇਆ ਜਦੋਂ ਅੰਮਰਿਤ ਛਕਾਇਆ ਤਦੋਂ ਮੂਲ ਨਹੀਂ ਹੱਲੇਗਾ॥ ਕਰੂ ਤੁਰਕਾਂ ਦਾ ਨਾਸ ਜੁੱਧ ਜੰਗ ਦਾ ਹੁਲਾਸ ਸਦਾ ਤੇਗ ਰੱਖੇ ਪਾਸ ਸਾਰਾ ਦੇਸ ਤਦੋਂ ਮੱਲੇਗਾ। ਸੁਨੋ ਖਾਲਸਾ ਪਿਆਰੇ ਪੁਜੋ ਚੰਡਕਾ ਨੂੰ ਸਾਰੇ ਬੋਲ ਉਸੇ ਦੇ ਜੈਕਾਰੇ ਦੁਖ ਦਰਦ ਤਾਈਂ ਠੱਲੇਗਾ।੧੪੬॥

ਭਾਵ - ਜੇ ਕਦੇ ਇਹ ਗੱਲ ਸੱਚ ਹੁੰਦੀ ਤਾਂ ਇਹ ਜ਼ਰੂਰ ਸੀ ਜੋ ਗੁਰੂ ਜੀ ਮਹਾਰਾਜ ਅਪਨੇ ਦਸਮ ਗ੍ਰੰਥ ਵਿੱਚ ਜਿਸ ਤਰ੍ਹਾਂ ਚੰਡੀ ਚਰਿੱਤ੍ਰ ਬਨਾਏ ਹਨ। ਏਸੇ ਤਰ੍ਹਾਂ ਇਸ ਪ੍ਰਸੰਗ ਦਾ ਭੀ ਇਸ ਤਰ੍ਹਾਂ ਕਥਨ ਕਰਦੇ ਕਿ ਅਸੀਂ ਬ੍ਰਹਮਨਾਂ ਦੇ ਆਖਨੇ ਪਰ ਯੱਗ ਅਤੇ ਹਵਨ ਕੀਤਾ, ਜਿਸ ਪਰ ਦੇਵੀ ਪ੍ਰਗਟ ਹੋਈ ਅਰ ਉਸ ਨੇ ਸਾਨੂੰ ਇਹ ਵਰ ਦਿੱਤਾ,

ਜਿਸ ਨਾਲ ਪੰਥ ਸਾਜਨ ਕਰਦੇ ਹਾਂ।।

ਇਸ ਤੇ ਬਿਨਾਂ ਜਿਸ ਤਰ੍ਹਾਂ ਅੰਮ੍ਰਿਤ ਦੇ ਛਕਨੇ ਸਮਯ ਹੋਰ ਸਿੱਖਯਾ ਦਿੱਤੀਆਂ ਜਾਂਦੀਆਂ ਹਨ ਕਿ ਤੁਮਾਕੂ, ਤੁਰਕਨੀ ਅਤੇ ਕੁੱਠਾ ਅੰਗੀਕਾਰ ਨਾ ਕਰਨਾ ਅਤੇ ਕੇਸਾਂ ਦੀ ਬੇਅਦਬੀ ਨਾਂ ਕਰਨੀ, ਧੀਰਮਲੀਏ, ਰਾਮਰਾਈਏ ਅਤੇ ਮੀਣੇ ਮਸੰਦਾਂ ਨਾਲ ਨਾ ਵਰਤਨਾ। ਏਸੇ ਤਰ੍ਹਾਂ ਕੋਈ ਇਹ ਭੀ ਸਿੱਖਯਾ ਹੁੰਦੀ ਕਿ ਜਿਸ ਦੇਵੀ ਦੀ ਕ੍ਰਿਪਾ ਨਾਲ ਪੰਥ ਸਾਜਿਆ ਹੈ ਉਸ ਦੀ ਕੜਾਹੀ ਕਰਨੀ ਅਤੇ ਉਸ ਦੇ ਦਰਸ਼ਨ ਲਈ ਨੈਨਾਂ ਦੇਵੀ ਯਾ ਜੁਆਲਾ ਮੁਖੀ ਪਰ ਜੋਤਾਂ ਜਗਾਉਂਨੀਆਂ, ਪ੍ਰੰਤੂ ਅਜੇਹਾ ਕੋਈ ਵਾਕ ਨਾ ਤਾਂ ਸ੍ਰੀ ਗੁਰ ਗ੍ਰੰਥ ਸਾਹਬਿ ਵਿੱਚ ਹੈ ਅਤੇ ਨਾ ਕਿਤੇ ਕਿਸੇ ਰਹਤਨਾਮੇਂ ਯਾ ਅੰਮ੍ਰਿਤ ਆਦਿਕ ਦੀ ਮਰਯਾਦਾ ਵਿੱਚ ਹੀ ਹੈ, ਇਸ ਵਾਸਤੇ ਇਹ ਨਿਰਾ ਗਪੌੜਾ ਵਾਉ ਵਰੋਲੇ ਵਾਂਗ ਐਵੇਂ ਹੀ ਚਲ ਰਿਹਾ ਹੈ।।

**ਦੋਹਿਰਾ**

ਦਸਮ ਗੁਰੂ ਮੁਖਵਾਕ ਤੇ ਹੋਤ ਨ ਦੇਵੀ ਗਿਆਨ।
ਸਿੱਧ ਹੋਤ ਹੇ ਮਾਨਨਾ ਈਸ਼ੂਰ ਬਿਨ ਨਹਿ ਆਨ।।੧੪੭।।
ਤਾਂ ਤੇ ਕਲਪਤ ਬਸਤ ਕੋ ਕਬੀ ਨ ਮਾਨੋ ਮੀਤ।
ਨਿਰਵਿਕਾਰ ਨਿਰਲੇਪ ਕੋ ਧਾਰੋ ਅਪਨੇ ਚੀਤ।।੧੪੮।।

## ਆਦਿ ਗੁਰੂ ਗ੍ਰੰਥ ਸਾਹਿਬ

**ਦੋਹਿਰਾ**

ਆਗੇ ਸੁਨ ਮਨ ਲਾਇਕੇ ਗੁਰੂ ਗ੍ਰੰਥ ਉਪਦੇਸ਼।
ਬਿਨ ਅਕਾਲ ਤੇ ਮੰਨਨਾ ਕਹਿਤ ਪਾਪ ਕੋ ਭੇਸ।।੧੪੯।।
ਆਦਿ ਗੁਰੂ ਹੀ ਰੂਪ ਦਸ ਹੋ ਕਰ ਭਯੋ ਜਹਾਨ।
ਤਾਂ ਤੇ ਸਭ ਕੋ ਏਕ ਹੀ ਹੈ ਸਿੱਧਾਂਤ ਮਹਾਨ।।੧੫੦।।

ਭਾਵ:- ਦਸਮ ਗ੍ਰੰਥ ਵਿੱਚ ਗੁਰੂ ਮਹਾਰਾਜ ਦੇ ਸ੍ਰੀ ਮੁਖ ਵਾਕਾਂ ਦੁਆਰਾ ਅਕਾਲ ਪੁਰਖ ਤੇ ਬਿਨਾਂ ਕਿਸੇ ਦੇ ਭੀ ਅਰਾਧਨ ਦੀ ਆਗਿਆ ਨਹੀਂ ਪਾਈ ਜਾਂਦੀ ਪ੍ਰੰਤੂ ਦਸਮ ਗੁਰੂ ਜੀ ਮਹਾਰਾਜ ਦੇ ਹੁਕਮਾਂਨੁਸਾਰ ਜਿਸ ਤਰ੍ਹਾਂ ਨੌ ਗੁਰੂ ਇੱਕੋ ਰੂਪ ਅਤੇ ਜੋਤੀ ਹਨ ਏਸੇ ਤਰ੍ਹਾਂ ਦਸਮੇ ਪਾਤਸ਼ਾਹ ਭੀ ਓਹੋ ਜੋਤੀ ਹਨ। ਇਸ ਤੇ ਦਸਾਂ ਪਾਤਸ਼ਾਹੀਆਂ ਦੇ ਸਿੱਧਾਂਤ ਵਿੱਚ ਕੋਈ ਭੇਦ ਨਹੀਂ ਹੈ ਤਾਂ ਤੇ ਆਦਿ ਗ੍ਰੰਥ ਸਾਹਿਬ ਵਿੱਚ ਭੀ ਅਕਾਲ ਪੁਰਖ ਤੇ ਭਿੰਨ ਕਿਸੇ ਦੇਵੀ ਦੇਵਤੇ ਦੇ ਅਰਾਧਨ ਦੀ ਆਗਯਾ ਨਹੀਂ ਹੈ ਜਿਸ ਦਾ ਮੰਨਨਾ ਖਾਲਸਾ ਦਾ ਪਰਮ ਧਰਮ ਹੈ ਅਰ ਉਸ ਪਰ ਸ਼ਰਧਾ ਨਾ ਕਰਨੀ ਹੀ ਮਨ ਮੁਖੱਤਾ ਹੈ। ਇਸ ਵਾਸਤੇ ਆਦਿ ਗ੍ਰੰਥ ਸਾਹਿਬ ਦੁਵਾਰੇ ਭੀ ਦੇਵੀ ਦੇਵਤਿਆਂ ਦਾ ਪੂਜਨ ਖੰਡਨ ਕੀਤਾ ਜਾਂਦਾ ਹੈ।।

**ਦੋਹਿਰਾ**

ਮਨ ਬਚ ਕਾਇਆ ਕਰ ਸੁਨੋ ਯਹ ਸਾਚੋ ਉਪਦੇਸ਼।
ਜਾ ਕੇ ਮਨਨ ਨਿੱਧਯਾਸ ਤੇ ਮਿਟ ਹੈਂ ਸਗਲ ਕਲੇਸ਼।।੧੫੧।।
ਭਵ ਸਾਗਰ ਕੇ ਤਰਨ ਹਿਤ ਰਚਾ ਗੁਰੂ ਗੁਰ ਗ੍ਰੰਥ।

ਜਿਸ ਪਰ ਨਿਸਚਾ ਕਰਨ ਤੇ ਮੁਕਤ ਲਹੇਗੋ ਪੰਥ।।੧੫੨।।

ਗਉੜੀ ਮ:੧

"ਮਾਇਆ ਮੋਹੇ ਸਭ ਦੇਵੀ ਦੇਵਾ।
ਕਾਲ ਨ ਛਾਡੈ ਬਿਨ ਗੁਰ ਕੀ ਸੇਵਾ।।"

ਇਸ ਪਵਿੱਤਰ ਸ਼ਬਦ ਦਾ ਭਾਵ ਇਹ ਹੈ ਕਿ ਸਾਰੇ ਦੇਵੀ ਅਤੇ ਦੇਵਤੇ ਅਗਯਾਨ ਦੇ ਅਧੀਨ ਕੀਤੇ ਹੋਏ ਹਨ। ਇਸ ਵਾਸਤੇ ਇਨ੍ਹਾਂ ਦੇ ਅਰਾਧਨ ਕਰਨੇ ਵਾਲੇ ਪੁਰਖਾਂ ਨੂੰ ਕਾਲ ਨਹੀਂ ਛੱਡੇਗਾ ਤਾਂ ਤੇ ਜੋ ਪੁਰਖ ਕਾਲ ਤੇ ਬਚਨਾ ਚਾਹੁੰਦਾ ਹੈ ਸੋ ਗੁਰੂ ਅਰਥਾਤ ਮਹਾਨ ਪਰਮਾਤਮਾਂ ਦਾ ਅਰਾਧਨ ਕਰੇ।।

ਗਉੜੀ ਮ: ੫

"ਭਰਮੇ ਸੁਰ ਨਰ ਦੇਵੀ ਦੇਵਾ।
ਭਰਮੇ ਸਿਧ ਸਾਧਕ ਬਰਹਮੇਵਾ।।"

ਅਰਥਾਤ ਦੇਵਤੇ ਮਨੁੱਖ ਅਤੇ ਦੇਵੀ ਸਮੇਤ ਸਭ ਪਰਮਾਤਮਾਂ ਤੇ ਭੁੱਲੇ ਹੋਏ ਹਨ ਇਸੀ ਤਰ੍ਹਾਂ ਜੋ ਅਪਨੇ ਆਪ ਨੂੰ ਸਿੱਧ ਯਾ ਸਾਧਕ ਕਹਾਉਂਦੇ ਹਨ ਅਰ ਵੇਦਾਂ ਦੇ ਗਯਾਤਾ ਬ੍ਰਹਮਾਂ ਆਦਿਕ ਹਨ ਸੋ ਅਗਯਾਨ ਚੱਕਰ ਦੇ ਵਿੱਚ ਆਏ ਹੋਏ ਕਈ ਪ੍ਰਕਾਰ ਦੇ ਦੁਖ ਸੁਖ ਵਿੱਚ ਭਰਮਨ ਕਰਦੇ ਹਨ।।

ਸੋਰਠਿ ਮ:੨

"ਦੇਵੀ ਦੇਵਾ ਪੂਜੀਐ ਭਾਈ ਕਿਆ ਮਾਂਗਉ ਕਿਆ ਦੇਇ।
ਪਾਹੁਣ ਨੀਰ ਪਖਾਲੀਐ ਭਾਈ ਜਲ ਮਹਿ ਡੂਬਹਿ ਤੇਹਿ।।"

ਇਸ ਦਾ ਭਾਵ ਇਹ ਹੈ ਕਿ ਲੋਗ ਜਿਨ੍ਹਾਂ ਦੇਵੀ ਅਤੇ ਦੇਵਤਿਆਂ ਦਾ ਅਰਾਧਨ ਯਾ ਪੂਜਨ ਕਰਕੇ ਵਰ ਮੰਗਦੇ ਹਨ ਸੋ ਕੁਛ ਭੀ ਨਹੀਂ ਦੇ ਸਕਦੇ ਜਿਸ ਤੇ ਉਨ੍ਹਾਂ ਦੀ ਉਪਾਸਨਾ ਯਾ ਪੂਜਾ ਕਰਨੇ ਵਾਲਾ ਪੁਰਖ ਸੱਖਣਾ ਰਹਿ ਜਾਂਦਾ ਹੈ ਕਿਉਂਕਿ ਜੋ ਲੋਗ ਪੱਥਰ ਆਦਿਕਾਂ ਨੂੰ ਪਰਮੇਸ਼ੂਰ ਜਾਨ ਕੇ ਇਸ਼ਨਾਨ ਕਰਾਕੇ ਸੰਸਾਰ ਸਾਗਰ ਤੇ ਤਰਨ ਦੀ ਕਾਮਨਾਂ ਰੱਖਦੇ ਹਨ। ਸੋ ਜੇ ਓਹ ਪੱਥਰ ਆਪ ਹੀ ਪਾਣੀ ਵਿੱਚ ਡੁੱਬ ਜਾਂਦਾ ਹੈ ਅਰਥਾਤ ਤਰ ਨਹੀਂ ਸਕਦਾ ਫਿਰ ਉਹ ਦੂਸਰੇ ਨੂੰ ਕਿਸ ਤਰ੍ਹਾਂ ਤਾਰ ਸਕੇਗਾ। ਇਸ ਤਰ੍ਹਾਂ ਜੋ ਦੇਵੀ ਦੇਵਤੇ ਆਪ ਹੀ ਸੰਸਾਰ ਦੇ ਮੋਹ ਚੱਕਰ ਵਿੱਚ ਪਏ ਹੋਏ ਭਰਮ ਰਹੇ ਹਨ ਸੋ ਦੂਸਰੇ ਨੂੰ ਕਿਆ ਦੇ ਸਕਦੇ ਹਨ।।

ਰਾਮਕਲੀ ਮ: ੫

"ਮਹਿਮਾ ਨ ਜਾਨਹਿ ਬੇਦ। ਬ੍ਰਹਮੇ ਨ ਜਾਨਹਿ ਭੇਦ।। ਅਵਤਾਰ ਨ ਜਾਨਹਿ ਅੰਤ। ਪਰਮੇਸ਼ੂਰ ਪਾਰਬ੍ਰਹਮ ਬਿਅੰਤ।। ਸ਼ੰਕ ਰਹਿ ਨ ਜਾਨਹਿ ਭੇਵ। ਖੋਜਿਤ ਹਾਰੇ ਦੇਵ।। ਦੇਵੀਆਂ ਨ ਜਾਨਹਿ ਮਰਮ। ਸਭ ਉਪਰ ਅਲਖ ਪਾਰਬ੍ਰਹਮ।।"

ਅਰਥਾਤ ਜੋ ਲੋਗ ਇਹ ਖਯਾਲ ਕਰਦੇ ਹਨ ਕਿ ਵੇਦ ਉਸ ਪਰਮੇਸ਼ੂਰ ਦਾ ਗਿਆਨ ਹੈ ਸੋ ਬਿੱਲ ਕੁੱਲ ਗੱਪ ਹੈ ਕਿਉਂਕਿ ਵੇਦ ਜੋ ਇੱਕ ਥੋੜੇ ਜੇਹੇ ਸੰਸਕ੍ਰਿਤ ਭਾਸ਼ਾ ਦੇ ਛੰਦਾਂ ਵਿੱਚ ਅਕਾਲ ਪੁਰਖ ਦੀ ਪ੍ਰਾਰਥਨਾ ਦੇ ਪੁਸਤਕ ਹਨ। ਸੋ ਉਸ ਦੀ ਮਹਾਨ ਮਹਿਮਾਂ

ਨੂੰ ਕਦ ਜਾਨ ਸਕਦੇ ਹਨ। ਇਸੇ ਤਰ੍ਹਾਂ ਚਾਰ ਵੇਦ ਪਾਠੀ ਜੋ ਬ੍ਰਹਮਾਂ ਆਖਯਾ ਜਾਂਦਾ ਹੈ ਸੋ ਭੀ ਉਸ ਪਰਮਾਤਮਾਂ ਦਾ ਮਰਮ ਨਹੀਂ ਪਹਿਚਾਨ ਸਕਦਾ॥

ਜੋ ਆਪਨੇ ਆਪ ਨੂੰ ਇਸ ਸੰਸਾਰ ਵਿੱਚ ਆਕੇ ਈਸ਼ਵਰ ਅੰਸ ਯਾ ਅਵਤਾਰ ਕਹਾਉਂਦੇ ਹਨ ਸੋ ਭੀ ਉਸ ਬੇਅੰਤ ਪਰਮਾਤਮਾਂ ਦਾ ਅੰਤ ਨਹੀਂ ਪਾਉਂਦੇ ਕਿਉਂਕਿ ਓਹ ਸਭ ਤੇ ਪਰੇ ਅਤੇ ਬੇਅੰਤ ਹੈ, ਜਿਸ ਦਾ ਸ਼ਿਵ ਜੈਸੇ ਧਿਆਨਧਾਰੀ ਭੇਦ ਨਹੀਂ ਪਾ ਸਕਦੇ ਅਰ ਵੇਦ ਖੋਜਦੇ ੨ ਨੇਤਿ ੨ਆਖਨ ਲੱਗ ਗਏ ਹਨ ਸੋ ਪਰਮੇਸ਼ਰ ਸਭ ਦਾ ਆਸਰਾ ਰੂਪ ਹੈ, ਇਸੀ ਤਰ੍ਹਾਂ ਜੋ ਦੇਵੀਆਂ ਕਥਨ ਕੀਤੀਆਂ ਜਾਂਦੀਆਂ ਹਨ, ਓਹ ਭੀ ਉਸ ਸਰਬ ਸ਼ਕਤੀਮਾਨ ਦਾ ਭੇਦ ਨਹੀਂ ਪਾ ਸਕਦੀਆਂ ਕਿਉਂਕਿ ਓਹ ਜਗਦੀਸ਼ਵਰ ਸਭ ਤੇ ਵੱਡਾ ਅਰ ਅਲਖ ਸਰੂਪ ਪਾਰਬ੍ਰਹਮ ਹੈ॥

ਸੋਦਰ ਰਾਗ ਆਸਾ ਮ:੧॥

"ਸੋ ਦਰ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ। ਬਾਜੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ॥ ਕੇਤੇ ਤੇਰੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ॥ ਗਾਵਹਿ ਤੁਧ ਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ॥ ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮ ਵੀਚਾਰੇ ॥ ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ॥"

ਇਸ ਸ਼ਬਦ ਵਿੱਚ ਭੀ ਗੁਰੂ ਜੀ ਨੇ ਉਸ ਅਕਾਲ ਪੁਰਖ ਦੀ ਮਹਮਾਂ ਕਥਨ ਕਰਦੇ ਹੋਏ ਏਹੋ ਵਰਨਨ ਕੀਤਾ ਹੈ ਕਿ ਹੇ ਪਰਮਾਤਮਾਂ ਤੇਰਾ ਓਹ ਦਰਵਾਜ਼ਾ ਅਤੇ ਘਰ ਕੈਸਾ ਇੱਕ ਅਧਭੁਤ ਹੈ ਜਿਸ ਵਿੱਚ ਤੂੰ ਇਸਥਤ ਹੋ ਕੇ ਸੰਪੂਰਨ ਚਰ ਅਚਰ ਅਤੇ ਸਥਾਵਰ ਜੰਗਮ ਚਾਰ ਖਾਣੀਆਂ ਦੇ ਜੀਵਾਂ ਦੀ ਖਬਰ ਰੱਖਦਾ ਹੈ। ਹੇ ਪਰਮੇਸ਼੍ਵਰ ਤੇਰੇ ਕੋਟਾਨ ਕੋਟ ਸ਼ਬਦ ਹੋ ਰਹੇ ਹਨ ਜੋ ਤੇਰੀ ਮਹਮਾਂ ਨੂੰ ਵਰਨਨ ਕਰਦੇ ਹਨ, ਅਰ ਕੋਟਾਨ ਕੋਟ ਉਨ੍ਹਾਂ ਸ਼ਬਦਾਂ ਦੇ ਬਜਾਉਨੇ ਵਾਲੇ ਹਨ ਜੋ ਉਨ੍ਹਾਂ ਦੁਵਾਰੇ ਆਪ ਦਾ ਯਸ਼ ਗਾਇਨ ਕਰਦੇ ਹਨ ॥

ਹੇ ਪਰਮਾਤਮਾਂ ਕੋਟਾਨ ਕੋਟ ਹੀ ਤੇਰੇ ਯਸ਼ ਦੇ ਗੀਤ (ਪਰੀ) ਅਰਥਾਤ ਸੁਲੱਖਣੀਆਂ ਇਸਤ੍ਰੀਆਂ ਗਾਇਨ ਕਰ ਰਹੀਆਂ ਹਨ ਅਤੇ ਇਸੇ ਪ੍ਰਕਾਰ ਕਿਤਨੇ ਹੀ ਹੋਰ ਲੋਗ ਤੇਰਾ ਜਸ ਗਾ ਰਹੇ ਹਨ, ਇਹ ਪੌਣ ਜੋ ਸਾਰੇ ਜੀਵਾਂ ਦਾ ਅਧਾਰ ਹੈ, ਫਿਰ ਇਹ ਮਹਾਨ ਜਲ ਜੋ ਸਭ ਦਾ ਜੀਵਨ ਹੈ। ਇਸੇ ਤਰ੍ਹਾਂ ਜੋ ਅਗਨੀ ਸਾਰੇ ਪਦਾਰਥਾਂ ਦੀ ਜਯੋਤੀ ਹੈ ਆਪ ਦੀ ਅਤੁੱਲ ਸ਼ਕਤੀ ਦਾ ਗਾਇਨ ਕਰ ਰਹੀ ਹੈ, ਇਸੀ ਪਰਕਾਰ ਰਾਜਾ ਲੋਗ ਅਪਨੀ ਨਯਾਇ ਗਦੀ ਪਰ ਬ੍ਰਾਜਕੇ ਆਪਦਾ ਯਸ਼ ਦਸ ਰਹੇ ਹਨ, ਹੇ ਪ੍ਰਭੋ ਆਪਦੀ ਸ਼ੋਭਾ ਗੁਪਤ ਅਤੇ ਪਰਗਟ ਜੀਵ ਭੀ ਵਰਨਨ ਕਰ ਰਹੇ ਹਨ, ਜਿਨ੍ਹਾਂ ਨੂੰ ਅਪਨੀ ਬੁਧਿ ਦੁਵਾਰੇ ਲਿਖਕੇ ਹੇ ਧਰਮ ਨਿਆਈ ਵਵੇਚਨਾ ਕਰਦੇ ਹੋ, ਇਸੀ ਪਰਕਾਰ ਸ਼ਿਵ ਜੈਸੇ ਤਪੱਸੀ, ਬਰਹਮਾਂ ਜੇਸੇ ਵਿੱਦਵਾਨ ਅਤੇ ਦੇਵੀ ਆਦਿਕ ਸੁਸ਼ੀਲਾ ਆਪ ਦੇ ਯਸ਼ ਦਾ ਗਾਇਨ ਕਰ ਰਹੀਆਂ ਹਨ, ਕਿਉਂਕਿ ਇਨ੍ਹਾਂ ਵਿੱਚ ਜੋ ਸੁੰਦ੍ਰ ਗੁਣ ਹਨ ਸੋ ਇਨ੍ਹਾਂ ਦੇ ਅਪਨੇ ਨਹੀਂ ਹਨ ਕਿੰਤੂ ਇਹ ਤੇਰੇ ਹੀ ਸੁੰਦ੍ਰ ਰੂਪ ਕਰਕੇ ਸੁਹਾਵੇ ਪ੍ਰਤੀਤ ਹੁੰਦੇ ਹਨ ਜਿਸ ਤੇ ਇਨ੍ਹਾਂ ਦੀ ਸੁੰਦ੍ਰਤਾ ਮਾਨੋ ਆਪਦੀ ਸ਼ੋਭਾ ਦੀ

ਸਾਖੀ ਦੇਨੇ ਵਾਲੀ ਹੈ। ਅਰ ਇਨ੍ਹਾਂ ਵਿੱਚ ਅਪਨੀ ਕੋਈ ਸ਼ਕਤੀ ਨਹੀਂ ਹੈ॥

ਇਸ ਸ਼ਬਦ ਵਿੱਚ ਭੀ ਗੁਰੂ ਜੀ ਨੇ ਇਹੋ ਪ੍ਰਗਟ ਕੀਤਾ ਹੈ ਕਿ ਸ਼ਿਵ ਬ੍ਰਹਮਾਂ ਅਤੇ ਦੇਵੀ ਆਦਿਕ ਜੀਵ ਉਸ ਪਰਮਾਤਮਾਂ ਦੇ ਦਰਵਾਜ਼ੇ ਪਰ ਭੱਟਾਂ ਦੀ ਤਰ੍ਹਾਂ ਯਸ਼ ਗਾਇਨ ਕਰਨੇ ਵਾਲੇ ਹਨ, ਅਰਥਾਤ ਇਨ੍ਹਾਂ ਵਿੱਚ ਜੋ ਗੁਣ ਹਨ ਸੋ ਪਰਮਾਤਮਾਂ ਹੀ ਯਸ਼ ਦੇ ਉਦਬੋਧਕ ਹਨ, ਨਹੀਂ ਇਨ੍ਹਾਂ ਦਾ ਸੁਤੰਤਰ ਕੋਈ ਗੁਣ ਨਹੀਂ ਹੈ॥

ਮਾਝ ਮ:੩

"ਰਹਾਉ॥ ਦੇਵੀ ਦੇਵਾ ਮੂਲ ਹੈ ਮਾਇਆ। ਸਿੰਮ੍ਰਿਤ ਸ਼ਾਸਤਰ ਜਿਨ ਉਪਾਇਆ॥ ਕਾਮੁ ਕ੍ਰੋਧ ਪਸਰਿਆ ਸੰਸਾਰੇ ਆਇ ਜਾਇ ਦੁਖ ਪਾਵਣਿਆ॥ ਪੁਨ:। ਦੂਜੇ ਲੱਗੀ ਫਿਰ ਪਛੋਤਾਣੀ ਹਲਤ ਪਲਤੁ ਦੋਵੈ ਗੁਵਾਏ ਸੁਪਨੇ ਸੁਖ ਨ ਪਾਵਣਿਆ॥"

ਇਸ ਸ਼ਬਦ ਤੇ ਪ੍ਰਗਟ ਹੁੰਦਾ ਹੇ ਕਿ ਦੇਵੀ ਦੇਵਤੇ ਅਤੇ ਸਿੰਮ੍ਰਿਤ ਸ਼ਾਸਤਰ ਆਦਿਕਾਂ ਦਾ ਮੂਲ ਆਗਿਆਨ ਹੈ, ਅਰ ਓਸੇ ਆਗਿਆਨ ਤੇ ਇਨ੍ਹਾਂ ਦੀ ਉਤਪਤੀ ਹੋਈ ਹੈ, ਜਿਸ ਤੇ ਕਾਮ ਕ੍ਰੋਧ ਆਦਿਕ ਗੁਣਾਂ ਵਾਲੇ ਹੋਣੇ ਕਰਕੇ ਸੰਸਾਰ ਵਿੱਚ ਬਾਰ ਬਾਰ ਜਨਮ ਮਰਨ ਨੂੰ ਪ੍ਰਾਪਤ ਹੁੰਦੇ ਹਨ ਅਰ ਇਹ ਸਾਰਾ ਸੰਸਾਰਕ ਪਸਾਰਾ ਜਿਸ ਵਿੱਚ ਇਹ ਦੇਵੀ ਦੇਵਤੇ ਗਿਣੇ ਜਾਂਦੇ ਹਨ। ਸੋ ਕਾਮ ਕ੍ਰੋਧ ਆਦਿਕ ਦੀ ਹੀ ਲੀਲਾ ਹੈ ਜਿਸ ਤੇ ਇਨ੍ਹਾਂ ਨੂੰ ਸੁਪਨੇ ਵਿੱਚ ਭੀ ਸੁਖ ਨਹੀਂ ਪਰਾਪਤ ਹੁੰਦਾ॥

ਇਸ ਵਾਸਤੇ ਜੋ ਉਸ ਅਕਾਲ ਪੁਰਖ ਦਾ ਤਿਆਗਨ ਕਰਕੇ ਦੂਸਰੇ ਦੇਵੀ ਦੇਵ ਆਦਿਕ ਦੇ ਅਰਾਧਨ ਵਿੱਚ ਲੱਗ ਜਾਦਾ ਹੈ ਸੋ ਆਪਨੇ ਲੋਕ ਪਰਲੋਕ ਨੂੰ ਗੁਵਾਕੇ ਪੱਛੋਤਾਉਂਦਾ ਹੈ ਅਤੇ ਉਸ ਨੂੰ ਸੁਪਨੇ ਵਿੱਚ ਭੀ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ, ਇਸ ਤੇ ਸਿੱਧ ਹੁੰਦਾ ਹੈ ਕਿ ਦੇਵੀ ਦੇਵਤਿਆਂ ਦਾ ਅਰਾਧਨ ਲੋਕ ਪਰਲੋਕ ਵਿੱਚ ਦੁਖ ਦਾ ਸਬਬ ਹੈ॥

ਸਲੋਕ ਮ:੧

"ਨ ਦੇਵ ਦਾਨਵਾ ਨਰਾ । ਨ ਸਿੱਧ ਸਾਧਕਾ ਧਰਾ ॥
ਅਸਤਿ ਏਕ ਦਿਗਰ ਕੁਈ। ਏਕ ਤੁਈ ਏਕ ਤੁਈ॥"

ਇਸ ਸ਼ਲੋਕ ਦਾ ਭਾਵ ਭੀ ਏਹੋ ਹੈ ਕਿ ਹੇ ਪਰਮਾਤਮਾਂ ਤੇਰੇ ਬਿਨਾਂ ਹੋਰ ਕੋਈ ਦੇਵੀ ਦੇਵਤਾ ਯਾ ਸਿੱਧ ਸਾਧਕ ਅਤੇ ਮਨੁੱਖ ਆਦਿਕ ਪੂਜਨ ਦੇ ਜੋਗ ਨਹੀ ਹੈ ਕਿੰਤੂ ਕੇਵਲ ਇੱਕ ਆਪ ਹੀ ਹੋ॥ ਪੁਨ: ਰਹਾਉ

"ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ। ਬਿਨ ਗੁਰ ਪੰਥ ਨ ਸੁਝਈ ਕਿਤ ਬਿਧ ਨਿਰ ਬਹੀਐ॥੨॥ ਖੋਟੇ ਕੋ ਖਰਾ ਕਹੈ ਖਰੇ ਸਾਰ ਨਾ ਜਾਣੈ।ਅੰਧੇ ਕਾ ਨਾਉ ਪਾਰਖੂ ਕਲੀ ਕਾਲ ਵਿਡਾਣੈ॥੩॥ ਸੂਤੇ ਕਉ ਜਾਗਤ ਕਹੈ ਜਾਗਤ ਕਉ ਸੂਤਾ। ਜੀਵਤ ਕਉ ਮੂਆ ਕਹੇ ਮੂਏ ਨਹੀਂ ਰੋਤਾ।੪॥ ਆਵਦ ਕੋ ਜਾਤਾ ਕਹੈ ਜਾਤੇ ਕੋ ਆਇਆ। ਪਰਕੀ ਕੋ ਅਪਨੀ ਕਹੇ ਅਪਨੋ ਨਹੀ ਭਾਇਆ।੫॥ ਮੀਠੇ ਕਉ ਕਉੜਾ ਕਹੈ ਕੜੀਏ ਕਉ ਮੀਠਾ। ਰਾਤੇ ਕੀ ਨਿੰਦਾ ਕਰੈ ਜੈਸਾ ਕਲ ਮਹਿ ਮੀਠਾ ।੬॥ ਚੇਰੀ ਕੀ ਸੇਵਾ ਕਰੈ ਠਾਕੁਰ

ਨਹੀਂ ਦੀਸੈ। ਪੋਪਰ ਨੀਰ ਵਿਰੋਲੀਐ ਮਾਖਨ ਨਹੀਂ ਰੀਸੈ॥"

ਇਸ ਰਹਾਉ ਵਿੱਚ ਇਨ੍ਹਾਂ ਸੰਸਾਰਕ ਜੀਵਾਂ ਦੀ ਬੁੱਧਿ ਦੀ ਬਿਪਰਜਤਾ ਦੱਸਕੇ ਇਹ ਕਥਨ ਕੀਤਾ ਹੈ ਕਿ ਜੋ ਪੁਰਖ ਪਰਮਾਤਮਾਂ ਨੂੰ ਤਿਆਗ ਕੇ ਓਸ ਦੀ (ਚੇਰੀ) ਅਰਥਾਤ ਸ਼ਕਤੀ ਯਾ ਮਹਾਂ ਮਾਇਆ ਜਿਸ ਨੂੰ ਦੇਵੀ ਭੀ ਆਖਦੇ ਹਨ ਪੂਜਾ ਕਰਦਾ ਹੈ ਸੋ ਪਾਨੀ ਵਿੱਚੋਂ ਰਿੜਕ ਕੇ ਦੁਧ ਦੀ ਰੀਸ ਮੱਖਨ ਕੱਢਦਾ ਹੈ, ਜਿਸ ਪ੍ਰਕਾਰ ਪਾਣੀ ਵਿੱਚੋ ਮੱਖਨ ਨਹੀਂ ਨਿੱਕਲਦਾ ਇੱਸੇ ਤਰ੍ਹਾਂ ਅਕਾਲ ਪੁਰਖ ਤੇ ਭਿੰਨ ਦੇਵੀ ਦੇ ਅਰਾਧਨ ਤੇ ਕੋਈ ਫਲ ਸਿੱਧ ਨਹੀਂ ਹੁੰਦਾ॥ ਪੁਨਃ

"ਅਨਕ ਦੇਵੀ ਜਾਕਉ ਸੇਵਹਿ ਲਖਮੀ ਅਨਕ ਭਾਂਤੇ॥"

ਇਸ ਦਾ ਤਾਤਪ੍ਰਜ ਇਹੋ ਹੈ ਕਿ ਅਨੇਕਾਂ ਦੇਵੀਆਂ ਜਿਸ ਪ੍ਰਮਾਤਮਾਂ ਦੇ ਦਰਵਾਜ਼ੇ ਦਾ ਸੇਵਨ ਕਰ ਰਹੀਆਂ ਹਨ ਯਾ ਜਿਸ ਦਾ ਸਿਮਰਨ ਕਰਦੀਆਂ ਹਨ, ਅਤੇ ਲਖਮੀ ਅਰਥਾਤ ਓਹੋ ਦੇਵੀਆਂ, ਕਈ ਪ੍ਰਕਾਰਾਂ ਨਾਲ ਜਿਸ ਦੇ ਮਹਾਨ ਸਰੂਪ ਨੂੰ ਅਰਾਧਨ ਕਰ ਰਹੀਆਂ ਹਨ ਸੋਈ ਪਰਮਾਤਮਾਂ ਸਭ ਦੇ ਅਰਾਧਨ ਜੋਗ ਹੈ, ਜਿਸ ਤੇ ਬਿਨਾਂ ਹੋਰ ਕੋਈ ਨਹੀਂ ਹੈ ਜੋ ਪੂਜਨ ਦੇ ਯੋਗ ਹੋਵੇ॥

ਰਾਗ ਗਉੜੀ ਬੈਰਾਗਨਿ ਕਬੀਰ ਜੀ

"ਦੇਵੀ ਦੇਵਾ ਪੂਜਹਿ ਡੋਲਹਿ ਪਾਰ ਬ੍ਰਹਮੁ ਨਹੀਂ ਜਾਨਾ।
ਕਹਤ ਕਬੀਰੁ ਅਕੁਲ ਨਹੀਂ ਚੇਤਿਆ ਬਿਖਿਆ ਸਿਉ ਲਪਟਾਨਾ॥"

ਇਸ ਦਾ ਭਾਵ ਇਹ ਹੈ ਕਿ ਜੋ ਲੋਗ ਦੇਵੀ ਯਾ ਦੇਵਤਿਆਂ ਦਾ ਪੂਜਨ ਕਰਦੇ ਹਨ ਸੋ ਭਟਕਦੇ ਫਿਰਦੇ ਹਨ, ਪੁਨਃ

"ਮਾਟੀ ਕੇ ਕਰ ਦੇਵੀ ਦੇਵਾ ਤਿਸ ਆਗੈ ਜੀਉ ਦੇਹੀ॥
ਐਸੇ ਪਿਤ੍ਰ ਤੁਮ੍ਹਾਰੇ ਕਹੀ ਅਹਿ ਆਪਨ ਕਹਿਆ ਨ ਲੇਹੀ॥"

ਅਰਥਾਤ ਹੇ ਸੰਸਾਰ ਦੇ ਆਗਿਆਨੀ ਜੀਵੋ ਤੁਸੀਂ ਜੋ ਮਿੱਟੀ ਦੇ ਦੇਵੀ ਦੇਵਤੇ ਬਨਾਕੇ ਪੂਜਦੇ ਹੋ ਅਰ ਓਨ੍ਹਾਂ ਦੇ ਅੱਗੇ ਬਲੀਦਾਨ ਦੇਂਦੇ ਹੋ ਸੋ ਭੁੱਲ ਕਰਦੇ ਹੋ ਕਿਉਂਕਿ ਉਸ ਅਕਾਲ ਪੁਰਖ ਦੇ ਅਰਾਧਨ ਨੂੰ ਤਯਾਗ ਕੇ ਤੁਸੀਂ ਐਸੇ ਅਪਨੇ ਪਿਤਰਾਂ ਆਦਿਕ ਦੀ ਭੇਟਾ ਕਰਦੇ ਹੋ ਜੋ ਆਪ ਕੁਛ ਭੀ ਮੰਗ ਨਹੀਂ ਕਰਦੇ, ਜਿਸ ਦਾ ਭਾਵ ਇਹ ਹੈ ਕਿ ਦੇਵੀ ਦੇਵਤਿਆਂ ਦੇ ਮੰਦਰਾਂ ਪਰ ਉਨ੍ਹਾਂ ਦੀ ਮੂਰਤੀਆਂ ਸਾਮ੍ਹਨੇ ਜੋ ਬਲੀਦਾਨ ਦੇਨਾ ਹੈ ਸੋ ਇੱਕ ਭਰਮ ਦਾ ਨਿਸ਼ਾਨ ਹੈ॥

ਭੈਰਉ ਕਬੀਰ ਜੀਉ

"ਕੋਟਿ ਸੂਰ ਜਾਕੈ ਪਰਗਾਸਾ। ਕੋਟਿ ਮਹਾਦੇਵ ਅਰ ਕਵਲਾਸਾ॥ ਦੁਰਗਾ ਕੋਟ ਜਾਕੈ ਮਰਦਨ ਕਰੈ। ਬ੍ਰਹਮਾ ਕੋਟਿ ਬੇਦ ਉਚਰੈ॥ ਜਉਂ ਜਾਚਉ ਤਉ ਕੇ ਵਲ ਰਾਮ। ਆਨ ਦੇਵ ਸੋ ਨਾਹੀਂ ਕਾਮ॥"

ਅਰਥਾਤ ਜਿਸ ਪਰਮਾਤਮਾ ਦਾ ਕਰੋੜਾਂ ਸੂਰਜ ਜੈਸਾ ਪਰਕਾਸ਼ ਹੈ, ਅਜੇਹੇ ਕਈ ਸੂਰਜ ਜਿਸ ਦੀ ਜੋਤਿ ਵਿੱਚ ਬ੍ਰਾਜਮਾਨ ਹੋ ਰਹੇ ਹਨ, ਇਸੀ ਪ੍ਰਕਾਰ ਸ਼ਿਵ ਅਤੇ ਬ੍ਰਹਮਾਂ ਜਿਸ

ਦੇ ਚਰਨਾ ਵਿੱਚ ਨਿਵਾਸ ਕਰਦੇ ਹਨ ਇਸੀ ਪਰਕਾਰ ਕਈ ਕਰੋੜ ਦੁਰਗਾ ਜਿਸ ਦੇ ਚਰਨ ਮਰਦਨ ਕਰ ਰਹੀ ਹੈ, ਫਿਰ ਜਿਸ ਪਰਮਾਤਮਾ ਦੇ ਯਸ਼ ਦਾ ਕਰੋੜਾਂ ਹੀ ਬ੍ਰਹਮੇ ਵੇਦਾਂ ਦੁਆਰੇ ਉਚਾਰਨ ਕਰ ਰਹੇ ਹਨ, ਪਰੰਤੂ ਓਹ ਮਹਾਨ ਸ਼ਕਤੀਮਾਨ ਇਨ੍ਹਾਂ ਨੂੰ ਇੱਕ ਤੁੱਛ ਮਾਤ੍ਰ ਜੀਵ ਜਾਨਕੇ ਆਪਨੇ ਉਸ ਸੱਚੇ ਪਰਤਾਪਵਾਨ ਕਰ ਰਿਹਾ ਹੈ, ਇਸ ਲਈ ਮੈਂ ਜੇ ਚਾਹੁੰਦਾ ਹਾਂ ਤਾਂ ਓਸੇ ਦਾ ਨਾਉਂ ਚਾਹੁੰਦਾ ਹਾਂ ਨਹੀਂ ਉਸ ਤੇ ਬਿਨਾਂ ਕਿਸੇ ਹੋਰ ਦੇਵੀ ਯਾ ਦੇਵਤੇ ਨਾਲ ਮੇਰਾ ਕੋਈ ਕੰਮ ਨਹੀਂ ਹੈ, ਇਸ ਤੇ ਇਹ ਸਿੱਧ ਹੁੰਦਾ ਹੈ ਕਿ ਅਰਾਧਨ ਦੇ ਜੋਗ ਇੱਕ ਅਕਾਲ ਪੁਰਖ ਹੀ ਹੈ ਉਸ ਤੇ ਭਿੰਨ ਕੋਈ ਦੇਵੀ ਦੇਵਤਾ ਪੂਜਨ ਦੇ ਯੋਗ ਨਹੀਂ ਹੈ॥

## ਗੌਂਡ ਨਾਮਦੇਵ

ਭੈਰਉ ਭੂਤ ਸੀਤਲਾ ਧਾਵੈ। ਖਰ ਬਾਹਨ ਓਹ ਛਾਰ ਉਡਾਵੈ॥ ਹਉ ਤਉ ਏਕ ਰਾਮਈਆ ਲੈ ਲੈਉ ਹਉ। ਆਨ ਦੇਵ ਬਦਲਾਵਨਿ ਦੈ ਹਉ॥ ਸਿਵ ਸਿਵ ਕਰਿਤੇ ਜੋ ਨਰ ਧਿਆਵੈ ਬਰਦ ਚਢੇ ਡਉਰ ਡਮਕਾਵੈ॥ ਮਹਾਮਾਈ ਕੀ ਪੂਜਾ ਕਰੈ। ਨਰ ਸੈ ਨਾਰ ਹੋਇ ਅਉਤਰੈ॥੩॥ ਤੂੰ ਕਹੀਅਤ ਹੀ ਆਦਿ ਭਵਾਨੀ । ਮੁਕਤਿ ਕੀ ਬਰੀਆ ਕਹਾ ਛਪਾਨੀ । ਗੁਰਮਤਿ ਰਾਮ ਨਾਮ ਗਹੁ ਮੀਤਾ "ਪ੍ਰਣਵੈ ਨਾਮਾ ਇਉ ਕਹੈ ਗੀਤਾ॥"

ਇਸ ਸ਼ਰਦ ਵਿੱਚ ਨਾਮਦੇਵ ਜੀ ਨੇ ਵੱਡੇ ਜ਼ੋਰ ਨਾਲ ਅਕਾਲ ਪੁਰਖ ਦੇ ਪੂਜਨ ਤੇ ਛੁੱਟ ਦੇਵੀ ਦੇਵਤਿਆਂ ਦਾ ਖੰਡਨ ਕੀਤਾ ਹੈ ਕਿ ਜੋ ਲੋਗ ਭੈਰਉ ਭੂਤ ਅਤੇ ਸੀਤਲਾ ਆਦਿਕ ਦਾ ਸੇਵਨ ਕਰਦੇ ਹਨ ਸੋ ਓਹ ਗਧੇ ਦੀ ਜੂਨ ਨੂੰ ਪਾਕੇ ਖੇਹ ਉਡਾਉਂਦੇ ਫਿਰਨਗੇ, ਇਸ ਵਾਸਤੇ ਮੈਂ ਤਾਂ ਇੱਕ ਅਕਾਲ ਪੁਰਖ ਦਾ ਹੀ ਅਰਾਧਨ ਕਰਦਾ ਹਾਂ ਉਸ ਤੇ ਛੁੱਟ ਕਿਸੇ ਹੋਰ ਦੇਵਤੇ ਦਾ ਪੂਜਨ ਨਹੀਂ ਚਾਹੁੰਦਾ , ਜੋ ਲੋਗ ਸ਼ਿਵ ਦੇ ਧਿਆਨ ਵਿੱਚ ਲੱਗ ਕੇ ਅਪਨੇ ਦੇਵਤਾ ਦੀ ਮੂਰਤੀ ਨੂੰ ਪ੍ਰਾਪਤ ਹੋਨਗੇ। ਉਨ੍ਹਾਂ ਨੂੰ ਇਸ ਦਾ ਫਲ ਇਹ ਮਿਲੇਗਾ ਜੋ ਓਹ ਭੀ ਅਪਨੇ ਦੇਵਤੇ ਵਾਂਗ ਬੈਲ ਪਰ ਚੜ੍ਹਕੇ ਡਉਰੂ ਬਜਾਉਨਗੇ, ਫਿਰ ਜੋ ਮਹਾਂਮਾਈ ਅਰਥਾਤ ਦੁਰਗਾ ਦੇ ਉਪਾਸਕ ਹੋ ਕੇ ਉਸ ਦੀ ਪੂਜਾ ਕਰਨਗੇ ਯਾ ਕਰਦੇ ਹਨ ਸੋ ਅਨੰਨਯ ਭਗਤੀ ਦੇ ਕਰਨੇ ਤੇ ਇਸਤ੍ਰੀ ਦੇ ਜਨਮ ਨੂੰ ਪਰਾਪਤ ਹੋਨਗੇ, ਅਤੇ ਦੇਵੀ ਜਿਸ ਨੂੰ ਆਦਿ ਭਵਾਨੀ ਆਖਦੇ ਹਨ ਕੋਈ ਵਸਤੂ ਹੈ ਤਾਂ ਓਹ ਮੁਕਤੀ ਕਾਲ ਵਿੱਚ ਅਰਥਾਤ ਗਿਆਨ ਸਮਯ ਕਿੱਥੇ ਛਿਪ ਜਾਂਦੀ ਹੈ ਅਰਥਾਤ ਇਹ ਅਗਯਾਨ ਵਿੱਚ ਹੀ ਦੇਵੀ ਯਾ ਭਵਾਨੀ ਆਦਿਕ ਅਗਯਾਨੀਆਂ ਦੀ ਦ੍ਰਿਸ਼ਟੀ ਵਿੱਚ ਪ੍ਰਤੀਤ ਹੁੰਦੀਆਂ ਹਨ ਪਰੰਤੂ ਜਦ ਗਯਾਨ ਦੁਵਾਰੇ ਪੁਰਖ ਮੁਕਤਿ ਨੂੰ ਪ੍ਰਾਪਤ ਹੋ ਜਾਂਦਾ ਹੇ ਤਦ ਇਹ ਸਭ ਭਰਮ ਉਠ ਜਾਂਦੇ ਹਨ, ਇਸ ਵਾਸਤੇ ਨਾਮਦੇਵ ਜੀ ਆਖਦੇ ਹਨ ਕਿ ਜੇ ਓਹ ਕੋਈ ਮੱਤ ਵਸਤੂ ਹੋਵੇ ਤਾਂ ਮੁਕਤੀ ਕਾਲ ਵਿੱਚ ਭੀ ਰਹੇ॥

ਇਸ ਵਾਸਤੇ ਮਹਾਤਮਾਂ ਪੁਰਖਾਂ ਦੇ ਸੱਤ ਉਪਦੇਸ਼ ਤੇ ਅਪਨੀ ਬੁਧਿ ਨੂੰ ਸ਼ੁਧ ਕਰਕੇ ਅਕਾਲ ਪੁਰਖ ਦੇ ਵਿੱਚ ਲਗਾਉਨਾ ਹੀ ਉਤਮ ਹੈ, ਜਿਸ ਤੇ ਨਾਮਦੇਵ ਜੀ ਨੇ ਸਾਬਤ ਕਰ ਦਿੱਤਾ ਹੈ ਕਿ ਜੋ ਲੋਗ ਦੇਵੀ ਦਾ ਅਰਾਧਨ ਕਰਦੇ ਹਨ ਯਾ ਕਰਨਗੇ ਓਹ ਜਹਾਂ ਆਸਾ ਤਹਾਂ ਬਾਸਾ ਦੇ ਅਨੁਸਾਰ ਇਸਤ੍ਰੀਆਂ ਦੇ ਜਨਮ ਨੂੰ ਪ੍ਰਾਪਤ ਹੋਨਗੇ,ਅਰ ਸਾਥ ਹੀ ਇਹ ਭੀ

ਕਥਨ ਕੀਤਾ ਹੈ ਕਿ ਦੇਵੀ ਇੱਕ ਅਗਯਾਨ ਕਾਲ ਵਿੱਚ ਅਗਯਾਨੀ ਜੀਵਾਂ ਦੀ ਕਲਪਨਾ ਹੈ॥

ਪ੍ਰਭਾਤੀ ਮ:੧

"ਜੈ ਕਾਰਣਿ ਬੇਦ ਬ੍ਰਹਮੈ ਉਚਰੇ ਸ਼ੰਕਰ ਛੋਡੀ ਮਾਯਾ।
ਜੈ ਕਾਰਣਿ ਸਿਧ ਭਏ ਉਦਾਸੀ ਦੇਵੀ ਮਰਮ ਨ ਪਾਯਾ॥"

ਇਸ ਦਾ ਭਾਵ ਇਹ ਹੈ ਕਿ ਜਿਸ ਪਰਮਾਤਮਾ ਦੇ ਗਿਆਨ ਵਾਸਤੇ ਬਰਹਮਾਂ ਨੇ ਵੇਦਾਂ ਦਾ ਉਚਾਰਨ ਕੀਤਾ ਅਰ ਜਿਸ ਦੇ ਜਾਨਨੇ ਲਈ ਸ਼ਿਵ ਨੇ ਮਾਯਾ ਦਾ ਤਿਆਗ ਕਰਕੇ ਅਰਥਾਤ ਸੰਪੂਰਨ ਸੁਖ ਸੰਪਤੀ ਨੂੰ ਛੱਡਕੇ ਅੱਕ ਅਤੇ ਧਤੂਰੇ ਆਦਿਕ ਦੇ ਪੱਤੇ ਖਾਕੇ ਉਸ ਦਾ ਧਿਆਨ ਲਗਾਉਨਾ ਚੰਗਾ ਜਾਤਾ, ਇਸੀ ਪ੍ਰਕਾਰ ਜਿਸ ਦੇ ਦੇਖਨੇ ਲਈ ਵੱਡੇ ਵੱਡੇ ਸਿੱਧ ਲੋਗ ਸੰਸਾਰਕ ਸੁਖਾਂ ਤੇ ਉਦਾਸ ਹੋਕੇ ਅੰਤ੍ਰ ਮੁਖੀ ਬਿਰਤੀ ਨਾਲ ਉਸ ਦਾ ਅਰਾਧਨ ਕਰਦੇ ਹਨ ਉਨ੍ਹਾਂ ਨੇ ਭੀ ਉਸ ਮਹਾਨ ਸਰੂਪ ਦਾ ਅੰਤ ਨਹੀਂ ਪਾਇਆ॥

ਇਸੀ ਤਰ੍ਹਾਂ ਲੋਗ ਸ਼ਕਤੀ ਅਰਥਾਤ ਦੇਵੀ ਦੀ ਹੀ ਉਪਾਸਨਾ ਤੇ ਮੁਕਤੀ ਮੰਨਦੇ ਹਨ ਅਰ ਉਸ ਨੂੰ ਅਕਾਲ ਪੁਰਖ ਦੀ ਸ਼ਕਤੀ ਜਾਨਕੇ ਪੂਜਦੇ ਹਨ ਕਿੰਤੂ ਉਸ ਦੇਵੀ ਨੇ ਭੀ ਉਸ ਪਰਮਾਤਮਾਂ ਦਾ ਭੇਦ ਨਹੀਂ ਜਾਤਾ, ਅਰਥਾਤ ਸ਼ਿਵ ਜੈਸੇ ਤਪੱਸੀਆਂ ਅਰ ਸਿੱਧਾਂ ਜੈਸੇ ਉਦਾਸੀਆਂ ਅਤੇ ਦੇਵੀ ਜੈਸੀ ਸ਼ਕਤੀਆਂ ਨੇ ਭੀ ਪਰਮਾਤਮਾਂ ਦਾ ਭੇਦ ਨਹੀਂ ਪਛਾਤਾ, ਜਿਸ ਤੇ ਇਹ ਸਿੱਧ ਹੋਇਆ ਕਿ ਉਨ੍ਹਾਂ ਦਾ ਕਿਸੇ ਪਰਕਾਰ ਦੇ ਫਲ ਦੀ ਇੱਛਾ ਰੱਖਕੇ ਪੂਜਨ ਕਰਨਾ ਨਿਰਾ ਆਗਿਆਨਤਾ ਦਾ ਮੂਲ ਹੈ॥

ਜਪੁਜੀ ਸਾਹਿਬ

"ਧਰਮ ਖੰਡ ਕਾ ਏਹੋ ਧਰਮੁ। ਗਿਆਨ ਖੰਡ ਕਾ ਆਖਹੁ ਕਰਮੁ॥ ਕੇਤੇ ਪਵਣ ਪਾਣੀ ਵੈਸੰਤ੍ਰ ਕੇਤੇ ਕਾਨ ਮਹੇਸ। ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ॥ ਕੇਤੀਆਂ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ। ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥ ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ। ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ॥ ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ॥ ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ॥੩੫॥"

ਇਸ ਪਉੜੀ ਵਿੱਚ ਗੁਰੂ ਜੀ ਮਹਾਰਾਜ ਨੇ ਪਰਮਾਤਮਾਂ ਦੇ ਗਿਆਨ ਵਾਲੇ ਹਿੱਸੇ ਦਾ ਵਰਨਨ ਕਰਕੇ ਕਥਨ ਕੀਤਾ ਹੈ, ਕਿ ਉਸ ਪਰਮਾਤਮਾਂ ਵਿੱਚ ਪਵਨ ਪਾਣੀ ਅਤੇ ਅਗਨੀ ਆਦਿਕ ਪੰਜੇ ਤੱਤ ਕਈ ਪ੍ਰਕਾਰ ਨਾਲ ਬ੍ਰਹਮੰਡ ਦੀ ਰਚਨਾਂ ਨੂੰ ਲੈਕੇ ਬ੍ਰਾਜਮਾਨ ਹੋ ਰਹੇ ਹਨ, ਏਸੇ ਤਰ੍ਹਾਂ ਓਸ ਵਿੱਚ ਅਨੇਕਾਂ ਕ੍ਰਿਸ਼ਨ ਸ਼ਿਵ ਅਤੇ ਬ੍ਰਹਮਾਦਿਕ ਪ੍ਰਾਣੀ ਸੁੰਦਰ ਰੂਪ ਅਤੇ ਰੰਗਾਂ ਸਮੇਤ ਪ੍ਰਤੀਤ ਹੁੰਦੇ ਹਨ, ਇਸੀ ਪ੍ਰਕਾਰ ਕਰਮ ਕਾਂਡ ਦੇ ਸਥਾਨ ਦੇ ਸਥਾਨ ਅਰ ਪ੍ਰਿਥੀ ਅਤੇ ਪਰਬਤ ਉਸ ਦੀ ਰਚਨਾਂ ਵਿੱਚ ਕਈ ਕੋਟ ਬਿਰਾਜ ਰਹੇ ਹਨ, ਫਿਰ ਧਰੂ ਆਦਿ ਤਾਰਾਗਣ ਅਤੇ ਚੰਦ ਸੂਰਜ ਆਦਿਕ ਜਯੋਤਯਾਂ ਉਸ ਤੇ ਮਹਾਨ ਜੋਤੀ ਸਰੂਪ ਵਿੱਚ ਚਮਕ ਰਹੀਆਂ ਹਨ। ਇਸੇ ਤਰ੍ਹਾਂ ਕੋਟਾਨ ਕੋਟ ਸਿੱਧ ਬੁਧਿਵਾਨ ਅਤੇ ਕਈ ਪਰਕਾਰ ਦੀ ਦੇਵੀਆਂ

ਦੇ ਸਰੂਪ ਅਤੇ ਦਾਨਵਾਂ ਦੇ ਅਕਾਰ ਆਪੋ ਆਪਨਾਂ ਭਾਵ ਦਿਖਾ ਰਹੇ ਹਨ, ਜਿਸ ਤੇ ਕਈ ਰਤਨਾਂ ਵਾਲੇ ਸੁਮੰਦ੍ਰ ਅਤੇ ਚਾਰੇ ਖਾਣਿਆਂ ਦੇ ਚਰਾਚਰ ਜੀਵ ਅਤੇ ਪ੍ਰਤਿਸ਼ਹਿਤ ਰਾਜਿਆਂ ਸਮੇਤ ਸੁਭਾਇਮਾਨ ਹੋ ਰਹੇ ਹਨ ਜਿਨ੍ਹਾਂ ਦੀ ਗਿਣਤੀ ਦਾ ਕੋਈ ਅੰਤ ਨਹੀਂ ਪਾਇ ਸਕਦਾ, ਪ੍ਰੰਤੂ ਇਹ ਸਭ ਵਸਤੂਆਂ ਜਿਨ੍ਹਾਂ ਦੇ ਗਿਆਨ ਵਿੱਚ ਪੁਰਖ ਦੀ ਤੁਛ ਬੁੱਧੀ ਚੱਕ੍ਰ ਖਾ ਜਾਂਦੀ ਹੈ ਸੋ ਇਹ ਸਭ ਉਸ ਦੇ ਮਹਾਨ ਗਿਆਨ ਦੇ ਅੰਦਰ ਆਪੋ ਆਪਨੀ ਪ੍ਰਭਾ ਨੂੰ ਦਿਖਾ ਰਹੇ ਹਨ, ਜਿਸ ਤੇ ਉਹ ਅਕਾਲ ਪੁਰਖ ਸਭ ਤੋਂ ਮਹਾਨ ਗਯਾਤਾ ਹੋਨ ਕਰਕੇ ਸਰਵੱਗਯ ਕਥਨ ਕੀਤਾ ਜਾਦਾ ਹੈ, ਗੁਰੂ ਜੀ ਦੇ ਇਸ ਵਾਕ ਤੇ ਭੀ ਸਿੱਧ ਹੁੰਦਾ ਹੈ ਕਿ ਉਸ ਮਹਾਨ ਗਯਾਨ ਸਰੂਪ ਦੇ ਅੱਗੇ ਦੇਵੀ ਦੇਵਤੇ ਆਦਿਕ ਕੁਛ ਭੀ ਵਸਤੂ ਨਹੀਂ ਹਨ, ਅਰਥਾਤ ਇੱਕ ਤੁਛ ਗਿਆਨ ਵਾਲੇ ਪਤੰਤ੍ਰ ਜੀਵ ਹਨ॥

ਜਦ ਦਸਮ ਅਤੇ ਆਦਿ ਗੁਰੂ ਦੀ ਬਾਣੀ ਜਿਸ ਦੇ ਵਿੱਚ ਹੋਰ ਪਾਤਸ਼ਾਹੀਆਂ ਦਾ ਭੀ ਅਧਯਾਹਾਰ ਹੈ ਸਾਨੂੰ ਪੁਕਾਰ ਪੁਕਾਰ ਕੇ ਦੱਸ ਰਹੀ ਹੈ ਕਿ ਅਕਾਲ ਪੁਰਖ ਦੇ ਸਮਾਨ ਯਾ ਉਸ ਤੇ ਅਧਿਕ ਕੋਈ ਜੀਵ ਨਹੀਂ ਹੈ ਜੋ ਪੁਰਖ ਦੇ ਪੂਜਨ ਜੋਗ ਹੋਵੇ, ਫਿਰ ਅਜੇਹੇ ਮਹਾਨ ਸ਼ਕਤੀਵਾਨ ਪਰਮਾਤਮਾਂ ਨੂੰ ਛੱਡਕੇ ਗੁਰੂ ਮਹਾਰਾਜ ਨੂੰ ਕਿਸੇ ਦੇਵੀ ਦੇਵਤੇ ਦੇ ਅਰਾਧਨ ਵਾਲੇ ਦੱਸਨਾਂ ਇੱਕ ਵੱਡਾ ਭਾਰੀ ਅਨਰਥ ਦਾ ਕਰਨਾ ਹੈ॥

## ਗੁਰੂ ਗ੍ਰੰਥ ਸਾਹਿਬ ਵਿੱਚ ਅਕਾਲ ਤੇ ਛੁੱਟ ਦੂਜੇ ਦੀ ਉਪਾਸਨਾਂ ਦਾ ਨਖੇਧ

ਦੋਹਿਰਾ

ਹੁਨ ਮੈਂ ਦੱਸਾਂ ਤੁੱਧ ਨੂੰ ਗੁਰੂ ਗ੍ਰੰਥ ਮਹਾਰਾਜ।
ਇਕ ਅਕਾਲ ਸੇਵਨ ਕਹੈ ਸਿੱਧ ਕਰਨ ਹਿਤ ਕਾਜ॥੧੫੩॥
ਜਿਨ ਪਰ ਸ਼ਰਧਾ ਕਰਨ ਤੇ ਪਾਵਤ ਮੋਖ ਉਦਾਰ।
ਤਾਂ ਤੇ ਤਿਨ ਕਾ ਮਾਨਨਾ ਹੈ ਸਭ ਕੋ ਅਧਿਕਾਰ॥ ੧੫੪॥

ਯਥਾ:- ਸ੍ਰੀ ਰਾਗ ਮ:

"ਮੇਰੇ ਮਨ ਏਕਸੁ ਸਿਉ ਚਿਤ ਲਾਇ॥
ਏਕਸੁ ਬਿਨੁ ਸਭ ਧੰਧੁ ਹੈ ਸਭ ਮਿਥਿਆ ਮੋਹੁ ਮਾਇ॥" ਪੁਨ:
ਸੁਖ ਦਾਤਾ ਭੈ ਭੰਜਨੋ ਤਿਸ ਆਗੈ ਕਰਿ ਅਰਦਾਸਿ॥
ਮਿਹਰ ਕਰੇ ਜਿਨ ਮਿਹਰਵਾਨ ਤਾਂ ਕਾਰਜ ਆਵੈ ਰਾਸ॥ ਪੁਨ:
ਕਰੇ ਕਰਾਏ ਆਪ ਪ੍ਰਭੁ ਸਭ ਕਿਛੁ ਤਿਸ ਹੀ ਹਾਥਿ।
ਮਾਰਿ ਆਪ ਜੀਵਾਲਦਾ ਅੰਤਰਿ ਬਾਹਰਿ ਸਾਥਿ॥

ਗਉੜੀ

ਹਰਿ ਇਕੋ ਕਰਤਾ ਇਕ ਇਕੋ ਦੀਬਾਣੁ ਹਰਿ ॥ ਹਰਿ ਇਕਸੈ ਦਾ ਹੈ ਅਮਰੁ ਇਕੋ ਹਰਿ ਚਿਤ ਧਰਿ॥ ਹਰਿ ਤਿਸੁ ਬਿਨੁ ਕੋਈ ਨਾਹਿ ਡਰ ਭ੍ਰਮ ਭਉ ਦੂਰਿ ਕਰਿ ॥ ਹਰਿ ਤਿਸੈ ਨੋ

ਸਾਲਾਹਿ ਜੋ ਤੁਧ ਰੱਖ ਬਾਹਰਿ ਘਰ।।

ਆਸਾ ਮ:੪

ਤੂੰ ਆਪੇ ਕਰਤਾ ਤੇਰਾ ਕੀਆ ਸਭੁ ਹੋਇ। ਤੁਧ ਬਿਨ ਦੂਜਾ ਅਵਰੁ ਨ ਕੋਇ ।।
ਤੂ ਕਰਿ ਕਰਿ ਵੇਖਹਿ ਜਾਣਹਿ ਸੋਇ। ਜਨ ਨਾਨਕ ਗੁਰਮੁਖ ਪ੍ਰਗਟ ਹੋਇ।।

ਮਾਝ ਮ:੫

ਤੂੰ ਮੇਰਾ ਪਿਤਾ ਤੂੰ ਹੈਂ ਮੇਰਾ ਮਾਤਾ। ਤੂੰ ਮੇਰਾ ਬੰਧਪ ਤੂੰ ਮੇਰਾ ਭ੍ਰਾਤਾ।।
ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ।।

ਆਸਾ ਮ:੧

ਬੇਦ ਕਤੇਬ ਸੰਸਾਰ ਹਭਾਹੂੰ ਬਾਹਰਾ। ਨਾਨਕ ਕਾ ਪਾਤਿਸ਼ਾਹੁ ਦਿਸੈ ਜਾਹਰਾ।।

ਆਸਾ ਮ:੫

ਹਭੇ ਥੋਕ ਵਿਸਾਰਿ ਹਿਕੋ ਖਿਆਲੁ ਕਰਿ। ਝੂਠਾ ਲਾਹਿ ਮਾਨੁ ਤਨੁ ਅਰਪਿ ਧਰਿ।।

ਆਸਾ ਕਾਫੀ ਮ:੧

ਚਾਰੇ ਕੂੰਡਾਂ ਢੂਡੀਆਂ ਕੋ ਨੀਮੀ ਮੈਡਾ। ਜੇ ਤੁਧ ਭਾਵੈ ਸਾਹਿਬਾ ਮੈ ਹਉ ਤੈਡਾ ।।

ਪੁਨ: ਦਰਬੀਭਾ ਮੈ ਨੀਮ ਕੋ ਕੈ ਕਰੀ ਲਾਮੁ। ਹਿਕੋ ਮੇਡਾ ਤੂ ਧਨੀ ਸਾਚਾ ਮੁਖਿ ਨਾਮੁ।। ਪੁਨ:
ਸਦਾ ਸਦਾ ਸਾਲਾਹੀਐ ਸੱਚੇ ਕਉ ਬਲਿ ਜਾਉ।
ਨਾਨਕ ਏਕ ਛਡਿ ਦੂਜੇ ਲਗੈ ਸਾ ਜਿਹਵਾ ਜਲ ਜਾਉ।।

**ਸੋਰਠ ਮ:੧**

ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ ਮੜੈ ਮਸਾਣ ਨੁ ਜਾਈ।।
ਤਿਰਸਨਾ ਰਾਚਿ ਨ ਪਰ ਘਰ ਜਾਵਾ ਤਰਿਸ਼ਨਾ ਨਾਮ ਬੁਝਾਈ।।

ਰਾਗ ਗੂਜਰੀ ਸਲੋਕ ਮ:੩

ਸਦਾ ਸਦਾ ਸੋ ਸੇਵੀਐ ਜੋ ਸਭਿ ਮਹਿ ਰਹਿਆ ਸਮਾਇ।।
ਅਵਰੁ ਦੂਜਾ ਕਿਉ ਸੇਵੀਐ ਜੰਮੈ ਤੇ ਮਰ ਜਾਇ।।

ਗਉੜੀ ਅਸਟਪਦੀ ਮ:੧

ਗੁਰ ਕਹਿਆ ਅਵਰੁ ਨਹੀ ਦੂਜਾ।। ਕਹੁ ਦੇਖਿ ਕਰਉ ਅਨੁ ਪੂਜਾ।।

ਮਾਰੂ ਸੋਹਲੇ ਮ:੩

ਹਰਿ ਨਾਮ ਚੇਤਾ ਅਵਰਨ ਪੂਜਾ।। ਏਕੋ ਸੇਵੀ ਅਵਰੁ ਨ ਦੂਜਾ।। ਪੁਨ:
ਏਕੋ ਸੇਵੀ ਸਦਾ ਥਿਰੁ ਸਾਚਾ।। ਦੂਜੈ ਲਾਗਾ ਸਭਿ ਜਗ ਕਾਚਾ।।

ਗਉੜੀ ਕਬੀਰ ਜੀ

ਰੇ ਜੀਅ ਨਿਲੱਜ ਲਾਜ ਤੋਹਿ ਨਾਹੀ। ਹਰਿ ਤਜ ਕਤ ਕਾਹੂ ਕੇ ਜਾਹੀ।।"

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਨ੍ਹਾਂ ਸਾਰੇ ਪ੍ਰਮਾਣਾਂ ਤੇ ਅੱਛੀ ਤਰ੍ਹਾਂ ਨਾਲ ਸਿੱਧ ਹੁੰਦਾ ਹੈ ਜੋ ਅਕਾਲ ਪੁਰਖ ਤੇ ਬਿਨਾਂ ਕਿਸੇ ਹੋਰ ਦੀ ਉਪਾਸਨਾਂ ਯਾ ਪੂਜਾ ਕਰਨੀ ਮਹਾਂ ਅਜੋਗ ਹੈ, ਇਸ

ਤੇ ਅੱਗੇ ਜਦ ਦਸਮੇਂ ਗੁਰੂ ਜੀ ਮਹਾਰਾਜ ਨੇ ਅੰਤ ਦੇ ਸਮਯ ਪਰ ਭੀ ਖਾਲਸਾ ਨੂੰ ਗੁਰੂ ਗ੍ਰੰਥ ਸਾਹਿਬ ਦਾ ਪੱਲਾ ਪਕੜਾਇਆ ਅਰ ਇਸੇ ਨੂੰ ਗੁਰੂ ਮੰਨਨ ਦੀ ਆਗਿਆ ਦਿੱਤੀ। ਫਿਰ ਕਿਸ ਤਰ੍ਹਾਂ ਹੋ ਸਕਦਾ ਹੈ ਜੋ ਕਲਗੀਧਰ ਜੀ ਨੇ ਆਪ ਆਦਿ ਗ੍ਰੰਥ ਸਾਹਿਬ ਦੇ ਉਪਦੇਸ਼ਾਂ ਨੂੰ ਤੋੜਕੇ ਕਿਸੇ ਹੋਰ ਦਾ ਪੂਜਨ ਕੀਤਾ ਹੋਵੇ, ਇਸ ਵਾਸਤੇ ਖਾਲਸਾ ਨੂੰ ਗੁਰੂ ਮਹਾਰਾਜ ਪਰ ਕਦੇ ਭੀ ਅਜੇਹਾ ਅਛੇਪ ਲਗਾਉਨਾ ਜੋਗ ਨਹੀਂ ਹੈ॥

ਦੋਹਿਰਾ

ਦਸਮ ਗ੍ਰੰਥ ਅਰ ਆਦਿ ਜੂ ਤੈਂ ਸਭ ਲਏ ਨਿਹਾਰ।
ਕੈਸਾ ਭਰਮ ਨਿਵਾਰਤੇ ਕਹਿ ਪੂਜਨ ਕਰਤਾਰ॥੧੫੫॥
ਤਾਂ ਤੇ ਭਰਮ ਨਿਵਾਰ ਮਨ ਹੋਹੁ ਨਿਧੜਕ ਨ ਸੰਗ।
ਦੇਵੀ ਭੂਤ ਪਰੇਤ ਤੇ ਭੁੱਲ ਨ ਤੂੰ ਵਰ ਮੰਗ॥੧੫੬॥

## ਦੁਰਗਾ ਭਗਤ

## ਦੋਹਿਰਾ

ਮੈਂ ਸਭ ਤੇਰੇ ਸੁਨ ਲਏ ਜੋ ਗੁਰ ਵਾਕ ਪ੍ਰਮਾਨ।
ਪਰ ਇਕ ਹੋਰ ਪ੍ਰਮਾਨ ਮੈਂ ਤੈਨੂੰ ਕਰਾਂ ਬਖਾਨ॥੧੫੭॥

## ਚੌਪਈ

ਜੈਸੇ ਗ੍ਰੰਥ ਪ੍ਰਮਾਣ ਪਿਆਰੇ। ਹੈ ਮਾਨਨ ਕਾ ਹਮ ਅਧਕਾਰੇ॥
ਤੈਸੇ ਲੋਕਕ ਜੋ ਪਰਮਾਨ। ਮਾਨਤ ਹੈ ਸਗਲੇ ਸੁਰ ਗਯਾਨ॥
ਤਾਂ ਤੇ ਸਕਲ ਲੋਗ ਯਹ ਗਾਵਤ। ਦਸਮ ਗੁਰੂ ਥੇ ਦੇਵੀ ਧਿਆਵਤ॥
ਬਾਲ ਬ੍ਰਿਧ ਅਰ ਜੁਵਾ ਬਤਾਵੇ। ਨਾਰੀ ਭੀ ਯਹ ਕਥਾ ਸੁਨਾਵੇ॥
ਤਾਂ ਤੇ ਜੋ ਪ੍ਰਸਿੱਧ ਕਹਾਨੀ। ਜੋ ਤੈ ਚਾਹੀ ਮੂਲ ਛਪਾਨੀ॥
ਯਹ ਪ੍ਰਗਟ ਹੈ ਜਗਤ ਮਝਾਰੇ। ਸੋ ਕੈਸੇ ਹਮ ਦੇਹਿੰ ਵਿਸਾਰੇ॥
ਜਾਂਤੇ ਜੋ ਸਭ ਲੋਗ ਬਤਾਵੈਂ॥ ਸਾਚੀ ਬਾਤ ਵਹੀ ਹਮ ਪਾਵੈਂ॥
ਤਾਂ ਤੇ ਪੂਜਨ ਦੇਵੀ ਕੀਆ। ਤਿਸ ਤੇ ਥੋ ਗੁਰ ਜੀ ਵਰ ਲੀਆ॥੧੫੮॥

## ਤੱਤ ਖਾਲਸਾ

## ਦੋਹਿਰਾ

ਇਸ ਪਰ ਭੀ ਕਰਨਾਂ ਬਨੇ ਰੰਚਕ ਮਨਹਿ ਵਿਚਾਰ।
ਕਿਨ ਲੋਗਨ ਕੀ ਬਾਤ ਹੈ ਕਰਨ ਜੋਗ ਇਤਬਾਰ॥੧੫੯॥
ਵਿਦਵਾਨ ਅਰ ਸੁਘੜ ਜਨ ਕਹੇ ਸਰਬਦਾ ਸੱਤ।
ਤਿਨ ਕੀ ਬਾਨੀ ਮਾਨੀਓ ਯਹੀ ਸੁਧਨ ਕੀ ਮੱਤ॥ ੧੬੦॥
ਪੁਨ ਮੂਰਖ ਪ੍ਰਲਾਪ ਕੋ ਜੋ ਮਾਨੇ ਨਰ ਕੋਇ।
ਅਪਨੀ ਬੁੱਧ ਭੀ ਸਗਲ ਬੈਠਤ ਹੈ ਤਬ ਖੋਇ॥੧੬੧॥
ਹੁਨ ਮੈ ਤੈਨੂੰ ਦੱਸਦਾ ਜੋ ਕੁਝ ਆਖਨ ਲੋਗ।

ਫਿਰ ਤੂੰ ਦੱਸੀ ਓਸ ਵਿੱਚ ਸੱਤ ਕਹਾਂ ਤਕ ਹੋਗ।੧੬੨॥

ਦ੍ਵੈਯਾ

ਪਹਲੇ ਤਾਂ ਇਹ ਲੋਗ ਜਗਤ ਦੇ ਬਾਤਾਂ ਬੈਠ ਬਨਾਉਣ॥ ਰਾਤ ਸਮਯ ਬਹਿ ਕੋਠਿਆਂ ਉੱਪਰ ਬਚਿਆਂ ਨੂੰ ਸਮਝਾਉਨ॥ ਆਖਨ ਬੱਚਾ ਕਾਲੇ ਕਾਲੇ ਦਾਗ ਚੰਦ ਦੇ ਜਿਹੜੇ ਮਾਇ ਚੰਦ ਦੀ ਚਰਖਾ ਕੱਤਦੀ ਬੈਠੀ ਹੈ ਵਿਚ ਵਿਹੜੇ।੧੬੩॥ ਸੁਨ ਸੁਨ ਮੁੰਡੇ ਰਾਜ਼ੀ ਹੁੰਦੇ ਕੱਢਨ ਲੰਮਾਂ। ਨਾਲ ਹੱਥ ਦੇ ਕਰਨ ਇਸ਼ਾਰੇ ਓਹ ਚੰਦ੍ਰ ਦੀ ਅੰਮਾ॥ ਬੈਠੀ ਪਾਸ ਚੰਦ ਦੇ ਕੱਤੇ ਚੰਦ ਰੋਟੀਆਂ ਖਾਂਦਾ। ਕਹੁ ਖਾਂ ਇਹ ਜੋ ਵੱਡਾ ਗਪੋੜਾ ਕਿੱਥੋ ਲੋਗਾਂ ਆਂਦਾ।੧੬੪॥ ਫਿਰ ਇਕ ਹੋਰ ਗੱਪ ਜੋ ਮਾਰੀ ਵਿੱਚ ਪੁਰਾਨਾਂ ਭਾਰੀ। ਇਸੇ ਚੰਦ ਦੇ ਦਾਗਾਂ ਉੱਪਰ ਸੋ ਭੀ ਸੁਨ ਸੈ ਸਾਰੀ॥ ਆਖਨ ਇਕ ਦਿਨ ਇੰਦ੍ਰ ਨੇ ਸੀ ਸੂਰਜ ਨੂੰ ਫੁਰਮਾਇਆ॥ ਸਭ ਤੇ ਸੁੰਦ੍ਰ ਨਾਰੀ ਦਾ ਨਾਂ ਤੈਂ ਕੁਛ ਪਤਾ ਬਤਾਇਆ।੧੬੫॥ ਸੋ ਤੂੰ ਦੱਸ ਕੌਨ ਹੈ ਐਸੀ ਰੂਪਾਵੰਤੀ ਨਾਰੀ॥ ਜਿਸ ਕੇ ਦੇਖਨ ਤਾਈਂ ਚਾਹੇ ਝਬਦੇ ਸੁਰਤ ਹਮਾਰੀ । ਇਸ ਪਰ ਸੂਰਜ ਨੇ ਸੀ ਆਖਿਆ ਜਦ ਮੈਂ ਚੜ੍ਹਦਾ ਰਾਈ । ਮੇਰਾ ਤੇਜ ਸਹਾਰਨ ਨਾਹੀਂ ਸੂਖਮ ਬਦਨ ਲੁਗਾਈ।੧੬੬॥ ਤਾਂ ਤੇ ਜੇ ਹੈ ਪਤਾ ਕੱਢਨਾ ਤਾਂ ਤੁਮ ਚੰਦ ਬੁਲਾਓ। ਉਸਦੇ ਪਾਸੋਂ ਸਭੀ ਹਾਲ ਇਹ ਬਹਕੇ ਪਾਸ ਪੁਛਾਓ॥ ਕਿਉਂ ਜੋ ਉਸ ਦੇ ਚੜ੍ਹਨੇ ਵੇਲੇ ਜਿਤਕ ਮਨੋਹਰ ਬਾਮਾਂ। ਸੁੰਦਰ ਸੇਜ ਬਿਛਾਇ ਸੋਦੀਆਂ ਆਪਨੇ ਉੱਪਰ ਧਾਮਾਂ।੧੬੭॥ ਇਤਨਾ ਸੁਨਕੇ ਇੰਦ੍ਰ ਨੇ ਸੀ ਮੁੜਕੇ ਚੰਦ ਬੁਲਾਇਆ॥ ਏਹੋ ਫੇਰ ਸੁਨੇਹਾ ਉਸ ਨੂੰ ਪਾਸ ਬਠਾਇ ਸੁਨਾਇਆ। ਜਿਸ ਨੂੰ ਸੁਨਕੇ ਕਹੀ ਚੰਦ ਨੇ ਹੇ ਰਾਜਨ ਕੇ ਰਾਜਾ। ਗੌਤਮ ਰਿਖ ਦੀ ਨਾਰ ਅਹੱਲਯਾ ਜੋ ਸਭ ਦੀ ਸਿਰਤਾਜਾ।੧੬੮॥ ਉਸ ਦੇ ਜੈਸੀ ਹੋਰ ਨ ਦੇਖੀ ਮੈਂ ਹੈ ਸੁੰਦ੍ਰ ਨਾਰੀ। ਨਿਸਚੈ ਕਰ ਮੈਂ ਜਾਨ ਲਿਆ ਹੈ, ਹੈ ਵਹੁ ਜੋਗ ਤੁਮਾਰੀ ॥ ਤਦ ਇੰਦ੍ਰ ਨੇ ਪੁੱਛਿਆ ਉਸ ਤੇ ਕਿੱਕੁਰ ਉਸ ਨੂੰ ਪਾਈਏ। ਅਰ ਕਿਸ ਵੇਲੇ ਸੁੰਨੇ ਘਰ ਵਿੱਚ ਪਾਸ ਓਸ ਦੇ ਜਾਈਏ।੧੬੯॥ ਜਿਸ ਪਰ ਕਹੀ ਚੰਦ ਨੇ ਰਾਜਨ ਉਹ ਰਿਖਵਰ ਵੱਡ ਗਿਆਨੀ ॥ ਪਿਛਲੀ ਰਾਤ ਗੰਗ ਪਰ ਜਾਂਦਾ ਹੈ ਨਿਯਮੀ ਇਸ਼ਨਾਨੀ॥ ਪਰ ਉਸ ਪਾਸ ਰਹੇ ਇੱਕ ਮੁਰਗਾ ਜਦੋਂ ਬਾਂਗ ਉਹ ਦੇਂਦਾ। ਸੁਨਕੇ ਰਿਖੀ ਜਾਨ ਦਿਨ ਚੜ੍ਹਿਆ ਗੰਗਾ ਰਸਤਾ ਲੇਂਦਾ।੧੭੦॥ ਸੋ ਇਸ ਦਾ ਮੈ ਥੋੜੇ ਅੰਦਰ ਇਹੋ ਇਲਾਜ ਬਤਾਊਂ॥ ਹੋਕੇ ਮੁਰਗਾ ਪਹਲੀ ਰਾਤੇ ਕੁੱਕੜ ਕੂੰ ਕਰਵਾਊਂ॥ ਸੁਨਕੇ ਬਾਂਗ ਤੁਰਤ ਓਹ ਜਾਊ ਖਾਲੀ ਘਰ ਦੇ ਮਾਹੀਂ॥ ਜਾਇ ਧਸੀ ਤੂੰ ਨਾਰ ਓਸ ਦੀ ਅੱਗੋਂ ਬੋਲੂ ਨਾਹੀਂ।੧੭੧॥ ਸੁਨ ਕੇ ਇੰਦ੍ਰ ਰਾਜੀ ਹੋਇਆ ਏਹੋ ਮਤਾ ਪਕਾਇਆ॥ ਮੁਰਗਾ ਹੋਕੇ ਚੰਦ ਤਦੋਂ ਘਰ ਗੌਤਮ ਜੀ ਕੇ ਆਇਆ।ਦਿੱਤੀ ਬਾਂਗ ਕੁਬੇਲੇ ਉਸ ਨੇ ਸੁਨਕੇ ਰਿਖੀ ਵਿਚਾਰਾ। ਨਾਵਨ ਨੂੰ ਤੁਰ ਗਿਆ ਸਿਤਾਬੀ ਘਰ ਤੇ ਕਰਾ ਕਨਾਰਾ।੧੭੨॥ ਓਸੇ ਵੇਲੇ ਇੰਦ੍ਰ ਨੇ ਆ ਅਪਨਾ ਦਾਉ ਲਗਾਇਆ। ਨਾਰ ਰੀਖੀ ਦੀ ਕੱਲੀ ਪਾਕੇ ਅਪਨਾ ਮਨ ਪਰਚਾਇਆ। ਪਰ ਓਪਰ ਜਦ ਰਿਖ ਨੇ ਜਾਕੇ ਗੰਗਾ ਮੈਂ ਹੱਥ ਡਾਰਾ॥ ਬੋਲੀ ਗੰਗਾ ਕੌਣ ਅਹੇ ਤੂੰ ਪਾਪੀ ਲੋਗ ਨਕਾਰਾ।੧੭੩॥ ਮੈਂ ਤਾਂ ਨਗਨ ਪਈ ਸਾਂ ਸੁੱਤੀ ਤੈ ਹਾਂ ਆਨ ਜਗਾਈ । ਦੱਸ ਸ਼ਤਾਬ ਸਰਾਪ ਨਾਲ ਮੈ ਦੇਸਾਂ ਹੁਣੇ ਜਲਾਈ॥ ਹੱਥ ਜੋੜ ਕੇ ਕਹੀ ਰਿਖੀ ਨੇ ਮੈਂ ਗੌਤਮ ਹਾਂ ਮਾਈ ।

ਏਸੇ ਵੇਲੇ ਨਿੱਤ ਆਂਵਦਾ ਮੇਰਾ ਦੋਸ਼ ਨ ਰਾਈ।।੧੭੪।। ਸੁਨਦੇ ਸਾਰ ਕਹੀ ਤਦ ਗੰਗਾ ਝਬਦੇ ਘਰ ਨੂੰ ਦੌੜੋ। ਘਰ ਵਿੱਚ ਚੋਰ ਲਗਾ ਹੈ ਤੇਰੇ ਹੇਤ ਅਹੱਲਯਾ ਚੋੜੋ।। ਅਧਨ੍ਹਾਤਹ ਹੀ ਪਿਛਲੇ ਪੈਰੀ ਜਦੋਂ ਨੱਸ ਘਰ ਆਇਆ। ਨਾਮ ਅੰਜਨੀ ਅਪਨੀ ਬੇਟੀ ਬੂਰੇ ਬੈਠੀ ਪਾਇਆ।। ੧੭੫।। ਜਿਸ ਨੂੰ ਕਿਹਾ ਕੌਨ ਹੈ ਅੰਦਰ ਦੱਸ ਸ਼ਿਤਾਬ ਪੁਕਾਰਾ। ਅੱਗੋ ਲੜਕੀ ਆਖਨ ਲੱਗੀ ਅੰਦ੍ਰ ਅਹੇ ਮਝਾਰਾ।। ਇਸ ਪਦ ਦਾ ਜਦ ਅਰਥ ਰਿਖੀ ਮਨ ਸੋਚਨ ਲਗਾ ਵਿਚਾਰਾ।। ਬਿੱਲੀ ਹੈ ਯਾ ਚੋਰ ਕਿਧੋ ਇਹ ਦੱਸੇ ਮਾਂ ਦਾ ਯਾਰਾ।।੧੭੬।। ਇਤਨੇ ਅਰਸੇ ਵਿੱਚ ਅੰਦਰੋਂ ਇਦ੍ਰ ਸਮਾਂ ਤਕਾਇਆ। ਮਾਰ ਛਾਲ ਓਹ ਸ੍ਵਰਗ ਪੁਰੀ ਨੂੰ ਓਸੇ ਵਕਤ ਸਿਧਾਇਆ। ਪਰ ਪਹਚਾਨ ਲਿਯਾ ਰਿਖ ਗੋਤਮ ਦਿੱਤਾ ਸਰਾਪ ਅਜੇਹਾ। ਸਹਸ ਹਜ਼ਾਰ ਪਈ ਭਗ ਪਿੰਡੇ ਕੋੜ੍ਹ ਹਮੇਸ਼ਾ ਰੇਹਾ।।੧੭੭।। ਫਿਰ ਲੜਕੀ ਨੂੰ ਕਿਹਾ ਪਾਪਨੀ ਤੈ ਨਾਂ ਸੱਚ ਬਤਾਇਆ। ਕੁਆਰੀ ਬੱਚਾ ਪੈਦਾ ਕਰਸੇਂ ਇਹੋ ਸਰਾਪ ਸੁਨਾਇਆ।। ਫਿਰ ਨਾਰੀ ਨੂੰ ਪੱਥਰ ਕੀਤਾ ਜਦ ਦੁਰਸੀਸ ਸਨਾਈ । ਓੜਕ ਵਾਰੀ ਚੰਦ ਮੁਰਗ ਦੀ ਓਸੇ ਵੇਲੇ ਆਈ ।।੧੭੮।। ਲੱਗਾ ਉਡਨ ਚੰਦ ਜਦ ਓਥੋ ਤਦ ਰਿਖ ਲੈ ਮ੍ਰਿਗਛਾਲਾ।। ਮਾਰੀ ਜਾਂਦੇ ਦੇ ਇੱਕ ਪੁੱਠੀ ਜਿੱਧਰ ਸੀ ਰੰਗ ਕਾਲਾ।। ਓਹੋ ਦਾਗ ਲਗੇ ਹਨ ਇਸ ਨੂੰ ਅੱਜ ਤੀਕ ਦਿਸ ਆਵਨ। ਏਹੁ ਕਲੰਕ ਚੰਦ ਨੂੰ ਤਦ ਦਾ ਲੋਗ ਪੁਰਾਨੀ ਗਾਉਨ।।੧੭੯।। ਹੁਣ ਤੂੰ ਸੋਚ ਰਿਦੇ ਵਿੱਚ ਅਪਨੇ ਕਯਾ ਇਹ ਸਭੋ ਕਹਾਨੀ। ਹੈ ਸੱਚੀ ਯਾ ਰਚੀ ਬਨਾਵਟ ਜੋ ਹਨ ਲੋਗ ਤੁਫਾਨੀ।। ਫਿਰ ਆਖਨ ਜਦ ਗ੍ਰਹਨ ਲਗਦਾ ਤਾਂ ਕਰਜਾਈ ਮਾਰਨ। ਅਪਨੀ ਅੰਮਾਂ ਦਾ ਜੋ ਕਰਜਾ ਚੰਦ੍ਰ ਸੂਰ ਉਤਾਰਨ।। ੧੮੦।। ਕਿਆ ਇਹ ਗੱਲਾਂ ਜੋ ਹਨ ਲੋਗਾਂ ਰਚੀਆਂ ਚਾ ਮਨ ਘੜੀਆਂ।। ਵਿੱਚ ਗ੍ਰੰਥਾਂ ਖੂਬ ਸਜਾਕੇ ਹੀਰੇ ਵਾਂਗਰ ਜੜੀਆਂ।। ਮੰਨੇ ਸੱਚ ਇਨ੍ਹਾਂ ਨੂੰ ਜੇਕਰ ਤਾਂ ਓਹ ਭੀ ਸੱਚ ਹੋਊ।। ਜਿਸ ਨੂੰ ਸੁਨਕੇ ਬੁਧਿਮਾਨ ਜਨ ਨਾ ਅਪਨੀ ਪਤ ਖੋਊ।।੧੮੧।। ਫਿਰ ਇੱਕ ਆਖਨ ਹੋਰ ਬਾਤ ਜੋ ਪੜ੍ਹਕੇ ਆਵੇ ਹਾਸੀ। ਦਸਨ ਧਰਤੀ ਹੇਠ ਬੈਲ ਇਕ ਖੜਾ ਨ ਹੋਇ ਖਲਾਸੀ। ਜਿਸ ਨੇ ਸਿੰਗਾਂ ਉੱਪਰ ਚੁੱਕੀ ਇਹ ਸਾਰੀ ਹੈ ਧਰਤੀ। ਏਸ ਬਾਤ ਪਰ ਨਿਸਚਾ ਅਪਨਾ ਸਾਰੀ ਲੋਕੀ ਕਰਤੀ ।।੧੮੨।। ਆਖਨ ਜਦ ਓਹ ਇੱਕ ਸਿੰਗ ਤੇ ਦੂਜੇ ਉੱਪਰ ਕਰਦਾ।। ਤਦੋਂ ਭੂਚਾਲ ਆਂਵਦਾ ਭਾਰੀ ਦੇਖ ਜਿਸੇ ਮਨ ਡਰਦਾ।। ਦੱਸ ਭਲਾ ਇਹ ਗੱਲਾਂ ਪਯਾਰੇ ਕਦੋਂ ਸੱਚ ਹਨ ਸਾਰੀ । ਜੋ ਲੋਗਾਂ ਨੇ ਕਥਾ ਬਨਾਈਆਂ ਵਿੱਚ ਪੁਰਾਨਾਂ ਭਾਰੀ।।੧੮੩।। ਤਾਂ ਤੇ ਲੋਕ ਪ੍ਰਮਾਣਾ ਊੱਪਰ ਐਵੇ ਭੁੱਲ ਨ ਜਾਈਂ। ਜਿਨ ਪਰ ਹੋ ਮਤਵਾਲਾ ਇਤਨਾ ਦੋਖ ਗੁਰੂ ਪਰ ਲਾਈ।। ਸੱਚੀ ਬਾਤ ਓਹੋ ਹੈ ਭਾਈ ਜੋ ਇਹ ਸਿਆਨੇ ਦੱਸਨ ਹੋਰ ਮੂਰਖਾਂ ਦੇ ਜੋ ਢੰਗੇ ਸੁਨਕੇ ਮੂਰਖ ਹੱਸਨ।।੧੮੪।। ਜੈਸੀ ਇਹ ਬਾਤਾਂ ਹਨ ਭਾਈ ਨਿਰੀ ਪੁਰੀ ਬਕਵਾਸਾ। ਤੈਸੇ ਗੁਰ ਪਰ ਦੁਰਗਾ ਪੂਜਨ ਮੰਨਨ ਕਰ ਭਰਵਾਸਾ।। ਇਹ ਭੀ ਏਹੋ ਜੇਹਾ ਲੋਗਾਂ ਮਨ ਘੜਤੀ ਲਿਖ ਮਾਰੀ ।। ਅਰ ਬੇਸਮਝ ਅਗਯਾਨੀ ਇਸ ਪਰ ਹੋ ਬੈਠੇ ਇਤਬਾਰੀ।।੧੮੫।।

## ਦੁਰਗਾ ਭਗਤ

### ਦੋਹਿਰਾ

ਅਜ ਤੀਕ ਜੋ ਮੰਨਦੇ ਸਾਰੇ ਲੋਗ ਮਹਾਨ।

ਸੋ ਕਿਆ ਮੂਰਖ ਹਨ ਸਗਲ ਇਕ ਤੂੰਹੇ ਸੁਰ ਗਯਾਨ॥੧੮੬॥
ਅਕਬਰ ਜੈਸੇ ਪਾਤਸ਼ਾਹ ਗਏ ਪ੍ਰਤੱਗਯਾ ਲੈਣ।
ਕਰਾਮਾਤ ਜਿਨ ਸੀ ਪਿਖੀ ਭਾਰੀ ਅਪਨੇ ਨੈਨ॥੧੮੭॥
ਨੰਗੀ ਪੈਰੀਂ ਚੱਲਕੇ ਗਿਆ ਭਵਨ ਦੇ ਪਾਸ।
ਸੁਇਨੇ ਛੱਤ੍ਰ ਚੜ੍ਹਾਇ ਕੇ ਕੀਨੀ ਬਹੁ ਅਰਦਾਸ॥੧੮੮॥
ਰਾਜੇ ਮਹਾਰਾਜੇ ਜਿਸੇ ਪੂਜਨ ਮਨ ਚਿਤ ਲਾਇ।
ਅਰ ਸਾਰੇ ਜਗ ਲੋਗ ਭੀ ਲੈਂਦੇ ਸੁੱਖ ਮਨਾਇ॥੧੮੯॥
ਇਸ ਤੇ ਕਿੱਕਰ ਮੰਨੀਏ ਨਾ ਦੇਵੀ ਕੁਝ ਬਾਤ।
ਜਿਸ ਨੂੰ ਕਰਨ ਕੜਾਹੀਆਂ ਜੈ ਅੰਬੇ ਕਹਿ ਮਾਤ॥੧੯੦॥

## ਤੱਤ ਖਾਲਸਾ

### ਦੋਹਿਰਾ

ਲੋਕਾਂ ਦੀ ਤਾਂ ਛੱਡਦੇ ਕੀ ਕਰਦਾ ਹੈਂ ਗੱਲ।
ਸਾਰਾ ਹਾਲ ਬਤਾਇਸਾਂ ਨਾਲ ਅਸਾਡੇ ਚੱਲ॥੧੯੧॥

### ਚੌਪਈ

ਲੋਕਾਂ ਪਰ ਨਾ ਭੁੱਲ ਪਿਆਰੇ। ਇਹ ਤਾਂ ਡਿੱਗੇ ਪਏ ਨਿਕਾਰੇ॥
ਜੋ ਪੱਥਰ ਨੂੰ ਰੱਬ ਬਨਾਉਨ। ਖੀਰਿਆਂ ਵਿੱਚੋਂ ਚਾਇ ਜਮਾਊਨ॥
ਫਿਰ ਇਹ ਰੁੱਖਾਂ ਨੂੰ ਪੈ ਪੈਰੀ। ਚਾਹੁਨ ਮੁੰਡਿਆਂ ਦੀ ਹਨ ਖੈਰੀ॥
ਫਿਰ ਚੌਰਸਤੇ ਅੰਦਰ ਜਾਕੇ। ਕਾਲੀ ਹਾਂਡੀ ਤਹਾਂ ਟਿਕਾ ਕੇ॥
ਰੱਖਨ ਉੱਪਰ ਪਿੰਨੇ ਸੁਆਹ। ਜੇਹੜੇ ਉਸ ਦੇ ਹੋਨ ਗੁਵਾਹ॥
ਟੇਕਨ ਮੱਥੇ ਹੱਥਾਂ ਜੋੜਨ। ਉਸ ਦੇ ਕੋਲੋਂ ਪੁੱਤ੍ਰ ਲੋੜਨ॥
ਫਿਰ ਇਕ ਹੋਰ ਅਨਰਥ ਕੁਮਾਉਨ। ਸੰਢੇ ਦਾ ਸਿਰ ਚੁੱਕ ਲਿਆਉਨ॥
ਉਸ ਪਰ ਤਿਲਕ ਸੰਧੂਰ ਲਗਾਕੇ। ਮੱਥੇ ਟੇਕਨ ਦੇਵ ਬਨਾਕੇ॥
ਫਿਰ ਇਕ ਰੇਰੂ ਹੁੰਦਾ ਰੁੱਖ। ਆਖਨ ਉਸ ਨੂੰ ਖੋਂਦਾ ਦੁੱਖ॥
ਜਿਸ ਤੇ ਪਾੜ ਕਪੜੇ ਲੀਰਾਂ। ਆਖਨ ਲੈ ਲੈ ਲਰੀਏ ਪੀਰਾਂ॥
ਜੋ ਇਸ ਜਗ ਦੇ ਲੋਗ ਵਿਚਾਰੇ। ਐਥੋਂ ਤਕ ਗਿਰ ਗਏ ਨਿਕਾਰੇ॥
ਕਾਵਾਂ ਗਧਿਆਂ ਸੱਪਾਂ ਮੰਨਨ। ਜਾਇ ਚੁਰਾਹੇ ਭਾਂਡਾ ਭੰਨਨ॥
ਤਾਂ ਤੇ ਜਾਕੇ ਵਿੱਚ ਪਹਾੜਾਂ। ਮਿਲਕੇ ਮੂਰਖ ਲੋਗਾਂ ਧਾੜਾਂ॥
ਪੂਜਨ ਕਿਸੇ ਵਸਤ ਨੂੰ ਜਾਈ। ਤਾਂ ਕਿਆ ਵਡੀ ਬਾਤ ਹੈ ਭਾਈ॥ ੧੯੨॥

### ਦੋਹਿਰਾ

ਫਿਰ ਅਕਬਰ ਦੀ ਛੱਡਦੇ ਬਾਤ ਪਿਆਰੇ ਲਾਲ।
ਉਹ ਤਾਂ ਹੈਸੀ ਦੱਸਦਾ ਡਾਢੀ ਉਸ ਦੀ ਚਾਲ॥੧੯੩॥

## ਚੌਪਈ

ਸੀ ਅਕਬਰ ਇਕ ਵਡਾ ਚਲਾਕ। ਨਾਲ ਢੰਗ ਕੇ ਕਰੇ ਹਲਾਕ॥
ਜਹਾਰ ਜੁਲਮ ਦਿਖਾਵੈ ਨਾਹੀਂ। ਵਢੀ ਜਾਂਦਾ ਰਾਹੀਂ ਰਾਹੀ॥
ਪਹਲੇ ਦਾੜ੍ਹੀ ਚੁੱਕ ਮੁਨਾਈ। ਵਾਂਗ ਹਿੰਦੂਆਂ ਸ਼ਕਲ ਬਨਾਈ॥
ਅਰ ਜਾ ਜ੍ਵਾਲਾ ਦੇਵੀ ਪਾਸ । ਕੁਛਕ ਰੁਪੱਈਆ ਦੇ ਅਰਦਾਸ॥
ਏਹੋ ਜੇਹੇ ਲੋਗ ਰਿਝਾਏ। ਘਰ ਬੈਠੇ ਡੋਲੇ ਮੰਗਵਾਏ॥
ਰਾਜਪੂਤ ਰਾਜਿਆਂ ਦੀ ਕੰਨਯਾ। ਜਿਨ ਕਾ ਧਰਮ ਓਸ ਨੇ ਭੰਨਿਆ॥
ਬਾਹਰ ਸੂਲ੍ਹਾਂ ਦਿਖਾਕੇ ਚੰਗੀ। ਅੰਦਰ ਕਰੀ ਗੱਲ ਬੇਢੰਗੀ॥
ਭੋਲੀ ਹਿੰਦੂ ਪਰਜਾ ਸਾਰੀ । ਕੁੱਝ ਨ ਸਮਝੀ ਚਾਲ ਵਿਚਾਰੀ॥
ਲੈ ਡੋਲੇ ਜਾ ਹਾਜ਼ਰ ਕੀਤੇ। ਮਹੱਲੀ ਰੱਖ ਉਸ ਨੇ ਲੀਤੇ॥
ਅਜ ਤੀਕ ਓਹ ਲੋਗ ਇਆਣੇ। ਅਪਨੇ ਤਾਈਂ ਕਹਿਣ ਸਿਆਣੇ॥
ਵੱਡੇ ਫਖਰ ਦੇ ਨਾਲ ਬਤਾਂਦੇ। ਅਕਬਰ ਦੇ ਸਨ ਡੋਲੇ ਜਾਂਦੇ॥
ਜਿਸ ਪਰ ਗਦਰ ਹੋਨ ਤੇ ਡਰਦਾ। ਬਨਾ ਪਯਾਰਾ ਹਿੰਦੂ ਘਰ ਦਾ॥
ਪਰ ਉਹ ਸੀ ਉਸ ਦੀ ਬਿਭਚਾਰੀ। ਕਰਦਾ ਸੀ ਜੋ ਨਾਲ ਮਕਾਰੀ॥
ਤਾਂ ਤੇ ਉਸ ਪਰ ਭੁੱਲੀਂ ਨਾਹਿ। ਜਾਨ ਅਨੀਤ ਵਡੀ ਮਨ ਮਾਹਿਂ। ।
ਇਸੇ ਤਰ੍ਹਾਂ ਤਿਨ ਇਹੋ ਵਿਚਾਰੀ। ਹਿੰਦੂ ਜਾਨਨ ਦੇਵੀ ਪਿਆਰੀ॥
ਤਾਂ ਤੇ ਦਰਸ਼ਨ ਉਸ ਦਾ ਕਰੀਏ। ਥੋੜੀ ਬਹੁਤੀ ਭੇਟਾਂ ਧਰੀਏ॥
ਹੋਵਨ ਲੋਗ ਅਨੰਦ ਘਨੇਰੇ। ਜੋ ਦੇਵੀ ਪਰ ਵਿਕੇ ਵਧੇਰੇ॥
ਮੇਰਾ ਐਬ ਸਗਲ ਛਿਪ ਜਾਊ। ਹਿੰਦੂ ਪਰਜਾ ਸ਼ੋਰ ਨ ਪਾਉ॥
ਇਹ ਸਾਰੀ ਸੀ ਉਸ ਦੀ ਚਾਲਾ। ਲਿਆ ਕੰਮ ਜਿਨ ਹਿਕਮਤ ਨਾਲ॥
ਤੂੰ ਇਸ ਪਰ ਕਿਆ ਹੋਯਾ ਰਾਜ਼ੀ । ਜੋ ਸੀ ਘਾਟੇ ਵਾਲੀ ਬਾਜ਼ੀ॥੧੯੪॥

## ਦੋਹਿਰਾ

ਫਿਰ ਰਾਜੇ ਮਹਾਰਾਜ ਜੋ ਪੂਜਨ ਓਥੇ ਜਾਇ।
ਸੱਤ ਹੋਨ ਦੀ ਮਿੱਤ੍ਰਾ ਏਹੁ ਦਲੀਲ ਨ ਕਾਇ॥੧੯੫॥

## ਚੋਪਈ

ਉਹ ਭੀ ਤਾਂ ਇਕ ਪੁਰਖ ਮਹਾਨ। ਪਰਜਾ ਪਾਲਨ ਹਿਤ ਪਰਧਾਨ॥
ਦੁਸ਼ਟਨ ਕੇ ਦੰਡਨ ਕੇ ਹੇਤਾ। ਹੈ ਅਧਿਕਾਰ ਤਿਨੋਂ ਕਾ ਜੇਤਾ॥
ਜਾਂ ਤੇ ਧਰਾ ਨਾਥ ਵ੍ਹੁ ਕਹੀਐ। ਜਿਨ ਕੇ ਬਲ ਮਹਿਂ ਸੁਖ ਸੇ ਰਹੀਐ॥
ਪਰ ਇਯ ਰਾਜ ਭਾਗ ਕਾ ਭਾਈ। ਨਹੀ ਸਬੰਦ ਗਯਾਨ ਮਹਿ ਰਾਈ॥
ਗਯਾਨ ਪਦਾਰਥ ਸੋ ਹੈ ਮੀਤਾ। ਰਾਜ ਤਿਆਗ ਭੂਪਨ ਜੋ ਲੀਤਾ॥
ਦੇਖੋ ਕਥਾ ਜਨਕ ਨ੍ਰਿਪ ਕੇਰੀ। ਜੋ ਥਾ ਨਯਾਇ ਨੀਤ ਅਤਿ ਹੇਰੀ॥
ਤਿਨ ਇਕ ਅਸ਼ਟ ਵਿੰਗ ਤਨ ਜਾਂਕੇ। ਹੁਤੋ ਗਯਾਨੀ ਜੋ ਢਿਗ ਤਾਂਕੇ॥

ਅਸ਼ਟਾਵੱਕਰ ਨਾਮ ਜਿਸ ਗਾਵਤ । ਸੋ ਰਾਜਾ ਕੋ ਗਯਾਨ ਦਿੜਾਵਤ॥
ਸੋ ਜੇ ਰਾਜ ਗਯਾਨ ਕੋ ਕਰਤਾ। ਤੋ ਕਿਉਂ ਭੂਪ ਗੁਰੂ ਤਿਹ ਧਰਤਾ॥
ਬਹੁਰ ਦੇਖ ਰਾਘਵ ਮਹਾਰਾਜਾ। ਜਾਨਤ ਲੋਗ ਜਿਸੇ ਸਿਰਤਾਜਾ॥
ਤਿਨ ਵਸ਼ਿਸ਼ਟ ਤ੍ਰੇਲੀਨੋਂ ਗਯਾਨ। ਪਾਇ ਜਿਸੇ ਨਿਜ ਕਰੀ ਕਲਿਆਨ॥
ਤਾਂ ਤੇ ਰਾਜ ਨੀਤ ਪਤਿ ਰਾਜਾ। ਕਰਤ ਸਿੱਧ ਜਗ ਕੇ ਸਭ ਕਾਜਾ॥
ਪਰ ਵਹੁ ਗਯਾਨ ਹੇਤ ਸੁਨ ਪਿਆਰੇ। ਚਹਤ ਮਹਾਤਮ ਪੁਰਖ ਉਦਾਰੇ॥
ਜਾਕੇ ਬੈਨ ਕਿਰਨ ਸਮ ਪਾਕੇ। ਰਿਦੇ ਅਗਯਾਨ ਤਮ ਦੂਰ ਮਿਟਾਕੇ॥
ਲਹਤ ਮੁਕਤ ਤਬ ਗਯਾਨ ਦੁਆਰੇ। ਇਹ ਮਾਰਗ ਹੈ ਔਰ ਪਿਆਰੇ॥
ਤਾਂਤੇ ਜੋ ਰਾਜਨ ਮਹਾਰਾਜੇ। ਮਾਨਤ ਦੇਵੀ ਦੇਵਲ ਸਾਜੇ॥
ਸੋ ਅਗਯਾਨ ਕਾਲ ਮਹਿਂ ਸਾਰੀ। ਕਰਤ ਰੀਤ ਮਨ ਲੇਹੁ ਵਿਚਾਰੀ॥
ਪੁਨ ਜਬ ਕਹੂੰ ਪੁੰਨ ਪ੍ਰਤਾਪ। ਪਾਇ ਗਯਾਨ ਸਭ ਤਜੇ ਕਲਾਪ॥
ਤਬ ਨਿਰਸੰਸ ਹੋਇ ਜਗ ਮਾਹੀਂ। ਕਰਹਿ ਅਨੰਦ ਸ਼ੰਕ ਕੁਛ ਨਾਹੀਂ॥
ਯਹੀ ਭੇਦ ਹੈ ਅਵਰ ਨ ਕੋਈ। ਜਾਨ ਰਿਦੇ ਮਹਿ ਨੀਕੇ ਸੋਈ॥੧੯੬॥

## ਦੁਰਗਾ ਭਗਤ

### ਦੋਹਿਰਾ

ਇਹ ਤਾਂ ਤੂੰ ਐਵੇਂ ਕਹੇਂ ਹੈ ਇਨ ਕਾ ਅਗਯਾਨ।
ਜਦ ਅਜ਼ਮਤ ਹਨ ਦੇਖਦੇ ਤਦ ਆਪੇ ਢਲ ਜਾਨ॥੧੯੭॥

### ਚੌਪਈ

ਅਗਯਾਨ ਗਯਾਨ ਦੀ ਗੱਲ ਨ ਐਥੇ। ਮੈ ਇਹ ਗੱਲ ਪੁੱਛਦਾ ਤੈਥੇ॥
ਭਲਾ ਬਿਨਾਂ ਓੜਕ ਦੇ ਲੀਤੇ। ਕਿਸ ਨੇ ਸਿਦਕ ਉਨ੍ਹਾਂ ਪਰ ਕੀਤੇ॥
ਜਦ ਜੁਵਾਲਾ ਜੀ ਭੌਨ ਮਝਾਰੀ। ਲਾਟਾਂ ਦੱਸਨ ਅਜ਼ਮਤ ਭਾਰੀ॥
ਲੱਟ ਲੱਟ ਬਲਦੀ ਹੈ ਜੁਵਾਲਾ। ਨਹੀਂ ਕੰਮ ਇਹ ਦੇਖ ਸੁਖਾਲਾ॥
ਜਿਸ ਨੂੰ ਦੇਖ ਜੋਤ ਜਗ ਜਾਗੇ। ਆਪੇ ਪੂਜਨ ਤਿਸ ਕੋ ਲਾਗੇ॥
ਜੇ ਓਥੇ ਕਛੂ ਸੱਤ ਨ ਹੋਵੇ। ਕਿਉਂ ਲਾਟਾਂ ਦਾ ਦਰਸ਼ਨ ਜੋਵੇ॥
ਜਿਸ ਤੇ ਉਹ ਦੇਵੀ ਦਾ ਰੂਪ। ਪ੍ਰਗਟ ਹੁੰਦਾ ਵੱਡਾ ਅਨੂਪ॥
ਇਸ ਨੂੰ ਤੂੰ ਕਹੁ ਕਿੱਕਰੁ ਖੰਡੇ। ਨਹੀਂ ਕੜਾਈ ਜਾਕੇ ਵੰਡੇ॥੧੯੮॥

### ਦੋਹਿਰਾ

ਕਾਲਾ ਲੈਕੇ ਬੱਕਰਾ ਭੇਟਾ ਓਥੇ ਦੇਹੁ।
ਖੂਬ ਕੜਾਈ ਵੰਡਕੇ ਮੁਹਿ ਮੰਗਯਾ ਵਰ ਲੇਹੁ॥੧੯੯॥
ਏਹੋ ਜੇਹੀਆਂ ਛੱਡਦੇ ਗੱਲਾਂ ਕਰਨੀ ਅੱਜ।
ਡਰਦਾ ਪੈਂਡਾ ਕਰਨ ਥੋਂ ਐਉ ਲਾਵੈਂ ਪੱਜ॥੨੦੦॥

# ਤੱਤ ਖਾਲਸਾ

## ਦੋਹਿਰਾ

ਡਾਢਾ ਗੁੱਟ ਹੋਇਆ ਲਾਟਾਂ ਜਗਦੀ ਦੇਖ।
ਦਰਸ਼ਨ ਕਰਕੇ ਅੱਗ ਦਾ ਜਾਗੇ ਤੇਰੇ ਲੇਖ।।੨੦੧।।
ਚੁੱਲੇ ਵਿੱਚ ਜਗਾਇਕੇ ਕਰੇਂ ਰਸੋਈ ਨਿੱਤ।
ਉਸ ਨੂੰ ਦੇਖਨ ਪਰਚਿਆ ਤੇਰਾ ਐਡਾ ਚਿੱਤ।।੨੦੨।।
ਫਿਰ ਜੇ ਆਵਾ ਚਾੜ੍ਹਕੇ ਇੱਟਾ ਦਏ ਪਕਾਇ।
ਉਸ ਪਰ ਭੀ ਨਾ ਸੱਜਨਾਂ ਤੇਰਾ ਮਨ ਪਤੀਆਇ।।੨੦੩।।
ਫਿਰ ਜਿਨ ਲਾਟਾਂ ਤੁੱਧ ਨੂੰ ਦਿੱਤਾ ਨਹੀਂ ਅਰਾਮ।
ਨਾ ਸੇਕਿਆ ਨਾ ਪੱਕਿਆ ਕੁਝ ਨਾ ਕੀਤਾ ਕਾਮ।।੨੦੪।।
ਅਰ ਓਹ ਬੱਤੀ ਰਾਲ ਦੀ ਦਿੱਤੀ ਪਾਂਡੇ ਰੱਖ।
ਕਿਆ ਜਾਣਾ ਤੈ ਓਸ ਪਰ ਕਿਉਂ ਹੈ ਰੱਖੀ ਅੱਖ।।੨੦੫।।
ਭੀੜ ਆਦਮੀ ਦਸ ਕਦੀ ਜੇ ਓਥੇ ਹੋ ਜਾਇ।
ਤਦ ਓਹ ਲਾਟਾਂ ਤੁਰਤ ਹੀ ਦਿੰਦੀ ਚਾਇ ਬੁਝਾਇ।।੨੦੬।।
ਜਿਸ ਪਰ ਪਾਂਡੇ ਆਖਦੇ ਪਾਪੀ ਵੜਿਆ ਆਨ।
ਜਿਸ ਦੇ ਪਾਪਾਂ ਕਾਰਨੇ ਲਾਟਾਂ ਲੱਗੀ ਬੁਝਾਨ।।੨੦੭।।
ਸਭਨਾਂ ਬਾਹਰ ਕੱਢਕੇ ਤੀਲੀ ਲਾਵਨ ਫੇਰ।
ਆਖਨ ਦੇਵੀ ਬਾਹੁੜੀ ਜ਼ਰਾ ਨ ਕੀਤੀ ਦੇਰ।।੨੦੮।।
ਏਸ ਪਖੰਡਨ ਅਗਨ ਦਾ ਤੂੰ ਬਣ ਬੈਠਾ ਦਾਸ।
ਪਿਆ ਵਡਾਈ ਦੱਸਦਾ ਆਕੇ ਮੇਰੇ ਪਾਸ।।੨੦੯।।

## ਚੋਪਈ

ਐਵੇਂ ਨਾ ਘਰ ਪਿਆ ਉਜਾੜ। ਇਸ ਧਰਤੀ ਪਰ ਕਈ ਪਹਾੜ।।
ਗੰਧਕ ਸ਼ੋਰੇ ਵਾਲੇ ਮਿੱਤ। ਲਾਟਾਂ ਮਾਰ ਜਾਲਦੇ ਨਿੱਤ।।
ਇੱਟਲੀ ਦੇ ਵਿੱਚ ਪਰਬਤ ਭਾਰਾ। ਅਗਨੀ ਦਾ ਓਹ ਜਲਦਾ ਸਾਰਾ।।
ਕਈ ਕੋਹ ਤਕ ਲਾਟਾਂ ਮਾਰੇ। ਉਠਦੇ ਧੂੰਏ ਧੂੰਦ ਕਾਰੇ।।
ਪੜ੍ਹਕੇ ਦੇਖ ਜਰਾ ਭੂਗੋਲ। ਫੇਰ ਪਹਾੜਾ ਅੱਗ ਦੇ ਟੋਲ।।
ਦੇਖ ਕਹੀ ਜੁਵਾਲਾ ਚਮਕਾਉਨ। ਲਾਟਾਂ ਮਾਰਨ ਚਿੱਤ ਡਰਾਉਨ।।
ਫਿਰ ਜਾ ਦੇਖ ਸਿਵੀ ਤੇ ਅੱਗੇ । ਜਿਸ ਦਾ ਪਤਾ ਤੁੱਧ ਨੂੰ ਲੱਗੇ।।
ਖੋਸਟ ਅਹੇ ਸਟੇਸ਼ਨ ਚੰਗਾ। ਖਾਨ ਕੋਇਲੇ ਦੀ ਮਹਿ ਰੰਗਾ।।
ਓਥੇ ਇੱਕ ਪਹਾੜ ਵਿਚਾਰਾ।। ਸਾੜ ਅਗਨ ਨੇ ਕੀਤਾ ਛਾਰਾ।।
ਭੁੱਬਲ ਪਈ ਧੁਖੇ ਜਿਉ ਧੂੰਆਂ। ਸਾੜ ਰਹੀ ਪਿੰਡੇ ਦੇ ਲੂਆਂ।।
ਤੇਰੀ ਜਵਾਲਾ ਨਾਲੋਂ ਓਹ। ਪਰਬਤ ਜਾਲੇ ਕਈ ਕੋਹ।।

ਤਾਂਤੇ ਇਹ ਕੁਛ ਨ ਪਯਾਰੋ। ਜਿਸ ਪਰ ਤੂੰ ਜਾਂਦਾ ਬਲਹਾਰੋ॥
ਇਸ ਵਿੱਚ ਦੇਵੀ ਦਾ ਕਯਾ ਕੰਮ। ਜਿਸ ਨੂੰ ਦੇਖ ਲੁਟਾਵੇਂ ਦੰਮ॥੨੧੦॥

### ਦੋਹਿਰਾ

ਅਗਨੀ ਲਾਟਾਂ ਦੇਖਕੇ ਮਨ ਵਿੱਚ ਨਾਹੀ ਭੁਲ।
ਪੂਜਨ ਕਰਨਾ ਓਸ ਦਾ ਹੈ ਇਹ ਡਾਢੀ ਭੁੱਲ॥੨੧੧॥

## ਦੁਰਗਾ ਭਗਤ

### ਦੋਹਿਰਾ

ਜੇ ਚੰਡੀ ਦਾ ਪੂਜਨ ਸਾਨੂੰ ਬਣਦਾ ਨਾਹਿ।
ਤਾਂ ਕਿਉਂ ਹੁੰਦੀ ਮੂਰਤੀ ਸੱਚ ਖੰਡ ਦੇ ਮਾਂਹਿ॥੨੧੨॥
ਅਥਚਲ ਨਗਰ ਹਜ਼ੂਰ ਮਹਿ ਸ੍ਰੀ ਸਾਚਾ ਦਰਬਾਰ।
ਤਿਸ ਮਹਿ ਲੋਹੇ ਪ੍ਰਿਤਮਾਂ ਦੇਵੀ ਲੇਹੁ ਨਿਹਾਰ॥੨੧੩॥
ਜਿਸ ਗੁਰ ਪਿਛੇ ਝਗੜਦਾ ਕਹੈਂ ਨ ਪੂਜਨ ਸੋਇ।
ਫਿਰ ਤਿਨ ਪੁਰੀ ਅੰਗਮ ਮਹਿ ਕਿਉਂ ਰਖੀਹੈ ਸੋਇ॥੨੧੪॥
ਮੈ ਤਾਂ ਭਲਾ ਅਗਿਆਨ ਤੇ ਮੰਨ ਲਈ ਇਹ ਗੱਲ।
ਗਿਆਨ ਖੰਡ ਵਿੱਚ ਓਸ ਦੀ ਦੇਖ ਮੂਰਤੀ ਚੱਲ॥੨੧੫॥
ਤਾਂ ਤੇ ਕਾਹਨੂੰ ਏਤਨਾ ਕਰਦਾ ਪਿਆ ਵਿਵਾਦ।
ਓੜਕ ਦੇਵੀ ਪੂਜਨੀ ਤਜ ਕੇ ਸਗਲ ਵਿਖਾਦ॥੨੧੬॥

## ਤੱਤ ਖਾਲਸਾ

### ਦੋਹਿਰਾ

ਇਹ ਤਾਂ ਤੈਂ ਸਾਚੀ ਕਹੀ ਸੱਚ ਖੰਡ ਕੇ ਮਾਂਹਿ।
ਧਰੀ ਪ੍ਰਿਤਮਾਂ ਲੋਹਿ ਕੀ ਜਹਾਂ ਚਾਹੀਏ ਨਾਂਹਿ॥੨੧੭॥

### ਚੌਪਈ

"ਅਹੋ ਅਬਚਲਾ ਨਗਰ ਮਝਾਰੀ। ਸੱਖ ਖੰਡ ਜਹਿ ਕਲਗੀਧਾਰੀ॥
ਨਿਜ ਪੁਰ ਮਾਂਹਿ ਕਰਾ ਜਿਹ ਬਾਸਾ। ਅਹੇ ਸਥਾਨ ਮਹਾਂ ਸੁਖਰਾਸਾ॥
ਤਹਿ ਨਿਰਬੰਧ ਖਾਲਸਾ ਕੀਨਾ। ਦਾਨ ਅਭੈ ਸਤਿਗੁਰ ਨੇ ਦੀਨਾ॥
ਅਰ ਉਪਦੇਸ਼ ਕਰਾ ਗੁਰ ਐਸਾ। ਧਰਮ ਧੁਜਾ ਕੋ ਚਹੀਏ ਜੈਸਾ॥
ਕਹੀ ਹਮਾਰੀ ਯਹਾਂ ਸਮਾਧ। ਕਰਨੀ ਨਹੀਂ ਜਾਨ ਅਪਰਾਧ॥
ਪੁਨ ਮੂਰਤ ਪੂਜਾ ਨਹਿ ਕਰਨੀ। ਤੁਮ ਅਕਾਲ ਕੀ ਪਾਏ ਸ਼ਰਨੀ॥
ਗੁਰੂ ਗ੍ਰੰਥ ਅਰ ਪੰਥ ਬਨਾਯਾ। ਸਗਲ ਭੇਦ ਮੈਂ ਚਾਇ ਉਠਾਯਾ॥
ਜਿਸ ਪਰ ਭਰਮ ਸਗਲ ਗੁਰ ਖੋਏ। ਆਪ ਅਮਰਪੁਰ ਮਾਹਿ ਸਮੋਏ॥
ਤਹਾਂ ਸਿੱਘ ਵਡ ਰਹੇ ਭੁਜੰਗੀ। ਧਰਮੀ ਕਰਮੀ ਸੂਰੇ ਜੰਗੀ॥
ਬਿਨ ਅਕਾਲ ਤੇ ਦੂਸਰ ਔਰ। ਜੋ ਨਹਿ ਮਾਨਤ ਥੇ ਕਤ ਠੌਰ॥

ਨਹਿ ਮੂਰਤ ਥੀ ਕੋ ਤਿਸ ਜਾਗਾ। ਜਿਸ ਕੇ ਪੂਜਨ ਮਹਿ ਮਨ ਲਾਗਾ॥
ਪਰ ਇਸ ਦੇਸੀ ਮੂਰਖ ਤਾਈ। ਉਸ ਪਾਸੇ ਭੀ ਕਰੀ ਚੜ੍ਹਾਈ॥
ਜਿਸ ਤੇ ਯਹੀ ਉੱਪਦ੍ਰਵ ਕੀਆ। ਵਾਸਾ ਆਨ ਮੂਰਤੀ ਲੀਆ॥
ਲੋਹੇ ਦੀ ਇਕ ਸ਼ਕਲ ਬਨਾਕੇ। ਰਾਜ਼ੀ ਹੋਏ ਤਹਾਂ ਟਕਾਕੇ॥
ਇਸ ਦਾ ਕਾਰਨ ਤੈਨੂੰ ਦੱਸਾਂ। ਸਿੰਘਾਂ ਦੀ ਅਕਲਾਂ ਪਰ ਹੱਸਾਂ॥"

## ਦੋਹਿਰਾ

ਇੱਕ ਸਮਯ ਵਿਚ ਆਖਦੇ ਬਵਾ ਪਈ ਸੀ ਆਇ।
ਨਾਲ ਓਸ ਦੇ ਆਦਮੀ ਫਟਕਾ ਮੂਲ ਨ ਖਾਇ।।੨੧੮॥

## ਚੌਪਈ

ਜਦ ਮੁਰਦੇ ਡਿੱਠੇ ਬਹੁ ਮਰਤੇ। ਡੋਲ ਗਏ ਨਿਸਚੇ ਗੁਰ ਧਰਤੇ॥
ਲਗੇ ਸਿੰਘ ਫਿਰ ਢੂੰਡਨ ਹੋਰ। ਜਿਵੇਂ ਅੰਧੇਰੇ ਢੂੰਡੇ ਚੋਰ॥
ਓੜਕ ਮਨ ਵਿੱਚ ਖਿਆਲ ਪਕਾਯਾ। ਦੇਵੀ ਦੀ ਮੂਰਤ ਵੱਲ ਆਯਾ॥
ਕਰਕੇ ਲੋਹੇ ਦੀ ਇਕ ਮੂਰਤ। ਜੈਸੀ ਦਿੱਸੇ ਦੇਵੀ ਸੂਰਤ॥
ਅੱਗੇ ਤਖਤ ਧਰੀ ਤਿਨ ਲਿਆ ਕੇ। ਬੈਠੇ ਗੁਰੂ ਕੀ ਓਟ ਭੁਲਾਕੇ॥
ਜਿਸ ਤੇ ਮਹਾਂ ਸ਼ੋਕ ਹੈ ਭਾਰੀ। ਗੁਰ ਕੀ ਸ਼ਕਤੀ ਸਗਲ ਵਿਸਾਰੀ॥
ਜਾਂ ਤੇ ਭਏ ਦੀਨ ਜਾ ਦੇਵੀ । ਲੋਸ਼ਟ ਦੀ ਜਿਨ ਕਰਕੇ ਸੇਵੀ॥
ਬਵਾ ਗੁਰੂ ਤੇ ਨਾਂ ਸਹੀ ਹਟਦੀ । ਅਰ ਇਹ ਸ਼ਕਤ ਨ ਗੁਰਮਹਿ ਘਟਦੀ॥
ਜਾਂ ਤੇ ਜਾਕੇ ਦੇਵੀ ਲਿਆਏ। ਜਿਸ ਤੇ ਅਪਨੇ ਪ੍ਰਾਨ ਬਚਾਏ॥
ਜਿਸ ਤੇ ਸਿੱਧ ਬਾਤ ਇਹ ਹੋਈ । ਨਹਿ ਗੁਰੂ ਆਗਿਆ ਤੇ ਹੈ ਸੋਈ॥
ਅਰ ਨਹਿ ਪਰੰਪਰਾ ਤੇ ਆਈ। ਕੁਛਕ ਸਾਲ ਤੇ ਚਾਇ ਟਿਕਾਹੀ॥
ਸੋ ਭੀ ਧਰੀ ਤਦੋਂ ਹੀ ਆਦਿ। ਜਦ ਥੋਂ ਨਿਸਚਾ ਗਿਆ ਡੁਲਾਇ॥
ਪਰ ਹੁਣ ਆਸ਼ਾ ਪੈਂਦੀ ਸਾਨੂੰ। ਦਿਖਰਾਵਹਿਗੇ ਏਹੁ ਤੁਸਾਨੂੰ॥
ਜਿੱਕਰ ਰੱਖੀ ਨਾਲ ਅਗਿਆਨ। ਉੱਠ ਜਾਇ ਜਦ ਹੋਸੀ ਗਿਆਨ॥
ਸਿਦਕੀ ਸਿੰਘ ਹਜ਼ੂਰੀ ਪਿਆਰੇ । ਜਦ ਗੁਰ ਬਚਨ ਰਿਦੇ ਮਹਿ ਧਾਰੇ॥
ਭੀਕ ਉਠਾਇ ਦੇਨ ਨਿਸ ਭਰਮਾ। ਜਾਨ ਰੀਤ ਨਹਿ ਗੁਰ ਕੇ ਘਰਮਾ॥
ਤਾਂ ਤੇ ਇਹ ਜੋ ਤੇਰੀ ਬਾਨੀ। ਸੱਚੀ ਕਰੀ ਪੁਰਖ ਅੱਗਯਾਨੀ॥
ਇਸ ਮਹਿ ਗੁਰ ਦਾ ਦੋਸ ਨਾ ਕੋਈ। ਸੱਚ ਖੰਡ ਮਹਿ ਭਰਮ ਨ ਹੋਈ॥
ਯਹ ਤੋ ਭਰਮ ਖਾਲਸੇ ਕੇਰਾ। ਜੋ ਕਰਤਾ ਹੈ ਤਹਾਂ ਬਸੇਰਾ॥
ਤਾਂ ਤੇ ਕਥਨ ਤੁਮ੍ਹਾਰਾ ਜੋਈ। ਨਹਿ ਗੁਰ ਉਪਰ ਆਵਤ ਸੋਈ॥
ਏਹ ਹਜ਼ੂਰੀ ਸਿੰਘਾਂ ਹਾਲ। ਨਹਿ ਕੀਨਾ ਕੁਛ ਗੁਰੂ ਦਿਆਲ॥
ਜਬ ਗੁਰ ਕ੍ਰਿਪਾ ਤਿੰਨ ਪਰ ਕਰਹੈਂ। ਤੁਰਤ ਉਠਾਉਨ ਮੂਲ ਨ ਡਰਹੈਂ।।੨੧੯॥

### ਦੋਹਿਰਾ

ਮਿੱਥਯਾ ਭਰਮ ਨਿਵਾਰ ਕੇ ਸੁਨੋ ਗੁਰੂ ਦੀ ਸਿੱਖ।
ਜਿਸ ਦੀ ਕ੍ਰਿਪਾ ਪਾਇ ਭੌਂਦੇ ਫਿਰੋ ਨ ਭਿੱਖ।।੨੨੦।।
"ਤਾਂ ਤੇ ਸ੍ਰੀ ਹਜ਼ੂਰ ਦਾ ਤੈਂ ਜੋ ਦੱਸਯਾ ਹਾਲ।
ਸੋ ਫਲ ਹੈ ਇਕ ਭਰਮ ਦਾ ਹੋਯਾ ਥੋੜਾ ਕਾਲ।।"

## ਗੁਰੂਆਂ ਦੇ ਜੀਵਨ ਚਰਿਤਾਂ ਵਿੱਚ ਦੇਵੀ ਪੂਜਨ ਦਾ ਨਿਖੇਧ

### ਦੁਰਗਾ ਭਗਤ

ਕਿਆ ਗੁਰ ਦੇਵੀ ਦੇਵਤੇ ਨ ਸੀ ਮੰਨਦੇ ਠੀਕ।
ਇਸ ਪਰ ਹੈ ਪ੍ਰਮਾਨ ਜੋ ਸੋ ਕਹੁ ਅਤਿ ਰਮਨੀਕ।।੨੨੧।।

### ਤੱਤ ਖਾਲਸਾ

### ਦੋਹਿਰਾ

ਚੰਗੀ ਆਖੀ ਗੱਲ ਤੈਂ ਕਰੂੰ ਨਬੇੜਾ ਜੋਇ।
ਮੇਰਾ ਤੇਰਾ ਝਗੜਨਾ ਏਥੇ ਪੂਰਾ ਹੋਇ।।੨੨੨।।
ਆਦਿ ਗੁਰੂ ਦੀ ਏਸ ਵਿੱਚ ਸਾਖੀ ਅਹੇ ਗੁਵਾਹੁ।
ਲਾਹਣੇ ਨੇ ਸੀ ਛੱਡਿਆ ਦੇਵੀ ਸੰਦਾ ਰਾਹੁ।।੨੨੩।।

ਭਾਵ:- ਗੁਰੂ ਮਹਾਰਾਜਿਆਂ ਦੇ ਜੀਵਨ ਚਰਤਾਂ ਚ ਦੇਖਨ ਤੇ ਹੀ ਇਹ ਝਗੜਾ ਦੂਰ ਹੋ ਜਾਂਦਾ ਹੈ ਜਿੰਨ੍ਹਾਂ ਵਿੱਚੋਂ ਪਹਲੇ ਆਦਿ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਜੀਵਨ ਚਰਤ ਤੋਂ ਸਿੱਧ ਹੋ ਜਾਂਦਾ ਹੈ ਜੋ ਓਹ ਦੇਵੀ ਆਦਿਕ ਦਾ ਪੂਜਨਾਂ ਅੱਛਾ ਨਹੀ ਜਾਨਦੇ ਸੇ, ਜਿਸ ਦੀ ਗੁਵਾਹੀ ਜਨਮਸਾਖੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਏਸ ਤਰ੍ਹਾਂ ਨਾਲ ਦੇਂਦੀ ਹੈ।।

ਉਸ ਵਿੱਚ ਲਿਖਯਾ ਹੈ ਕਿ ਲੈਹਣਾ ਨਾਮੇਂ ਖ੍ਰੱਤੀ ਖਡੂਰ ਤੇ ਅਪਨਾ ਪਰਵਾਰ ਨਾਲ ਲੈ ਕੇ ਦੇਵੀ ਦੇ ਦਰਸ਼ਨ ਨੂੰ ਜਾਂਦਾ ਸਾ ਰਸਤੇ ਵਿੱਚ ਗੁਰੂ ਨਾਨਕ ਦੇਵ ਜੀ ਬਾਬਤ ਏਹ ਸੁਣਕੇ ਕਿ ਵੱਡੇ ਮਹਾਤਮਾਂ ਸੰਤ ਹਨ,ਉਨ੍ਹਾਂ ਦੇ ਦਰਸ਼ਨ ਲਈ ਓਹ ਗਿਆ, ਜਦ ਉਸ ਜਗ੍ਹਾਂ ਜਾਕੇ ਗੁਰੂ ਮਹਾਰਾਜ ਦਾ ਦਰਸ਼ਨ ਕੀਤਾ ਅਰ ਬਚਨ ਸੁਨੇ ਤਦ ਉਸ ਨੇ ਓਸੇ ਸਮਯ ਦੇਵੀ ਦੇ ਦਰਸ਼ਨ ਲਈ ਜਾਣਾ ਛਡ ਦਿੱਤਾ ਅਰ ਸਬੰਧੀਆਂ ਨੂੰ ਸਾਫ ਜਵਾਬ ਦੇ ਦਿੱਤਾ ਕਿ ਮੈਨੂੰ ਹੁਣ ਓਸ ਦੇ ਚਾਲੈ ਜਾਣ ਦੀ ਕੋਈ ਲੋੜ ਨਹੀ ਹੈ, ਮੈਨੂੰ ਇਸ ਜਗ੍ਹਾਂ ਪਰ ਹੀ ਪੂਰੇ ਸਤਿਗੁਰੂ ਮਿਲ ਗਏ ਹਨ ਜਿਨ੍ਹਾਂ ਦੇ ਅੱਗੇ ਦੇਵੀ ਇੱਕ ਝਾੜੂ ਬਰਦਾਰਾਂ ਜਿਤਨਾ ਦਰਜਾ ਰੱਖਦੀ ਹੈ।।

ਇਸ ਸਾਖੀ ਤੇ ਸਿੱਧ ਹੋ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਉਪਦੇਸ਼ ਦੇਵੀ ਪੂਜਨ ਅਰ ਉਸ ਦੇ ਚਾਲੇ ਜਾਕੇ ਦਰਸ਼ਨ ਕਰਨ ਦੇ ਬਹੁਤ ਹੀ ਵਿਰੁੱਧ ਸੇ ਜਿਨ੍ਹਾਂ ਪਰ ਵਿਸ਼ਵਾਸ਼ ਕਰਕੇ ਲੈਹਣੇ ਜੀ ਨੇ ਉਸ ਦੇ ਦਰਸ਼ਨ ਦਾ ਸੰਕਲਪ ਅਜੇਹਾ ਬੰਦ ਕੀਤਾ ਜੋ ਸਬੰਧੀਆਂ ਨੂੰ ਭੀ ਜਵਾਬ ਦੇ ਦਿੱਤਾ, ਅਰ ਦੇਵੀ ਦਾ ਪੂਜਨਾਂ ਛੱਡ ਦੇਣਾ ਹੀ ਉਨ੍ਹਾਂ ਨੂੰ ਗੁਰੂ ਅੰਗਦ ਜੀ ਬਨਾਕੇ ਸੰਸਾਰ ਪਰ ਦੂਸਰੀ ਪਾਤਸ਼ਾਹੀ ਬਨਾਉਨ ਦਾ ਕਾਰਨ

ਸੀ, ਜਿਸ ਤੇ ਇਨ੍ਹਾਂ ਦੋਨਾਂ ਪਾਤਸ਼ਾਹੀਆਂ ਦੀ ਇਤਨੀ ਕਥਾ ਪ੍ਰਗਟ ਕਰਦੀ ਹੈ ਕਿ ਦੇਵੀ ਅਤੇ ਦੇਵਤਯਾਂ ਦਾ ਪੂਜਨਾਂ ਉਨ੍ਹਾਂ ਦੇ ਮਤ ਵਿੱਚ ਠੀਕ ਨਹੀਂ ਸੀ॥

ਇਸ ਤੇ ਅੱਗੇ ਤੀਜੀ ਪਾਤਸ਼ਾਹੀ ਦੇ ਜੀਵਨ ਚਰਤ ਵਿੱਚ ਇਹ ਬਾਤ ਵੱਡੀ ਪ੍ਰਸਿੱਧ ਹੈ ਜੋ ਓਹ ਦੇਵੀ ਦੁਆਰੇ ਅਤੇ ਠਾਕੁਰ ਦੁਆਰਿਆਂ ਦੇ ਵੱਡੇ ਹੀ ਵਿਰੁਧ ਸਨ ਜਿਸ ਤੇ ਉਨ੍ਹਾਂ ਦੀ ਜਗ੍ਹਾਂ ਧਰਮਸ਼ਾਲਾ ਬਨਾਉਂਦੇ ਹੁੰਦੇ ਸਨ ਜਿਨ੍ਹਾਂ ਦੇ ਹੱਥੋਂ ਤੰਗ ਆਕੇ ਬ੍ਰਾਹਮਨਾਂ ਅਰ ਹੋਰ ਹਿੰਦੂਆਂ ਨੇ ਪਾਤਸ਼ਾਹ ਅੱਗੇ ਫਰਯਾਦ ਕੀਤੀ ਸੀ ਕਿ ਇਹ ਦੇਵੀ ਦੇਵਤਯਾਂ ਅਰ ਦੇਵੀ ਦੁਆਰਯਾਂ ਨੂੰ ਨਹੀਂ ਮੰਨਦੇ ਅਤੇ ਨਵਾ ਰਸਤਾ ਚਲਾਕੇ ਧਰਮਸ਼ਾਲਾ ਬਨਾਉਂਦੇ ਹਨ, ਜਿਸ ਪਰ ਬਾਦਸ਼ਾਹੀ ਫੈਸਲਾ ਇਹ ਹੋਇਆ ਸਾ ਕਿ ਇਹ ਗੁਰੂ ਨਾਨਕ ਦੀ ਗੱਦੀ ਪਰ ਬੈਠੇ ਹਨ। ਇਸ ਵਾਸਤੇ ਇਨ੍ਹਾਂ ਦਾ ਮਤ ਹਿੰਦੂਆਂ ਤੇ ਜੁਦਾ ਹੈ, ਤਦ ਹਿੰਦੂ ਝੂਠੇ ਹੋ ਗਏ ਸਨ, ਜਿਸ ਤੇ ਇਹ ਸਾਬਤ ਹੁੰਦਾ ਹੈ ਕਿ ਤੀਸਰੀ ਪਾਤਸ਼ਾਹੀ ਗੁਰੂ ਅਮਰ ਦੇਵ ਜੀ ਭੀ ਦੇਵੀ ਆਦਿਕ ਦੇ ਪੂਜਨੇ ਅਤੇ ਉਨ੍ਹਾਂ ਦੇ ਮੰਦਰ ਬਨਾਉਨੇ ਤੇ ਬਹੁਤ ਵਿਰੁੱਧ ਸੇ॥

ਇਨ੍ਹਾਂ ਤੇ ਅੱਗੇ ਚੌਥੀ ਪਾਤਸ਼ਾਹੀ ਗੁਰੂ ਰਾਮਦਾਸ ਜੀ ਮਹਾਰਾਜ ਨੇ ਸਭ ਤੇ ਨਿਰਾਲਾ ਮਕਾਨ ਬਨਾਕੇ ਉਸ ਜਗ੍ਹਾ ਅਕਾਲ ਪੁਰਖ ਦਾ ਅਰਾਧਨ ਕਰਨਾਂ ਅਰੰਭ ਦਿੱਤਾ ਸਾ ਜਿਸ ਦੀ ਸੂਰਤ ਨਾ ਦੇਵੀ ਦੁਵਾਰੇ ਦੀ ਅਰ ਨਾ ਕਿਸੇ ਠਾਕੁਰ ਦੁਵਾਰੇ ਦੀ ਸੀ ਕਿੰਤੂ ਸਭ ਤੇ ਨਯਾਰੀ ਬਨਾਵਟ ਦਾ ਮੰਦਰ ਰਖਦੇ ਇਸ ਦਾ ਨਾਮ ਹਰਿਮੰਦਰ ਰਖਿਆ ਜਿਸ ਤੇ ਸਾਫ ਸਿੱਧ ਹੁੰਦਾ ਹੈ ਜੋ ਉਹ ਕਿਸੇ ਦੇਵੀ ਦੁਵਾਰ ਯਾ ਠਾਕੁਰ ਦੁਵਾਰੇ ਦੇ ਬਨਾਉਨ ਦਾ ਯਤਨ ਨਹੀਂ ਕਰਦੇ ਸੇ ਸਗੋਂ ਉਸ ਤੇ ਉਲਟ ਗੁਰਦੁਆਰੇ ਬਨਾਕੇ ਉਨ੍ਹਾਂ ਦਾ ਨਾਉਂ ਹਰਿ ਮੰਦਰ ਰਖਦੇ ਸਨ, ਜਿਨ੍ਹਾਂ ਵਿੱਚ ਕੋਈ ਮੂਰਤੀ ਅਜ ਤੱਕ ਨਹੀਂ ਹੈ॥

ਪੰਜਮੇਂ ਪਾਤਸ਼ਾਹਿ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਗੁਵਾਹੀ ਤਾਂ ਗੁਰੂ ਗ੍ਰੰਥ ਸਾਹਿਬ ਹੀ ਦੇ ਰਿਹਾ ਹੈ ਜਿਸ ਵਿੱਚ ਸਾਰੇ ਦੇਵੀ ਦੇਵਤਿਆਂ ਦੇ ਪੂਜਨ ਦਾ ਨਖੇਧ ਖੁਦ ਉਨ੍ਹਾਂ ਦੇ ਸ੍ਰੀ ਮੁਖ ਵਾਕਾਂ ਤੇ ਬਹੁਤ ਹੀ ਪਾਇਆ ਜਾਂਦਾ ਹੈ, ਇਨ੍ਹਾਂ ਤੇ ਮਗਰੋਂ ਗੁਰੂ ਹਰਿਗੋਬਿੰਦ ਜੀ ਮਹਾਰਾਜ ਦੇ ਜੀਵਨ ਚਰਤ ਨੂੰ ਜਦ ਪੜ੍ਹੀਦਾ ਹੈ ਤਦ ਏਹੋ ਪਾਈਦਾ ਹੈ ਜੋ ਉਹ ਇਨ੍ਹਾਂ ਪਖੰਡਾਂ ਤੇ ਬਹੁਤ ਹੀ ਨਫਰਤ ਕਰਦੇ ਸਨ, ਗੁਰੂ ਤਾਂ ਆਪ ਜਾਣੀ ਜਾਣ ਸੇ ਕਿੰਤੂ ਗੁਰੂ ਜੀ ਦੇ ਸੇਵਕ ਭੀ ਦੇਵੀ ਆਦਿਕ ਨੂੰ ਕੋਈ ਵਸਤੂ ਨਹੀਂ ਮੰਨਦੇ ਸਨ, ਸਗੋਂ ਉਨ੍ਹਾਂ ਨੂੰ ਭੰਨ ਤੋੜਕੇ ਰਾਜ਼ੀ ਹੁੰਦੀ ਹਨ, ਯਥਾ:-

## ਗੁਵਾਹੀ ਦਬਿਸਤਾਨਿ ਮਜ਼ਾਹਬ ਮੁਹਸਨਫਾਨੀ

ਮੁਹਸਨਫਾਨੀ ਜੋ ਇਕ ਵਡਾ ਭਾਰੀ ਤਾਰੀਖ ਦੇ ਲਿਖਨੇ ਵਾਲਾ ਮੁਸਲਮਾਨ ਸੀ ਅਰ ਜਿਸ ਨੇ ਹਰ ਇੱਕ ਮਜ਼ਹਬ ਦਾ ਹਾਲ ਫਾਰਸੀ ਭਾਸ਼ਾ ਵਿੱਚ ਲਿਖਯਾ ਹੈ ਉਹ ਸ਼ਾਹਜਹਾਂ ਬਾਦਸ਼ਾਹ ਦੇ ਵਕਤ ਵਿੱਚ ਸਾ, ਜਿਸ ਨੇ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਜੀ ਮਹਾਰਾਜ ਦਾ ਹਾਲ ਅਪਨੀ ਅੱਖੀਂ ਦੇਖਿਆ ਲਿਖਯਾ ਹੈ॥

ਉਹ ਲਿਖਦਾ ਹੈ ਕਿ ਇਕ ਵੇਰ ਗੁਰੂ ਹਰਿਗੋਬਿੰਦ ਜੀ ਸੈਰ ਕਰਦੇ-੨ ਪਹਾੜ ਪਰ ਗਏ ਅਰ ਉਸ ਜਗ੍ਹਾ ਪਰ ਉਨ੍ਹਾਂ ਦੇ ਇਕ ਫੇਰੂ ਨਾਮੇਂ ਖਿਦਮਤਗਾਰ ਨੇ ਦੇਵੀ ਦੀ ਮੂਰਤ ਦਾ

ਨੱਕ, ਤੋੜ ਦਿੱਤਾ, ਇਸ ਜੁਰਮ ਪਰ ਰਾਜਾ ਤਾਰਾਚੰਦ ਬਲਾਸ ਪੁਰ ਵਾਲੇ ਦੇ ਸਪਾਹੀਆਂ ਨੇ ਉਸ ਨੂੰ ਪਕੜ ਲੀਤਾ, ਅਰ ਪੁੱਛਨ ਤੇ ਗੁਰੂ ਜੀ ਦਾ ਨੌਕਰ ਮਾਲੂਮ ਹੋਇਆ ਜਿਸ ਪਰ ਉਸ ਨੂੰ ਗੁਰੂ ਜੀ ਪਾਸ ਲੈਕੇ ਆਏ ਅਰ ਸ਼ਕਾਇਤ ਕੀਤੀ ਕਿ ਆਪ ਦੇ ਆਦਮੀ ਨੇ ਦੇਵੀ ਦਾ ਨੱਕ ਤੋੜ ਦਿੱਤਾ ਹੈ, ਜਿਸ ਨੂੰ ਸੁਨਕੇ ਗੁਰੂ ਜੀ ਨੇ ਉਸ ਫੇਰੂ ਨੂੰ ਪੁੱਛਿਆ ਕਿ ਤੈਂ ਇਨ੍ਹਾਂ ਦੀ ਦੇਵੀ ਦਾ ਨੱਕ ਕਿਉਂ ਤੋੜਿਆ ਹੈ, ਇਸ ਹੁਕਮ ਨੂੰ ਸੁਨ ਕੇ ਉਸ ਨੇ ਬੇਨਤੀ ਕੀਤੀ ਕਿ ਮਹਾਰਾਜ ਮੈਂ ਨਹੀਂ ਤੋੜਿਆ, ਜਿਸ ਪਰ ਉਨ੍ਹਾਂ ਸਪਾਹੀਆਂ ਨੇ ਫਿਰ ਕਿਹਾ ਕਿ ਮਹਾਰਾਜ ਇਹ ਝੂਠ ਬੋਲਦਾ ਹੈ ਅਸੀਂ ਖੁਦ ਤੋੜਦਾ ਦੇਖਯਾ ਹੈ।।

ਫੇਰੂ ਨੇ ਕਿਹਾ ਕਿ ਮਹਾਰਾਜ ਜਿਤਨਾ ਚਿਰ ਦੇਵੀ ਖੁਦ ਆਕੇ ਨਹੀਂ ਕਹਿੰਦੀ ਕਿ ਮੇਰਾ ਇਸ ਨੇ ਨੱਕ ਤੋੜਿਆ ਹੈ ਉਤਨਾ ਚਿਰ ਇਨ੍ਹਾਂ ਦਾ ਆਖਨੇ ਪਰ ਹਜ਼ੂਰ ਮੈਨੂੰ ਗੁਨਾਹਗਾਰ ਨਾ ਠਹਰਾਉਂਨਾ ਜਿਸ ਪਰ ਉਨ੍ਹਾਂ ਨੇ ਕਿਹਾ ਕਿ ਹੇ ਮੂਰਖ ਦੇਵੀ ਕਦ ਤੁਰ ਯਾ ਬੋਲ ਸਕਦੀ ਹੈ, ਜਿਸ ਪਰ ਫੇਰੂ ਨੇ ਉੱਤਰ ਦਿੱਤਾ ਕਿ ਭਾਈ ਜੇ ਦੇਵੀ ਵਿੱਚ ਇਤਨੀ ਸ਼ਕਤੀ ਨਹੀਂ ਜੋ ਆਕੇ ਅਪਨੇ ਨੱਕ ਦਾ ਹਾਲ ਦੱਸ ਸਕੇ ਯਾ ਅਪਨੇ ਤਾਈਂ ਬਚਾ ਸਕੇ ਤਾਂ ਤੁਹਾਨੂੰ ਓਹ ਕਦ ਬਚਾ ਸਕੇਗੀ, ਇਸ ਬਾਤ ਨੂੰ ਸੁਨਕੇ ਉਹ ਚੁੱਪ ਹੋ ਗਏ ਅਤੇ ਗੁਰੂ ਜੀ ਹੱਸ ਪਏ।।

ਉਸ ਤਾਰੀਖ ਦੇ ਇਸ ਪ੍ਰਸੰਗ ਤੇ ਇਹ ਬਾਤ ਸਾਬਤ ਹੋ ਜਾਂਦੀ ਹੈ ਕਿ ਗੁਰੂ ਛੇਵੇ ਪਾਤਸ਼ਾਹ ਦੇਵੀ ਆਦਿਕ ਕਾ ਮੰਨਨਾ ਬਹੁਤ ਹੀ ਬੁਰਾ ਜਾਨਦੇ ਸੇ ਕਿਉਂਕਿ ਜੇ ਗੁਰੂ ਚੰਗਾ ਜਾਨਦੇ ਤਾਂ ਉਨ੍ਹਾਂ ਦਾ ਇੱਕ ਟਹਲ ਵਾਲਾ ਆਦਮੀ ਇਤਨੀ ਜੁਰਤ ਨਾ ਕਰਦਾ ਜੋ ਮੰਦਰ ਵਿੱਚ ਜਾਕੇ ਮੂਰਤਿ ਦਾ ਨੱਕ ਤੋੜ ਆਉਂਦਾ।।

ਇਸ ਤੇ ਅੱਗੇ ਗੁਰੂ ਹਰਿ ਰਾਇ, ਹਰਿ ਕ੍ਰਿਸ਼ਨ ਅਤੇ ਨੌਮੇਂ ਪਾਤਸ਼ਾਹ ਦੇ ਜੀਵਨ ਚਰਤ ਵਿੱਚ ਕੋਈ ਐਸੀ ਕਥਾ ਨਹੀਂ ਮਿਲਦੀ ਜਿਸ ਥੋਂ ਕਿਸੇ ਦੇਵੀ ਦੇਵਤੇ ਦੇ ਅਰਾਧਨ ਦਾ ਖਿਆਲ ਪਾਇਆ ਜਾਏ, ਇਸੀ ਤੇ ਨੌਵਾਂ ਗੁਰੂਆਂ ਦਾ ਸਿਧਾਂਤ ਕੇਵਲ ਅਕਾਲ ਪੁਰਖ ਦੇ ਅਰਾਧਨ ਦਾ ਹੀ ਸਾ।।

## ਦਸਮੇਂ ਪਾਤਸ਼ਾਹ ਦਾ ਤਾਰੀਖੀ ਬਿਰਤਾਂਤ

### ਦੋਹਿਰਾ

ਕਲਗੀਧਰ ਮਹਾਰਾਜ ਦਾ ਜੋ ਕੁਛ ਉੱਦਮ ਮੀਤ।
ਸੋ ਸਾਰਾ ਮਨ ਦੇ ਸੁਨੀਂ ਕਰਕੇ ਅਧਿਕ ਪ੍ਰੀਤ।।੨੨੪।।
ਓਸ ਭਿਆਨਕ ਸਮੇਂ ਮਹਿ ਜੋ ਕਲਗੀਧਰ ਕੀਨ।
ਸਦਾ ਅਟਲ ਜਗ ਮਹਿ ਰਹੇ ਮੱਧਮ ਹੋਇ ਕਬੀਨ।।੨੨੫।।
ਮੁਸਲਮਾਨਾਂ ਦੇ ਲਿਖੇ ਦੱਸ ਰਹੇ ਇਤਹਾਸ।
ਕਿਸ ਸ਼ਕਤੀ ਦੇ ਨਾਲ ਸਾ ਕੀਤਾ ਗੁਰੂ ਬਿਲਾਸ।।੨੨੬।।
ਪੰਥ ਸਾਜਨੇ ਦੇ ਸਮਯ ਕੈਸੇ ਭਏ ਦਲੇਰ।
ਕਾਣ ਨਾ ਰਾਖੀ ਕਿਸੇ ਦੀ ਦਸਮ ਗੁਰੂ ਪ੍ਰਭ ਸ਼ੇਰ।।੨੨੭।।

ਦੂਰ ਦੂਰ ਤੇ ਸੰਗਤਾਂ ਦਿਵਸ ਬਸਾਖੀ ਮਾਹਿਂ।
ਰਾਣੇ ਰਾਜੇ ਬੋਲ ਸਭ ਹੁਕਮ ਸੁਨਾਓ ਤਾਹਿਂ।੨੨੯।।

ਭਾਵ:- ਮੁਨਸ਼ੀ ਗੁਲਾਮ ਮੁਹੱਈਯੁਦੀਨ ਅਪਨੀ ਤਾਰੀਖ ਵਿੱਚ ਲਿਖਦਾ ਹੈ ਕਿ ਦਸਮ ਗੁਰੂ ਜੀ ਮਹਾਰਾਜ ਨੇ ਜਦ ਅਪਨਾ ਤੀਸਰਾ ਖਾਲਸਾ ਪੰਥ ਸਾਜਨਾ ਚਾਹਿਯਾ ਤਦ ਦਾ ਹਾਲ ਉਸ ਵਕਤ ਦੇ ਉਸ ਵਕੀਲ ਯਾ ਗੁਪਤ ਸਮਾਚਾਰਕ ਅਰਥਾਤ ਖੁਫੀਆ ਰਿਪੋਰਟਰ ਨੇ ਪਾਤਸ਼ਾਹ ਪਾਸ ਦਿੱਲੀ ਵਿੱਚ ਇਸ ਤਰ੍ਹਾਂ ਲਿਖਕੇ ਭੇਜਿਆ ਸਾ, ਅਰ ਦੱਸਯਾ ਕਿ ਅੱਜ ਦਸਮੇਂ ਗੁਰੂ ਨੇ ਸਾਰੀ ਸੰਗਤ ਰਾਜੇ ਅਤੇ ਪਹਾੜੀ ਰਾਣਿਆਂ ਸਮੇਤ ਕੱਠੀ ਕਰਕੇ ਇਸ ਤਰ੍ਹਾਂ ਦਾ ਹੁਕਮ ਦਿੱਤਾ ਹੈ।।

## ਯਥਾ:- ਮੁਨਸ਼ੀ ਗੁਲਾਮ ਮਹਈਯੁੱਦੀਨ ਦੀ ਤਾਰੀਖ ਫਾਰਸੀ

"ਹਮਹ ਦਾ ਦਰ ਯਕ ਮਜ਼ਾਹਬ ਦਰ ਆਨੀਦ, ਕਿ ਦੁਈ ਅਜ਼ਮਿਆਂ ਬਰਖੇਜ਼ਦ। ਵਾ ਹਰ ਚਹਾਰ ਬਰਨ ਕੌਮ ਹਨੂਦ ਅਜ਼ ਬ੍ਰਾਹਮਨ ਵ ਛੱਤ੍ਰੀ, ਵ ਸ਼ੂਦ੍ਰ ਵ ਵੈਸ਼ ਕਿ ਹਰ ਯੱਕਰਾ ਦਰ ਧਰਮ ਸ਼ਾਸਤ੍ਰ ਦੀਨੀ ਇਲਾਹਦਹ ਮੁਕਰ ਰਾਸਤ, ਆਂਰਾ ਤਰਕ ਦਾਦਹ ਬਰ ਯਕ ਤਰੀਕ ਸਲੂਕ ਨਮਾਂਇੰਦ। ਵ ਹਮਹ ਬਰਾਬਰੰਦ, ਵਾ ਯਕੇ ਖੁਦਰਾ ਬਰ ਦੀਗਰੇ ਤਰਜ਼ੀਹ ਨਦਹਦ, ਵ ਆਂ ਅਮਲ ਕੇਸ਼ ਅਜ਼ਮਿਆਂ ਬਰਦਾਸ਼ਤਹ ਤਰਾਕੀਮ ਆਬਦ।।

ਵ ਤੀਰਥ ਹਾਏ ਮਾਨਿੰਦ ਗੰਗ ਵਗੈਰ ਆਂਕੇ ਦਰ ਵੇਦ ਵ ਸ਼ਾਸਤ੍ਰ ਤਾਲੀਮ। ਆਂਹਾ ਤਾਕੀਦ ਰਫਤਹ ਅਸਤ, ਅਜ਼ ਖਾਤਰ ਬਦਰ ਕੁਨੰਦ। ਵਸਵਾਏ ਅਜ਼ ਗੁਰੂ ਨਾਨਕ ਵ ਖਿਲਫਾਇਓ ਬਦੀਗਰ ਅਜ਼ ਸਨਾ ਵੇਦ ਹਨੂਦ ਮਸਲ ਰਾਮ, ਕਿਸ਼ਨ, ਵ ਬ੍ਰਹਮਾ ਵ ਦੇਵੀ ਐਤਕਾਦ ਨੂੰ ਨਮਾਇੰਦ।।

ਵ ਪਾਹੁਲ ਮਨ ਗ੍ਰਿਫਤਾ ਮਰਦਮਾਂਨ ਹਰ ਚਹਾਰ ਬਰਨ ਦਰ ਯਕ ਜ਼ਰਫ ਬਖੁੰਰਦ,ਵ ਅਜ਼ ਯਕ ਦਿਗਰ ਇਸਲਾ ਨ ਬੁਰੰਦ, ਹਮਚੁਨੀ ਸੁਖਨਾਨ ਬਿਸਿਆਰ ਗੁਫਤੰਦ ਚੂੰਗ ਮਰਦਾਮਾਨ ਬਸ਼ੁਨੀਦੰਦ ਬਿਸ਼ਯਾਰੀ ਅਜ਼ ਬ੍ਰਾਹਮਨਾਂ ਵ ਛੱਤ੍ਰੀਆਂ ਬਰਖਾਸਤੰਦ ਵ ਗੁਫਤੰਦ, ਕਿ ਮਾ ਮਜ਼ਹਬੇ ਕਿ ਗੁਰੂ ਨਾਨਕ ਵ ਹਮਹ ਗੁਰਵਾਂ ਬਦਾਂ ਕਾਇਲ ਸ਼ੁਦਹ ਬਾਸ਼ੰਦ।।

ਵ ਮਜ਼ਹਬ ਕੇ ਮੁਖਾਲਫ ਵੇਦ ਸ਼ਾਸ਼ਤ੍ਰ ਬੂਦ, ਹਰਗਿਜ਼ ਕਬੂਲ ਨਮੇ ਕੁਨੇਮ, ਵਾ ਮਜ਼ਹਬ ਕੁਹਨਾਰਾ ਕੇ ਪੇਸ਼ੀਨਾਨ ਬਰਆਂ ਅਕਦਾਮ ਨਮੂਦਹ ਅੰਦ, ਬਗੁਫਤਹ, ਕੂਦਕੇ ਅਜ਼ਾ ਦਸਤ ਨਦਹੇਮ, ਈਂ ਬਗੁਫਤੰਦ ਮਗਰ ਬਿਸਤ ਹਜ਼ਾਰ ਕਸ ਰਜ਼ਾ ਦਾਦੰਦ ਵ ਮੁਤਾਬਿਯਤ ਬਰ ਜ਼ਬਾਂ ਆਵੁਰਦੰਦ।।"

ਭਾਵ:- ਇਸ ਮੁਲਕ ਦੇ ਲੋਗ ਸਾਰੇ ਇੱਕ ਧਰਮ ਵਾਲੇ ਹੋ ਜਾਣ ਅਰ ਦਵੈਤ ਅਪਨੇ ਵਿੱਚੋਂ ਉਠਾ ਦੇਨ, ਚਾਰੇ ਬਰਨ ਹਿੰਦੂਆਂ ਦੇ ਜੈਸਾ ਬ੍ਰਾਹਮਣ,ਛੱਤ੍ਰੀ, ਸ਼ੂਦ੍ਰ ਅਤੇ ਵੈਸ਼ ਜਿਨ੍ਹਾਂ ਦਾ ਜੁਦਾ-੨ ਧਰਮ ਸ਼ਾਸ਼ਤ੍ਰ ਮੁਕਰਰ ਹੈ, ਉਹ ਸਭ ਉਨ੍ਹਾਂ ਨੂੰ ਛਡਕੇ ਇੱਕ ਪ੍ਰੇਮ ਦਾ ਰਸਤਾ ਅੰਗੀਕਾਰ ਕਰਨ ਅਤੇ ਆਪਸ ਵਿੱਚ ਭਾਈ ਹੋ ਜਾਨ ਅਰ ਇੱਕ ਆਦਮੀ ਅਪਨੇ ਤਾਈਂ ਦੂਜੇ ਤੇ ਵੱਡਾ ਖਿਆਲ ਨਾ ਕਰੇ, ਅਰ ਇਸ ਅਮਲ ਨੂੰ ਉਠਾਕੇ ਗੰਗਾ ਆਦਿਕ ਤੀਰਥ ਜਿਨ੍ਹਾਂ ਦਾ ਵੇਦ ਸ਼ਾਸਤ੍ਰ ਵਿੱਚ ਵੱਡਾ ਅਦਬ ਹੈ ਦਿਲ ਤੇ ਦੂਰ ਕਰਨ, ਅਤੇ ਸਵਾਇ

ਗੁਰੂ ਨਾਨਕ ਅਰ ਦੂਸਰੇ ਗੁਰੂਆਂ ਦੇ ਕਿਸੇ ਅਵਤਾਰ ਜੈਸਾ ਕਿ ਰਾਮ, ਕ੍ਰਿਸ਼ਨ ਅਤੇ ਬ੍ਰਹਮਾਂ ਅਰ ਦੇਵੀ ਆਦਿਕ ਨੂੰ ਨਾ ਮੰਨਨ ਅਤੇ ਮੇਰੀ ਪਾਹੁਲ ਲੈਕੇ ਚਾਰੇ ਬਰਨਾਂ ਦੇ ਆਦਮੀ ਇੱਕ ਬਰਤਨ ਵਿੱਚ ਭੋਜਨ ਛੱਕਨ, ਅਰ ਇੱਕ ਦੂਜੇ ਤੇ ਨਫਰਤ ਨਾ ਕਰਨ॥

ਜਦ ਅਜੇਹੇ ਬਹੁਤ ਸਾਰੇ ਬਚਨ ਕਹੇ ਜਦ ਸਿੱਖਾਂ ਨੇ ਸੁਨੇ ਤਦ ਬਹੁਤ ਸਾਰੇ ਬ੍ਰਾਹਮਨ ਅਤੇ ਛੱਤ੍ਰੀ ਉਠ ਖੜੇ ਹੋਏ ਅਰ ਆਖਨ ਲੱਗੇ ਕਿ ਅਸੀਂ ਗੁਰੂ ਨਾਨਕ ਅਰ ਦੂਸਰੇ ਗੁਰੂਆਂ ਦੇ ਧਰਮ ਦੇ ਕਾਇਲ ਹਾਂ ਅਤੇ ਜੋ ਮਜ਼ਹਬ ਵੇਦ ਸ਼ਾਸ਼ਤ੍ਰ ਤੇ ਉਲਟ ਹੈ ਉਸ ਨੂੰ ਹਰਗਿਜ਼ ਨਹੀਂ ਮੰਨੇਗੇ, ਅਰ ਉਸ ਪੁਰਾਣੇ ਧਰਮ ਨੂੰ ਜੋ ਵੱਡਿਆਂ ਦੇ ਵੇਲੇ ਥੋਂ ਚਲਿਆ ਆਉਂਦਾ ਹੈ, ਇੱਕ ਬਾਲਕ ਦੇ ਆਖੇ ਨਹੀਂ ਛੱਡੇਂਗੇ॥

ਭਾਵੇਂ ਬਹੁਤ ਆਦਮੀ ਇਨਕਾਰੀ ਹੋ ਗਏ ਪਰੰਤੂ ਫਿਰ ਭੀ ਬੀਹ ਹਜ਼ਾਰ ਆਦਮੀਆਂ ਨੇ ਖੜੇ ਹੋਕੇ ਆਖਿਆ ਕਿ ਅਸੀਂ ਗੁਰੂ ਦੀ ਅਗਿਆ ਪਰ ਖੁਸ਼ੀ ਹਾਂ, ਜਿਸ ਤੇ ਉਹ ਸਰਧਾਲੂ ਹੋ ਗਏ॥

ਇਹ ਦੂਸਰੇ ਮਜ਼ਹਬ ਵਾਲੇ ਦੀ ਗੁਵਾਹੀ ਸਾਨੂੰ ਅੱਛੀ ਤਰ੍ਹਾਂ ਦੱਸਦੀ ਹੈ ਕਿ ਅੰਮ੍ਰਿਤ ਛਕਾਉਨ ਅਤੇ ਪੰਥ ਸਾਜਨੇ ਦੇ ਸਮਯ ਪਰ ਕਲਗੀਧਰ ਜੀ ਮਹਾਰਾਜ ਨੇ ਉਸ ਸਮਯ ਬੇਸ਼ੁਮਾਰ ਆਦਮੀਆਂ ਵਿੱਚ ਕਿਸ ਤਰ੍ਹਾਂ ਵਡੇ ਜ਼ੋਰ ਨਾਲ ਹੁਕਮ ਸੁਨਾਇਆ ਸਾ, ਜਿਸ ਵਿੱਚ ਅੱਛੀ ਤਰ੍ਹਾਂ ਪ੍ਰਗਟ ਕਰ ਦਿੱਤਾ ਸਾ ਕਿ ਤੁਸੀਂ ਹਿੰਦੂ ਧਰਮ ਨੂੰ ਉਸ ਦੇ ਵੇਦ ਸ਼ਾਸ਼ਤ੍ਰਾਂ ਸਮੇਤ ਇੱਕੋ ਵੇਰ ਛੱਡ ਦੇਵੋ, ਅਰ ਚਾਰੇ ਬਰਨਾਂ ਦਾ ਰਸਤਾ ਮੇਟ ਕੇ ਇੱਕੋ ਜੇਹੇ ਭਾਈ ਬਨਕੇ ਇੱਕ ਥਾਲ ਵਿੱਚ ਭੋਜਨ ਛਕੋ॥

ਇਸੇ ਤਰ੍ਹਾਂ ਰਾਮ, ਕ੍ਰਿਸ਼ਨ ਅਤੇ ਦੇਵੀ ਆਦਿਕ ਕਾ ਮੰਨਨਾ ਛੱਡਕੇ ਕੇਵਲ ਗੁਰੂਆਂ ਪਰ ਭਰੋਸਾ ਰੱਖੋ॥

ਇਸ ਵਾਸਤੇ ਸਾਫ ਪਾਇਆ ਜਾਂਦਾ ਹੈ ਕਿ ਜੇ ਗੁਰੂ ਜੀ ਮਹਾਰਾਜ ਦੇਵੀ ਦਾ ਪੂਜਨ ਕਰਦੇ ਅਰ ਉਸ ਤੇ ਵਰ ਮੰਗਦੇ ਤਾਂ ਜ਼ਰੂਰੀ ਸਾ ਕਿ ਆਖਦੇ ਜੋ ਤੁਸੀਂ ਦੇਵੀ ਦਾ ਪੂਜਨ ਕਰਨਾ, ਪ੍ਰੰਤੂ ਦੂਸਰੇ ਮਜ਼ਹਬ ਵਾਲੇ ਦੀ ਤਾਰੀਖ ਇਸ ਬਾਤ ਦੀ ਬਿਨ੍ਹਾਂ ਕਿਸੇ ਪੱਖਪਾਤ ਦੇ ਗੁਵਾਹੀ ਦੇਂਦੀ ਹੈ ਕਿ ਗੁਰੂ ਜੀ ਨੇ ਸਿੱਖਾਂ ਨੂੰ ਦੇਵੀ ਦੇ ਪੂਜਨ ਹਟਾਇਆ ਸਾ॥

### ਦੋਹਿਰਾ

ਪੜ੍ਹਿਆ ਵਿੱਚ ਤਰੀਖ ਦੇ ਜੋ ਗੁਰ ਦਾ ਫੁਰਮਾਨ।
ਦੇਵੀ ਦੇਵ ਨਾਂ ਪੂਜਨਾ ਚਹੀਏ ਪੰਥ ਸੁਜਾਨ।੨੨੯॥
ਹੁਣ ਤਾਂ ਤੇਰੇ ਮਨ ਵਿਖੇ ਹੋਇ ਗਿਆ ਵਿਸ਼੍ਵਾਸ।
ਗੁਰ ਦੇ ਦੇਵੀ ਮੰਨਨੋਂ ਤੁੱਟ ਗਈ ਹੈ ਆਸ।੨੩੦॥

## ਦੁਰਗਾ ਭਗਤ

### ਦੋਹਿਰਾ

ਮੈਂ ਸਾਰਾ ਸੁਣ ਲਿਆ ਹੈ ਜੋ ਦੱਸਯਾ ਤੈਂ ਹਾਲ।

ਪਰ ਇਹ ਹਵਨ ਕਰਾਨ ਵਿੱਚ ਕਯਾ ਸੀ ਗੁਰ ਦਾ ਖਯਾਲ।੨੩੧॥
ਇਤਨਾ ਚਿਰ ਮਾਘਾ ਪਿਆ ਨੈਨਾਂ ਦੇਵੀ ਜਾਇ।
ਜੰਤ੍ਰ ਮੰਤ੍ਰ ਵੇਦ ਵਿਧ ਕਿਉਂ ਕੀਨੀ ਜਗ ਰਾਇ।੨੩੨॥

ਭਾਵ:- ਭਾਵੇਂ ਮੈਂ ਇਹ ਸਾਰਾ ਹਾਲ ਜੋ ਸਿੱਧ ਕਰਦਾ ਹੈ ਕਿ ਗੁਰੂ ਜੀ ਨੇ ਦੇਵੀ ਦਾ ਅਰਾਧਨ ਨਹੀਂ ਕੀਤਾ ਸਾ ਸੋ ਸੁਨ ਲੀਤਾ ਹੈ ਪ੍ਰੰਤੂ ਫਿਰ ਭੀ ਇਹ ਸੰਸਯ ਜ਼ਰੂਰ ਪੈਦਾ ਹੁੰਦਾ ਹੈ ਕਿ ਜੇ ਮਹਾਰਾਜ ਦਾ ਅਪਨਾ ਨਿਸਚਾ ਨਹੀਂ ਸਾ ਤਾਂ ਇਤਨਾ ਚਿਰ ਬ੍ਰਾਹਮਨਾ ਕੱਠੇ ਕਰਕੇ ਹਵਨ ਕਯੋਂ ਕਰਾਇਆ, ਅਰ ਜੰਤ੍ਰ ਮੰਤ੍ਰ ਅਤੇ ਵੇਦ ਵਿਧੀ ਨਾਲ ਸਾਰੀ ਮ੍ਰਯਾਦਾ ਕਿਸ ਵਾਸਤੇ ਕੀਤਾ ਅਰ ਕਈ ਲੱਖ ਰੁਪੱਯਾ ਬਿਅਰਥ ਕਿਯੋਂ ਖਰਚ ਕੀਤਾ, ਇਸ ਖਿਆਲ ਤੇ ਫਿਰ ਏਹੋ ਨਿਸ਼ਚਾ ਹੁੰਦਾ ਹੈ ਕਿ ਜ਼ਰੂਰ ਗੁਰੂ ਮਹਾਰਾਜ ਦਾ ਦੇਵੀ ਪ੍ਰਗਟ ਕਰਨ ਦਾ ਮਨੋਰਥ ਸੀ॥

## ਤੱਤ ਖਾਲਸਾ

### ਦੋਹਿਰਾ

ਦੁਰਜਨ ਤੋਖ ਨਯਾਇ ਤੇ ਜਦ ਤੂੰ ਦੇਖੇਂ ਮਿੱਤ।
ਤਦ ਇਹ ਸਾਰੀ ਕਲਪਤਾ ਮੇਟ ਦਏਗਾ ਚਿੱਤ।੨੩੩॥

ਭਾਵ:- ਦੁਰਜਨ ਤੋਖ ਨਯਾਇ ਉਸ ਨੂੰ ਆਖਦੇ ਹਨ ਕੇ ਜਦ ਕਿਸੇ ਸ਼ੱਤ੍ਰ ਯਾ ਪ੍ਰਤਿ ਪੱਖੀ ਨਾਲ ਮੁਕਾਬਲਾ ਹੋਵੇ ਤਦ ਉਸ ਨੂੰ ਆਨੰਦ ਕਰਨ ਲਈ ਉਸ ਦਾ ਵਾਰ ਪਹਲਾ ਕਰਨਾਂ ਅੰਗੀਕਾਰ ਕੀਤਾ ਜਾਏ ਯਾ ਉਸ ਨੂੰ ਇਹ ਕਿਹਾ ਜਾਏ ਕਿ ਜੋ ਤੇਰੀ ਇੱਛਾ ਹੈ ਸੋ ਤੂੰ ਕਰ ਲੈ ਅਰ ਫਿਰ ਮਗਰੋਂ ਅਸੀਂ ਅਪਨੀ ਇੱਛਾ ਕਰੇਂਗੇ॥

ਇਸ ਵਾਸਤੇ ਇਸ ਜਗ੍ਹਾ ਪਰ ਭੀ ਗੁਰੂ ਜੀ ਨੇ ਓਨ੍ਹਾਂ ਪ੍ਰਤਿ ਪੱਖੀ ਬ੍ਰਾਹਮਨਾਂ ਨੂੰ ਜੋ ਆਖਦੇ ਸੇ ਕਿ ਮੰਤ੍ਰਾਂ ਜੰਤ੍ਰਾਂ ਵਿੱਚ ਸਿੱਧ ਹੈ ਅਰ ਉਨ੍ਹਾਂ ਦੇ ਬਲ ਤੇ ਦੇਵਤਾ ਪ੍ਰਤੱਖ ਹੋ ਜਾਂਦਾ ਹੈ ਜਿਸ ਨੂੰ ਗੁਰੂ ਜੀ ਨਹੀਂ ਮੰਨਦੇ ਸੇ ਸੋ ਪੂਰਾ ਕਰਕੇ ਦਿਖਾਇਆ ਸਾ, ਜਿਸ ਪਰ ਉਨ੍ਹਾਂ ਨੂੰ ਇਹ ਕਿਹਾ ਕਿ ਤੁਸੀਂ ਸਾਰੀ ਸਾਮੱਗ੍ਰੀ ਸਾਥੋਂ ਲੇਵੋ ਅਰ ਜਿਸ ਤਰ੍ਹਾਂ ਮਨ ਭਾਵੇ ਸੋ ਕਰੋ ਪ੍ਰੰਤੂ ਸਾਨੂੰ ਦੇਵਤਾ ਪ੍ਰਤੱਖ ਕਰਕੇ ਦਿਖਾਓ, ਗੁਰੂ ਜੀ ਦਾ ਕੇਵਲ ਇਤਨਾ ਹੀ ਹਾਲ ਸਾ ਜਿਸ ਦਾ ਫਲ ਬ੍ਰਾਹਮਨਾਂ ਦਾ ਸਦਾ ਦੇ ਲਈ ਤਿਆਗ ਅਤੇ ਦੇਵੀ ਦੇਵਤੇ ਆਦਿਕ ਦੇ ਪੂਜਨ ਥੋਂ ਖਾਲਸਾ ਦਾ ਰੋਕਨਾ ਸੀ, ਇਸ ਤੇ ਸਿੱਧ ਹੁੰਦਾ ਹੈ ਜੋ ਗੁਰੂ ਜੀ ਦਾ ਅਪਨਾ ਮਨੋਰਥ ਦੇਵੀ ਯਾ ਕਿਸੇਂ ਦੇਵਤੇ ਦੇ ਪੂਜਨ ਦਾ ਨਹੀਂ ਸਾ ਕੇਵਲ ਬ੍ਰਾਹਮਣਾਂ ਦਾ, ਜੋ ਪ੍ਰਗਟ ਕਰਨ ਦਾ ਦਾਹਵਾ ਕਰਦੇ ਸਨ, ਗੁਮਾਨ ਤੋੜਕੇ ਉਨ੍ਹਾਂ ਨੂੰ ਝੂਠੇ ਕਰਨਾ ਸਾ॥

## ਦੁਰਗਾ ਭਗਤ

### ਦੋਹਿਰਾ

ਇਹ ਕਿੱਕੁਰ ਤੂੰ ਜਾਣਦਾ ਬ੍ਰਾਹਮਣ ਕਰਨ ਬਿਖਾਦ।
ਮੰਤ੍ਰ ਜੰਤ੍ਰ ਗੁਰੂ ਜੀ ਆਖਨ ਝੂਠ ਬਿਬਾਦ।੨੩੪॥

ਭਾਵ:- ਤੇਰੇ ਇਸ ਕਥਨ ਦਾ ਕੋਈ ਭੀ ਸਬੂਤ ਨਹੀਂ ਹੈ ਜੋ ਗੁਰੂ ਜੀ ਨਾਲ

ਬ੍ਰਾਹਮਨ ਦੇਵਤੇ ਦੇ ਪੂਜਨ ਪਰ ਝਗੜਦੇ ਹੁੰਦੇ ਸਨ ਅਰ ਜੰਤ੍ਰਾਂ ਨਾਲ ਪ੍ਰਤੱਖ ਕਰਨ ਦਾ ਇਕਰਾਰ ਕਰਦੇ ਸਨ, ਪ੍ਰੰਤੂ ਗੁਰੂ ਜੀ ਇਸ ਨੂੰ ਝੂਠਾ ਜਾਨਦੇ ਸਨ। ਇਹ ਬਾਤ ਨਾਤਾਂ ਕਿਸੇ ਗੁਰ ਬਿਲਾਸ ਵਿੱਚ ਹੀ ਲਿਖੀ ਹੈ ਅਤੇ ਨਾ ਦਸਮ ਗ੍ਰੰਥ ਵਿੱਚ ਹੀ ਪਾਈ ਜਾਂਦੀ ਹੈ ਜਿਸ ਤੇ ਪ੍ਰਤੀਤ ਹੁੰਦਾ ਹੈ ਕਿ ਇਹ ਤੇਰਾ ਹੀ ਮਨ ਕਲਪਤ ਢੰਗਾ ਲਾਇਆ ਹੋਇਆ ਹੈ, ਜਿਸ ਤੇ ਮੰਨਨੇ ਦੇ ਜੋਗ ਨਹੀਂ ਹੈ॥

## ਤੱਤ ਖਾਲਸਾ

### ਦੋਹਿਰਾ

ਮੈਂ ਮਨ ਢੰਗੇ ਲਾਇਕੇ ਕਿਆ ਲੈਣਾ ਹੈ ਦੁੱਧ।
ਮੈਂ ਤਾਂ ਏਹੋ ਚਾਹੁੰਦਾ ਸੁੱਧ ਹੋਇ ਤਵ ਬੁੱਧ।੨੩੫॥
ਇਸ ਦਾ ਮਿਲੇ ਸਬੂਤ ਸਭ ਦਸਮ ਗ੍ਰੰਥ ਮਹਿ ਸੱਚ।
ਪੜ੍ਹਕੇ ਓਥੇ ਦੇਖ ਲੇ ਐਵੇਂ ਪਯਾ ਨ ਨੱਚ।੨੩੬॥
ਦੋ ਸੌ ਛਿਆਸਠ ਦੇਖ ਤੂੰ ਆਪ ਚਰਿੱਤ੍ਰ ਜਾਇ।
ਰਾਜਕੁਮਾਰੀ ਤੇ ਗੁਰੂ ਕਿਆ ਕੁਛ ਦਿਆ ਕਹਾਇ।੨੩੭॥

ਭਾਵ:- ਭਾਈ ਦੁਰਗਾ ਭਗਤ ਜੀ ਮੈਨੂੰ ਮਨ ਘੜਤ ਬਾਤਾਂ ਆਖ ਕੇ ਕੀ ਲੈਣਾ ਹੈ,ਕਿੰਤੂ ਮੇਰਾ ਤਾਂ ਇਹ ਪਰਯੋਜਨ ਹੈ ਕਿ ਤੇਰਾ ਸੰਸ਼ਾਂ ਦੂਰ ਹੋਕੇ ਨਿਰਮਲ ਬੁੱਧਿ ਹੋ ਜਾਏ, ਨਹੀਂ ਮੈਂ ਇਸ ਕਜ਼ੀਏ ਵਿੱਚੋਂ ਕਿਆ ਕੱਢਨਾ ਹੈ॥

ਪ੍ਰੰਤੂ ਤੈਂ ਜੋ ਇਸ ਪਰ ਪ੍ਰਮਾਨ ਪੁੱਛਿਆ ਹੈ ਸੋ ਗੁਰੂ ਬਿਲਾਸਾਂ ਵਿੱਚੋਂ ਦੱਸਨ ਦੀ ਮੈਨੂੰ ਕੋਈ ਇੱਛਾ ਨਹੀਂ ਹੈ। ਇਸ ਵਾਸਤੇ ਮੈਂ ਤੈਨੂੰ ਦਸਮੇ ਗੁਰੂ ਜੀ ਮਹਾਰਾਜ ਦੇ ਗ੍ਰੰਥ ਸਾਹਿਬ ਵਿੱਚੋਂ ਹੀ ਦੋ ਸੌ ਛਿਆਸਠਵਾਂ ਚਰਿੱਤ੍ਰ ਜੋ ਰਾਜ ਕੰਨਿਆ ਨੇ ਇੱਕ ਬ੍ਰਾਹਮਨ ਦੇ ਸ਼ਿਵ ਪੂਜਨ ਅਤੇ ਦੇਵਤਾ ਪ੍ਰਤੱਖ ਹੋਨ ਦੀ ਨਖੇਧੀ ਵਿੱਚ ਆਖਯਾ ਹੈ ਸੋ ਪ੍ਰਗਟ ਕਰਦਾ ਹਾਂ, ਜਿਸ ਦੇ ਪੜ੍ਹਨ ਤੇ ਸਾਫ ਪਰਗਟ ਹੋ ਜਾਏਗਾ ਜੋ ਦੇਵਤੇ ਦਾ ਪ੍ਰਤੱਖ ਕਰਨਾ ਅਰ ਜੰਤ੍ਰ ਮੰਤ੍ਰ ਦਾ ਸਾਧਨਾ ਸਭ ਨਿਰੇ ਪਖੰਡ ਹੀ ਹਨ॥

## ਦਸਮ ਗ੍ਰੰਥ ੨੬੬ ਵੇਂ ਚਰਿੱਤ੍ਰ ਵਿੱਚੋਂ

ਯਥਾ: ਬਿਪਰ ਵਾਚ॥ **ਚੌਪਈ**

"ਕਹਾ ਬਿਪਰ ਸੁਨ ਰਾਜ ਦੁਲਾਰੀ॥ ਤੈ ਸ਼ਿਵ ਕੀ ਮਹਿਮਾ ਨ ਬਿਚਾਰੀ॥
ਬ੍ਰਹਮਾ ਵਿਸ਼ਨ ਰੁੱਦ੍ਰ ਜੂ ਦੇਵਾ। ਇਕਲੀ ਸਦਾ ਕੀਜੀਯੇ ਸੇਵਾ।੨੬॥
ਤੈਂ ਯਾਕੋ ਨਹਿ ਭੇਵ ਪਛਾਨੈ। ਮਹਾਂ ਮੂੜ ਇਹ ਭਾਂਤ ਬਖਾਨੈ॥
ਇਨਕੋ ਪਰਮ ਪੁਰਾਤਨ ਜਾਨੋ। ਪਰਮ ਪੁਰਖ ਮਨ ਮੇਂ ਪਹਚਾਨੋ।੨੭॥
ਹਮ ਹੇ-ਕੁਆਰਿ? ਵਿਪ੍ਰ ਬਰਤ ਧਾਰੀ। ਊਚ ਨੀਚ ਸਭ ਕੇ ਹਿਤਕਾਰੀ॥
ਜਿਸੀ ਕਿਸੀ ਕਹਿ ਮੰਤ੍ਰ ਸਿਖਾਵਹਿਂ। ਮਹਾਂ ਕ੍ਰਿਪਣ ਤੇ ਦਾਨ ਕਰਾਵਹਿਂ।੨੮॥

# ਰਾਜ ਸੁਤਾ ਵਾਚ

ਮੰਤ੍ਰ ਦੇਖ ਸਿਖ ਅਪਨ ਕਰਨ ਹਿਤ । ਜਯੋਂ ਤਯੋਂ ਭੇਟ ਲੇਤ ਤਾਂਤੇ ਬਿਤ। ਸੱਤ ਬਾਤ ਤਾਕੋ ਨਾ ਸਿਖਾਵਹੁ। ਤਾਹਿ ਲੋਕ ਪਰਲੋਕ ਗਵਾਹਹੁ।।੨੯।। ਸੁਨਹੁ ਬਿਪਰ ਤੁਮ ਮੰਤ੍ਰ ਦੇਤ ਜਿਹ। ਲੂਟ ਲੇਤ ਤਿਹ ਘਰ ਬਿਧ ਜਿਹ ਕਿਹ। ਤਾਂਕੋ ਕਛੂ ਗਯਾਨ ਨਹਿ ਆਵੈ। ਮੂਰਖ ਅਪਨਾ ਮੂੰਡ ਮੁਡਾਵੈ।।੩੦।। ਤਿਹ ਤੁਮ ਕਹੋ ਮੰਤ੍ਰ ਸਿੱਧ ਹ੍ਵੈ ਹੈ। ਮਹਾਂ ਦੇਵ ਤੋਕੋ ਬਰ ਦੈਹੈ। ਜਬ ਤਾਂਤੇ ਨਹਿੰ ਮੰਤ੍ਰ ਹੋਤ ਸਿੱਧ। ਤਬ ਤੁਮ ਬਚਨ ਕਹਿਤ ਹੋ ਇਹ ਸਿਧ।।੩੧।। ਕੁਛਕ ਕਰਮ ਤੁਮ ਤੇ ਰਹਿ ਗਯੋ। ਤਾਂਤੇ ਦਰਸ ਨ ਸ਼ਿਵਜੂ ਦਯੋ। ਅਬ ਤੈਂ ਪੁੰਨ ਦਾਨ ਦ੍ਵਿਜ ਕਰਰੇ। ਪੁਨ ਸ਼ਿਵਕੇ ਮੰਤ੍ਰਹਿ ਅਨੁਸਰ ਰੇ।।੩੨।। ਉਲਟੋ ਡੰਡ ਤਿਸੀ ਤੇ ਲੇਹੀਂ। ਪੁਨ ਤਿਹ ਮੰਤਰ ਰੁੱਦ੍ਰ ਕੋ ਦੇਹੀਂ।। ਭਾਂਤ ਭਾਂਤ ਤਾਂਕੋ ਭਟਕਾਵੈਂ। ਅੰਤ ਬਾਰ ਇਮ ਭਾਖ ਸੁਨਾਵੈਂ।।੩੩।। ਤੋਤੇ ਕਛੂ ਅੱਛਰ ਰਹਿ ਗਯੋ। ਕੈ ਕੁਛ ਭੰਗ ਕ੍ਰਿਯਾ ਮੇ ਭਯੋ।। ਤਾਂਤੇ ਤੁਹਿ ਬਰ ਰੁੱਦ੍ਰ ਨ ਦੀਨਾ। ਪੁੰਨ ਦਾਨ ਚਹੀਯਤ ਪੁਨ ਕੀਨਾ।।੩੪।। ਇਹ ਬਿਧਿ ਮੰਤਰ ਸਿਖਾਵਤ ਤਾਂਕੋ। ਲੂਟ ਚਹਿਤ ਬਿਪਰ ਘਰ ਜਾਂਕੋ।। ਜਬ ਵਹ ਦਰਬ ਰਹਿਤੁ ਹ੍ਵੈ ਜਾਈ। ਅਰ ਧਾਮ ਤਬ ਚਲਤ ਤਕਾਈ।।੩੫।।

## ਦੋਹਿਰਾ

"ਮੰਤ੍ਰ ਜੰਤ੍ਰ ਅਰ ਤੰਤ੍ਰ ਸਿਧਿ ਜੋ ਇਨਮੇ ਕੁਛ ਹੋਯ।
ਹਰ ਜਰਤ ਹੈ ਆਪਹਿ ਰਹੇ ਮਾਂਗਤ ਫਿਰਤ ਨ ਕੋਇ।।੩੬।।"

ਭਾਵ:- ਇਸ ਪ੍ਰਸਨ ਉਤਰ ਤੇ ਸਿੱਧ ਹੋ ਗਿਆ ਕਿ ਬ੍ਰਾਹਮਣ ਉਸ ਰਾਜ ਕੰਨਯਾਂ ਨੂੰ ਇਹ ਭਰਮ ਪਾਉਂਦਾ ਸੀ ਕਿ ਜੋ ਸਾਨੂੰ ਧਨ ਦੇਂਦਾ ਹੈ ਅਰ ਅਸੀਂ ਉਸ ਤੇ ਮੰਤਰ ਜੰਤਰਾਂ ਦਾ ਵਿਧੀ ਵਤ ਜਾਪ ਕਰਾਉਂਦੇ ਹਾਂ ਤਦ ਉਹ ਦੇਵਤੇ ਨੂੰ ਪਰਤੱਖ ਕਰ ਲੈਂਦਾ ਹੈ, ਇਸ ਵਾਸਤੇ ਹੇ ਰਾਜ ਦੁਲਾਰੀ ਤੂੰ ਇਸ ਭੇਦ ਨੂੰ ਨਹੀਂ ਪਛਾਨਦੀ।।

ਪਰੰਤੂ ਉਹ ਰਾਜ ਕੰਨਯਾਂ ਜੋ ਗਯਾਨਵਾਨ ਥੀ ਉਸ ਨੇ ਇਸ ਦੇ ਉੱਤਰ ਵਿੱਚ ਇਹੋ ਕਥਨ ਕੀਤਾ ਕਿ ਹੇ ਬਿੱਪਰ ਤੁਸੀਂ ਜੋ ਮੰਤਰ ਲੋਕਾਂ ਨੂੰ ਦੇਂਦੇ ਹੋ, ਸੋ ਸਿੱਖ ਬਨਾਕੇ ਉਨ੍ਹਾਂ ਤੇ ਧਨ ਹੀ ਲੁਟਦੇ ਹੋ। ਪਰੰਤੂ ਹੇ ਬ੍ਰਾਹਮਣ ਜੋ ਤੁਹਾਡੇ ਜੰਤਰ ਕਰਾਉਂਦਾ ਹੈ ਉਸ ਨੂੰ ਹੋਰ ਗਯਾਨ ਕੁਛ ਭੀ ਪਰਾਪਤ ਨਹੀਂ ਹੁੰਦਾ ਕਿੰਤੂ ਉਸ ਮੂਰਖ ਦਾ ਸਗੋਂ ਤੁਸੀਂ ਘਰ ਬਾਰ ਲੁੱਟ ਲੈਂਦੇ ਹੋ, ਕਿਉਂਕਿ ਤੁਸੀਂ ਉਸ ਨੂੰ ਇਹ ਲਾਲਚ ਦਖਾਉਂਦੇ ਹੋ ਕਿ ਜਦ ਮੰਤਰ ਦੇ ਅਰਾਧਨ ਪਰ ਦੇਵਤਾ ਪਰਸੰਨ ਹੋ ਗਿਆ ਤਾਂ ਤੈਨੂੰ ਵਰ ਦੇਵੇਗਾ ਜਿਸ ਪਰ ਉਹ ਭੁੱਲ ਜਾਂਦਾ ਹੈ ਜੋ ਤੁਹਾਡੇ ਕਹਨੇ ਕਰਕੇ ਓਹੋ ਕਰਮ ਕਰਨੇ ਆਰੰਭ ਕਰਦਾ ਹੈ।।

ਜਦ ਉਸ ਨੂੰ ਮੰਤਰ ਜੰਤਰ ਸਾਧਦੇ-੨ ਕੁਝ ਭੀ ਨਹੀਂ ਮਿਲਦਾ ਤਦ ਤੁਸੀਂ ਆਖਦੇ ਹੋ ਕਿ ਤੈਥੋਂ ਕੁਝ ਮ੍ਰਯਾਦਾ ਕਰਨ ਵਿੱਚ ਭੁਲ ਹੋ ਗਈ ਹੈ, ਇਸ ਵਾਸਤੇ ਦੇਵਤਾ ਪ੍ਰਗਟ ਨਹੀਂ ਹੋਇਆ ਯਾ ਤੈਨੂੰ ਵਰ ਨਹੀਂ ਦਿੱਤਾ, ਜਿਸ ਪਰ ਉਹ ਫਿਰ ਦੁਬਾਰਾ ਧਨ ਲੁਟਾਉਂਦਾ ਹੈ, ਜਿਸ ਦਾ ਫਲ ਅੰਤ ਨੂੰ ਇਹ ਹੁੰਦਾ ਹੈ ਜੋ ਉਹ ਕੰਗਾਲ ਹੋ ਜਾਂਦਾ ਹੈ, ਅਰ ਤੁਸੀਂ ਉਸ ਦਾ ਪਿਛਾ ਛੱਡਕੇ ਕਿਸੇ ਹੋਰ ਧਨੀ ਦੇ ਮਗਰ ਪੈ ਜਾਂਦੇ ਹੋ।।

ਪਰੰਤੂ ਹੇ ਬ੍ਰਾਹਮਨ ਤੂੰ ਇਤਨਾ ਤਾਂ ਸੋਚ ਕਿ ਜੇ ਇਨ੍ਹਾਂ ਮੰਤਾਂ ਯੰਤ੍ਰਾਂ ਅਤੇ ਤੰਤ੍ਰਾਂ

ਵਿੱਚ ਕੁਝ ਭੀ ਸੱਤ ਹੋਵੇ ਤਾਂ ਇਨ੍ਹਾਂ ਦੇ ਕਰਨੇ ਵਾਲਾ ਆਪ ਹੀ ਬਾਦਸ਼ਾਹ ਹੋਕੇ ਬੈਠੇ ਜਾਏ ਅਰ ਜੋ ਚਾਹੇ ਸੋ ਕਰੇ,ਫਿਰ ਉਹ ਦਰ-੨ ਭੀਖ ਕਯੋਂ ਮੰਗਦਾ ਫਿਰੇ, ਇਸ ਵਾਸਤੇ ਇਨ੍ਹਾਂ ਜੰਤ੍ਰਾਂ ਮੰਤ੍ਰਾਂ ਵਿੱਚ ਕੁਝ ਭੀ ਨਹੀ ਹੈ ਕੇਵਲ ਲੋਗਾਂ ਦੇ ਠਗਨ ਲਈ ਪਖੰਡ ਰਚਨਾ ਹੈ, ਜਿਸ ਤੇ ਮੈਂ ਇਸ ਨੂੰ ਬੁਰਾ ਜਾਨਦੀ ਹਾਂ॥

ਇਸ ਜਗ੍ਹਾਂ ਜਦ ਅਸੀਂ ਇਸੇ ਰਾਜਕੁਮਾਰੀ ਦੇ ਦੇਵਤਾ ਪ੍ਰਤੱਖ ਕਰਨ ਵਾਲੇ ਝਗੜੇ ਪਰ ਗੁਰੂ ਜੀ ਦੇ ਦੇਵੀ ਪੂਜਨ ਦਾ ਵਿਚਾਰ ਕਰਦੇ ਹਾਂ ਅਰ ਦੇਖਦੇ ਹਾਂ ਕਿ ਉਹ ਕਿਹੜਾ ਸੰਮਤ ਸਾ ਤਦ ਹਿਸਾਬ ਕਰਨ ਤੇ ਓਹੋ ਸਾਲ ਆ ਜਾਂਦਾ ਹੈ ਜਦ ਗੁਰੂ ਜੀ ਨੇ ਬ੍ਰਾਹਮਣਾਂ ਤੇ ਹਵਨ ਕਰਾਇਆ ਸਾ, ਕਿਉਂਕਿ ਸੰਮਤ ੧੭੫੩ ਬਿ: ਵਿੱਚ ਇਹ ਚਰਿੱਤ੍ਰ ਬਨਾਏ ਹਨ ਅਰ ਉਸੇ ਸਾਲ ਬ੍ਰਾਹਮਣਾਂ ਨੇ ਦੇਵੀ ਪਰਗਟ ਕਰਨ ਲਈ ਸਾਮਗ੍ਰੀ ਤਿਆਰ ਕਰਾਉਨ ਦੀ ਬੇਨਤੀ ਕੀਤੀ ਸੀ। ਬਲਕਿ ਭਾਈ ਸੁੱਖਾ ਸਿੰਘ ਦੇ ਕਥਨਾਨੁਸਾਰ ਤਦ ਹਵਨ ਹੁੰਦਾ ਸੀ ਕਿਉਂਕਿ ਉਹ ਢਾਈ ਸਾਲ ਮਗਰੋਂ ਦਸਦੇ ਹਨ ਕਿ ਗੁਰੂ ਜੀ ਨੇ ਹਵਨ ਕੁੰਡ ਪਾਸ ਜਾਕੇ ਪੁੱਛਿਆ ਜੋ ਦੇਵੀ ਕਿਉਂ ਪਰਗਟ ਨਹੀਂ ਹੋਈ, ਸੋ ਜਦ ੧੭੫੫ ਵਿੱਚੋਂ ਢਾਈ ਸਾਲ ਕੱਢ ਦਈਏ ਤਦ ਉਹੋ ਭਾਦ੍ਰੋਂ ਦਾ ਮਹੀਨਾ ਅਰ ੧੭੫੩ ਸੰਮਤ ਆ ਜਾਂਦਾ ਹੈ ਜਿਸ ਤੇ ਸਿੱਧੇ ਹੁੰਦਾ ਹੈ ਕਿ ਉਸ ਵੇਲੇ ਗੁਰੂ ਜੀ ਇਸ ਤਰ੍ਹਾਂ ਦੀਆਂ ਕੁਤਰਕਾਂ ਦੀ ਰਚਨਾਂ ਕਰਕੇ ਬ੍ਰਾਹਮਣਾ ਦੇ ਦੇਵਤੇ ਪਰਤੱਖ ਕਰਨ ਲਈ ਪਖੰਡ ਦੱਸਦੇ ਸੇ॥

### ਦੋਹਿਰਾ

ਆਦਿ ਅੰਤ ਜਦ ਦੇਖੀਏ ਅੱਛੀ ਤਰ੍ਹਾਂ ਵਿਚਾਰ।
ਦੁੱਧੋਂ ਪਾਨੀ ਓਸ ਤੇ ਪਲ ਵਿੱਚ ਲੇਤ ਨਿਤਾਰ।।੨੩੮॥
ਇਸੀ ਚਰਿੱਤ੍ਰ ਸਮ ਕਰੀ ਲੀਲ੍ਹਾ ਗੁਰ ਕੇ ਸਾਥ।
ਮੰਤ੍ਰ ਜੰਤਰ ਧਨ ਬੰਚ ਮਹਿ ਖੂਬ ਦਖਾਏ ਹਾਥ।।੨੩੯॥

ਭਾਵ:- ਜਦ ਅਸੀਂ ਗੁਰੂ ਜੀ ਦੇ ਵਿਰਤਾਂਤਾ ਨੂੰ ਅੱਛੀ ਤਰ੍ਹਾਂ ਵਿਚਾਰਦੇ ਹਾਂ ਤਦ ਇਸ ਰਾਜਕੁਮਾਰੀ ਵਾਲਾ ਸਾਰਾ ਹਾਲ ਠੀਕ ਪਾਉਂਦੇ ਹਾਂ ਅਰ ਜਾਣ ਸਕਦੇ ਹਾਂ ਕਿ ਗੁਰੂ ਜੀ ਨੇ ਇਹ ਪੇਸ਼ੀਨਗੋਈ ਜਾਣ ਕੇ ਕੀਤੀ ਸੀ ਕਿਉਂਕਿ ਪਹਲੇ ਤਾਂ ਗੁਰੂ ਜੀ ਨਾਲ ਇਹ ਝਗੜਾ ਕਰਦੇ ਰਹੇ ਕਿ ਦੇਵਤਾ ਬਿਧਵਤ ਕ੍ਰਿਆ ਕਰਨ ਤੇ ਪਰਗਟ ਹੋ ਜਾਂਦਾ ਹੈ। ਜਦ ਗੁਰੂ ਜੀ ਨੇ ਆਖਿਆ ਕਿ ਦਿਖਾਓ ਤਦ ਸਿੱਧ ਕਰਨ ਵਾਲੇ ਵੱਡੇ ਵਿੱਦਯਾਵਾਨ ਪੰਡਤਾਂ ਦੇ ਹੋਨੇ ਦੀ ਢੁੱਚਰ ਡਾਹੀ ਜਦ ਉਹ ਭੀ ਆ ਗਏ ਤਦ ਸਵਾ ਲੱਖ ਰੁਪੱਏ ਦੀ ਸਾਮੱਗ੍ਰੀ ਮੰਗੀ ਜੋ ਇੱਕ ਵੱਡੀ ਭਾਰੀ ਰਕਮ ਸੀ॥

ਫਿਰ ਜਦ ਉਹ ਭੀ ਮਨਜ਼ੂਰ ਹੋਈ ਤਦ ਸਵਾ ਲੱਖ ਰੁਪੱਯਾ ਦੱਖਨਾਂ ਦਾ ਮੰਗਯਾ ਅਰ ਮਨਜ਼ੂਰ ਕਰਾਇਆ ਫਿਰ ਸਵਾ ਲੱਖ ਦਾ ਬ੍ਰਾਹਮਣਾਂ ਨੂੰ ਯੱਗ ਦੱਸਯਾ ਜਿਸ ਵਿੱਚ ਮਾਸ ਔਰ ਖੀਰ ਦੀ ਪਰੀਖਯਾ ਹੋਈ, ਉਸ ਤੇ ਮਗਰੋਂ ਨਦੀ ਦੇ ਕਨਾਰੇ ਹਵਨ ਕਰਨ ਦੀ ਜਗ੍ਹਾਂ ਬਨਾਉਨਾ ਆਖਿਆ ਜੋ ਬਨਵਾ ਲਈ॥

ਉਸ ਜਗ੍ਹਾ ਪਰ ਜਦ ਹਵਨ ਹੋਨ ਲੱਗਾ ਅਤੇ ਢਾਈ ਸਾਲ ਗੁਜ਼ਰੇ ਕੁਝ ਨਾ

ਹੋਇਆ ਤਦ ਓਥੋਂ ਇਹ ਬਹਾਨਾ ਕਰਕੇ ਕਿ ਏਥੇ ਰੌਲਾ ਪੈਂਦਾ ਹੈ ਕਿਤੇ ਇਕਾਂਤੇ ਸਥਾਨ ਚਲੀਏ ਨੈਨਾ ਦੇਵੀ ਦੇ ਟਿੱਲੇ ਪੁੱਜੇ ਓਥੇ ਜਾਕੇ ਗੁਰੂ ਜੀ ਦਾ ਸ਼ਕਾਰ ਖੇਲਨਾ ਹਟਾਇਆ ਅਤੇ ਅਹਿੰਸਾ ਪਰਮ ਧਰਮ ਬਤਾਇਆ॥

ਇਸ ਤੇ ਮਗਰੋਂ ਗੁਰੂ ਜੀ ਨੂੰ ਭੀ ਇਹ ਕਿਹਾ ਕਿ ਸਾਰੇ ਇੰਦਰੇ ਮਨ ਸਮੇਤ ਵਸ ਅਤੇ ਪਵਿੱਤਰ ਕਰਕੇ ਜਾਪ ਕਰੋ ਤਾਂ ਪਰਗਟੇਗੀ ਸੋ ਭੀ ਕਰਨਾ ਪਿਆ ਅਰ ਪਿਰਥੀ ਪਰ ਆਸਨ ਕੀਤੇ ਘਰ ਬਾਰ ਛੱਡ ਦਿੱਤਾ ਅਰ ਐਥੋਂ ਤਕ ਦੁੱਖ ਦਿੱਤਾ ਜੋ ਭੋਜਨ ਭੀ ਛੁਡਾ ਦਿੱਤਾ॥

ਅੰਤ ਨੂੰ ਜਦ ਕੁਝ ਨਾ ਬਨਿਆ ਤਦ ਪੁੱਤਰਾਂ ਤੇ ਸੀਸ ਮੰਗੇ ਜੋ ਇੱਕ ਓੜਕ ਦੀ ਗੱਲ ਸੀ, ਜਿਸ ਪਰ ਗੁਰੂ ਜੀ ਨੇ ਸਮਝ ਲੀਤਾ ਕਿ ਇਹ ਇਨ੍ਹਾਂ ਦਾ ਸਾਰਾ ਪਖੰਡ ਹੈ ਅਰ ਭਾਈ ਸੁਖਾ ਸਿੰਘ ਦੇ ਕਥਨਾਨੁਸਾਰ ਇਹ ਆਖਿਆ ਕਿ ਆਪ ਜਿਤਨੇ ਸਿੱਖਾਂ ਦੇ ਸੀਸ ਚਾਹੁੰਦੇ ਹੋ ਸੋ ਲੈ ਲੇਵੋ॥

ਜਦ ਅੰਤ ਨੂੰ ਕੁਝ ਨਾ ਹੋਇਆ ਤਦ ਬੱਦਲਾਂ ਦੀ ਘਨਘੋਰ ਅਰ ਪੌਣ ਦਾ ਜ਼ੋਰ ਜੋ ਚੇਤਰ ਦੇ ਮਹੀਨੇ ਅਕਸਰ ਹੁੰਦਾ ਹੈ ਦੇਖਕੇ ਇਹ ਬਹਾਨਾ ਕਰਕੇ ਕਿ ਸਾਥੋਂ ਦੇਵੀ ਦਾ ਪਰਤਾਪ ਨਹੀਂ ਝੱਲਯਾ ਜਾਏਗਾ। ਪਹਾੜ ਦੇ ਹੇਠਾਂ ਉਤਰ ਆਏ ਜਿਸਤੇ ਗੁਰੂ ਜੀ ਹੀ ਕੱਲੇ ਰਹ ਗਏ, ਜਿਨ੍ਹਾਂ ਦੇ ਇਸ ਛਲ ਪਰ ਗੁਰੂ ਜੀ ਮਹਾਰਾਜ ਨੂੰ ਅਤਯੰਤ ਹੀ ਕ੍ਰੋਧ ਆਇਆ ਅਰ ਤੇਗ ਹੱਥ ਵਿੱਚ ਲੈਕੇ ਪਹਾੜੀ ਤੇ ਨੀਚੇ ਉਤਰ ਆਏ ਅਤੇ ਸਭ ਡੇਰਾ ਭੀ ਉਸ ਜਗ੍ਹਾਂ ਤੇ ਉਠਾਕੇ ਆਨੰਦਪੁਰ ਲੈ ਆਂਦਾ॥

ਪਰੰਤੂ ਸਿੱਖਾਂ ਨੂੰ ਉਸ ਬਿਅਰਥ ਕੰਮ ਕਰਨ ਦੇ ਦਿਨਾਂ ਵਿੱਚ ਬਹੁਤ ਕਸ਼ਟ ਹੋਇਆ ਸਾ ਇਸ ਵਾਸਤੇ ਓਹ ਸਾਰਾ ਗੁਦਾਮ ਜੋ ਉਸ ਡੇਰਾ ਦਾ ਬਾਕੀ ਸਾ ਹੁਕਮ ਦਿੱਤਾ ਕਿ ਸਿੱਖਾਂ ਨੂੰ ਲੰਗਰ ਛਕਾ ਦੋ ਜਿਸ ਪਰ ਵੱਡਾ ਭਾਰੀ ਯਗ ਹੋ ਗਿਆ ਅਰ ਅਪਨੀ ਸੰਗਤਾਂ ਨੂੰ ਛਕਾਇਆ ਪਰੰਤੂ ਓਹ ਬ੍ਰਾਹਮਣ ਜੋ ਹਵਨ ਕਰਾਉਂਦੇ-੨ ਡਰ ਦੇਕੇ ਹੇਠਾਂ ਉਤਰ ਆਏ ਸਨ ਸੋ ਬਾਗ ਵਿੱਚ ਜਿੱਥੇ ਓਨਾਂ ਦਾ ਅਸਲੀ ਡੇਰਾ ਸਾ ਭੁੱਖੇ ਬੈਠੇ ਰਹੇ ਜਿਨ੍ਹਾਂ ਨੂੰ ਗੁਰੂ ਜੀ ਨੇ ਬੁਲਾਉਣਾ ਤਾਂ ਕਿਧਰੇ ਰਿਹਾ ਪੁੱਛਿਆ ਭੀ ਨਾ।

**ਦੋਹਿਰਾ**

ਐਸੀ ਦੁਰ ਦਿਸ ਦੇਖ ਕੇ ਤਦ ਓਹ ਬਿਪ੍ਰ ਲੋਗ।
ਮਹਾਂ ਦੁਖੀ ਮਨ ਮਹਿ ਭਏ ਵਰਤ ਗਿਆ ਮਨ ਸੋਗ।੨੪੦॥
ਲੱਗੇ ਕਰਨ ਵਿਚਾਰ ਮਨ ਭਯਾ ਨਿਰਾਦਰ ਭਾਰ।
ਸਾਨੂੰ ਤਾਂ ਪੁੱਛਿਆ ਨਹੀ ਦੇਵਨ ਅੰਨ ਅਹਾਰ।੨੪੧॥
ਮਨ ਵਿੱਚ ਗੁੱਸਾ ਖਾਇਕੇ ਗਏ ਗੁਰੂ ਦੇ ਪਾਸ।
ਰੋਣਾ ਰੋਇਆ ਆਪਨਾ ਹੋਕੇ ਖਰੇ ਉਦਾਸ।੨੪੨॥

ਭਾਵः- ਜਦ ਗੁਰੂ ਜੀ ਮਹਾਰਾਜ ਨੇ ਉਨ੍ਹਾਂ ਨੂੰ ਭੋਜਨ ਲਈ ਭੀ ਨਾ ਪੁੱਛਿਆ ਤਦ ਓਹ ਗੁਰੂ ਜੀ ਦੇ ਪਾਸ ਜਾਕੇ ਸ਼ਕਾਇਤ ਕਰਨ ਲੱਗੇ ਕਿ ਮਹਾਰਾਜ ਆਪਨੇ ਗੁਵਾਰਾਂ ਸ਼ੂਦਰ

ਅਤੇ ਵੈਸ਼ਾਂ ਨੂੰ ਤਾਂ ਵੱਡ ਆਦਰ ਨਾਲ ਭੋਜਨ ਛਕਾਏ ਅਰ ਅਸੀਂ ਬ੍ਾਹਮਨ ਜੋ ਭਗਵਾਨ ਦਾ ਮੁਖ ਹਾਂ ਭੁੱਖੇ ਬੈਠੇ ਰਹੇ ਸਾਨੂੰ ਪੁਛਿਆ ਭੀ ਨਾ।।

ਇਸ ਦਾ ਉਤ੍ਰ ਗੁਰੂ ਜੀ ਮਹਾਰਾਜ ਨੇ ਵਡੀ ਧੀਰਜ ਨਾਲ ਉਨ੍ਹਾਂ ਨੂੰ ਦਿੱਤਾ ਅਰ ਆਖਯਾ ਕਿ ਇਹ ਸ਼ੂਦਰ ਵੈਸ਼ ਹੁਨ ਨਹੀ ਰਹੇ ਕਿੰਤੂ ਇਹ ਮੇਰਾ ਰੂਪ ਹਨ ਅਰ ਮੈਂ ਇਨ੍ਹਾਂ ਦੇ ਬਲ ਨਾਲ ਬਹੁਤ ਕੁਛ ਕੰਮ ਕੀਤੇ ਹਨ, ਅਰ ਓਹ ਇਹ ਸਵੈਯੇ ਹਨ ਜੋ ਉਸ ਵੇਲੇ ਦੀ ਗੁਵਾਹੀ ਦੇਂਦੇ ਹਨ।।

**ਯਥਾ ਸਵੈਯਾ - ਪਾਤਸ਼ਾਹੀ ੧੦**

"ਜੋ ਕਿਛੁ ਲੇਖੁ ਲਿਖਿਓ ਬਿਧਨਾ ਸੋਈ ਪਾਈਯਤ ਮਿਸ੍ਰ ਜੂ ਸੋਕ ਨਿਵਾਰੋ।। ਮੇਰੋ ਕਛੁ ਅਪਰਾਧ ਨਹੀਂ ਗਯੋ ਯਾਦ ਤੇ ਭੂਲ ਨ ਕੋਪ ਚਿਤਾਰੋ।। ਬਾਗੇ ਨਿਹਾਲੀ ਪਠੈਦੈਹੋ ਆਜੁ ਭਲੈ ਤੁਮ ਕੋ ਨਿਹਚੈ ਜੀ ਅਧਾਰੋ। ਛੱਤ੍ਰੀ ਸਭੇ ਕ੍ਰਿਤ ਬਿਪਨ ਕੇ ਇਨਹੂੰ ਪੈਕਟਾਛ ਕ੍ਰਿਪਾ ਕੈ ਨਿਹਾਰੋ।।੧।। ਸਵੈਯਾ।। ਜੁੱਧ ਜਿਤੇ ਇਨ ਹੀ ਕੇ ਪ੍ਰਸਾਦਿ ਇਨ ਹੀ ਕੇ ਪਰਸਾਦਿ ਸੁ ਦਾਨ ਕਰੇ। ਅਘਓ ਘਟਰੇ ਇਨ ਹੀ ਕੇ ਪਰਸਾਦਿ ਇਨ ਹੀ ਕੀ ਕ੍ਰਿਪਾ ਫੁਨ ਧਾਮ ਭਰੇ।। ਇਨਹੀ ਕੇ ਪ੍ਰਸਾਦਿ ਸੁਬਿਦਿਆ ਲਈ ਇਨਹੀ ਕੀ ਕ੍ਰਿਪਾ ਸਭ ਸੱਤ੍ਰ ਮਰੇ। ਇਨ ਹੀ ਕੀ ਕਿਰਪਾ ਕੇ ਸਜੇ ਹਮ ਹੈਂ ਨਹੀਂ ਮੋ ਸੇ ਗਰੀਬ ਕਰੋਰ ਪਰੇ ।੨।। ਸਵੈਯਾ।। ਸਵੇ ਕਰੀ ਇਨਹੀ ਕੀ ਭਾਵਤ ਔਰ ਕੀ ਸੇਵ ਸੁਹਾਤ ਨ ਜੀਕੋ।। ਦਾਨ ਦਇਓ ਇਨਹੀ ਕੋ ਭਲੋ ਅਰ ਆਨ ਕੋ ਦਾਨ ਨ ਲਾਗਤ ਨੀਕੋ।। ਆਗੈ ਫਲੈ ਇਨਹੀ ਕੋ ਦਯੋ ਜਗ ਮੈਂ ਜਸੁ ਔਰ ਦਯੋ ਸਭ ਫੀਕੋ।। ਮੋ ਗ੍ਰਿਹ ਮੈਂ ਤਨ ਤੇ ਮਨ ਤੇ ਸਿਰ ਲਉ ਧਨ ਹੈ ਸਭ ਹੀ ਇਨਹੀ ਕੋ।।੩।।

**ਦੋਹਿਰਾ**

"ਚਟ ਪਟਾਇ ਚਿਤ ਮੈਂ ਜਰਿਯੋ ਤ੍ਰਿਣ ਜਿਯੁ ਕ੍ਰੁੱਧਤ ਹੋਇ।
ਖੋਜ ਰੋਜ ਕੇ ਹੇਤ ਲੱਗ ਦਯੋ ਮਿਸ੍ਰ ਜੂ ਹੋਇ।।"

ਇਨ੍ਹਾਂ ਸ੍ਰੀ ਮੁਖਵਾਕਾਂ ਤੇ ਇਹ ਪਾਇਆ ਜਾਂਦਾ ਹੈ ਕਿ ਉਨ੍ਹਾਂ ਬ੍ਰਾਹਮਨਾਂ ਨੂੰ ਜੋ ਇਹ ਉਮੈਦ ਸੀ ਕਿ ਸਾਨੂੰ ਧਾਮੇਂ ਛਕਾਉਨਗੇ ਅਰ ਵੱਡੀ-੨ ਭਾਰੀ ਦੱਖਨਾ ਦੇ ਕੇ ਵਿਦਾ ਕਰਨਗੇ, ਸੋ ਪੂਰੀ ਨਾ ਹੋਈ ਬਲਕਿ ਗੁਰੂ ਜੀ ਨੇ ਉਨ੍ਹਾਂ ਨੂੰ ਬੁਲਾਇਆ ਭੀ ਨਾ ਜਿਸ ਪਰ ਤੰਗ ਆਕੇ ਗੁਰੂ ਜੀ ਪਾਸ ਕੌੜੇ-੨ ਬਚਨ ਬੋਲਨ ਲੱਗੇ ਅਤੇ ਸਿੱਖਾਂ ਦੀ ਨਿੰਦਯਾ ਕੀਤੀ, ਜਿਸ ਨੂੰ ਸੁਨਕੇ ਗੁਰੂ ਜੀ ਨੇ ਉਨ੍ਹਾਂ ਨੂੰ ਇਤਨਾ ਕਹਿਕੇ ਟਾਲ ਦਿੱਤਾ ਕਿ ਸਾਡੇ ਤੁਸੀ ਯਾਦ ਨਹੀਂ ਰਹੇ। ਇਸ ਵਾਸਤੇ ਡੇਰੇ ਚੱਲੋ ਤੁਹਾਨੂੰ ਓਥੇ ਹੀ ਅੰਨ ਤੇ ਬਸਤ੍ਰ ਪਹੁੰਚਾ ਦੇਵਾਂਗੇ ਅਰ ਆਪ ਨੂੰ ਐਡਾ ਗੁੱਸਾ ਨਹੀਂ ਕਰਨਾ ਚਾਹੀਦਾ ਕਿਉਂਕਿ ਤੁਸੀ ਸਾਡੇ ਯਾਦ ਨਹੀਂ ਆਏ।।

ਇਸ ਤੇ ਬਿਨਾਂ ਇਹ ਭੀ ਆਖਿਆ ਕਿ ਜੋ ਤੁਹਾਡੇ ਨਸੀਬਾਂ ਵਿਚ ਸਾ ਸੋਈ ਤੁਹਾਨੂੰ ਮਿਲ ਗਿਆ ਹੈ ਅਰ ਸਾਡਾ ਤਾਂ ਤਨ ਮਨ ਅਤੇ ਧਨ ਸਭ ਸਿੱਖਾਂ ਦਾ ਹੀ ਹੈ। ਅਰ ਇਨ੍ਹਾਂ ਦੇ ਪ੍ਰਤਾਪ ਨਾਲ ਅਸੀਂ ਸਭ ਮਨੋਰਥ ਸਫਲੇ ਕੀਤੇ ਹਨ, ਜਿਸ ਤੇ ਅਸੀਂ ਇਨ੍ਹਾਂ ਨੂੰ ਹੀ ਦਾਨ ਦੇਨਾ ਅੱਛਾ ਜਾਨਦੇ ਹਾਂ ਅਰ ਹੋਰ ਨੂੰ ਦੇਨਾ ਨਿਸਫਲ ਸਮਝਦੇ ਹਾਂ। ਜਿਸ ਉੱਤ੍ਰ ਨੂੰ ਸੁਨਕੇ ਓਹ ਮਿਸਰ ਇਸ ਤਰ੍ਹਾ ਜਲ ਬਲ ਗਿਆ ਜਿਸ ਤਰ੍ਹਾਂ ਅੱਗ ਲੱਗੀ ਤੇ ਕਖ ਬਲ

ਉਠਦੇ ਹਨ, ਅਰ ਅਪਨਾ ਹਮੇਸ਼ ਦਾ ਰੋਜ਼ੀਨਾਂ ਬੰਦ ਹੋਇਆ ਸੁਨਕੇ ਰੋ ਪਿਆ, ਅਰ ਨਰਾਸ ਹੋ ਗਿਆ।

## ਦਵੈਯਾ

ਜੇਕਰ ਦੇਵੀ ਪ੍ਰਗਟ ਹੁੰਦੀ ਬ੍ਰਾਹਮਣ ਕੋਲੋਂ ਭਾਈ। ਅਰ ਗੁਰੂ ਜੀ ਸੀ ਤੇਗ ਓਸ ਥੋਂ ਵਰ ਕਰ ਓਥੇ ਪਾਈ। ਤਾਂ ਇਹ ਹਾਲ ਬ੍ਰਾਹਮਣਾਂ ਕੇਰਾ ਕਿਉਂ ਹੁੰਦਾ ਉਸ ਵੇਲੇ। ਜੇ ਸਨ ਹੋਏ ਵਾਂਗ ਨਿਮਾਣਿਆਂ ਮਿਲੇ ਨ ਪੈਸੇ ਧੇਲੇ।।੨੪੩।। ਅੱਗ ਵਾਂਗ ਕਿਉਂ ਤਪਕੇ ਹੁੰਦੇ ਉਸ ਖੁਸ਼ੀ ਦੇ ਅੰਦਰ। ਅਰ ਗੁਰ ਕਯੋਂ ਨਾ ਯਾਦ ਰੱਖਦੇ ਆਕਰ ਆਪਨੇ ਮੰਦਰ।। ਫਿਰ ਕਿਉਂ ਘਰੋਂ ਰੁਵਾਕੇ ਕਢੇ ਜਿਨ ਦੇਵੀ ਪਰਗਟਾਈ। ਬੰਦ ਰੁਜ਼ੀਨਾ ਕਰਕੇ ਆਖਿਆ ਖਿਸਕੋ ਐਥੋਂ ਭਾਈ।।੨੪੪।। ਜੇ ਦੇਵੀ ਕੁਛ ਪਰਗਟ ਹੁੰਦੀ ਤਾਂ ਇਹ ਮਿਸਰ ਸਾਰੇ। ਫੁੱਲ-੨ ਕੇ ਅੱਗੇ ਬਹਿੰਦੇ ਤਿਲਕ ਸਜਾ ਕੇ ਭਾਰੇ।। ਗਿਣ ਗਿਣਕੇ ਓਹ ਲੈਂਦੇ ਮੁਹਿਰਾਂ ਸਿਰੇ ਪਾਉ ਵਡ ਚੰਗੇ । ਖਾਲਸ ਖਾਲੀ ਕਿਉਂ ਫਿਰ ਜਾਂਦੇ ਬਾਵੇਂ ਸੋ ਹਥ ਰੰਗੇ।।੨੪੫।। ਤਾਂ ਤੇ ਜੋ ਕੁਛ ਖਾਣਾ ਸਾ ਤਿਨ ਇਸ ਹੀਲੇ ਸੇ ਖਾਧਾ। ਓੜਕ ਨੂੰ ਫਿਰ ਤੁਰਨਾ ਹੀ ਸੀ ਪੁੱਛੇ ਬਾਝੋਂ ਪਾਧਾ।। ਪਿਛਲੀ ਕੀਤੀ ਮੌਜਾਂ ਨੂੰ ਉਹ ਯਾਦ ਕਰੇ ਕਰ ਭੌਂਦੇ। ਸੱਗੋਂ ਗਿਆ ਰੁਜ਼ੀਨਾਂ ਹੱਥੋਂ ਹੰਝੂ ਭਰ ਭਰ ਰੋਂਦੇ ।।੨੪੬।।

## ਦੋਹਿਰਾ

ਇਸ ਤੇ ਸਾਬਤ ਹੋ ਗਿਆ ਪ੍ਰਗਟ ਭਯਾ ਨਹਿ ਕੋਇ।
ਸਗੋਂ ਮਿਸਰ ਜੀ ਲੋਪ ਹੋ ਗਏ ਰੋਜ਼ੀਨਾ ਖੋਇ।।੨੪੭।।
ਜੇ ਕੁਛ ਪ੍ਰਗਟ ਹੋਵੰਦਾ ਉਸ ਵੇਲੇ ਵਿੱਚ ਆਇ।
ਤਾਂ ਬਿਨ ਪੁੱਛੀ ਪਾਵੰਦੀ ਸਿੱਖਾਂ ਗਲੀਂ ਬਲਾਇ।।੨੪੮।।
ਜਦ ਇਸ ਝੂਠੀ ਬਾਤ ਨੇ ਲੀਤੇ ਸਿੱਖ ਮਰੋੜ।
ਤਾਂ ਸੱਚੀ ਜੇ ਹੋਂਵਦੀ ਲੈਂਦੀ ਲਹੂ ਨਚੋੜ।।੨੪੯।।

# ਦੁਰਗਾ ਭਗਤ

## ਦੋਹਿਰਾ

ਗੁਰੂ ਗ੍ਰੰਥ ਦੇ ਵਾਕ ਸੁਨ ਫੇਰ ਚਰਤ ਸੁਨ ਕੁਝ।
ਦੇਵੀ ਪੂਜਨ ਨਹੀਂ ਦੀ ਸਮਝ ਪਈ ਹੈ ਮੁੱਝ।।੨੫੦।।
ਪਰ ਜਦ ਸਿਆਨੇ ਆਦਮੀ ਅਰ ਭਾਰੇ ਵਿਦ੍ਵਾਨ।
ਮੰਨ ਰਹੇ ਇਸ ਗੱਲ ਨੂੰ ਫਿਰ ਕਿਉਂ ਕਹਾਂ ਤੁਫਾਨ।।੨੫੧।।
ਏਹੋ ਜੇਹੇ ਖਯਾਲ ਜੋ ਉੱਠਨ ਮਨ ਦੇ ਮਾਂਹਿ।
ਸੋ ਦੇਵੀ ਦੇ ਪੂਜਨੋਂ ਹਟਨੇ ਦੇਂਦੇ ਨਾਂਹਿ।।੨੫੨।।
ਇਸ ਦਾ ਭੀ ਕੁਝ ਦੱਸ ਦੇ ਮੈਂ ਕਿਆ ਕਰਾਂ ਇਲਾਜ।
ਭਗਤਾਂ ਦੇ ਮਗ ਤਜ ਦਿਆਂ ਮਨ ਨੂੰ ਆਵੇ ਲਾਜ।।੨੫੩।।

# ਤੱਤ ਖਾਲਸਾ

## ਦੋਹਿਰਾ

ਬਦੋ ਬਦੀ ਦਾ ਛੱਡਨਾ ਚੰਗਾ ਨਾਹੀ ਮਿੱਤ।
ਤਦ ਹੀ ਛੱਡੀ ਦੇਖਕੇ ਜਦੋਂ ਪਤੀਜੇ ਚਿੱਤ।੨੫੪।।
ਹੁਣ ਮੈਂ ਦਿਆਂ ਗੁਵਾਹੀਆਂ ਚੰਗੇ ਪੁਰਖਾਂ ਕੇਰ।
ਤਿਨ ਕੋ ਸੁਨ ਕਰ ਰਿਦੇ ਮੈਂ ਸਮਝੀ ਬਹਿਕੇ ਫੇਰ।੨੫੫।।
ਸੌ ਸਿਆਣਿਆਂ ਦੀ ਇੱਕ ਮਤ ਕਮਲਿਆਂ ਆਪੋ ਆਪ।
ਮੂਰਖ ਆਖਿਆ ਮੰਨੀਏ ਸਿਰ ਪਰ ਚੜ੍ਹਦਾ ਪਾਪ।੨੫੬।।
ਹੁਨ ਮੈਂ ਦੱਸਾਂ ਤੁੱਧ ਨੂੰ ਜੋ ਭਾਈ ਗੁਰਦਾਸ।
ਮਹਾਂ ਪਵਿੱਤ੍ਰ ਪੁਰਖ ਨੇ ਦੇਵੀ ਕਰੀ ਨਰਾਸ।੨੫੭।।

## ਭਾਈ ਗੁਰਦਾਸ ਦੀ ਬਾਣੀ

ਭਾਈ ਗੁਰਦਾਸ ਦੀ ਬਾਣੀ ਨੂੰ ਖਾਲਸਾ ਪੰਥ ਦੇ ਪ੍ਰੇਮੀ ਗੁਰਬਾਣੀ ਤੇ ਦੂਜੇ ਦਰਜੇ ਪਰ ਜਾਨਦੇ ਹਨ ਅਰ ਸਾਥ ਹੀ ਇਹ ਭੀ ਆਖਦੇ ਹਨ ਕਿ ਗੁਰੂ ਦਾ ਹੁਕਮ ਹੈ ਜੋ ਭਾਈ ਗੁਰਦਾਸ ਦੀ ਬਾਣੀ ਸਿੱਖ ਸ਼ਰਧਾ ਨਾਲ ਪੜ੍ਹਨ, ਇਸ ਵਾਸਤੇ ਭਾਈ ਗੁਰਦਾਸ ਜੀ ਦੇ ਕਥਨਾਨੁਸਾਰ ਸਾਬਤ ਹੁੰਦਾ ਹੈ ਜੋ ਸਿੱਖਾਂ ਨੂੰ ਕੋਈ ਦੇਵੀ ਦੇਵਤਾ ਨਹੀਂ ਪੂਜਨਾਂ ਚਾਹੀਦਾ, ਅਰ ਜੋ ਪੂਜਦੇ ਹਨ ਸੋ ਸਿਦਕੀ ਸਿੱਖ ਨਹੀਂ ਹਨ।।

ਯਥਾ:- ਵਾਰ ੨੧ ਪਉੜੀ ੧੫

"ਤੀਰਥ ਲਖ ਕਰੋੜ ਪੁਰਬੀ ਨਾਵਣਾ। ਦੇਵੀ ਦੇਵ ਸਥਾਨ ਸੇਵ ਕਰਾਵਣਾ।।
ਜਪ ਤਪ ਸੰਜਮ ਲਖ ਸਾਧ ਸਿਧਾਵਣਾ। ਹੋਮ ਜਗ ਨਈ ਵੇਦ ਭੋਗ ਲਗਾਵਣਾ।।
ਵਰਤ ਨੇਮ ਲਖ ਦਾਨ ਕਰਮ ਕਮਾਵਣਾ। ਲਉ ਬਾਲੀ ਦਰਗਾਹ ਪਖੰਡ ਨ ਜਾਵਣਾ।।"

ਇਸ ਪਉੜੀ ਵਿੱਚ ਭਾਈ ਸਾਹਿਬ ਜੀ ਨੇ ਪ੍ਰਗਟ ਕਰ ਦਿਤਾ ਹੈ ਕਿ ਤੀਰਥਾਂ ਪਰ ਜਾਕੇ ਪੁਰਬੀ ਦੇ ਸਮਾਂ ਪਰ ਕਰੋੜਾਂ ਇਸ਼ਨਾਨ ਕਰਨੇ ਅਰ ਦੇਵੀ ਦੇਵਤਿਆਂ ਦੇ ਸਥਾਨਾਂ ਪਰ ਜਾਕੇ ਉਨ੍ਹਾਂ ਦੀ ਸੇਵਾ ਅਰਥਾਤ ਪੂਜਾ ਕਰਨੀ, ਹੋਰ ਜਪ ਤਪ ਸੰਜਮ ਆਦਿਕ ਦੇ ਕਰਨੇ ਉਸ ਅਕਾਲ ਪੁਰਖ ਦੀ ਦਰਗਾਹ ਵਿੱਚ ਅਜੇਹੇ ਪਖੰਡ ਕਰਨ ਵਾਲਾ ਠੌਰ ਨਹੀਂ ਪਾਉਂਦਾ।।

ਜਦ ਭਾਈ ਗੁਰਦਾਸ ਜੀ ਜੋ ਗੁਰੂ ਦੇ ਪੂਰੇ-੨ ਸਿੱਖ ਸਨ ਓਹ ਦੇਵੀ ਦੇ ਸਥਾਨ ਪਰ ਜਾਕੇ ਪੂਜਨੇ ਅਰ ਹਵਨ ਆਦਿਕ ਦੇ ਕਰਨ ਨੂੰ ਪਖੰਡ ਆਖਦੇ ਹਨ, ਤਦ ਖੁਦ ਗੁਰੂ ਜੀ ਮਹਾਰਾਜ ਕਦ ਇਸ ਪਖੰਡ ਨੂੰ ਨੈਨਾ ਦੇਵੀ ਜਾਕੇ ਕਰ ਸਕਦੇ ਸਨ, ਇਸ ਕੈਮੁੱਤਕ ਨਯਾਇ-ਦੁਵਾਰੇ ਸਾਬਤ ਹੁੰਦਾ ਹੈ ਕਿ ਜੋ ਸਿੱਖਾਂ ਦੇ ਇਹ ਨਿਸਚੇ ਸਨ ਜੋ ਦੇਵੀ ਦਾ ਪੂਜਨਾ ਪਖੰਡ ਜਾਨਦੇ ਸਨ, ਫਿਰ ਗੁਰੂ ਕਿਸ ਤਰ੍ਹਾਂ ਇਨ੍ਹਾਂ ਪਖੰਡਾਂ ਪਰ ਨਿਸਚਾ ਕਰਦੇ।।

## ਪੁਨ: ਕਬਿੱਤ ਭਾਈ ਗੁਰਦਾਸ

"ਜੈਸੇ ਪਤਿਬ੍ਰਤਾ ਪਰ ਪੁਰਖੈ ਨ ਦੇਖਿਓ ਚਾਹੈ ਪੂਰਨ ਪਤਿਬ੍ਰਤਾ ਕੈ ਪਤਿ ਹੀ ਕੋ

ਧਿਆਨ ਹੈ। ਸਰ ਸਰਿਤਾ ਸਮੁੰਦ੍ਰ ਚਾਤ੍ਰਿਕ ਨ ਚਾਹੈ ਕਾਹੂੰ ਆਸ ਘਨ ਬੰਦੂ ਪ੍ਰਿਅ ਪ੍ਰਿਅ ਗੁਨ ਗਾਨ ਹੈ। ਦਿਨ ਕਰ ਓਰ ਭੋਰ ਚਾਹਿਤ ਨਹੀਂ ਚਕੋਰ ਮਨ ਬਚ ਕਰਮ ਹਿਮਕਰ ਪ੍ਰਿਅ ਪ੍ਰਾਨ ਹੈ। ਤੈਸੇ ਗੁਰ ਸਿੱਖ ਆਨ ਦੇਵ ਸੇਵ ਰਹਿਤ ਪੈ ਸਹਿਜ ਸੁਭਾਵ ਨ ਅਵਗਯਾ ਅਭਮਾਨ ਹੈ।।੧।। ਦੋਇ ਦਰਪਨ ਦੇਖੈ ਏਕ ਸੋਂ ਅਨੇਕ ਰੂਪ ਦੋਇ ਨਾਵ ਪਾਵ ਧਰੈ ਪਹੁੰਚੇ ਨਾ ਪਾਰ ਹੈ।। ਦੋਇ ਦਿਸਾ ਗਹੇ ਗਹਿ ਜੈਸੇ ਪਬ ਪਾਉਂ ਟੂਟੈ ਦੂਰੇ ਦੁਰਾਚਿਤ ਹੋਇ ਭੂਲ ਪਗ ਧਾਰਹੈ। ਦੋਇ ਭੂਪ ਤਾਂਕੋ ਗਾਉ ਪਰਜਾ ਨ ਸੁਖੀ ਹੋਇ ਦੋਇ ਪੁਰਖਨ ਕੀਨ ਕੁਲਾ ਬਧੂ ਨਾਰਹੈ।। ਗੁਰਸਿੱਖ ਹੋਇ ਆਨ ਦੇਵ ਸੇਵ ਟੇਵ ਗਹੈ ਸਹੈ ਜਮ ਡੰਡ ਧ੍ਰਿਗ ਜੀਵਨ ਸੰਸਾਰ ਹੈ।।੨।। ਲੋਗ ਬੇਦ ਗਿਆਨ ਉਪਦੇਸ ਹੈ ਪਤਿਬ੍ਰਤਾ ਕੋ ਮਨ ਬਚ ਕ੍ਰਮ ਸ੍ਵਾਮੀ ਸੇਵਾ ਅਧਿਕਾਰ ਹੈ। ਨਾਮ ਇਸ਼ਨਾਨ ਦਾਨ ਸੰਜਮਨ ਜਾਪ ਤਾਪ ਤੀਰਥ ਬਹੁਤ ਪੂਜਾ ਨੇਮ ਨਤਕਾਰ ਹੈ।। ਹੋਮ ਜਗ ਭੋਗ ਨਈ ਵੇਦ ਨਹੀਂ ਦੇਵੀ ਦੇਵ ਰਾਗ ਨਾਦ ਬਾਦ ਨ ਸੰਬਾਦ ਆਨ ਦ੍ਵਾਰ ਹੈ।। ਤੈਸੇ ਗੁਰ ਸਿੱਖਨ ਮੇਂ ਏਕ ਟੇਕ ਹੀ ਪਰਧਾਨ ਆਨ ਗਿਆਨ ਧਿਆਨ ਸਿਮਰਨ ਬਿਭਚਾਰ ਹੈ।।੩।।"

ਇਨ੍ਹਾਂ ਕਬਿੱਤਾਂ ਦੁਆਰੇ ਭਾਈ ਸਾਹਿਬ ਨੇ ਅੱਛੀ ਤਰ੍ਹਾਂ ਦ੍ਰਿਸਟਾਂਤਾਂ ਨਾਲ ਪਰਗਟ ਕਰ ਦਿੱਤਾ ਹੈ ਕਿ ਜੋ ਗੁਰੂ ਦਾ ਸਿੱਖ ਹੋਕੇ ਕਿਸੇ ਦੇਵੀ ਦੇਵਤੇ ਦਾ ਅਰਾਧਨ ਯਾ ਪੂਜਾ ਕਰੇਗਾ ਸੋ ਤ੍ਰਿਸਕਾਰ ਦੇ ਜੋਗ ਹੋਵੇਗਾ ਅਰ ਜਮ ਦਾ ਦੰਡ ਸਿਰ ਪਰ ਸਹਾਰੇਗਾ। ਇਸ ਵਾਸਤੇ ਗੁਰੂ ਜੀ ਦੇ ਸਿੱਖਾਂ ਨੂੰ ਬਿਨ੍ਹਾਂ ਗੁਰੂ ਤੇ ਕਿਸੇ ਹੋਰ ਦਾ ਮੰਨਣਾ ਯਾ ਪੂਜਨ ਕਰਨਾ ਨਹੀਂ ਚਾਹੀਦਾ।।

### ਦੋਹਿਰਾ

ਇਹ ਭਾਈ ਗੁਰਦਾਸ ਦੇ ਦਿੱਤੇ ਮੈਂ ਪਰਮਾਣ।
ਜੇਕਰ ਮੰਨੇ ਇਨ੍ਹਾਂ ਨੂੰ ਕਿਉਂ ਨਾ ਬਨੇ ਸੁਜਾਣ।।੨੫੮।।

## ਪੀਪੇ ਭਗਤ ਦੀ ਸਾਖੀ

### ਦੋਹਿਰਾ

ਹੁਣ ਪੀਪੇ ਦੀ ਕਥਾ ਦਾ ਸੁਣ ਲੈ ਥੋੜਾ ਹਾਲ।
ਜਿਸ ਦੇਵੀ ਦੇ ਪੂਜਨੋਂ ਗੰਢੇ ਦਿੱਤੇ ਗਾਲ।।੨੫੯।।

### ਚੌਪਈ

ਪੀਪਾ ਜੀ ਸਾ ਰਾਜਾ ਭਾਰਾ। ਦੁਰਗਾ ਦਾ ਸਾ ਭਗਤ ਵਿਚਾਰਾ। ਪੂਜਾ ਉਸ ਦੀ ਸਾ ਨਿਤ ਕਰਦਾ। ਸਿੰਘ ਬਾਹਨੀ ਕਹ ਕਹ ਡਰਦਾ। ਦੇਵੀਂ ਬਿਨ੍ਹਾਂ ਨ ਮੰਨੇ ਹੋਰ। ਆਖੇ ਬਿਨ ਦੇਵੀ ਸਭ ਚੋਰ। ਹੋਰ ਕਿਸੇ ਦੀ ਗੱਲ ਨ ਭਾਵੈ। ਸਦਾ ਨਾਮ ਦੇਵੀ ਦਾ ਧਿਆਵੈ। ਜਦ ਉਸ ਦੇ ਫਿਰ ਜਾਗੇ ਭਾਗ। ਲਗੀ ਧਰਮ ਦੀ ਆਕੇ ਲਾਗ। ਤਾਂ ਇਕ ਸਮਾਂ ਅਜੇਹਾ ਆਇਆ। ਜਿਨ ਦੇਵੀ ਤੇ ਉਸੇ ਹਟਾਇਆ। ਕੁਛਕ ਸੰਤ ਗਿਆਨੀ ਤਹਿ ਆਏ। ਬਾਗ ਵਿਖੇ ਜਿਨ ਡੇਰੇ ਲਾਏ। ਜਿਨ ਕੀ ਸੁਨ ਉਪਮਾਂ ਅਤਿ ਨੀਕੀ। ਬਿਸਰੀ ਸ਼ੁੱਧ ਪੀਪੇ ਕੇ ਜੀਕੀ। ਗਯਾ ਪਾਸ ਤਿਨਕੇ ਕਰ ਸ਼ਰਧਾ। ਰੰਚਕ ਰੱਖੀ ਨਾਹਿ ਸਪਰਧਾ। ਜਦ ਸਾਧਾਂ ਨੇ ਰਾਜ ਨਿਹਾਰਾ। ਵੱਡਾ

ਪ੍ਰੇਮੀ ਸਿਦਕੀ ਭਾਰਾ। ਤਬ ਪੂਛੀ ਬਿਰਥਾ ਸੁਨ ਗਈ। ਕਿਸ ਦੀ ਸੇਵਾ ਕਰਹੋ ਭਾਈ। ਤਬ ਤਿਨ ਕਹੀ ਚੰਡਕਾ ਧਿਆਵੋਂ। ਤਿਸ ਤੇ ਮਨ ਇੱਛੇ ਫਲ ਪਾਵੋਂ। ਤਿਸ ਤੇ ਬਿਨਾਂ ਹੋਰ ਨਹਿ ਭਾਵੈ। ਤਿਸ ਸੇਵਾ ਮਹਿ ਮਨ ਸੁਖ ਪਾਵੈ।।੨੯੦।।

### ਦੋਹਿਰਾ

ਸੁਨ ਪੀਪੇ ਦੇ ਬਚਨ ਨੂੰ ਹਸੇ ਸਾਧ ਮਤਿ ਮਾਨ।
ਕਹੀ ਭੂਪ ਤੂੰ ਗਿਰ ਰਹਾ ਵਡੇ ਕੂਪ ਅਗਿਆਨ।।੨੯੧।।

### ਚੌਪਈ

ਕੌਨ ਅਹੇ ਦੇਵੀ ਸੁਨ ਰਾਜਾ। ਜਿਸ ਕੀ ਓਰ ਜਾਤ ਹੈਂ ਭਾਜਾ।
ਯਹ ਤੋ ਮੂਰਖ ਜਨ ਕੀ ਰੀਤੀ। ਜੋ ਤੈਂ ਕਰੀ ਲਾਜ ਤਜ ਜੀਕੀ।
ਹੈ ਅੱਗਯਾਨੀ ਮਨ ਪਰਚਾਵਾ। ਇਸ ਕੇ ਜਪੇ ਸਿੱਧ ਕਤ ਪਾਵਾ?
ਨਹੀਂ ਮੁਕਤ ਕੋ ਮਾਰਗ ਏਹ। ਇਸ ਮਹਿ ਭੂਲ ਨਹੀਂ ਮਨ ਦੇਹ।
ਹੈ ਸਤਸੰਗ ਮੁਕਤ ਕਾ ਮਾਰਗ। ਪਰਤ ਪਾਰ ਜੋ ਤਹਿ ਮਨ ਧਾਰਗ।
ਤਾਂ ਤੇ ਤੈਂ ਯਹ ਕਯਾ ਕਰ ਲੀਆ। ਬਿਰਥਾ ਸਮਾਂ ਹਾਥ ਸੇ ਦੀਆ।
ਅਰ ਅਨਗਿਨਤਾ ਦਰਬ ਲੁਟਾਇਆ। ਜੋ ਕਾਹੂੰ ਸ਼ੁਭ ਕਾਮ ਨ ਆਇਆ।
ਮਹਾਂ ਅਵਿੱਦਯਾ ਪੂਜਨ ਲਾਗਾ। ਕੋੜ੍ਹੇ ਸਮ ਜਗ ਅਹੇ ਅਭਾਗਾ।
ਜਬ ਸਾਧਨ ਐਸਾ ਉਪਦੇਸ਼। ਕਰਾ ਸੁਨਤ ਹੀ ਤੁਰਤ ਨਰੇਸ।
ਭਯੋ ਗਿਆਨ ਮਹਿ ਨੀਕੇ ਲੀਨ। ਤਜ ਦੇਵੀ ਹੋਇਓ ਨਿਰਦੀਨ।
ਜੋ ਤਿਸ ਕੀ ਤਬ ਹੀ ਗਤ ਭਈ। ਜਬ ਸਿੱਖਯਾ ਸਾਧਨ ਤੇ ਲਈ।
ਸੋ ਭਗਤਨ ਕੀ ਪਰਚੀ ਮਾਂਹਿ। ਪੜ੍ਹ ਕਰ ਦੇਖਹੁ ਸੰਸੇ ਨਾਂਹਿ।
ਜਿਸ ਕਾ ਕੁਛ ਸੰਖੇਪ ਬਤਾਉਂ। ਤੁਮਰੇ ਮਨ ਕੋ ਭਰਮ ਗੁਵਾਉਂ।।੨੯੨।।ਯਥਾ:

## ਪਰਚੀ ਭਗਤਾਂ ਪੀਪਾ ਭਗਤ ਦੀ ਕਥਾ

### ਚੌਪਈ

"ਮੀਏਂ ਮਹਿਤੇ ਔਰ ਸਿਆਨੇ। ਰਾਜੇ ਦੇਖ ਹੋ ਰਹੇ ਹੈਰਾਨੇ।
ਸਾਧੋਂ ਕੋ ਬੋਲਾਇ ਲਿਆਏ। ਰਾਜਾ ਪਾਸ ਸੁ ਆਨ ਬਿਠਾਏ।
ਰਾਜਾ ਚਰਨ ਪਕਰ ਤਿਨ ਰਹਾ। ਗਦ ਗਦ ਹੋਇ ਬਚਨ ਇਉਂ ਕਹਾ।
ਮੈਂ ਉਨ ਰਾਂਡ ਨੇ ਠਗਿਓ ਜਾਈ। ਅਬ ਲਉ ਬਿਰਥੀ ਅਉਧ ਗੁਵਾਈ।
ਮੈਂ ਮੂਰਖ ਜਨਮ ਅਮੋਲਕ ਹਾਰਾ, ਗਈ ਅਉਧ ਕੋ ਦੇਵਨ ਹਾਰਾ।।੯।।

### ਦੋਹਿਰਾ

"ਇਨ ਸਰਪਨ ਮੈਂ ਖਾਇਆ ਸਭ ਅੰਗ ਬਿਖ ਗਈ ਧਾਇ।
ਗਾਰੜ ਤੁਮ ਹਰਿ ਸਾਧ ਹੋ ਮੈਂ ਤੁਮਰੀ ਸਰਨਾਇ।।੧੦।।"

ਭਾਵ: ਜਦ ਪੀਪੇ ਭਗਤ ਨੇ ਸਾਧਾਂ ਦੇ ਬਚਨਾਂ ਨੂੰ ਘਰ ਆਕੇ ਵਿਚਾਰਿਆ ਅਰ ਸੱਚੇ ਪਾਏ ਤਦ ਓਸੇ ਵੇਲੇ ਸੰਤਾਂ ਨੂੰ ਅਪਨੇ ਘਰ ਬੁਲਾਇਆ ਅਰ ਅਪਨੀ ਉਸ ਉਮਰਾ ਗਈ ਦਾ

ਜੋ ਦੇਵੀ ਪੂਜਨ ਕਰਦਿਆਂ ਬੀਤੀ ਸੀ ਪਸਚਾਤਾਪ ਕੀਤਾ ਅਰ ਆਖਿਆ ਕਿ ਹੇ ਮਹਾਰਾਜ ਇਸ ਰੰਡੀ ਨੇ ਮੈਨੂੰ ਠੱਗ ਲੀਤਾ ਹੈ ਅਰ ਇਸ ਵਾਸਤੇ ਤੁਸੀਂ ਸੰਤ ਇਸ ਵਿਖ ਦੇ ਉਤਾਰਨੇ ਲਈ ਇੱਕ ਪ੍ਰਕਾਰ ਦੇ ਗਾਰੜੂ ਹੋ ਜਿਸ ਤੇ ਇਸ ਥੋਂ ਛੁਡਾਓ, ਪੀਪੇ ਦੇ ਇਨ੍ਹਾਂ ਦੀਨਤਾ ਵਾਲੇ ਬਚਨਾਂ ਨੂੰ ਸੁਨਕੇ ਸਾਧਾਂ ਨੇ ਤੱਤ ਗਿਆਨ ਦਾ ਉਪਦੇਸ਼ ਕੀਤਾ ਅਤੇ ਦੇਵੀ ਦਾ ਭਰਮ ਦੂਰ ਕਰ ਦਿੱਤਾ ਜਿਸ ਤੇ ਰਾਜਾ ਨੂੰ ਗਿਆਨ ਦੀ ਪ੍ਰਾਪਤੀ ਹੋ ਗਈ॥

### ਦੋਹਿਰਾ

ਇਸ ਰਾਜਾ ਦੀ ਕਥਾ ਪਰ ਤੋਂ ਕਰਿਆ ਕੁਛ ਖਿਆਲ।
ਕੈਸਾ ਸੁਖ ਤਿਨ ਪਾਇਆ ਦੇਵੀ ਛੱਡ ਜੰਜਾਲ।।੨੯੩॥

## ਦੁਰਗਾ ਭਗਤ

### ਦੋਹਿਰਾ

ਜੇ ਦੁਰਗਾ ਦੇ ਪੂਜਿਆਂ ਐਵੇਂ ਜਾਂਦਾ ਕਾਲ।
ਮੁੜਕੇ ਹੱਥ ਨ ਆਵੰਦੀ ਗਈ ਉਮਰ ਲਖ ਭਾਲ।।੨੯੪॥
ਤਦ ਦਸਵੇਂ ਗੁਰ ਕਿਉਂ ਕਰੇ ਢਾਈ ਸਾਲ ਖਰਾਬ।
ਦੇਵੀ ਪੂਜਨ ਵਿੱਚ ਸਨ ਉੱਤਰ ਦੇਹ ਸ਼ਿਤਾਬ।।੨੯੫॥

ਭਾਵ:- ਜੇ ਪੀਪੇ ਭਗਤ ਦੇ ਕਥਨਾਂ ਅਨੁਸਾਰ ਦੇਵੀ ਦੇ ਪੂਜਨੇ ਵਾਲੇ ਸਮਯ ਦੀ ਉਮਰਾ ਬ੍ਰਿਥਾ ਜਾਂਦੀ ਹੈ ਤਾਂ ਦਸਮ ਗੁਰੂ ਜੀ ਤਾਂ ਇਸ ਭਗਤ ਦੀ ਤਰ੍ਹਾਂ ਅਗਿਆਨੀ ਨਹੀਂ ਸਨ। ਫਿਰ ਉਨ੍ਹਾਂ ਨੇ ਕਿਉਂ ਢਾਈ ਸਾਲ ਤਕ ਹਵਨ ਕਰਨ ਵਿੱਚ ਸਮਾਂ ਬਿਤਾਇਆ ਸੀ ਅਰ ਬਿਅਰਥ ਕੰਮ ਕਰਨ ਤੇ ਕਯਾ ਲਾਭ ਸੀ। ਤਾਂ ਤੇ ਕੁਛ ਨ ਕੁਛ ਤਾਂ ਫਲ ਹੋਵੇਗਾ ਹੀ ਨਹੀਂ ਐਸੇ ਧਰਮ ਅਵਤਾਰ ਅਪਨੇ ਜੀਵਨ ਦਾ ਪਵਿੱਤ੍ਰ ਸਮਾਂ ਐਵੇਂ ਕਦ ਖੋਂਦੇ ਸਨ?

## ਤੱਤ ਖਾਲਸਾ

### ਦੋਹਿਰਾ

ਸ਼ੰਕਾ ਤੇਰੀ ਸੱਤ ਹੈ ਪਰ ਜਦ ਕਰੇਂ ਵਿਚਾਰ।
ਤਦ ਗੁਰ ਜੀ ਨੇ ਨਹਿ ਕਾ ਉੱਤਮ ਸਮਾਂ ਬਿਕਾਰ।।੨੯੬॥

ਭਾਵ:- ਇਹ ਸ਼ੰਕਾ ਭਾਵੇਂ ਸੱਤ ਪ੍ਰਤੀਤ ਹੁੰਦੀ ਹੈ ਪਰੰਤੂ ਗੁਰੂ ਜੀ ਮਹਾਰਾਜ ਦੇ ਜੀਵਨ ਬਿਰਤਾਂਤ ਨੂੰ ਪੜ੍ਹੀਦਾ ਹੈ ਤਾਂ ਸਾਫ ਪਰਤੀਤ ਹੋ ਜਾਂਦਾ ਹੈ ਜੋ ਗੁਰੂ ਜੀ ਮਹਾਰਾਜ ਨੇ ਆਪਣਾ ਸਮਯ ਇਸ ਦੁਰਗਾ ਦੇ ਝਬੇਲੇ ਵਿੱਚ ਵਿਅਰਥ ਨਹੀਂ ਖੋਇਆ ਸੀ ਕਿੰਤੂ ਗੁਰੂ ਜੀ ਉਨ੍ਹਾਂ ਦਿਨਾਂ ਵਿੱਚ ਪੁਰਾਣਾਂ ਦੀ ਕਥਾ ਚਰਿੱਤ੍ਰਾਂ ਦੀ ਰਚਨਾ ਕਰ ਰਹੇ ਸਨ, ਜਿਸ ਤੇ ਉਨ੍ਹਾਂ ਦਾ ਪੂਜਨ ਯਾ ਹਵਨ ਵਿੱਚ ਕੋਈ ਭੀ ਖਯਾਲ ਨਹੀਂ ਸਾ, ਕੇਵਲ ਪੰਡਤ ਲੋਗ ਹੀ ਅਪਨੇ ਪੇਟ ਪਾਲਨੇ ਅਰ ਪਖੰਡ ਨੂੰ ਸਚ ਕਰਕੇ ਦਖਾਉਣ ਵਾਸਤੇ ਯਤਨ ਕਰ ਰਹੇ ਸਨ, ਪਰੰਤੂ ਗੁਰੂ ਜੀ ਕਦੇ-੨ ਸ਼ਕਾਰ ਯਾ ਸੈਰ ਨੂੰ ਗਏ ਹੋਏ ਉਨ੍ਹਾਂ ਦੀ ਲੀਲਾਂ ਦੇਖ ਆਉਂਦੇ ਸਨ ਅਰ ਇਤਨਾ ਪੁਛ ਛੱਡਦੇ ਸਨ ਕਿ "ਕਿਉਂ ਬ੍ਰਾਹਮਣ ਜੀ ਦੇਵੀ ਪ੍ਰਗਟ ਕਯੋਂ ਨਾ ਹੋਈ।" ਇਸ

ਦੇ ਸਬੂਤ ਗੁਰ ਬਿਲਾਸ ਵਿੱਚੋਂ ਭੀ ਮਿਲਦੇ ਹਨ। ਜੋ ਅਸੀਂ ਪਹਲੇ ਲਿਖ ਆਏ ਹੈ।

ਪ੍ਰੰਤੂ ਜਦ ਉਸ ਸਾਲ ਦੇ ਗੁਰੂ ਜੀ ਮਹਾਰਾਜ ਦੀ ਕਲਮੋਂ ਹੋਏ ਕੰਮ ਸਾਡੇ ਪਾਸ ਪੂਰੀ ਗਵਾਹੀ ਹਨ ਤਦ ਹੋਰ ਦੀ ਕੋਈ ਲੋੜ ਨਹੀਂ ਹੈ, ਪਹਲੇ ਸੰਬਤ ੧੭੫੩ ਬਿਕ੍ਰਮੀ ਵਿੱਚ ਗੁਰੂ ਜੀ ਨੇ ਸੌ ਚਾਰ ਚਰਿੱਤ੍ਰਾਂ ਦੇ ਪੁਸਤਕ ਨੂੰ ਰਚਿਆ ਸਾ ਜੋ ਇਕ ਵੱਡਾ ਪੁਸਤਕ ਵੱਡੀ ਕਾਬਯ ਰਚਨਾਂ ਨਾਲ ਭਰੀਆ ਹੋਇਆ ਹੈ, ਅਰ ਉਸ ਦੇ ਪੂਰਾ ਹੋਨ ਦੀ ਤਾਰੀਖ ਭੀ ਗੁਰੂ ਜੀ ਨੇ ਆਪ ਦਿੱਤੀ ਹੈ।। ਯਥਾ:

## ਚੌਪਈ

"ਸੰਮਤ ਸਤ੍ਰਹ ਸਹਸ ਭਣਿਜੈ। ਅਰਧ ਸਹਸ ਪੁਨ ਤੀਨ ਕਹਿਜੈ।।
ਭਾਦ੍ਰਵ ਸ਼ੁਦੀ ਅਸ਼ਟਮੀ ਰਵਿ ਵਾਰਾ। ਤੀਰ ਸਤੁੱਦਰ ਗ੍ਰੰਥ ਸੁਧਾਰਾ।।"

ਇਸ ਸੰਮਤ ਤੇ ਸਾਫ ਸਿੱਧ ਹੁੰਦਾ ਹੈ ਕਿ ਗੁਰ ਬਿਲਾਸਾਂ ਦੇ ਕਥਨਾ ਅਨੁਸਾਰ ਤਦ ਹਵਨ ਦਾ ਆਰੰਭ ਹੋ ਗਿਆ ਸੀ ਪਰੰਤੂ ਗੁਰੂ ਜੀ ਉਸ ਸਮਯ ਇਸ ਪੁਸਤਕ ਨੂੰ ਬਨਾ ਰਹੇ ਸਨ।। ਇਸ ਤੇ ਅੱਗੇ ਜੋ ਲੋਗ ਦੇਵੀ ਦੇ ਪ੍ਰਗਟ ਹੋਨੇ ਅਰ ਹਵਨ ਕਰਨ ਦਾ ਸੰਮਤ ਕਥਨ ਕਰਦੇ ਹਨ ਉਸ ਸਮਯ ਗੁਰੂ ਜੀ ਰਾਮਾਂ ਅਵਤਾਰ ਨੂੰ ਰਚਦੇ ਸਨ ਜਿਸ ਤੇ ਉਸ ਦੇ ਪੂਰਾ ਹੋਨ ਦੀ ਤਾਰੀਖ ਭੀ ਗੁਰੂ ਜੀ ਮਹਾਰਾਜ ਇਸ ਪ੍ਰਕਾਰ ਕਥਨ ਕਰਦੇ ਹਨ।। ਯਥਾ:

## ਚੌਪਈ

"ਸੰਮਤ ਸਤਰਾ ਸਹਸ ਪਚਾਵਨ। ਹਾੜ ਵਦੀ ਪ੍ਰਿਥ ਮੈਂ ਸੁਖ ਦਾਵਨ।
ਤਵ ਪਰਸਾਦਿ ਕਰ ਗ੍ਰੰਥ ਸੁਧਾਰਾ। ਭੁਲ ਪਰੀ ਲਹੁ ਲੰਹੁ ਸੁਧਾਰਾ।।

## ਦੋਹਿਰਾ

ਨੇਤ੍ਰ ਤੁੰਗ ਕੇ ਚਰਨ ਤਰ ਸਤ ਦਰਵ ਪੀਰ ਤਰੰਗ।
ਸ੍ਰੀ ਭਗਵਤ ਪੂਰਨ ਕੀਯੋ ਰਘਬਰ ਕਥਾ ਪ੍ਰਸੰਗਾ"।।

ਇਸ ਤਾਰੀਖ ਤੇ ਸਾਬਤ ਹੁੰਦਾ ਹੈ ਕਿ ਉਨ੍ਹਾਂ ਦਿਨਾਂ ਵਿੱਚ ਜੋ ਦੇਵੀ ਪੂਜਨ ਅਤੇ ਪ੍ਰਗਟਨ ਦੇ ਹਨ, ਗੁਰੂ ਜੀ ਮਹਾਰਾਜ ਨੇ ਰਾਮ ਚੰਦਰ ਦੇ ਰਮਾਇਣ ਦਾ ਤਰਜ਼ੁਮਾਂ ਕੀਤਾ ਸਾ, ਜਿਸ ਤੇ ਉਨ੍ਹਾਂ ਨੇ ਖ਼ੁਦ ਲਿਖਯਾ ਹੈ ਕਿ "ਨੇਤ੍ਰ ਤੁੰਗ" ਨਾਮੇ ਜੋ ਉਹ ਪਹਾੜੀ ਜਿਹੜੀ ਆਨੰਦ ਪੁਰ ਸਾਹਿਬ ਦੇ ਉੱਤੇ ਹੈ ਉਹ ਇੱਕ ਉੱਚੀ ਚੋਟੀ ਵਾਲੀ ਹੈ, ਜਿਸ ਨੂੰ ਪਹਾੜ ਦੀ ਅੱਖ ਕਹਿੰਦੇ ਹਨ, ਇਸੇ ਵਾਸਤੇ ਉਸ ਦਾ ਨਾਉਂ "ਨੇਤ੍ਰ ਤੁੰਗ" ਅਰਥਾਤ ਉੱਚੀ ਪਹਾੜੀ ਦੀ ਅੱਖ ਸੱਦਯਾ ਜਾਂਦਾ ਹੈ ਉਸ ਜਗ੍ਹਾਂ ਪਰ ਮੂਰਤੀ ਪੂਜਕਾਂ ਦੇ ਇੱਕ ਦੇਵੀ ਦਾ ਮੰਦ੍ਰ ਬਨਾਉਨ ਕਰਕੇ ਨੈਨਾ ਦੇਵੀ ਨਾਮ ਰੱਖਯਾ ਹੈ, ਅਰਥਾਤ ਪਹਾੜ ਦੇ ਨੇਤ੍ਰ ਉੱਤੇ ਦੇਵੀ ਦਾ ਮਕਾਨ ਹੈ।।

ਫਿਰ ਉਸ ਗ੍ਰੰਥ ਦੇ ਪੂਰਾ ਕਰਨ ਅਰ ਰਚਨ ਦਾ ਪਤਾ ਸਤਲੁਜ ਦਰਯਾ ਦਾ ਕਿਨਾਰਾ ਭੀ ਦਿੱਤਾ ਹੈ। ਜਿਸ ਤੇ ਪੂਰੇ ੨ ਪਤੇ ਨਾਲ ਕਈ ਹਜ਼ਾਰਾਂ ਸਾਲਾਂ ਮਗਰੋਂ ਭੀ ਮਾਲੂਮ ਹੋ ਜਾਂਇ ਕਿ ਇਹ ਸਥਾਨ ਹੈ ਜਿਸ ਜਗ੍ਹਾਂ ਪਰ ਗੁਰੂ ਜੀ ਨੇ ਇਸ ਗ੍ਰੰਥ ਦੀ ਰਚਨਾ ਕੀਤਾ ਸੀ, ਇਸ ਤੇ ਸਾਫ ਸਾਬਤ ਹੁੰਦਾ ਹੈ ਕਿ ਗੁਰੂ ਜੀ ਉਨ੍ਹਾਂ ਦਿਨਾਂ ਵਿੱਚ ਅਪਨਾ

ਅਮੋਲਕ ਸਮਯ ਇਸ ਤਰ੍ਹਾਂ ਨਾਲ ਬਿਤਾਉਂਦੇ ਸੇ ਹੋਰ ਦੇਵੀ ਪੂਜਨ ਜੈਸੇ ਥੋਥੇ ਕਾਰਜਾਂ ਪਰ ਨਹੀਂ ਖੋਂਦੇ ਸਨ॥

ਇਸ ਤੇ ਬਿਨਾਂ ਜੋ ਗੁਰੂ ਜੀ ਮਹਾਰਾਜ ਨੇ ਆਪ ਬੈਠਕੇ ਹਵਨ ਕਰਾਉਣ ਵਿੱਚ ਸਮਾਂ ਲਗਾਇਆ ਸਾ ਸੋ ਭੀ ਉਨ੍ਹਾਂ ਨੇ ਉਸ ਅਕਾਲ ਪੁਰਖ ਦੀ ਆਗਿਆ ਨੂੰ ਪੂਰਾ ਕਰਨ ਲਈ ਲਾਇਆ ਸਾ ਜੋ "ਜਾਇ ਤਾਰ ਤੈ ਧਰਮ ਚਲਾਇ। ਕੁਬੁਧ ਕਰਮ ਤੇ ਲੋਗ ਹਟਾਇ"॥ ਸੋ ਅਕਾਲ ਪੁਰਖ ਤੇ ਛੁੱਟੇ ਕਿਸੇ ਹੋਰ ਦਾ ਪੂਜਨ ਕੁਬੁਧਿ ਸੀ ਜਿਸ ਨੂੰ ਲੋਕਾਂ ਸਾਮ੍ਹਨੇਂ ਪ੍ਰਗਟ ਕਰਕੇ ਇਸ ਕੁਕਰਮ ਨੂੰ ਦੂਰ ਕੀਤਾ ਇਸ ਵਾਸਤੇ ਇਹ ਭੀ ਸਮਾਂ ਉਨ੍ਹਾਂ ਦੇ ਪੁਰਖਾਰਥ ਦਾ ਇੱਕ ਹਿੱਸਾ ਸਾ ਜਿਸ ਤੇ ਸਫਲਾ ਸੀ॥

**ਦੋਹਿਰਾ**

ਇਸ ਸ਼ੰਕਾ ਦਾ ਰਿਹਾ ਨਾ ਰੰਚਕ ਮਾਤ੍ਰ ਲੇਸ਼।
ਜਾਂ ਤੇ ਗੁਰ ਨਹਿ ਬੰਧ ਥੇ ਜਾਨਤ ਜਿਸੇ ਕਲੇਸ਼।੨੬੭॥

## ਸਾਧੂ ਸੰਤਾਂ ਦੇ ਨਿਸਚੇ ਸੁੰਦਰ ਦਾਸ

**ਦੋਹਿਰਾ**

ਅੱਗੇ ਸੁਨ ਲੈ ਸਾਧ ਜੋ ਆਖਨ ਦੇਵੀ ਹੇਤ।
ਇਸ ਦਾ ਭੀ ਨਾ ਰੱਖ ਸਾਂ ਤੈਨੂੰ ਗੁੱਝਾ ਭੇਤ।੨੬੮॥

**ਚੌਪਈ**

ਦਾਦੂ ਰਾਮ ਸਾਧ ਜੋ ਪੂਰਾ। ਸ਼ੁਭ ਗੁਣ ਤੇ ਸਾ ਨਹੀਂ ਅਧੂਰਾ॥
ਜਿਸ ਦੀ ਕਥਾ ਕਹਨ ਸਭ ਐਸੇ। ਗੁਰ ਬਿਲਾਸ ਲਿਖਦੇ ਹਨ ਜੈਸੇ॥
ਉਸ ਦੀ ਬਨੀ ਸਮਾਧੀ ਜੋਈ। ਦਸਮ ਗੁਰੂ ਜਬ ਨਿਰਖੀ ਸੋਈ॥
ਤੀਰ ਸਾਥ ਤਿਸ ਸੀਸ ਨਿਵਾਯਾ। ਜਿਸ ਪਰ ਸਿੱਖਾਂ ਬੁਰਾ ਮਨਾਯਾ॥
ਲਗੇ ਕਹਨ ਗੁਰ ਜੀ ਮਹਾਰਾਜਾ। ਯਹ ਤੋ ਕੀਨਾ ਕਾਮ ਅਕਾਜਾ॥
ਤਾਂ ਤੇ ਹੈ ਤਨਖਾਹ ਲਗਾਨੀ। ਹਸੇ ਗੁਰੂ ਸੁਨ ਸਿੱਖਨ ਬਾਨੀ॥
ਕਹੀ ਖਾਲਸਾ ਜੋ ਯਹ ਭਾਯੋ। ਸੋ ਹਮ ਨੇ ਤੁਮ ਕੋ ਅਜ਼ਮਾਯੋ॥
ਪਰ ਹੈ ਮੜੀਅਨ ਸੀਸ ਝੁਕਾਨਾ। ਧਰਮ ਵਿਰੁੱਧ ਠੀਕ ਹਮ ਜਾਨਾ॥
ਤਾਂ ਤੇ ਤੁਮ ਤਨਖਾਹ ਲਗਾਓ। ਅਪਨਾ ਨਿਸਚਾ ਨਾਹਿ ਭੁਲਾਓ॥
ਸਵਾ ਪਾਂਚ ਸੈ ਤਬੀ ਰੁਪਈਆ। ਦਿਆ ਗੁਰੂ ਤਨਖਾ ਬਖਸ਼ਈਆ॥
ਉਸ ਦਾਦੂ ਦਾ ਚੇਲਾ ਭਾਰਾ। ਸੁੰਦਰ ਨਾਮ ਕਹਤ ਜਗ ਸਾਰਾ॥
ਜਿਸ ਨੇ ਸੁੰਦਰ ਗ੍ਰੰਥ ਬਨਾਯਾ। ਗਯਾਨ ਜੋਗ ਜਿਸ ਮਾਂਹਿ ਦਿੜ੍ਹਾਯਾ॥
ਤਿਸ ਸੁੰਦ੍ਰ ਸਾਧੂ ਨੇ ਭਾਈ। ਦੇਵੀ ਦੀ ਹੈ ਅਲਖ ਚੁਕਾਈ॥
ਕਹੀ ਨ ਦੇਵੀ ਵਸਤੂ ਕੋਈ। ਜੋ ਲੋਗਾਂ ਮਹਿ ਪ੍ਰਗਟ ਹੋਈ॥
ਸੋ ਮੈਂ ਦੱਸਦਾ ਹਾਂ ਪ੍ਰਮਾਣ। ਜਿਸ ਤੇ ਲੇਵਹਿ ਤੱਤ ਪਛਾਣ।੨੬੯॥

## ਯਥਾ: ਸੁੰਦ੍ਰ ਦਾਸ, ਕਬਿੱਤ

"ਆਪਨੇ ਹੀ ਭਾਵ ਸੋ ਤੋ ਆਪ ਹੀ ਪ੍ਰਗਟ ਹੋਤ ਆਪ ਹੀ ਔਪ ਕਰ ਆਪ ਮਨ ਲਾਯੋ ਹੈ। ਦੇਵੀ ਹੈ ਨਾ ਦੇਵ ਕੋਊ ਭਾਊ ਕੇ ਉਪਾਸੇ ਤਾਂਹਿ ਕਹੇ ਮੈਂ ਤੋ ਪੁਤ੍ਰ ਧਨ ਇਨ ਹੀ ਤੇ ਪਾਯੋ ਹੈ।। ਜੈਸੇ ਸ੍ਵਾਕ ਹਾਡ ਕੇ ਚਚੋਰ ਕਰ ਮਾਨ ਮੋਦ ਆਪਨੋ ਹੀ ਮੁਖ ਫੇਰ ਲੋਹੂ ਚਾਟ ਖਾਯੋ ਹੈ। ਤੈਸੇ ਹੀ ਸੁੰਦਰ ਏਹ ਤੋ ਆਪ ਹੀ ਚੈਤੰਨ ਆਹਿ ਆਪਨੇ ਅਗਿਆਨ ਕਰ ਔਰ ਸੋਂ ਬੰਧਾਯੋ ਹੈ।।"

ਭਾਵ-ਸੁੰਦ੍ਰ ਦਾਸ ਜੀ ਨੇ ਅਪਨੇ ਨਿਸਚੇ ਦੁਵਾਰਾ ਪ੍ਰਗਟ ਕਰ ਦਿੱਤਾ ਹੈ ਕਿ ਇਨ੍ਹਾਂ ਆਦਮੀਆਂ ਦੇ ਅਪਨੇ ਨਿਸਚੇ ਹੀ ਇਨ੍ਹਾਂ ਨੂੰ ਦੁਖ ਅਤੇ ਸੁਖ ਦੇ ਕਾਰਨ ਹੋਕੇ ਦਿਖਾਈ ਦੇਂਦੇ ਹਨ, ਹੋਰ ਨਾ ਕੋਈ ਦੇਵੀ ਹੈ ਨਾ ਦੇਵਤਾ, ਕੇਵਲ ਇਨ੍ਹਾਂ ਭਰਮੀਆਂ ਲੋਗਾਂ ਦੀ ਅਪਨੀ ਹੀ ਕਲਪਨਾ ਹੈ, ਜਿਸ ਤਰ੍ਹਾਂ ਸੁੱਕੀ ਹੱਡੀ ਨੂੰ ਜਦ ਕੁੱਤਾ ਚਬਦਾ ਹੈ ਤਦ ਉਸ ਦੇ ਅਪਨੇ ਹੀ ਦੰਦਾਂ ਦਾ ਲੋਹੂ ਨਿਕਲਦਾ ਹੈ ਜਿਸ ਨੂੰ ਉਹ ਇਹ ਜਾਨਦਾ ਹੈ ਕਿ ਇਸ ਹੱਡੀ ਵਿੱਚੋਂ ਨਿਕਲਯਾ ਹੈ ਸੱਗੋਂ ਜ਼ਿਆਦਾ ਚੱਟਦਾ ਹੈ, ਏਸੇ ਤਰ੍ਹਾਂ ਇਹ ਮੂਰਖ ਲੋਗ ਭੀ ਦੇਵੀ ਦੇਵਤਯਾਂ ਦੇ ਸਥਾਨਾਂ ਪਰ ਭਾਵਨਾਂ ਕਰ ਲੈਂਦੇ ਹਨ ਅਰ ਸੁਖ ਦੁਖ ਦੀ ਪ੍ਰਾਪਤੀ ਪਰ ਇਹ ਖਿਆਲ ਕਰ ਲੈਂਦੇ ਹਨ ਕਿ ਸਾਨੂੰ ਪੁੱਤ੍ਰ ਯਾ ਧਨ ਆਦਿਕ ਦੀ ਪ੍ਰਾਪਤੀ ਇਸ ਦੇ ਹੀ ਪੂਜਨ ਤੇ ਹੋਈ ਹੈ, ਪਰੰਤੂ ਇਹ ਸਾਰਾ ਇਨ੍ਹਾਂ ਸੰਸਾਰਕ ਜੀਵਾਂ ਦਾ ਆਪਨਾ ਅਗਯਾਨ ਹੈ ਜੋ ਆਪਨੇ ਆਪ ਨੂੰ ਭੁੱਲਕੇ ਦੂਜੇ ਮਗਰ ਜਾ ਲੱਗੇ ਹਨ ਅਤੇ ਉਸ ਕੁੱਤੇ ਵਾਂਗ ਉਨ੍ਹਾਂ ਕਲਪਤ ਪਦਾਰਥਾਂ ਤੇ ਵਰ ਮੰਗਦੇ ਹਨ।

### ਦੋਹਿਰਾ

ਸੁੰਦਰ ਦੇ ਇਸ ਕਥਨ ਨੂੰ ਸੋਚੋ ਭਲੀ ਪ੍ਰਕਾਰ।
ਜਿਸ ਪਰ ਨਿਸਚਾ ਕਰਨ ਤੇ ਦੇਹਿੰ ਪਖੰਡ ਵਿਸਾਰ।।੨੭੦।।

### ਦੋਹਿਰਾ

ਗੁਰਬਾਣੀ, ਗੁਰ ਚਰਤ ਪੁਨ ਸਿੱਖ ਗੁਰੂ ਕੋ ਜੋਇ।
ਭਗਤ, ਸੰਤ ਸਭ ਕਹਤ ਹੈ ਦੇਵੀ ਵਸਤ ਨ ਕੋਇ।।੨੭੧।।
ਅਰ ਤਿਸ ਕਾ ਜੋ ਮਾਨਨਾ ਹੈ ਭਾਰਾ ਅਗਿਆਨ।
ਸੁਧੀ ਨ ਤਜ ਕਰ ਈਸ ਕੋ ਤਿਸ ਵੱਲ ਕਰਤੋ ਧਿਆਨ।।੨੭੨।।
ਤਾਂ ਤੇ ਸਮਝ ਪਿਆਰਿਆ ਐਸੋ ਕਰਮ ਅਜੋਗ।
ਕਿਉਂ ਦਸਮੇਂ ਗੁਰ ਕਰਤ ਥੇ ਜੋ ਸੇ ਪਤਿ ਤ੍ਰਿਲੋਗ।।੨੭੩।।

## ਦੁਰਗਾ ਭਗਤ

### ਦੋਹਿਰਾ

ਤੇਰੇ ਬਚਨ ਵਿਚਾਰ ਕੈ ਆਈ ਮਨ ਪਰਤੀਤ।
ਸਭ ਵਿਧ ਜੋ ਹੈ ਦਸਿਆ ਪੂਜਨ ਚੰਡ ਅਨੀਤ।।੨੭੪।।
ਪਰ ਇਸ ਬੀਚ ਪਹਾੜ ਦੇ ਜੋ ਹੈ ਭਵਨ ਬਲੰਦ।

ਜਿਸ ਮਹਿ ਬੈਠੇ ਭੋਜਕੀ ਲੈਂਦੇ ਖੂਬ ਅਨੰਦ।੨੭੫॥
ਅਚਿੰਤ ਪੂਰਨੀ ਨਾਮ ਜੋ ਨੈਨਾ ਦੇਵੀ ਨਾਮ।
ਮਨਸਾ ਦੇਵੀ ਪ੍ਰਗਟ ਹੈ ਜੁਵਾਲਾਮੁਖੀ ਪਛਾਨ।੨੭੬॥
ਮੇਲੇ ਇਨਕੇ ਭਰ ਰਹੇ ਪੂਜਤ ਸਭ ਸੰਸਾਰ।
ਤੇਰੇ ਕਹਿਨੇ ਤੇ ਕਰਾਂ ਕਿੱਕੁਰ ਮੈਂ ਇਨਕਾਰ।੨੭੭॥
ਕਿਆ ਇਹ ਐਵੇਂ ਗੱਪ ਹਨ ਤੇਰੇ ਕਥਨ ਸਮਾਨ।
ਜੋ ਮੰਦਰ ਮਹਿੰ ਮੂਰਤੀ ਸੋਭਾ ਲਹਤ ਮਹਾਨ।੨੭੮॥

ਭਾਵ:- ਭਾਵੇਂ ਗੁਰਬਾਨੀ, ਗੁਰ ਚਰਤ, ਗੁਰੂ ਦੇ ਸਿੱਖ, ਭਗਤ ਅਤੇ ਸੰਤਾਂ ਦੇ ਕਥਨਾਨੁਸਾਰ ਤਾਂ ਦੇਵੀ ਕੋਈ ਵਸਤੂ ਨਹੀਂ ਹੈ ਅਰ ਨਾ ਉਸ ਦਾ ਪੂਜਨਾ ਜੋਗ ਸਿੱਧ ਹੁੰਦਾ ਹੈ, ਪਰੰਤੂ ਜਦ ਮੈਂ ਪਹਾੜਾਂ ਦੇ ਵਿੱਚ ਇਨ੍ਹਾਂ ਉੱਪਰਲੇ ਨਾਮਾਂ ਵਾਲੀਆਂ ਦੇਵੀਆਂ ਦੇ ਭਵਨ ਬਨੇ ਹੋਏ ਦੇਖਦਾ ਹਾਂ ਜਿਨ੍ਹਾਂ ਵਿੱਚ ਉਨ੍ਹਾਂ ਦੀਆਂ ਮੂਰਤੀਆਂ ਸਸੋਭਤ ਹਨ ਅਤੇ ਮੇਲੇ ਭਰ ਰਹੇ ਹਨ ਫਿਰ ਪ੍ਰਤੀਤ ਹੁੰਦਾ ਹੈ ਕਿ ਇਹ ਜ਼ਰੂਰ ਕੋਈ ਵਸਤੂਆਂ ਹਨ, ਜਿਨ੍ਹਾਂ ਨੂੰ ਸਾਰਾ ਸੰਸਾਰ ਪੂਜ ਰਿਹਾ ਹੈ, ਸੋ ਤੇਰੇ ਆਖਨੇ ਨਾਲ ਇਸ ਬਾਤ ਨੂੰ ਗੱਪ ਕਿਸ ਤਰ੍ਹਾਂ ਮੰਨਾਂ। ਇਸ ਵਾਸਤੇ ਪਹਲੇ ਵਿਚਾਰ ਕੇ ਇਨ੍ਹਾਂ ਦਾ ਹਾਲ ਦੱਸ ਜੋ ਕਯਾ ਲੀਲ੍ਹਾ ਹੈ ਫਿਰ ਮੈਂ ਸੋਚਾਂਗਾ ਜੋ ਸੱਚ ਕਯਾ ਹੈ॥

## ਤੱਤ ਖਾਲਸਾ

### ਦੋਹਿਰਾ

ਇਤਨੀ ਤਾਂ ਤੈ ਹੋਸ਼ ਦੀ ਕਹੀ ਬਾਤ ਮਨ ਸੋਚ।
ਮੰਦਰ ਵੱਡੇ ਦੇਖਕੇ ਗਿਆ ਤੋਹਿ ਮਨ ਲੋਚ।੨੭੯॥

### ਚੌਪਈ

ਇਸ ਦਾ ਸਾਰਾ ਹਾਲ ਸੁਨਾਵਾਂ। ਤੇਰਾ ਸੰਸਾ ਸਗਲ ਮਿਟਾਵਾਂ॥
ਜਦ ਤੂੰ ਪੜ੍ਹੇਂ ਪੁਰਾਣੀ ਕਥਾ। ਏਸ ਮੁਲਕ ਦੀ ਬੀਤੀ ਜਥਾ॥
ਤਦ ਹੀ ਸਮਝ ਲਏਂਗਾ ਆਪ। ਕਿਉਂ ਦੇਵੀ ਦਾ ਤੁਰਿਆ ਜਾਪ॥
ਥੋੜਾ ਜੇਹਾ ਏਥੇ ਖੋਲ। ਤੈਨੂੰ ਦਿਆਂ ਦਿਖਾਇ ਨਰੋਲ॥
ਦੱਖਣ ਦੇਸ਼ ਮਾਂਹਿ ਮਰਹੱਟੇ। ਜੋ ਸਨ ਜੰਗੀ ਹੱਟੇ ਕੱਟੇ॥
ਵਡੇ ਬਹਾਦਰ ਅਤੇ ਦਲੇਰ। ਕਰਨ ਜੰਗ ਹੋ ਬੱਗੇ ਸ਼ੇਰ॥
ਜੋ ਜੋ ਤਿਨ ਨੇ ਕਰੇ ਅਖਾਰੇ। ਸੋ ਪਰਸਿੱਧ ਹੈਨ ਜਗ ਸਾਰੇ॥
ਦੱਖਨ ਮਾਂਹਿ ਜੋਰ ਤਿੰਨ ਐਸਾ। ਜੰਗਲ ਵਿਖੇ ਸ਼ੇਰ ਦਾ ਜੈਸਾ॥
ਇਤ ਵਲ ਰਾਜਪੂਤ ਬਲਕਾਰੀ। ਸੇ ਸੈਨਾ ਪਤਿ ਦੇਸ ਮਝਾਰੀ॥
ਜਿਨ ਕੀ ਤੇਗ ਚਮਕ ਕੇ ਆਗੇ। ਸਗਲ ਸ਼ੱਤ੍ਰ ਹਾਰੇ ਬਲ ਤਯਾਗੇ॥
ਤੇਗ ਧਨੀ ਸੇ ਜੋਧੇ ਜੰਗੀ। ਲੇਤ ਲੜਾਈ ਸੋ ਮੁਖ ਮੰਗੀ॥
ਇਨ ਦੋਨੋਂ ਕੁਲ ਮਹਿ ਸੁਨ ਪਿਆਰੇ। ਵਧਾ ਵੈਰ ਵਡ ਪਏ ਅਖਾਰੇ॥

ਪਰ ਮਰਹੱਟੇ ਹੋ ਗਏ ਭਾਰੀ। ਰਾਜਪੂਤ ਨੇ ਹਿੰਮਤ ਹਾਰੀ।।
ਜਿਨ ਕੇ ਡਰ ਕਰ ਛਪੇ ਪਹਾਰਨ। ਹੋ ਨਿਰਭੈ ਦਿਨ ਲਗੇ ਗੁਜ਼ਾਰਨ।।
ਪਰ ਉਨਕੇ ਰਜਪੂਤੀ ਜ਼ੋਰ। ਛਪੇ ਰਹਿਤ ਕਦ ਜਿਉਂ ਰਵਿ ਭੋਰ।।
ਸਕਲ ਪਹਾੜ ਫਤੇ ਕਰ ਲੀਨੇ। ਅਪਨੀ ਪਰਜਾ ਸਗਰੇ ਕੀਨੇ।।
ਵਹੀ ਧਾਰ ਬਲ ਅਪਨਾ ਭਾਰੀ।। ਠਾਕੁਰ ਭਏ ਜੀਤ ਗਿਰਧਾਰੀ।।
ਜਬ ਮਰਹੱਟੇ ਭੂਪਨ ਐਸੀ। ਸੁਨੀ ਬਾਤ ਰਜਪੂਤਨ ਜੈਸੀ।।
ਤਬ ਚਾਹਾ ਤਿਨ ਪਰ ਬਲ ਪਾਨਾ। ਬਲੀ ਤੇਗ ਸੇ ਅਧਿਕ ਡਰਾਨਾ।।੨੯੦।।

## ਦੋਹਿਰਾ

ਰਜਪੂਤਨ ਕੀ ਕੰਨਆਂ ਮਾਂਗਤ ਕਰ ਵਹੁ ਜੋਰ।
ਤਿਸ ਪਰ ਰਾਜਕੁਮਾਰੀਆਂ ਲਰਤ ਜੰਗ ਕਰ ਘੋਰ।।੨੯੧।।

ਭਾਵ:- ਪੁਰਾਣੀ ਤਾਰੀਖਾਂ ਦੇ ਦੇਖਨੇ ਤੇ ਇਸ ਬਾਤ ਦੇ ਭੇਦ ਨੂੰ ਅੱਛੀ ਤਰ੍ਹਾਂ ਨਾਲ ਸਮਝਿਆ ਜਾਂਦਾ ਹੈ ਕਿ ਮੁਸਲਮਾਨਾਂ ਦੇ ਆਉਣ ਥੋਂ ਪਹਲੇ ਇਸ ਦੇਸ਼ ਵਿੱਚ ਦੋ ਹੀ ਕੌਮਾਂ ਵਡੀਆਂ ਭਾਰੀ ਸਨ ਜਿਨ੍ਹਾਂ ਵਿੱਚੋਂ ਦੱਖਣ ਵਲ ਮਰਹੱਟੇ ਅਰ ਰਾਜਪੂਤਾਨੇ ਤੇ ਲੈਕੇ ਉੱਤ੍ਰੀ ਪੂਰਬੀ ਪਹਾੜਾਂ ਤੱਕ ਰਾਜਪੂਤ ਰਾਜ ਕਰਦੇ ਸਨ, ਅਰ ਇਨ੍ਹਾਂ ਦੋਨਾਂ ਖਾਨਦਾਨਾਂ ਦੇ ਆਪਸ ਵਿੱਚ ਹਮੇਸ਼ਾਂ ਜੰਗ ਹੁੰਦੇ ਰਹਿੰਦੇ ਸਨ, ਪਰੰਤੂ ਮਰਹੱਟੇ ਲੋਗ ਬਹੁਤ ਬਹਾਦਰ ਸੇ ਜਿਸ ਪਰ ਉਨ੍ਹਾਂ ਨੇ ਰਾਜਪੂਤਾਂ ਦੇ ਪੈਰ ਹਲਾ ਦਿੱਤੇ ਸਨ, ਜਿਨ੍ਹਾਂ ਦੇ ਭੈ ਕਰਕੇ ਬਹੁਤ ਸਾਰੇ ਰਾਣੇ ਰਾਜਪੂਤ ਉੱਤ੍ਰੀ ਪਹਾੜਾਂ ਵਿੱਚ ਜਾ ਵਸੇ ਸਨ ਅਰ ਉਸ ਜਗ੍ਹਾਂ ਪਰ ਭੀ ਅਪਨੀ ਤੇਗ ਦੀ ਸਮਰੱਥਾ ਨਾਲ ਉਨ੍ਹਾਂ ਨੇ ਪਹਾੜੀ ਗਰੀਬ ਲੋਗਾਂ ਨੂੰ ਦਬਾ ਕੇ ਅਪਨੀ ਰਾਜਧਾਨੀਆਂ ਨੂੰ ਕਾਇਮ ਕਰ ਲੀਤਾ, ਜਿਸ ਦੇ ਨਮੂਨੇ ਅੱਜ ਤਕ ਪਹਾੜਾਂ ਵਿੱਚ ਛੋਟੀਆਂ ਮੋਟੀਆਂ ਕਈ ਰਾਜਧਾਨੀਆਂ ਪਾਈਆਂ ਜਾਂਦੀਆਂ ਹਨ ਅਰ ਉਹ ਲੋਗ ਅਪਨੇ ਆਪ ਨੂੰ ਠਾਕੁਰ ਕਹਲਾਉਂਦੇ ਹਨ ਅਰ ਅਪਨੇ ਆਪ ਨੂੰ ਸਭ ਤੇ ਉਚੇ ਜਾਨਦੇ ਹਨ।।

ਜਦ ਉਨ੍ਹਾਂ ਨੇ ਆਪਨੀ ਸਮਰੱਥਾ ਪਹਾੜਾਂ ਦੇ ਆਸਰੇ ਬਹੁਤ ਵਧਾ ਲਈ ਤਦ ਉਨ੍ਹਾਂ ਮਰਹਟਯਾਂ ਨੂੰ ਭੀ ਪਤਾ ਲੱਗਾ, ਅਰ ਓਹ ਉਨ੍ਹਾਂ ਨੂੰ ਉਸ ਪੁਰਾਨੇ ਦਬਾਉਂਦੇ ਖਯਾਲ ਨਾਲ ਧਮਕਾਉਂਨ, ਅਰ ਉਨ੍ਹਾਂ ਦੀ ਸੁੰਦਰ ਜੁਆਨ ਕੰਨਯਾਂ ਨੂੰ ਜਬਰਦਸਤੀ ਲੇ ਜਾਨਾ ਪਸੰਦ ਕਰਦੇ ਸਨ, ਪਰੰਤੂ ਉਸ ਵੇਲੇ ਉਹ ਕੰਨਯਾ ਜੋ ਇੱਕ ਰਾਜਪੂਤ ਖੂਨ ਦੇ ਜੋਸ਼ ਵਿੱਚ ਮੱਤੀਆਂ ਹੁੰਦੀਆਂ ਸਨ ਸੋ ਅਪਨੇ ਬਚਾਉ ਲਈ ਉਨ੍ਹਾਂ ਨਾਲ ਐਸੇ ਆਹਦ ਕਰ ਲੈਂਦੀਆਂ ਸਨ ਕਿ ਜੇ ਤੁਸੀਂ ਸਾਨੂੰ ਜੰਗ ਕਰਕੇ ਜਿੱਤ ਲਵੋਂਗੇ ਤਾਂ ਅਸੀਂ ਤੁਹਾਡੇ ਨਾਲ ਸ਼ਾਦੀ ਕਰ ਲਏਗੀਆਂ। ਕਿਉਂਕਿ ਪੁਰਾਨੇ ਸਮਯਾਂ ਵਿੱਚ ਰਾਜਕੁਮਾਰੀਆਂ ਅਕਸਰ ਅਪਨੇ ਬਯਾਹਾਂ ਵਾਸਤੇ ਐਸੀਆਂ ਪ੍ਰਤਿਗਯਾ ਕਰਦੀਆਂ ਹੁੰਦੀਆਂ ਸਨ ਜੈਸਾ ਕਿ ਸੀਤਾ, ਦ੍ਰੋਪਤੀ ਅਤੇ ਦਮਯੰਤੀ ਆਦਿਕ ਦੇ ਇਤਿਹਾਸ ਗੁਵਾਹੀ ਦੇ ਰਹੇ ਹਨ।।

ਉਨ੍ਹਾਂ ਦੀ ਇਸ ਬਹਾਦਰੀ ਨੂੰ ਸੁਨਕੇ ਮਰਹੱਟੇ ਲੋਗ ਭੀ ਜੋ ਵਡੇ ਬਹਾਦਰ ਹੁੰਦੇ ਸਨ ਅਪਨੀ ਸੈਨਾ ਲੈਕੇ ਚੜ੍ਹਾਈ ਕਰਦੇ ਸਨ ਜਿਸ ਪਰ ਓਹ ਪਹਾੜੀ ਲੜਾਈ ਦੇ ਆਦੀ

ਨਾ ਹੋਨ ਕਰਕੇ ਅਰ ਪਹਾੜਾਂ ਦੇ ਰਸਤੇ ਬਨਾਉਨੇ ਕਠਨ ਅਰ ਨਾ ਮਾਲੂਮ ਹੋਨ ਕਰਕੇ ਉਨ੍ਹਾਂ ਪਹਾੜ ਦੀ ਰਹਨੇ ਵਾਲੀ ਕੰਨਯਾਂ ਦੇ ਅੱਗੇ ਠਹਰ ਨਹੀਂ ਸਕਦੇ ਸਨ ਜੈਸਾ ਕਿ ਅੱਜ ਕੱਲ ਭੀ ਸਰਹੱਦੀ ਪਹਾੜਾਂ ਦੇ ਪਠਾਨ ਥੋੜੇ ਜੇਹੇ ਭੀ ਸਰਕਾਰੀ ਫੌਜ ਨੂੰ ਪਹਾੜੀ ਰਸਤੇ ਦੇ ਕਾਰਨ ਬਹੁਤ ਦੁੱਖ ਦੇਂਦੇ ਹਨ, ਏਸੇ ਤਰ੍ਹਾਂ ਓਹ ਭੀ ਉਨ੍ਹਾਂ ਅਪਨੇ ਦੁਸ਼ਮਨਾਂ ਨੂੰ ਸ਼ਕਸਤ ਦੇ ਦੇਂਦੀਆਂ ਸਨ॥

ਉਨ੍ਹਾਂ ਦੀ ਇਸ ਬਹਾਦਰੀ ਨੂੰ ਦੇਖਕੇ ਉਨ੍ਹਾਂ ਦੇ ਮਾਤਾ ਪਿਤਾ ਅਰ ਦੇਸੀ ਲੋਗ ਵਡੇ ਸਤਕਾਰ ਕਰਦੇ ਸਨ ਅਤੇ ਦੇਵੀ ੨ ਆਖਕੇ ਪੂਜਦੇ ਹੁੰਦੇ ਸਨ, ਜਿਸ ਤੇ ਉਨ੍ਹਾਂ ਦਾ ਐਥੋਂ ਤਕ ਰਵਾਜ ਉਨ੍ਹਾਂ ਦੇ ਦੇਹ ਤਯਾਗ ਮਗਰੋਂ ਪੈ ਗਿਆ ਜੋ ਮੰਦਰ ਬਨਾਕੇ ਵਿੱ;ਚ ਉਨ੍ਹਾਂ ਦੀਆਂ ਮੂਰਤਾਂ ਯਾਂ ਪਿੰਡੀਆਂ ਅਰਥਾਤ ਸਮਾਧਾਂ ਰੱਖਕੇ ਮੇਲੇ ਲਗਾਉਨ ਲੱਗੇ ਗਏ ਅਰ ਰਾਮ ਕ੍ਰਿਸ਼ਨ ਵਾਂਗ ਪਰਮੇਸ਼ਰ ਦਾ ਅਵਤਾਰ ਯਾ ਉਸ ਦੀ ਸ਼ਕਤੀ ਇਸਤਰੀ ਦਾ ਰੂਪ ਧਾਰਕੇ ਰਾਕਸ਼ਾਂ ਨੂੰ ਮਾਰਨ ਆਈ ਆਖਨ ਲੱਗੇ ਗਏ, ਜਿਸ ਤਰ੍ਹਾਂ ਰਾਮ ਕ੍ਰਿਸ਼ਨ ਨੂੰ ਰਾਕਸ਼ਾਂ ਦੇ ਮਾਰਨ ਲਈ ਪਰਮੇਸ਼ਰ ਦਾ ਅਵਤਾਰ ਮੰਨਦੇ ਹਨ। ਏਸੇ ਤਰ੍ਹਾਂ ਇਨ੍ਹਾਂ ਦੀ ਪੂਜਾ ਹੋਨ ਲੱਗੀ॥

ਪ੍ਰੰਤੂ ਜੇ ਵਿਚਾਰ ਕੇ ਦੇਖਿਆ ਜਾਂਦਾ ਹੈ ਤਾਂ ਕੇਵਲ ਰਾਮ ਕ੍ਰਿਸ਼ਨ ਦੇ ਵਿਰੋਧੀਆਂ ਨੂੰ ਰਾਕਸ਼ ਉਨ੍ਹਾਂ ਨਾਲ ਲੜਨੇ ਕਰਕੇ ਹੀ ਆਖਯਾ ਜਾਂਦਾ ਹੈ ਨਹੀਂ ਤਾਂ ਓਹ ਵੱਡੇ ਕੁਲੀਨ ਨਾਮੇਂ ਟਾਪੂ ਦਾ ਬ੍ਰਾਹਮਨ ਰਾਜਾ ਸਾ ਜੋ ਵਡਾ ਭਾਰੀ ਪੰਡਤ ਸੀ, ਏਸੇ ਤਰ੍ਹਾਂ ਕੰਸ ਭੀ ਕ੍ਰਿਸ਼ਨ ਜੀ ਦੀ ਮਾਈ ਦੇਵਕੀ ਜੀ ਦਾ ਭਾਈ ਅਤੇ ਕ੍ਰਿਸ਼ਨ ਦਾ ਮਾਮਾ ਸੀ, ਜਿਸ ਤੇ ਇਨ੍ਹਾਂ ਦਾ ਰਾਕਸ਼ ਹੋਨਾ ਕੋਈ ਸਿੱਧ ਨਹੀਂ ਹੁੰਦਾ ਕਿਉਂਕਿ ਰਾਵਨ ਦੀ ਇਸਤ੍ਰੀ ਅਰ ਛੋਟਾ ਭਾਈ ਭਵੀਖਨ ਜੋ ਰਾਮ ਨਾਲ ਪ੍ਰੇਮ ਰੱਖਦੇ ਸੇ ਉਨ੍ਹਾਂ ਨੂੰ ਲੋਗ ਰਾਕਸ਼ ਨਹੀਂ ਆਖਦੇ। ਇਸੇ ਤਰ੍ਹਾਂ ਕੰਸ ਦੀ ਭੈਣ ਦੇਵਕੀ ਜੀ ਨੂੰ ਕ੍ਰਿਸ਼ਨ ਦੀ ਮਾਈ ਹੋਨ ਕਰਕੇ ਰਾਕਸ਼ਨੀ ਨਹੀਂ ਕਹਿੰਦੇ, ਪ੍ਰੰਤੂ ਰਾਵਨ ਅਤੇ ਕੰਸ ਨੂੰ ਰਾਮ ਕ੍ਰਿਸ਼ਨ ਦੇ ਵਿਰੋਧੀ ਹੋਨ ਕਰਕੇ ਰਾਕਸ਼ ਬੋਲਦੇ ਹਨ॥

ਏਸੇ ਤਰ੍ਹਾਂ ਉਨ੍ਹਾਂ ਰਾਜਕੁਮਾਰੀਆਂ ਨਾਲ ਜੋਰ ਨਾਲ ਸ਼ਾਦੀ ਕਰਾਉਨ ਦੀ ਇੱਛਾ ਕਰਨੇ ਵਾਲੇ (ਸੁੰਭ) ਜੈਸੇ ਮਰਹਟਿਆਂ ਰਾਜਿਆਂ ਨੂੰ ਰਾਵਨ ਕੰਸ ਵਾਂਗ ਉਸ ਸਮਯ ਰਾਕਸ਼ ਆਖਦੇ ਸਨ ਅਤੇ ਉਨ੍ਹਾਂ ਤੇ ਅਪਨੇ ਸਤ ਰੱਖਨ ਵਾਲੀਆਂ ਰਾਜ ਕੰਨਆਂ ਨੂੰ ਲੋਗ ਦੇਵੀਆਂ ਸਦਦੇ ਸਨ॥

### ਦੋਹਿਰਾ

ਏਹੋ ਇਸ ਵਿੱਚ ਭੇਦ ਹੈ ਜੋ ਮੈਂ ਕਿਹਾ ਸੁਨਾਇ।
ਜਰਾ ਵਿਚਾਰੇ ਮਨ ਵਿਖੇ ਸਭ ਸ਼ੰਕਾ ਮਿਟ ਜਾਇ।੨੯੨॥

## ਦੁਰਗਾ ਭਗਤ

### ਦੋਹਿਰਾ

ਇਹ ਤਾਂ ਤੈਂ ਕੁਝ ਹੋਰ ਹੀ ਦਿੱਤਾ ਹਾਲ ਸੁਨਾਇ।
ਡਾਢਾ ਬੁੱਕਲ ਵਿੱਚ ਤੇ ਜੜਿਆ ਗੁਲੇਲਾਂ ਚਾਇ।੨੯੩॥

ਭਾਵ:- ਇਹ ਤਾਂ ਤੈ ਇੱਕ ਨਵੀਂ ਹੀ ਗੱਲ ਦੱਸੀ ਹੈ ਜੋ ਅੱਜ ਤੱਕ ਕਿਸੇ ਨਾ ਸੁਣੀ ਹੈ ਅਰ ਨਾ ਕਿਤੇ ਪੁਸਤਕ ਯਾ ਤਾਰੀਖ ਵਿਖੇ ਹੀ ਲਿਖੀ ਹੋਈ ਹੈ, ਇਸ ਵਾਸਤੇ ਇਸ ਦਾ ਸਬੂਤ ਸਾਨੂੰ ਪੂਰਾ ੨ ਮਿਲਨਾ ਬਹੁਤ ਕਠਨ ਹੈ, ਫਿਰ ਜਿਸ ਦਾ ਸਬੂਤ ਨਹੀਂ ਹੈ ਉਸ ਪਰ ਇਤਬਾਰ ਕਰਨਾ ਭੀ ਇੱਕ ਅਸੰਭਵ ਹੁੰਦਾ ਹੈ, ਇਸ ਵਾਸਤੇ ਤੈਨੂੰ ਚਾਹੀਦਾ ਹੈ ਜੋ ਪਹਲੇ ਇਸ ਬਾਤ ਦੇ ਸੱਚੀ ਕਰਨ ਲਈ ਅਪਨੇ ਸਬੂਤ ਦੇਵੇਂ ਜਿਸ ਪਰ ਸਾਨੂੰ ਵਿਸ਼ਵਾਸ ਹੋਵੇ॥

## ਤੱਤ ਖਾਲਸਾ

### ਦੋਹਿਰਾ

ਅਨੁਮਾਨਾਂ ਕਰ ਹੋਵੰਦੇ ਬਹੁਤ ਚਿਰਾਂ ਦੇ ਗਿਆਨ।
ਜਿਉਂ ਕੋਲਾ ਪੱਥਰ ਕਹੈਂ ਸੇ ਓਹ ਬ੍ਰਿਖ ਮਹਾਨ।੨੯੪॥

ਭਾਵ:- ਕਈ ਵਸਤੂਆਂ ਐਸੀਆਂ ਹੁੰਦੀਆਂ ਹਨ ਜਿਨ੍ਹਾਂ ਦਾ ਜਾਨਨਾ ਸਾਨੂੰ ਅੱਜ ਕਲ ਅਸੰਭਵ ਦੇ ਤੁੱਲ ਹੋ ਗਿਆ ਹੈ। ਪਰੰਤੂ ਉਸ ਪੁਰਾਣੇ ਸਮੇਂ ਦੇ ਨਿਸ਼ਾਨ ਮਿਲਨੇ ਤੇ ਸਾਨੂੰ ਇਹ ਗਿਆਨ ਜ਼ਰੂਰ ਹੋ ਜਾਂਦਾ ਹੈ ਕਿ ਕਿਸੇ ਸਮਯ ਓਹ ਵਸਤੂ ਏਥੇ ਜ਼ਰੂਰ ਸੀ ਅਰ ਉਸੀ ਦੀਆਂ ਇਹ ਨਿਸ਼ਾਨੀਆਂ ਹਨ॥

ਜਿਸ ਤਰ੍ਹਾਂ ਜਦ ਅਸੀਂ ਕੋਇਲੇ ਵਾਲੇ ਪਹਾੜ ਪਰ ਜਾਕੇ ਪੱਥਰ ਦੇ ਕੋਇਲੇ ਦੇ ਨਿਸ਼ਾਨ ਦੇਖਦੇ ਹਾਂ ਤਦ ਕਿਆ ਮਾਲੂਮ ਹੁੰਦਾ ਹੈ ਜੋ ਉਨ੍ਹਾਂ ਦੀ ਨਿਗੀ ਪੁਰੀ ਰੁੱਖਾਂ ਦੀ ਸ਼ਕਲ ਨਜ਼ਰ ਆਉਂਦੀ ਹੈ ਜਿਨ੍ਹਾਂ ਦੇ ਪੇੜ ਅਰ ਡਾਲੇਂ ਉਸੀ ਤਰ੍ਹਾਂ ਪਏ ਹਨ ਜਿਸ ਤਰ੍ਹਾਂ ਰੁੱਖ ਦੇ ਹੁੰਦੇ ਹਨ ਪਰੰਤੂ ਅੱਜ ਕਲ ਓਹ ਅਪਨੀ ਸੂਰਤ ਨੂੰ ਪੱਥਰ ਦੀ ਕਾਲੀ ਸ਼ਕਲ ਵਿੱਚ ਬਦਲੇ ਹੋਏ ਹਨ। ਜਿਸ ਤੇ ਸਾਨੂੰ ਇਤਨਾ ਗਿਆਨ ਹੋ ਜਾਂਦਾ ਹੈ ਕਿ ਕਿਸੇ ਸਮੇਂ ਇਹ ਪਥੱਰ ਨਹੀਂ ਸਨ, ਕੇਵਲ ਪੱਧਰ ਜਮੀਂਨ ਪਰ ਰੁੱਖ ਸੇ॥

ਕਾਲ ਕਰਮ ਨਾਲ ਇਸ ਜਗ੍ਹਾਂ ਪਰ ਸਮੁੰਦ੍ਰ ਨੇ ਅਪਨਾ ਚਮਤਕਾਰ ਦਿਖਾ ਕੇ ਇਸ ਧਰਤੀ ਨੂੰ ਅਜੇਹਾ ਰੰਗ ਚਾੜ੍ਹਿਆ ਕਿ ਉਹ ਪਹਾੜ ਦੀ ਸੂਰਤ ਵਿੱਚ ਬਦਲ ਗਈ ਅਰ ਸਮਾਂ ਪਾਕੇ ਉਹ ਸਮੁੰਦ੍ਰ ਭੀ ਉਸ ਨੂੰ ਛੱਡ ਗਿਆ ਜਿਸ ਤੇ ਖਾਲੀ ਪਹਾੜ ਹੀ ਰਹਿ ਗਏ। ਪ੍ਰੰਤੂ ਉਹ ਰੁੱਖ ਓਸੇ ਤਰ੍ਹਾਂ ਉਸ ਪਹਾੜ ਵਿੱਚ ਮਿਲਕੇ ਇੱਕ ਪੱਥਰ ਦਾ ਰੂਪ ਹੋ ਗਏ ਜਿਸ ਤੇ ਉਨ੍ਹਾਂ ਦਾ ਨਾਉਂ ਪੱਥਰ ਦਾ ਕੋਇਲਾ ਪੈ ਗਿਆ॥

ਹੁਨ ਜੇ ਕਿਸੇ ਨੂੰ ਇਹ ਗੱਲ ਦੱਸੀਏ ਕਿ ਇਹ ਰੁੱਖ ਸੇ, ਤਦ ਉਹ ਅੱਗੋਂ ਹਾਸੀ ਕਰਦਾ ਹੈ, ਅਰ ਨਾਮੁਮਕਨ ਜਾਨਦਾ ਹੈ ਪਰੰਤੂ ਅਸਲ ਵਿੱਚ ਉਹ ਨਿਸ਼ਾਨ ਦੱਸਦੇ ਹਨ ਕਿ ਜੋ ਇਸ ਵੇਲੇ ਅਸੰਭਵ ਪ੍ਰਤੀਤ ਹੁੰਦਾ ਹੈ ਸੋ ਕਿਸੇ ਸਮਯ ਪਰ ਸੰਭਵ ਸੀ॥

ਇਸ ਬਾਤ ਦਾ ਸਬੂਤ ਉਸ ਸਮਯ ਦੀ ਤਾਰੀਖੀ ਲੜਾਈ ਜੋ ਮਰਹਟਯਾਂ ਅਰ ਰਾਜਪੂਤਾਂ ਵਿੱਚ ਹੁੰਦੀ ਸੀ ਅਤੇ ਉਨ੍ਹਾਂ ਦੇ ਪੁਰਾਣੇ, ਅੱਜ ਕੱਲ ਦੇ ਨਾਮ ਦੇ ਰਹੇ ਹਨ, ਕਿਉਂ ਕਿ ਮਰਹਟਯਾਂ ਦੇ ਨਾਮ, ਉਸ ਵੇਲੇ "ਸੁੰਭ" "ਨਸੁੰਭ" "ਮੁੰਡ" ਅਤੇ ਚੰਡ ਆਦਿਕ ਹੁੰਦੇ ਸਨ, ਅਰ ਉਨ੍ਹਾਂ ਦੀ ਇਸਤ੍ਰੀਆਂ ਦੇ ਨਾਮ ਅੱਗੇ ਬਾਈ ਆਉਂਦਾ ਸੀ ਜੈਸਾ ਕਿ ਕਰਮਾਂਬਾਈ ਅਤੇ ਮੀਰਾਂਬਾਈ ਮਰਹਟੀ ਇਸਤ੍ਰੀਆਂ ਸਨ॥

ਓਸੇ ਤਰ੍ਹਾਂ ਦੇ ਨਾਮ ਮਰਹਟਿਆਂ ਵਿੱਚ ਅੱਜ ਤੱਕ ਮਸ਼ਹੂਰ ਹਨ ਜੈਸਾ ਕਿ ਸ਼ਿਵਾ ਜੀ ਦੇ ਪੁੱਤ੍ਰ ਦਾ ਨਾਮ "ਸੰਭਾ" ਸੀ ਜਿਸ ਦੇ ਅੱਗੇ ਵਡਿਆਈ ਕਰਕੇ "ਜੀ" ਲਗਾ ਦਿੱਤਾ ਜਿਸ ਨੂੰ "ਸੰਭਾ ਜੀ" ਆਖਦੇ ਹਨ। ਇਸੇ ਤਰ੍ਹਾਂ ਚੰਡ ਅਰ ਮੁੰਡ ਦੇ ਨਿਸ਼ਾਨ ਭੀ ਉਸ ਦੇਸ ਦੇ ਅੱਜ ਤਕ ਨਾਮ "ਚਾਂਡੂ, ਨਾਟੂ" ਆਦਿਕ ਪਾਏ ਜਾਂਦੇ ਹਨ, ਏਸੇ ਤਰ੍ਹਾਂ ਰਾਵਣ ਦੇ ਮਾਮੇਂ ਦਾ ਨਾਉਂ ਤ੍ਰਿਮੰਡ ਸੀ, ਜਿਸ ਤੇ ਇਹ ਸਾਬਤ ਹੁੰਦਾ ਹੈ ਕਿ ਇਹ ਸਭ ਮਰਹਟੇ ਲੋਗ ਸਨ ਜਿਨ੍ਹਾਂ ਨੂੰ ਰਾਜਪੂਤ ਲੋਗ ਅਪਨੀ ਦੁਸ਼ਮਨੀ ਦੇ ਕਾਰਨ ਰਾਕਸ਼ ਸੱਦਦੇ ਸਨ॥

ਇਸ ਤੇ ਅੱਗੇ ਰਾਜਪੂਤਾਂ ਦੀ ਇਸਤ੍ਰੀਆਂ ਦੇ ਨਾਮ ਅੱਗੇ ਦੇਵੀ ਪਦ ਆਵੰਦਾ ਜਿਸ ਤੇ ਉਨ੍ਹਾਂ ਨੂੰ ਅਸਲੀ ਪਹਲੇ ਨਾਮ ਦਾ ਹਿੱਸਾ ਛੱਡ ਕੇ ਸਾਰੇ ਦੇਵੀਆਂ ਆਖਨ ਲੱਗ ਗਏ, ਜੈਸਾ ਕਿ ਦੇਵਲ ਦੇਵੀ, ਕੰਵਲਾ ਦੇਵੀ, ਆਦਿਕ ਨਾਮ ਸੇ, ਸੋ ਇਨ੍ਹਾਂ ਨਾਮਾਂ ਨਾਲ ਮਿਲਣ ਤੇ ਪਾਇਆ ਜਾਂਦਾ ਹੈ ਜੋ ਉਹ ਨਿਰਸੰਦੇਹ ਰਾਜਪੂਤਾਂ ਦੀਆਂ ਲੜਕੀਆਂ ਸਨ, ਅਰ ਅਪਨੇ ਵਿਰੋਧੀ ਮਰਹਟਿਆਂ ਨੂੰ ਰਾਕਸ਼ ਜਾਨ ਕੇ ਲੜਦੀਆਂ ਸਨ॥

ਜਿਸ ਤਰ੍ਹਾਂ ਇਸ ਦੇਸ ਪਰ ਜਦ ਤੁਰਕ ਹਮਲੇ ਕਰਦੇ ਸਨ ਅਰ ਏਥੋਂ ਦੀਆਂ ਇਸਤ੍ਰੀਆਂ ਨੂੰ ਪਕੜ ਕੇ ਲੈ ਜਾਂਦੇ ਸਨ, ਤਦ ਇਸ ਦੇਸ ਵਾਲੇ ਉਨ੍ਹਾਂ ਨੂੰ "ਰਾਸ਼ੇ" ਜੋ ਰਾਕਸ਼ ਪਦ ਦਾ ਬਿਗੜ ਕੇ "ਰਾਸ਼ਾ" ਬਨ ਗਿਆ ਹੈ, ਬੋਲਦੇ ਸਨ, ਅਰ ਕੋਈ ਉਨ੍ਹਾਂ ਦਾ ਨਾਮ "ਰਹੇਲ" ਆਖਦੇ ਸਨ ਜੋ "ਰੋਹਲੇ" ਅਰਥਾਤ ਕ੍ਰੋਧੀ ਵਿੱਚੋਂ ਨਿਕਲਯਾ ਹੈ, ਇਸੇ ਤਰ੍ਹਾਂ ਨਾਲ ਮਲੇਛ ਭੀ ਸਦਦੇ ਸਨ ਅਤੇ ਉਨ੍ਹਾਂ ਦੇ ਕੌਮਾਂ ਦਾ ਆਪਸ ਵਿੱਚ ਮੁਲਕੀ ਜੰਗ ਸੀ ਅਰ ਜੋ ਉਨ੍ਹਾਂ ਦੀਆਂ ਬੇਗੁਨਾਹ ਇਸਤ੍ਰੀਆਂ ਪਰ ਹਮਲਾ ਕਰਦਾ ਸੀ, ਸੋਈ ਉਨ੍ਹਾਂ ਵਿੱਚ "ਰਾਕਸ਼ ਪੁਣਾ" ਸੀ ਅਤੇ ਉਨ੍ਹਾਂ ਧਰਮਾਤਮਾ ਕੰਨਯਾਂ ਦਾ ਅਪਨੀ ਭੁਜਾਂ ਦੇ ਬਲ ਨਾਲ ਉਨ੍ਹਾਂ ਨੂੰ ਬਚਾਉਨਾ ਹੀ ਉਨ੍ਹਾਂ ਨੂੰ ਦੇਵੀ ਪਦ ਦਾ ਅਧਕਾਰੀ ਬਨਾਉਂਦਾ ਸੀ॥

**ਦੋਹਿਰਾ**

ਏਹੋ ਇਸ ਵਿੱਚ ਭੇਦ ਹੈ ਸਮਝ ਜ਼ਰਾ ਮਨ ਲਾਇ।
ਜਿਸ ਦੇ ਮਨ ਵਿੱਚ ਮੰਨਸਾਂ ਤੇਰਾ ਸੰਸ਼ਾ ਜਾਇ।੨੯੫॥

## ਦੁਰਗਾ ਭਗਤ

**ਦੋਹਿਰਾ**

ਇਸ ਲੇਖੇ ਤਾਂ ਸੱਚ ਹੈ ਜੋ ਤੈਂ ਦੱਸਿਆ ਅੱਜ।
ਐਵੇਂ ਹਠ ਕਰ ਕਿਉਂ ਕਰਾਂ ਤੇਰੇ ਅੱਗੇ ਪੱਜ।੨੯੬॥
ਪਰ ਉਹ ਤਾਂ ਚੜ੍ਹ ਸ਼ੇਰ ਪਰ ਲੜ੍ਹਦੀ ਕੱਲੀ ਜਾਇ।
ਕਈ ਹਜ਼ਾਰਾਂ ਫੌਜ ਨੂੰ ਲੈਂਦੀ ਅੱਗੇ ਲਾਇ।੨੯੭॥
ਜੇ ਉਹ ਹੁੰਦੀ ਛੋਕਰੀ ਰਾਜਪੂਤ ਦੀ ਭਰਾਤ।
ਤਾਂ ਚੜ੍ਹ ਸਿੰਘਨ ਰਾਕਸ਼ਾਂ ਕੱਲੀ ਕਿਵੇਂ ਭਗਾਤ।੨੯੮॥
ਇਸ ਦਾ ਉੱਤਰ ਜੇ ਦਵੇਂ ਤਾਂ ਮੈਂ ਜਾਣਾਂ ਸੱਚ।
ਨਹੀਂ ਅਜੇ ਭੀ ਸੁਝਦਾ ਮੈਨੂੰ ਹੈ ਕੁਝ ਕੱਚ।੨੯੯॥

# ਤੱਤ ਖਾਲਸਾ

## ਦੋਹਿਰਾ

ਇਹ ਤਾਂ ਥੋੜੀ ਗੱਲ ਹੈ ਅਰ ਸੋਖੀ ਧਰ ਚਿੱਤ।
ਜੇ ਹਾਥੀ ਹੈ ਲੰਘਿਆਂ ਪੂਛ ਰਹੇਗੀ ਕਿੱਤ।੨੯੦॥
ਵਿੱਚ ਪਹਾੜਾਂ ਵੱਸਦੇ ਰੱਖਨ ਰਾਜੇ ਸ਼ੇਰ।
ਆਦਰ ਨਾਲ ਹਲਾਇਕੇ ਕਰਨ ਸਵਾਰੀ ਫੇਰ।੨੯੧॥
ਸ਼ਸ਼ਤ੍ਰ ਵਿੱਦਯਾ ਤੇਗ਼ ਦੀ ਅਰ ਬਰਛੀ ਤਿਸ ਕਾਲ।
ਜਿਸ ਤੇ ਤੁਰਤ ਡਰਾਂਇ ਦੀ ਸੈਨਾ ਨਾਹਰ ਨਾਲ।੨੯੨॥

ਭਾਵ:- ਇਸ ਬਾਤ ਦਾ ਸਮਝਨਾ ਕੋਈ ਕਠਨ ਬਾਤ ਨਹੀਂ ਹੈ, ਕਿਉਂਕਿ ਐਸਾ ਹੋ ਸਕਦਾ ਹੈ ਜੋ ਉਹ ਕੰਨਯਾਂ ਪਹਾੜਾਂ ਵਿੱਚ ਨਿਵਾਸ ਕਰਦੀਆਂ ਸਨ ਅਰ ਕਿਸੇ ਨਿੱਕੇ ਜੇਹੇ ਸ਼ੇਰ ਦੇ ਬੱਚੇ ਨੂੰ ਅਪਨੇ ਹੱਥੀ ਪਾਲ ਲੀਤਾ ਹੋਵੇਗਾ ਅਰ ਓਹ ਕੁੱਤੇ ਵਾਂਗ ਹਿਲ ਗਿਆ ਹੋਵੇਗਾ, ਜਿਸ ਪਰ ਅਸਵਾਰੀ ਕਰਨ ਲੱਗ ਗਈ ਹੋਵੇਗੀ, ਸੋ ਐਸਾ ਕਰਨਾ ਕੋਈ ਅਸੰਭਵ ਬਾਤ ਨਹੀਂ ਹੈ, ਕਿਉਂਕਿ ਦੋ ਤਿੰਨ ਸਾਲ ਹੋਏ ਹਨ ਜੋ ਲਾਹੌਰ ਵਿੱਚ ਸਰਕਸ ਦਾ ਤਮਾਸ਼ਾ ਕਰਨ ਵਾਲੇ ਬੰਗਾਲੀ ਆਏ ਸਨ ਜਿਨ੍ਹਾਂ ਪਾਸ ਪਿੰਜਰੇ ਵਿੱਚ ਦੋ ਸ਼ੇਰ ਪਾਏ ਹੋਏ ਸਨ, ਪਰ ਤਮਾਸ਼ੇ ਵੇਲੇ ਇੱਕ ਆਦਮੀ ਉਨ੍ਹਾਂ ਦੋਨਾਂ ਨਾਲ ਘੁਲਦਾ ਹੁੰਦਾ ਸੀ, ਇਸੇ ਤਰ੍ਹਾਂ ਉਨ੍ਹਾਂ ਨਾਲ ਇੱਕ ਇਸਤ੍ਰੀ ਭੀ ਤਮਾਸ਼ਾ ਕਰਨੇ ਵਾਲੀ ਸੀ ਸ਼ੇਰਾਂ ਦੇ ਗਲ ਨੂੰ ਜੱਫੀ ਪਾਕੇ ਪਯਾਰ ਦੇਂਦੀ ਸੀ ਅਰ ਛੜੀ ਨਾਲ ਉਨ੍ਹਾਂ ਦੀ ਪਿੱਠ ਨੂੰ ਝਾੜਦੀ ਸੀ, ਜਿਸ ਪਰ ਸ਼ੇਰ ਖੜੇ ਯਾ ਬੈਠੇ ਪ੍ਰੇਮ ਵਿੱਚ ਆਕੇ ਪੂਛ ਹਲਾਈ ਜਾਂਦੇ ਸਨ, ਸੋ ਏਸੇ ਤਰ੍ਹਾਂ ਉਨ੍ਹਾਂ ਨੇ ਸ਼ੇਰਾਂ ਨੂੰ ਐਥੋਂ ਤਕ ਹਿਲਾ ਲੀਤਾ ਹੋਵੇਗਾ ਜੋ ਅਸਵਾਰੀ ਦਾ ਕੰਮ ਦੇਨ ਲੱਗੇ ਹੋਣਗੇ, ਜੈਸਾ ਕਿ ਕੁਤੇ ਜਾਂ ਬੱਕਰੇ ਬੱਘੀ ਨੂੰ ਘੋੜੇ ਦੀ ਜਗ੍ਹਾਂ ਖਿੱਚਨ ਲਈ ਹਿਲਾਏ ਜਾਂਦੇ ਹਨ, ਸੋ ਕੋਈ ਅਲੌਕਕ ਬਾਤ ਨਹੀਂ ਹੈ॥

ਦੂਸਰਾ ਸਾਰੇ ਦੁਸ਼ਮਨਾਂ ਨੂੰ ਨਸਾ ਦੇਨਾਂ ਅਰ ਮਾਰ ਦੇਨਾ, ਇਸ ਹਾਲਤ ਵਿੱਚ ਕੋਈ ਵੱਡੀ ਬਾਤ ਨਹੀਂ ਹੈ। ਕਿਉਂਕਿ ਉਸ ਸਮਯ ਵਿੱਚ ਲੜਾਈ ਨਿਰੀ ਤੇਗ-ਬਰਛੀ ਕਟਾਰ ਅਤੇ ਗਦਾ ਦੀ ਹੀ ਹੁੰਦੀ ਸੀ, ਬੰਦੂਕ ਯਾ ਤੋਪ ਉਸ ਸਮਯ ਵਿੱਚ ਨਹੀਂ ਹੁੰਦੀ ਸੀ, ਸੋ ਜਦ ਓਹ ਸੁੰਭ ਜੈਸੇ ਮਰਹਟੇ ਜਿਨ੍ਹਾਂ ਨੂੰ ਓਹ ਰਾਕਸ਼ ਸੱਦਦੇ ਸਨ ਆਉਂਦੇ ਸੇ ਤਦ ਚਾਰ ਤਰ੍ਹਾਂ ਦੀ ਫੌਜਾਂ ਜੋੜਕੇ ਆਉਂਦੇ ਸੇ, ਜਿਨ੍ਹਾਂ ਵਿੱਚ ਹਾਥੀ, ਘੋੜੇ, ਪਯਾਦੇ ਅਰ ਰਥ ਹੁੰਦੇ ਸਨ। ਪਰੰਤੂ ਰਥਾਂ ਦਾ ਤਾਂ ਪਹਾੜ ਵਿੱਚ ਕੰਮ ਹੀ ਨਹੀਂ ਹੁੰਦਾ ਸਾ, ਕੇਵਲ ਤਿੰਨ ਤਰ੍ਹਾਂ ਦਾ ਹੀ ਸਮਾਨ ਲੋੜੀਂਦਾ ਸੀ, ਜਿਸ ਤੇ ਜਦ ਓਹ ਦੇਵੀ ਸ਼ੇਰ ਪਰ ਅਸਵਾਰ ਹੋਕੇ ਹੱਥ ਤਲਵਾਰ ਪਕੜ ਕੇ ਨਿਕਲਦੀ ਸੀ ਤਾਂ ਸ਼ੇਰ, ਹਾਥੀਆਂ, ਘੋੜਿਆਂ ਨੂੰ ਦੇਖਕੇ ਤਬਕਦਾ ਸਾ, ਤਦ ਓਹ ਘੋੜੇ ਅਤੇ ਪਯਾਦੇ ਸੁਭਾਵਕ ਹੀ ਉਸ ਦੇ ਭਿਆਨਕ ਰੂਪ ਦੇ ਡਰੇ ਹੋਏ ਨਸ ਜਾਂਦੇ ਸਨ, ਅਰ ਦੇਵੀ ਜਦ ਸ਼ੇਰ ਨੂੰ ਲਲਕਾਰਦੀ ਸੀ ਤਦ ਜਾਂਦਾ ਹੀ ਦੁਸ਼ਮਨ ਦੇ ਟੁਕੜੇ ੨ ਕਰ ਦੇਂਦਾ ਸੀ, ਅਰ ਮਾਰ ਕੁੱਟ ਅਤੇ ਚੀਰ ਫਾੜਕੇ ਫਿਰ ਪਹਾੜਾਂ ਵਿੱਚ ਜਾ ਵੜਦੀ ਸੀ, ਇਸ ਵਾਸਤੇ ਇਹ ਬਾਤ ਕੋਈ ਨਵੀਂ ਨਹੀਂ ਹੈ ਅਰ ਨਾ ਕੋਈ ਕਰਾਮਾਤ ਯਾ ਅਚੰਭਾ ਹੀ ਹੈ,

ਕਿੰਤੂ ਕੇਵਲ ਉਨ੍ਹਾਂ ਦੀ ਦਲੇਰੀ ਅਰ ਅਭਿਆਸ ਦਾ ਹੀ ਫਲ ਹੈ॥

ਫਿਰ ਇਹ ਲੜਕੀਆਂ ਜੰਗ ਦੇ ਕਰਨੇ ਕਰਕੇ ਅਰ ਛੱਤ੍ਰੀ ਰਾਜਪੂਤਾਂ ਦੀਆਂ ਕੰਨਯਾਂ ਹੋਨ ਕਰਕੇ ਮਾਂਸਾਹਾਰੀ ਹੁੰਦੀਆ ਸਨ। ਏਸੇ ਵਾਸਤੇ ਇਨ੍ਹਾਂ ਨੂੰ ਲੋਗ ਬੱਕਰੇ ਨਜ਼ਰਾਂ ਲੈਕੇ ਮਿਲਦੇ ਸਨ, ਜਿਸ ਤੇ ਅੱਜ ਤਕ ਭੀ ਓਹੋ ਰਸਮ ਚਲੀ ਆਉਂਦੀ ਹੈ ਜੋ ਉਨ੍ਹਾਂ ਦੇ ਭੌਣਾਂ ਅੱਗੇ ਲੋਗ ਬੱਕਰੇ ਬਲੀ ਦੇਂਦੇ ਹਨ॥

ਇੱਕ ਹੋਰ ਵੱਡਾ ਚੰਗਾ ਇਸ ਬਾਤ ਦਾ ਸਬੂਤ ਹੈ ਜੋ ਸਿੱਧ ਕਰਦਾ ਹੈ ਕਿ ਉਹ ਸ਼ੂਰਬੀਰ ਲੜਕੀਆਂ ਹੀ ਸਨ ਸੋ ਇਹ ਹੈ ਕਿ ਜਦ ਪਹਾੜ ਵਿੱਚ ਉਨ੍ਹਾਂ ਦੇ ਰੂਪ ਦੇਖੀਦੇ ਹਨ ਤਾਂ ਬਹੁਤ ਮਨੋਹਰ ਗੋਰੇ ਰੰਗ ਦੀਆਂ ਹੁੰਦੀਆਂ ਹਨ ਪਰੰਤੂ ਜਦ ਗਰਮ ਦੇਸ ਕਲਕੱਤੇ ਵਿੱਚ ਉਸ ਦੇ ਰੂਪ ਨੂੰ ਦੇਖੀਦਾ ਹੈ ਤਦ ਮਹਾਂਕਾਲੇ ਭਯਾਨਕ ਰੰਗ ਵਾਲੀ ਹੈ, ਜਿਸ ਨੂੰ "ਕਾਲੀ ਕਲਕੱਤੇ ਵਾਲੀ" ਸੱਦਦੇ ਹਨ ਇਸ ਦਾ ਕਾਰਨ ਇਹ ਏ ਕਿ ਕਲਕੱਤਾ, ਬੰਗਾਲ ਅਰ ਪੂਰਬ ਦੀ ਸੰਧਿ ਵਿੱਚ ਹੈ ਜਿਸ ਤੇ ਉਸ ਜਗ੍ਹਾਂ ਦੇ ਲੋਗ ਕਾਲੇ ਰੰਗ ਦੇ ਹੁੰਦੇ ਹਨ ਕਿਉਂਕਿ ਓਥੇ ਗਰਮੀ ਜ਼ਿਆਦਾ ਪੈਂਦੀ ਹੈ, ਇਸੇ ਵਾਸਤੇ ਉਹ ਬੰਗਾਲਨ ਲੜਕੀ ਹੋਨ ਦੇ ਕਾਰਨ ਕਾਲੀ ਸੀ ਅਰ ਉਸ ਦਾ ਨਾਉਂ ਭੀ ਕਾਲੀ ਪੈ ਗਿਆ, ਜਿਸ ਤੇ ਇਹ ਸਾਬਤ ਹੁੰਦਾ ਹੈ ਕਿ ਇਹ ਪਹਾੜੀ ਦੀ ਕੰਢੀ ੨ ਹੀ ਚਲੀਆਂ ਗਈਆਂ ਸਨ, ਅਰ ਦੁਸ਼ਮਨਾਂ ਨਾਲ ਲੜਨਾ ਇਨ੍ਹਾਂ ਦਾ ਕੰਮ ਸਾ॥

ਇਸ ਜਗ੍ਹਾਂ ਜਾਕੇ ਇੱਕ ਹੋਰ ਰੰਗ ਭੀ ਬਦਲ ਗਿਆ ਹੈ ਜੋ ਉਸ ਦੀ ਭੇਂਟਾ ਝੋਟਾ ਚੜ੍ਹਾਉਂਦੇ ਹਨ ਇਸ ਦਾ ਕਾਰਨ ਇਹੋ ਹੈ, ਜੋ ਬੰਗਾਲ ਵਿੱਚ ਮੱਛੀਆਂ ਦਾ ਖਾਣਾ ਅਰ ਝੋਟੇ ਦਾ ਖਾਣਾ ਬੁਰਾ ਨਹੀਂ ਸਮਝਦੇ ਸੇ ਜੈਸਾ ਕਿ ਜਗਨ ਨਾਥ ਵਿੱਚ ਭੀ ਝੋਟਾ ਹੀ ਬਲੀ ਦਿੱਤਾ ਜਾਂਦਾ ਹੈ, ਪਰੰਤੂ ਅੱਜ ਕੱਲ ਇਸ ਦੇਸ ਦੇ ਵੱਲੋਂ ਦੇਖਕੇ ਬਹੁਤੇ ਬੰਗਾਲੀ ਲੋਗ ਖਾਂਦੇ ਨਹੀਂ ਹਨ ਅਰ ਬਲੀ ਜ਼ਰੂਰ ਦੇਂਦੇ ਹਨ, ਕਿੰਤੂ ਖਾ ਲੈਣਾ ਭੀ ਉਨ੍ਹਾਂ ਦੇ ਖਯਾਲ ਵਿੱਚ ਕੋਈ ਬੁਰਾ ਨਹੀਂ ਸਮਝਿਆ ਜਾਂਦਾ॥

**ਦੋਹਿਰਾ**

ਇਹ ਸਾਰੇ ਸਾਬੂਤ ਹਨ ਇਸ ਦੇ ਵਿੱਚ ਗੁਵਾਹ।
ਜਿਹੜੇ ਦੇਵੀਪੁਣੇ ਦਾ ਠੀਕ ਬਤਾਉਨ ਰਾਹ।੨੯੩॥

ਭਾਵ:- ਇਹ ਸਾਰੇ ਹਾਲਾਤ ਸਾਬਤ ਕਰਕੇ ਹਨ ਕਿ ਉਹ ਦੇਵੀਆਂ ਜਿਨ੍ਹਾਂ ਨੂੰ ਲੋਗ ਈਸ਼੍ਵਰ ਦੀਆਂ ਸਮਰੱਥਾ ਯਾ ਜੋਤੀਆਂ ਸਮਝਕੇ ਪੂਜਦੇ ਹਨ ਸੋ ਰਾਜਪੂਤ ਛੱਤ੍ਰੀਆਂ ਦੀਆਂ ਰਾਜਕੁਮਾਰੀਆਂ ਸਨ, ਅਰ ਹੋਰ ਕੋਈ ਐਸੀ ਬਾਤ ਨਹੀਂ ਸੀ ਜੋ ਲੋਗਾਂ ਨੇ ਖਯਾਲ ਕੀਤੇ ਹੋਏ ਹਨ, ਇਸ ਵਾਸਤੇ ਇਨ੍ਹਾਂ ਵਿੱਚ ਈਸ਼੍ਵਰ ਬੁਧਿ ਤਯਾਗ ਕੇ ਧਰਮਾਤਮਾਂ ਰਾਜਕੁਮਾਰੀਆਂ ਸਮਝਕੇ ਇਨ੍ਹਾਂ ਦੀ ਇੱਜ਼ਤ ਕਰਨੀ ਕੋਈ ਬੁਰੀ ਬਾਤ ਨਹੀਂ ਹੈ, ਪਰੰਤੂ ਇਨ੍ਹਾਂ ਨੂੰ ਈਸ਼੍ਵਰ ਮੰਨਨਾ ਐਸਾ ਹੀ ਗੱਪ ਹੈ ਜੈਸਾ ਕਛੂ ਯਾ ਮੱਛ ਆਦਿਕ ਨੂੰ ਮੰਨਿਆਂ ਗਿਆ ਹੈ, ਯਾ ਰਾਮਚੰਦਰ ਅਤੇ ਕ੍ਰਿਸ਼ਨ ਨੂੰ ਲੋਗ ਅਪਨੀ ਭੁੱਲ ਨਾਲ ਈਸ਼੍ਵਰ ਦਾ ਅਵਤਾਰ ਮੰਨਦੇ ਹਨ॥

### ਦੋਹਿਰਾ

ਐਸੀ ਧਰਮ ਪ੍ਰਚਾਰਕਾ ਸੂਰਬੀਰ ਗੁਣ ਦਾਰ।
ਸਦ ਆਦਰ ਦੇ ਜੋਗ ਹਨ ਚਹਿਏ ਤਿਨ ਸਤਕਾਰ।।੨੯੪।।
"ਪਰ ਪਰਮੇਸ਼ਰ ਜਾਨਕੇ ਨਾ ਵਰ ਤਿਨ ਤੇ ਮੰਗ।
ਸੋਭਾ ਕਰ ਜਿਤਨੀ ਬਨੇ ਜਿਨ੍ਹਾਂ ਕਰੇ ਸੇ ਜੰਗ।।"

## ਦੁਰਗਾ ਭਗਤ

### ਦੋਹਿਰਾ

ਨਵੇਂ ਨਵੇਂ ਤੂੰ ਦੱਸ ਦਾ ਭੇਤ ਮਸਾਲੇਦਾਰ।
ਜਿਸ ਤੇ ਕਰਨਾ ਪਏਗਾ ਦੁਰਗਾ ਤੇ ਇਨਕਾਰ।।੨੯੫।।
ਪਰ ਓਹ ਹੈ ਸਨ ਲੜਕੀਆਂ ਸੁੰਦਰ ਰੂਪ ਉਚਾਰ।
ਬਯਾਹੋਂ ਕਰ ਇਨਕਾਰ ਜੋ ਕਰਦੀ ਜੰਗ ਉਦਾਰ।।੨੯੬।।
"ਇਸ ਦਾ ਕਿਆ ਪਰਮਾਨ ਹੈ ਪਾਸ ਤੁਸਾਂਦੇ ਦੱਸ।
ਬਿਨਾਂ ਦਲੀਲ ਨ ਮੰਨਸਾਂ ਜੇ ਤੂੰ ਛੱਡੇ ਹੱਸ।।"

ਭਾਵ:- ਇਸ ਤਰ੍ਹਾਂ ਦਾ ਖਿਆਲ ਕਰਨਾ ਕਿ ਓਹ ਰਾਜਪੂਤ ਰਾਜਿਆਂ ਜਾਂ ਰਾਣਿਆਂ ਦੀਆਂ ਕੰਨਿਆਂ ਸਨ ਅਤੇ ਮਰਹੱਟੇ ਲੋਗ ਉਨ੍ਹਾਂ ਨੂੰ ਸੁੰਦਰ ਰੂਪ ਦੇਖਕੇ ਵਰਤਨਾ ਚਾਹੁੰਦੇ ਸਨ ਜਿਸ ਪਰ ਓਹ ਜੰਗ ਕਰਦੀਆਂ ਹੁੰਦੀਆਂ ਸਨ, ਇਕ ਅਨੁਮਾਨ ਹੈ ਪਰੰਤੂ ਫਿਰ ਭੀ ਜੇ ਇਸ ਬਾਤ ਨੂੰ ਸੱਤ ਮੰਨਿਆ ਜਾਵੇ ਤਾਂ ਸਾਨੂੰ ਕਿਸੇ ਦ੍ਰਿਸ਼ਟਾਂਤ ਅਤੇ ਪ੍ਰਮਾਨ ਦੀ ਜ਼ਰੂਰਤ ਜ਼ਰੂਰ ਪੈਂਦੀ ਹੈ, ਕਿਉਂਕਿ ਧਰਮ ਦੇ ਨਿਸਚੇ ਨੂੰ ਨਿਰਾ ਹਾਂਸੀ ਵਾਲੀ ਬਾਤ ਤੇ ਹੀ ਮੰਨ ਲੈਣਾ ਠੀਕ ਨਹੀਂ ਹੁੰਦਾ ਕਿੰਤੂ ਉਸ ਪਰ ਜ਼ਰੂਰ ਵਿਚਾਰ ਕਰਨਾ ਜੋਗ ਹੈ।।

## ਤੱਤ ਖਾਲਸਾ

### ਦੋਹਿਰਾ

ਇਹ ਤਾਂ ਸਿਆਣੀ ਗੱਲ ਹੈ ਕਰਨ ਵਿਵੇਚਨ ਜੋਇ।
ਐਸੇ ਉਤ੍ਰ ਪਰ ਨਹੀਂ ਗੁੱਸਾ ਕਰਦਾ ਕੋਇ।।੨੯੭।।

### ਦੋਹਿਰਾ

ਪਹਲੇ ਤਾਂ ਤੂੰ ਸੋਚ ਏਸ ਨੂੰ ਜੋ ਪ੍ਰਗਟ ਸੰਸਾਰੇ।
ਵਿੱਚ ਤਾਰੀਖਾਂ ਲਿਖੇ ਪਏ ਹਨ ਸਾਰੇ ਪੁਵਾਰੇ।।
ਸੁੰਦਰ ਨਾਰਾਂ ਪਿੱਛੇ ਲੜਦੇ ਰਹੇ ਅਨਰਥੀ ਰਾਜੇ।
ਖੂਨ ਬਹਾਏ ਨਦੀਆਂ ਵਾਂਗ ਘਾਉ ਅੱਜ ਤਕ ਤਾਜ਼ੇ।।੨੯੮।।
ਰਾਜਪੂਤ ਰਾਜਾ ਦੀ ਰਾਣੀ ਜੋ ਸੀ ਕਵਲਾਂ ਦੇਵੀ।
ਇਲਾਵੱਦੀਨ ਲੜਾਈਆਂ ਕਰਕੇ ਖੋਹ ਲਈ ਨਿਜ ਭੇਵੀ।।
ਮੁਸਲਮਾਨ ਬਾਦਸ਼ਾਹ ਰੱਖੀ ਅਪਨੀ ਬੇਗਮ ਕਰਕੇ।
ਜਿਸ ਪਿੱਛੇ ਸੇ ਲੜੇ ਬਹਾਦਰ ਜਾਨ ਤਲੀ ਪਰ ਧਰਕੇ।।੨੯੯।।

ਫਿਰ ਉਸ ਦੀ ਜੋ ਸੁੰਦਰ ਬੇਟੀ ਦੇਵਲ ਦੇਵੀ ਦੱਸੀ।
ਓਹ ਖਿਲਜੀ ਦੇ ਪੁਤ੍ਰ ਦੇ ਘਰ ਨਾਰੀ ਹੋਕੇ ਵੱਸੀ॥
ਬਾਪ ਪੂਤ ਨੇ ਮਾਵਾਂ ਧੀਆਂ ਅਪਨੇ ਘਰੀਂ ਵਸਾਈਆਂ।
ਨਾਲ ਲੜਾਈ ਜੁੱਧ ਜੰਗ ਦੇ ਜੋ ਸਨ ਮਾਲ ਪਰਾਈਆਂ॥੩੦੦॥
ਫੇਰ ਪਦਮਨੀ ਦਾ ਜੋ ਕਿੱਸਾ ਪੜ੍ਹ ਲੇਵੇਂ ਇੱਕ ਵੇਰੀਂ।
ਅੱਖੀ ਵਾਂਗ ਨਦੀ ਦੇ ਵੱਗਨ ਸੂੱਕਨ ਨਾਹੀਂ ਤੇਰੀ॥
ਉਸ ਪਿੱਛੇ ਜਦ ਪਿਆ ਬਾਦਸ਼ਾਹ ਚਾਹੇ ਆਪ ਨਕਾਹੀ।
ਅਰ ਰਾਜਪੂਤ ਭੂਪ ਨੇ ਉਸ ਪਰ ਜੀਉਣ ਆਸਾ ਲਾਹੀ॥੩੦੧॥
ਜਾਨਾਂ ਟੁਟਕੇ ਲੜੇ ਸੂਰਮੇ ਕੱਟ ਵੱਢ ਤਨ ਸੁੱਟੇ।
ਓੜਕ ਨੂੰ ਫਿਰ ਰਾਜਪੂਤ ਸੇ ਤੁਰਕਾਂ ਅੱਗੇ ਹੱਟੇ॥
ਦੇਕਰ ਜਾਨਾਂ ਗਏ ਸੂਰਗ ਨੂੰ ਲੈ ਯਸ਼ ਤਿਲਕ ਬਹਾਦਰ।
ਅੱਜ ਤੀਕ ਹੈ ਵਿੱਚ ਜਗ ਦੇ ਠੀਕ ਜਿਨ੍ਹਾਂ ਦਾ ਆਦਰ॥੩੦੨॥
ਪਰ ਓਹ ਰਾਜਪੂਤ ਦੀ ਬੇਟੀ ਅਹੋ ਪਦਮਨੀ ਦੇਵੀ।
ਗੈਰਤ ਖਾਕੇ ਵਿੱਚ ਕਿਲੇ ਦੇ ਰਾਮ ਰਾਮ ਮੁਖ ਸੇਵੀ॥
ਕਰਕੇ ਚਿਖਾ ਬਹੀ ਤਿਸ ਉਪਰ ਜਲਕੇ ਰਾਖ ਬਨਾਈ।
ਅਪਨੇ ਪਤੀ ਬਹਾਦਰ ਨੂੰ ਨਿਜ ਲਾਜ ਨ ਜਗ ਵਿੱਚ ਲਾਈ॥੩੦੩॥
ਤੋੜ ਕਿਲੇ ਨੂੰ ਬਾਦਸ਼ਾਹ ਜਦ ਅੰਦਰ ਗਿਆ ਨਕਾਰਾ।
ਕਹਾਂ ਪਦਮਨੀ ਤੁਰਤ ਬਤਾਓ ਐਸੇ ਮੁੱਖੋਂ ਉਚਾਰਾ॥
ਤਦ ਇੱਕ ਟਹਿਲਨ ਤੁਰਤ ਖਾਕ ਦੀ ਮੁੱਠੀ ਭਰਕੇ ਭਾਰੀ।
ਬਾਦਸ਼ਾਹ ਦੇ ਸਿਰ ਪਰ ਮਾਰੀ "ਏਹੁ ਪਦਮਨੀ ਪਯਾਰੀ"॥੩੦੪॥
ਜਲਦੀ ਚਿਖਾ ਦੇਖ ਕਰ ਓਥੇ ਬਾਦਸ਼ਾਹ ਪਛਤਾਇਆ।
ਆਖੇ ਸੋ ਭੀ ਹੱਥ ਨ ਆਈ ਜਿਸ ਪਰ ਜੰਗ ਮਚਾਇਆ॥
ਹੋਇ ਨਿਰਾਸੁ ਪਿਛਾਹਾਂ ਮੁੜਿਆ ਆਸ ਰਿਦੇ ਦੀ ਖੋਈ।
ਅੱਜ ਤੀਕ ਇਹ ਨਵੀਂ ਬਾਤ ਹੈ ਵਿੱਚ ਤਰੀਖਾਂ ਜੋਈ॥੩੦੫॥

**ਦੋਹਿਰਾ**

ਇਸ ਤੇ ਸਾਬਤ ਹੋ ਗਿਆ ਨਾਰਾਂ ਬਦਲੇ ਜੰਗ।
ਕਰਦੇ ਸੇ ਦੁਰ ਆਦਮੀ ਧਰਮ ਆਪਨਾ ਭੰਗ॥੩੦੬॥
ਇਸੇ ਤਰ੍ਹਾਂ ਨ੍ਰਿਪ ਸੁੰਭ ਸੇਵਰਨਾ ਚਹਨ ਜਹਾਨ।
ਜੋ ਸਨ ਸੁੰਦਰ ਕੰਨਯਾਂ ਰਾਜ ਕੁਮਾਰ ਮਹਾਨ॥੩੦੭॥
ਹੁਨ ਇਸ ਪਰ ਪਰਮਾਣ ਮੈਂ ਦਸਮ ਗ੍ਰੰਥੋਂ ਕੱਢ।
ਤੇਰੇ ਤਾਂਈ ਦੱਸਕੇ ਦਿਆਂ ਬਖੇੜਾ ਵੱਢ॥੩੦੮॥
ਜਿਸ ਪਰ ਤੈਨੂੰ ਆਵਸੀ ਪੂਰਾ ਤੁਰਤ ਯਕੀਨ।

ਮੁੜ ਕੇ ਐਸੀ ਬਾਤ ਪਰ ਡੋਲੇ ਚਿਤ ਕਬੀਨ॥੩੦੯॥

## ਯਥਾ : ਚੰਡੀ ਚਰਿੱਤ੍ਰ ਦਸਮ ਗ੍ਰੰਥ

ਮਾਰਕੰਡੇ ਪੁਰਾਨ ਦਾ ਤਰਜ਼ੁਮਾਂ ਜੋ ਦਸਮ ਗ੍ਰੰਥ ਵਿੱਚ ਪਾਇਆ ਜਾਂਦਾ ਹੈ ਜਿਸ ਨੂੰ ਚੰਡੀ ਦੀ ਵਾਰ ਸੱਦਦੇ ਹਨ। ਉਸ ਵਿੱਚ ਚੰਡੀ ਨਾਮੇਂ ਦੇਵੀ ਦੇ ਲਛਨ ਓਹੀ ਦੱਸੇ ਹਨ ਜੋ ਸੁੰਦਰ ਰਾਜਪੂਤ ਕੰਨਯਾ ਦੇ ਹੋਨੇ ਚਾਹੀਦੇ ਸਨ ਅਰ ਉਸ ਦੇ ਰੂਪ ਵਸ ਹੋਕੇ ਸ਼ੁੰਭ ਨੇ ਭੀ ਖਿਲਜੀ ਬਾਦਸ਼ਾਹ ਵਾਲਾ ਹੀ ਹੱਥ ਕੀਤਾ ਸਾ॥

ਯਥਾ : ਸਵੈਯਾ

"ਕੰਚਨ ਸੋ ਤਨ ਖੰਜਨ ਸੇ ਦ੍ਰਿਗ ਕੰਜਨ ਕੀ ਸੁਖਮਾਂ ਸੁਕਚੀ ਹੈ ਲੈ। ਕਰਤਾਰ ਸੁਧਾਰਕ ਮੈਂ ਮਧ ਮੂਰਤ ਸੀ ਅੰਗ ਰਚੀ ਹੈ॥ ਆਨਨ ਕੀ ਸਰ ਕੋਸਸ ਨਾਹਿਨ ਔਰ ਕਛੂ ਉਪਮਾ ਨ ਬਚੀ ਹੈ। ਸ੍ਰਿੰਗ ਸੁਮੇਰ ਕੇ ਚੰਡ ਬਿਰਾਜਤ ਮਾਨੋ ਸੰਘਾਸਨ ਬੈਠੀ ਸਚੀ ਹੈ॥੭੯॥

## ਦੋਹਿਰਾ

ਐਸੇ ਸ੍ਰਿੰਗ ਸੁਮੇਰ ਕੇ ਸੋਭਤ ਚੰਡ ਪ੍ਰਚੰਡ।
ਚੰਦ੍ਰਹਾਸ ਕਰ ਕਰ ਧਰੇ ਜਨ ਜਮ ਲੀਨੇ ਦੰਡ॥੮੦॥
ਕਿਸੀ ਕਾਜ ਕੋ ਦੈਂਤ ਇੱਕ ਆਇ ਗਾਇਓ ਤਿਹ ਠਾਇ।
ਨਿਰਖ ਰੂਪ ਬਰ ਚੰਡ ਕੋ ਗਿਰਓ ਮੂਰਛਾ ਖਾਇ॥੮੧॥
ਨਮਸਕਾਰ ਕਰ ਜੋਰ ਕੈ ਕਹੀ ਚੰਡ ਸੋਂ ਬਾਤ।
ਨ੍ਰਿਪ ਸੁੰਭ ਕੋ ਭਰਾਤ ਹੋਂ ਕਹੀ ਬਚਨ ਸਕਚਾਤ॥੮੨॥
ਤੀਨ ਲੋਕ ਜਿਨ ਬਸ ਕੀਏ ਅਰ ਬਲ ਭੂਜਾਂ ਪਰਚੰਡ।
ਐਸੇ ਭੂਪਤ ਸੁੰਭ ਹੈ ਤਾਹਿੰ ਬਰੋਬਰ ਚੰਡ॥੮੩॥
ਸੁਨ ਰਾਕਸ਼ ਕੀ ਬਾਤ ਕੋ ਦੇਵੀ ਉੱਤਰ ਦੀਨ।
ਜੁੱਧ ਕਰੇ ਬਿਨ ਨਹਿ ਬੁਰੋਂ ਸੁਨੋ ਦੈਂਤ ਮਤੋ ਹੀਨ॥੮੪॥

## ਦੋਹਿਰਾ

ਇਹ ਸੁਨ ਦਾਨਵ ਚਪਲ ਗਤਿ ਗਇਓ ਸੁੰਭ ਕੇ ਪਾਸ।
ਪਰ ਪਾਇਨ ਕਰ ਜੋਰ ਕੈ ਕਰੀ ਏਕ ਅਰਦਾਸ॥੮੫॥
ਅਉਰ ਰਤਨ ਨ੍ਰਿਪ ਧਾਮ ਤੁਮ ਤ੍ਰਿਆ ਰਤਨ ਤੇ ਹੀਨ।
ਬਧੂ ਏਕ ਮਨ ਮੇਂ ਬਸੇ ਤਿਹ ਤੁਮ ਬਰੋ ਪਰਬੀਨ॥੮੬॥

## ਸੋਰਠਾ

ਸੁਨੀ ਮਨੋਹਰ ਬਾਤ ਨ੍ਰਿਪ ਬੂਝਿਓ ਪੁਨ ਤਾਹਿ ਕੋ।
ਮੋ ਸੋ ਕਹੀਐ ਭ੍ਰਾਤ ਬਰਨਨ ਤਾਹਿ ਸਰੀਰ ਕੋ॥੮੭॥

## ਸਵੈਯਾ

ਹਰਿ ਸੋ ਸੁਖ ਹੈ ਹਰਤੀ ਦੁਖ ਹੈ ਅਲਿਕੈ ਹਰਿ ਹਾਰ ਪ੍ਰਭਾ ਹਰਨੀ ਹੈ। ਲੋਚਨ ਹੈਂ ਹਰ ਸੇ ਸਰਸੇ ਹਰਿ ਸੀ ਭੁਰਟੇ ਹਰ ਸੀ ਬਰਨੀ ਹੈ॥ ਕੇਹਰ ਸੋ ਕਹਰ ਸੋ ਕਰਹਾ ਚਲਬੋ ਹਰਿ ਪੈ ਹਰਿ

ਕੀ ਹਰਨੀ ਤਰਨੀ ਹੈ। ਹੈ ਕਰ ਮੈ ਹਰਿ ਪੈ ਹਰਿ ਸੋ ਹਰਿ ਰੂਪ ਕੀਏ ਹਰਿ ਕੀ ਧਰਨੀ ਹੈ।।੮੮।।

## ਕਬਿਤ

ਮੀਨ ਮੁਰਝਾਨੇ ਕੰਜ ਖੰਜਨ ਖਿਸਾਨੇ, ਅਲ ਫਿਰਤ ਦਿਵਾਨੇ ਬਨ ਡੋਲੈਂ ਜਿਤ ਤਿਤਹੀ। ਕੀਰ ਔ ਕਪੋਤ ਬਿੰਬ ਕੋਕਲਾ ਕਲਾਪੀ ਬਨ ਲੂਟੇ ਫੂਟੇ ਫਿਰੈਂ ਮਨ ਚੈਨਹੂ ਨ ਕਿਤਹੀ।। ਦਾਰਮ ਦਰਕ ਗਾਇਓ ਦੇਖ ਦਸਨਾਨ ਪਾਨ ਰੂਪ ਹੀ ਕੀ ਕ੍ਾਂਤ ਜਗ ਫੈਲ ਰਹੀ ਸਿਤ ਹੀ। ਐਸੀ ਗੁਨ ਸ਼ਾਗਰ ਉਜਾਗ੍ਰ ਸੋ ਨਾਗ੍ਰ ਹੈ ਲੀਨੋ ਮਨ ਮੇਰੋ ਹਰਿ ਨੈਨ ਕੋਰ ਚਿੱਤ ਹੀ।।੮੯।।

## ਦੋਹਿਰਾ

ਬਾਤ ਦੈਤ ਦੀ ਸੁੰਭ ਸੁਨ ਬੋਲਿਓ ਕੁਛ ਮੁਸਕਾਤ।
ਚਤਰ ਦੂਤ ਕੋਊ ਭੇਜੀਏ ਲਖਿ ਆਵੈ ਤਿਹ ਘਾਤ।।੯੦।।

## ਦੋਹਿਰਾ

ਬਹੁਤ ਕਹੀ ਉਨ ਦੈਤ ਅਬ ਕੀਜੈ ਏਕ ਬਿਚਾਰ।
ਜੋ ਲਾਇਕ ਭਟਸੈਨ ਮੈ ਭੇਜਹੁ ਦੇ ਅਧਿਕਾਰ।।੯੧।।

## ਸਵੈਯਾ

ਬੈਠ ਹੁਤੋ ਨ੍ਰਿਪ ਮਧਿ ਸਭਾ ਉਠਕੇ ਕਰਿ ਜੋਰਿ ਕਹਿਓ ਜਾਊਂ। ਬਾਤਨ ਤੇ ਰਿਝਵਾਇ ਮਿਲਾਇ ਹੋ ਨਾਤਰ ਕੇਸਨ ਗਹਿ ਲਿਆਊਂ। ਕ੍ਰੋਧ ਕਰੈ ਤਬ ਜੁੱਧ ਕਰੋਂ ਰਣ ਸ੍ਰੋਣਤ ਸਰਤਾਨ ਬਹਾਊਂ।। ਲੋਚਨ ਧੂਮ ਕਹੈ ਬਲ ਅਪਨੋ ਸਾਥ ਪਾੜ ਉਡਾਊਂ।।"

ਚੰਡੀ ਚਰਿੱਤ੍ਰ ਦੇ ਇਨ੍ਹਾਂ ਛੰਦਾਂ ਤੋਂ ਸਾਫ ਸਿੱਧ ਹੁੰਦਾ ਹੈ ਕਿ ਉਹ ਕੋਈ ਜੁਆਨ ਉਮਰਾਂ ਦੀ ਸੁੰਦ੍ਰ ਇਸਤ੍ਰੀ ਸੀ, ਜਿਸ ਸੋਭਾ ਇਸ ਤਰ੍ਹਾਂ ਦੀ ਕੀਤੀ ਹੈ ਕਿ ਸੁਇਨੇ ਵਰਗਾ ਰੰਗ, ਮੱਛੀ ਵਰਗੀ ਅੱਖਾਂ ਨੂੰ ਦੇਖਕੇ ਕਵਲ ਭੀ ਲੱਜਾਵਾਨ ਹੋ ਗਏ ਹਨ, ਜਿਸ ਦੇ ਮੁਖ ਦੀ ਸੁੰਦ੍ਰਤਾ ਦੇ ਅੱਗੇ ਕਰੋੜਾਂ ਚੰਦ ਭੀ ਕੁਛ ਨਾ ਹਨ ਅਤੇ ਪਹਾੜੀ ਦੀ ਚੋਟੀ ਪਰ ਬੈਠੀ ਇਸ ਤਰ੍ਹਾਂ ਸੋਭਾ ਪਾਉਂਦੀ ਹੈ ਮਾਨੋਂ (ਸੱਚੀ) ਇੰਦ੍ਰ ਦੀ ਇੰਦ੍ਰਾਣੀ ਸੰਘਾਸਨ ਪਰ ਬੈਠੀ, ਜਿਸ ਦੇ ਰੂਪ ਨੂੰ ਦੇਖਕੇ ਸੁੰਭ ਰਾਜਾ ਦਾ ਭਾਈ ਬੇਹੋਸ਼ ਹੋ ਗਿਆ ਅਰ ਫਿਰ ਉਸ ਨੂੰ ਅਪਨੇ ਭਾਈ ਰਾਜਾ ਸੁੰਭ ਦਾ ਪਰਤਾਪ ਕੇ, ਉਸ ਨਾਲ ਬਿਆਹ ਕਰਨ ਦੀ ਦਰਖਾਸਤ ਕੀਤੀ, ਜਿਸ ਨੂੰ ਸੁਣਕੇ ਉਸ ਨੇ ਇਹੋ ਉੱਤਰ ਦਿੱਤਾ ਕਿ ਮੈਂ ਉਸ ਨਾਲ ਤਾਂ ਵਿਆਹ ਕਰਾਵਾਂਗੀ ਜੋ ਮੇਰੇ ਨਾਲ ਜੁੱਧ ਕਰਕੇ ਮੈਨੂੰ ਜਿੱਤ ਲਏਗਾ।।

ਇਸ ਬਾਤ ਨੂੰ ਸੁਣਕੇ ਉਸ ਆਦਮੀ ਨੇ ਅਪਨੇ ਭਾਈ ਸੁੰਭ ਪਾਸ ਉਸਦੀ ਸੋਭਾ ਕੀਤੀ ਅਰ ਕਿਹਾ ਕਿ ਹੋਰ ਪਦਾਰਥ ਤਾਂ ਤੇਰੇ ਪਾਸ ਸਾਰੇ ਹਨ ਪ੍ਰੰਤੂ ਅਜੇਹੀ ਸੁੰਦ੍ਰ ਰੂਪਵਤੀ ਇਸਤ੍ਰੀ ਤੇਰੇ ਪਾਸ ਨਹੀਂ ਹੈ। ਸੋ ਜੇ ਉਸ ਨੂੰ ਵਰ ਲਵੇਂ ਤਾਂ ਸਭ ਕੁਛ ਤੇਰੇ ਪਾਸ ਹੋ ਸਕਦਾ ਹੈ। ਜਿਸ ਪਰ ਰਾਜਾ ਸੁੰਭ ਨੇ ਉਸ ਦੀ ਸਰੀਰਕ ਸੁੰਦਰਤਾ ਪੁੱਛੀ, ਜਿਸ ਦੇ ਉੱਤਰ ਵਿੱਚ ਉਸ ਨੇ ਫਿਰ ਇਹੋ ਆਖਿਆ ਕਿ ਚੰਦ੍ਰਮਾਂ ਵਰਗਾ ਉਸ ਦਾ ਮੁਖ, ਦੁਖਾਂ ਦੇ ਦੂਰ ਕਰਨੇ ਹਾਰਾ ਹੈ, ਅਰ ਉਸ ਦੀਆਂ ਜ਼ੁਲਫਾਂ ਨਾਗ ਜੈਸੀਆਂ ਹਨ ਬਲਕਿ ਉਸ ਦੀ ਸੋਭਾ ਨੂੰ ਭੀ ਦੂਰ

ਕਰਨ ਹਾਰੀਆਂ ਹਨ, ਇਸੇ ਤਰ੍ਹਾਂ ਉਸ ਦੀ ਸੁੰਦ੍ਰਤਾ ਦੱਸਕੇ ਸਾਬਤ ਕੀਤਾ ਕਿ ਉਸ ਦੀ ਅੱਖੀਆਂ ਨੂੰ ਦੇਖਕੇ ਮੱਛੀ ਮਮੋਲੇ ਅਤੇ ਕਵਲ ਭੀ ਸ਼ਰਮਾ ਗਏ ਹਨ ਅਤੇ ਬਣਾਂ ਵਿੱਚ ਭਟਕ ਰਹੇ ਹਨ, ਅਤੇ ਉਸ ਦੇ ਬੋਲ ਨੂੰ ਸੁਨਕੇ ਤੋਤੇ, ਕਬੂਤਰ, ਪਪੀਹੇ ਅਤੇ ਕੋਇਲ ਅਜੇਹੇ ਹੋ ਗਏ ਹਨ ਜਿਸ ਤਰ੍ਹਾਂ ਕੋਈ ਲੁੱਟਿਆ ਪੁੱਟਿਆ ਜਾਂਦਾ ਹੈ, ਫਿਰ ਉਸ ਦੇ ਦੰਦਾਂ ਦੀ ਸੁੰਦ੍ਰਤਾ ਨੂੰ ਦੇਖਕੇ ਅਨਾਰਾਂ ਦੀ ਭੀ ਪੰਕਤੀ ਹੱਲ ਗਈ ਹੈ, ਜਿਸ ਤੇ ਮੇਰਾ ਮਨ ਉਸ ਨੇ ਅਜੇਹਾ ਮੋਹਿਆ ਜੋ ਹੋਸ਼ ਨਾ ਰਹੀ।।

ਜਦ ਸੁੰਭ ਨੇ ਅਪਨੇ ਭਾਈ ਦੀ ਇਹ ਬਾਤ ਸੁਨੀ ਤਦ ਆਖਨ ਲੱਗਾ ਕਿ ਜੇ ਅਜੇਹੀ ਸੁੰਦਰ ਹੈ ਤਾਂ ਉਸ ਦੇ ਪ੍ਰੇਰਨੇ ਵਾਸਤੇ ਕੋਈ ਚਤਰ ਆਦਮੀ ਭੇਜਨਾ ਚਾਹੀਦਾ ਹੈ, ਜਿਸ ਪਰ ਧੂਮਰ ਨੈਨ ਨਾਮੀ ਪੁਰਖ ਨੇ ਬੀੜਾ ਉਠਾਇਆ ਅਰ ਆਖਯਾ ਕੇ ਮੈ ਉਸ ਨੂੰ ਬਾਤਾਂ ਨਾਲ ਰਿਝਾਕੇ ਆਪ ਦੀ ਸੇਵਾ ਵਿੱਚ ਲਿਆਵਾਂਗਾ ਅਰ ਜੇ ਨਹੀਂ ਮੰਨੇਗੀ ਤਾਂ ਕੇਸਾਂ ਤੇ ਪਕੜ ਕੇ ਹਾਜ਼ਰ ਕਰਾਂਗਾ।।

ਇਸ ਸਾਰੇ ਪਰਸੰਗ ਤੇ ਇਹ ਸਾਬਤ ਨਹੀਂ ਹੁੰਦਾ ਕਿ ਉਹ ਈਸ਼੍ਵਰ ਸੀ ਯਾ ਈਸ਼੍ਵਰ ਦੀ ਸ਼ਕਤੀ ਅਜੇਹੇ ਕੰਮ ਕਰਨ ਆਈ ਸੀ ਜਿਸ ਨੂੰ ਵਿਆਹੁਨ ਲਈ ਲੋਗ ਯਤਨ ਕਰਦੇ ਸਨ, ਕਿੰਤੂ ਇਸ ਤੇ ਏਹੋ ਸਿੱਧ ਹੁੰਦਾ ਹੈ ਕਿ ਓਹ ਪਹਾੜ ਦੇ ਕਿਸੇ ਰਾਜੇ ਯਾ ਅਮੀਰ ਦੀ ਕੰਨਯਾਂ ਸੀ, ਐਸੀਆਂ ਕੰਨਯਾਂ ਨੂੰ ਜੁੱਧ ਜੰਗ ਦੇ ਪ੍ਰੇਮ ਹੁੰਦੇ ਸਨ, ਅਰ ਗੈਰ ਕੌਮ ਦੇ ਆਦਮੀਆਂ ਨੂੰ ਅਪਨੇ ਪਰ ਹਮਲੇ ਕਰਦੇ ਦੇਖਕੇ ਰੋਕਦੀਆਂ ਸਨ। ਇਸੇ ਤਰ੍ਹਾਂ ਉਨ੍ਹਾਂ ਦੇ ਕੰਮ ਭੀ ਦੱਸਦੇ ਸਨ ਕਿ ਉਹ ਇੱਕ ਆਮ ਤੌਰ ਦੀਆਂ ਇਸਤ੍ਰੀਆਂ ਸਨ ਜਿਨ੍ਹਾਂ ਪਾਸ ਕਈ ਰਾਜੇ , ਜਿਨ੍ਹਾਂ ਨੂੰ ਉਨ੍ਹਾਂ ਦੇ ਹੀ ਵਿਰੋਧੀਆਂ ਪਾਸੋਂ ਦੁਖ ਮਿਲਦੇ ਸਨ, ਜਾਕੇ ਪ੍ਰਾਰਥਨਾ ਕਰਦੇ ਸਨ ਕਿ ਸਾਡੀ ਮਦਦ ਕਰੋ, ਜੈਸਾ ਕਿ ਚੰਡੀ ਦੀ ਵਾਰ ਵਿੱਚ ਲਿਖਿਆ ਹੈ।।

ਯਥਾ : ਪਉੜੀ

"ਇੱਕ ਦਿਹਾੜੇ ਨਾਵਣ ਆਈ ਦੁਰਗਾਸ਼ਾਹ। ਇੰਦ੍ਰ ਬ੍ਰਿਥਾ ਸੁਣਾਈ ਅਪਣੇ ਹਾਲ ਦੀ।। ਛੀਨ ਲਈ ਠੁਕਰਾਈ ਸਾਤੇ, ਦਾਨਵਾਂ। ਲੋਕੀ ਤਿਹੀ ਫਰਾਈ ਦੋਹੀ ਆਪਣੀ।। ਬੈਠੇ ਵਾਇ ਵਧਾਈ ਤੇ ਅਮਰਾਵਤੀ। ਦਿੱਤੇ ਦੇਵ ਭਜਾਈ ਸਭਨਾ ਰਾਕਸ਼ਾਂ। ਕਿਨੈ ਨ ਜਿਤਾ ਜਾਈ ਮਹਿਖੈ ਦੈਤ ਨੂੰ। ਤੇਰੀ ਸਾਮਤ ਕਾਈ ਦੇਵੀ ਦੁਰਗਾਸ਼ਾਹ।।੪।। ਪਉੜੀ।। ਦੁਰਗਾ ਬੈਣ ਸੁਣੰਦੀ ਹਸੀ ਹੜ ਹੜਾਇ। ਓਹੀ ਸੀਹੁ ਮੰਗਾਇਆ ਰਾਕਸ਼ ਭੱਖਣਾ।। ਚਿੰਤ ਕਰਹੁ ਨ ਕਾਈ ਦੇਵਾ ਨੂੰ ਆਖਿਆ। ਹੋਰ ਹੋਈ ਮਹਮਾਈ ਰਾਕਸ਼ ਮਾਰਣੇ।।੫।।"

ਇਸ ਪਉੜੀ ਦੇ ਅਰਥ ਤੇ ਏਹੋ ਗਯਾਨ ਹੁੰਦਾ ਹੈ ਜੋ ਪਹਾੜਾਂ ਵਿੱਚ ਅਕਸਰ ਬਾਉਲੀਆਂ ਪਰ ਜਾਕੇ ਇਸਤ੍ਰੀਆਂ ਨ੍ਹਾਉਂਦੀਆਂ ਹਨ। ਇਸ ਵਾਸਤੇ ਦੁਰਗਾ ਦੇਵੀ ਜਿਸ ਕੰਨਯਾਂ ਦ੍ਰਾ ਨਾਮ ਸੀ ਉਹ ਘਰੋਂ ਨ੍ਹਾਂਉਣ ਜਾਂਦੀ ਸੀ ਜਿਸ ਨੂੰ ਵੇਖਕੇ ਇੰਦ੍ਰ ਨਾਮੇਂ ਰਾਜਾ ਆਇਆ ਅਰ ਉਸ ਨੇ ਅਪਨਾ ਦੁਖ ਰੋਇਆ ਅਰ ਦੱਸਯਾ ਕਿ ਸਾਡੇ ਵਿਰੋਧੀਆਂ ਨੇ ਸਾਨੂੰ ਕੱਢਕੇ ਸਾਡੇ ਘਰ ਸਾਂਭ ਲੀਤੇ ਹਨ, ਇਸ ਵਾਸਤੇ ਤੇਰੀ ਸ਼ਰਨ ਲਈ ਹੈ ਅਤੇ ਸਾਡੀ ਸਹਾਇਤਾ ਕਰ, ਕਿਉਂਕਿ ਮਹਿਖਾ ਦੈਤ ਵੱਡਾ ਬਲਵਾਨ ਹੈ।।

ਉਸ ਰਾਜੇ ਦੀ ਇਹ ਦੀਨਤਾ ਵਾਲੀ ਬੇਨਤੀ ਸੁਨਕੇ ਦੁਰਗਾ ਖਿੜ ਖੜਾਕੇ ਹਸ ਪਈ ਅਰ ਆਖਯਾ ਕਿ ਤੂੰ ਚਿੰਤਾ ਨਾ ਕਰ ਮੈਂ ਚਲਦੀ ਹਾਂ, ਜਿਸਨੇ ਓਹੋ ਅਸਵਾਰੀ ਕਰਨੇ ਵਾਲਾ ਸ਼ੇਰ ਮੰਗਾਇਆ ਜੋ ਦੁਸ਼ਮਨਾਂ ਨੂੰ ਮਾਰਕੇ ਖਾ ਜਾਂਦਾ ਹੁੰਦਾ ਸੀ, ਜਿਸ ਪਰ ਸਵਾਰ ਹੋਕੇ ਉਨ੍ਹਾਂ ਰਾਕਸ਼ਾਂ ਦੇ ਦਲ ਪਰ ਜਾ ਪਈ, ਫਿਰ ਸ਼ੇਰ ਦੀ ਗਰਜ ਦੇ ਅੱਗੇ ਉਹ ਕਦ ਠਹਰ ਸੱਕਦੇ ਸਨ, ਪਰੰਤੂ ਇਸ ਤੇ ਇਹ ਮੁਰਾਦ ਨਹੀਂ ਜੋ ਓਹ ਇਕੱਲੀ ਹੀ ਹੁੰਦੀ ਸੀ ਕਿੰਤੂ ਉਸ ਦੇ ਨਾਲ ਅਪਨੀ ਅਤੇ ਹੋਰ ਰਾਜਿਆਂ ਦੀ ਸੈਨਾ ਜ਼ਰੂਰ ਹੁੰਦੀ ਸੀ। ਜਿਸ ਨਾਲ ਉਹ ਉਨ੍ਹਾਂ ਪਰ ਫਤੇ ਪਾਉਂਦੀ ਸੀ, ਅਰ ਓਹ ਸਭ ਦੀ ਸਰਦਾਰ ਹੋਨੇ ਕਰਕੇ "ਲੜੇ ਫੌਜ ਨਾਮ ਸਰਦਾਰ ਦਾ" ਵਾਲੀ ਬਾਤ ਹੁੰਦੀ ਸੀ, ਜੈਸਾ ਕਿ ਕਾਬਲ ਦੇ ਜੰਗ ਦੀ ਬਾਬਤ ਅੱਜ ਲੋਗ ਆਖਦੇ ਹਨ ਕਿ "ਸਰਰਾਬਰਟ" ਨੇ ਜੰਗ ਕਰਕੇ ਕਾਬਲ ਨੂੰ ਫਤੇ ਕੀਤਾ, ਸੋ ਇਸ ਤੇ ਇਹ ਮੁਰਾਦ ਨਹੀਂ ਜੋ ਓਹ ਜੰਗੀ ਲਾਟ ਕੱਲਾ ਹੀ ਸੀ, ਏਸੇ ਤਰ੍ਹਾਂ ਦੁਰਗਾ ਦਾ ਹਾਲ ਹੈ॥

ਇਸ ਤੋਂ ਬਿਨਾਂ (ਮਹਿਖਾਸੁਰ) ਨਾਮ ਭੀ (ਮਹਤ ਅਸੁਰ) ਅਰਥਾਤ ਵੱਡਾ ਰਾਕਸ਼ ਤੋਂ ਨਿਕਲਯਾ ਹੈ ਜਿਸ ਤੇ ਅੱਜ ਕੱਲ ਭੀ (ਮਹਤਾ) ਕਰਕੇ ਬੋਲਿਆ ਜਾਂਦਾ ਹੈ, ਅਸੁਰ ਪਦ ਉਸ ਨੂੰ ਇਸੇ ਤਰ੍ਹਾਂ ਦਿੱਤਾ ਹੈ ਜਿਸ ਤਰ੍ਹਾਂ ਤੁਰਕਾਂ ਨੂੰ (ਮਲੇਛ) ਪਦ ਦਿੱਤਾ ਗਿਆ, ਇਸ ਵਾਸਤੇ ਉਹ ਇੱਕ ਇਸਤ੍ਰੀਆਂ ਸਨ ਹੋਰ ਕੋਈ ਐਸੀਆਂ ਵਸਤੂਆਂ ਨਹੀ ਸਨ ਜੋ ਲੋਗਾਂ ਨੇ ਖਿਆਲ ਕੀਤੀਈ ਹੋਈਆਂ ਹਨ॥

## ਦੋਹਿਰਾ

ਇਹ ਸਾਰਾ ਸਮਝਾਇਆ ਮੈ ਤੈਨੂੰ ਹੈ ਹਾਲ।
ਦਸਮ ਗ੍ਰੰਥ ਪਰਮਾਨ ਦੇ ਸੁਨਕੇ ਰਹੁ ਨਿਹਾਲ॥੩੧੦॥
ਤਾਂ ਤੇ ਦੇਵੀ ਦੇਤਵਾ ਨਾਂ ਪੂਜੀਂ ਤੂੰ ਭੁੱਲ।
ਜਿਸ ਦੇ ਪੂਜਾ ਕਰਨ ਤੇ ਨਿਸਚਾ ਜਾਂਦਾ ਡੁੱਲ॥੩੧੧॥
ਇਹ ਸਭ ਰਾਜਕੁਮਾਰੀਯਾਂ ਬੇਟੀ ਸਨ ਰਜਪੂਤ।
ਕਰਤ ਜੰਗ ਸਦ ਤਿਨੌਂ ਸੇ ਜੋ ਦੁਖ ਦੇਤੇ ਊਤ॥੩੧੨॥
ਲੋਗਾਂ ਨੇ ਪਿਥ ਸੂਰਤਾਂ ਅਰ ਧਰਮਾਂ ਦੇ ਕੰਮ।
ਮੰਨ ਲਿਆ ਸਮ ਈਸ ਦੇ ਦੀਨ ਦੁਨੀ ਦੇ ਥੰਮ॥੩੧੩॥
ਹੁੰਦੀ ੨ ਗੱਲ ਇਹ ਵਧ ਗਈ ਐਥੋਂ ਤੀਕ।
ਪੂਜਨ ਮੇਲੇ ਲਾਇਕੇ ਬਲੀ ਚੜ੍ਹਾਉਨ ਲੀਕ॥੩੧੪॥
ਭੇਡ-ਚਾਲ ਹੈ ਜਗਤ ਦੀ ਜਿੱਥੇ ਕਰਦਾ ਚਾਇ।
ਰਾਈਓਂ ਪਰਬਤ ਓਸ ਨੂੰ ਦਿੰਦਾ ਤੁਰਤ ਬਨਾਇ॥੩੧੫॥
ਇਸ ਪਰ ਮੈਂ ਹਾਂ ਦੱਸਦਾ ਅੱਜ ਕਲ ਦੀ ਗੱਲ।
ਦੇਖੋ ਕਤਲੂਹੀ ਵਿਖੇ ਟੁਰ ਪਈ ਹੋਰ ਜ਼ਟੱਲ॥੩੧੬॥
ਮਾਝੇ ਵਿੱਚ ਇੱਕ ਪਿੰਡ ਹੈ ਕਤਲੂਹੀ ਜਿਸ ਨਾਮ।
ਹੈ ਤਹਿਸੀਲ ਕਸੂਰ ਦੀ ਚੰਗਾ ਅਹੇ ਗਰਾਮ॥੩੧੭॥

## ਚੌਪਈ

ਓਸ ਪਿੰਡ ਦੀ ਇੱਕ ਮਿਰਾਸਨ। ਜੋ ਸੀ ਹਸਮੁਖ ਵਡੀ ਹੁਲਾਸਨ॥
ਸਾਹੁਰਿਆਂ ਤੋਂ ਤੁਰੀ ਸਵੇਰੇ। ਕਤਲੂਹੀ ਨੂੰ ਪਾਏ ਫੇਰੇ॥
ਜਦ ਉਹ ਨੱਗਰ ਨੇੜੇ ਆਈ। ਤਦ ਮਿਲ ਗਈ ਉਸ ਨੂੰ ਇੱਕ ਮਾਈ॥
ਲੱਗੀ ਪੁੱਛਨ ਸੁਨ ਤੂੰ ਧੀਆਂ। ਤੈਨੂੰ ਦੇਖ ਦੇਖ ਮੈਂ ਜੀਆਂ॥
ਹੈ ਇਹ ਪਿੰਡ ਤੁਸਾਡਾ ਜੋਈ। ਮੁਸਲਮਾਨ ਭੀ ਰਹਿੰਦਾ ਕੋਈ?
ਜਿਸ ਪਰ ਉਸ ਲੜਕੀ ਨੇ ਕਹਿਆ। ਸਾਡਾ ਹੀ ਘਰ ਬਾਕੀ ਰਹਿਆ॥
ਹੈ ਇਹ ਪਿੰਡ ਵਡਾ ਬਲਵਾਨ। ਜੱਟ ਸਿੰਘ ਸਭ ਵਸਨ ਮਹਾਨ॥
ਜਿਸ ਪਰ ਉਸ ਬੁਢੀਆਂ ਇਹ ਆਖੀ। ਸਹਿਜ ਸੁਭਾਇ ਨ ਮਥ ਕਰ ਭਾਖੀ॥
ਜੇ ਸਿੱਖਾਂ ਦਾ ਹੈ ਇਹ ਗਾਉਂ। ਤਾਂ ਕਦ ਮੁਸਲੀ ਲੇਸ਼ਨ ਨਾਉਂ॥
ਜਿਸ ਪਰ ਉਸ ਲੜਕੀ ਸਮਝਾਇਆ। ਚਲ ਸਾਡੇ ਘਰ ਮਾਣੀ ਸਾਇਆ॥
ਰੋਟੀ ਖਾ ਕਰ ਅਗੇ ਜਾਈਂ। ਐਵੇਂ ਭੁੱਖੀ ਨਾਂ ਤਰਸਾਈਂ॥
ਪਰ ਉਸ ਬੁਢੀਆ ਮੰਨੀ ਨਾਹਿੰ। ਚਲੀ ਗਈ ਨਿਜ ਰਸਤੇ ਮਾਹਿੰ॥
ਏਧਰ ਏਹ ਮਿਰਾਸਨ ਲੜਕੀ। ਆਈ ਘਰ ਮਨ ਹੋਇ ਨਧੜਕੀ॥
ਬਾਤਾਂ ਕਰਦਿਆਂ ਗੱਲ ਸੁਨਾਈਂ। ਮੈਨੂੰ ਮਿਲੀ ਅੱਜ ਇੱਕ ਮਾਈ॥
ਸਿੱਖਾਂ ਦਾ ਸੁਨਕੇ ਇਹ ਗਾਉਂ। ਲੱਗੀ ਕਹਿਨ ਨ ਮੁਸਲਯਾਂ ਥਾਉਂ॥
ਤਾਂ ਮੈ ਏਥੇ ਕੀ ਹੈ ਰਹਿਣਾ। ਜੋ ਨਹਿ ਮੰਨਨ ਸਾਡਾ ਕਹਿਣਾ॥੩੧੮॥

## ਦੋਹਿਰਾ

ਸੁਨਤ ਮਰਾਸਨ ਮਾਇ ਨੇ ਕਹਿਆ ਬਨਾਇਆ ਢੰਗ।
ਜਿਸ ਦੇ ਸੁਨਨੇਹਾਰ ਭੀ ਹੋ ਜਾਵਨਗੇ ਦੰਗ॥੩੧੯॥

## ਚੌਪਈ

ਬਾਹਿਰ ਜਾਇ ਨਗਰ ਦੇ ਪਾਸ। ਕੀਤਾ ਉਸ ਨੇ ਇੱਕ ਬਲਾਸ॥
ਛੋਟਾ ਜੇਹਾ ਥੜਾ ਬਨਾਇਆ। ਅਰ ਲੋਕਾਂ ਨੂੰ ਏਹੁ ਸੁਨਾਇਆ॥
ਮਾਤ ਮੂਸਲੀ ਦੇਵੀ ਏਹ। ਜੋ ਪੂਜੇ ਸੋਈ ਵਰ ਲੇਹ॥
ਪ੍ਰਗਟ ਭਈ ਲੜਕੀ ਨੂੰ ਅੱਜ। ਗੱਲਾਂ ਕਰ ਗਈ ਧਰਕੇ ਪੱਜ॥
ਸੁਨਦੇ ਸਾਰ ਲੋਗ ਬਹੁ ਆਏ। ਕਈ ਤਰ੍ਹਾਂ ਦੇ ਦਰਬ ਚੜ੍ਹਾਏ॥
ਗਾਵਨ ਭੇਟਾ ਨਰ ਅਰ ਨਾਰੇ। ਖਬਰ ਗਈ ਮਾਝੇ ਮਾਹਿ ਸਾਰੇ॥
ਲਗੇ ਝੁਕਨ ਜਦ ਨਰ ਅਰ ਨਾਰੀ। ਹੋ ਇਹ ਆਮਦਨ ਗਈਆ ਭਾਰੀ॥
ਭੁੱਖੇ ਡੂੰਮ ਰਜ ਗਏ ਭਾਰੇ। ਪੂਭਾਂ ਦੇ ਜਦ ਧਾਮ ਉਜਾਰੇ॥
ਜਦ ਜੱਟਾਂ ਨੇ ਕੀਤੀ ਸੋਚ। ਧਨ ਨੂੰ ਦੇਖ ਗਿਆ ਮਨ ਲੋਚ॥
ਤਾਂ ਉਹ ਲਗੇ ਕਹਨ ਸੁਨ ਯਾਰੋ। ਮੰਨੋਂ ਕਯੋ ਡੂੰਮਾਂ ਸਰਦਾਰੋ॥
ਦਓ ਉਠਾਇ ਡੂੰਮਨੀ ਨਾਰੀ। ਹੁਨ ਦਾਦੇ ਦੀ ਆਈ ਵਾਰੀ॥

ਦੇਖੋਂ ਸਾਡੀ ਮੂਸਲੀ ਮਾਈ। ਡੂੰਮਾਂ ਦੇ ਕਿਆ ਕਾਬੂ ਆਈ॥
ਇਤਨਾਂ ਕਹਿ ਕਰ ਡੂੰਮ ਉਠਾਏ। ਓਥੇ ਪਾਂਧੇ ਚਾਇ ਬਠਾਏ॥
ਮਿਸਰ ਅਪਨਾ ਫੰਧ ਚਲਾਇਆ। ਡਾਢਾ ਪੈਸਾ ਬੈਠ ਕੁਮਾਇਆ॥
ਜਦ ਆ ਚੜ੍ਹਨ ਚੜ੍ਹਾਵੇ ਚੰਗੇ। ਨਾਲ ਰੁਪੱਈਆਂ ਦੇ ਹੱਥ ਰੰਗੇ॥
ਤਦ ਜੱਟਾਂ ਨੇ ਫੇਰ ਵਿਚਾਰੀ। ਲੈ ਗਿਆ ਦਾਦਾ ਦਰਬ ਹਮਾਰੀ॥
ਲੁੱਟ ਲਏ ਇਨ ਸੱਭੋ ਗਾਉਂ। ਸਾਡਾ ਮੂਲ ਨ ਲੈਂਦਾ ਨਾਉਂ॥
ਜਿਸ ਪਰ ਉਸ ਨੂੰ ਚੱਕ ਉਠਾਇਆ। ਜਾਇ ਆਪਨਾ ਡੇਰਾ ਲਾਇਆ॥
ਜਿਸ ਦੀ ਪੱਤੀ ਵਿੱਚ ਮਕਾਨ। ਹੋਇ ਗਿਆ ਓਹੋ ਪਰਧਾਨ॥
ਲੱਗੀ ਖਲਕਤ ਢੁੱਕਨ ਹੋਰ। ਨੰਬ੍ਰਦਾਰੀ ਦਾ ਲਖ ਜ਼ੋਰ॥
ਮਾਲੋ ਮਾਲ ਜੱਟ ਹੋ ਗਿਆ। ਦੇਖ ਮੂਸਲੀ ਤੇ ਵਰ ਲਿਆ॥
ਹੁਨ ਉਸ ਜਾਗਾ ਮੰਦਰ ਕਰਕੇ। ਬੈਠ ਗਏ ਹੋ ਮਾਲਕ ਘਰਕੇ॥
ਇੱਕ ਦਿਨ ਉਹੋ ਪੁਜਾਰੀ ਜੱਟ। ਜਿਸ ਦੀ ਆਕੜ ਨਾਂ ਸੀ ਘੱਟ॥
ਆਇਆ ਕੰਮ ਲਾਹੌਰ ਵਿਚਾਰਾ। ਮੈਨੂੰ ਮਿਲਿਆ ਸਾਥ ਪਿਆਰਾ॥
ਪਹਲੇ ਸਮਿਆਂ ਦਾ ਸੀ ਯਾਰ। ਲੱਗਾ ਖੂਬ ਜਤਾਵਨ ਪਿਆਰ॥
ਸਾਰੀ ਗੱਲ ਮੂਸਲੀ ਦੱਸੀ। ਆਖੇ ਜਾਂਦੀ ਦੌਲਤ ਖੱਸੀ॥
ਬ੍ਰਾਹਮਨ ਡੂੰਮਾਂ ਲੁੱਟ ਮਚਾਈ। ਜਿਨ ਥੋਂ ਮੈਂ ਕਰ ਜ਼ੋਰ ਛੁਡਾਈ॥
ਤਦ ਮੈਂ ਕਿਹਾ ਸੁਨੋ ਹੇ ਭਾਈ। ਦੇਵੀ ਮੰਨ ਵੱਡੇ ਸੁਦਾਈ॥
ਗੁਰੂ ਗ੍ਰੰਥ ਕਯੋਂ ਰੱਖੇ ਨਾਹੀਂ। ਤਿਸ ਮੰਦਰ ਦੇ ਜਾਕੇ ਮਾਹੀਂ॥
ਜਿਸ ਪਰ ਉਸ ਨੇ ਸੱਚ ਸੁਨਾਈ। ਇਹ ਦੁਨੀਆਂ ਦੇ ਲੋਗ ਸੁਦਾਈ॥
ਸੱਚ ਕਹਨ ਤੇ ਸਭ ਹਟ ਜਾਉਨ। ਕਉਡੀ ਇੱਕ ਨ ਏਥੇ ਲਿਆਉਨ॥
ਤਾਂ ਤੇ ਚੱਲਨ ਦਿਓ ਪਖੰਡ। ਜੋ ਦੇਂਦਾ ਹੈ ਘੀ ਤੇ ਖੰਡ॥
ਪਰ ਗੁਰੂ ਗ੍ਰੰਥ ਕਰਾਂ ਪ੍ਰਕਾਸ਼। ਇਹ ਮੇਰੇ ਮਨ ਅਹੇ ਹੁਲਾਸ॥
ਜਿਸ ਪਰ ਹੁਨ ਉਸ ਜਾਗਾ ਮਾਂਹਿ। ਗੁਰੂ ਗ੍ਰੰਥ ਪ੍ਰਕਾਸ਼ਤ ਤਾਂਹਿ॥
ਨਾਲੇ ਦੇਵੀ ਲੋਗ ਮਨਾਉਨ। ਗੁਰੂ ਗ੍ਰੰਥ ਫਿਰ ਸੀਸ ਨਵਾਉਨ॥
ਦੇਖਯਾ ਇੱਕ ਮੂਸਲੀ ਦੇ ਆਖੇ। ਜੰਮੇ ਮੋਠ ਖੇਤ ਵਿੱਚ ਲਾਖੇ॥
ਮੂਸਲੀ ਤੇ ਹੋ ਮੂਸਲਮਾਈ। ਲੋਕਾਂ ਦੇਵੀ ਚੁੱਕ ਬਨਾਈ॥
ਲੈਨ ਮੁਰਾਦਾਂ ਕਈ ਹਜ਼ਾਰਾਂ। ਚਲੀਆਂ ਆਵਨ ਮੂਰਖ ਡਾਰਾਂ॥
ਅਸਲੀ ਗੱਲ ਨਹੀਂ ਵਿੱਚ ਕੁੱਝ। ਭੇਡ ਚਾਲ ਇਸ ਜਗ ਦੀ ਬੁੱਝ॥੩੨੦॥

## ਦੋਹਿਰਾ

ਇਸੇ ਤਰ੍ਹਾਂ ਦੀ ਸਮਝ ਲੈ ਉਹ ਭੀ ਸਾਰੀ ਗੱਲ।
ਮੂਰਖ ਲੋਗਾਂ ਪੂਜਕੇ ਮਾਰ ਲਈ ਹੈ ਮੱਲ॥੩੨੧॥
ਤੂੰ ਤਾਂ ਸਿਆਨਾ ਆਦਮੀ ਅਰ ਹੈਂ ਵਿੱਦਯਾ ਵਾਨ।

ਤੂੰ ਕਯੋ ਭੁੱਲਯੋਂ ਓਸ ਪਰ ਭੁੱਲਯਾ ਜਿਵੇਂ ਜਹਾਂਨ।।੩੨੨।।
ਤਾਂਤੇ ਭਰਮ ਨਿਵਾਰ ਮਨ ਕਰੋ ਈਸ ਕੀ ਸੇਵ।
ਹੋਰ ਤਿਆਗੋ ਸਰਬ ਹੀ ਕਲਪਤ ਦੇਵੀ ਦੇਵ।।੩੨੩।।
ਜਿਸ ਦਾ ਮੰਨਣ ਖਾਲਸੇ ਤਾਹੀਂ ਹੈ ਵਡ ਪਾਪ।
ਫਿਰ ਤੂੰ ਕੇਹੜੇ ਲਾਭ ਹਿਤ ਕਰਦਾ ਉਸ ਦਾ ਜਾਪ?।।੩੨੪।।

## ਦੁਰਗਾ ਭਗਤ

### ਦੋਹਿਰਾ

ਬਾਤਾਂ ਤਾਂ ਤੈਂ ਦੱਸੀਆਂ ਖੋਲ੍ਹ ਖੋਲ੍ਹ ਕੇ ਤੱਤ।
ਸੁਣ ਸੁਣ ਮੈਨੂੰ ਆ ਗਈ ਗੁਰ ਘਰ ਦੀ ਹੈ ਮੱਤ।।੩੨੫।।
ਪਰ ਇੱਕ ਸੰਸਾ ਹੋਰ ਹੈ ਉਪਜਿਆ ਮਨ ਦੇ ਮਾਹਿੰ।
ਕੋਈ ਦੇਵੀ ਜਗਤ ਮਹਿੰ ਸਿਦੀ ਹੈ ਯਾ ਨਾਹਿੰ।।੩੨੬।।
ਫਿਰ ਜੇ ਨਾਹੀਂ ਵਸਤ ਕੋ ਤਾਂ ਕਿਉਂ ਮੰਨੈ ਕੋਇ।
ਪਰ ਜੇ ਹੈ ਤਾਂ ਅਸਾਂ ਦਾ ਕਿਉਂ ਉਸ ਨਾਲ ਦਰੋਇ।।੩੨੭।।

## ਤੱਤ ਖਾਲਸਾ

### ਦੋਹਿਰਾ

ਇਸ ਤੇਰੀ ਮੈਂ ਬਾਤ ਦਾ ਉੱਤਰ ਦਿਆਂ ਬਨਾਇ।
ਜਿਸ ਦੇ ਸੁਨਿਆਂ ਰਿਦੇ ਦਾ ਤੇਰਾ ਸੰਸਾ ਜਾਇ।।੩੨੮।।
ਦੋਇ ਦੇਵੀਆਂ ਸੱਤ ਹਨ ਜੋ ਵਰਤਨ ਸੰਸਾਰ।
ਜਿਨ ਕੇ ਬਲ ਤੇ ਹੋਤ ਹੈ ਕਾਰਜ ਸਾਰ ਅਸਾਰ।।੩੨੯।।
ਸੁਰੀ ਸੰਪਦਾ ਨਾਮ ਇੱਕ ਅਸੁਰ ਸੰਪਦਾ ਦੋਇ।
ਇਹ ਦੇਵੀ ਦਿਵ ਰੂਪ ਨੇ ਵਸ ਕੀਨੇ ਜਗ ਲੋਇ।।੩੩੦।।

ਭਾਵ:- ਹੋਰ ਲੋਕਾਂ ਦੀਆਂ ਕਲਪਤ ਦੇਵੀਆਂ ਦਾ ਹਾਲ ਤਾਂ ਪਿਛੇ ਬਹੁਤ ਪ੍ਰਗਟ ਕੀਤਾ ਗਿਆ ਹੈ। ਪਰੰਤੂ ਅਸਲ ਵਿੱਚ ਦੇਵੀਆਂ ਦੋ ਹਨ ਜਿਨ੍ਹਾਂ ਦੇ ਅਧੀਨ ਸਾਰੇ ਸੰਸਾਰ ਪਰ ਸ਼੍ਰਿਸ਼ਟਾਚਾਰ ਅਤੇ ਦੁਰਾਚਾਰ ਵਰਤ ਰਿਹਾ ਹੈ।।

ਪਹਲੀ ਦੇਵੀ ਦਾ ਨਾਮ "ਸੁਰੀ ਸੰਪਦਾ" ਹੈ ਜਿਸ ਦਾ ਭਾਵ ਸੰਪੂਰਨ ਸ਼ੁਭ ਗੁਣਾ ਵਾਲੀ ਬਿਰਤੀ ਹੈ ਅਤੇ ਦੂਜੀ ਦਾ ਨਾਮ "ਆਸੁਰੀ ਸੰਪਦਾ" ਜਿਸ ਦਾ ਪਰਭਾਵ ਸੰਪੂਰਨ ਬੁਰੇ ਭਾਵ ਹਨ। ਇਨ੍ਹਾਂ ਦੋਨੋਂ ਪਰਕਾਰ ਦੀ ਬਿਰਤੀਆਂ ਦੇ ਅਧੀਨ ਸਾਰਾ ਸੰਸਾਰ ਵਰਤ ਰਿਹਾ ਹੈ। ਜਿਤਨੇ ਧਰਮਾਤਮਾ ਅਪਨੇ ਉਤਮ ਗੁਣਾਂ ਕਰਕੇ ਸ਼ੁਭ ਕਰਮ ਕਮਾਉਂਦੇ ਹਨ, ਜਿਨ੍ਹਾਂ ਤੋਂ ਸੰਸਾਰ ਨੂੰ ਬਹੁਤ ਹੀ ਲਾਭ ਪਹੁੰਚ ਰਹੇ ਹਨ ਸੋ ਸਾਰੇ ਦੇਵੀ ਸੰਪਦਾ ਸੂਰ ਅਰਥਾਤ ਦੇਵਤੇ ਕਹਾਉਂਦੇ ਹਨ।।

ਇਸੇ ਤਰ੍ਹਾਂ ਜੋ ਲੋਗ ਅਪਨੇ ਬੁਰੇ ਭਾਵਾਂ ਦੇ ਅਧੀਨ ਹੋਕੇ ਪਾਪ ਕਰਮ ਦੁਵਾਰੇ ਸਭ ਭੂਤ ਪ੍ਰਾਣੀਆਂ ਨੂੰ ਦੁਖ ਦੇ ਰਹੇ ਹਨ, ਸੋ ਲੋਗ ਅਸੁਰੀ ਸੰਪਦਾ ਦੇਵੀ ਦੀ ਸੈਨਾ ਹਨ, ਜਿਸ

ਦਾ ਨਾਮ ਅਸੁਰ ਕਹਕੇ ਸੱਦਯਾ ਜਾਂਦਾ ਹੈ॥

## ਦੋਹਿਰਾ

ਇਹ ਦੋਨੋਂ ਹਨ ਦੇਵੀਆਂ ਸਦਾ ਅਟਲ ਜਗ ਮਾਹਿ।
ਜਿਨਕੀ ਕ੍ਰਿਪਾ ਤੇ ਲਹੇ ਸੁਖ ਦੁੱਖ ਨਰ ਭਵ ਆਹਿ॥੩੩੧॥
ਜੋ ਨਰ ਚਾਹੇ ਦੇਵ ਪਦ ਕਰੇ ਸੁਰੀ ਸੇ ਪ੍ਰੇਮ।
ਅਰ ਦੇਵੀ ਕੇ ਬਨਣ ਮੈਂ ਯਹੀ ਪਛਾਨੋਂ ਨੇਮ॥੩੩੨॥
ਅਸੁਰ ਰਾਕਸੀ ਬਨਨ ਕੋ ਹੈ ਜਿਸ ਕੇ ਮਨ ਚਾਉ।
ਅਸੁਰ ਸੰਪਦਾ ਕੋ ਧਰੇ ਅਪਨੇ ਮਨ ਕਰ ਭਾਉ॥੩੩੩॥
ਤੂੰ ਭੀ ਜਿਸ ਪਦ ਕੋ ਚਹੈਂ ਕਰ ਲੈ ਉਹੋ ਉਪਾਇ।
ਸੁਖ ਦੁਖ ਕੋ ਯਹ ਮੂਲ ਹੈ ਕਹਾ ਤੋਹਿ ਸਮਝਾਇ॥੩੩੪॥
ਸੁਰੀ ਸੰਪਦਾ ਪਾਇਕੇ ਮੰਦੋਦਰ ਮਤਿ ਮਾਨ।
ਦੇਖ ਭਬੀਖਨ ਸਹਿਤ ਜੋ ਭਏ ਦੇਵ ਸੁਰ ਗਯਾਨ॥੩੩੫॥
ਮੇਘਨਾਥ ਰਾਵਨ ਤ੍ਰਿਤ੍ਰੀ ਕੁੰਭਕਰਨ ਤਿਸ ਭਰਾਤ।
ਅਸੁਰ ਸੰਪਦਾ ਗੁਣ ਧਰੇ ਰਾਕਸ਼ ਹੈਂ ਵੱਖਯਾਤ॥੩੩੬॥
ਏਕ ਜਿਵੇਂ ਪ੍ਰਵਾਰ ਮੈਂ ਨਿਜ ਕਰਮਨ ਅਨੁਸਾਰ।
ਰਾਕਸ਼ ਔ ਪੁਨ ਦੇਵਤੇ ਭਾਖੈਂ ਜਗਤ ਮੁਝਾਰ॥੩੩੭॥
ਤਾਂ ਤੇ ਔਰ ਨ ਦੇਵਤਾ ਨਾ ਰਾਕਸ਼ ਜਗ ਕੋਇ।
ਨਿਜ ਕਰਮਨ ਅਨੁਸਾਰੀ ਦੇਵ ਦੈਤ ਨਰ ਹੋਇ॥੩੩੮॥
ਤੂੰ ਭੀ ਹੋਵੇਂ ਦੇਵਤਾ ਕਰੋਂ ਭਲੋ ਜਬ ਕਾਜ।
ਇਤ ਉਤ ਮਹਿ ਸਿਰ ਯਸ਼ ਲਹੇ ਨਿਰਭੈ ਹੋਇ ਬਰਾਜ॥੩੩੯॥
ਅਸੁਰ ਹੋਨ ਕੀ ਵਾਸਨਾਂ ਜੋ ਹੈ ਕੁਛ ਮਨ ਮਾਂਹਿ।
ਬੁਰੇ ਕੁਲੱਖਨ ਕੀ ਗਹੋ ਦ੍ਰਿੜ ਕਰਕੇ ਤੁਮ ਬਾਂਹਿ॥੩੪੦॥
ਆਪੇ ਦੂਰ ਦੂਰ ਜਗਤ ਮਹਿ ਹੋਵਹਿਗੀ ਤੱਤ ਕਾਲ।
ਕਰਸ ਫਲੇਗੋ ਤੋਹਿ ਕੋ ਈਸ਼ੂਰ ਇੱਛਾ ਨਾਲ॥੩੪੧॥
ਜੋ ਪਦਵੀ ਤੂੰ ਚਹਤ ਹੈਂ ਸੋ ਕਰ ਲੈ ਅਖਤਿਆਰ।
ਦੇਵ ਚਹੈਂ ਧਰ ਸੁਰੀ ਕੋ ਦੈਤ ਅਸੁਰ ਕਰ ਪਿਆਰ॥੩੪੨॥
ਇਨ ਸੇ ਬਿਨ ਸਭ ਦੇਵਤੇ ਅਰ ਦੇਵੀ ਬਲਵਾਨ।
ਰਚਿਨ ਕੋ ਬ੍ਰਹਮੰਡ ਮੈਂ ਜਗ ਈਸ਼੍ਰਰ ਭਗਵਾਨ॥੩੪੩॥
ਮੈਂ ਸਭ ਤੁਮ ਕੋ ਕਹਿ ਦਿਆ ਜੋ ਸਾਚਾ ਉਪਦੇਸ਼।
ਸੁਖ ਚਾਹੇਂ ਤੋਂ ਸੁਖ ਲਹ ਚਹੋ ਕਲੇਸ਼ ਕਲੇਸ਼॥੩੪੪॥

# ਦੁਰਗਾ ਭਗਤ

## ਦੋਹਿਰਾ

ਇਹ ਰਸਤਾ ਤਾਂ ਗਯਾਨ ਦਾ ਤੈਂ ਸਮਝਾਇਆ ਜੋਇ।
ਇਸ ਪਰ ਚੱਲਨਹਾਰ ਦੀ ਕਯੋਂ ਨਾ ਮੁਕਤੀ ਹੋਇ।।੩੪੫।।
ਪਰ ਮੈਂ ਵੱਡਾ ਅਚਰਜ ਹਾਂ ਕਰਦਾ ਇਸ ਪਰ ਫੇਰ।
ਗੁਰ ਬਿਲਾਸ ਦਿਆਂ ਕਰਤਿਆਂ ਪਾਇਆ ਕਿਹਾ ਅੰਧੇਰ।।੩੪੬।।
ਜਿਨ ਗੁਰਮਤ ਤੇ ਉਲਟ ਇਹ ਲਿਖ ਦਿੱਤਾ ਪ੍ਰਸੰਗ।
ਸਿੱਧੇ ਸਾਦੇ ਸਿੱਖ ਜੋ ਮੰਨਨ ਲਗੇ ਨਸੰਗ।।੩੪੭।।
ਮੈਂ ਭੀ ਸ਼ਰਧਾਵਾਨ ਸਾ ਅੱਜ ਤੀਕ ਵਡ ਭਾਰ।
ਪਰ ਤੇਰੇ ਏ ਬਚਨ ਸੁਨ ਕਰ, ਬੈਠਿਆ ਇਨਕਾਰ।।੩੪੮।।
ਤਿਨ ਇਹ ਕਥਾ ਵਿਚਾਰ ਕੇ ਕਿਉਂ ਨਾ ਲਿਖੀ ਸੁਧਾਰ।
ਜਿਸ ਤੇ ਭੁੱਲੀ ਪਾਇਆ ਕਿਤਨਾ ਸਿੱਖ ਹਜ਼ਾਰ।।੩੪੯।।
ਫਿਰ ਉਨ ਪੂਜਨ ਦੀ ਵਿਧੀ ਇੱਕ ਨ ਦੱਸੀ ਮੂਲ।
ਪੜ੍ਹਨੇ ਤੇ ਹੈ ਦਿੱਸਦਾ ਇੱਕ ਦੂਜਿਯੋਂ ਪ੍ਰਤਿ ਕੂਲ।।੩੫੦।।
ਰਾਮ ਝਬੇਲਾ ਹੈ ਪਿਆ ਵਿੱਚ ਪੰਥ ਦੇ ਏਹੁ।
ਜਿਸ ਤੇ ਦੇਵੀ ਪੂਜਦੇ ਤਦ ਕਰ ਗੁਰੂ ਸਨੇਹੂ ।।੩੫੧।।

# ਤੱਤ ਖਾਲਸਾ

## ਦੋਹਿਰਾ

ਜੋ ਨਰ ਵਸ ਅਗਯਾਨ ਦੇ ਕੈਸੇ ਕਰਨ ਵਿਚਾਰ।
ਜਿਉਂ ਉਨਸਾਈ ਪੁਰਖ ਹੈ ਬੋਲਤ ਆਲ ਬਤਾਲ।।੩੫੨।।
ਫਿਰ ਇਨ ਅਪਨੇ ਗ੍ਰੰਥ ਜੋ ਰਚੇ ਬਹੁਤ ਚਿਰ ਬਾਦ।
ਜਿਸ ਪਰ ਅਪਨੀ ਅਕਲ ਦਾ ਕੀਤਾ ਚਾ ਅਨੁਵਾਦ।।੩੫੩।।
ਅੱਖੀਂ ਦੇਖਯਾ ਕਿਸੇ ਨਾ ਸੁਨੋਂ ਸੁਨੀਂ ਦਾ ਝੂਠ।
ਵਧ ਵਧ ਸਭਨਾਂ ਕਰ ਦਿਆ ਬਿੱਲੀ ਦਾ ਕਰ ਊਠ।।੩੫੪।।

ਭਾਵ :- ਜਿਸ ਪ੍ਰਕਾਰ ਪੁਰਖ ਉਨਮਾਦ ਦੇ ਅਧੀਨ ਹੋਕੇ ਸ਼ੁਭ ਅਸ਼ੁਭ ਕਈ ਤਰ੍ਹਾਂ ਦੇ ਮਨ ਭਾਉਂਦੇ ਢੰਗੇ ਲਗਾਉਂਦਾ ਹੈ। ਏਸੇ ਤਰ੍ਹਾਂ ਇਨ੍ਹਾਂ ਸਾਡੇ ਕਵੀਆਂ ਨੇ ਭੀ ਅਗਯਾਨ ਦੇ ਉਨਮਾਦ ਵਸ ਹੋਕੇ ਇੱਕ ਦੂਜੇ ਨਾਲੋਂ ਵਧ ੨ ਕੇ ਹੀ ਇਸ ਪ੍ਰਸੰਗ ਨੂੰ ਘੋਟਿਆ ਹੈ ਪਰੰਤੂ ਉਸ ਵੇਲੇ ਨਾ ਉਨ੍ਹਾਂ ਨੇ ਗੁਰੂਆਂ ਦੀ ਬਾਣੀ ਵੱਲ ਖਿਆਲ ਕੀਤਾ ਅਤੇ ਨਾ ਹੀ ਉਨ੍ਹਾਂ ਦੇ ਜੀਵਨ ਚਰਿਤ੍ਰ ਹੀ ਪੜ੍ਹਕੇ ਵਿਚਾਰੇ ਸਨ, ਇਸ ਤੇ ਬਿਨ੍ਹਾਂ ਜੇ ਉਨ੍ਹਾਂ ਨੂੰ ਇਤਨਾ ਅਨੁਭਵ ਭੀ ਹੋ ਜਾਂਦਾ ਕਿ ਗਿਆਨ-ਵਾਨ ਪੁਰਖਾਂ ਦਾ ਨਿਸ਼ਚਾ ਕਯਾ ਹੁੰਦਾ ਹੈ ਤਦ ਭੀ ਉਹ ਇਸ ਤਰ੍ਹਾਂ ਪਾਨੀ ਨਾ ਰਿੜਕਦੇ।।

ਇਸੇ ਪ੍ਰਕਾਰ ਜੋ ਉਨ੍ਹਾਂ ਦਾ ਆਪਸ ਵਿੱਚ ਪ੍ਰਸਪਰ ਵਿਰੋਧ ਹੈ ਸੋ ਭੀ ਇਸ ਵਾਸਤੇ

ਹੈ ਕਿ ਇਨ੍ਹਾਂ ਸਾਰਿਆਂ ਨੇ ਅਪਨੇ ੨ ਗ੍ਰੰਥ ਗੁਰੂ ਜੀ ਮਹਾਰਾਜ ਦੇ ਜੋਤੀਜੋਤ ਸਮਾਉਨ ਦੇ ਸਮਯ ਤੇ ਬਹੁਤ ਦੇਰ ਮਗਰੋਂ ਬਨਾਏ ਹਨ, ਜਿਸ ਤੇ ਇਨ੍ਹਾਂ ਨੇ ਨਾ ਇਹ ਪ੍ਰਸੰਗ ਅੱਖੀਂ ਦੇਖਿਆ ਅਰ ਨਾ ਕਿਸੇ ਗੁਰਬਾਣੀ ਤੋਂ ਲੀਤਾ, ਕੇਵਲ ਸੁੱਖਾ ਸਿੰਘ ਦੀ ਮੱਖੀ ਮਾਰੀ ਪਰ ਮੱਖੀ ਮਾਰਦੇ ਰਹੇ ਹਨ, ਅਰ ਇੱਕ ਦੂਜੇ ਨਾਲੋਂ ਅਪਨੀ ਬੁੱਧਿ ਨੂੰ ਵਿਸ਼ੇਸ਼ ਦੱਸਨ ਲਈ ਪਹਲੇ ਨਾਲੋਂ ਕੁਝ ਹੋਰ ਅਪਨੀ ਵਲੋਂ ਜੋੜ ਦੇਂਦੇ ਰਹੇ ਹਨ, ਜਿਸ ਤੇ ਉਨ੍ਹਾਂ ਦੇ ਕਥਨਾ ਦਾ ਆਪਸ ਵਿੱਚ ਬਹੁਤ ਸਾਰਾ ਭੇਦ ਪੈ ਗਿਆ ਹੈ। ਕਿਉਂਕਿ ਦੇਵੀ ਵਾਲਾ ਪ੍ਰਸੰਗ ੧੭੫੪ ਬਿਕ੍ਰਮੀ ਵਿੱਚ ਹੋਇਆ ਦੱਸਦੇ ਹਨ, ਅਤੇ ਭਾਈ ਸੁੱਖਾ ਸਿੰਘ ਜੀ ਅਪਨੇ ਗੁਰਬਿਲਾਸ ਵਿੱਚ ਉਸ ਬਾਤ ਨੂੰ ਸੰਮਤ ੧੯੫੪ ਵਿੱਚ ਅਰਕਾਤ ੯੯ ਸਾਲ ਮਗਰੋਂ ਲਿਖਦੇ ਹਨ, ਇਸ ਪਰ ਵਿਚਾਰ ਕਰ ਸਕਦੀ ਹੈ ਕਿ ੧੦੦ ਸਾਲ ਮਗਰੋਂ ਪੂਰਾ ਹਾਲ ਕਿਸ ਤਰ੍ਹਾ ਆਦਮੀ ਲਿਖ ਸਕਦਾ ਹੈ, ਪ੍ਰੰਤੂ ਜੇ ਲਿਖੇਗਾ ਤਾਂ ਉਸ ਨੂੰ ਜ਼ਰੂਰ ਮਨ ਦਾ ਗੰਢ ਤੁਪ ਜੋੜਨਾ ਪਏਗਾ॥

ਇਨ੍ਹਾਂ ਤੇ ਮਗਰੋਂ ਭਾਈ ਸੰਤੋਖ ਸਿੰਘ ਜੀ ਨੇ ਸੰਮਤ ੧੯੦੦ ਬਿਕ੍ਰਮੀ ਵਿੱਚ ਸੂਰਜ ਪ੍ਰਕਾਸ਼ ਬਨਾਇਆ, ਇਸ ਵਾਸਤੇ ਇਹ ੧੪੫ ਸਾਲ ਮਗਰੋਂ ਰਚਿਆ ਹੈ, ਜਿਸ ਤੇ ਦੇਖ ਸਕੀਦਾ ਹੈ ਜੋ ਇਤਨੇ ਚਿਰ ਮਗਰੋਂ ਅਰਥਾਤ ਇੱਕ ਸੌ ਪੈਂਤਾਲੀ ਸਾਲ ਮਗਰੋਂ ਉਨ੍ਹਾਂ ਨੂੰ ਕਿਆ ਪਤਾ ਲਗ ਸਕਦਾ ਸਾ ਕਿ ਉਸ ਵੇਲੇ ਕਿਆ ਗੱਲ ਸੀ॥

ਇਨ੍ਹਾਂ ਤੇ ਮਗਰੋਂ ਗਿਆਨੀ ਗਿਆਨ ਸਿੰਘ ਜੀ ਨੇ ੧੯੩੫ ਬਿਕ੍ਰਮੀ ਵਿੱਚ ਪੰਥ ਪ੍ਰਕਾਸ਼ ਲਿਖਿਆ ਸੋ ਗੁਰੂ ਜੀ ਮਹਾਰਾਜ ਦੇ ੧੯੦ ਸਾਲ ਮਗਰੋਂ-ਇਹ ਕਥਾ ਲਿਖੀ ਗਈ॥

ਇਸੇ ਤਰ੍ਹਾਂ ਬਾਵਾ ਸੁਮੇਰ ਸਿੰਘ ਜੀ ਨੇ ੧੯੩੯ ਬਿਕ੍ਰਮੀ ਵਿੱਚ ਅਪਨਾ ਗੁਰ ਬਿਲਾਸ ਬਨਾਇਆ ਜਿਸ ਤੇ ਉਨ੍ਹਾਂ ਨੇ ੧੯੪ ਸਾਲ ਮਗਰੋਂ ਏਸੇ ਪ੍ਰਸੰਗ ਨੂੰ ਅਪਨੇ ਖਿਆਲ ਮੂਜਬ ਲਿਖਿਆ॥

ਹੁਣ ਜਦ ਅਸੀਂ ਇਨ੍ਹਾਂ ਕਵੀਆਂ ਦੇ ਪੁਸਤਕਾਂ ਨੂੰ ਉਸ ਦੇਵੀ ਵਾਲੇ ਕਾਰਜ ਥੋਂ ਸਦੀਆਂ ਮਗਰੋਂ ਲਿਖੇ ਦੇਖਦੇ ਹਾਂ ਤਦ ਫਿਰ ਕਿਸ ਤਰ੍ਹਾਂ ਮਨ ਲਈਏ ਕਿ ਇਹ ਸਭ ਸੱਚੇ ਸਨ, ਇਨ੍ਹਾਂ ਦਾ ਪਰਸਪਰ ਵਿਰੋਧ ਨਾ ਹੋਵੇ॥

### ਦੋਹਿਰਾ

ਕਾਰਨ ਇਹੋ ਵਿਰੋਧ ਦਾ ਨਹਿ ਡਿੱਠਾ ਕਿਨ ਜਾਇ।
ਸੌ ਸਾਲਾਂ ਦੇ ਮਗਰ ਤੇ ਰਚਿਆ ਜੋ ਮਨ ਆਹਿ॥੩੫੫॥
ਜਾਂਤੇ ਇਨ ਕੀ ਬਾਤ ਪਰ ਕੁਛ ਨਾਹੀਂ ਇਤਬਾਰ।
ਤਾਂਤੇ ਗੁਰਮਤ ਪਰ ਸਦਾ ਚਹੀਏ ਕਰਨ ਵਿਚਾਰ॥੩੫੬॥

# ਦੇਵੀ ਨਾ ਪਰਗਟ ਹੋਨ ਪਰ ਯੁਕਤੀਆਂ

## ਦੁਰਗਾ ਭਗਤ

### ਦੋਹਿਰਾ

ਇਹ ਭੀ ਸੰਸ਼ਾਂ ਮੁੱਝ ਦਾ ਹੋਇ ਗਿਆ ਹੈ ਦੂਰ।

ਹੌਲੀ ਹੌਲੀ ਉਤਰਿਆ ਜੋ ਸਿਰ ਵਿੱਚ ਫਤੂਰ॥੩੫੭॥
ਫਰਜ਼ ਕਰੋ ਗ੍ਰੰਥਾਂ ਵਿਖੇ ਭੁੱਲੇ ਕਵੀ ਸੁਜਾਨ।
ਜਿਸ ਤੇ ਮਿਲਦਾ ਹੈ ਨਹੀਂ ਆਪਸ ਵਿੱਚ ਬਯਾਨ॥੩੫੮॥
ਪਰ ਇਹ ਹੋਈ ਵਾਰਤਾ ਅਸਲ ਦੇ ਵਿੱਚ ਸੱਚ।
ਦੱਸੋ ਨਾਲ ਦਲੀਲ ਦੇ ਕਿੱਕੁਰ ਹੋਵੇ ਕੱਚ॥੩੫੯॥
ਬਿਨਾਂ ਦਲੀਲੋਂ ਮੰਨਣਾ ਇਹ ਭੀ ਸਮਝੋ ਕੂੜ।
ਅਪਨਾ ਮਨ ਨਹਿ ਠਹਰਦਾ ਲੋਗ ਕਹਨ ਤਿਸ ਮੂੜ॥੩੬੦॥

## ਤੱਤ ਖਾਲਸਾ

### ਦੋਹਿਰਾ

ਅਹੋ ਯੁਕਤੀਆਂ ਏਸ ਵਿੱਚ ਹਨ ਇਤਨੀ ਸੁਰ ਗਯਾਨ।
ਜਿਤਨੀ ਤੁਮ ਕੋ ਚਾਹੀਏ ਖੰਡਨ ਹਿਤ ਅਗਯਾਨ॥੩੬੧॥
ਸੋ ਸੁਨ ਤੂੰ ਮਨ ਲਾਇਕੇ ਜੋ ਮੈਂ ਦੱਸਾਂ ਅੱਜ।
ਸੁਨ ਸੁਨ ਕੇ ਤੇ ਜਿਨ੍ਹਾਂ ਨੂੰ ਤੂੰ ਜਾਂਵੇਗਾ ਰੱਜ॥੩੬੨॥

ਭਾਵ :- ਇਸ ਪ੍ਰਸੰਗ ਨੂੰ ਜੇ ਯੁਕਤੀਆਂ ਉਕਤੀਆਂ ਨਾਲ ਭੀ ਵਿਚਾਰਿਆ ਜਾਏ ਤਾਂ ਭੀ ਸਾਨੂੰ ਇਤਨੀਆਂ ਮਿਲ ਸਕਦੀਆਂ ਹਨ ਜਿਨ੍ਹਾਂ ਨੂੰ ਸੁਨ ੨ ਕੇ ਮਨ ਥੱਕ ਜਾਂਦਾ ਹੈ, ਜਿਨ੍ਹਾਂ ਨੂੰ ਵਿੱਚੋਂ ਕੁਛਕ ਏਥੇ ਪ੍ਰਗਟ ਕੀਤੀਆਂ ਜਾਂਦੀਆਂ ਹਨ॥

੧. ਪਹਲੇ ਜੇ ਦੇਵੀ ਦਾ ਪਰਗਟ ਹੋਨਾ ਸੱਤ ਹੁੰਦਾ ਤਾਂ ਐਡੀ ਭਾਰੀ ਕਰਾਮਾਤ ਵਾਲੇ ਪ੍ਰਸੰਗ ਨੂੰ ਗੁਰੂ ਮਹਾਰਾਜ ਜ਼ਰੂਰ ਅਪਨੇ ਸ੍ਰੀ ਮੁਖਵਾਕ ਤੇ ਗ੍ਰੰਥ ਸਾਹਿਬ ਵਿੰਚ ਲਿਖਦੇ , ਕਿਉਂਕਿ ਉਨ੍ਹਾਂ ਦੇ ਜੀਵਨ ਵਿੱਚ ਇਹ ਇੱਕ ਸਭ ਤੇ ਵੱਡਾ ਪ੍ਰਸਿੱਧ ਅਚੰਭੇ ਵਾਲਾ ਕੰਮ ਸਾ, ਪਰੰਤੂ ਉਹ ਕਿਤੇ ਭੀ ਦਰਜ ਨਹੀਂ॥

੨. ਜਿਨ੍ਹਾਂ ਬ੍ਰਾਹਮਨਾ ਦੇ ਯਤਨ ਨਾਲ ਹਵਨ ਕਰਨ ਤੇ ਦੇਵੀ ਪ੍ਰਸਿੱਧ ਹੋਈ ਸੀ ਉਨ੍ਹਾਂ ਦੇ ਨਾਮ ਅਰ ਉਨ੍ਹਾਂ ਦੀ ਬੁੱਧਿ, ਵਿੱਦਯਾ ਅਤੇ ਮੰਤ੍ਰ, ਯੰਤ੍ਰ ਵਿੱਚ ਨਿਪੁੰਨਤਾ ਜ਼ਰੂਰ ਹੀ ਪ੍ਰਗਟ ਕਰਦੇ, ਅਰ ਅੱਗੇ ਨੂੰ ਖਾਲਸੇ ਲਈ ਬ੍ਰਾਹਮਨਾਂ ਦਾ ਪੂਜਨ ਦੱਸ ਜਾਂਦੇ, ਪਰੰਤੂ ਦਸਮ ਗ੍ਰੰਥ ਵਿੱਚ ਜਿੱਥੇ ਕਿੱਥੇ ਬ੍ਰਾਹਮਨਾਂ ਦੀ ਨਿੰਦਾ ਹੀ ਮਿਲਦੀ ਹੈ, ਅਰ ਹਵਨ, ਕਰਾਉਨ ਵਾਲਯਾਂ ਦਾ ਨਾਮ ਨਿਸ਼ਾਨ ਭੀ ਨਹੀਂ ਹੈ॥

੩. ਜਿਸ ਤਰ੍ਹਾਂ ਮਾਛੀਵਾੜੇ ਵਾਲੇ ਅਤੇ ਮਲੇਰੀਆਂ ਪਠਾਨਾਂ ਪਾਸ ਅੱਜ ਤਕ ਹੁਕਮਨਾਮੇਂ ਹਨ ਅਰ ਹਰ ਇੱਕ ਪੁਰਖ ਇਸ ਬਾਤ ਨੂੰ ਜਾਨਦਾ ਹੈ ਇਹ ਉਨ੍ਹਾਂ ਦੀ ਕੁਲ ਵਿੱਚੋਂ ਹਨ ਜਿਨ੍ਹਾਂ ਨੇ ਗੁਰੂ ਜੀ ਨੂੰ ਉੱਚ ਦਾ ਪੀਰ ਬਨਨੇ ਸਮਯ ਸਹਾਇਤਾ ਦਿੱਤੀ ਸੀ ਯਾ ਸਾਹਿਬਜ਼ਾਦਿਆਂ ਦੀ ਸ਼ਹੀਦੀ ਸਮਯ ਹਾਅ ਦਾ ਨਾਹਰਾ ਮਾਰਿਆ ਸੀ॥

ਏਸੇ ਤਰ੍ਹਾਂ ਬ੍ਰਾਹਮਨਾਂ ਦੇ ਪਾਸ ਭੀ ਗੁਰੂ ਮਹਾਰਾਜ ਵੱਲੋਂ ਹੁਕਮਨਾਮੇਂ ਹੁੰਦੇ ਜਿਸ ਤੇ ਖਾਲਸਾ ਜਾਨਦਾ ਕਿ ਇਹ ਉਸ ਦੱਤਾ ਨੰਦ ਉਜੈਨੀ ਯਾ ਕਾਂਸ਼ੀ ਵਾਲੇ ਕੇਸ਼ਵ ਅਤੇ ਗੁਜਰਾਤੀਏ ਕਾਲੀ ਦਾਸ ਦੇ ਖਾਨਦਾਨ ਵਿੱਚੋਂ ਹਨ ਜਿਨ੍ਹਾਂ ਨੇ ਗੁਰੂ ਜੀ ਨੂੰ ਦੇਵੀ ਪ੍ਰਗਟ

ਕਰਕੇ ਤਲਵਾਰ ਦਿਵਾਈ ਸੀ, ਸੋ ਇਹ ਭੀ ਅੱਜ ਤੱਕ ਕਿਤੇ ਨਾਮ ਨਿਸ਼ਾਨ ਤਕ ਨਹੀਂ ਸੁਨਿਆ ਜਾਂਦਾ॥

੪. ਜਿਨ੍ਹਾਂ ਵੇਦਾਂ ਦੇ ਮੰਤ੍ਰਾਂ ਨਾਲ ਦੇਵੀ ਹਵਨ ਕੁੰਡ ਤੋਂ ਪਰਗਟ ਕੀਤੀ ਸੀ ਅਰ ਉਨ੍ਹਾਂ ਮੰਤ੍ਰਾਂ ਵਿੱਚ ਇਤਨੀ ਸਮਰੱਥਾ ਸੀ ਤਾਂ ਗੁਰੂ ਜੀ ਵੇਦਾਂ ਦਾ ਅਤੇ ਮੰਤ੍ਰਾਂ ਯੰਤ੍ਰਾਂ ਦਾ ਖੰਡਨ ਨਾ ਕਰਦੇ ਸਗੋਂ ਆਖਦੇ ਕੇ ਇਨ੍ਹਾਂ ਦੇ ਮੰਨਨੇ ਯਾ ਵਿਧਵਤ ਕਰਮ ਕਰਨ ਤੇ ਫਲ ਮਿਲਦਾ ਹੈ ਇਸ ਵਾਸਤੇ ਖਾਲਸਾ ਇਨ੍ਹਾਂ ਨੂੰ ਜ਼ਰੂਰ ਮੰਨੇ॥

੫. ਜਿਸ ਜਨੇਊ ਦੇ ਪਹਰਨ ਅਰ ਜਿਸ ਗਾਇਤ੍ਰੀ ਦੇ ਜਾਪ ਕਰਨ ਨੇ ਹਵਨ ਕਾਰਜਾਂ ਨੂੰ ਕਰਕੇ ਦੇਵਤਾ ਪਰਗਟ ਕਰਨ ਦੀ ਸ਼ਕਤੀ ਦਿੱਤੀ ਸੀ। ਉਸ ਜਨੇਉ ਅਰ ਗਾਇਤ੍ਰੀ ਦਾ ਖਾਲਸਾ ਵਿੱਚੋਂ ਰਵਾਜ ਕਿਉਂ ਹਟਾਇਆ ਅਰ ਅੰਮ੍ਰਿਤ ਪਾਨ ਸਮਯ ਕਿਉਂ ਤੁੜਵਾਇਆ॥

੬. ਜਿਨ੍ਹਾਂ ਲੋਗਾਂ ਨੂੰ ਹਵਨ ਵਿੱਚ ਸ਼ੂਦਰ ਜਾਨਕੇ ਵੜਨ ਨਹੀਂ ਦਿੱਤਾ ਆਖਦੇ, ਅਰ ਬਾਵਾ ਸੁਮੇਰ ਸਿੰਘ ਜੀ ਦੱਸਦੇ ਹਨ ਕਿ ਬਾਹਰ ਰੋਕਨ ਲਈ ਰਾਖੇ ਬਿਠਾਏ ਸਨ, ਸੋ ਜੇ ਇਹ ਗੱਲ ਸੱਚ ਹੁੰਦੀ ਤਾਂ ਗੁਰੂ ਜੀ ਉਨ੍ਹਾਂ ਹੀ ਸ਼ੂਦਰਾਂ ਨੂੰ ਅੰਮ੍ਰਿਤ ਵਿੱਚ ਸ਼ਾਮਲ ਕਰਕੇ ਵਰਨ ਵਿਵਸਥਾ ਕਿਉਂ ਤੋੜਦੇ, ਜਿਸ ਤੇ ਸਾਬਤ ਹੁੰਦਾ ਹੈ ਕਿ ਗੁਰੂ ਜੀ ਅਕਾਲ ਪੁਰਖ ਦੇ ਰਚੇ ਹੋਏ ਮਨੁੱਖਾਂ ਨੂੰ ਹਿੰਦੂਆਂ ਵਾਂਗ ਹਕਾਰਤ ਦੀ ਨਿਗਾਹ ਨਾਲ ਨਹੀਂ ਦੇਖਦੇ ਸੇ ਸਗੋਂ ਅਪਨੇ ਅੰਗ ਜਾਨਕੇ ਪਯਾਰ ਕਰਦੇ ਸਨ ਅਰ ਛੱਤ੍ਰੀ ਬਨਾਉਂਦੇ ਸਨ॥

੭. ਜੋ ਲੋਗ ਇਹ ਲਿਖਦੇ ਹਨ ਕਿ ਦੇਵੀ ਨੇ ਜੰਗ ਵਿੱਚ ਫਤੇ ਦੇਨ ਲਈ ਤਲਵਾਰ ਯਾ ਕਰਦ ਦਿੱਤੀ ਸੀ, ਤਾਂ ਗੁਰੂ ਜੀ ਨੇ ਖਾਲਸੇ ਨੂੰ ਤਲਵਾਰ ਦਾ, ਜੋ ਦੇਵੀ ਦੇ ਵਰ ਤੇ ਮਿਲੀ ਸੀ, ਅੰਮ੍ਰਿਤ ਕਿਉਂ ਨਾ ਛਕਾਇਆ, ਇਸ ਤੇ ਉਲਟ ਖੰਡੇ ਦਾ ਕਿਉਂ ਛਕਾਇਆ ਸਾ ਅਤੇ ਅੱਜ ਤਕ ਏਹੋ ਪ੍ਰਚੱਲਤ ਗੀਤੀ ਹੈ॥

ਬਲਕਿ ਕਰਦ ਨੂੰ ਖਾਲਸਾ ਇੱਕ ਅਜੇਹੀ ਨਿਰਬਲ ਚੀਜ਼ ਜਾਨਦਾ ਹੈ ਜੋ ਅਪਨੇ ਪਾਸ ਰੱਖਕੇ ਭੀ ਇਸ ਦਾ ਅੰਮ੍ਰਿਤ ਨਹੀਂ ਪਾਨ ਕਰਦਾ ਅਰ ਅੱਜ ਕੱਲ ਕਈ ਭਾਈ ਆਖਦੇ ਹਨ ਕਿ ਇਸਤ੍ਰੀਆਂ ਨੂੰ ਇਸ ਦਾ ਅੰਮ੍ਰਿਤ ਪਿਲਾਉਨਾ ਚਾਹੀਦਾ ਹੈ, ਸ਼ਾਇਦ ਉਨ੍ਹਾਂ ਦਾ ਇਸ ਵਿੱਚ ਇਹੋ ਤਾਤਪ੍ਰਜ ਹੋਵੇ ਕਿ ਇਸਤ੍ਰੀ ਦੀ ਦਿੱਤੀ ਹੋਈ, ਇਸਤ੍ਰੀ ਨਾਮ ਵਾਲੀ ਕਰਦ ਦਾ ਅੰਮ੍ਰਿਤ ਇਸਤ੍ਰੀ ਨੂੰ ਹੀ ਜੋਗ ਹੈ, ਜਿਸ ਤੇ ਇਹ ਸਾਬਤ ਹੁੰਦਾ ਹੈ ਕਿ ਕਰਦ ਦੇ ਅੰਮ੍ਰਿਤ ਦਾ ਭੀ ਸਿੱਖ ਅਧਕਾਰੀ ਨਹੀਂ ਹੈ, ਫਿਰ ਦੇਵੀ ਦੀ ਕਯਾ ਸ਼ੋਭਾ ਰਹੀ ਅਤੇ ਇਤਨੇ ਚਿਰ ਹਵਨ ਤੇ ਕਯਾ ਲਾਭ ਹੋਇਆ॥

੮. ਗੁਰੂ ਮਹਾਰਾਜ ਦੇ ਜੰਗ ਜਿੱਥੋਂ ਤਕ ਗੁਰੂ ਜੀ ਦੀ ਅਪਨੀ ਲੇਖਨੀ ਦੁਵਾਰੇ ਹਸਤਕਵਲ ਨਾਲ ਲਿਖੇ ਹੋਏ ਹਨ, ਉਨ੍ਹਾਂ ਵਿੱਚ ਕਿਤੇ ਨਹੀਂ ਲਿਖਯਾ ਕਿ ਫਿਰ ਅਸੀਂ ਦੇਵੀ ਦੀ ਦਿੱਤੀ ਹੋਈ ਤਲਵਾਰ ਨਾਲ ਦੁਸ਼ਮਨਾਂ ਦੇ ਟੋਟੇ ਕਰ ਦਿੱਤੇ। ਪਰੰਤੂ ਉਨ੍ਹਾਂ ਵਿੱਚ ਅਪਨੀ ਬਾਬਤ ਤੀਰਾਂ ਦੀ ਬਰਖਾ ਜ਼ਰੂਰ ਲਿਖੀ ਹੈ ਜੈਸਾ ਕਿ "ਜਬੈ ਬਾਨ ਲਾਗਯੋ॥ ਤਬੈ ਰੋਸ ਜਾਗਯੋ॥ ਸਰਓਘੰ ਚਲਾਏ॥ ਘਨੇ ਸੂਰ ਘਾਏ"॥ ਇਸ ਦਾ ਇਹੋ ਭਾਵ ਨਿਕਲਦਾ ਹੈ

ਕਿ ਜਦ ਸਾਡੇ ਸ਼ਰੀਰ ਪਰ ਦੁਸ਼ਮਨ ਦਾ ਬਾਣ ਲੱਗਯਾ ਤਦ ਸਾਨੂੰ ਕ੍ਰੋਧ ਆਇਆ ਜਿਸ ਪਰ ਅਸੀਂ ਗੁੱਸਾ ਖਾਕੇ ਸ਼ੱਤ੍ਰੂ ਪਰ ਤੀਰਾਂ ਦੀ ਬਹੁਤ ਬਰਖਾ ਕੀਤੀ ਅਰ ਦੁਸ਼ਮਨ ਦੇ ਬਹੁਤ ਬਹਾਦਰ ਘਾਇਲ ਕੀਤੇ, ਇਸੇ ਤਰ੍ਹਾਂ ਕਿਤੇ ਇਹ ਭੀ ਕਥਨ ਹੈ ਕਿ ਅਸੀਂ ਫਿਰ ਕਮਾਨ ਛੱਡਕੇ ਬੰਦੂਕ ਪਕੜੀ ਅਰ ਦੁਸ਼ਮਨ ਨਸਾ ਦਿੱਤੇ, ਇਸ ਤੇ ਇਹ ਪਾਇਆ ਜਾਂਦਾ ਹੈ ਜੋ ਗੁਰੂ ਜੀ ਨੇ ਤਲਵਾਰ ਜੋ ਦੇਵੀ ਨੇ ਦਿੱਤੀ ਸੀ ਲੜਾਈ ਦੇ ਵਰਤਾਉ ਵਿੱਚ ਨਹੀਂ ਆਂਦੀ, ਜਿਸ ਤੇ ਦੇਵੀ ਦੀ ਕਰਾਮਾਤ ਯਾ ਵਰ ਸਮਝਿਆ ਜਾਏ॥

੯. ਇਸ ਤੇ ਅੱਗੇ ਇਹ ਬਾਤ ਹੈ ਕਿ ਦੇਵੀ ਉਪਾਸ਼ਕ ਲੋਗ ਦੇਵੀ ਦੀ ਕੜਾਹੀ ਕਰਦੇ ਹਨ। ਪਰੰਤੂ ਗੁਰੂ ਜੀ ਨੇ ਕੜਾਹੀ ਨੂੰ ਹਟਾਕੇ ਕੜਾਹ ਪ੍ਰਸ਼ਾਦ ਉਸ ਤੋਂ ਉਲਟ ਕਰ ਦਿੱਤਾ ਜਿਸ ਤਰ੍ਹਾਂ ਹਿੰਦੂਆਂ ਦੀ ਹੋਲੀਆਂ ਤੋਂ ਉਲਟ ਅਪਨਾ ਹੋਲਾ ਰਚ ਦਿੱਤਾ ਸਾ, ਜੋ ਉਨ੍ਹਾਂ ਦੀ ਰਸਮ ਦੇ ਵਿਰੁੱਧ ਹੈ, ਜਿਸ ਤੇ ਸਾਬਤ ਹੁੰਦਾ ਹੈ ਕਿ ਗੁਰੂ ਜੀ ਦੇਵੀ ਦੇ ਨਾਮ ਦੀ ਕੜਾਹੀ ਨੂੰ ਏਸ ਤਰ੍ਹਾਂ ਜਾਨਦੇ ਸੇ ਜਿਸ ਤਰ੍ਹਾਂ ਸੁਲਤਾਨ ਦਾ ਰੋਟ ਜਾਣੀਦਾ ਹੈ॥

੧੦. ਫਿਰ ਜਦ ਗੁਰੂ ਜੀ ਮਹਾਰਾਜ ਅਪਨੀ ਪੁਰੀ ਨੂੰ ਅਸਵਾਰਾ ਕਰਨ ਲੱਗੇ ਤਦ ਭੀ ਖਾਲਸਾ ਨੂੰ ਇਹੋ ਆਗਯਾ ਕੀਤੀ ਕਿ "ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ। ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਯੋ ਗ੍ਰੰਥ" ਇਸ ਤੇ ਸਾਬਤ ਹੁੰਦਾ ਹੈ ਕਿ ਜੇ ਗੁਰੂ ਜੀ ਨੇ ਦੇਵੀ ਤੋਂ ਵਰ ਲੈ ਕੇ ਪੰਥ ਬਨਾਇਆ ਹੁੰਦਾ ਤਾਂ ਇਸ ਤਰ੍ਹਾਂ ਨਾ ਹੁਕਮ ਦੇਂਦੇ ਸਗੋਂ ਇਸ ਤਰ੍ਹਾਂ ਉਚਾਰਨ ਕਰਦੇ, ਯਥਾ :- "ਆਗਿਆ ਦੁਰਗਾ ਨੇ ਦਈ ਤਬੀ ਚਲਾਯੋ ਪੰਥ। ਕਰੋ ਕੜਾਹੀ ਓਸ ਦੀ ਭੇਟਾਂ ਦੇ ਪੜ੍ਹ ਗ੍ਰੰਥ"। ਪਰੰਤੂ ਇਸ ਤਰ੍ਹਾਂ ਕੋਈ ਦੇਵੀ ਦੇਵਤੇ ਦਾ ਕਥਨ ਨਹੀਂ ਹੈ॥

੧੧. ਜੇ ਗੁਰੂ ਜੀ ਦਾ ਦੇਵੀ ਪੂਜਨ ਕਰਨ ਦਾ ਸਿਧਾਂਤ ਸੀ ਤਾਂ ਪੰਜੇ ਕਕਾਰਾਂ ਦਾ ਧਾਰਨਾ ਅਰ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਕਰਕੇ ਉਸ ਦੀ ਬਾਣੀ ਪਰ ਵਿਸ਼ਵਾਸ ਕਰਨ ਦਾ ਉਪਦੇਸ਼ ਕਯੋਂ ਕੀਤਾ, ਅਰ ਨਵੀਂ ਸੂਰਤ ਸ਼ਕਲ ਦਾ ਪੰਥ ਕਯੋਂ ਸਾਜਿਆ, ਅਤੇ ਉਨ੍ਹਾਂ ਛੈਣੇ ਕੁੱਟਾਂ ਨਾਲ ਸਿੱਖਾਂ ਨੂੰ ਮਿਲਾਕੇ ਅੱਟੇ ਪਹਰਨ ਦਾ ਹੁਕਮ ਕਿਉਂ ਨਾ ਦਿੱਤਾ॥

੧੨. ਨੈਨਾ ਦੇਵੀ ਦੇ ਭੌਨ ਪਰ ਜਿੱਥੇ ਦੇਵੀ ਪਰਗਟ ਹੋਈ ਦਸਦੇ ਹਨ, ਜਾਕੇ ਪੂਜਾ ਕਰਨ ਦੀ ਆਗਿਆ ਕਿਉਂ ਨਾ ਦਿੱਤੀ, ਅਰ ਕਿਉਂ ਨਾ ਲਿਖਯਾ ਕਿ ਜ਼ਰੂਰ ਪੰਥ ਨੈਨਾ ਦੇਵੀ ਦੇ ਦਰਸ਼ਨ ਕਰੇ॥

੧੩. ਸਾਰੇ ਗੁਰ ਬਿਲਾਸਾਂ ਵਿੱਚ ਬਿਨਾਂ ਹਵਨ ਤੇ ਹੋਰ ਕੋਈ ਸਾਬਤ ਨਹੀਂ ਕਰਦਾ ਕਿ ਗੁਰੂ ਜੀ ਕਦੇ ਨੈਨਾ ਦੇਵੀ ਪਰ ਗਏ ਹੋਨ ਅਰ ਕਿਸੇ ਮੇਲੇ ਮੁਸਾਹਬੇ ਪਰ ਜਾਕੇ ਕੁਛ ਭੇਟਾ ਦਿੱਤੀ ਹੋਵੇ, ਕੇਵਲ ਇਹ ਇੱਕੋ ਵੇਰ ਦਾ ਹਾਲ ਦਸਦੇ ਹਨ। ਇਸ ਤੇ ਇਹ ਸਿੱਧ ਹੁੰਦਾ ਹੈ ਕਿ ਜੇ ਗੁਰੂ ਜੀ ਦੇਵੀ ਦੇ ਸ਼ਰਧਾਲੂ ਹੁੰਦੇ ਤਾਂ ਹਫਤੇ ਵਿੱਚ ਨਹੀਂ ਤਾਂ ਮਹੀਨੇ ਵਿੱਚ ਤਾਂ ਜ਼ਰੂਰ ਹੀ ਜਾਕੇ ਦਰਸ਼ਨ ਕਰਦੇ॥

## ਦੋਹਿਰਾ

ਮਨ ਵਿੱਚ ਜਦੋਂ ਵਿਚਾਰ ਸੇ ਇਹ ਯੁਕਤਾਂ ਜੋ ਨਿੱਤ।

ਤਾਂ ਦੁਰਗਾ ਦੇ ਖਯਾਲ ਤੇ ਹਟ ਜਾਵੇਗਾ ਚਿੱਤ।।੩੬੩।।
ਦਸਮ ਪਾਤਸ਼ਾਹ ਧਨੁਖ ਧਰ ਸੂਰ ਬੀਰ ਸੁਰ ਗਯਾਨ।
ਧਰਮ ਮੂਰਤੀ ਧਰਮ ਧੁਜ ਕਿਉ ਮਾਨਤ ਅਗਯਾਨ।।੩੬੪।।
ਤਾਂ ਤੇ ਤਿਨ ਕੇ ਚਰਤ ਜੋ ਹੈ ਜਗ ਬੰਧ ਨਿਵਾਂਰ।
ਤਿਨ ਮਹਿ ਦੇਵੀ ਪੂਜਨਾ ਮਾਨਤ ਮਹਾਂ ਗੁਵਾਰ।।੩੬੫।।
ਦੇਵੀ ਦੇਵ ਨ ਸਿੱਧ ਹੋ ਹਵਨ ਮੰਤ੍ਰ ਬਲ ਸੰਗ।
ਯਹ ਤੌਂ ਮੂਰਖ ਕਰਤ ਹੈ ਧਰਮ ਆਪਨੋ ਭੰਗ।।੩੬੬।।

## ਦੁਰਗਾ ਭਗਤ

### ਦੋਹਿਰਾ

ਏਹ ਦਲੀਲਾਂ ਤੇਰੀਆਂ ਗਈਆਂ ਮਨ ਨੂੰ ਵੇਧ।
ਜਿਸ ਨੇ ਦੇਵੀ ਪੂਜਨਾ ਕੀਤਾ ਠੀਕ ਨਖੇਧ।।੩੬੭।।
ਫਿਰ ਹੁਣ ਓੜਕ ਦੱਸ ਤੂੰ ਕਰੇ ਖਾਲਸਾ ਜੋਇ।
ਦੇਵੀ ਦਾ ਲੜ ਛੱਡਕੇ ਕਿਸ ਨੂੰ ਮੰਨੇ ਸੋਇ।।੩੬੮।।
ਨਾਸਤਕ ਹੋਣਾ ਠੀਕ ਨਹਿੰ ਮੇਰੀ ਮਤ ਅਨੁਸਾਰ।
ਅਕਸਰ ਰੱਖਨਾ ਚਾਹੀਏ ਦਿਲ ਦੇ ਵਿੱਚ ਅਧਾਰ।।੩੬੯।।
ਤਾਂ ਤੇ ਉਸ ਨੂੰ ਸਮਝ ਕੇ ਲੇਵਾਂ ਰਿਦੇ ਵਸਾਇ।
ਧਰਮ ਖਾਲਸਾ ਵਿੱਚ ਜੋ ਕੋਈ ਫਰਕ ਨ ਆਇ।।੩੭੦।।
ਅਰ ਗੁਰ ਦੇ ਉਪਦੇਸ਼ ਤੇ ਹੋਵੇ ਉਲਟ ਨ ਸੋਇ।
ਐਸਾ ਮਾਰਗ ਦੱਸ ਹੁਣ ਨਿਸਚਾ ਜਾਂ ਪਰ ਹੋਇ।।੩੭੧।।

## ਤੱਤ ਖਾਲਸਾ

### ਦੋਹਿਰਾ

ਮੇਰਾ ਰਸਤਾ ਦੱਸਯਾ ਤੇਰੇ ਮੂਲ ਨ ਕੰਮ।
ਬਾਤਾਂ ਨਾਲ ਨ ਮੰਨਦੇ ਜੋ ਹਨ ਰੁੱਠੇ ਦੰਮ।।੩੭੨।।
ਸੱਚਾ ਰਸਤਾ ਉਹੋ ਹੈ ਜੋ ਗੁਰ ਦਾ ਉਪਦੇਸ਼।
ਮੁਕਤ ਭੁਗਤ ਦੋਨੋਂ ਲਹੋ ਕਰੋ ਤਾਂ ਮੈਂ ਪਰਵੇਸ਼।।੩੭੩।।

ਭਾਵ :- ਆਮ ਆਦਮੀ ਦਾ ਧਾਰਮਕ ਰਸਤਾ ਦੱਸਯਾ ਹੋਇਆ ਇਤਨਾ ਨਿਰਦੋਖ ਨਹੀਂ ਹੁੰਦਾ ਜਿਤਨਾ ਕਿ ਉਨ੍ਹਾਂ ਮਹਾਨ ਪੁਰਖਾਂ ਦਾ ਹੁੰਦਾ ਹੈ ਜੋ ਕੇਵਲ ਅਕਾਲ ਪੁਰਖ ਦੀ ਆਗਿਆ ਪਾਲਨ ਲਈ ਹੀ ਇਸ ਸੰਸਾਰ ਪਰ ਆਉਂਦੇ ਹਨ, ਅਤੇ ਸੱਚਾ ਧਾਰਮਕ ਉਪਦੇਸ਼ ਦੇਕੇ ਸੰਸਾਰ ਨੂੰ ਬੰਧਨਾਂ ਤੋਂ ਛੁਡਾਉਂਦੇ ਹਨ, ਇਸ ਵਾਸਤੇ ਜੋ ਰਸਤਾ ਮੁਕਤੀ ਅਤੇ ਭਗਤੀ ਦਾ ਉਹ ਕਥਨ ਕਰਨ ਓਸੇ ਪਰ ਚਲਨਾ ਸਾਡਾ ਮੁੱਖ ਧਰਮ ਹੋਣਾ ਜੋਗ ਹੈ।।

### ਦੋਹਿਰਾ

ਸੋ ਹੁਣ ਗੁਰ ਜੀ ਪੰਥ ਨੂੰ ਜੋ ਕਰਦੇ ਉਪਦੇਸ਼।

ਸੁਨ ਲੈ ਤੂੰ ਮਨ ਲਾਇਕੇ ਜਾਂਤੇ ਮਿਟੇ ਕਲੇਸ਼॥੩੭੪॥

## ਯਥਾ : ਸ੍ਰੀ ਮੁਖਵਾਕ ਪਾਤਸ਼ਾਹੀ ੧੦

### ਸਵੈਯਾ

"ਜਾਗਤ ਜੋਤਿ ਜਪੈ ਨਿਸ ਬਾਸੁਰ ਏਕ ਬਿਨਾਂ ਮਨ ਨੈਕ ਨ ਆਨੈ। ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥ ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾਂ ਨਹਿ ਏਕ ਪਛਾਨੈ। ਪੂਰਨ ਜੋਤ ਜਗੈ ਘਟ ਮੈਂ ਤਬ ਖਾਲਸ ਤਾਹਿ ਨਖਾਲਸ ਜਾਨੈ॥੧॥"

ਇਸ ਸ੍ਰੀ ਮੁਖ ਵਾਕ ਵਿੱਚ ਗੁਰੂ ਜੀ ਮਹਾਰਾਜ ਨੇ ਸੱਚੇ ਖਾਲਸਾ ਦੇ ਨਿਸਚੇ ਦਾ ਵਰਨਨ ਅੱਛੀ ਤ੍ਰਾਂ ਕਰ ਦਿੱਤਾ ਹੈ ਕਿ ਜੋ ਇੱਕ ਪ੍ਰਕਾਸ਼ਮਾਨ ਅਕਾਲ ਪੁਰਖ ਦਾ ਹੀ ਸਦਾ ਅਰਾਧਨਾ ਕਰਦਾ ਹੈ, ਅਰ ਉਸ ਇੱਕ ਤੋਂ ਬਿਨਾਂ ਕਿਸੇ ਦੂਸਰੇ ਪਰ ਮਨ ਨਹੀਂ ਲਾਉਂਦਾ, ਕਿੰਤੂ ਉਸੇ ਨਾਲ ਜਿਸ ਦਾ ਪੂਰਨ ਪ੍ਰੇਮ ਲੱਗ ਰਿਹਾ ਹੈ ਅਤੇ ਗੋਰ ਮੜ੍ਹੀ ਅਰ ਮਸਾਣਾਂ ਆੱਦਿਕ ਨੂੰ ਭੁੱਲਕੇ ਭੀ ਨਹੀਂ ਮੰਨਦਾ, ਏਸੇ ਤਰ੍ਹਾਂ ਤੀਰਥ ਬਰਤ ਜਪ ਤਪ ਆਦਿਕ ਨੂੰ ਭੀ ਉਸ ਪਰਮਾਤਮਾਂ ਦੇ ਅਰਾਧਨ ਤੋਂ ਬਿਨਾਂ ਕੁਝ ਨਹੀਂ ਜਾਨਦਾ ਐਸਾ ਜੋ ਸੱਚੇ ਨਿਸਚੇ ਵਾਲਾ ਪੁਰਖ ਹੈ ਜਿਸ ਦੇ ਰਿਦੇ ਵਿੱਚ ਉਸੇ ਪਰਮਾਤਮਾਂ ਦੀ ਪੂਰਨ ਜੋਤੀ ਦਾ ਗਯਾਨ ਰੂਪ ਪਰਕਾਸ਼ ਹੋ ਰਿਹਾ ਹੈ, ਓਹੋ ਪੁਰਖ ਸ਼ੁੱਧ ਖਾਲਸਾ ਸਮਝਨ ਜੋਗ ਹੈ॥

ਇਸ ਕਥਨ ਤੋਂ ਪਾਇਆ ਜਾਂਦਾ ਹੈ ਕਿ ਪਰਮੇਸ਼ਰ ਤੋਂ ਬਿਨਾਂ ਜੋ ਲੋਗ ਕਿਸੇ ਹੋਰ ਦੇਵੀ ਦੇਵਤੇ ਗੋਰ ਮੜ੍ਹੀ ਨੂੰ ਮੰਨਦੇ ਹਨ ਅਰ ਜਪ ਤਪ ਕਰਕੇ ਅਪਨਾ ਕੱਲਯਾਨ ਚਾਹੁੰਦੇ ਹਨ, ਸੋ ਸੱਚੇ ਸਿਦਕੀ ਖ਼ਾਲਸਾ ਨਹੀਂ ਹਨ, ਇਸ ਵਾਸਤੇ ਗੁਰੂ ਜੀ ਨੇ ਅਪਨੇ ਪੰਥ ਨੂੰ ਇਹ ਤੱਤ ਉਪਦੇਸ਼ ਕੀਤਾ ਹੈ॥

ਇਸ ਤੋਂ ਅੱਗੇ ਫਿਰ ਗੁਰੂ ਜੀ ਨੇ ਉਸ ਅਕਾਲ ਪੁਰਖ ਦੇ ਲੱਖਨ ਕਥਨ ਕੀਤੇ ਹਨ ਜਿਸ ਦੇ ਗਯਾਨ ਤੇ ਇਹ ਅਗਯਾਨੀ ਜੀਵ ਕਿਸੇ ਕ੍ਰਿਤਮ ਵਸਤੂ ਨੂੰ ਅਕਾਲ ਪੁਰਖ ਮੰਨਕੇ ਵਿਸ਼ਵਾਸ ਨਾ ਕਰ ਬੈਠੇ॥

### ਯਥਾ :- ਸਵੈਯਾ

"ਸਤ ਸਦੈਵ ਸਰੂਪ ਸਤਬ੍ਰਤ ਆਦਿ ਅਨਾਦਿ ਅਗਾਧਿ ਅਜੈ ਹੈ। ਦਾਨ ਦਯਾ ਦਮ ਸੰਜਮ ਨੇਮ ਜਤੱਬ੍ਰਤ ਸੀਲ ਸੁਬ੍ਰਤ ਅਬੈ ਹੈਂ॥ ਆਦਿ ਅਨੀਲ ਅਨਾਹਦ ਆਪਿ ਬਿਅੰਤ ਅਦ੍ਵੈਖ ਅਭੇਖ ਆਭੈ ਹੈ। ਰੂਪ ਅਰੂਪ ਅਰੇਖ ਜਰਾਰਦਾ ਦੀਨ ਦਿਆਲ ਕ੍ਰਿਪਾਲ ਭਏ ਹੈ॥੨॥ ਆਦਿ ਅਦ੍ਵੈਖ ਅਭੇਖ ਮਹਾ ਪ੍ਰਭ ਸਤ ਸਰੂਪ ਸੁ ਜੋਤ ਪ੍ਰਕਾਸੀ॥ ਪੂਰਿ ਰਹਿਯੋ ਸਭ ਹੀ ਘਟ ਕੈ ਪਟ ਤਤ ਸਮਾਧਿ ਸੁਭਾਵ ਪ੍ਰਨਾਸੀ॥ ਆਦਿ ਜੁਗਾਦਿ ਜੁਗਾਤਿ ਤੁਹੀ ਪ੍ਰਭ ਫੈਲ ਰਹਿਯੋ ਸਭ ਅੰਭਰ ਬਾਸੀ। ਦੀਨ ਦਿਆਲ ਕ੍ਰਿਪਾਲ ਕ੍ਰਿਪਾ ਕਰ ਆਦਿ ਅਜੋਨ ਅਜੈ ਅਬਨਾਸੀ॥੩॥ ਆਦਿ ਅਭੇਖ ਅਛੇਦ ਸਦਾ ਪ੍ਰਭ ਬੇਦ ਕਤੇਬਨ ਭੇਦ ਨ ਪਾਯੋ। ਦੀਨ ਦਿਆਲ ਕ੍ਰਿਪਾਲ ਕ੍ਰਿਪਾ ਨਿਧ ਸਤ ਸਦੈਵ ਸਭੈ ਘਟ ਛਾਯੋ। ਸੇਸ ਸੁਰੇਸ ਗਣੇਸ ਮਹੇਸ਼ਰ ਗਾਹਿ ਫਿਰੈ ਸਤ ਥਾਹ ਨ ਆਯੋ। ਰੇ ਮਨ ਮੂੜ ਅਗੂੜ ਇਸੋ ਪ੍ਰਭ ਤੈ ਕਹੈ ਕਾਜ ਰਹੇ

ਬਿਸਰਾਯੋ॥੪॥"

ਇਨ੍ਹਾਂ ਸ੍ਰੀ ਮੁਖ ਵਾਕਾਂ ਦੁਵਾਰਾ ਗੁਰੂ ਜੀ ਮਹਾਰਾਜ ਨੇ ਉਸ ਪਰਮਾਤਮਾ ਦੇ ਲਖਨਾਂ ਦਾ ਕਥਨ ਕਰਕੇ ਓੜਕ ਨੂੰ ਇਹ ਕਥਨ ਕੀਤਾ ਹੈ ਕਿ ਐ ਮੂਰਖ ਮਨ ਪ੍ਰਾਣੀ ਤੇ ਐਸਾ ਬੇਅੰਤ ਪ੍ਰਭ ਨੂੰ ਕਿਉਂ ਭਟਕਦਾ ਫਿਰਦਾ ਹੈਂ, ਇਸੇ ਤਰ੍ਹਾਂ ਤੇਤੀ ਸ੍ਵੈਏ ਏਸੇ ਅਕਾਲ ਪੁਰਖ ਦੇ ਅਰਾਧਨਾ ਅਤੇ ਉਸ ਤੇ ਭਿੰਨ ਦੂਜੇ ਦੇ ਉਪਾਸਨਾ ਦੇ ਖੰਡਨ ਵਿੱਚ ਕਥਨ ਕੀਤੇ ਹਨ ਜਿਸ ਤੇ ਬੂਨੀ ਖਨਨ ਦੁਵਾਰੇ ਅੱਛੀ ਤਰ੍ਹਾਂ ਇਸ ਨਿਸਚੇ ਨੂੰ ਦ੍ਰਿੜ ਕਰਾਇਆ ਹੈ॥

ਫਿਰ ਜਦ ਗੁਰੂ ਜੀ ਨੇ ਪਹਾੜੀਏ ਲੋਗਾਂ ਨੂੰ ਜੋ ਦੇਵੀ ਪੂਜਕ ਸਨ ਅਰ ਅਕਾਲ ਪੁਰਖ ਤੇ ਬੇਮੁਖ ਪਾਏ ਦੇਖੇ ਤਾਂ ਉਪਦੇਸ਼ਾਂ ਨਾਲ ਰੋਕਿਆ ਕਿ ਤੁਸੀ ਅਕਾਲ ਪੁਰਖ ਤੇ ਭਿੰਨ ਕਿਸੇ ਦੇਵੀ ਦੇਵਤੇ ਦੀ ਮੂਰਤ ਧਰ, ਈਸ਼੍ਵਰ ਬੁਧਿ ਨਾ ਕਰੇ, ਪ੍ਰੰਤੂ ਉਹ ਮਹਾਂ ਪੁਰਖ ਇਸ ਬਾਤੋਂ ਨਾ ਹਟੇ ਅਰ ਉਲਟਾ ਗੁਰੂ ਜੀ ਨਾਲ ਜੁੱਧ ਆਰੰਭ ਦਿੱਤਾ, ਜਿਸ ਪਰ ਦਸਮ ਗੁਰੂ ਨੇ ਉਨ੍ਹਾਂ ਨੂੰ ਰਣ ਵਿੱਚ ਕਤਲ ਕੀਤਾ॥

ਇਸ ਬਾਤ ਦੀ ਖਬਰ ਜਦ ਔਰੰਗਜ਼ੇਬ ਪਾਸ ਪਹੁੰਚੀ ਤਦ ਉਸ ਨੇ ਬਕਾਇਦਾ ਖਤ ਭੇਜਿਆ ਜਿਸ ਵਿੱਚ ਗੁਰੂ ਜੀ ਮਹਾਰਾਜ ਤੋਂ ਦਰਯਾਫਤ ਕੀਤਾ ਕਿ ਆਪ ਨੇ ਇਨ੍ਹਾਂ ਪਹਾੜੀਆਂ ਨੂੰ ਕਯੋਂ ਮਾਰਿਆ ਹੈ, ਜਿਸ ਦਾ ਉੱਤ੍ਰ ਗੁਰੂ ਜੀ ਮਹਾਰਾਜ ਨੇ ਦਿੱਤਾ ਸਾ ਕਿ ਮੈਂ ਮੂਰਤੀ ਪੂਜਾ ਦਾ ਖੰਡਨ ਕਰਦਾ ਸਾ ਅਤੇ ਅਕਾਲ ਪੁਰਖ ਦੀ ਪੂਜਾ ਫੈਲਾਉਂਦਾ ਸਾਂ ਅਤੇ ਓਹ ਮੇਰੇ ਨਾਲ ਇਸ ਵਾਸਤੇ ਵਿਰੋਧ ਕਰਕੇ ਲੜਦੇ ਸੇ ਜਿਸ ਵਾਸਤੇ ਮੈਨੇਂ ਉਨ੍ਹਾਂ ਨੂੰ ਮਾਰਿਆ ਹੈ॥

ਯਥਾ :- ਸ੍ਰੀ ਮੁਖਵਾਕ ਫਾਰਸੀ

"ਮਨਮ ਕੁਸ਼ਤ ਨਮ ਕੋਹੀਆਂ ਪੁਰ ਫ਼ਿਤਨ
ਕਿਓ ਬੁਤ ਪ੍ਰਸਤੰਦੋ ਮਨ ਬੁਤ ਸ਼ਿਕਨ॥"

ਇਸ ਤੇ ਭੀ ਸਾਬਤ ਹੁੰਦਾ ਹੈ ਕਿ ਗੁਰੂ ਜੀ ਮਹਾਰਾਜ ਦੇ ਸੰਸਾਰ ਪਰ ਆਉਨ ਦਾ ਤਾਤਪਰਥ ਇਹੋ ਸਾ ਕਿ ਅਕਾਲ ਪੁਰਖ ਤੇ ਛੁੱਟ ਸਭ ਦੇਵੀ ਦੇਵਤਿਆਂ ਦਾ ਪੂਜਨ ਹਟਾਇਆ ਜਾਵੇ, ਜਿਸ ਤੇ ਉਹ ਮੂਰਤੀ ਪੂਜਕਾਂ ਨੂੰ ਯੁੱਧ ਕਰਕੇ ਭੀ ਮਾਰਨਾ ਇੱਕ ਉੱਤਮ ਜਾਨਦੇ ਸਨ॥

ਇਸੇ ਤਰ੍ਹਾਂ ਜਦ ਲੋਗ ਗੋਰਾਂ ਮੜ੍ਹੀਆਂ ਪਰ ਜਾਕੇ ਪੀਰ ਫਕੀਰਾਂ ਨੂੰ ਮੱਥੇ ਟੇਕਦੇ ਸਨ ਉਨ੍ਹਾਂ ਤੇ ਵਰ ਮੰਗਦੇ ਸੇ ਤਦ ਭੀ ਗੁਰੂ ਜੀ ਉਨ੍ਹਾਂ ਲੋਗਾਂ ਨੂੰ ਏਸੇ ਤਰ੍ਹਾਂ ਉਪਦੇਸ਼ ਕਰਦੇ ਸਨ ਪਰੰਤੂ ਉਹ ਗੋਰਾਂ ਪਰ ਸਿਜਦੇ ਕਰਕੇ ਪੀਰਾਂ ਤੇ ਵਰ ਮੰਗਨੇ ਵਾਲੇ ਅਕਸਰ ਮੁਸਲਮਾਨ ਲੋਗ ਜ਼ਿਆਦਾ ਹੁੰਦੇ ਸਨ ਇਸ ਵਾਸਤੇ ਗੁਰੂ ਜੀ ਉਨ੍ਹਾਂ ਨੂੰ ਫਾਰਸੀ ਭਾਸ਼ਾ ਵਿੱਚ ਹੀ ਉਸ ਮੰਦ ਕਰਮ ਤੇ ਹਟਾਉਨ ਲਈ ਯਤਨ ਕਰਦੇ ਸਨ, ਅਰ ਉਪਦੇਸ਼ ਦੇਂਦੇ ਸੇ॥

ਯਥਾ :- ਸ੍ਰੀ ਮੁਖ ਵਾਕ ਫਾਰਸੀ

"ਅਗਰ ਪੀਰ ਮੁਰਦਾ ਬਕਾਰਾਮਦੇ।

ਜ਼ਿ ਸ਼ਾਹੀਨ ਮੁਰਦਾ ਸ਼ਕਾਰ ਆਮਦੇ"

ਇਸ ਦਾ ਭਾਵ ਇਹੋ ਹੈ ਕਿ ਮਰਿਆ ਹੋਇਆ ਪੀਰ ਤੁਹਾਨੂੰ ਮੁਰਾਦਾਂ ਦੇਂਦਾ ਹੈ ਤਾਂ ਮਰਿਆ ਹੋਇਆ "ਸ਼ਹੀਨ" ਜੋ ਇੱਕ ਸ਼ਿਕਾਰੀ ਜਾਨਵਰ ਹੈ, ਸੋ ਸ਼ਿਕਾਰ ਮਾਰਕੇ ਲਿਆ ਦੇਵੇ, ਜਿਸ ਦਾ ਭਾਵ ਇਹ ਹੈ ਕਿ ਜਿਸ ਤਰ੍ਹਾਂ ਮਰਿਆ ਹੋਇਆਂ ਸ਼ਹੀਨ ਸ਼ਿਕਾਰ ਦੇਨ ਲਈ ਸਮਰੱਥਾ ਨਹੀ ਰੱਖਦਾ ਏਸੇ ਤਰਾਂ ਮੁਰਦਾ ਪੀਰ ਭੀ ਮੁਰਾਦ ਨਹੀਂ ਦੇ ਸਕਦਾ॥

ਸ੍ਰੀ ਗੁਰੂ ਮਹਾਰਾਜ ਜੀ ਦੇ ਇਹ ਉਪਦੇਸ਼ ਤੈਨੂੰ ਪੁਕਾਰ-ਪੁਕਾਰ ਕੇ ਦੱਸ ਰਹੇ ਹਨ ਕਿ ਅਕਾਲ ਪੁਰਖ ਤੇ ਬਿਨਾ ਕਿਸੇ ਦੀ ਪੂਜਾ ਯਾ ਉਪਾਸਨਾ ਫਲਦਾਇਕ ਨਹੀਂ ਹੈ॥

### ਦੋਹਿਰਾ

ਅਜੇ ਨ ਸਮਝੇਂ ਤੱਤ ਜੇ ਤਾਂ ਹੈ ਵੱਡਾ ਅੰਧੇਰ।
ਤਾਂ ਤੂੰ ਸਮਝੇਂਗਾ ਨਹੀਂ ਭਾਵੇਂ ਜੰਮੀਂ ਫੇਰ॥੩੭੫॥
ਮੇਰਾ ਸਿਰ ਭੀ ਖਪ ਗਿਆ ਮੱਤੀ ਦੇਂਦੇ ਤੁੱਧ।
ਪਰ ਤੈਂ ਮੰਨੀ ਇੱਕ ਨਹਿੰ ਨਮਦਾ ਤੇਰੀ ਬੁੱਧ॥੩੭੬॥
ਤਾਂ ਤੇ ਹੁਣ ਭੀ ਦੱਸ ਲੈ ਰਹੀ ਕਸਰ ਜੇ ਹੋਰ।
ਮੈਂ ਤਾਂ ਥੱਕਾ ਲਾਇ ਹਾਂ ਤੇਰੇ ਪਰ ਸਭ ਜੋਰ॥੩੭੭॥

## ਦੁਰਗਾ ਭਗਤ

### ਦੋਹਿਰਾ

ਤੇਰਾ ਇਤਨਾ ਬੋਲਣਾ ਖਾਲੀ ਗਿਆਨ ਜਾਣ।
ਜਿਸ ਤੇ ਮੈਨੂੰ ਆ ਗਈ ਸੱਤ ਅਸੱਤ ਪਛਾਣ॥੩੭੮॥
ਹੁਣ ਦੁਰਗਾ ਦਾ ਭਗਤ ਮੈਂ ਰਿਹਾ ਨਹੀਂ ਹਾਂ ਮੂਲ।
ਗੁਰਮਤ ਮੇਰੇ ਵਾਸਤੇ ਲਗਦਾ ਹੈ ਅਨੁਕੂਲ॥੩੭੯॥
ਤਾਂਤੇ ਦੁਰਗਾ ਭਗਤ ਨਾ ਮੈਨੂੰ ਅੱਗੋਂ ਭਾਖ।
ਦਸਮ ਗੁਰੂ ਦਾ ਸਿੰਘ ਹੁਣ ਅਪਨੇ ਮੁਖ ਤੇ ਆਖ॥੩੮੦॥
ਭੁੱਲਿਆ ਹੋਇਆ ਚਿਰਾਂ ਦਾ ਅੱਜ ਪਿਆ ਹਾਂ ਰਾਹ।
ਪਿਛਲੀ ਉਮਰਾ ਗਈ ਨੂੰ ਰੋਵਾਂ ਮਾਰੀ ਧਾਹ॥੩੮੧॥
ਪਰ ਹੁਣ ਦੱਸੀ ਕਯਾ ਕਰਾਂ ਮੈਂ ਮੁਕਤੀ ਹਿਤ ਕਾਜ।
ਜਿਸ ਨੂੰ ਦੇਖ ਪ੍ਰਸੰਨ ਹੋਂ ਕਲਗੀਧਰ ਮਹਾਰਾਜ॥੩੮੨॥
ਕੀਤੇ ਬਾਝੋਂ ਰਹੇ ਨਾ ਜਗ ਵਿੱਚ ਪ੍ਰਾਨੀ ਕੋਇ।
ਤਾਂ ਤੇ ਮੈਨੂੰ ਦਸਦੇ ਭਲਾ ਕਰਮ ਹੈ ਜੋਇ॥੩੮੩॥

## ਤੱਤ ਖਾਲਸਾ

### ਦਵੈਯਾ

ਤੇਰੇ ਲਾਇਕ ਇਹੋ ਕੰਮ ਹੈ ਈਸ਼੍ਵਰ ਮੈਂ ਮਨ ਲਾਈਂ। ਦੇਵੀ ਦੇਵਲ ਮੜ੍ਹੀ ਮਸਾਣੀ ਭੁੱਲ ਨ ਕਦੇ ਧਿਆਈਂ। ਪੱਥਰ ਕਾਠ ਮੂਰਤਾਂ ਅੱਗੇ ਜਾਕੇ ਸੀਸ ਨ ਧਰਨਾ। ਵਿੱਚ ਸਰਾਧਾਂ

ਦੇ ਸੁਨ ਭਾਈ ਕਊਆ ਬਾਪ ਨਾ ਕਰਨਾ।।੩੮੪।। ਵੇਦ ਪੁਰਾਨ ਕੁਰਾਨ ਹਟਾਕੇ ਗੁਰੂ ਗ੍ਰੰਥ ਨੂੰ ਮੰਨੀਂ। ਰਾਮ ਕ੍ਰਿਸ਼ਨ ਅਰ ਬ੍ਰਹਮਾਂ ਵਿਸ਼ਨੂੰ ਦਾ ਭੀ ਭਾਂਡਾ ਭੰਨੀਂ। ਅੰਨਮਤੀ ਲੋਗਾਂ ਦੇ ਅੱਗੇ ਜਾਕੇ ਦੀਨ ਨ ਹੋਈਂ। ਝੂਠੇ ਕੰਮਾਂ ਦੇ ਵਿੱਚ ਪੈਕੇ ਅਪਨੀ ਉਮਰ ਨ ਖੋਈਂ।।੩੮੫।। ਗੁਰੂ ਗ੍ਰੰਥ ਦੀ ਬਾਣੀ ਦਾ ਤੂੰ ਪਾਠ ਕਰੀਂ ਸੁਖਦਾਈ। ਪੜ੍ਹ ਸੁਣਕੇ ਹੀ ਬੱਸ ਨ ਰੱਖੀਂ ਜੋ ਕੁਛ ਕਹੇ ਕੁਮਾਈਂ।। ਰਹਤ ਬਹਤ ਮਹਿ ਪੂਰਾ ਰਹਣਾ ਜਤ ਸਤ ਹਠ ਤਪ ਸੰਗੇ। ਯਾਦ ਸ਼ਹੀਦਾਂ ਦੇ ਕਰ ਹੀਲੇ ਮਨ ਮਹਿ ਧਰੀ ਉਮੰਗੇ।।੩੮੬।। ਜੇ ਪਰਮੇਸ਼ਰ ਨੇ ਹੈ ਦਿੱਤੀ ਤੈਨੂੰ ਧਨ ਤੋਂ ਤੰਗੀ। ਨਾਲ ਸਿਦਕ ਸੰਤੋਖ ਰੱਖਨਾ ਖੋਕਰ ਧਰਮ ਨ ਮੰਗੀ। ਨੰਗ ਭੁਖ ਅਰ ਦੁੱਖ ਸੁੱਖ ਮਹਿ ਨਿਸਚਾ ਨਾਹਿ ਡੁਲਾਈਂ। ਜੋ ਕਰਤਾ ਵੱਲੋਂ ਹੈ ਮਿਲਯਾ ਸੋਈ ਪਹਿਨੀਂ ਖਾਈਂ।।੩੮੭।। ਭਲਾ ਕਰੀਂ ਜੇ ਹੋਵੇ ਤੈਥੋਂ ਬੁਰਾ ਨ ਕਰਨਾ ਰੱਤੀ। ਭੁੱਲ ਕਦੇ ਭੀ ਸਾਥ ਨ ਕਰਨਾ ਜਾਣੇ ਜਿਸੇ ਕੁਸੱਤੀ।। ਮੁਖ ਤੇ ਕਹੇ ਬਚਨ ਪਰ ਪਾਲਨ ਚੰਗਾ ਕਰਕੇ ਦੱਸੀਂ। ਵਾਂਗ ਉਠ ਦੇ ਲੇਂਡੇ ਮੂੰਹੋਂ ਬਚਨ ਸੁੱਟ ਨਹਿ ਨੱਸੀਂ।।੩੮੮।। ਨਿੰਦਾ ਚੁਗਲੀ ਅਤੇ ਬਖੀਲੀ ਵਿੱਚ ਇਮਾਨਤ ਖਯਾਨਤ। ਕਰਨੇ ਮਹਾਂ ਪਾਪ ਮਨ ਸਮਝੀ ਚੰਗੀ ਰੱਖ ਦਿਆਨਤ। ਸਦਾ ਪੰਥ ਦੀ ਕਰੀਂ ਉੱਨਤੀ ਜਿੱਥੋਂ ਤਕ ਬਨ ਆਏ। ਬੁਰੇ ਕਰਮ ਤੇ ਹਟਕੇ ਰਹਨਾ ਜਿਤਨਾ ਪਾਰ ਵਸਾਏ ।।੩੮੯।। ਨਾਲ ਖਾਲਸੇ ਲੇਨ ਦੇਨ ਅਰ ਨਾਲ ਖਾਲਸੇ ਸ਼ਾਦੀ। ਅੰਨਮਤੀ ਦੇ ਲੜਕੀ ਲੜਕੇ ਦੇ ਨਾ ਕਰ ਬਰਬਾਦੀ। ਦਸਾ ਗੁਰਾਂ ਅਰ ਗ੍ਰੰਥ ਗੁਰੂ ਤੇ ਹੋਰ ਨ ਗੁਰੂ ਬਨਾਈਂ। ਕਾਰਾਂ ਭੇਟਾਂ ਲੈਣੇ ਵਾਲਯਾਂ ਤੇ ਤੂੰ ਆਪ ਬਚਾਈਂ।।੩੯੦।। ਦਸਾਂ ਨੌਹਾਂ ਦੀ ਕਰੀਂ ਕਮਾਈ ਟੱਬ੍ਰ ਵਿੱਚ ਮਿਲ ਖਾਵੀਂ। ਕਪਟ ਲੋਭ ਛਲ ਛਿਟਰ ਕਰਕੇ ਮੂਲ ਨ ਟਕਾ ਕਮਾਵੀਂ। ਵੰਡ ਛਕੀ-ਜੋ ਰੁੱਖਾ ਮਿੱਸਾ ਅੰਨ ਬਨੇ ਘਰ ਮਾਹੀਂ। ਆਏ ਸਿੰਘ ਦੇਖ ਕਰ ਘਰ ਮਹਿ ਮੱਥੇ ਵੱਟ ਨ ਪਾਹੀਂ।।੩੯੧।। ਬਿਪਤਾ ਉਪਰ ਬਿਪਤਾ ਆਵੇ ਅਰ ਦੁੱਖਾਂ ਮਿਹ ਦੁੱਖਾਂ। ਬਿਨਾਂ ਅਕਾਲ ਗੁਰੂ ਦੀ ਸ਼ਰਨੋਂ ਸੁੱਖੀਂ ਹੋਰ ਨ ਸੁੱਖਾ।। ਏਹ ਗਰੀਬੀ ਦੀ ਹੈ ਹਾਲਤ ਤੇਰੇ ਤਾਂਈ ਦੱਸੀ। ਹਰ ਹਾਲਤ ਵਿੱਚ ਰਹਕੇ ਪਿਆਰੇ ਧਰਮੋਂ ਨਾ ਫਿਰ ਨੱਸੀਂ।।੩੯੨।। ਅਰ ਜੇ ਤੂੰ ਹੈਂ ਧਨ ਦਾ ਮਾਲਕ ਸ਼ਾਹੂਕਾਰ ਅਮੀਰਾ। ਰਾਜ ਭਾਗ ਧਨ ਸੰਪਤ ਘਰ ਮਹਿ ਤਾਂ ਇਹ ਕਰ ਵਰਤੀਰਾ।। ਅਪਨੇ ਧਨ ਤੇ ਧਰਮ ਵਾਸਤੇ ਚੰਗੇ ਲਾਭ ਪੁਚਾਈਂ। ਚਾਰੇ ਤਖਤ ਹੋਰ ਗੁਰਦੁਆਰੇ ਇਨ ਕੀ ਟਹਲ ਕੁਮਾਈਂ।।੩੯੩।। ਜਿਸ ਤੇ ਏਹ ਨਸ਼ਾਨ ਕੌਮ ਦੇ ਰਹਿਨ ਸਦਾ ਜੋ ਚੰਗੇ। ਤਾਂ ਇਹ ਕੌਮ ਸੁਭਾਗ ਰਹੇਗੀ ਧਰਮ ਵਿਖੇ ਮਨ ਰੰਗੇ।। ਫਿਰ ਉਪਦੇਸ਼ਕ ਰੱਖ ਚੰਗੇਰੇ ਧਰਮ ਪੰਥ ਪ੍ਰਚਾਰੀ। ਜਗ੍ਹਾ ਜਗ੍ਹਾ ਪੁਰ ਕਰਨ ਜਾਇ ਕੇ ਗੁਰ ਬਚਨਾਂ ਦੀ ਬਾਰੀ।।੩੯੪।। ਫਿਰ ਵਿਦਯਾ ਦੇ ਕਾਲਜ ਕਰਕੇ ਸਿੰਘਾਂ ਲਾਭ ਪੁਚਾਈਂ। ਏਸ ਅਵਿੱਦਯਾ ਅੰਧਕਾਰ ਤੇ ਧਨ ਦੇ ਜ਼ੋਰ ਛੁਡਾਈ।। ਹੋਰ ਯਤੀਮ ਖਾਲਸਾ ਤਾਂਈਂ ਕਰਕੇ ਆਦਰ ਰਖੀਂ ਨੰਗ ਭੁੱਖ ਅਰ ਦੁੱਖ ਉਨ੍ਹਾਂ ਦੇ ਮੂਲ ਨ ਦੇਖੀਂ ਅੱਖੀਂ।।੩੯੫।। ਅਨਾਥਾਲਯ ਫਿਰ ਖੋਲ ਚੰਗੇਰੇ ਦੇਵੀ ਦਾਨਾ ਪਾਨੀ। ਕੁਛ ਕੁਛ ਕਾਰ ਕਰਨ ਉਹ ਖਾ ਕੇ ਨਾਲੇ ਪੜ੍ਹ ਸਨ ਬਾਣੀ। ਫੇਰ ਹੋਨ ਜੋ ਸ਼ੂਰਬੀਰ ਤਿਨ ਪਾਸ ਆਪਨੇ ਰੱਖੀਂ। ਸ਼ਸਤ੍ਰ ਵਿੱਦਯਾ ਨਾਲ ਉਨਾਂ ਦੇ ਦੇਖੀਂ ਕਰਤਬ ਅੱਖੀਂ।।੩੯੬।। ਵਿਦਯਾਵਾਨ ਗੁਣੀ ਜੋ ਹੋਵਨ ਉਨਤੇ ਗੁਣ ਇਮ ਲੇਵੀ। ਦੁੱਧ ਸਮਾਨ ਗਊ ਦੇ ਜੈਸੇ ਧਨ ਦੇ ਰਾਤਬ ਦੇ

ਵੀ॥ ਜਿੱਥੋਂ ਤੀਕਰ ਜੋਗ ਨਿਹਾਰੇਂ ਕਰੀਂ ਪੰਥ ਭਲਿਆਈ। ਪਾਕੇ ਦਰਬ ਕੰਜਰਾਂ ਭੰਡਾਂ ਅੱਗੇ ਨਹੀਂ ਲੁਟਾਈਂ॥੩੯੭॥ ਧਰਮ ਕਰਮ ਅਰ ਸ਼ੂਰ ਬੀਰਤਾ ਦਾਨ ਮਾਨ ਮਹਿ ਰਹਿਨਾ। ਸੱਚਾ ਸ਼ੁੱਧ ਮ੍ਰਿਦ ਬਚ ਸਭ ਨੂੰ ਅਪਨੇ ਮੁਖ ਤੇ ਰਹਿਣਾ॥ ਹੋਰ ਜ਼ਾਇਕੇ ਮੜ੍ਹੀਆਂ ਉੱਪਰ ਨਾ ਧਨ ਪਿਆ ਲੁਟਾਨਾ। ਦੇਵੀ ਦੁਆਰਿਆ ਅਤੇ ਸ਼ਿਵਾਲਯਾਂ ਪਰ ਨਾ ਖਰਚ ਖਜ਼ਾਨਾ॥੩੯੮॥ ਅਪਣਿਯਾਂ ਛੱਡ ਬਿਗਾਨਯਾਂ ਦੀ ਚਾ ਐਵੇਂ ਸੇਵ ਨਾ ਕਰਨੀਂ। ਲੋਕ ਪ੍ਰਲੋਕ ਨ ਸੌਰੇ ਜਿਸ ਸੇ ਐਸੀ ਰੀਤ ਨ ਧਰਨੀ॥ ਜਿਸ ਦਸਮੇਂ ਗੁਰ ਦੇ ਬਲ ਕਰਕੇ ਮਿਲੀ ਏਹੁ ਸਰਦਾਰੀ। ਉਸ ਦੀ ਕ੍ਰਿਪਾ ਉਪਰ ਚਹੀਏ ਜਾਵਨ ਸਦ ਬਲਿਹਾਰੀ॥੩੯੯॥ ਨਾਮ ਓਸ ਦਾ ਜਿੱਥੋਂ ਤੀਕਰ ਕਰੀਂ ਬਲੰਦ ਪਿਆਰੇ ਧੰਨ ਧੰਨ ਧਰਮਾਤਮ ਕਹਕੇ-ਯਸ਼ ਲੇਵੇਗਾ ਸਾਰੇ॥ ਜੇਕਰ ਛੱਡ ਏਹੁ ਸ਼ੁਭ ਮਾਰਗ ਔਝੜ ਪੈ ਗਿਆ ਜਾਕੇ। ਓੜਕ ਨੂੰ ਇਸ ਜਗ ਤੇ ਜਾਸੇਂ ਧਨ ਅਰ ਧਰਮ ਲੁਟਾਕੇ ॥੪੦੦॥ ਗੁਰੂ ਗ੍ਰੰਥ ਦੀ ਬਾਣੀ ਉੱਪਰ ਨਿਸਚਾ ਕਰਨਾ ਐਸਾ। ਧਰਮ ਧੁਜਾ ਨੂੰ ਧਰਮ ਹੇਤ ਹੈ ਕਰਨਾ ਚਹੀਏ ਜੈਸਾ॥ ਦੂਜੀ ਕੌਮਾਂ ਨੂੰ ਜੋ ਦੇਖੋਂ ਈਸ਼੍ਵਰ ਨੇ ਫਲ ਲਾਏ। ਸੋ ਏਸੇ ਕਾਰਨ ਤੇ ਹਨਗੇ ਜਿਨ ਗੁਰ ਬਚਨ ਕੁਮਾਏ॥੪੦੧॥ ਮੁੱਸਲਮਾਨ ਇਮਾਨਦਾਰ ਹੋ ਹਜ਼ਰਤ ਬਚਨ ਕੁਮਾਇਆ। ਜਿਸ ਦੇ ਬਦਲੇ ਰਾਜ ਭਾਗ ਲੈ ਨਾਮ ਨਜ਼ਾਮ ਧਰਾਇਆ॥ ਇਸੇ ਤਰ੍ਹਾਂ ਜਦ ਏਹੁ ਈਸਾਈ ਈਸਾ ਦੇ ਲੜ ਲੱਗੇ। ਜਗ੍ਹਾ ਜਗ੍ਹਾ ਪਰ ਲੋਗ ਪਾਦਰੀ ਬੈਠੇ ਕੇਹਰ ਬੱਗੇ ॥੪੦੨॥ ਫਿਰ ਜੇ ਤੂੰ ਭੀ ਗੁਰ ਅਪਨੇ ਦੇ ਮਨ ਮਹਿੰ ਬਚਨ ਕਮਾਵੇ। ਵਾਂਗ ਦੂਸਰਿਆਂ ਦੇ ਜਗ ਅੰਦਰ ਕਿਉਂ ਨਾ ਸੋਭਾ ਪਾਵੇਂ॥ ਤਾਂ ਤੇ ਗੁਰੂ ਗ੍ਰੰਥ ਦੀ ਬਾਣੀ ਮਨ ਮਹਿੰ ਸਦਾ ਵਿਚਾਰੀਂ। ਅੰਨਮਤੀ ਲੋਗਾਂ ਦੇ ਫੰਦੇ ਆ ਨਾ ਧਰਮ ਵਿਸਾਰੀਂ॥੪੦੩॥ ਇਹ ਤਾਂ ਲੁੱਟ ਪੁੱਟ ਕੇ ਕਰ ਸਨ ਤੈਨੂੰ ਖੀਸਯੋਂ ਖਾਲੀ। ਤੇਰੇ ਪਰ ਪੀਲੱਤਣ ਵਰਤੂ ਇਨ ਪਰ ਆਊ ਲਾਲੀ॥ ਨੌਂ ਗ੍ਰਹ ਸਾਫ ਸਤੀ ਅਰ ਢਈਏ ਪਾਕੇ ਤੈਨੂੰ ਢਾਹੁਨ। ਵਾਂਗ ਜੰਗਲੀ ਮ੍ਰਿਗਾਂ ਦੇ ਇਹ ਬਾਉਰ ਨਾਲ ਫਹਾਉਨ॥੪੦੪॥ ਸਦਾ ਅਨੰਦ ਰਹੀਂ ਮਨ ਅੰਦਰ ਕਦੇ ਨ ਕਰ ਦਿਲਗੀਰੀ। ਜਿਸ ਤੇ ਗੁਰ ਨੇ ਬਖਸ਼ੀ ਤੈਨੂੰ ਜਗ ਦੇ ਵਿੱਚ ਅਮੀਰੀ॥ ਇਸ ਦੀ ਮੌਜ ਲੁੱਟ ਮਨ ਭਾਈ ਪਰ ਬੁਰਿਆਈ ਛਡੀਂ। ਪਿੱਛੇ ਅਪਨੇ ਵਡਿਆਂ ਵਾਂਗਰ ਨਾਮ ਚੰਗੇਰਾ ਕੱਢੀਂ॥੪੦੫॥ ਦੁਰਗਾ ਭੂਤ ਸੀਤਲਾ ਭੈਰੋਂ ਹਨੂੰਮਾਨ ਨਾ ਮੰਨੀਂ। ਐਸੇ ਵਹਮੀ ਖਯਾਲਾਂ ਦਾ ਤੂੰ ਭਾਂਡਾ ਛੇਤੀ ਭੰਨੀ। ਗਯਾਨਵਾਨ ਹੋ ਸਭ ਦਾ ਮਾਲਕ ਨਾ ਪਰਚੀਂ ਸਮ ਬਾਲਕ। ਇਨ੍ਹਾਂ ਮੂਰਖਾਂ ਦੇ ਕੰਮਾਂ ਸੇ ਹੈ ਤੇਰਾ ਕਯਾ ਤਾਲੁਕ॥੪੦੬॥ ਏਹ ਅਮੀਰੀ ਦੀ ਮੈਂ ਹਾਲਤ ਤੈਨੂੰ ਠੀਕ ਸੁਨਾਈ। ਜਿਸ ਨੂੰ ਪਾਕੇ ਲੇਵੇ ਜਗ ਵਿੱਚ ਯਸ਼ ਅਰ ਧਰਮ ਵਡਾਈ॥ ਹੁਣ ਤੂੰ ਸੋਚ ਰਿਦੇ ਮੈਂ ਬਹਿਕੇ ਜੋ ਮਨ ਭਾਈ ਕਰਲੈ। ਭਲਾ ਦਿਸਾਵੈ ਜੋਈ ਮਾਰਗ ਉਸ ਪਰ ਨਿਰਭਰ ਕਰਲੈ॥੪੦੭॥

# ਦੁਰਗਾ ਭਗਤ ਦਾ ਤੱਤ ਖਾਲਸਾ ਹੋਨਾ

## ਦੋਹਿਰਾ

ਵਾਹ ਵਾਹ ਹੇ ਸੱਜਨਾਂ ਮੈਂ ਤੈਥੋਂ ਬਲਹਾਰ।
ਇਹ ਦੁਰਗਾ ਦਾ ਬੋਝ ਤੈਂ ਦਿੱਤਾ ਸਿਰੋਂ ਉਤਾਰ॥੪੦੮॥
ਇਸ ਅੰਧੇ ਖੂਹੇ ਵਿਖੇ ਮੈਂ ਤਾਂ ਗਿਰਾ ਅਜਾਨ।

ਪਰ ਤੈਂ ਆਕੇ ਕੱਢਿਆ ਦੇ ਗੁਰਮਤ ਦਾ ਗਯਾਨ।।੪੦੯।।
ਅਹੋ ਅਹੋ ਅਥ ਰਿਦੇ ਮੈਂ ਕੈਸਾ ਹੈ ਪ੍ਰਕਾਸ਼।
ਜਿਸ ਦੇ ਪ੍ਰਗਟ ਹੋਤ ਹੀ ਭਯੋ ਅੰਧੇਰਾ ਨਾਸ।।੪੧੦।।
ਧੰਨ ਧੰਨ ਦਸਮੇਂ ਗੁਰੂ ਜਿਨ ਸਾਜਿਆ ਇਹ ਪੰਥ।
ਸਭੀ ਭਰਮ ਮੁਹਿ ਉਡ ਗਏ ਜਦ ਪੜ੍ਹਿਆ ਗੁਰੂ ਗ੍ਰੰਥ।।੪੧੧।।
ਦੁਰਗਾ ਭਗਤੀ ਦੂਰ ਕਰ ਭਯਾ ਖਾਲਸਾ ਤੱਤ।
ਨਿਸਚੇ ਕਰ ਮੈਂ ਜਾਨਿਆ ਜੋ ਗੁਰੂਆਂ ਦਾ ਮੱਤ।।੪੧੨।।
ਤੈਂ ਜੋ ਕਰ ਉਪਕਾਰ ਇਹ ਮੈਨੂੰ ਦੱਸਿਆ ਰਾਹ।
ਭੇਟਾ ਤੇਰੀ ਕਿਆ ਕਰਾਂ ਹੈ ਇਹ ਚਿੱਤ ਉਮਾਹ।।੪੧੩।।

## ਤੱਤ ਖ਼ਾਲਸਾ

### ਦੋਹਿਰਾ

ਵਾਹ ਵਾਹ ਤੂੰ ਧੰਨ ਹੈਂ ਧੰਨ ਭਾਗ ਤੁਹਿ ਮੀਤ।
ਜਿਸ ਨੇ ਹਿਰਦੇ ਮੈਂ ਧਰੀ ਗੁਰਮਤ ਪਰ ਪਰਤੀਤ।।੪੧੪।।
ਲੋਕ ਪ੍ਰਲੋਕ ਸੁਧਾਰਿਆ ਅਰ ਸੁਧਰੇਂਗੇ ਔਰ।
ਜਿਨ ਤੇਰੇ ਇਸ ਸਿਦਕ ਪਰ ਕਰ ਲੀਨੀ ਕੁਛ ਗੌਰ।।੪੧੫।।
ਜੇ ਤੂੰ ਹੈਂਗਾ ਤੁੱਠਿਆ ਮੇਰੇ ਪਰ ਕੁਛ ਅੱਜ।
ਤਾਂ ਏਹੋ ਮੈਂ ਮੰਗਦਾ ਸਾਰੀ ਵੱਲੋਂ ਰੱਜ।।੪੧੬।।
ਜਿੱਥੋਂ ਤੀਕਰ ਦੇਹ ਵਿੱਚ ਵੱਸਨ ਤੇਰੇ ਪ੍ਰਾਣ।
ਉਥੋਂ ਤੀਕਰ ਜਗਤ ਨੂੰ ਦੇਕਰ ਗੁਰ ਪ੍ਰਮਾਣ।।੪੧੭।।
ਇਸ ਫਾਹੀ ਥੋਂ ਕੱਢ ਦੇ ਜਿਸ ਥੋਂ ਨਿਕਲਯਾ ਆਪ।
ਦੁਰਗਾ ਲੱਗੀ ਪੰਥ ਨੂੰ ਤੇਈਏ ਦਾ ਇੱਕ ਤਾਪ।।੪੧੮।।
ਜਿਸ ਦੀ ਦਾਰੂ ਇਹੋ ਹਨ ਗੁਰੂ ਗ੍ਰੰਥ ਦੇ ਵਾਕ।
ਜੋ ਅਕਾਲ ਤੇ ਬਿਨਾਂ ਹਨ ਦੂਜੀ ਤਜਦੇ ਝਾਕ।।੪੧੯।।
ਮੌਜ ਕਰੋ ਮਨ ਭਾਉਂਦੀ ਸਗਲਾ ਭਰਮ ਗੁਵਾਇ।
ਮੈਂ ਭੀ ਹਾਂ ਹੁਣ ਜਾਵੰਦਾ ਗੁਰ ਕੀ ਫਤੇ ਬੁਲਾਹਿ।।੪੨੦।।

## ਪੰਥ ਅੱਗੇ ਪ੍ਰਾਰਥਨਾ

### ਦੋਹਿਰਾ

ਅਹੋ ਪੰਥ ਇਹ ਬੇਨਤੀ ਸੁਨੀਏ ਮਨ ਚਿੱਤ ਲਾਇ।
ਜਿਤਨੀ ਮੇਰੀ ਬੁਧਿ ਥੀ ਉਤਨਾ ਕਹਿਆ ਸੁਨਾਇ।।੪੨੧।।
ਜੋ ਕੁਛ ਰਹਿ ਗਿਆ ਆਖਨਾ ਅਰ ਹੋਈ ਜੋ ਭੁੱਲ।
ਸੋ ਕਰ ਲੇਵੀਂ ਸੁੱਧ ਤੂੰ ਪੂਰਖ ਨ ਗਿਆਤਾ ਕੁੱਲ।।੪੨੨।।
ਪਰ ਇਸ ਮੇਰੇ ਲਿਖਨ ਨੂੰ ਚੰਗੀ ਤਰ੍ਹਾਂ ਵਿਚਾਰ।

ਏਂਹ ਪੁਵਾੜਾ ਚੰਡ ਦਾ ਝਬਦੇ ਸਿਰੋਂ ਉਤਾਰ।੪੨੩॥
ਦੇਖ ਗੁਰਾਂ ਦੇ ਚਰਤ ਜੋ ਕੀਤੇ ਤੇਰੇ ਹੇਤ।
ਲੱਖਾਂ ਸਿੰਘ ਸ਼ਹੀਦ ਸਨ ਹੋਏ ਅੰਦਰ ਖੇਤ।੪੨੪॥
ਮਾਤ ਪਿਤਾ ਦੇ ਸੀਸ ਸਨ ਦਿੱਤੇ ਤੇਰੇ ਕਾਜ।
ਚਾਰੇ ਪੁੱਤ੍ਰ ਲਾਡਲੇ ਉਡ ਗਏ ਜਿਉਂ ਕਰ ਬਾਜ਼।੪੨੫॥
ਓੜਕ ਅਪਨੀ ਜਿੰਦ ਭੀ ਦਿੱਤੀ ਖਾਇ ਕਟਾਰ।
ਪਰ ਤੈਨੂੰ ਉਹ ਕਰ ਗਏ ਦੁਨੀਆਂ ਮਹਿ ਸਰਦਾਰ।੪੨੬॥
ਜਿਸ ਨੇ ਤੇਰੇ ਵਾਸਤੇ ਸਹੇ ਏਤਨੇ ਦੁੱਖ।
ਛਾਲੇ ਪੈਰੀ ਪੈ ਗਏ ਸਹੀ ਨੰਗ ਅਰ ਭੁੱਖ।੪੨੭॥
ਪਰ ਤੈਨੂੰ ਦੇ ਪਾਲਕੀ ਬੱਘੀ ਘੋੜੇ ਊਠ।
ਹਾਥੀ ਦੀ ਅਸਵਾਰੀਆਂ ਦੇਕਰ ਮੀਚੀ ਝੂਠ।੪੨੮॥
ਨਾ ਉਸ ਦਾ ਤੂੰ ਹੋਇਆ ਜੋ ਸੀ ਤੇਰਾ ਬਾਪ।
ਉਲਟਾ ਕਰਨੇ ਲੱਗਯਾ ਦੇਵੀ ਦੇਵਨ ਜਾਪ।੪੨੯॥
ਜਿਨ੍ਹਾਂ ਨ ਦਿੱਤੀ ਤੁੱਧ ਨੂੰ ਪੱਲਯੋਂ ਹੈਂ ਇੱਕ ਜੂੰਇ।
ਹਵਨ ਕਰਾਵੇਂ ਉਨ੍ਹਾਂ ਤੇ ਅੱਖੀਂ ਲੈ ਕੇ ਧੂੰਇ।੪੩੦॥
ਵੱਡੀ ਸ਼ਰਮ ਦੀ ਬਾਤ ਹੈ ਤੈਨੂੰ ਵੱਗੀ ਵਾਉ।
ਜਿਸ ਤੇ ਅਪਨੇ ਛੱਡ ਕੇ ਦੂਜਿਆਂ ਦਾ ਹੈ ਚਾਉ।੪੩੧॥
ਤਾਂ ਤੇ ਮੇਰੀ ਬੇਨਤੀ ਸੁਣਕੇ ਮੰਨੀ ਏਹ।
ਦਸਮ ਗੁਰੂ ਦੇ ਵਾਸਤੇ ਤਨ ਮਨ ਅਪਨਾ ਦੇਹ।੪੩੨॥
ਜਿਸ ਤੇ ਰਹੇਂ ਅੱਟਲ ਤੂੰ ਸਦਾ ਜਗਤ ਮੈਂ ਐਸ।
ਦੂਜੀ ਕੌਮਾਂ ਦੇਖਦਾ ਵੱਡ ਪ੍ਰਤਾਪੀ ਜੈਸ।੪੩੩॥
ਜੇ ਤੈਂ ਮੇਰੀ ਬਾਤ ਨੂੰ ਹੱਸਕੇ ਦਿੱਤਾ ਟਾਲ।
ਰੱਖ ਯਾਦ ਇਸ ਗੱਲ ਨੂੰ ਤਾਂ ਹੈ ਤੇਰਾ ਕਾਲ।੪੩੪॥

## ਅਕਾਲ ਪੁਰਖ ਅੱਗੇ ਬੇਨਤੀ

### ਗੀਆ ਛੰਦ

ਹੇ ਸਰਬ ਸ਼ਕਤੀ ਮਾਨ ਪ੍ਰਭ ਜੀ ਆਪ ਕਰਨਾ ਕੀਜੀਏ। ਇਸ ਪੰਥ ਤਾਈਂ ਜਾਨ ਸੁਤ ਕਾ ਨੇਕ ਸਿੱਖਯਾ ਦੀਜੀਏ। ਇਸ ਮਾਂਹਿ ਜਿਤਨੇ ਭੂਪ ਭਾਰੀ ਔ ਧਨੀ ਸਰਦਾਰ ਹੈਂ ਸਭ ਫੂਲੇਂ ਜਗਤ ਮੈਂ ਜਿਉਂ ਬਾਗ ਹੋ ਫਲਦਾਰ ਹੈਂ।੪੩੫॥

ਸਦ ਨਯਾਇ ਰਾਜਾ ਕਰੇ ਧਰ ਪਰ ਪਰਜਾ ਪਾਲਨ ਨੀਤ ਸੇ। ਸਦ ਪੁੰਨ ਮਯ ਸਭ ਲੋਗ ਹੋਵੇ ਟਰੇ ਰੀਤ ਅਨੀਤ ਸੇ। ਹੋ ਮੇਘ ਬਾਰੀ ਧਰਾ ਸਾਰੀ ਜਾਇ ਦੁਰਭਿੱਖ ਦੇਸ ਤੇ। ਸਭ ਰੋਗ ਸੋਗਰ ਤਾਪ ਨਾ ਸੇਂ ਬਚੇ ਪ੍ਰਾਣ ਕਲੇਸ਼ ਤੇ।੪੩੬॥

ਧਨ ਧਾਮ ਅਰ ਬਹੁ ਅੰਨ ਹੈ ਫਲ ਫੂਲ ਭਰ ਤਰ ਡਾਲ ਹੋਂ। ਧਰ ਗਿਆਨ ਭਗਤੀ ਪ੍ਰੇਮ ਸ਼ਰਧਾ ਦੰਪਤੀ ਖੁਸ਼ਹਾਲ ਹੋਂ। ਤਜ ਵੈਰ ਸਗਲ ਵਿਰੋਧ ਮਨ ਕੇ ਸ਼ਾਂਤਿ ਭਰਾਤਰ ਭਾਵ

ਸੇ। ਸਮ ਫੂਲ ਕੇ ਮਨ ਫੂਲ ਜਾਏਂ ਧਰਮ ਪ੍ਰੀਤੀ ਚਾਵ ਸੇ।।੪੩੭।।

## ਦਸਮ ਗੁਰੂ ਜੀ ਦਾ ਮੰਗਲ

### ਗੀਆ ਛੰਦ

ਹੇ ਦਸਮ ਕਲਗੀਧਰ ਗੁਰੂ ਧਨ ਧਾਰ ਕਰਨਾ ਧਾਰੀਏ। ਹੇ ਬਾਜ਼ ਚਿੱਟੇ ਵਾਲਿਆ ਇਸ ਪੰਥ ਕੇ ਦੁਖ ਟਾਰੀਏ। ਜਿਉਂ ਤੇਗ ਬਾਨ ਕਮਾਨ ਲੈਕਰ ਪ੍ਰਜਾ ਦੂਖ ਵਿਦਾਰਿਆ। ਅਨਾਥ ਲੋਗਾਂ ਨਾਥ ਕਰਕੇ ਹਾਥ ਦੇਯ ਉਬਾਰਿਆ।।੪੩੮।।

ਤਿਉਂ ਏਸ ਅਪਨੇ ਪੰਥ ਕੋ ਜੋ ਨਾਲ ਸ਼ਕਤੀ ਸਾਜਿਆ। ਲਿਵ ਲਾਓ ਅਪਨੇ ਚਰਨ ਕੀ ਤ੍ਰਿਲੋਕ ਕੇ ਮਹਾਰਾਜਿਆ। ਇਹ ਛੋਡ ਕਰ ਤਬ ਓਟ ਕੋ ਹੈ ਭਟਕਤਾ ਦਰ ਔਰ ਕੇ। ਮੜ੍ਹੀ ਗੋਰਨ ਦੇਵੀ ਦੇਵਾ ਪੂਜਤਾ ਅਤਿ ਦੌਰ ਕੇ।।੪੩੯।।

ਇਸ ਬੰਦ ਤੇ ਛੁਟਕਾਰ ਇਸ ਕਾ ਹੋਇ ਤੇਰੀ ਓਟ ਸੇ। ਗਹਿ ਸ਼ਰਨ ਤੇਰੀ ਸਿਦਕ ਸੇ ਬਚ ਜਾਇ ਪਾਪਨ ਚੋਟ ਸੇ। ਬਿਨ ਏਕ ਕਰਤਾ ਪੁਰਖ ਕੇ ਇਹ ਹੋਰ ਮਾਨੇ ਨਾਹਿੰ ਜੀ। ਹਰਿ ਦਿੱਤ ਕੀ ਯਹਿ ਬੇਨਤੀ ਗੁਰ ਗਹੋ ਇਸ ਕੀ ਬਾਹਿੰ ਜੀ।।੪੪੦।।

## ਇਸ ਪੁਸਤਕ ਦੇ ਪੜ੍ਹਨੇ ਵਾਲਯਾਂ ਅਤੇ ਸੁਨਨੇ ਵਾਲਯਾਂ ਲਈ ਅਸੀਸਾਂ

### ਛੰਦ

ਜੋ ਪੜ੍ਹੇ ਏਸ ਗ੍ਰੰਥ ਕੋ ਮਨ ਲਾਇਕੇ ਕਰਤਾਰ ਜੀ। ਸੁ ਤੋੜ ਬੰਧਨ ਰਿਦੇ ਕੇ ਹੋ ਗਯਾਨ ਬੁਧਿ ਉਦਾਰ ਜੀ।। ਪੁਨ ਸੁਨੇ ਜੋ ਕਰ ਪ੍ਰੇਮ ਇਸ ਕੋ ਰਿਦੇ ਮਾਹਿੰ ਬਿਚਾਰਕੇ। ਸੁਖ ਪਾਇ ਆਤਮ ਕੇ ਵਿਖੇ ਤ੍ਰਿਤਾਪ ਤਾਪ ਨਿਵਾਰਕੇ।।੪੪੧।।

ਇੱਕ ਵੇਰ ਜੋ ਇਸ ਗ੍ਰੰਥ ਕੋ ਧਰ ਚਿਤ ਪੜ੍ਹਤੇ ਜਾਂਹਿਗੇ। ਵਹੁ ਭਰਮ ਦੇਵੀ ਦੇਵ ਕੋ ਸਭ ਦੂਰ ਤੁਰਤ ਕਰਾਹਿੰਗੇ।। ਨਿਜ ਧਰਮ ਮਹਿ ਦ੍ਰਿੜ ਹੋਇਕੇ ਸਭ ਛੋਡ ਦੇਹਿ ਪਖੰਡ ਕੋ। ਹਰਿ ਦਿੱਤ ਗੁਰ ਮਹਿ ਚਿੱਤ ਧਰ ਕਰ ਤਜੇ ਚੰਡ ਘਮੰਡ ਕੋ।।੪੪੨।।

### ਕਬਿੱਤ

ਉੱਨੀ ਸੈ ਛਿਪੰਜਾ ਸਾਲ ਬਿਕ੍ਰਮੀ ਪਛਾਨ ਮਨ ਸਾਵਨ ਉੱਨਤੀ ਦਿਨ ਸ਼ਨੀ ਕੋ ਉਚਾਰੀਏ। ਛਨੀ ਥਿਤ ਚਾਂਦਨੀ ਮੈਂ ਪਾਂਚ ਬਜੇ ਸੰਧਿਆ ਕੋ ਪੂਰਨ ਗ੍ਰੰਥ ਇਹ ਭਇਆ ਸੁਖ ਸਾਰੀਏ।। ਅਠਾਰਾਂ ਸੈ ਨੜਿਨਵੇਂ ਥਾ ਸਾਲ ਸੰਨ ਈਸਵੀ ਦਾ ਬਾਰਾਂ ਹੀ ਤਾਰੀਖ ਲੈ ਅਗਸਤ ਦੀ ਵਿਚਾਰੀਏ। ਗੁਰੂ ਕੀ ਕ੍ਰਿਪਾ ਤੇ ਇਹ ਕਾਰਜ ਹੈ ਸਿੱਧ ਭਇਆ ਦਿੱਤ ਸਿੰਘ ਜਾਵਾ ਸਦਾ ਤਿਨੋਂ ਬਲਿਹਾਰੀਏ।।੪੪੩।।

### ਦੋਹਿਰਾ

ਸਦੀ ਚਾਰ ਸੌ ਤੀਸ ਹੈ ਗੁਰ ਨਾਨਕ ਕੀ ਜਾਨ।
ਦੋ ਸੌ ਏਕ ਸੁਜਾਨ ਮਨ ਸੰਮਤ ਅੰਮ੍ਰਿਤ ਮਾਨ।।੪੪੪।।

ਇਤੀ ਦੁਰਗਾ ਪ੍ਰਬੋਧ

ਕ੍ਰਿਤ ਭਾਈ ਦਿੱਤ ਸਿੰਘ ਗਿਆਨੀ ਸਮਾਪਤੰ।।

***************

ੴ ਵਹਿਗੁਰੂ ਜੀ ਕੀ ਫ਼ਤਹਿ॥

# ੪੨ ਛੂਤ-ਛਾਤ ਵਿਰੁਧ ਜਥੇਬੰਦ ਯਤਨ



ਕ੍ਰਿਤ

## ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ

ਪੁਨਰ ਛਾਪ
ਸੰਨ : ਦਸੰਬਰ, ੨੦੧੧ ਈ:

ਸੰਪਾਦਕ ਅਤੇ ਪ੍ਰਕਾਸ਼ਕ

ਪ੍ਰੀਤਮ ਸਿੰਘ ਐਮ.ਏ.

# 'ਛੂਤ-ਛਾਤ ਵਿਰੁਧ ਜਥੇਬੰਦ ਯਤਨ' ਬਾਰੇ

ਇਹ ਛੋਟੀ ਜਿਹੀ ਪੁਸਤਕਾ 'ਛੂਤ-ਛਾਤ ਵਿਰੁਧ ਜਥੇਬੰਦ ਯਤਨ' ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਜੀ ਦੀ ਰਚਨਾ ਹੈ। ਇਸ ਪੁਸਤਕਾ ਦਾ ਰਚਨਾਕਾਲ ੧੯੯੭ ਈ : ਹੋ ਸਕਦਾ ਹੈ। ਇਸ ਪੁਸਤਕਾ ਦੀ ਰਚਨਾ ਦਾ ਕਾਰਨ ੧੯੯੭ ਈ : ਵਿੱਚ ਲਾਹੌਰ ਵਿਖੇ ਹੋਏ ਧਾਰਮਕ ਦੀਵਾਨ ਦੀ ਸਮਾਪਤੀ ਸਮੇਂ ਵਾਪਰੀ ਘਟਨਾ ਸੀ। ਉਸ ਦੀਵਾਨ ਵਿੱਚ ਮਾਲਵੇ ਦੇ ਸੰਤ ਅਤਰ ਸਿੰਘ ਜੀ ਹਾਜ਼ਰ ਸਨ। ਦੀਵਾਨ ਦੀ ਸਮਾਪਤੀ ਉਪਰੰਤ ਅਰਦਾਸ ਹੋਈ, ਜਦੋਂ ਦੇਗ ਵਰਤਾਉਣ ਲੱਗੇ ਤਾਂ ਭਾਈ ਦਿੱਤ ਸਿੰਘ ਗਿਆਨੀ ਪੰਡਾਲ ਵਿਚੋਂ ਉੱਠਕੇ ਜਾਣ ਲੱਗੇ ਤਾਂ ਸੰਤ ਅਤਰ ਸਿੰਘ ਜੀ ਨੇ ਭਾਈ ਸਾਹਿਬ ਹੁਰਾਂ ਨੂੰ ਜਾਣ ਤੋਂ ਰੋਕ ਲਿਆ ਅਤੇ ਪੁੱਛਿਆ ਕਿ ਆਪ ਦੇਗ ਲਏ ਬਿਨ੍ਹਾਂ ਕਿਉਂ ਜਾ ਰਹੇ ਹੋ ਜਿਸ ਉਪਰੰਤ ਗਿਆਨੀ ਜੀ ਨੇ ਹੱਥ ਬੰਨ੍ਹ ਬੇਨਤੀ ਕੀਤੀ ਕਿ ਸੰਤ ਮਹਾਰਾਜ ਜੀ ਜੇਕਰ ਮੈਂ ਇੱਥੇ ਬੈਠਾ ਰਿਹਾ ਤਾਂ ਦੀਵਾਨ ਵਿੱਚ ਬੈਠੇ ਕਿਸੇ ਵੀ ਮਨੁੱਖ ਨੇ ਦੇਗ ਨਹੀਂ ਲੈਣੀ ਕਿਉਂਕਿ ਉਹ ਮੈਨੂੰ ਸ਼ੂਦਰ ਸਮਝਦੇ ਹਨ। ਇਹ ਸੁਣ ਕੇ ਸੰਤ ਅਤਰ ਸਿੰਘ ਜੀ ਬਹੁਤ ਹੀ ਗੰਭੀਰ ਹੋਣ ਉਪਰੰਤ ਗਰਜ ਕੇ ਆਖਣ ਲੱਗੇ ਕਿ ਸਿੱਖਾਂ ਨੇ ਤਾਂ ਸਿੱਖੀ ਨੂੰ ਲਾਜ ਹੀ ਲਗਾ ਦਿੱਤੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਛੂਹ-ਛਾਤ ਅਤੇ ਜਾਤ-ਪਾਤ ਸਿੱਖ ਧਰਮ ਵਿਚੋਂ ਖਤਮ ਕਰ ਦਿੱਤੀ ਸੀ ਪਰੰਤੂ ਬੜੇ ਹੀ ਦੁੱਖ ਦੀ ਗੱਲ ਹੈ ਕਿ ਅੱਜ ਵੀ ਸਿੱਖ ਜਾਤ-ਪਾਤ ਅਤੇ ਛੂਤ-ਛਾਤ ਨੂੰ ਪੂਰੀ ਤਰ੍ਹਾਂ ਲਾਗੂ ਕਰ ਰਹੇ ਹਨ। ਸੰਤ ਜੀ ਦੀਆਂ ਝਾੜਾਂ ਅਤੇ ਲਾਹਣਤਾਂ ਸੁਣਨ ਉਪਰੰਤ ਹੀ ਗਿਆਨੀ ਦਿੱਤ ਸਿੰਘ ਜੀ ਨੂੰ ਸਭ ਤੋਂ ਪਿੱਛੋਂ ਦੇਗ ਦਿੱਤੀ ਸੀ। ਇਸ ਅਣਹੋਣੀ ਘਟਨਾ ਤੋਂ ਬਾਅਦ ਘਰ ਪਹੁੰਚਕੇ ਇਕੋ ਹੀ ਬੈਠਕ ਅਤੇ ਇਕੋ ਹੀ ਰਾਤ ਵਿੱਚ 'ਛੂਤ-ਛਾਤ ਵਿਰੁਧ ਜਥੇਬੰਦ ਯਤਨ' ਪੁਸਤਕਾ ਦੀ ਗਿਆਨੀ ਜੀ ਨੇ ਰਚਨਾ ਕੀਤੀ ਸੀ।

ਇਸ ਪੁਸਤਕਾ ਦੀ ਪਹਿਲੀ ਛਾਪ ਤਾਂ ਮਿਲ ਨਹੀਂ ਸਕੀ। ਦੂਜੀ ਛਾਪ, ਜੋ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵੱਲੋਂ ਅਗਸਤ, ੧੯੫੦ ਈ : ਵਿੱਚ ੫੦੦੦ ਕਾਪੀਆਂ ਛਪਵਾਈਆਂ ਸਨ, ਇੰਜ : ਸੁਰਜਨ ਸਿੰਘ ਜੱਸਲ, ਚੰਡੀਗੜ੍ਹ ਰਾਹੀਂ ੬ ਸਤੰਬਰ, ੨੦੧੧ ਈ: ਨੂੰ ਪ੍ਰਾਪਤ ਹੋਈ ਹੈ। ਇਸ ਛਾਪ ਦੀ ਕਾਪੀ ਉਹਨਾਂ ਨੇ ਪੰਜਾਬ ਡਿਜ਼ਟਲ ਲਾਇਬਰੇਰੀ, ਚੰਡੀਗੜ੍ਹ ਦੇ ਇੰਟਰਨੈੱਟ ਰਾਹੀਂ ਪ੍ਰਾਪਤ ਕੀਤੀ ਹੈ। ਇਸ ਛਾਪ ਦੇ ਟਾਈਟਲ ਪੰਨੇ ਉੱਤੇ ਲੇਖਕ ਦਾ ਨਾਂ ਭਾਈ ਦਿੱਤ ਸਿੰਘ ਗਿਆਨੀ ਲਿਖਿਆ ਹੋਇਆ ਹੈ। ਪੰਜਾਬ ਡਿਜ਼ਟਲ ਲਾਇਬਰੇਰੀ, ਚੰਡੀਗੜ੍ਹ ਨੇ ਇਹ ਪੁਸਤਕ ਪ੍ਰੋ: ਪ੍ਰੀਤਮ ਸਿੰਘ ਪਟਿਆਲਾ ਦੇ ਪੁਸਤਕਾਲਿਆ ਵਿੱਚੋਂ ਪ੍ਰਾਪਤ ਕੀਤੀ ਹੈ। ਇਸ ਪੁਸਤਕ ਦੇ ੩੬ ਪੰਨੇ ਹਨ। ਪ੍ਰੰਤੂ ਪਹਿਲੇ ੧੨ ਪੰਨੇ ਹੀ ਭਾਈ ਦਿੱਤ ਸਿੰਘ ਗਿਆਨੀ ਦੀ ਕ੍ਰਿਤ ਦੇ ਹਨ ਅਤੇ ਬਾਕੀ ੨੪ ਪੰਨੇ ਸ਼੍ਰੋਮਣੀ ਗੁਰਦੁਆਰਾ

ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵੱਲੋਂ ਗੁਰਦੁਆਰਾ ਸੁਧਾਰ ਲਹਿਰ ਤਹਿਤ ਛੂਤ-ਛਾਤ ਵਿਰੁਧ ਪਾਸ ਕੀਤੇ ਗੁਰਮਤਿਆਂ (੧੯੨੫-੧੯੫੦ ਈ:) ਦੀ ਵਾਰਤਾ ਦਰਜ ਹੈ। ਇਸ ਲਈ ਇਹ ਸਪੱਸ਼ਟ ਹੈ ਕਿ ਗਿਆਨੀ ਜੀ ਦੀ ਕ੍ਰਿਤ 'ਛੂਤ-ਛਾਤ ਵਿਰੁਧ ਜਥੇਬੰਦ ਯਤਨ' ਕੇਵਲ ੧੨ ਪੰਨਿਆਂ (ਮੋਟੇ ਅੱਖਰਾਂ ) ਵਿੱਚ ਹੀ ਸਮੋਈ ਹੋਈ ਹੈ।

ਭਾਈ ਦਿੱਤ ਸਿੰਘ ਗਿਆਨੀ ਜੀ ਨੇ ਇਸ ਪੁਸਤਕਾ ਵਿੱਚ ਦੱਸਿਆ ਕਿ "ਮੁਸਲਮਾਨਾਂ ਦੀ ਸੈਂਕੜੇ ਸਾਲਾਂ ਦੀ ਗੁਲਾਮੀ ਨੇ ਇਸ ਦੇਸ ਦੇ ਹਿੰਦੂਆਂ ਦੀ ਅਣਖ, ਭਾਈਚਾਰਕ ਖੁਲ੍ਹ ਅਤੇ ਰਾਜਸੀ ਆਜ਼ਾਦੀ ਤੇ ਭਾਰੀ ਸੱਟ ਮਾਰੀ। ਇਹ ਗਿਰਾਵਟ ਇਸ ਹੱਦ ਤੱਕ ਪਹੁੰਚ ਗਈ ਸੀ ਕਿ ਮੁਸਲਮਾਨ ਹਾਕਮ ਦੇ ਅਤਿਆਚਾਰਾਂ ਦਾ ਟਾਕਰਾ ਕਰਨਾ ਤਾਂ ਕਿਤੇ ਰਿਹਾ ਇਸ ਵਿਰੁਧ ਆਵਾਜ਼ ਉਠਾਣ ਦੀ ਵੀ ਉਨ੍ਹਾਂ ਵਿੱਚ ਸੱਤਾ ਨਹੀਂ ਸੀ ਰਹਿ ਗਈ। ਮੁਸਲਮਾਨਾਂ ਦੀ ਸਖ਼ਤੀ ਦਾ ਕ੍ਰੋਧ ਵੀ ਉਸ ਨੇ ਸ਼ੂਦਰਾਂ ਤੇ ਹੀ ਕਢਣਾ ਸ਼ੁਰੂ ਕਰ ਦਿੱਤਾ।"

ਗਿਆਨੀ ਜੀ ਨੇ ਇਸ ਪੁਸਤਕਾ ਦਾ ਆਧਾਰ ਗੁਰੂ ਸਾਹਿਬਾਨਾ ਵੱਲੋਂ ਛੂਤ-ਛਾਤ ਵਿਰੁੱਧ ਨਵੇਂ ਚਲਾਏ ਅੰਦੋਲਨ ਨੂੰ ਬਣਾਕੇ ਜੱਥੇਬੰਦ ਯਤਨ ਕਰਨ ਨੂੰ ਸ੍ਰੇਸ਼ਟ ਉਪਾਓ ਦੱਸਿਆ ਹੈ। ਅੱਗੇ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਵਲੋਂ ਸੰਗਤ ਅਤੇ ਪੰਗਤ ਦੇ ਸਿੱਖੀ ਸਿਧਾਂਤ ਨੂੰ ਛੂਤ-ਛਾਤ ਖਤਮ ਕਰਨ ਲਈ ਕੀਤਾ ਯਤਨ ਮਹੱਤਵਪੂਰਨ ਸਿੱਧ ਹੋਵੇਗਾ। ਗੁਰੂ ਰਾਮ ਦਾਸ ਜੀ ਨੇ ਅੰਮ੍ਰਿਤ ਸਰੋਵਰ ਬਣਾਕੇ ਭਿੰਨ - ਭੇਦ ਮਿਟਾਣ ਦਾ ਯਤਨ ਕੀਤਾ। ਗੁਰੂ ਅਰਜਨ ਦੇਵ ਜੀ ਨੇ 'ਆਦਿ ਗੁਰੂ ਗ੍ਰੰਥ ਸਾਹਿਬ' ਵਿੱਚ ਛੋਟੀਆਂ ਜਾਤਾਂ ਦੇ ਕਈ ਭਗਤਾਂ (ਰਵਿਦਾਸ ਜੀ, ਕਬੀਰ ਜੀ, ਸਧਨਾ ਜੀ, ਅਤੇ ਸੈਣ ਜੀ ਆਦਿ) ਦੀ ਬਾਣੀ ਦਰਜ ਕਰਕੇ ਉਹਨਾਂ ਸਮੂਹ ਭਗਤਾਂ ਨੂੰ ਬਰਾਬਰ ਦਾ ਦਰਜਾ ਦਿੱਤਾ ਸੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਦੂਰ ਦੁਰਾਡੇ ਇਲਾਕਿਆਂ ਤੋਂ ਨੀਵੀਂ ਜਾਤੀਆਂ ਦੇ ਲੋਕਾਂ ਵਿੱਚੋਂ ਪੰਜ ਪਿਆਰਿਆਂ ਦੀ ਚੋਣ ਕਰਨ ਉਪਰੰਤ ਉਹਨਾਂ ਨੂੰ ਅੰਮ੍ਰਿਤ ਛਕਾਇਆ, ਫਿਰ ਆਪ ਉਹਨਾਂ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਨੀਵੀਂ ਜਾਤਾਂ ਦੇ ਲੋਕਾਂ ਨੂੰ ਸਰਦਾਰੀਆਂ ਬਖਸ਼ਕੇ ਫੌਜਾਂ ਵਿੱਚ ਜਰਨੈਲ ਵੀ ਸਥਾਪਤ ਕੀਤੇ ਸਨ।

ਆਪ ਜੀ ਨੇ ਪੰਥ ਪ੍ਰਕਾਸ਼ ਦੇ ਲੇਖਕ ਭਾਈ ਰਤਨ ਸਿੰਘ ਭੰਗੂ, ਭਾਈ ਸੰਤੋਖ ਸਿੰਘ ਦੇ ਲਿਖੇ ਗ੍ਰੰਥ 'ਗੁਰਪ੍ਰਤਾਪ ਸੂਰਜ' ਅਤੇ 'ਪੰਥ ਪ੍ਰਕਾਸ਼' ਦੇ ਕਰਤਾ ਗਿਆਨੀ ਗਿਆਨ ਸਿੰਘ ਜੀ ਦੀਆਂ ਲਿਖਤਾਂ ਵਿੱਚੋਂ ਹਵਾਲੇ ਪੇਸ ਕਰਕੇ ਦੱਸਿਆ ਕਿ ਉਸ ਸਮੇਂ ਛੂਤ-ਛਾਤ ਅਤੇ ਜਾਤ-ਪਾਤ ਸਿੱਖਾਂ ਵਿੱਚ ਕਿਸ ਤਰ੍ਹਾਂ ਵਿਆਪਕ ਸੀ। ਮਨੂੰ ਸਿਮਰਤੀ ਦੇ ਹਵਾਲੇ ਦੇਕੇ ਸਿੱਧ ਕੀਤਾ ਕਿ ਛੂਤ-ਛਾਤ ਅਤੇ ਜਾਤ-ਪਾਤ ਕਿੰਨੀ ਘਾਤਕ ਸੀ ਅਤੇ ਇਸ ਵਿਰੁਧ ਕਿਵੇਂ ਜਥੇਬੰਦ ਹੋਕੇ ਯਤਨ ਕਰਕੇ ਇਸ ਦਾ ਵਿਨਾਸ਼ ਕਰਨਾ ਜ਼ਰੂਰੀ ਹੈ। ਅੰਤ ਵਿੱਚ ਸਿੰਘ ਸਭਾ ਲਹਿਰ ਵਿੱਚ ਧਰਮ ਅਤੇ ਵਿੱਦਿਆ ਪ੍ਰਚਾਰ ਦੇ ਨਾਲ ਹੀ ਛੂਤ-ਛਾਤ ਨੂੰ ਦੂਰ ਕਰਕੇ ਮਨੁੱਖ ਮਾਤਰ ਨੂੰ ਸਿੱਖ ਧਰਮ ਵਿੱਚ ਦਾਖਲ ਕਰ ਲੈਣ ਦੇ ਸ਼ਲਾਘਾ ਯੋਗ ਉੱਦਮਾਂ ਦਾ ਉਲੇਖ ਕੀਤਾ ਹੈ।

ਪ੍ਰੀਤਮ ਸਿੰਘ ਐਮ.ਏ.
ਸੰਪਾਦਕ ਅਤੇ ਪ੍ਰਕਾਸ਼ਕ

ੴ ਸੱਤਿਗੁਰ ਪ੍ਰਸਾਦਿ॥

# ਛੂਤ-ਛਾਤ ਵਿਰੁਧ ਜਥੇਬੰਦ ਯਤਨ

## ਜ਼ਾਤ ਪਾਤ ਦੀ ਵੰਡ

ਭਾਰਤ ਵਰਸ਼ ਨੂੰ ਵਰਨ ਆਸ਼ਰਮ ਦੀਆਂ ਵੰਡਾਂ ਤੇ ਜ਼ਾਤ ਪਾਤ ਦੇ ਝੰਬੇਲਿਆਂ ਨੇ ਜਿਤਨਾ ਕਮਜ਼ੋਰ ਕੀਤਾ ਹੈ ਇਤਨਾ ਸ਼ਾਇਦ ਹੀ ਕਿਸੇ ਹੋਰ ਚੀਜ਼ ਨੇ ਕੀਤਾ ਹੋਵੇ। ਬ੍ਰਾਹਮਣ ਨੇ ਸ਼ਾਸਤ੍ਰ ਦੇ ਡੰਡੇ ਦੇ ਜ਼ੋਰ ਨਾਲ ਮਨੁੱਖ-ਜਾਤੀ ਦੇ ਇਕ ਵੱਡੇ ਹਿੱਸੇ ਨੂੰ ਸ਼ੂਦਰ ਦਾ ਨਾਮ ਦੇਕੇ ਉਸ ਤੇ ਉਹ ਅਤਿਆਚਾਰ ਢਾਹੇ, ਜਿਹੜੇ ਕਿ ਕਥਨ ਤੋਂ ਬਾਹਰ ਹਨ। ਜਿਸ ਕਿਸੇ ਸੰਤ ਮਹਾਤਮਾ ਨੇ ਹਿੰਦੁਸਤਾਨ ਵਿੱਚ ਇਸ ਅਤਿਆਚਾਰ ਵਿਰੁੱਧ ਆਵਾਜ਼ ਉਠਾਈ ਉਸ ਦਾ ਜਾਤ-ਅਭਿਮਾਨੀ ਨੇ ਡੱਟਕੇ ਮੁਕਾਬਲਾ ਕੀਤਾ ਤੇ ਉਸ ਦੀ ਕੋਈ ਗਲ ਨਾ ਚਲਣ ਦਿਤੀ। ਨਤੀਜਾ ਇਹ ਹੋਇਆ ਕਿ ਸਮਾਜ ਵਿਚ ਭਾਰੀ ਗਿਰਾਵਟ ਤੇ ਕਮਜ਼ੋਰੀ ਦਾ ਫਾਇਦਾ ਉਠਾਂਦਿਆਂ ਇਸ ਦੇਸ਼ ਤੇ ਹਮਲਾ ਕਰਕੇ ਇਥੋਂ ਦੇ ਧਨ ਦੌਲਤ ਨੂੰ ਲੁਟਕੇ, ਇਥੋਂ ਦੀ ਇੱਜ਼ਤ ਆਬਰੂ ਨੂੰ ਪੈਰਾਂ ਹੇਠ ਲਿਤਾੜਕੇ, ਇਥੋਂ ਦੇ ਵਸਨੀਕਾਂ ਨੂੰ ਗੁਲਾਮੀ ਦੀਆਂ ਜ਼ੰਜੀਰਾਂ ਵਿੱਚ ਜਕੜ ਲਿਆ। ਮੁਸਲਮਾਨ ਦੀ ਸੈਂਕੜੇਂ ਸਾਲ ਦੀ ਗ਼ੁਲਾਮੀ ਨੇ ਇਸ ਦੇਸ਼ ਦੇ ਹਿੰਦੂ ਦੀ ਅਣਖ, ਭਾਈਚਾਰਕ ਖੁਲ੍ਹ ਤੇ ਰਾਜਸੀ ਆਜ਼ਾਦੀ ਤੇ ਭਾਰੀ ਸੱਟ ਮਾਰੀ। ਇਹ ਗਿਰਾਵਟ ਇਸ ਹੱਦ ਤੱਕ ਪਹੁੰਚ ਚੁਕੀ ਸੀ ਕਿ ਮੁਸਲਮਾਨ ਹਾਕਮ ਦੇ ਅਤਿਆਚਾਰਾਂ ਦਾ ਟਕਾਰਾ ਕਰਨਾ ਤਾਂ ਕਿਤੇ ਰਿਹਾ ਇਸ ਵਿਰੁੱਧ ਆਵਾਜ਼ ਉਠਾਣ ਦੀ ਵੀ ਉਨ੍ਹਾਂ ਵਿੱਚ ਸੱਤਾ ਨਹੀਂ ਸੀ ਰਹਿ ਗਈ। ਇਸ ਗੱਲ ਦੇ ਬਾਵਜੂਦ ਵੀ ਹਿੰਦੂ ਨੇ ਛੂਤ - ਛਾਤ ਦਾ ਪੱਲਾ ਨਾ ਛੱਡਿਆ, ਮੁਸਲਮਾਨ ਦੀ ਸਖ਼ਤੀ ਦਾ ਕ੍ਰੋਧ ਵੀ ਉਸ ਨੇ ਸ਼ੂਦਰ ਤੇ ਹੀ ਕੱਢਣਾ ਸ਼ੁਰੂ ਕਰ ਦਿੱਤਾ।

## ਛੂਤ - ਛਾਤ ਵਿਰੁੱਧ ਨਵੇਂ ਅੰਦੋਲਨ ਦਾ ਅਰੰਭ

ਅੰਤ ਪੰਜਾਬ ਦੀ ਧਰਤੀ ਵਿਚ ਇਕ ਰੱਬੀ ਜੋਤ ਵਲੋਂ ਨਵਾਂ ਅੰਦੋਲਨ ਸ਼ੁਰੂ ਹੋਇਆ, ਉਸ ਨੇ ਇਕ ਪਾਸੇ ਜਾਬਰ ਹਾਕਮ ਦੇ ਜ਼ੁਲਮ ਵਿਰੁਧ ਆਵਾਜ਼ ਉਠਾਈ ਤੇ ਦੂਜੇ ਪਾਸੇ ਬ੍ਰਾਹਮਣ ਦੇ ਜ਼ਾਤ ਪਾਤ ਦੇ ਹੰਕਾਰ ਵਿਰੁਧ ਜਹਾਦ ਦਾ ਬਾਨ੍ਹਣੂ ਬੰਨ੍ਹਿਆ। ਅਗੇ ਜਿੱਥੇ ਆਮ ਸਜਣ ਉਹ ਜ਼ਾਤ ਦੇ ਅਭਿਮਾਨੀ ਪਿਛੇ ਲਗ ਕੇ

ਤੁਰਨਾ ਪੁੰਨ ਸਮਝਦੇ ਸੀ, ਉਥੇ ਉਸ ਨਿਰੰਕਾਰੀ ਜੋਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਦੇ ਬਿਲਕੁਲ ਉਲਟ ਇਹ ਹੋਕਾ ਦਿੱਤਾ ਕਿ ਜਿਥੇ ਗਰੀਬ ਤੇ ਨੀਚ ਦੀ ਸੰਭਾਲ ਹੁੰਦੀ ਹੈ, ਉਥੇ ਹੀ ਵਾਹਿਗੁਰੂ ਦੀ ਕ੍ਰਿਪਾ ਦ੍ਰਿਸ਼ਟੀ ਤੇ ਬਖਸ਼ਿਸ਼ ਹੁੰਦੀ :-

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ।
ਨਾਨਕੁ ਤਿਨਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸਿ।
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ।।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਤਮ ਉਪਦੇਸ਼ ਸਭ ਨੂੰ ਦਿੱਤਾ। ਸੰਗਤ ਪੰਗਤ ਵਿਚ ਸਭ ਲੋਕਾਂ ਨੂੰ ਸ਼ਾਮਿਲ ਕੀਤਾ ਗਿਆ। ਭਾਈ ਦੀ ਪਦਵੀਂ ਸਾਰੇ ਸਿੱਖਾਂ ਨੂੰ ਬਖਸ਼ੀ। ਸ੍ਰੀ ਗੁਰੂ ਅਮਰਦਾਸ ਜੀ ਨੇ ਲੰਗਰ ਵਿਚ ਸਾਰੇ ਮਨੁੱਖਾਂ ਨੂੰ ਖੁਲ੍ਹ ਕੀਤੀ। ਸ੍ਰੀ ਗੁਰੂ ਰਾਮਦਾਸ ਜੀ ਨੇ ਅੰਮ੍ਰਿਤ ਸਰੋਵਰ ਰਚ ਕੇ ਇਸ ਭਿੰਨ ਭੇਦ ਨੂੰ ਮਿਟਾਣ ਦਾ ਯਤਨ ਕੀਤਾ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਕਬੀਰ ਜੀ, ਰਵਿਦਾਸ ਜੀ, ਸੈਣ ਆਦਿ ਭਗਤਾਂ ਦੀ ਬਾਣੀ ਦਰਜ ਕਰਕੇ ਆਤਮਿਕ ਏਕਤਾ ਦਾ ਸਬੂਤ ਦਿਤਾ। ਸ੍ਰੀ ਗੁਰੂ ਗੋਬਿੰਦ ਮਹਾਰਾਜ ਨੇ ਪੰਜ ਪਿਆਰੇ ਸਾਜਕੇ ਤੇ ਅੰਮ੍ਰਿਤ ਦੀ ਦਾਤ ਦੇਕੇ ਸਦੀਆਂ ਦੇ ਪੁਰਾਣੇ ਖਿਆਲਾਂ ਦੀ ਜੜ੍ਹ ਪੁਟ ਦਿੱਤੀ।

ਇਸ ਅੰਮ੍ਰਿਤ ਦੀ ਦਾਤ ਦੇਣ ਤੋਂ ਪਹਿਲਾਂ ਸ੍ਰੀ ਗੁਰੂ ਗੋਬਿੰਦ ਸਾਹਿਬ ਦੇ ਮਨ ਤ੍ਰੰਗ ਗਿਆਨੀ ਗਿਆਨ ਸਿੰਘ ਜੀ ਨੇ ਇਉਂ ਲਿਖੇ ਹਨ :-

"ਨਾਮ ਗ਼ਰੀਬ ਨਿਵਾਜ ਹਮਾਰਾ,
ਹੈ ਜਗ ਮੈਂ ਪ੍ਰਸਿੱਧ ਅਪਾਰਾ।।
ਸੋ ਸਫ਼ਲਾ ਜਗ ਮੈਂ ਤਬ ਹੁਵੈ ਹੈ,
ਲਘੂ ਜਾਤਨ ਕੋ ਬਡਪਨ ਦੈਹੈ।।
ਜਿਨ ਕੀ ਜਾਤ ਔਰ ਕੁਲ ਮਾਹੀ,
ਸਰਦਾਰੀ ਨਹਿ ਭਈ ਕਦਾਈਂ।।
ਕੀਟਨ ਤੇ ਇਨ ਕੋ ਮ੍ਰਿਗਿੰਦੂ,
ਕਰੋਂ ਹਰਨ ਹਿਤ ਤੁਰਕ ਗਜਿੰਦੂ।।

# ਇਨ ਹੀ ਕੋ ਸਦਾਰ ਬਨਾਵੇਂ, ਤਬੈ ਗੁਬਿੰਦ ਸਿੰਘ ਨਾਮ ਧਰਾਵੇਂ॥

ਭਾਈ ਰਤਨ ਸਿੰਘ ਭੰਗੂ ਨੇ ਪੰਥ ਪ੍ਰਕਾਸ਼ ਵਿਚ ਗੁਰੂ ਜੀ ਦੇ ਭਾਵ ਦੱਸਦਿਆਂ ਲਿਖਿਆ ਹੈ :-

ਗਰੀਬ ਸਨਾਤ ਔ ਬਾਰਹਿ ਜਾਤ,
ਜਾਨਹ ਨਹਿ ਰਾਜਨੀਤ ਕੀ ਬਾਤ।
ਜਟ ਬੂਟ ਕਹਿ ਕਲਜੁਗ ਮਾਹੀ,
ਬਣੀਏ ਬਕਾਲ ਕਰਾੜ ਖਤ੍ਰੀ ਸਦਾਈ।
ਲੁਹਾਰ ਤ੍ਰਖਾਣ ਹੁਤੇ ਜਾਤ ਕਮੀਨੀ,
ਛੀਪੇ ਕਲਾਲ ਨੀਚਨ ਪੈ ਕ੍ਰਿਪਾ ਕੀਨੀ।
ਗੁਜਰ, ਲੁਹਾਰ, ਅਹੀਰ ਕਮਜਾਤ,
ਕੰਬੋ, ਸੂਦ੍ਰਨ, ਕੋ ਪੂਛੈ ਨ ਬਾਤ।
ਝੀਵਰ ਨਾਈ ਔ ਰੋੜੇ ਘੁਮਿਆਰ,
ਸਾਇਣੀ ਸੁਨਿਆਰੇ ਚੂੜੇ ਚਮਾਰ।
ਭੱਟ ਔ ਬ੍ਰਾਹਮਣ ਹੁਤੇ ਮੰਗਵਾਰ,
ਬਹੁਰੂਪੀਏ ਲੁਬਾਣੇ ਔ ਘੁਮਿਆਰ।
ਇਨ ਗਰੀਬ ਸਿਖਨ ਕੋ ਦੈ ਪਾਤਸ਼ਾਹੀ,
ਯਿਹ ਯਾਦ ਰਖੈਂ ਹਮਰੀ ਗੁਰਿਆਂਈ।

ਇਸ ਪ੍ਰਚਾਰ ਦਾ ਨਤੀਜਾ ਇਹ ਹੋਇਆ ਕਿ ਮਨੂੰ ਸਿਮਰਤੀ ਨੇ ਜਿੱਥੇ ਅਗੇ ਸਬਕ ਦਿੱਤਾ ਸੀ ਕਿ

"ਲੋਕਾਂ ਨਾਂ ਤੁ ਵਿਵਿੱਧਆਰਥੰ ਮੁਖ ਬਾਹੂ ਰੁਪਾਦਤਾਹ।
ਬ੍ਰਾਹਮਣੰ ਖਤ੍ਰਿਯੰ ਵੈਸ਼ਯੰ ਸ਼ੂਦਰੰ ਨਿਰਵਰਤਯਤ।"

(੧ ਅਧਿਆਇ ੩੧ ਸ਼ਲੋਕ)

ਭਾਵ - ਸ੍ਰਿਸਟੀ ਕਰਤਾ ਪਰਮਾਤਮਾ ਨੇ ਭੂਲੋਕ ਆਦਿ ਪ੍ਰਜਾ ਦੇ ਵਾਧੇ ਦੀ ਇੱਛਾ ਤੋਂ ਆਪਣੇ ਮੁਖ, ਬ੍ਰਾਹਵਾਂ, ਜੰਘਾਂ ਅਤੇ ਪੈਰਾਂ ਤੋਂ ਕ੍ਰਮ ਅਨੁਸਾਰ ਬ੍ਰਾਹਮਣ, ਖਤ੍ਰੀ, ਵੈਸ਼ ਤੇ ਸ਼ੂਦਰ ਨੂੰ ਪੈਦਾ ਕੀਤਾ।

ਉਥੇ ਇਸ ਦੇ ਮੁਕਾਬਲੇ ਤੇ ਸਿਖ ਨੇ ਪੜ੍ਹਨਾ ਸ਼ੁਰੂ ਕਰ ਦਿੱਤਾ :-

ਗਰਭ ਵਾਸ ਮਹਿ ਕੁਲੁ ਨਹੀ ਜਾਤੀ।
ਬ੍ਰਹਮ ਬਿੰਦੁ ਤੇ ਸਭ ਉਤਪਾਤੀ।

(ਗਉੜੀ ਕਬੀਰ ਜੀ)

ਕੋਊ ਭਯੋ ਮੁੰਡੀਆਂ ਸੰਨਯਾਸੀ ਕੋਊ ਯੋਗੀ ਭਯੋ।
ਭਯੋ ਬ੍ਰਹਮਚਾਰੀ ਕੋਊ ਯਤੀ ਅਨੁਮਾਨਬੋ।
ਹਿੰਦੂ ਤੁਰਕ ਕੋਊ ਰਾਫ਼ਜੀ ਇਮਾਮਸ਼ਾਫੀ।
ਮਾਨੁਸ ਕੀ ਜਾਤਿ ਸਬੈ ਏਕੈ ਪਹਿਚਾਨਬੋ।

(ਸ੍ਰੀ ਗੁਰੂ ਗੋਬਿੰਦ ਸਿੰਘ ਜੀ)

ਬ੍ਰਾਹਮਣ ਨੇ ਕਿਹਾ ਕਿ ਧਰਮ ਉਪਦੇਸ਼ ਕੇਵਲ ਬ੍ਰਾਹਮਣ ਹੀ ਦੇ ਸਕਦਾ ਹੈ, ਜੇ ਸ਼ੂਦ੍ਰ ਅਹੰਕਾਰ ਨਾਲ "ਤੈਨੂੰ ਇਹ ਨੇਕ ਕੰਮ ਕਰਨਾ ਚਾਹੀਦਾ ਹੈ। ਇਸ ਪ੍ਰਕਾਰ ਧਰਮ ਦਾ ਉਪਦੇਸ਼ ਕਰੇ ਤਾਂ ਉਸ ਸ਼ੂਦਰ ਦੇ ਮੂੰਹ ਵਿੱਚ ਅਤੇ ਕੰਨਾਂ ਵਿਚ ਰਾਜਾ ਨੂੰ ਗਰਮ ਤੇਲ ਪੁਆਣਾ ਚਾਹੀਦਾ ਹੈ।

ਧਰਮੋਪਦੇਸ਼ੰ ਦਰਪੇਣ ਵਿਪਾਣਾਮੱਸਯ ਕੁਰਵਤਹ।
ਤਪਤਮਾ ਸੇਚ ਯੇਤੈਲੰ ਵਰਤ੍ਰੇ ਸ੍ਰੋਤ੍ਰੇ ਚ ਪਾਰਥਿਵਹ।

(ਮਨੂੰ ਸਿਮਰਤੀ ਅ : ੮ ਸਲੋਕ ੨੭੨)

ਸਿਖ ਨੇ ਇਸ ਦੇ ਮੁਕਾਬਲੇ ਤੇ ਪੜ੍ਹਨਾ ਸ਼ੁਰੂ ਕਰ ਦਿੱਤਾ :-

ਬ੍ਰਾਹਮਣ ਬੈਸ ਸੂਦ ਅਰੁ ਖਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ॥
ਹੋਇ ਪੁਨੀਤ ਭਗਵੰਤ ਭਜਨ ਤੇ ਆਪ ਤਾਰ ਤਾਰੇ ਕੁਲ ਦੋਇ॥

(ਬਿਲਾਵਲ ਰਵਿਦਾਸ ਜੀ)

ਬ੍ਰਾਹਮਣ ਨੇ ਹੋਕਾ ਦਿਤਾ ਕਿ ਬ੍ਰਾਹਮਣ ਮਾੜੇ ਕੰਮ ਕਰਕੇ ਵੀ ਉੱਤਮ ਹੀ ਰਹਿੰਦਾ ਹੈ ਅਤੇ ਸ਼ੂਦਰ ਭਾਵੇਂ ਜਤੀ ਸਤੀ ਵੀ ਹੋਵੇ, ਉਹ ਸ੍ਰੇਸ਼ਟ ਨਹੀਂ ਬਣ ਸਕਦਾ :-

ਪਤਿਤੋਪਿ ਦ੍ਵਿਜਹ ਸ੍ਰੇਸ਼ਟਹ ਨਚ ਸ਼ੂਦ੍ਰਾ ਜਿਤੇਂ ਦ੍ਰਿਆਹ।

ਪਰ ਗੁਰੂ ਜੀ ਨੇ ਕਿਹਾ ਇਹ ਗੱਲ ਨਹੀਂ : -

ਬ੍ਰਾਹਮਣ ਖਤ੍ਰੀ ਸੂਦ ਵੈਸ ਚਾਰਿ ਵਰਨ ਚਾਰ ਆਸ੍ਰਮ ਹਿ ਜੋ ਹਰਿ ਧਿਆਵੈ ਸੋ ਪਰਧਾਨੁ। ਜਿਉਂ ਚੰਦਨ

ਨਿਕਟਿ ਵਸੈ ਹਿਰਡੁ ਬਪੁੜਾ ਤਿਉ ਸਤਸੰਗਤਿ ਮਿਲਿ ਪਤਿਤ ਪਰਵਾਣੁ। ਓਹੁ ਸਭ ਤੇ ਊਚਾ ਸਭ ਤੇ ਸੂਚਾ ਜਾਕੈ ਹਿਰਦੈ ਵਸਿਆ ਭਗਵਾਨੁ। ਜਨ ਨਾਨਕੁ ਤਿਸ ਕੇ ਚਰਨ ਪਖਾਲੈ ਜੋ ਹਰਿ ਜਨੁ ਨੀਚ ਜਾਤਿ ਸੇਵਕਾਣੁ।

(ਗੋਂਡ ਮਹਲਾ ੪)

ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਚਲਾਏ ਗਏ ਇਸ ਅੰਦੋਲਨ ਨੂੰ ਮਾਨਮਤੇ ਬ੍ਰਾਹਮਣਾਂ ਨੇ ਕੁਚਲਣ ਲਈ ਪੂਰਾ ਪੂਰਾ ਤਾਣ ਲਾਇਆ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਇਨ੍ਹਾਂ ਕੁਰਾਹੀਆ ਕਹਿਣਾ ਅਰੰਭ ਦਿੱਤਾ। ਸ੍ਰੀ ਗੁਰੂ ਅਮਰਦਾਸ ਜੀ ਦੀ ਲੰਗਰ ਦੀ ਚਲਾਈ ਮਰਯਾਦਾ ਵਿਰੁਧ ਬ੍ਰਾਹਮਣਾਂ ਤੇ ਖਤ੍ਰੀਆਂ ਨੇ ਅਕਬਰ ਬਾਦਸ਼ਾਹ ਪਾਸ ਲਾਹੌਰ ਜਾਕੇ ਪੁਕਾਰ ਕੀਤੀ ਕਿ ਗੁਰੂ ਜੀ ਨੇ 'ਜਾਤਿ ਵਰਨ' ਦਾ ਭੇਦ ਮਿਟਾਕੇ ਚੌਹਾਂ ਵਰਨਾ ਨੂੰ ਇਕ ਕਰਕੇ ਸਾਡਾ ਧਰਮ ਨਸ਼ਟ ਕਰ ਦਿੱਤਾ ਹੈ, ਭਾਈ ਸੰਤੋਖ ਸਿੰਘ ਲਿਖਦੇ ਹਨ :-

ਸੁਨ ਖਤ੍ਰੀ ਦ੍ਵਿਜ ਗਨ ਅਗਯਾਨੀ,  
ਧਰਮ ਅਭਗਤ, ਜਾਤਿ ਅਭਿਮਾਨੀ।  
ਇਕ ਦਿਨ ਮਿਲ, ਸਭ ਮਸਲਤ ਕਰੀ,  
ਇਹ ਤੋ ਰੀਤ ਬੁਰੀ ਜਗ ਪਰੀ।  
'ਚਤੁਰ ਵਰਨ' ਕੋ ਇਕ ਮਤ ਕਰਯੋ,  
ਭ੍ਰਿਸ਼ਟ ਹੋਇ ਜਗ, ਧਰਮ ਪ੍ਰਹਰਯੋ।  
ਇਕ ਥਲ ਭੋਜਨ ਸਭਿ ਕੋ ਖਈ,  
ਸੰਕਰ ਬਰਨ ਪ੍ਰਜਾ ਅਬ ਭਈ।  
ਇਹ ਮਸਲਤ ਕਰ ਇਕਠੇ ਹਵੈ ਕੈ,  
ਦ੍ਵਿਜ ਖਤ੍ਰੀ ਮੁਖਿ, ਅਤਿ ਦੁਖ ਪੈਕੈ।  
ਲਵ ਪੁਰ ਗਏ ਫਰਯਾਦੀ ਸਾਰੇ,  
ਢਿਗ ਅਕਬਰ ਕੇ ਜਾਏ ਪੁਕਾਰੇ।

(ਗੁਰਪ੍ਰਤਾਪ ਸੂਰਜ ਰਾਸ ੧ ਅੰ : ੪੩)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾਂ ਭਗਤਾਂ ਦੀ ਬਾਣੀ ਨੂੰ ਵੀ ਸਤਿਕਾਰ ਨਾਲ ਦਰਜ ਕਰਾਣ ਕਰਕੇ, ਜਿਨ੍ਹਾਂ ਨੂੰ ਜ਼ਾਤ ਪਾਤ ਦੇ ਅਹੰਕਾਰੀ ਮੰਦਰਾਂ ਵਿਚ ਵੀ ਜਾਣ ਦੀ ਆਗਿਆ ਨਹੀਂ ਸਨ ਦੇਂਦੇ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਵੀ ਇਨ੍ਹਾਂ ਜ਼ਾਤਿ ਅਭਿਮਾਨੀਆਂ ਵਲੋਂ ਵਿਰੋਧਤਾ ਕੀਤੀ ਗਈ।

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਵੀ ਪਹਾੜੀ ਰਾਜਿਆਂ ਤੇ ਬ੍ਰਾਹਮਣਾਂ ਵਲੋਂ ਵਿਰੋਧਤਾ ਹੋਈ। ਪੰਡਤ ਕੇਸ਼ੋ ਤੇ ਉਸ ਦੇ ਸਾਥੀ ਕੇਵਲ ਇਸ ਕਰਕੇ ਨਾਰਾਜ਼ ਹੋ ਗਏ ਕਿ ਉਨ੍ਹਾਂ ਤੋਂ ਪਹਿਲਾਂ ਗੁਰੂ ਮਹਾਰਾਜ ਨੇ ਜੱਗ ਸਮੇਂ ਸਿਖਾਂ ਨੂੰ ਕਿਉਂ ਪ੍ਰਸ਼ਾਦਿ ਛਕਾਇਆ ਪ੍ਰੰਤੂ ਗੁਰੂ ਜੀ ਵਲੋਂ ਸਿੱਖਾਂ ਵਲ ਇਸ਼ਾਰਾ ਕਰਕੇ ਪੰਡਤ ਜੀ ਨੂੰ ਜੁਵਾਬ ਦਿੱਤਾ ਗਿਆ :-

ਸੇਵ ਕਰੀ ਇਨ ਕੀ ਮਨ ਭਾਵਤ
ਔਰ ਕੀ ਸੇਵ ਸੁਹਾਤ ਨ ਜੀ ਕੋ ।
ਦਾਨ ਦਯੋ ਇਨ ਹੀ ਕੋ ਭਲੋ
ਅਰ ਆਨ ਕੌ ਦਾਨ ਨ ਲਾਗਤ ਨੀਕੋ।
ਆਗੇ ਫਲੈ ਇਨ ਹੀ ਕੋ ਦਯੋ
ਜਗ ਮੇਂ ਯਸ, ਔਰ ਦਯੋ ਸਭ ਫੀਕੋ।
ਮੋ ਗ੍ਰਿਹਿ ਮੇਂ ਮਨ ਤੇ ਤਨ ਤੇ
ਸਿਰ ਲੌ ਧਨ ਹੈ ਸਭ ਹੀ ਇਨਹੀ ਕੋ।

ਗੁਰੂ ਮਹਾਰਾਜ ਦੀ ਗਰੀਬਾਂ ਤੇ ਵੀ ਮੇਹਰ ਹੋਈ ਤੇ ਇਨ੍ਹਾਂ ਵਿਚੋਂ ਐਸੇ ਕਰਨੀ ਤੇ ਲਗਨ ਵਾਲੇ ਬਹਾਦਰ, ਮਹਾ ਸੂਰਬੀਰ ਤੇ ਸਿਆਣੇ ਸਜਣ ਪੈਦਾ ਹੋਏ, ਜਿਨ੍ਹਾਂ ਦਾ ਸਿਖ ਕੌਮ ਦੀ ਕਿਸਮਤ ਬਨਾਣ ਵਿਚ ਬੜਾ ਭਾਰੀ ਹੱਥ ਹੈ।

ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦਾ ਸੀਸ ਦਿੱਲੀ ਤੋਂ ਸ੍ਰੀ ਅਨੰਦਪੁਰ ਸਾਹਿਬ ਲਿਆਉਣ ਦੀ ਜੋ ਸੇਵਾ ਬਾਬਾ ਜੀਵਨ ਸਿੰਘ ਜੀ ਨੇ ਕੀਤੀ, ਉਹ ਇਤਿਹਾਸ ਵਿਚ ਹਮੇਸ਼ਾਂ ਲਈ ਸੁਨਹਿਰੀ ਅਖਰਾਂ ਵਿੱਚ ਲਿਖੀ ਰਹੇਗੀ। ਜਦੋਂ ਆਪ ਗੁਰੂ ਮਹਾਰਾਜ ਦਾ ਸੀਸ ਸ੍ਰੀ ਅਨੰਦਪੁਰ ਸਾਹਿਬ ਲਿਆਏ ਤਾਂ ਗੁਰੂ ਕਲਗੀਧਰ ਨੇ ਆਪ ਨੂੰ ਬੜੇ ਪਿਆਰ ਨਾਲ "ਰੰਘਰੇਟੇ ਗੁਰੂ ਕੇ ਬੇਟੇ" ਕਹਿਕੇ ਛਾਤੀ ਨਾਲ ਲਾ ਲਿਆ।

ਤਲਵੰਡੀ ਸਾਬੋਕੀ ਦੇ ਸਰਦਾਰ ਡੱਲੇ ਵਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਪਾਸ ਇਹ ਕਿਹਾ ਗਿਆ ਕਿ ਉਸ ਦੀ ਫੌਜ ਦੇ ਸਿਪਾਹੀ ਬੜੇ ਬਹਾਦਰ ਤੇ ਸਿਦਕੀ ਹਨ। ਉਸ ਸਮੇਂ ਹੀ ਇਕ ਸਿਖ ਨੇ ਨਵੀਂ ਬੰਦੂਕ ਗੁਰੂ ਜੀ ਨੂੰ ਭੇਟ ਕੀਤੀ। ਗੁਰੂ ਸਾਹਿਬ ਨੇ ਉਹ ਬੰਦੂਕ ਹਥ ਵਿਚ ਲੈਕੇ ਕਿਹਾ ਕਿ ਬੰਦੂਕ ਦਾ ਨਿਸ਼ਾਨਾ ਪਰਖਣ ਲਈ ਡੱਲੇ ਦੀ ਫੌਜ ਦਾ ਕੋਈ ਆਦਮੀ ਬੰਦੂਕ ਦੇ ਸਾਮ੍ਹਣੇ ਆਉਣ ਲਈ ਤਿਆਰ ਹੈ? ਇਹ ਗੱਲ ਸੁਣਕੇ ਉਸ ਦੇ ਕਿਸੇ ਆਦਮੀ ਨੂੰ ਹਿੰਮਤ ਨਾ ਹੋਈ। ਗੁਰੂ ਮਹਾਰਾਜ ਨੇ ਫਿਰ ਆਪਣੇ ਨਾਲ ਦੇ ਸਿਖਾਂ ਨੂੰ ਮੇਵੜੇ ਰਾਹੀਂ ਸੱਦਿਆ। ਇਤਿਹਾਸ ਵਿਚ ਲਿਖਿਆ ਹੋਇਆ ਹੈ ਕਿ ਭਾਈ ਬੀਰ ਸਿੰਘ ਜੀ ਉਸ ਵੇਲੇ ਦਸਤਾਰ ਸਜਾ ਰਹੇ ਹਨ। ਉਹ ਇਹ ਹੁਕਮ ਸੁਣਦਿਆਂ ਇਸੇ ਤਰ੍ਹਾਂ ਹੀ ਦੌੜਦਾ ਆਇਆ ਤੇ ਕਹਿਣ ਲਗਾ ਕਿ "ਦਾਸ ਇਸ ਕੰਮ ਲਈ ਹਾਜ਼ਰ ਹੈ।" ਗੁਰੂ ਜੀ ਨੇ ਉਪਰ ਵਾਲੇ ਪਾਸੇ ਕਰਕੇ ਬੰਦੂਕ ਚਲਾ ਦਿਤੀ।

ਪਰ ਵਹਿ ਸਿਦਕੀ ਜ਼ਰਾ ਨ ਡੋਲਯੋ,
ਦੇਖ ਸਿਦਕ ਗੁਰ ਖੁਸ਼ ਹੈ ਬੋਲਯੋ।
"ਅਹੋ ਸਿੱਖ! ਤੈਂ ਰਾਖੀ ਸਿਖੀ,
ਵਾਲੋਂ ਨਿੱਕੀ ਖੰਡਯੋ ਤਿੱਖੀ।
ਤੁਮ ਰੰਘਰੇਟੇ ਗੁਰ ਕੇ ਬੇਟੇ,
ਰਹੋ ਪੰਥ ਕੇ ਸੰਗ ਸਮੇਟੇ।
ਸਤਿਗੁਰ "ਸੁਧਾ" ਤਿਸੈ ਛਕਵਾਯੋ,
ਤਿਨ ਤੇ ਆਗੈ ਅਨ ਕੋ ਪਾਯੋ।

(ਪੰਥ ਪ੍ਰਕਾਸ਼)

ਦਸਮ ਗੁਰੂ ਜੀ ਤੋਂ ਉਪ੍ਰੰਤ ਬਾਰਾਂ ਮਿਸਲਾਂ ਤਕ ਦਾ ਵਿਚਕਾਰਲਾ ਸਮਾਂ ਸਿਖਾਂ ਲਈ ਬੜਾ ਭਿਆਨਕ ਰਿਹਾ ਹੈ। ਛੂਤ ਛਾਤ ਦੇ ਭੂਤ ਨੂੰ ਇਸ ਸਮੇਂ ਤੱਕ ਸਿੱਖਾਂ ਦੇ ਨੇੜੇ ਨਾ ਆਉਣ ਦਿੱਤਾ। ਨਾਦਰਸ਼ਾਹ ਦੁਰਾਨੀ ਨੇ ਪੰਜਾਬ ਤੇ ਜਦ ਹੱਲਾ ਕੀਤਾ ਤਾਂ ਖਾਲਸੇ ਨੇ ਉਸ ਦਾ ਡਟਕੇ ਮੁਕਾਬਲਾ ਕੀਤਾ। ਉਸ ਵਲੋਂ ਸਿਖਾਂ ਦੀ ਰਹੁਰੀਤੀ ਪੁਛਣ ਤੇ ਸੂਬਾ ਲਾਹੌਰ ਵਲੋਂ ਜੋ ਉੱਤਰ ਦਿੱਤਾ ਗਿਆ, ਗਿਆਨੀ ਗਿਆਨ ਸਿੰਘ ਜੀ ਨੇ ਇਸ ਤਰ੍ਹਾਂ ਅੰਕਤ ਕੀਤਾ ਹੈ :-

ਚਾਰੋਂ ਵਰਣਾਂ ਮੈਂ ਜੇ ਕੋਈ,
ਆਵਤ ਹੋਤ ਖਾਲਸਾ ਸੋਈ।
ਆਬ ਹਯਾਤ ਪਿਲਾਵਤ ਤਾਹੂੰ,
ਇਕ ਹੀ ਬਰਤਨ ਮੈਂ ਸਭ ਕਾਹੂੰ।
ਖਾਣਾ ਭੀ ਇਕਠੇ ਸਭ ਖੈਹੈਂ,
ਜਾਤਿ ਗੋਤ ਕੁਲ ਕਿਰਯਾ ਨਾਮ,
ਪਿਛਲੇ ਸੋ ਤਜ ਦੇਤ ਤਮਾਮ।

(ਪੰਥ ਪ੍ਰਕਾਸ਼)

ਸਿਖ ਸਮਾਜ ਵਿਚ ਵੀ ਜ਼ਾਤ ਪਾਤ ਦੇ ਭਿੰਨ ਭੇਦ ਦੀ ਉਤਪਤੀ ਬਾਰਾਂ ਮਿਸਲਾਂ ਸਮੇਂ ਜਦੋਂ ਸਿੱਖਾਂ ਵਿਚ ਧਾਰਮਕ ਤੌਰ ਤੇ ਕਮਜ਼ੋਰੀ ਆਈ ਉਦੋਂ ਜ਼ਾਤ ਅਭਿਮਾਨੀਆਂ ਨੇ ਠੀਕ ਸਮਾਂ ਸਮਝਕੇ ਸਿੱਖਾਂ ਦੇ ਇਸ ਜ਼ਾਤ ਪਾਤ ਦੇ ਭਰਮ ਨੂੰ ਤੋੜਨ ਵਾਲੇ ਮੁਢਲੇ ਅਸੂਲ ਤੇ ਇਸ ਜ਼ੋਰ ਨਾਲ ਤੇ ਐਸੇ ਤਰੀਕੇ ਨਾਲ ਹਮਲਾ ਕੀਤਾ ਕਿ ਸਿਖ ਇਸ ਅਸੂਲ ਨੂੰ ਤਿਆਗਕੇ ਮੁੜ ਬ੍ਰਾਹਮਣ ਦੇ ਪਿੱਛੇ ਲਗ ਤੁਰੇ।

ਉਹ ਗੁਰਦੁਆਰੇ ਜਿਹੜੇ ਗੁਰੂ ਮਹਾਰਾਜ ਨੇ ਹਰ ਪ੍ਰਾਣੀ ਮਾਤ੍ਰ ਲਈ ਖੁਲ੍ਹੇ ਰਖੇ ਸਨ ਉਨ੍ਹਾਂ ਵਿਚ ਗਰੀਬ ਸਿਖਾਂ ਨੂੰ ਜਾਣ ਵਿਚ ਕਈ ਤਰ੍ਹਾਂ ਦੀਆਂ ਰੁਕਾਵਟਾਂ ਪਾਈਆਂ ਜਾਣ ਲਗ ਪਈਆਂ। ਪਿੰਡਾਂ ਵਿੱਚ ਇਨ੍ਹਾਂ ਨਾਲ ਭਿੰਨ ਭੇਦ ਦਾ ਸਲੂਕ ਹੋਣ ਲਗ ਪਿਆ, ਖੂਹਾਂ ਤੇ ਪਾਣੀ ਭਰਨ ਤੇ ਵੀ ਇਨ੍ਹਾਂ ਪੁਰ ਰੁਕਾਵਟਾਂ ਲਗ ਗਈਆਂ। ਸਿਖੀ ਧਰਮ ਪ੍ਰਚਾਰ ਦੇ ਘਾਟੇ ਕਰਕੇ ਸਿਖ ਆਪਸ ਵਿਚ ਹੀ ਖੇਰੂੰ ਖੇਰੂੰ ਹੋ ਗਏ। ਸਿੱਖਾਂ ਦੀ ਭਾਰੀ ਗਿਣਤੀ ਮੁੜ ਉਸੇ ਟੋਏ ਵਿਚ ਡਿਗਣੀ ਸ਼ੁਰੂ ਹੋ ਗਈ ਜਿਸ ਵਿੱਚੋਂ ਗੁਰੂ ਮਹਾਰਾਜ ਨੇ ਸਾਨੂੰ ਕਢਿਆ ਸੀ। ਇਹ ਦਸ਼ਾ ਦੇਖਕੇ ਮੁੜ ਕੁਝ ਕੁ ਸਿਖੀ ਦਰਦ ਤੇ ਸੂਝ ਬੂਝ ਰਖਣ ਵਾਲੇ ਸਿੰਘਾਂ ਵਿਚ ਸਿਖ ਧਰਮ ਪ੍ਰਚਾਰ ਦਾ ਜਜ਼ਬਾ ਉਠਿਆ ਤੇ ਉਨ੍ਹਾਂ ਨੇ ਸਿੰਘ ਸਭਾ ਦੀ ਲਹਿਰ ਅਰੰਭ ਕੀਤੀ। ਸਿੰਘ ਸਭਾ ਲਹਿਰ ਵਿਚ ਧਰਮ ਤੇ ਵਿਦਿਆ ਪ੍ਰਚਾਰ ਦੇ ਨਾਲ ਹੀ ਛੂਤ ਛਾਤ ਨੂੰ ਦੂਰ ਕਰਕੇ ਮਨੁੱਖ ਮਾਤ੍ਰ ਨੂੰ ਸਿਖ ਧਰਮ ਵਿਚ ਦਾਖਲ ਕਰ ਲੈਣ ਦਾ ਸ਼ਲਾਘਾ ਯੋਗ ਉੱਦਮ ਕੀਤਾ ਗਿਆ।

——ਇਤੀ——

# ਚੋਣਵੀਆਂ ਪੁਸਤਕਾਂ ਦੀ ਸੂਚੀ

| ਲੜੀ ਨੰ: | ਪੁਸਤਕ ਦਾ ਨਾਂ | ਲੇਖਕ ਦਾ ਨਾਂ |
|---|---|---|
| ੧. | ਸਿੰਘ ਸਭਾ ਦਾ ਮੋਢੀ<br>ਅਰਥਾਤ ਜੀਵਨ ਬ੍ਰਿਤਾਂਤ<br>ਗਿਆਨੀ ਦਿੱਤ ਸਿੰਘ ਜੀ (੧੯੫੧ਈ:) | ਸ੍ਰ. ਦਲਜੀਤ ਸਿਘ, ਅੰਮ੍ਰਿਤਸਰ |
| ੨. | ਜੀਵਨ ਚਰਿਤਰ<br>ਗਿਆਨੀ ਦਿੱਤ ਸਿੰਘ ਜੀ (੧੯੬੨ਈ:) | ਗਿਆਨੀ ਅਮਰ ਸਿੰਘ<br>ਗੁਲਾਬ ਜਨਰਲ ਸਟੋਰ, ਅੰਮ੍ਰਿਤਸਰ |
| ੩. | ਸ਼ੀਰੀਂ ਫ਼ਰਹਾਦ ਕ੍ਰਿਤ<br>ਭਾਈ ਦਿੱਤ ਸਿੰਘ ਗਿਆਨੀ<br>(੧੯੬੩ ਈ:) | ਸੰਪਾਦਕ ਸ੍ਰ. ਸ਼ਮਸ਼ੇਰ ਸਿੰਘ ਅਸ਼ੋਕ<br>ਪੰਜਾਬੀ ਸਾਹਿਤ ਅਕਾਡਮੀ,<br>ਲੁਧਿਆਣਾ |
| ੪. | ਗਿਆਨੀ ਦਿੱਤ ਸਿੰਘ ਰਚਨਾਵਲੀ<br>(੧੯੭੭ ਈ:) | ਸੰਪਾਦਕ ਸ੍ਰ. ਸ਼ਮਸ਼ੇਰ ਸਿੰਘ ਅਸ਼ੋਕ,<br>ਭਾਸ਼ਾ ਵਿਭਾਗ ਪੰਜਾਬ, ਪਟਿਆਲਾ |
| ੫. | ਸਿੰਘ ਸਭਾ ਲਹਿਰ ਦੇ ਮੋਢੀ<br>ਗਿਆਨੀ ਦਿੱਤ ਸਿੰਘ ਜੀ (ਜੀਵਨੀ)<br>(੧੯੮੫ ਈ:) | ਕੈਪਟਨ ਧਰਮ ਸਿੰਘ,<br>ਪਿੰਡ ਬਡਾਲਾ |
| ੬. | ਗਿਆਨੀ ਦਿੱਤ ਸਿੰਘ ਜੀਵਨ<br>ਤੇ ਰਚਨਾ (੧੯੮੭ ਈ:) | ਡਾ: ਨਰਿੰਦਰ ਸਿੰਘ ਕਪੂਰ,<br>ਪਟਿਆਲਾ |
| ੭. | ਗਿਆਨੀ ਦਿੱਤ ਸਿੰਘ ਜੀਵਨ ਅਤੇ<br>ਰਚਨਾ (੧੯੯੮ ਈ:) | ਸੰਪਾਦਕ ਗਿਆਨੀ ਗੁਰਦਿੱਤ ਸਿੰਘ<br>ਧਰਮ ਪ੍ਰਚਾਰ ਕਮੇਟੀ, ਸ਼੍ਰੀ ਅੰਮ੍ਰਿਤਸਰ |
| ੮. | ਭਾਈ ਦਿੱਤ ਸਿੰਘ ਗਿਆਨੀ<br>ਜੀਵਨ, ਰਚਨਾ ਤੇ ਸ਼ਖਸੀਅਤ<br>(੨੦੦੫ ਈ:) | ਡਾ: ਕਰਨੈਲ ਸਿੰਘ ਸੋਮਲ<br>ਮੋਹਾਲੀ |
| ੯. | ਗਿਆਨੀ ਦਿੱਤ ਸਿੰਘ<br>ਜੀਵਨ ਤੇ ਸਿੱਖ ਪੰਥ ਨੂੰ ਦੇਣ<br>(ਅਗਸਤ, ੨੦੧੦ ਈ:) | ਡਾ: ਇੰਦਜੀਤ ਸਿੰਘ ਗੋਗੋਆਣੀ<br>ਅੰਮ੍ਰਿਤਸਰ |

********

# ਜ਼ਰੂਰੀ ਸੂਚਨਾ

ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਜੀ ਪੰਜਾਬੀ ਦੇ ਪਹਿਲੇ ਪ੍ਰੋਫੈਸਰ, ਸਿੱਖ ਧਰਮ/ਇਤਿਹਾਸ ਦੇ ਮਹਾਨ ਵਿਦਵਾਨ, ਉੱਚ ਕੋਟੀ ਦੇ ਕਵੀ, ਪ੍ਰਸਿੱਧ ਲੇਖਕ, ਉੱਘੇ ਡਿਵੇਟਰ, ਉੱਤਮ ਵਿਆਖਿਆਕਾਰ, ਸ਼੍ਰੇਸ਼ਟ ਟੀਕਾਕਾਰ ਅਤੇ ਸਰਬੋਤਮ ਉਪਦੇਸ਼ਕ, ਪੰਜਾਬੀ ਪੱਤਰਕਾਰੀ ਦੇ ਪਿਤਾਮਾਂ, ਖਾਲਸਾ ਅਖਬਾਰ, ਲਹੌਰ ਦੇ ਐਡੀਟਰ, ਸ੍ਰੀ ਗੁਰੂ ਸਿੰਘ ਸਭਾ, ਅੰਮ੍ਰਿਤਸਰ ਅਤੇ ਲਹੌਰ ਦੇ ਬਾਨੀ, ਖਾਲਸਾ ਦੀਵਾਨ ਲਹੌਰ ਅਤੇ ਖਾਲਸਾ ਕਾਲਜ, ਅੰਮ੍ਰਿਤਸਰ ਦੇ ਮੋਢੀ ਸਨ ਜਿਨ੍ਹਾਂ ਨੇ ਆਪਣੇ ਛੋਟੇ ਜਿਹੇ ਜੀਵਨ ਕਾਲ (੧੮੫੦-੧੯੦੧ ਈ:) ਦੌਰਾਨ ਪੰਜਾਬੀ ਮਾਂ ਬੋਲੀ ਦੀ ਝੋਲੀ ੭੨ ਪੁਸਤਕਾਂ ਨਾਲ ਭਰਕੇ ਉਸ ਦੀ ਗੋਦੀ ਨੂੰ ਹਰਾ ਭਰਾ ਕਰਕੇ ਆਪਣੇ ਖ਼ੂਨ ਨਾਲ ਸਿੱਖੀ ਦੇ ਬੂੱਟੇ ਨੂੰ ਸਿੰਜਿਆ ਅਤੇ ਖਾਲਸਾ ਪੰਥ ਦੀ ਨਿਸ਼ਕਾਮ ਸੇਵਾ ਅੰਤਮ ਸੁਆਸਾਂ ਤੱਕ ਨਿਭਾਈ।

ਅਜਿਹੀ ਲਾਸਾਨੀ ਸ਼ਖਸੀਅਤ ਦੀਆਂ ਕ੍ਰਿਤਾਂ ਦੀ ਪੁਨਰ-ਛਾਪ ਦੀ ਪ੍ਰਕਾਸ਼ਨਾ "ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ ਭਾਗ ਪਹਿਲਾ ਤੋਂ ਸੋਲ੍ਹਵਾਂ" ਦੇ ਰੂਪ ਵਿੱਚ ਸੰਪਾਦਤ ਅਤੇ ਪ੍ਰਕਾਸ਼ਤ ਕਰਨ ਉਪਰੰਤ ਸੰਗਤਾਂ ਵਿੱਚ ਮੁਫ਼ਤ ਵੰਡਣ ਦਾ ਨਿਮਾਣਾ ਜਿਹਾ ਉਪਰਾਲਾ ਲੇਖਕ ਪ੍ਰੀਤਮ ਸਿੰਘ ਐਮ.ਏ. ਵਲੋਂ ਜਨਵਰੀ ੨੦੦੫ ਈ: ਤੋਂ ਕੀਤਾ ਗਿਆ ਸੀ, ਪ੍ਰਮਾਤਮਾਂ ਦੀ ਅਪਾਰ ਕ੍ਰਿਪਾ ਸੱਦਕਾ ਇਸ ਰਚਨਾਵਲੀ ਦੀ ਲੜੀ ਦੇ ਸਾਰੇ ਸੋਲ੍ਹਾਂ ਭਾਗ (੧-੧੬) ਸੰਗਤਾਂ ਦੇ ਰੂ-ਬ-ਰੂ ਕਰਨ ਦੇ ਉੱਦਮ ਸੰਪੰਨ ਹੋ ਗਏ ਹਨ ਜਿਸ ਨਾਲ ਗਿਆਨੀ ਜੀ ਦੀਆਂ ਇੱਕ ਸਦੀ ਤੋਂ ਵੀ ਵੱਧ ਪੁਰਾਣੀਆਂ ੭੨ ਵਿਚੋਂ ੪੨ ਅਨਮੋਲ ਰਚਨਾਵਾਂ, ਜਿੰਨਾਂ ਨੂੰ ਅੱਜ ਤੱਕ ਅਣਗੌਲਿਆ ਕਰ ਛੱਡਿਆ ਸੀ, ਨੂੰ ਪੁਨਰ-ਛਾਪ ਰੂਪ ਵਿੱਚ ਮੁੜ ਇੱਕੀਵੀਂ ਸਦੀ ਦੌਰਾਨ ਆਮ ਲੋਕਾਂ ਤੱਕ ਪੁੱਜਦਾ ਕੀਤਾ ਗਿਆ ਹੈ।

ਸੰਗਤਾਂ ਅਤੇ ਆਮ ਲੋਕਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਜੀ ਦੀਆਂ ਮਹਾਨ ਅਤੇ ਦੁਰਲੱਭ ਕ੍ਰਿਤਾਂ/ਲਿਖਤਾਂ ਬਤੌਰ ਪੁਨਰ-ਛਾਪ ਰੂਪ ਵਿੱਚ ਹੇਠ ਦਿੱਤੇ ਪਤੇ ਉੱਤੇ ਉਪਲਬਧ ਹਨ ਜਿੰਨਾਂ ਤੋਂ ਪੂਰਾ-ਪੂਰਾ ਲਾਭ ਉਠਾਇਆ ਜਾ ਸਕਦਾ ਹੈ।

**ਚੇਅਰਮੈਨ,**

**ਭਾਈ ਦਿੱਤ ਸਿੰਘ ਗਿਆਨੀ ਮੈਮੋਰੀਅਲ ਚੈਰੀਟੇਬਲ ਟਰਸਟ (ਰਜਿ:)**

**ਪ੍ਰਬੰਧਕੀ ਦਫ਼ਤਰ ਨੰ: ੪੧੬, ਸੈਕਟਰ ੬੪, ਐਸ.ਏ.ਐਸ. ਨਗਰ (ਮੋਹਾਲੀ)**

**ਜ਼ਿਲ੍ਹਾ ਐਸ.ਏ.ਐਸ. ਨਗਰ, ਪੰਜਾਬ - ੧੬੦੦੬੨**

# ਲੇਖਕ, ਸੰਪਾਦਕ ਅਤੇ ਪ੍ਰਕਾਸ਼ਕ



## ਪ੍ਰੀਤਮ ਸਿੰਘ ਐਮ.ਏ.

(ਅਰਥ ਸ਼ਾਸਤਰ ਅਤੇ ਲੋਕ ਪ੍ਰਸ਼ਾਸਨ)

ਜੌਇੰਟ ਡਾਇਰੈਕਟਰ (ਰਿਟਾ.)

ਸਪੁੱਤਰ ਸਵ: ਸ੍ਰ: ਈਸ਼ਰ ਸਿੰਘ ਵਲਦ ਸ੍ਰ: ਕਿਸ਼ਨ ਸਿੰਘ ਅਤੇ ਮਾਤਾ ਸ੍ਰੀਮਤੀ ਬਚਨ ਕੌਰ ਦੇ ਘਰ ਪਿੰਡ ਅੰਧੇੜੀ ਜ਼ਿਲ੍ਹਾ ਸੰਗਰੂਰ (ਪੰਜਾਬ) ਨੇ ੫-੧੦-੧੯੪੨ ਈ: ਨੂੰ ਜਨਮ ਲਿਆ। ਮਾਤਾ ਦੇ ਪਿਆਰ ਤੋਂ ਛੇ ਸਾਲ ਦੀ ਉਮਰ ਵਿੱਚ ਹੀ ਸਦੀਵਤਾ ਲਈ ਵਾਂਝੇ ਹੋ ਗਏ। ਸਾਰੀ ਜ਼ਿੰਦਗੀ ਵਿੱਚ ਗਰੀਬੀ ਦਾ ਸੰਤਾਪ ਨੰਗੇ ਪਿੰਡੇ ਹੰਢਾਇਆ ਪਰ ਹੌਸਲਾ ਨਾ ਛੱਡਿਆ। ਇਸ ਦੇ ਨਾਲ ਹੀ ਸਖਤ ਮਿਹਨਤ, ਸਮੇਂ ਦੀ ਪਾਬੰਦੀ ਅਤੇ ਇਮਾਨਦਾਰੀ ਦਾ ਪੱਲਾ ਕਦੀ ਵੀ ਨਾ ਛੱਡਿਆ। ਪਿਤਾ ਜੀ ਨੇ ਮਿਹਨਤ-ਮੁਸ਼ੱਕਤ ਅਤੇ ਆਰਥਕ ਤੰਗੀਆਂ-ਤੁਰਸੀਆਂ ਨਾਲ ਉੱਚ ਵਿੱਦਿਆ ਦਿਵਾਈ। ਕਾਦਰ ਦੀ ਕੁਦਰਤ ਨੇ ਕੈਸੀ ਅਦੁੱਤੀ ਕਲਾ ਵਰਤਾਈ ਕਿ ਇੱਕ ਮਜ਼ਦੂਰ ਦਾ ਬੇਟਾ ਪੜ੍ਹਾਈ ਸਮੇਂ ਮਜ਼ਦੂਰੀ ਕਰਦਾ ਹੋਇਆ ਪੰਜਾਬ ਸਰਕਾਰ ਦੇ ਅੱਠ ਵਿਭਾਗਾਂ ਵਿੱਚ ਨੌਂ ਪੋਸਟਾਂ ਉੱਤੇ ਸੇਵਾ ਨਿਭਾਉਂਦੇ ਹੋਏ ਜੋਇੰਟ ਡਾਇਰੈਕਟਰ ਦੀ ਉੱਚ ਪੱਦਵੀ ਤੋਂ ਅਰਥ ਅਤੇ ਅੰਕੜਾ ਸੰਗਠਨ (ਡਿਪਾਰਟਮੈਂਟ ਆਫ ਪਲਾਨਿੰਗ) ਪੰਜਾਬ ਸਰਕਾਰ, ਚੰਡੀਗੜ੍ਹ ਵਿੱਚੋਂ ਸਾਢੇ ਪੈਂਤੀ ਸਾਲਾਂ ਦੀ ਨਿਰਵਿਘਨ ਸੇਵਾ ਨਿਭਾਉਣ ਉਪਰੰਤ ੩੧-੧੦-੨੦੦੦ ਈ: ਨੂੰ ਰਿਟਾਇਰ ਹੋ ਕੇ ਲੇਖਣੀ ਦਾ ਸਫ਼ਰ ਅਰੰਭ ਕੀਤਾ। ਬਾਰਾਂ ਸਾਲਾਂ ਦੇ ਇਸ ਸਫ਼ਰ ਵਿੱਚ ਤੀਹ ਪੁਸਤਕਾਂ ਦੀ ਰਚਨਾ ਕੀਤੀ ਜਿੰਨਾਂ ਦੀ ਛਪਾਈ ਉੱਤੇ ਸਾਢੇ ਛੇ ਲੱਖ ਰੁ: ਖਰਚ ਆਏ ਜੋ ਆਪਣੀ ਪੈਂਨਸ਼ਨ ਵਿੱਚੋਂ ਹੀ ਖਰਚ ਕਰਕੇ ਸਾਰੀਆਂ ਪੁਸਤਕਾਂ ਦੀ ਵੰਡ ਮੁਫ਼ਤ ਕਰਕੇ ਪੰਜਾਬੀ ਮਾਂ ਬੋਲੀ ਦੀ ਤਨ, ਮਨ ਅਤੇ ਧਨ ਨਾਲ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਅਤੇ ਅਠਾਰ੍ਹਾਂ ਸਭਾਵਾਂ ਨੇ ਲੇਖਣੀ ਦਾ ਮਾਣ-ਸਨਮਾਨ ਕੀਤਾ ਹੈ। ਹੁਣ ਆਪਣੇ ਸੁਖੀ ਪ੍ਰੀਵਾਰ ਨਾਲ ਮ: ਨੰ: ੪੧੯ ਸੈਕਟਰ ੬੪ ਐਸ.ਏ.ਐਸ. ਨਗਰ (ਮੋਹਾਲੀ) ਪੰਜਾਬ-੧੬੦੦੬੨ ਵਿਖੇ ਖੁਸ਼ੀ-ਖੁਸ਼ੀ ਜ਼ਿੰਦਗੀ ਬਤੀਤ ਕਰ ਰਹੇ ਹਨ।